1998

ਬਸੰਤ ਅੰਕ

ਸਤਿਜੁਗ

੨੦੫੪ ਬਿ
੧੯੯੮ ਈ



Sri Satguru Ram Singh Ji













ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪ੍ਰਮੁਖ ਧਾਰਮਕ ਤੇ ਰਾਜਨੀਤਿਕ ਆਗੂ (੧) ਸੰਤ ਰਾਜਿੰਦਰ ਸਿੰਘ ਜੀ ਮਹਾਰਾਜ (ਰਾਧਾ ਸੁਆਮੀ) (੨) ਜੈਨਮੁਨੀ ਅਚਾਰੀਆ ਪਦਮ ਸਾਗਰ ਸੁਰੇਸ਼ਵਰ ਜੀ (੩) ਹੈਮਬਰਗ ਜਰਮਨੀ ਵਿਚ ਸੁਆਮੀ ਗੰਜਾ ਨੰਦ ਜੀ (੪) ਸੁਆਮੀ ਨਰਾਇਣ ਮੰਦਰ ਲੰਡਨ ਵਿਚ ਸੁਆਮੀ ਆਤਮ ਸਰੂਪ ਜੀ (੫) ਯੂ.ਕੇ. ਦੇ ਮੈਂਬਰ ਪਾਰਲੀਮੈਂਟ ਸਵਰਾਜ ਪਾਲ ਜੀ (੬) ਯੂ. ਕੇ. ਦੇ ਮੰਤਰੀ ਸ੍ਰੀ ਟੋਨੀ ਬੈਂਕਸ।

ਫੋਟੋ : ਮਦਨ (ਲੰਡਨ)—ਪਲਵਿੰਦਰ ਸਿੰਘ ਭਮਰਾ (ਲੰਡਨ) ਅਤੇ ਗੁਰਮੁਖ ਸਿੰਘ ਦਿੱਲੀ

ਹੁਕਮਨਾਮਾ
ਪਾਤਸ਼ਾਹੀ ੧੨ਵੀਂ

ਬਗਾਨੀ ਅੰਸ (ਚੀਜ਼) ਦਾ ਤਿਆਗ ਕਰਨਾ ਏਹ ਬਡਾ ਧਰਮ ਹੈ। ਗੁਰੂ ਜੀ ਦਾ ਹੁਕਮ ਹੈ, ਹਕ ਬਿਗਾਨਾ ਓਸ ਸੂਅਰ ਓਸ ਗਾਇ। ਸੋ ਭਾਈ ਜਿਸ ਹਿੰਦੂ ਨੇ ਗਊ ਖਾਇ ਲਈ ਓਸਦਾ ਤਾਂ ਕੁਛ ਨਾ ਰਿਹਾ। ਚਾਹੇ ਸਿੱਖ ਹੋਵੇ ਬਾਮਣ, ਖਤਰੀ ਹੋਵੇ ਭਾਮੇ ਮੁਸਲਮਾਨ ਹੋਵੇ ਉਸਦਾ ਪਖ ਨਾ ਗੁਰੂ ਕਰੇਗਾ ਨਾ ਪੀਰ ਕਰੇਗਾ। ਪ੍ਰਤੀਤ ਜਾਣਨੀ ਭਾਮੇ ਪੂਜਾ ਕਰੇ ਭਾਮੇ ਨਿਮਾਜ਼ ਪੜੇ, ਕੁਛ ਬੀ ਥਾਇ ਨ ਪਊਗਾ। ਨਾਇ ਨਾਇ ਬਾਣੀ ਬੀ ਭਾਮੇ ਪੜੇ, ਸਭ ਨਿਫਲ।

ਲਲਿਤ ਪਦ

੧੬–੧੨ ਮਾਤ੍ਰ ਤੇ ਵਿਸ਼ਰਾਮ ਅਤ੍ਰ ਦੇ ਗੁਰ
(ਵਲੋਂ ਪੰਥ ਭੂਸ਼ਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ)

ਵਿਸਯ ਅਗਨਿ ਕਰ ਤਪਤ ਰਿਦੇ ਜਿਨ ਨਾਮਾਮ੍ਰਿਤ ਦੇ ਠਾਰੇ।
ਗੁਰੁਮਤ ਦੇ ਅਨੁਰਾਗੀ ਕੀਤੇ ਪਾਮਰ ਪਾਪੀ ਭਾਰੇ।
ਭੰਗ ਸ਼ਰਾਬ ਅਫੀਮ ਛੁਡਾਕੇ ਨਸ਼ਾ ਪ੍ਰੇਮ ਦਾ ਦਿੱਤਾ।
ਮੰਗ–ਖਾਣ ਨੂੰ ਖੰਡਨ ਕੀਤਾ ਦੱਸ ਧਰਮ ਦਾ ਕਿੱਤਾ।
ਫੁੱਟ ਈਰਖਾ ਵੈਰ ਭਾਵ ਅਰ ਨਫਰਤ ਮਨੋਂ ਹਟਾਈ।
ਮੁਦਿਤਾ ਮੈਤ੍ਰੀ ਕਰੁਣਾ ਦ੍ਰਿੜ੍ਹ ਕਰ ਸਿਖਾਂ ਚਿੱਤ ਵਸਾਈ।
ਭੁਖਾ ਨੰਗਾ ਰੋਗੀ ਸੋਗੀ ਜੋ ਸਰਨੀ ਚਲ ਆਵੇ।
ਹੋਇ ਤ੍ਰਿਪਤ ਅਰ ਪਰਮ ਅਨੰਦੀ ਜੀਵਨ ਸਰਵ ਵਿਤਾਵੇ।
ਦੀਨ ਕੀਰ ਅਪਮਾਨਿਤ ਜੀਵਾਂ ਸ੍ਹੈ ਸਤਕਾਰ ਦ੍ਰਿੜ੍ਹਾਯਾ।
ਭਗਤ ਗਿਆਨੀ ਸੂਰਵੀਰ ਹੋ ਰਹਿਣਾ ਜਗਤ ਸਿਖਾਯਾ।
ਸ੍ਰੀ ਗੁਰਦਾਸ ਕਹਯੋ ਗੁਰ– "ਨਾਨਕ ਨਿਰਮਲ ਪੰਥ ਚਲਾਯਾ"।
ਗੁਰੁ ਆਗਯਾ ਅਨੁਸਾਰ ਪ੍ਰਗਟ ਸੋ ਅਮਲੀ ਤੌਰ ਦਿਖਾਯਾ।
ਕਲੁ ਗ੍ਰੀਖਮ ਕਰ ਤਪੇ ਜਗਤ ਨੂੰ ਪਾਵਸ ਜਲਧਰ ਹੋਯਾ।
ਸ੍ਵਾਂਤਿ ਬੂੰਦ ਬਨ ਚਾਤ੍ਰਿਕ ਪ੍ਰੇਮੀ ਦਾ ਪਿਆਸ ਦੁਖ ਖੋਯਾ।
ਸਿੱਖੀ ਬਾਗ ਖਿਜ਼ਾਂ ਜਦ ਗ੍ਰਸਿਆ ਭਯੋ ਪਤ੍ਰ ਬਿਨ ਸਾਯਾ।
ਰੂਪ ਵਸੰਤ ਧਾਰਕੇ ਬਾਬਾ ਦਿਨ ਵਸੰਤ ਦੇ ਆਯਾ।
ਰੋਹੀ ਵਿਚ ਗੁਲਜ਼ਾਰ ਲਗਾਈ ਸਿਮਰਨ ਸਰਿਤ ਵਹਾਕੇ।
ਪ੍ਰੇਮੀ ਭੌਰ ਹੋਇ ਮਸਤਾਨੇ ਪਾਣ ਘੁਮੇਰੀ ਆਕੇ।
ਕੂਕੇ ਕੋਇਲ ਡਾਲ ਰਸਾਲੀਂ ਮੋਰ ਪਾਇਲਾਂ ਪਾਂਦੇ।
ਇਸ ਮੰਡਲ ਆ ਹੋਣ ਅਰੋਗੀ ਰਾਜ–ਰੋਗ ਦੇ ਮਾਂਦੇ।
ਬਾਲ ਅਵਸਥਾ ਵਿਚ "ਵ੍ਰਿਜੇਸ਼" ਨੇ ਅਦਭੁਤ ਮੂਰਤਿ ਚੀਨੀ।
ਸਿਰ ਤੇ ਖੰਡਾ ਹੱਥ ਸਿਮਰਨੀ ਚੜ੍ਹਿਆ ਬਾਂਕੀ ਚੀਨੀ।
ਜਿਸਦੀ ਮਿਠੀ ਬਾਣੀ ਅੱਗੇ ਫਿੱਕੀ ਲਗਦੀ ਚੀਨੀ।
ਦਰਸ਼ਨ ਕਰਕੇ ਨੇਤ੍ਰ ਵਿਗਸਦੇ ਜਿਉਂ ਰਵਿ ਪਿਖ ਗੁਲ ਚੀਨੀ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੬ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ।। ਤਬੀ ਬਾਰਵਾਂ ਬਪੁ ਕਹਾਊਂ।।

ਬਸੰਤ ਅੰਕ ੨੦੫੪

ਬਸੰਤੁ ਮਹਲਾ ੩ ਘਰੁ ੧ ਦੁਤੁਕੇ
੧ੴ ਸਤਿਗੁਰ ਪ੍ਰਸਾਦਿ।।

ਮਾਹਾ ਰੁਤੀ ਮਹਿ ਸਦ ਬਸੰਤੁ।। ਜਿਤੁ ਹਰਿਆ ਸਭੁ ਜੀਅ ਜੰਤੁ।।
ਕਿਆ ਹਉ ਆਖਾ ਕਿਰਮ ਜੰਤੁ।। ਤੇਰਾ ਕਿਨੈ ਨ ਪਾਇਆ ਆਦਿ ਅੰਤੁ।।੧।।
ਤੈ ਸਾਹਿਬ ਕੀ ਕਰਹਿ ਸੇਵ।। ਪਰਮ ਸੁਖ ਪਾਵਹਿ ਆਤਮ ਦੇਵ।।੧।। ਰਹਾਉ।।
ਕਰਮੁ ਹੋਵੈ ਤਾਂ ਸੇਵਾ ਕਰੈ।। ਗੁਰ ਪਰਸਾਦੀ ਜੀਵਤ ਮਰੈ।।
ਅਨਦਿਨੁ ਸਾਚੁ ਨਾਮੁ ਉਚਰੈ।। ਇਨ ਬਿਧਿ ਪ੍ਰਾਣੀ ਦੁਤਰੁ ਤਰੈ।।੨।।
ਬਿਖੁ ਅੰਮ੍ਰਿਤੁ ਕਰਤਾਰਿ ਉਪਾਏ।। ਸੰਸਾਰ ਬਿਰਖ ਕਉ ਦੁਇ ਫਲ ਲਾਏ।।
ਆਪੇ ਕਰਤਾ ਕਰੇ ਕਰਾਏ।। ਜੋ ਤਿਸੁ ਭਾਵੈ ਤਿਸੈ ਖਵਾਏ।।੩।।
ਨਾਨਕ ਜਿਸ ਨੋ ਨਦਰਿ ਕਰੇਇ।। ਅੰਮ੍ਰਿਤ ਨਾਮੁ ਆਪੇ ਦੇਇ।।
ਬਿਖਿਆ ਕੀ ਬਾਸਨਾ ਮਨਹਿ ਕਰੇਇ।। ਅਪਣਾ ਭਾਣਾ ਆਪਿ ਕਰੇਇ।।੪।।

ਸਤਿਜੁਗ

ਬਸੰਤ ਅੰਕ ੨੦੫੪

੨੯ ਫਗਣ ਤੋਂ ੧੨ ਚੇਤਰ–੨੦੫੪
(੧੨–੨੫ ਮਾਰਚ) ੧੯੯੯
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ੧੮੩
ਜਿਲਦ ੬
ਨੰਬਰ ੬-੭

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-੧੧੦੦੧੫
ਫ਼ੋਨ : ੫੧੫੬੬੨੫, ੨੨੪੨੫੫੨

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਮਾਸਟਰ ਨਿਹਾਲ ਸਿੰਘ ਦੇ ਪ੍ਰਬੰਧ ਨਾਲ,
ਐਨ. ਪੀ. ਪ੍ਰਿੰਟਰਜ਼
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-੧੧੦੦੧੫
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

THE SATJUG
Namdhari Gurdwara
Ramesh Nagar, New Delhi-15
RNI No. 55658/93........
Postal Regd. No. DL-11303/98
Licence No. U(C)-169/98 to post without pre-payment at
New Delhi PSO

ਇਕ ਸਾਲ	:	ਦੇਸ਼ - ੧੦੦ ਰੁ.
	:	ਪ੍ਰਦੇਸ਼ - ੨੦ ਪੌਂਡ
ਪੰਜ ਸਾਲ	:	ਦੇਸ਼ - ੪੦੦ ਰੁ.
		ਪ੍ਰਦੇਸ਼ - ੮੦ ਪੌਂਡ

Designed and Typeset at
CADCON, New Delhi
Ph : 5524527

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀ ਦਿੱਲੀ-੧੧੦੦੧੫

ਤਤਕਰਾ

The Namdhari movement also acknowledges the need for improving people's actual lives and living standards rather than concentrating on abstract power-struggles. Through its emphasis on education and the revival of an intrinsic cultural heritage, it provides a set of goals for a generation of bewildered youth besieged with the temptations and decadence of nihilistic post-modern consumerism. At a time when in the West there is growing acknowledgement of the need to counter the social symptoms of stress, the Namdhari movement's emphasis on Yoga, meditation and spiritual enlightenment form part of a whole style of living which is tirelessly exemplified by the present guru, Satguru Jagjit Singh, Rising early every morning to offer guidance to his followers, he leads by example through leading a principled, simple life.

—Gerrard Thorpe
Asian Affairs

ਪਾਠਕਾਂ ਦੇ ਹੁੰਗਾਰੇ ਨੂੰ ਉਡੀਕਦਾ ਇਹ ਅੰਕ

ਸਤਿਜੁਗ ਅਤੇ ਬਸੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਆਪ ਜੀ ਦੇ ਸਾਜੇ ਸਿੱਖਾਂ ਦੀ ਉੱਚੀ ਸੁੱਚੀ ਮਰਿਯਾਦਾ ਦੇ ਪ੍ਰਤੀਕ ਹਨ। ਸ੍ਰੀ ਸਤਿਗੁਰੂ ਜੀ ਆਪ ਅਕਾਲ ਪੁਰਖ ਹਨ ਅਤੇ ਉਹ ਸੰਸਾਰ ਵਿਚ ਆਏ ਹੀ ਸਤਿਜੁਗ ਵਰਤਾਉਣ ਹਨ। ਬਸੰਤ ਪੰਚਮੀ ਨੂੰ ਉਹਨਾਂ ਦੇ ਪ੍ਰਕਾਸ਼ ਦਿਵਸ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਜੁਗ ਅਖ਼ਬਾਰ ਦੀ ਪ੍ਰਵਾਨਗੀ ਦੇ ਕੇ ਨਾਮਧਾਰੀ ਸਿੱਖਾਂ ਨੂੰ ਇਸ ਸ਼ਬਦ ਨਾਲ ਸਦਾ ਲਈ ਜੋੜਨ ਦੀ ਕਿਰਪਾ ਕੀਤੀ। ਅੱਠ ਦਹਾਕੇ ਵਰ੍ਹਿਆਂ ਤੋਂ ਦੋ ਕੁ ਸਾਲ ਘਟ ਦੇ ਸਮੇਂ ਵਿਚ, ਸਤਿਜੁਗ ਨੇ ਸਤਿਗੁਰੂ ਦੀ ਦੱਸੀ ਮਰਿਯਾਦਾ ਅਤੇ ਇਤਿਹਾਸ ਸਿੱਖਾਂ ਨੂੰ ਦ੍ਰਿੜਾਇਆ ਹੈ ਅਤੇ ਮਨੁੱਖੀ ਜ਼ਿੰਦਗੀ ਦੇ ਅਸਲ ਮਨੋਰਥ ਨੂੰ ਪਛਾਨਣ ਦੀ ਜਾਚ ਦੱਸੀ ਹੈ।

ਇਸ ਦੇ ਪਾਠਕਾਂ ਨੂੰ, ਇਸਦੇ ਬਸੰਤ ਅੰਕ ਦੀ ਸਦਾ ਵਿਸ਼ੇਸ਼, ਉਡੀਕ ਰਹੀ ਹੈ। ਇਸ ਲਈ ਸਤਿਜੁਗ ਸਟਾਫ ਵੀ ਦਿਨ ਰਾਤ ਇੱਕ ਕਰਦਾ ਰਿਹਾ ਹੈ। ਸਤਿਜੁਗ, ੧੯੯੮(੨੦੫੪ ਬਿ.) ਦਾ ਬਸੰਤ ਅੰਕ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਦਾ ਮਾਨ ਪ੍ਰਾਪਤ ਕਰ ਰਿਹਾ ਹੈ। ਇਸ ਵਿਚ ਧਰਮ ਦੀ ਸਹੀ ਪਛਾਣ ਅਤੇ ਸ੍ਰਿਸ਼ਟੀ ਨੂੰ ਚਲਾਉਣ ਵਾਲੀ ਪਰਮ ਸੱਤਾ ਔਰ ਉਸ ਸੱਤਾ ਨੂੰ ਸਿੱਖਾਂ ਨੂੰ ਦ੍ਰਿੜਾਉਣ ਵਾਲੇ ਅਕਾਲ ਪੁਰਖ ਸਤਿਗੁਰੂ ਸੱਚੇ ਪਾਤਸ਼ਾਹ ਦੀ ਮਹਿਮਾ ਹੈ। ਇਸ ਵਿਚ ਉਹਨਾਂ ਸਿੱਖਾਂ ਦਾ ਕਿਰਦਾਰ ਸਜੀਵ ਕੀਤਾ ਗਿਆ ਹੈ ਜਿਨ੍ਹਾਂ ਸਤਿਗੁਰੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ ਅਤੇ ਗਊ ਗ਼ਰੀਬ ਦੀ ਰੱਖਿਆ ਲਈ, ਦੇਸ਼ ਨੂੰ ਸੁਤੰਤਰ ਕਰਵਾਉਣ ਲਈ ਤੋਪਾਂ ਦੇ ਮੂੰਹ ਮੋੜੇ। ਸਤਿਗੁਰੂ ਸੱਚੇ ਪਾਤਸ਼ਾਹ ਤਾਂ ਆਦਿ ਤੋਂ ਹੀ ਸਿੱਖਾਂ ਤੇ ਉਪਕਾਰ ਕਰਦੇ ਹਨ; ਭਜਨ ਬੰਦਗੀ ਦਾ ਉਪਦੇਸ਼ ਦੇਂਦੇ ਹਨ ਪਰ ਵਰਤਮਾਨ ਸਮੇਂ ਵਿਚ ਸਤਿਗੁਰੂ ਭਗਵਾਨ ਦੀ ਪਛਾਣ ਲਈ ਜਿਸਨੂੰ ਅੱਖਾਂ ਮਿਲ ਜਾਣ ਉਸਦਾ ਤਾਂ ਲੋਕ ਪ੍ਰਲੋਕ ਹੀ ਸੌਰ ਗਿਆ।

ਇਸ ਅੰਕ ਦਾ ਕਲਮ ਖੇਤਰ ਪਰਮ ਸੱਤਾ ਤੋਂ ਲੈ ਕੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਤਕ ਫੈਲਿਆ ਹੋਇਆ ਹੈ। ਇਸ ਅੰਕ ਦਾ ਨਿਕਲਣਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਮਿਹਰ ਸਦਕਾ ਹੀ ਸੰਭਵ ਹੋਇਆ ਹੈ। ਹਾਂ! ਇਸ ਦੇ ਪ੍ਰਕਾਸ਼ਨ ਹੋਣ ਦੀ ਚਿੰਤਾ, ਇਸਨੂੰ ਵਧੀਆ ਤਰੀਕੇ ਨਾਲ ਤਿਆਰ ਕਰਵਾ ਕੇ ਹੋਲੇ ਉੱਤੇ ਪਾਠਕਾਂ ਤਕ ਪਹੁੰਚਾਣ ਦੀ ਲੋੜ ਨੂੰ ਮਹਿਸੂਸ ਕਰਦਿਆਂ ਸ੍ਰ. ਹਰਵਿੰਦਰ ਸਿੰਘ ਹੰਸਪਾਲ ਪੂਰਵ ਮੈਂਬਰ ਰਾਜ ਸਭਾ ਨੇ ਸਤਿਜੁਗ ਦੇ ਸਟਾਫ—ਸੰਤ ਗੁਰਦੀਪ ਸਿੰਘ, ਸੰਤ ਇੰਦਰਜੀਤ ਸਿੰਘ ਤੇ ਗੁਰਸੇਵ ਸਿੰਘ ਆਦਿ ਨੂੰ ਟੁੰਬਿਆ ਹੈ। ਲੇਜਰ ਟਈਪ ਸੈਟਿੰਗ ਕਰਨ ਵਿਚ ਸ੍ਰ. ਹਰਕੀਰਤ ਸਿੰਘ ਨੂੰ ਹੱਲਾ ਸ਼ੇਰੀ ਦਿੱਤੀ ਹੈ। ਆਪ ਨੇ ਇਸ ਅੰਕ ਲਈ ਲੇਖਕਾਂ-ਕਵੀਆਂ ਕੋਲੋਂ ਰਚਨਾਵਾਂ ਮੰਗਵਾਉਣ ਲਈ ਉਹਨਾਂ ਨਾਲ ਉਚੇਚਾ ਸੰਪਰਕ ਕੀਤਾ ਹੈ। ਸਤਿਜੁਗ ਸਟਾਫ ਦੀ ਮਿਹਨਤ ਭੱਜ ਨੱਸ ਦੀ ਸਫਲਤਾ ਪਾਠਕਾਂ ਵਲੋਂ ਇਸਦੀ ਪ੍ਰਵਾਨਗੀ ਤੇ ਹੁੰਗਾਰੇ ਵਿਚ ਹੈ। ਪਾਠਕ ਇਸ ਅੰਕ ਨੂੰ ਪੜ੍ਹ ਕੇ ਆਪਣੇ ਵਿਚਾਰ ਭੇਜਣ ਤਾਂ ਸਤਿਜੁਗ ਅਦਾਰੇ ਨੂੰ ਹੋਰ ਵੱਧ ਪ੍ਰਸੰਨਤਾ ਹੋਵੇਗੀ।

— ਤਾਰਾ ਸਿੰਘ ਅਨਜਾਣ

ਪ੍ਰਵਚਨ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਸਾਰਾ ਕੁਝ ਕਰ ਰਹੇ ਹਾਂ।

ਸਾਰੇ ਗੱਜ ਕੇ ਆਖੋ ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਸੰਤ ਧਿਆਨ ਸਿੰਘ ਜੀ ਲਿਖਿਐ:

ਰਾਮ ਕਹਿਤ ਚਿਤ ਥਿੱਤ ਹੋਏ, ਸਿੰਘ ਕਹਿਤ ਭੈ ਹਾਨ।।
ਤਾਂਤੇ ਮਿਤ ਨਿਤ ਮੰਤ ਜਪ, ਰਾਮ ਸਿੰਘ ਭਗਵਾਨ।

ਤੁਸਾਂ ਕਲ ਤੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਸੁਣਿਐ। ਅਸੀਂ ਜੋ ਕੁਝ ਵੀ ਕਰ ਰਹੇ ਹਾਂ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਹੈ। ਸਤਿਗੁਰੂ ਜੀ ਦੇ ਦਰਸ਼ਨ ਨਮਿਤ ਪਾਠ, ਵਰਨੀਆਂ ਜੋ ਕੁਝ ਵੀ ਅਸੀਂ ਕਰਦੇ ਹਾਂ, ਵਧ ਤੋਂ ਵਧ ਕਰੀਏ, ਤਾਂਕਿ ਸਾਨੂੰ ਸਤਿਗੁਰ ਜੀ ਦੇ ਦਰਸ਼ਨ ਛੇਤੀ ਹੋਣ।

ਸੂਕੇ ਹਰੇ ਕੀਏ ਖਿਨ ਮਾਹੇ।।
ਅੰਮ੍ਰਿਤ ਦ੍ਰਿਸਟਿ ਸੰਚਿ ਜੀਵਾਏ।

ਸਾਡੇ ਅੰਦਰ ਜਿਹੜੇ ਸੁੱਕੇ ਹੋਏ ਨੇ ਉਹਨਾਂ ਨੂੰ ਸਤਿਗੁਰੂ ਹਰੇ ਕਰਨ। ਤੁਸਾਂ ਸੁਣਿਐ ਕਲ ਪਰਸੋਂ ਇਕ ਸਿੰਘ ਨੂੰ ਦਰਸ਼ਨ ਹੋਏ ਹਨ ਸਤਿਗੁਰੂ ਰਾਮ ਸਿੰਘ ਜੀ ਦੇ। ਉਹਨਾਂ ਦੇ ਆਉਣ ਦੀਆਂ ਖਬਰਾਂ ਆ ਰਹੀਆਂ ਨੇ। ਸਤਿਗੁਰੂ ਕਿਰਪਾ ਕਰਨ ਸਾਡੇ ਮਨ ਸਤਿਗੁਰੂ ਜੀ ਦੇ ਦਰਸ਼ਨ ਵਾਲੇ ਬਨਣ।

ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਪਾਠ ਕਰੋ। ਸਤਿਗੁਰਾਂ ਨੇ ਹੁਕਮ ਕੀਤਾ ਸੀ ਜਾਣ ਲਗਿਆਂ ਕਿ ਜਿਹੜੇ ਮੇਰੇ ਨਮਿਤ ਕੁਝ ਕਰਨਾ ਚਾਹੁੰਦੇ ਨੇ ਉਹ ਮੇਰੇ ਵਾਸਤੇ ਵਰਨੀਆਂ ਤੇ ਪਾਠ, ਭਜਨ ਕਰਨ। ਉਹ ਸਤਿਗੁਰਾਂ ਦਾ ਹੁਕਮ ਪੂਰਾ ਕੀਤਾ ਜਾਵੇ।

ਸਵਾ ਲੱਖ ਪਾਠ ਪਹਿਲੇ ਪੂਰੇ ਹੋ ਗਏ ਨੇ ਹੁਣ ਜਿਹੜੇ ਅਗੋਂ ਸ਼ੁਰੂ ਹੋਏ ਨੇ, ਸਾਰੇ ਤਗੜੇ ਹੋ ਕੇ ਹਮਲਾ ਮਾਰੋ ਛੇਤੀ ਛੇਤੀ ਪਾਠ ਪੂਰੇ ਹੋਣ ਤੇ ਸਤਿਗੁਰ ਦਰਸ਼ਨ ਦੇਣ, ਤੇ ਸਾਡੀਆਂ ਦੁਖ ਤਕਲੀਫਾਂ ਬਾਹਰ ਦੀਆਂ ਤੇ ਅੰਦਰ ਦੀਆਂ ਇਹ ਸਾਰੀਆਂ ਹਟਣ।

ਸਤਿਗੁਰ ਮੇਰਾ ਦੀਨ ਦਇਆਲ

ਚੜ੍ਹਦੇ ਚੇਤ੍ਰ ਚਿਤ ਉਦਾਸ,
ਚਲੀਏ ਸਤਿਗੁਰਾਂ ਦੇ ਪਾਸ,
ਕਰੀਏ ਹੱਥ ਜੋੜ ਅਰਦਾਸ,
ਸਾਨੂੰ ਰੱਖੋ ਆਪਣੇ ਪਾਸ,
ਦੇਹੋ ਚਰਨਾਂ ਵਿਚ ਨਿਵਾਸ,
ਮੈਂ ਔਗੁਣ ਹਾਰੀਆਂ।
ਜਦ ਮੈਂ ਹੋ ਵਿਰਾਗਣ ਚੱਲੀ,
ਚਰਖੇ ਤੰਦ ਨਾ ਲਾਹੀ ਛੱਲੀ,
ਘਰ ਤੋਂ ਤੁਰਕੇ ਭਈ ਅਕੱਲੀ,
ਮੈਨੂੰ ਲੋਕ ਆਖਦੇ ਝੱਲੀ,
ਕਿਸੇ ਦੀ ਗੱਲ ਨਾ ਲਗਦੀ ਭੱਲੀ,
ਮੈਂ ਬਲਿਹਾਰੀਆਂ।

ਸਤਿਗੁਰ ਮੇਰਾ ਦੀਨ ਦਇਆਲ,
ਲੱਧਾ ਰਾਮ ਦਾਸ ਪੁਰੇ ਵਿਚ ਭਾਲ,
ਦੇ ਕੇ ਸ਼ਬਦ ਤੇ ਕਰੇ ਨਿਹਾਲ,
ਕੱਟੇ ਜਨਮ ਮਰਨ ਦੇ ਜਾਲ,
ਮੈਂ ਸਤਿਗੁਰ ਤਾਰੀਆਂ।

ਸੁਣ ਲਓ ਸੰਤ ਜਨਾਂ ਗਲ ਹੋਰ,
ਮੈਨੂੰ ਭਜਨ ਲੈਣ ਦੀ ਲੋੜ,
ਤਾਂ ਮੈਂ ਪਹੁੰਚੀ ਸਤਿਗੁਰ ਕੋਲ,
ਲਿਆ ਭਜਨ ਮੈਂ ਕਰ ਕੇ ਜੋਰ,
ਘਰ ਵਿਚ ਰਹੇ ਹਮੇਸ਼ਾਂ ਸ਼ੋਰ,
ਸੱਸ ਕਢੇਂਦੀ ਮੰਦੇ ਬੋਲ,
ਨੀ ਤੈਂ ਜਾਣਾ ਕੂਕਿਆਂ ਕੋਲ,
ਇਹ ਮਿਹਣੇ ਮਾਰਦੀ।।੧।।

—ਬਾਰਾਂਮਾਹ ਬਾਬਾ ਚੰਦਾ ਸਿੰਘ

ਪ੍ਰਵਚਨ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਬਾਬਾ ਬੁੱਢਾ ਸਿੰਘ ਜੀ

ਮੈਨੂੰ ਇੱਕ ਗੱਲ ਯਾਦ ਆਈ ਹੈ ਇੱਕ ਬਾਬਾ ਬੁੱਢਾ ਸਿੰਘ ਜੀ ਨਾਮਧਾਰੀ, ਬਾਹਰੇ ਦੀ ਵਾਂ- ਉਸ ਪਿੰਡ ਦਾ ਨਾਂ ਸੀ-ਹੁਣ ਬਾਬੇ ਵਾਲੀ-ਬੁੱਢਾ ਸਿੰਘ ਵਾਲੀ ਵਾਂ, ਹੀ ਮਸ਼ਹੂਰ ਹੈ, ਤਰਨ ਤਾਰਨ ਸਾਹਿਬ ਤੋਂ ਚਾਰ ਪੰਜ ਕੋਹ ਪੈਂਡਾ ਹੈ। ਸਤਿਗੁਰਾਂ ਦੇ ਪ੍ਰਗਟ ਹੋਣ ਵੇਲੇ ਥੋੜਾ ਚਿਰ ਮਗਰੋਂ ਜਿਸ ਦਿਨ ਉਹਨਾਂ ਤੇ ਕਿਰਪਾ ਹੁੰਦੀ ਹੈ, ਤੱਕੜੀ ਪਕੜੀ ਹੋਈ ਹੈ ਬੋਹਲ ਤੋਲ ਰਹੇ ਹਨ ਤੇ ਜੋੜਾ ਲਾਹ ਕੇ ਰੱਖਿਆ ਹੋਇਆ ਹੈ। ਇਹ ਸਾਡਾ ਪੁਰਾਤਨ ਸਿਧਾਂਤ ਹੈ ਕਿ ਅੰਨ ਦਾ ਅਦਬ ਕਰਨਾ, ਨਾਮਧਾਰੀਆਂ ਵਿੱਚ ਕੜਾਹ ਪ੍ਰਸ਼ਾਦ ਦੇ ਆਏ ਤੋਂ ਉਠ ਕੇ ਖੜਾ ਹੋਣਾ, ਇਹ ਮੈਂ ਕਥਾ ਸੁਣੀ ਹੈ ਕਿ ਮਹਾਰਾਜ ਵਿਸ਼ਨੂੰ ਜੀ ਦੀ ਕਚਹਿਰੀ ਵਿੱਚ ਉੱਥੇ ਜਿਸ ਵੇਲੇ ਆਉਂਦਾ ਸੀ ਅੰਨ- ਤਾਂ ਖੜੇ ਹੁੰਦੇ ਸੀ। ਦੂਜੇ ਦੇਵਤਿਆਂ ਨੂੰ ਈਰਖਾ ਹੋਈ, "ਮਹਾਰਾਜ, ਤੁਸੀਂ ਇਹਦੇ ਆਏ ਤੋਂ ਖੜੇ ਕਿਉਂ ਹੁੰਦੇ ਹੋ?" ਮਹਾਰਾਜ ਨੇ ਉਹਨੂੰ ਕਿਹਾ, "ਲੈ ਭਾਈ, ਤੂੰ ਪੰਜ ਸੱਤ ਦਿਨ ਨਾ ਆ, ਦੋ ਚਾਰ ਦਿਨ ਹਟ ਜਾ, ਇਹਨਾਂ ਨੂੰ ਤਕਲੀਫ ਮਲੂਮ ਹੁੰਦੀ ਹੈ।' ਜਿਸ ਵੇਲੇ ਅੰਨ ਨਾ ਆਇਆ, ਹਿੱਲਣ ਜੋਗੇ ਨਾ ਰਹਿ ਗਏ, ਲੱਗੇ ਭੁੱਖੇ ਮਰਨ, ਕਬੀਰ ਜੀ ਨੇ ਵੀ, ਗੁਰਬਾਣੀ ਪੜ੍ਹੋ-ਲਿਖਿਆ ਹੈ:

–ਅੰਨੈ ਬਿਨਾ ਨ ਹੋਇ ਸੁ ਕਾਲੁ॥
ਤਜਿਐ ਅੰਨਿ ਨ ਮਿਲੈ ਗੁਪਾਲੁ। (ਗੌਂਡ ਕਬੀਰ ਜੀ, ਪੰਨਾ ੮੭੩)
–ਜਪੀਐ ਨਾਮੁ ਜਪੀਐ ਅੰਨੁ। (ਪੰਨਾ ੮੭੩)

ਨਾਮ ਦੇ ਨਾਲ ਅੰਨ ਨੂੰ ਜਪਿਆ ਹੈ। ਅੰਨ ਦਾ ਅਦਬ- ਜੁੱਤੀਆਂ ਲੈ ਕੇ ਨਹੀਂ ਅੰਨ ਦੇ ਦਾਣਿਆਂ ਵਿੱਚ ਵੜਨਾ, ਖਲਵਾੜਿਆਂ ਵਿੱਚ ਸਾਡਾ ਪੁਰਾਤਨ ਸਿਧਾਂਤ ਹੈ ਅਜੇ ਵੀ ਲੋਕ ਜਦੋਂ ਦਾਣਿਆਂ ਦੇ ਬੋਹਲਾਂ ਵਿੱਚ ਜਾਂਦੇ ਹਨ- ਜੁੱਤੀ ਲਾਹ ਕੇ। ਅੰਨ ਤੋਲਣ ਲੱਗੇ, ਦਾਣੇ ਤੋਲਣ ਲੱਗਿਆਂ ਨੂੰ ਕੀ ਦਿਸਿਆ- ਕਿ ਅੱਗੇ ਵਰੋਲਾ ਹੈ ਪਰ ਉਹ ਅਗਨੀ ਦਾ ਵਰੋਲਾ ਹੈ, ਉਹਦੇ ਵਿੱਚੋਂ ਅਵਾਜ਼ ਆਈ, "ਜੇ ਮੈਨੂੰ ਮਿਲਣਾ ਹੈ- ਮੇਰਾ ਨਾਉ ਰਾਮ ਸਿੰਘ ਹੈ-ਲੁਧਿਆਣੇ ਦੇ ਚੜ੍ਹਦੇ ਪਾਸੇ ਨੌਂ ਕੋਹ- ਆ ਕੇ ਮਿਲ।" ਵਰੋਲਾ ਅੱਗੇ ਚੱਲ ਪਿਆ ਹੈ, ਬਾਬਾ ਜੀ ਪਿੱਛੇ ਚੱਲ ਪਏ ਹਨ- ਉਸੇ ਤਰ੍ਹਾਂ, ਅਜੇ, ਕਛਹਿਰਾ ਨਹੀਂ ਪਾਇਆ, ਭਜਨ ਨਹੀਂ ਪੁੱਛਿਆ, ਤੱਕੜੀ ਉੱਥੇ ਰਹਿ ਗਈ, ਬੋਹਲ ਉੱਥੇ ਰਹਿ ਗਿਆ। ਜਿਉਂ ਚਲੇ ਹਨ ਦੋ ਦਰਿਆ- ਉਥੋਂ-ਚੱਲ ਕੇ-ਬਿਆਸਾ ਔਰ ਸਤਿਲੁਜ ਆਉਂਦੇ ਸਨ ਰਸਤੇ ਵਿੱਚ ਉਹਨਾਂ ਨੂੰ ਕੋਈ ਪਤਾ ਨਹੀਂ ਲਗਿਆ।

ਉਹ ਲੁਧਿਆਣਾ ਵੀ ਲੰਘ ਗਏ, ਲੁਧਿਆਣਾ ਲੰਘ ਕੇ ਹੀਰਾਂ ਇਕ ਪਿੰਡ ਹੈ, ਜਿਹੜਾ ਗੁਰਦਵਾਰੇ ਭੈਣੀ ਸਾਹਿਬ ਤੋਂ ਲਹਿੰਦੇ ਵੱਲ ਹੈ, ਕਰੀਬ ਥੋੜਾ ਜਿਹਾ ਲਹਿੰਦੇ ਦੱਖਣ ਨੂੰ ਭਾਵੇਂ ਮੰਨ ਲਈਏ, ਉੱਥੇ ਜਾ ਕੇ ਉਹ ਵਰੋਲਾ ਖਤਮ ਹੋ ਗਿਆ। ਉਹ ਭੂਚੱਕੇ ਵਿਚ ਆ ਕੇ ਉੱਥੇ ਕਿਸੇ ਨੂੰ ਪੁੱਛਦੇ ਹਨ, "ਕਿਉਂ ਭਾਈ ਇੱਥੇ ਕੋਈ ਭੈਣੀ ਪਿੰਡ ਵੀ ਹੈ?"

ਉਹਨਾਂ ਆਖਿਆ, "ਔਹ ਦੇਖ।"

ਚਲੇ ਗਏ- ਸਤਿਗੁਰਾਂ ਦਾ ਅੱਗੇ ਦਰਸ਼ਨ ਹੋਇਆ, ਗੜਵਾ ਹੱਥ ਵਿੱਚ ਫੜਿਆ ਹੈ। ਪਊਏ ਚਰਨੀਂ ਪਾਏ ਹਨ। ਮਿਲਿਆ- ਫਤਹਿ ਬੁਲਾਈ, ਉਹਨਾਂ ਨੂੰ ਪੁੱਛਦੇ ਹਨ, "ਕੋਈ ਇੱਥੇ ਰਾਮ ਸਿੰਘ ਵੀ ਹੈ।"

ਪਿੰਡ ਵਿੱਚ ਇੱਕ ਜ਼ਿਮੀਦਾਰ ਦਾ ਨਾਂ ਭੀ ਸੀ, ਕਹਿਣ ਲੱਗੇ, "ਹਾਂ ਭਾਈ ਹੈ।" ਉਹ ਪਿੰਡ ਗਏ। ਘਰ ਜਾ ਕੇ ਉਹ ਜ਼ਿਮੀਦਾਰ ਦੇ ਘਰ ਵੜੇ, ਉਹ ਦੇਖਿਆ ਦਿਖਾਇਆ ਹੈਰਾਨ ਜਿਹੇ ਹੋਏ, ਉਹਨੂੰ ਪੁਛਿਆ, "ਕੋਈ ਹੋਰ ਵੀ ਹੈ?" "ਹਾਂ ਹੈ ਇਕ ਕਮਲਾ ਜਿਹਾ ਤਰਖਾਣ-ਕਿਤੇ ਪਊਏ ਪਾਈ ਫਿਰਦਾ ਵੇਖਿਆ ਹੋਣਾ ਹੈ।"

ਕਿਉਂਕਿ ਫੇਰ ਸਾਡੀ ਤਾਂ ਰਹੁ ਰੀਤ ਹੀ ਮਰ ਗਈ, ਜੇ ਕਮਲਾ ਨਾ ਕੋਈ ਆਖੇ, ਕਿਉਂ- ਗੁਰੂ ਨਾਨਕ ਨੇ ਬੀ ਕਮਲ ਦਾ ਪਾਇਐ ਸਾਡੇ ਵਿੱਚ।

ਅੱਗੇ ਚਲੇ ਗਏ-ਬਾਹਰ ਇੱਕ ਛੱਪੜ ਹੈ- ਦੱਖਣ ਦੇ ਪਾਸੇ ਕੋਈ ਪੌਣਾ ਮੀਲ, ਭੈਣੀ ਸਾਹਿਬ ਤੋਂ ਉਹਦੇ ਦੁਆਲੇ ਕਰੌਂਡਿਆਂ ਦੇ ਦਰਖਤ ਹੁੰਦੇ ਸਨ, ਉੱਥੇ ਜਾ ਕੇ ਭਜਨ ਕਰਦੇ ਸੀ, ਜਿਸ ਵੇਲੇ ਬਾਬਾ ਜੀ ਉੱਥੇ ਗਏ- ਜਾ ਕੇ ਦਰਸ਼ਨ ਕੀਤਾ। ਫੇਰ ਕੀ ਦਿਖਾਇਆ- ਗੁਰੂ ਨਾਨਕ ਤੋਂ ਲੈ ਕੇ ਬਾਰ੍ਹਾਂ ਹੀ ਸਰੂਪਾਂ ਦੇ ਦਰਸ਼ਨ ਉੱਥੇ ਕੀਤੇ। ਭਜਨ ਪੁੱਛਿਆ, ਭਜਨ ਪੁੱਛ ਕੇ ਘਰ ਆ ਗਏ, ਬਚਨ ਬਿਲਾਸ ਹੁੰਦਾ ਹੈ- ਅਕਾਲ ਪੁਰਖ ਨਾਲ ਸਿੱਧਾ। ਇੱਕ ਦਿਨ ਅਵਾਜ਼ਾ ਆਇਆ, "ਬੁੱਢਾ ਸਿੰਘਾ, ਤੈਨੂੰ ਬਖਸ਼ਿਆ।"

ਕਹਿੰਦਾ, "ਮੈਂ ਨਹੀਂ ਮੰਨਦਾ।"

ਫੇਰ ਕਹਿੰਦੇ "ਸਤਿਗੁਰਾਂ ਦਾ ਨਾਂ ਲੈ ਕੇ ਜੇ ਉਸ ਦੇਹ ਵਿੱਚੋਂ ਅਵਾਜ਼ਾ ਆਵੇ।"

"ਤਾਂ ਮੈਂ ਮੰਨ ਲਵਾਂਗਾ।"

ਉਸੇ ਵੇਲੇ ਉਥੋਂ ਤੁਰ ਪਏ ਫਿਰ ਭੈਣੀ ਸਾਹਿਬ ਗਏ। ਸਤਿਗੁਰੂ ਅੱਗੋ- ਜਿਹੜਾ ਦਰਵਾਜ਼ਾ ਸੀ, ਹੁਣ ਤੇ ਉਹ ਵੱਡਾ ਲੱਗਾ ਹੋਇਆ ਹੈ-ਛੋਟਾ ਸੀ-ਉਹਨੂੰ ਇਉਂ (ਚੁਗਾਠ ਦੇ ਸੇਰੂ ਨੂੰ) ਹੱਥ ਪਾ ਕੇ- ਦਹਿਲੀਜ਼ ਦੇ ਉਤਲੇ ਪਾਸੇ ਨੂੰ ਹੱਥ ਪਾਕੇ ਖੜੇ ਹਨ। ਕਹਿੰਦੇ ਹਨ, "ਬੁੱਢਾ ਸਿੰਘਾ, ਤੈਨੂੰ ਬਖਸ਼ਿਆ।" (ਬੁੱਢਾ ਸਿੰਘ) ਚਰਣਾਂ ਤੇ ਡਿੱਗਿਆ।

ਧਰਮ ਤੋਂ ਲਾਭ ਅਧਰਮ ਤੋਂ ਹਾਨੀ

ਗਿਆਨ ਮਾਰਤੰਡ ਪੰਡਤ ਗੋਪਾਲ ਸਿੰਘ

ਸਮੇਂ ਦੇ ਅਤੇ ਭੋਗਮਈ ਸਭਿਅਤਾ ਦੇ ਪ੍ਰਭਾਵ ਨਾਲ ਅਜ ਕਲ ਧਰਮ ਲਈ ਬਹੁਤ ਅਰੁਚੀ ਹੋ ਰਹੀ ਹੈ। ਜਿਥੇ ਪ੍ਰਾਣਾਂ ਦਾ ਤਿਆਗ ਕਰਕੇ ਵੀ ਧਰਮ ਨੂੰ ਪਾਲਨਾ ਅਪਨਾ ਧਰਮ ਕਰਤਵ ਸਮਝਿਆ ਜਾਂਦਾ ਸੀ ਉਥੇ ਹੁਣ ਧਰਮ ਨੂੰ ਪ੍ਰਾਣ ਘਾਤਕ ਮੰਨਦੇ ਹੋਏ ਉਸ ਦਾ ਨਾਸ਼ ਕਰਨ ਹਿਤ ਸੋਚਦੇ ਹਨ। ਧਰਮ ਕੀ ਹੈ? ਇਹ ਨਾ ਸਮਝਦੇ ਹੋਇ ਧਰਮ ਦੇ ਨਾਮ ਨੂੰ ਹੀ ਮਿਟਾਉਣਾ ਬਹਾਦਰੀ ਸਮਝਦੇ ਹਨ। ਡੰਕੇ ਦੀ ਚੋਟ ਨਾਲ ਧਰਮ ਅਤੇ ਈਸ਼ਵਰ-ਗੁਰੂ ਨੂੰ ਜਗਤ ਦਾ ਸਤਿਆਨਾਸ ਕਰਨ ਵਾਲਾ ਅਪਰਾਧੀ ਮੰਨਦੇ ਹਨ। ਇਹ ਵੀ ਕਹਿ ਰਹੇ ਹਨ ਕਿ ਧਰਮ ਅਤੇ ਈਸ਼ਵਰ ਨੇ ਜਗਤ ਦਾ ਸਤਿਆਨਾਸ ਕਰ ਛਡਿਆ ਏ। ਧਰਮ ਅਤੇ ਈਸ਼ਵਰ ਦੇ ਨਾਮ ਤੇ ਹੀ ਗ਼ਰੀਬਾਂ ਕਮਜ਼ੋਰਾਂ ਤੇ ਅਤਿਆਚਾਰ ਹੁੰਦੇ ਰਹੇ ਹਨ ਅਤੇ ਹੋ ਰਹੇ ਹਨ। ਧਰਮ ਅਤੇ ਈਸ਼ਵਰ ਨੇ ਹੀ ਇਨਸਾਨ ਨੂੰ ਗ਼ੁਲਾਮ ਬਨਣ ਦਾ ਆਦੀ ਬਣਾ ਛਡਿਆ ਏ। ਧਰਮ ਅਤੇ ਈਸ਼ਵਰ ਦੀ ਮਾਨਤਾ ਸਦਕਾ ਹੀ ਭੋਲੇ ਭਾਲੇ ਲੋਕ ਲੁੱਟੇ ਗਏ ਅਤੇ ਲੁੱਟੇ ਜਾ ਰਹੇ ਹਨ।

ਇਸ ਵਿਚ ਕੋਈ ਸ਼ੱਕ ਵੀ ਨਹੀਂ ਕਿ ਸਵਾਰਥੀ, ਕਰਮ ਭੋਗ ਦੇ ਪ੍ਰੇਮੀ ਪਾਖੰਡੀ ਲੋਕਾਂ ਨੇ ਕਨਕ ਕਾਮਨੀ, ਮਾਨ ਵਡਿਆਈ ਦੀ ਕਾਮਨਾ ਨਾਲ ਕਾਮ ਕਰੋਧ ਮੋਹ ਵਸ ਹੋ ਕੇ ਧਰਮ ਦੇ ਨਾਮ ਤੇ ਕੁਕਰਮ ਕੀਤੇ ਅਤੇ ਕਰ ਰਹੇ ਹਨ। ਇਹ ਵੀ ਸੱਚ ਹੈ ਕਿ ਈਸ਼ਵਰ ਨੂੰ ਪੂਜਣ ਵਾਲੇ ਪੁਜਾਰੀਆਂ ਅਤੇ ਪਾਖੰਡੀ ਦੁਰਾਚਾਰੀਆਂ ਨੇ ਲੋਕਾਂ ਨੂੰ ਠੱਗਣ ਵਾਸਤੇ ਨਵੇਂ ਨਵੇਂ ਢੰਗ ਬਣਾਏ ਹਨ। ਅਜ ਕਲ ਵੀ ਏਹੋ ਜਿਹੇ ਲੋਕਾਂ ਦੀ ਕਮੀ ਨਹੀਂ। ਮਾਨ ਵਡਿਆਈ ਅਤੇ ਧਨ ਦੇ ਮਦ ਵਿਚ ਅੰਨੇ ਹੋਏ ਸਵਾਰਥੀ ਧਰਮ ਤੇ ਗਿਆਨ ਤੋਂ ਹੀਨ ਵਿਸ਼ੈ ਆਸਕਤ ਲੋਕ ਜ਼ਰੂਰ ਹੀ ਗਰੀਬ ਦੁਖੀ ਕਿਸਾਨ ਮਜ਼ਦੂਰ ਪੇਂਡੂ ਭੋਲੇ ਭਾਲੇ ਲੋਕਾਂ ਤੋਂ ਪਸ਼ੂਆਂ ਦੀ ਤਰ੍ਹਾਂ ਕੰਮ ਲੈਂਦੇ ਹਨ। ਉਹਨਾਂ ਉੱਤੇ ਆਤਿਆਚਾਰ ਕਰਦੇ ਹਨ ਉਹਨਾਂ ਦੇ ਹੱਕ ਮਾਰਦੇ ਹਨ। ਪਰ ਇਸ ਨਾਲ ਇਹ ਨਹੀਂ ਸਿਧ ਹੁੰਦਾ ਕਿ ਇਹ ਈਸ਼ਵਰ ਅਤੇ ਧਰਮ ਦਾ ਦੋਸ਼ ਹੈ। ਬਲਕਿ ਇਹ ਕਹਿਣਾ ਚਾਹੀਦਾ ਏ ਕਿ ਲੋਕਾਂ ਵਿਚ ਧਰਮ ਨੂੰ ਨਾ ਸਮਝਣ ਵਾਲੀ ਬੁਧੀ, ਈਸ਼ਵਰ ਯਕੀਨ ਨਾ ਹੋਣ ਦੇ ਕਾਰਨ ਹੀ ਇਹ ਪਾਖੰਡ ਫੈਲ ਰਿਹਾ ਏ। ਜੇਕਰ ਲੋਕਾਂ ਵਿਚ ਧਰਮ ਨੂੰ ਸਮਝਣ ਵਾਲੀ ਬੁਧੀ, ਸਰਵ ਵਿਆਪੀ, ਸਮਦਰਸ਼ੀ, ਨਿਆਂਕਾਰੀ, ਦਿਆਲੂ ਈਸ਼ਵਰ ਦੀ ਸਤਾ ਤੇ ਵਿਸ਼ਵਾਸ ਹੋਵੇ ਤਾਂ ਇਸ ਤਰ੍ਹਾਂ ਦੇ ਦੁਰਾਚਾਰ ਕਦੀ ਹੋ ਹੀ ਨਹੀਂ ਸਕਦੇ। ਅਨਾਚਾਰ, ਅਤਿਆਚਾਰ, ਪਾਖੰਡ ਗ਼ਰੀਬਾਂ ਨੂੰ ਦੁਖ ਦੇਣਾ, ਲੁਟਣਾ ਇਹ ਧਰਮ ਦੇ ਨ ਹੋਣ ਕਾਰਨ ਹੀ ਹੁੰਦੇ ਹਨ। ਅਜ ਕਲ ਤੀਰਥਾਂ, ਗੁਰਦੁਆਰਿਆਂ, ਮੰਦਿਰਾਂ, ਮਸੀਤਾਂ, ਧਰਮ ਸਥਾਨਾਂ ਤੇ ਸ਼ਰਧਾਲੂ ਲੋਕਾਂ ਦੀ ਸ਼ਰਧਾ ਦਾ ਉਲਟਾ ਲਾਭ ਲੈ ਰਹੇ ਹਨ। ਅਥਵਾ ਨੀਚ ਬਿਰਤੀ ਦੇ ਕਾਮੀ ਪੁਰਸ਼,ਭਗਤੀ ਵਾਲੇ ਉਤਮ ਚਿੰਨ੍ਹ ਧਾਰਨ ਕਰਕੇ ਧਨ ਅਤੇ ਇਸਤਰੀਆਂ ਦੇ ਸਤ ਦਾ ਨਾਸ ਕਰ ਰਹੇ ਹਨ। ਉਹ ਮਹਾਨ ਅਪਰਾਧੀ ਹਨ ਅੰਤ ਨੂੰ ਨਰਕ ਗਾਮੀ ਹੋਣਗੇ। ਧਰਮ ਨੂੰ ਕਲੰਕਤ ਕਰਨ ਵਾਲੇ, ਕਾਮ ਤੇ ਲੋਭ ਵਸ ਹੋ ਜਨਤਾ ਨੂੰ ਠੱਗਣ ਵਾਲੇ ਅਪਨੇ ਖੋਟੇ ਕਰਮਾਂ ਨਾਲ, ਸੰਤ ਮਹਾਤਮਾ, ਭਗਤਾਂ ਦੇ ਨਾਮ ਤੇ ਧਰਮ ਸਥਾਨਾਂ ਨੂੰ ਕਲੰਕਤ ਕਰ ਰਹੇ ਹਨ। ਐਸੇ ਨੀਚ ਪੁਰਸ਼ਾਂ ਦੀ ਜਿੰਨੀ ਵੀ ਨਿੰਦਾ ਕੀਤੀ ਜਾਏ ਥੋੜੀ ਹੈ।

ਈਸ਼ਵਰ ਅਤੇ ਧਰਮ ਦੀ ਸਤਾ ਤੇ ਭਰੋਸਾ ਨ ਰਖਣ ਵਾਲੇ, ਪਾਖੰਡੀ ਦੁਰਾਤਮਾ ਵਾਲੇ ਸਵਾਰਥੀ, ਭਗਤ ਜਾਂ ਈਸ਼ਵਰ ਦੀ ਦਸ ਕੇ ਇਹਨਾਂ ਦੀਆਂ ਮਿਸਾਲਾਂ ਦੇ ਕੇ ਮੰਦਰ, ਧਰਮ ਜਾਂ ਈਸ਼ਵਰ ਦੀ ਨਿੰਦਾ ਕਰਨੀ ਇਕ ਪਰਕਾਰ ਦਾ ਧਰਮ ਤੇ ਅਤਿਆਚਾਰ ਕਰਨਾ ਹੈ। ਇਹ ਘੋਰ ਅਪਰਾਧ ਹੈ। ਪਾਖੰਡੀ ਲੋਕ ਸਦਾ ਹੀ ਰਹੇ ਹਨ ਪਰ ਅਜ ਕਲ੍ਹ ਤਾਂ ਇਹਨਾਂ ਦੀ ਤਾਦਾਦ ਬਹੁਤ ਜ਼ਿਆਦਾ ਹੋ ਗਈ ਹੈ। ਜਿਥੇ ਵੀ ਵੇਖਦੇ ਹਨ ਕਿ ਮੇਰਾ ਸਵਾਰਥ ਪੂਰਾ ਹੋ ਸਕਦਾ ਏ ਤੁਰੰਤ ਉਸੇ ਤਰ੍ਹਾਂ ਦਾ ਹੀ ਭੇਸ ਬਣਾ ਕੇ ਆਪਣਾ ਮਤਲਬ ਹਲ ਕਰਨ ਲਈ ਤਿਆਰ ਹੋ ਜਾਂਦੇ ਹਨ। ਅਫਸੋਸ ਦੀ ਗੱਲ ਤਾਂ ਇਹ ਹੈ ਕਿ ਧਰਮ ਪਰਾਇਣ ਦੇਸ਼ ਭਾਰਤ ਵਿਚ ਵੀ ਇਸ ਤਰ੍ਹਾਂ ਦੇ ਪਾਖੰਡੀ ਲੋਕ ਪੈਦਾ ਹੋ ਗਏ ਹਨ। ਇਸ ਦਾ ਕਾਰਨ ਪੱਛਮ ਦੀ ਦੂਸ਼ਤ ਧਰਮਹੀਨ ਸਿਖਿਆ ਮੁੱਢ ਤੋਂ ਹੀ ਬੱਚਿਆਂ ਨੂੰ ਇਹੋ ਜੇਹੀ ਸਿਖਿਆ ਦਿਤੀ ਜਾਂਦੀ ਏ ਜਿਸ ਵਿਚ

ਮਾਨ ਵਡਿਆਈ ਅਤੇ ਧਨ ਦੇ ਮਦ ਵਿਚ ਅੰਨੇ ਹੋਏ ਸਵਾਰਥੀ ਧਰਮ ਤੇ ਗਿਆਨ ਤੋਂ ਹੀਨ ਵਿਸ਼ੈ ਆਸਕਤ ਲੋਕ ਜ਼ਰੂਰ ਹੀ ਗਰੀਬ ਦੁਖੀ ਕਿਸਾਨ ਮਜ਼ਦੂਰ ਪੇਂਡੂ ਭੋਲੇ ਭਾਲੇ ਲੋਕਾਂ ਤੋਂ ਪਸ਼ੂਆਂ ਦੀ ਤਰ੍ਹਾਂ ਕੰਮ ਲੈਂਦੇ ਹਨ। ਉਹਨਾਂ ਉੱਤੇ ਆਤਿਆਚਾਰ ਕਰਦੇ ਹਨ ਉਹਨਾਂ ਦੇ ਹੱਕ ਮਾਰਦੇ ਹਨ। ਪਰ ਇਸ ਨਾਲ ਇਹ ਨਹੀਂ ਸਿਧ ਹੁੰਦਾ ਕਿ ਇਹ ਈਸ਼ਵਰ ਅਤੇ ਧਰਮ ਦਾ ਦੋਸ਼ ਹੈ। ਬਲਕਿ ਇਹ ਕਹਿਣਾ ਚਾਹੀਦਾ ਏ ਕਿ ਲੋਕਾਂ ਵਿਚ ਧਰਮ ਨੂੰ ਨਾ ਸਮਝਣ ਵਾਲੀ ਬੁਧੀ, ਈਸ਼ਵਰ ਯਕੀਨ ਨਾ ਹੋਣ ਦੇ ਕਾਰਨ ਹੀ ਇਹ ਪਾਖੰਡ ਫੈਲ ਰਿਹਾ ਏ। ਜੇਕਰ ਲੋਕਾਂ ਵਿਚ ਧਰਮ ਨੂੰ ਸਮਝਣ ਵਾਲੀ ਬੁਧੀ, ਸਰਵ ਵਿਆਪੀ, ਸਮਦਰਸ਼ੀ, ਨਿਆਂਕਾਰੀ, ਦਿਆਲੂ ਈਸ਼ਵਰ ਦੀ ਸਤਾ ਤੇ ਵਿਸ਼ਵਾਸ ਹੋਵੇ ਤਾਂ ਇਸ ਤਰ੍ਹਾਂ ਦੇ ਦੁਰਾਚਾਰ ਕਦੀ ਹੋ ਹੀ ਨਹੀਂ ਸਕਦੇ। ਅਨਾਚਾਰ, ਅਤਿਆਚਾਰ, ਪਾਖੰਡ ਗ਼ਰੀਬਾਂ ਨੂੰ ਦੁਖ ਦੇਣਾ, ਲੁਟਣਾ ਇਹ ਧਰਮ ਦੇ ਨ ਹੋਣ ਕਾਰਨ ਹੀ ਹੁੰਦੇ ਹਨ।

ਧਰਮ ਦਾ ਗਿਆਨ ਹੁੰਦਾ ਹੀ ਨਹੀਂ। ਉਹ ਸਿਖਿਆ ਬੱਚਿਆਂ ਨੂੰ ਹੌਲੀ ਹੌਲੀ ਧਰਮ ਤੋਂ ਦੂਰ ਲੈ ਜਾਂਦੀ ਏ। ਇਹੀ ਕਾਰਨ ਹੈ ਕਿ ਜਿਨ੍ਹਾਂ ਦੇ ਵੱਡੇ ਪੂਰਨ ਗੁਰਸਿਖ ਤੇ ਧਰਮਾਤਮਾ ਸਨ ਉਹਨਾਂ ਦੇ ਬੱਚਿਆਂ ਨੂੰ ਅਜ ਧਰਮ ਦਾ ਪਤਾ ਹੀ ਨਹੀਂ। ਏਸੇ ਤਰ੍ਹਾਂ ਲੋਕ ਅਪਨੇ ਧਰਮ ਦੀ ਮਰਯਾਦਾ ਦੇ ਉਲਟ ਹੋ ਜਾਂਦੇ ਹਨ।

ਅਜ ਤੋਂ ਕੁਝ ਸਮਾਂ ਪਹਿਲਾਂ ਕੋਈ ਵੀ ਧਰਮ, ਗੁਰੂ ਈਸ਼ਵਰ ਮਰਯਾਦਾ ਦੇ ਖਿਲਾਫ਼ ਕੋਈ ਇਕ ਲਫ਼ਜ਼ ਤਕ ਵੀ ਕਹਿਣ ਦੀ ਹਿੰਮਤ ਨਹੀਂ ਸੀ ਕਰਦਾ, ਜਿਸ ਤਰ੍ਹਾਂ ਅਜ ਕਲ ਹੋ ਰਿਹਾ ਹੈ। ਉਹਨਾਂ ਸਜਣਾਂ ਅਗੇ ਮੇਰੀ ਬੇਨਤੀ ਹੈ ਕਿ ਉਹ ਚੁਪੀ ਕੋਲੋਂ ਕੰਮ ਲੈਣ ਅਤੇ ਧਰਮ ਦੀ ਅਸਲੀਅਤ ਨੂੰ ਸਮਝਣ ਦੀ ਕੋਸ਼ਸ਼ ਕਰਨ। ਪਹਿਲੇ ਗੁਰਸਿਖਾਂ ਦੇ ਧਰਮ ਸੇਵੀ, ਤਿਆਗੀ ਜੀਵਨ ਤੋਂ ਕੁਝ ਸਿਖਿਆ ਪ੍ਰਾਪਤ ਕਰਨ। ਉਹਨਾਂ ਆਪਣੇ ਧਰਮ ਲਈ ਕਿੰਨੇ ਕਸ਼ਟ ਝੱਲੇ। ਦੇਸ਼ ਧਰਮ ਤੇ ਗਊ ਗ਼ਰੀਬ ਲਈ ਉਹਨਾਂ ਕਿਸ ਤਰ੍ਹਾਂ ਆਪਣੇ ਜੀਵਨ ਅਰਪਨ ਕੀਤੇ। ਧਰਮ ਅਤੇ ਈਸ਼ਵਰ-ਗੁਰੂ ਤੇ ਭਰੋਸਾ ਨ ਰੱਖਣ ਨਾਲ ਅਧਰਮ ਵਿਚ ਵਾਧਾ ਹੋਵੇਗਾ। ਅਧਰਮ ਦੇ ਵਾਧੇ ਨਾਲ ਸੰਸਾਰ ਨਸ਼ਟ ਭ੍ਰਸ਼ਟ ਹੋ ਜਾਵੇਗਾ। ਸ਼ੁਧ ਆਚਾਰ ਦੀ ਮਰਯਾਦਾ, ਸ਼ਾਂਤੀ ਉਡ ਜਾਏਗੀ। ਪਰ ਧਨ, ਪਰ ਇਸਤਰੀ ਦਾ ਵੀਚਾਰ ਖ਼ਤਮ ਹੋ ਜਾਏਗਾ। ਬਹੂ ਬੇਟੀਆਂ ਨੂੰ ਖੋਟੀ ਦ੍ਰਿਸ਼ਟੀ ਨਾਲ ਵੇਖਣਾ ਸ਼ੁਰੂ ਹੋ ਜਾਏਗਾ। ਜੋ ਕਿ ਬਹੁਤ ਹੀ ਘੋਰ ਪਾਪ ਹੈ। ਤੁਲਸੀ ਦਾਸ ਜੀ ਫੁਰਮਾਉਂਦੇ ਹਨ:

ਅਨੁਜ ਬਧੂ ਭਗਨੀ ਸੁਤ ਨਾਰੀ।।
ਸੁਨ ਸ਼ਟ ਏਹ ਕਨਯਾ ਸਮ ਚਾਰੀ।।
ਇਨਹੇ ਕੁਦ੍ਰਿਸਟੀ ਵਿਲੋਕੇ ਜੋਈ।।
ਤਾਹਿ ਬਧੇ ਮੋਂ ਪਾਧੇ ਨ ਹੋਈ।।

ਧਰਮ ਦੀ ਮਰਯਾਦਾ-ਨ ਰਹੀ ਤਾਂ ਪਸ਼ੂ ਧਰਮ ਫੈਲ ਜਾਏਗਾ। ਮਾਤਾ ਪਿਤਾ ਗੁਰੂ ਜਨਾ ਦੀ ਸੇਵਾ ਕਰਨੀ ਤਾਂ ਇਕ ਪਾਸੇ ਰਹੀ, ਉਹਨਾਂ ਦਾ ਅਪਮਾਨ ਕਰਨ ਵਿਚ ਵੀ ਸੰਕੋਚ ਨਹੀਂ ਰਹੇਗਾ। ਜਿਸ ਦੇ ਮਨ ਵਿਚ ਜਿਹੜੀ ਗੱਲ ਆਈ ਉਸੇ ਨੂੰ ਹੀ ਉਹ ਸਿਧਾਂਤ ਮੰਨਣ ਲਗ ਪੈਣਗੇ। ਗੀਤਾ ਵਿਚ ਭਗਵਾਨ ਦਾ ਹੁਕਮ ਏ ਕਿ ਜਿਹੜਾ ਮਨੁਸ਼ ਸ਼ਾਸ਼ਤਰ ਮਰਯਾਦਾ ਨੂੰ ਛਡ ਕੇ ਅਪਨੀ ਕਰਦਾ ਹੈ, ਉਹ ਨ ਤਾਂ ਸਿਧੀ , ਨ ਪਰਮਗਤੀ, ਅਤੇ ਨ ਹੀ ਉਸ ਨੂੰ ਸੁਖ ਮਿਲਦਾ ਏ। ਈਸ਼ਵਰ, ਧਰਮ ਅਤੇ ਗੁਰੂ ਤੇ ਨ ਯਕੀਨ ਰਖਣ ਵਾਲੇ ਪੁਰਖ ਅਪਨੀ ਸਵਾਰਥ ਸਿਧੀ ਲਈ ਪਾਖੰਡ ਕਰਕੇ ਲੋਕਾਂ ਨੂੰ ਧੋਖਾ ਦੇਣਗੇ।

ਬਲਵਾਨ ਅਤੇ ਧਨੀ ਲੋਕ ਮੋਹ ਅਤੇ ਕਰੋਧ ਵਸ ਹੋ ਮਾੜਿਆਂ ਅਤੇ ਗ਼ਰੀਬਾਂ ਤੇ ਅਤਿਆਚਾਰ ਕਰਦੇ ਹਨ। ਬਲਵਾਨ ਧਨੀ ਤੇ ਧਰਮ ਹੀਨ ਸਿਖਿਆਤ ਲੋਗ ਹੀ ਈਸ਼ਵਰ ਮਹਾਤਮਾ ਤੇ ਯੋਗੀ ਕਹਾਉਣਗੇ। ਇਸ ਤਰ੍ਹਾਂ ਦੀ ਹਾਲਤ ਚ ਦੇਸ਼ ਦੁਖੀ ਹੋ ਜਾਏਗਾ। ਗੁਰ ਵਾਕ- ਕੂੜ ਫਿਰੇ ਪਰਧਾਨ ਵੇ ਲਾਲੋ ।। ਵਰਤੇਗਾ।

ਅਧਰਮ ਦੇ ਹੀ ਕਾਰਨ ਅਜ ਕਲ ਦੇਵ ਭੂਮੀ, ਗੁਰਾਂ ਪੀਰਾਂ ਦੇ ਭਾਰਤ ਵਿਚ ਤਰ੍ਹਾਂ-੨ ਦੀਆਂ ਆਫਤਾਂ ਆ ਰਹੀਆਂ ਹਨ। ਆਦਮੀਆਂ ਦੀਆਂ ਉਮਰਾਂ ਘਟ ਰਹੀਆਂ ਹਨ। ਪਸ਼ੂ ਧਨ ਨਸ਼ਟ ਹੋ ਰਿਹਾ ਏ। ਭੂਚਾਲ ਤੇ ਹੜਾਂ ਨਾਲ ਕੁਦਰਤੀ ਆਫਤਾਂ ਨਾਲ ਸੰਸਾਰ ਦੁਖੀ ਹੋ ਰਿਹਾ ਏ। ਅੰਨ ਤੇ ਬਸਤਰਾਂ ਬਿਨਾਂ ਲੋਕਾਂ ਵਿਚ ਚੀਖੋ ਪੁਕਾਰ ਹੋ ਰਹੀ ਏ। ਜਿਉਂ-੨ ਅਧਰਮ ਵਧੇਗਾ ਨਾਲ ਹੀ ਦੁਖ ਵਧਦੇ ਜਾਣਗੇ। ਅਧਰਮ ਦਾ ਫਲ ਯਕੀਨਨ ਦੁਖ ਹੀ ਹੁੰਦਾ ਏ। ਧਰਮ ਦਾ ਫਲ ਕਦੇ ਵੀ ਦੁਖ ਨਹੀਂ ਦੇ ਸਕਦਾ। ਸੰਸਾਰ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਏ ਕਿ ਸਚੇ ਧਰਮ ਦੀ ਸਦਾ ਹੀ ਜੈ ਹੁੰਦੀ ਏ। ਜਿਥੇ ਧਰਮ ਹੁੰਦਾ ਏ ਉਥੇ ਹੀ ਈਸ਼ਵਰ ਸਹਾਈ ਹੁੰਦਾ ਏ। ਧਰਮ ਵਾਸਤੇ ਤੂਫਾਨ ਵੀ ਕਿਨਾਰਾ ਬਣ ਜਾਂਦਾ ਏ। ਮਹਾ ਭਾਰਤ ਵਿਚ ਦ੍ਰੋਨਾ ਚਾਰਜ ਜੀ ਯੁਧਿਸ਼ਟਰ ਨੂੰ ਫਤੇਹ ਦਾ ਯਕੀਨ ਦਿਲਾਉਂਦੇ ਹੋਏ ਕਹਿੰਦੇ ਹਨ, "ਯਤੋ ਧਰਮਸਤਤਾ ਕ੍ਰਿਸ਼ਣੋ, ਯਤਾ ਕ੍ਰਿਸ਼ਨਮ ਤਤੋ ਜਯਾ।" ਭਾਵ ਜਿਥੇ ਧਰਮ ਹੈ ਉਥੇ ਭਗਵਾਨ ਹੈ, ਜਿਥੇ ਭਗਵਾਨ ਹੈ ਉਥੇ ਹੀ ਕਾਮਯਾਬੀ ਹੈ।

ਧਰਮ ਤੋਂ ਰਹਿਤ ਹਰ ਤਰ੍ਹਾਂ ਦੇ ਧਨ, ਜਨ ਸ਼ਕਤੀ ਹੁੰਦੇ ਹੋਏ ਵੀ ਵੱਡੇ ਵੱਡੇ ਬਲਵਾਨ ਲੋਗ ਧਰਮ ਧਾਰੀਆਂ ਪਾਸੋਂ ਹਾਰੇ ਅਤੇ ਮਾਰੇ ਗਏ। ਇਹ ਸਭ ਨੂੰ ਪਤਾ ਹੈ ਕਿ ਰਾਵਣ, ਕੁੰਭਕਰਨ, ਮੇਘ ਨਾਥ ਜਿਨ੍ਹਾਂ ਦੀ ਸੈਨਾ ਦੀ ਗਿਣਤੀ ਰਾਮਾਇਣ ਵਿਚ ਦਸ ਖਰਬ ਛਿਆਲੀ ਹਜਾਰ ਇਕ ਸੌ ਲਿਖੀ ਏ, ਧਰਮ ਵਿਮੁਖ ਹੋਣ ਕਾਰਣ ਹੀ ਰਾਮ ਜੀ ਦੇ ਹਥੋਂ ਬਾਨਰਾਂ ਦੀ ਸੈਨਾ ਰਾਹੀਂ ਮਾਰਿਆ ਗਿਆ। ਇਹ ਵੀ ਸਭ ਨੂੰ ਪਰਤੀਤ ਹੈ ਕਿ ਜਿਹੜਾ ਆਦਮੀ ਦੁਖੀ ਅਨਾਥ ਅਤੇ ਕਮਜ਼ੋਰਾਂ ਉੱਤੇ ਅਤਿਆਚਾਰ ਕਰਦਾ ਏ ਉਹ ਆਪ ਹੀ ਧਰਮਹੀਨ ਨੀਤੀ ਨਾਲ ਖੁਦ ਦਾ ਨਾਸ ਕਰ ਲੈਂਦਾ ਏ। ਪਾਪ ਦਾ ਫਲ ਜ਼ਰੂਰ ਭੋਗਣਾ ਪੈਂਦਾ ਏ। ਇਹ ਗੱਲ ਵੱਖਰੀ ਏ ਕਿ ਅੱਗਾ ਪਿੱਛਾ ਭਾਵੇਂ ਹੋ ਜਾਏ। ਭਗਵਾਨ ਦੇ ਘਰ ਦੇਰ ਹੋ ਸਕਦੀ ਏ ਪਰ ਹਨੇਰ ਨਹੀਂ ਹੋ ਸਕਦਾ। ਧਰਮ ਉੱਤੇ ਚਲਨ ਵਾਲੇ ਆਦਮੀ ਵਿਚ ਸਮਤਾ, ਸ਼ਾਂਤੀ, ਦਇਆ, ਸੰਤੋਖ, ਸਰਲਤਾ, ਸਾਹਸ, ਨਿਰਭੈਤਾ, ਵੀਰਤਾ, ਧੀਰਤਾ, ਖਿਮਾ ਆਦਿਕ ਸਾਰੇ ਹੀ ਸ਼ੁਭ ਗੁਣ ਆ ਜਾਂਦੇ ਹਨ। ਧਰਮ ਰੂਪੀ ਤਪ ਨਾਲ ਪਾਪ ਇਸ ਤਰ੍ਹਾਂ ਨਾਸ ਹੋ ਜਾਂਦੇ ਹਨ। ਜਿਸ ਤਰ੍ਹਾਂ ਅਗਨੀ ਨਾਲ ਲਕੜੀਆਂ ਸੜ ਜਾਂਦੀਆਂ ਹਨ। ਗੁਰੂ ਵਾਕ:

ਈਧਨ ਅਧਿਕ ਸਕੇਲੀਐ ਭਾਈ ਪਾਵਕੁ ਰੰਚਕ ਪਾਇ,
ਖਿਨ ਪਲ ਨਾਮੁ ਰਿਦੈ ਵਸੈ ਭਾਈ ਨਾਨਕ ਮਿਲਨ ਸੁਭਾਏ।।
(ਸੋਰਠ ਮਹਲਾ ੫ ਪੰ: ੬੩੯)

ਧਰਮਾਤਮਾ ਪੁਰਖ ਕਦੇ ਵੀ ਕਿਸੇ ਨੂੰ ਦੁਖ ਨਹੀਂ ਦੇਂਦਾ। ਤੁਲਸੀ ਦਾਸ ਜੀ ਦਾ ਕਥਨ ਏ। *ਪਰ ਹਿਤ ਸਰਮ ਧਰਮ ਨਹੀਂ ਭਾਈ। ਪਰ ਪੀੜਾ ਸਮ ਨਹਿ ਅਧਿਆਈ।* ਸਾਨੂੰ ਸਭ ਨੂੰ ਸਮ, ਦਮ, ਨਿਯਮ ਆਦਿ ਚੰਗੇ ਧਰਮਾਂ ਦਾ ਪਾਲਨ ਕਰਨਾ ਚਾਹੀਦਾ ਏ ਅਤੇ ਭੁਲੇ ਵੀਰਾਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਧਰਮ ਤੇ ਦ੍ਰਿੜ੍ਹ ਰਹੋ। ਜਿਸ ਨਾਲ ਸਾਰੇ ਧਰਮ ਪਰਾਇਣ ਹੋ ਜਾਣ ਤਾਂਕਿ ਦੇਸ਼ ਸੁਖੀ ਹੋ ਜਾਏ। ਜਿਸ ਦੇਸ਼ ਵਿਚ ਭਗਵਾਨ ਰਾਮ, ਭਗਵਾਨ ਕ੍ਰਿਸ਼ਣ, ਗੁਰੂ ਨਾਨਕ ਦੇਵ, ਸਤਿਗੁਰੂ ਰਾਮ ਸਿੰਘ, ਸਤਿਗੁਰੂ ਜਗਜੀਤ ਸਿੰਘ ਅਤੇ ਹੋਰ ਕਈ ਗੁਰੂ ਪੀਰ ਆਦਿਕ ਅਵਤਾਰ ਹੋਏ ਹੋਣ ਉਹ ਦੇਸ਼ ਕਿਉਂ ਦੁਖੀ ਹੋਵੇ। ਇਸ ਦਾ ਇਕ ਇਹ ਹੀ ਕਾਰਣ ਹੈ ਕਿ ਅਸੀਂ ਧਰਮ ਤੋਂ ਦੂਰ ਹੋ ਗਏ ਹਾਂ। ਸਾਨੂੰ ਸਾਰਿਆਂ ਨੂੰ ਹੀ ਆਪਨੇ-੨ ਧਰਮ ਤੇ ਵਿਸ਼ਵਾਸ਼ ਰਖਣਾ ਚਾਹੀਦਾ ਏ। ਕਿਸੇ ਦੇ ਧਰਮ ਨੂੰ ਖੰਡਨ ਨਹੀਂ ਕਰਨਾ ਚਾਹੀਦਾ ਤਾਂਕਿ ਸਾਨੂੰ ਆਤਮਕ ਸ਼ਾਂਤੀ ਪ੍ਰਾਪਤ ਹੋ ਜਾਏ। *ਧਰਮੋ ਰਖਯਤੀ ਰਖਯਤਾ, ਧਰਮੋਂ ਹੰਤੀ ਹਤ : ।*

■

ਦੋ ਧਾਰਾ ਖੰਡਾ

ਅਮਰ ਭਾਰਤੀ

'ਖੰਡਾ' ਇਕ ਸ਼ਸਤਰ ਹੋਣ ਦੇ ਨਾਲ ਨਾਲ ਇਕ ਧਾਰਮਕ ਚਿੰਨ੍ਹ ਵਜੋਂ ਵੀ ਜਾਣਿਆਂ-ਪਛਾਣਿਆਂ ਜਾਂਦਾ ਹੈ। ਅਤੇ ਜਦੋਂ ਖੰਡਾ ਇਕ ਧਾਰਮਕ ਚਿੰਨ੍ਹ ਵਜੋਂ ਲੋਕਾਂ ਦੇ ਮਨ ਮਸਤਕ ਵਿਚ ਸਥਾਪਤ ਹੈ ਤਾਂ ਨਿਸਚੇ ਹੀ ਇਹ ਕਿਸੇ ਬੁਨਿਆਦੀ ਤੱਤ ਦਾ ਲਖਾਇਕ ਹੋਣਾ ਚਾਹੀਦਾ ਹੈ।

ਆਪੀਨੈ ਆਪ ਸਾਜਿਓ ਆਪੀਨੈ ਰਚਿਓ ਨਾਉ - ਦੂਜੀ ਕੁਦਰਤ ਸਾਜਿਓ - ਏਕਾ ਮਾਈ ਜੁਗਤ

ਗੁਰੂ ਗੋਬਿੰਦ ਸਿੰਘ ਜੀ ਨੇ ਪਰਮੇਸ਼ਵਰ ਵੱਲੋਂ ਸੰਸਾਰ ਦੀ ਰਚਨਾ ਬਾਰੇ ਦੱਸਦਿਆਂ ਸਭ ਤੋਂ ਪਹਿਲਾਂ 'ਖੰਡਾ' ਸਾਜਨ ਦੀ ਗੱਲ ਕੀਤੀ ਹੈ।

'ਖੰਡਾ ਪ੍ਰਿਥਮੈ ਸਾਜਿ ਕੈ
ਜਿਨਿ ਸਭ ਸੈਸਾਰੁ ਉਪਾਇਆ।
ਬ੍ਰਹਮਾ ਬਿਸਨੁ ਮਹੇਸ ਸਾਜਿ
ਕੁਦਰਤਿ ਦਾ ਖੇਲੁ ਰਚਾਇ ਬਣਾਇਆ...।'

'ਖੰਡਾ' ਦਾ ਜ਼ਿਕਰ ਆਉਂਦਿਆਂ ਹੀ ਸੁਤੇ ਸਿਧ ਜਿਸ ਵਸਤੂ ਦਾ ਖਿਆਲ ਆਉਂਦਾ ਹੈ ਉਹ ਇਕ ਸ਼ਸਤਰ ਹੈ ਜੋ ਦੋ ਧਾਰਾ ਹੈ ਤੇ ਜਿਸ ਦੇ ਦੋਵੇਂ ਸਿਰੇ ਤਿਕੋਨੇ ਨੇ। 'ਖੰਡਾ' ਦਾ ਇਹ ਸਰੂਪ ਸਥੂਲ ਹੈ।

'ਖੰਡਾ' ਇਕ ਸ਼ਸਤਰ ਹੋਣ ਦੇ ਨਾਲ ਨਾਲ ਇਕ ਧਾਰਮਕ ਚਿੰਨ੍ਹ ਵਜੋਂ ਵੀ ਜਾਣਿਆਂ-ਪਛਾਣਿਆਂ ਜਾਂਦਾ ਹੈ। ਅਤੇ ਜਦੋਂ ਖੰਡਾ ਇਕ ਧਾਰਮਕ ਚਿੰਨ੍ਹ ਵਜੋਂ ਲੋਕਾਂ ਦੇ ਮਨ ਮਸਤਕ ਵਿਚ ਸਥਾਪਤ ਹੈ ਤਾਂ ਨਿਸਚੇ ਹੀ ਇਹ ਕਿਸੇ ਬੁਨਿਆਦੀ ਤੱਤ ਦਾ ਲਖਾਇਕ ਹੋਣਾ ਚਾਹੀਦਾ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭੇ ਵਾਲਿਆਂ ਨੇ ਕੋਈ ਛੇ ਦਹਾਕੇ ਪਹਿਲਾਂ 'ਚੰਡੀ ਦੀ ਵਾਰ' ਰੂਪੀ ਉਸ ਬਾਣੀ ਦਾ ਟੀਕਾ ਕੀਤਾ ਸੀ ਜਿਸ ਬਾਣੀ ਦੀ ਰਚਨਾ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਮੰਗਲ ਰੂਪ ਵਿਚ ਭਗਉਤੀ ਦਾ ਤੇ ਫਿਰ ਪਹਿਲੇ ਨੌ ਸਤਿਗੁਰੂ ਸਾਹਿਬਾਨ ਦਾ ਸਿਮਰਨ ਕੀਤਾ। ਉਹ ਮੰਗਲ ਰੂਪ ਬਾਣੀ ਅੱਜ ਤੱਕ ਸਿੱਖ ਸਮਾਜ ਦੀ ਅਰਦਾਸ ਵਜੋਂ ਪਰਚੱਲਤ ਹੈ। ਮੰਗਲ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਜਗਤ ਦੀ ਉਤਪੱਤੀ ਬਾਰੇ ਉਸ ਪਉੜੀ ਦੀ ਰਚਨਾ ਕੀਤੀ ਜਿਸਦਾ ਅਰੰਭ ਇੰਜ ਹੁੰਦਾ ਹੈ—

'ਖੰਡਾ ਪ੍ਰਿਥਮੈ ਸਾਜਿ ਕੈ
ਜਿਨਿ ਸਭ ਸੈਸਾਰੁ ਉਪਾਇਆ......।'

ਚੰਡੀ ਦੀ ਵਾਰ ਦੇ ਉਸ ਟੀਕੇ ਵਿਚ, 'ਖੰਡਾ' ਸ਼ਬਦ ਵਾਲੀਆਂ ਤੁਕਾਂ ਬਾਰੇ ਭਾਈ ਕਾਨ੍ਹ ਸਿੰਘ ਜੀ ਨੇ ਇੰਜ ਲਿਖਿਆ ਹੈ-

'ਜਿਸ ਨੇ ਮਹਾ ਮਾਯਾ ਨੂੰ ਪਹਿਲਾਂ ਰਚ ਕੇ, ਸਾਰਾ ਜਗਤ ਉਤਪੰਨ ਕੀਤਾ, ਬ੍ਰਹਮਾ ਵਿਸ਼ਨੂੰ ਅਤੇ ਸ਼ਿਵ ਨੂੰ ਬਣਾ ਕੇ ਕੁਦਰਤਿ ਦਾ ਖੇਡ ਸੁੰਦਰਤਾ ਨਾਲ ਜ਼ਹੂਰ ਵਿਚ ਲਿਆਂਦਾ...।" ਚੰਡੀ ਦੀ ਵਾਰ ਸਟੀਕ, ਟੀਕਾਕਾਰ ਭਾਈ ਕਾਨ੍ਹ ਸਿੰਘ ਨਾਭਾ, ਕਰਤਾ ਮਹਨਕੋਸ਼। ਪ੍ਰਕਾਸ਼ਕ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ

ਫਿਰ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਉਪਰੋਕਤ ਕਥਨ ਨੂੰ ਸਪਸ਼ਟ ਕਰਦਿਆਂ ਲਿਖਿਆ- 'ਮਹਾ ਮਾਯਾ ਦਾ ਨਾਮ 'ਖੰਡਾ' ਇਸ ਲਈ ਹੈ ਕਿ ਇਸੇ ਤੋਂ ਸਾਰੇ ਖੰਡ (ਭੇਦ) ਉਤਪੰਨ ਹੋਏ ਹਨ, ਇਹੀ ਦਵੈਤ (ਦੁੰਦ) ਰਚਨਾ ਦਾ ਕਾਰਨ ਹੈ।" ਚੰਡੀ ਦੀ ਵਾਰ ਸਟੀਕ। ਟੀਕਾਕਾਰ ਭਾਈ ਕਾਨ੍ਹ ਸਿੰਘ ਮਹਾਨਕੋਸ਼। ਪ੍ਰਕਾਸ਼ਕ ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ)

ਭਾਈ ਕਾਨ੍ਹ ਸਿੰਘ ਜੀ ਨੇ ਹੀ ਗੁਰ ਸ਼ਬਦ ਰਤਨਾਕਰ (ਮਹਾਨ ਕੋਸ਼) ਦੇ ਪੰਨਾ ੨੯੦ ਉਪਰ ਵੀ 'ਖੰਡਾ' ਸ਼ਬਦ ਦਾ ਅਰਥ ਦੱਸਦਿਆਂ ਲਿਖਿਆ ਹੈ- "ਦੋ ਧਾਰਾ ਖੜਗ, ਦੋਹਾਂ ਪਾਸਿਆਂ ਤੋਂ ਖੰਡਨ ਕਰਨ ਵਾਲਾ ਸ਼ਸਤਰ - 'ਤ੍ਰੈ ਸੈ ਹੱਥ ਉਤੰਗੀ ਖੰਡਾ ਧੂਹਿਆ'- (ਕਲਕੀ) ਦੇਖੋ, ਸਸਤ੍ਰ। (੨) ਮਾਇਆ, ਜੋ ਖੰਡ (ਦਵੰਦ ਪਦਾਰਥ) ਰਚਨ ਵਾਲੀ ਹੈ, 'ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ', (ਚੰਡੀ ੩)"

ਸੋ ਖੰਡਾ 'ਮਹਾ ਮਾਇਆ' ਦਾ ਲਖਾਇਕ ਹੈ। ਪਰਮੇਸ਼ਵਰ ਨੇ ਜਦੋਂ ਜਗਤ ਦੀ ਰਚਨਾ ਕੀਤੀ ਤਾਂ ਸਭ ਤੋਂ ਪਹਿਲਾਂ ਮਹਾ ਮਾਯਾ ਰੂਪੀ 'ਖੰਡਾ' ਦੀ ਸਾਜਨਾ ਕੀਤੀ।

ਸਤਿਗੁਰੂ ਨਾਨਕ ਦੇਵ ਜੀ ਨੇ ਵੀ ਜਗਤ ਦੀ ਰਚਨਾ, ਪਾਲਨਾ ਤੇ ਸੰਘਾਰ ਦੇ ਸਿਲਸਿਲੇ ਦੀ ਗੱਲ ਦੱਸਦਿਆਂ ਜਪੁਜੀ ਸਾਹਿਬ ਵਿਚ ਫੁਰਮਾਇਆ ਹੈ-

'ਏਕਾ ਮਾਈ ਜੁਗਤਿ ਵਿਆਈ,

ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ ਇਕੁ ਭੰਡਾਰੀ
ਇਕ ਲਾਏ ਦੀਬਾਣੁ....।'

ਇਹ 'ਏਕਾ ਮਾਈ' ਤੇ 'ਖੰਡਾ' ਇੱਕੋ ਮੂਲ ਤੱਤ ਦੇ ਲਖਾਇਕ ਦੋ ਸ਼ਬਦ ਹਨ ਅਤੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਾਲੇ 'ਬ੍ਰਹਮਾ, ਵਿਸ਼ਨੂੰ, ਸ਼ਿਵ-ਸਤਿਗੁਰੂ ਨਾਨਕ ਦੀ ਬਾਣੀ ਵਾਲੇ ਸੰਸਾਰੀ, ਭੰਡਾਰੀ ਤੇ ਲਯ ਕਰਤਾ- ਸ਼ਬਦ ਭੇਦ ਨਾਲ ਇੱਕੋ ਹਨ।

ਮਨੁੱਖ, ਜੋ ਸੋਚਣ-ਸਮਝਣ ਤੇ ਮਨ-ਬੁਧੀ ਵੱਲੋਂ ਨਿਰੰਤਰ ਵਿਕਸਿਤ ਹੋਣ ਵਾਲਾ ਪ੍ਰਾਣੀ ਹੈ, ਉਸ ਦੇ ਮਨ-ਮਸਤਕ ਨੂੰ ਇਸ ਸਵਾਲ ਨੇ ਹਮੇਸ਼ਾ ਮਥਿਆ, ਝੰਜੋੜਿਆ ਤੇ ਉਕਸਾਇਆ ਹੈ ਕਿ 'ਉਹ ਕੌਣ ਹੈ? ਕਿਉਂ ਹੈ? ਕਿੱਥੋਂ ਆਇਆ ਹੈ? ਕਿੱਥੇ ਜਾਣਾ ਹੈ? ਇਹ ਜਗਤ ਕੀ ਹੈ? ਇਸ ਦੀ ਰਚਨਾ ਕਿਸ ਨੇ ਕੀਤੀ ਹੈ? ਕਿਉਂ ਕੀਤੀ ਤੇ ਕਿਵੇਂ ਕੀਤੀ?

ਇਸ ਸਵਾਲ ਦਾ ਜਵਾਬ ਲੱਭਣ ਦੀ ਕੋਸ਼ਿਸ਼ ਪਦਾਰਥ ਵਿਗਿਆਨੀ ਆਪਣੇ ਢੰਗ ਦੀ ਸਾਧਨਾ ਨਾਲ ਕਰਦੇ ਆ ਰਹੇ ਨੇ ਅਤੇ ਅਧਿਆਤਮਕ ਗੁਰੂ-ਰਹਿਬਰ, ਜੋਗੀ, ਰਿਸ਼ੀ-ਮੁਨੀ ਆਪਣੇ ਢੰਗ ਦੀ ਸਾਧਨਾ ਨਾਲ। ਸਾਡੇ ਸਤਿਗੁਰੂ ਸਾਹਿਬਾਨ ਨੇ ਇਸ ਸਵਾਲ ਨੂੰ ਆਪਣੇ ਢੰਗ ਨਾਲ ਉਠਾਇਆ ਤੇ ਆਪਣੀ ਬਾਣੀ ਵਿਚ ਸੰਕੇਤਕ ਸ਼ਬਦਾਂ ਦਵਾਰਾ ਇਸ ਦੀ ਰਚਨਾ ਕੀਤੀ ਹੈ।

'ਮਹਾ ਮਾਯਾ' ਨੂੰ 'ਖੰਡਾ' ਸ਼ਬਦ ਆਖਣ ਅਤੇ 'ਖੰਡਾ' ਸ਼ਸਤਰ ਦੀ ਸਥੂਲ ਰੂਪ ਵਿਚ ਪੇਸ਼ਕਾਰੀ- ਸ਼ਾਇਦ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੌਲਿਕ ਦੇਣ ਹੈ ਤੇ ਇਹ ਆਪਣੇ ਆਪ ਵਿਚ ਅਦੁੱਤੀ ਹੈ।

ਸ਼ਸਤਰ ਹੀ ਕਿਉਂ ?

'ਖੜਗ' ਭਾਰਤੀ ਸਾਹਿਤ ਵਿਚ ਸਭ ਸ਼ਸਤਰਾਂ ਦਾ ਪ੍ਰਤੀਕ ਹੈ। ਤਲਵਾਰ, ਕਿਰਪਾਨ ਤੇ ਸਿਰੀ ਸਾਹਿਬ ਤਾਂ ਹਰ ਸਮੇਂ ਹਰ ਕਿਸੇ ਦੇ ਧਿਆਨ ਵਿਚ ਆ ਸਕਦੇ ਨੇ ਪਰ 'ਖੰਡਾ' ਬਾਰੇ ਇਹ ਗੱਲ ਨਹੀਂ। 'ਖੰਡਾ' ਆਪਣੇ ਆਪ ਵਿਚ ਬਿਲਕੁਲ ਨਿਵੇਕਲੇ ਤੱਤ ਵਜੋਂ ਦਿਸਦਾ ਹੈ। 'ਖੰਡਾ' ਬਾਰੇ ਇਹ ਸਵਾਲ ਵੀ ਸੁਭਾਵਕ ਹੀ ਸਾਹਮਣੇ ਆ ਜਾਂਦਾ ਹੈ ਕਿ 'ਇਹ ਤਾਂ ਸ਼ਸਤਰ ਹੈ, ਫਿਰ ਇਸਦਾ ਜਗਤ ਰਚਨਾ ਨਾਲ ਸੰਬੰਧ, ਕਿਵੇਂ ਜੁੜ ਸਕਦਾ ਏ?' ਇਸ ਸਵਾਲ ਦਾ ਜਵਾਬ ਸਾਨੂੰ ਆਦਿ ਬਾਣੀ ਵਿਚੋਂ ਵੀ ਮਿਲਦਾ ਹੈ ਤੇ 'ਕਾਲੀ' ਜਾਂ 'ਕਾਲਿਕਾ' ਬਾਰੇ ਪੁਰਾਤਨ ਰਿਸ਼ੀ-ਸਾਧਨਾ ਦੇ ਵੇਰਵੇ ਵਿਚੋਂ ਵੀ।

'ਕਾਲੀ' ਜਾਂ 'ਕਾਲਿਕਾ' ਦੇ ਪਰਸੰਗ ਵਿਚ ਕਾਲੀ ਦੇ ਚੌਹ ਹੱਥਾਂ ਵਿਚੋਂ ਦੋ ਹੱਥ 'ਵਰ' ਅਤੇ 'ਅਭੈ' ਮੁਦ੍ਰਾ ਵਿਚ ਹਨ। ਦੂਜੇ ਦੇ ਹੱਥਾਂ ਵਿਚੋਂ ਇਕ ਹੱਥ ਵਿਚ ਰਾਖ਼ਸ਼ਸ ਦਾ ਸੱਜਰਾ ਸੱਜਰਾ ਵੱਢਿਆ ਸਿਰ ਹੈ ਅਤੇ ਦੂਜੇ ਹੱਥ ਵਿਚ ਉਸ ਸਿਰ ਨੂੰ ਵੱਢਣ ਵਾਲਾ ਖੜਗ। ਜੋ ਸਿਰ ਹੈ- ਉਹ 'ਮਹਾਂ ਮੋਹ' ਰੂਪੀ ਰਾਖ਼ਸ਼ਸ ਦਾ ਸਿਰ ਹੈ ਤੇ ਜੋ ਖੜਗ ਹੈ- ਉਹ ਮਹਾਂ ਮੋਹ ਰੂਪੀ ਰਾਖ਼ਸ਼ਸ ਦਾ ਸਿਰ ਵੱਢਣ ਵਾਲਾ ਗਿਆਨ ਰੂਪੀ ਖੜਗ ਹੈ।

ਸਤਿਗੁਰੂ ਨਾਨਕ ਨੇ ਵੀ ਆਪਣੀ ਬਾਣੀ ਵਿਚ ਏਸੇ ਤਰ੍ਹਾਂ ਦੇ ਖੜਗ ਦੀ ਵਰਤੋਂ ਦੱਸੀ ਹੈ-

'ਕਾਮੁ ਕ੍ਰੋਧੁ ਅਹੰਕਾਰ ਨਿਵਾਰੇ।
ਤਸਕਰ ਪੰਚ ਸਬਦਿ ਸੰਘਾਰੇ।
ਗਿਆਨ ਖੜਗੁ ਲੈ ਮਨ ਸਿਉ ਲੂਝੈ
ਮਨਸਾ ਮਨਹਿ ਸਮਾਈ ਹੇ।'

ਖੜਗ ਸ਼ਬਦ-ਰੂਪ ਵੀ ਹੈ, ਗਿਆਨ-ਰੂਪ ਵੀ ਹੈ- ਜੋ ਕਾਮ ਕਰੋਧ ਅਹੰਕਾਰ ਆਦਿ ਪੰਜ ਤਸਕਰਾਂ ਜਾਂ ਚੋਰਾਂ ਦਾ ਸੰਘਾਰ ਕਰਦਾ ਹੈ ਤੇ ਮਨ ਨਾਲ ਵੀ ਲੁੱਝਦਾ ਹੈ।

ਜੋ ਖੰਡ ਖੰਡ ਕਰਦਾ ਹੈ, ਅਦਵੈਤ ਨੂੰ ਦਵੈਤ ਰੂਪ ਵਿਚ ਦਰਸਾਉਂਦਾ ਹੈ, ਅਖੰਡ ਨੂੰ ਖੰਡਾਂ ਦੇ ਰੂਪ ਵਿਚ ਪੇਸ਼ ਕਰਦਾ ਹੈ- ਉਹ ਖੜਗ ਜਾਂ ਖੰਡਾ ਹੀ ਤਾਂ ਹੋ ਸਕਦਾ ਹੈ। ਅਤੇ ਜੋ ਖੰਡਾਂ ਨੂੰ ਕਣਾਂ ਵਿਚ ਬਦਲ ਕੇ ਤੇ ਫਿਰ ਉਨ੍ਹਾਂ ਦੇ ਅਤੀ ਸੂਖਮ ਅਣੂ ਪ੍ਰਮਾਣੂ ਬਣਾ ਕੇ ਮੁੜ ਇਕ ਰਸ ਕਰਕੇ ਨਾਦ ਰੂਪ ਵਿਚ ਬਦਲ ਦੇਂਦਾ ਹੈ ਉਸ ਨੂੰ ਖੜਗ ਜਾਂ ਖੰਡਾ ਆਖਣਾ-ਸਹੀ ਆਖਣਾ ਹੈ।

ਖੰਡਾ ਤਿਕੋਨਾ ਕਿਉਂ ਹੈ ?

ਖੰਡਾ ਜਿਸ ਸਥੂਲ ਸ਼ਸਤਰ ਦੇ ਰੂਪ ਵਿਚ ਸਾਡੇ ਸਾਹਮਣੇ ਹੈ-ਉਹ ਦੋਹਾਂ ਸਿਰਿਆਂ ਵੱਲੋਂ ਤਿਕੋਨਾ ਹੈ। ਖੜਗ ਨਾਲ ਮਿਲਦੇ ਜੁਲਦੇ ਬਾਕੀ ਦੇ ਸ਼ਸਤਰਾਂ ਨਾਲੋਂ 'ਖੰਡਾ' ਦੀ ਇਹ ਵਿਲਖਣਤਾ ਹੈ ਤੇ ਏਹੋ ਵਿਲੱਖਣਤਾ ਹੀ ਧਿਆਨ ਯੋਗ ਹੈ। ਖੰਡਾ ਦੇ ਇਸ ਤਿਕੋਨੇ ਸਰੂਪ ਨੂੰ ਸਮਝਣ ਲਈ ਅਸੀਂ ਜੇ 'ਮਹਾ ਮਾਯਾ' ਦੇ ਸਰੂਪ ਨੂੰ ਜਾਣਨ ਦੀ ਕੋਸ਼ਿਸ਼ ਕਰੀਏ- ਤਦ ਹੀ 'ਖੰਡਾ ਪ੍ਰਿਥਮੈ ਸਾਜਣ' ਦੀ ਸਮਝ ਵੱਲ ਵਧ ਸਕਦੇ ਹਾਂ। ਗੁਰਬਾਣੀ ਹੈ-

'ਅਖਰ ਮਹਿ ਤ੍ਰਿਭਵਨ ਪ੍ਰਭਿ ਧਾਰੇ।
ਅਖਰ ਕਰਿ ਕਰਿ ਬੇਦ ਬੀਚਾਰੇ।
ਅਖਰ ਸਾਸਤ੍ਰ ਸਿੰਮ੍ਰਿਤਿ ਪੁਰਾਨਾ।
ਅਖਰ ਨਾਦ ਕਥਨ ਵਖ੍ਯ੍ਯਾਨਾ।
ਅਖਰ ਮੁਕਤਿ ਜੁਗਤਿ ਭੈ ਭਰਮਾ।
ਅਖਰ ਕਰਮ ਕਿਰਤਿ ਸੁਚ ਧਰਮਾ।
ਦ੍ਰਿਸਟਮਾਨ ਅਖਰ ਹੈ ਜੇਤਾ।
ਨਾਨਕ ਪਾਰਬ੍ਰਹਮ ਨਿਰਲੇਪਾ।'

ਭਾਵ ਇਹ ਕਿ ਸਾਰੀ ਸ੍ਰਿਸ਼ਟੀ ਅੱਖਰਾਂ ਤੋਂ ਹੈ। ਅੱਖਰਾਂ ਤੋਂ ਹੀ ਤਿੰਨੋ ਭਵਨ ਹਨ, ਵੇਦ, ਸ਼ਾਸਤ੍ਰ ਸਿਮ੍ਰਤੀਆਂ ਪੁਰਾਨ, ਨਾਦ ਆਦਿ ਦੀ ਰਚਨਾ ਵੀ ਅੱਖਰਾਂ ਤੋਂ ਹੈ ਪਰ ਇਨ੍ਹਾਂ ਅੱਖਰਾਂ ਦੀ ਰਚਨਾ ਕਰਨ ਵਾਲਾ ਪਾਰਬ੍ਰਹਮ ਪਰਮੇਸ਼ਵਰ ਇਨ੍ਹਾਂ ਤੋਂ ਨਿਰਲੇਪ ਹੈ।

ਆਗਮ ਸ਼ਾਸਤਰ ਨੇ ਇਸ ਜਗਤ ਨੂੰ ਦੇਵ ਨਾਗਰੀ ਵਰਨ ਮਾਲਾ ਦੇ ਪੰਜਾਹ ਵਰਨਾਂ ਜਾਂ ਅੱਖਰਾਂ ਦਾ ਰੂਪ ਅਥਵਾ ਅੱਖਰਾਂ ਤੋਂ ਬਣਦਾ ਸਰੂਪ ਦੱਸਿਆ ਹੈ। ਇਨ੍ਹਾਂ ਅੱਖਰਾਂ ਨੂੰ 'ਵਰਨ ਮਾਲਾ' ਜਾਂ 'ਵਰਨ ਮਾਤ੍ਰਿਕਾ' ਵੀ ਆਖਿਆ ਜਾਂਦਾ ਹੈ।

ਇਹਨਾਂ ਪੰਜਾਹ ਵਰਨਾਂ ਵਿਚ ਪਹਿਲੇ ਸੋਲਾਂ ਵਰਨ 'अ' ਤੋਂ 'अः' ਤਕ (ਅ ਤੋਂ ਅਹ ਤਕ) ਸੂਰ ਵਰਨ ਜਾਂ ਬੀਜ ਮੰਨੇ ਜਾਂਦੇ ਹਨ ਅਤੇ ਬਾਕੀ ਦੇ ਵਰਨ ਜੋ 'क' ਤੋਂ ਸ਼ੁਰੂ ਹੋਕੇ 'ह' ਤਕ ਹਨ- ਉਹਨਾਂ ਨੂੰ ਵਿਅੰਜਨ ਜਾਂ ਯੋਨੀ ਆਖਿਆ ਜਾਂਦਾ ਹੈ। ਮੂਲ ਸੂਰ ਬੀਜ ਹੀ ਹਨ ਅਤੇ ਵਿਅੰਜਨਾ ਦਾ ਨਿਕਾਸ ਇਹਨਾਂ ਸੂਰ ਵਰਨਾਂ ਵਿਚੋਂ ਹੀ ਹੋਇਆ ਹੈ।

'अ' ਵਰਨ ਇਸ ਵਰਨ ਮਾਲਾ ਦਾ ਪ੍ਰਥਮ ਵਰਨ ਹੈ ਅਤੇ 'ह' ਵਰਨ ਅੰਤਿਮ। ਇੰਜ ਇਹ ਉਨੰਜਾ ਵਰਨ ਬਣਦੇ ਹਨ। ਪੰਜਾਹਵਾਂ 'क्ष' ਹੈ। ਅਖੀਰ ਉੱਤੇ ਹੋਣ ਤੇ ਵੀ ਇਹ ਅੰਤਿਮ ਵਰਨ ਨਹੀਂ ਮੰਨਿਆ ਜਾਂਦਾ। ਇਸ ਨੂੰ ਵਰਨ ਮਾਲਾ ਦਾ ਸੁਮੇਰੂ ਕਿਹਾ

ਜਾ ਸਕਦਾ ਹੈ। 'ਖ' 'ਕ' - 'ਸ' 'ਅ'- ਦਾ ਮਿਲਵਾਂ ਰੂਪ ਹੋਣ ਕਰਕੇ ਸਾਰੀ ਵਰਨ ਮਾਲਾ ਦਾ ਜੋੜ ਹੈ ਤੇ ਏਸੇ ਕਰਕੇ ਇਹ ਸਾਰੀ ਵਰਨ ਸ਼੍ਰਿਸਟੀ ਦਾ ਸੰਘਾਰ ਰੂਪ ਹੈ।

'ਅ' ਕਾਰ ਸ਼ਿਵ ਵਾਚਕ ਹੈ ਅਤੇ 'ਹ' ਕਾਰ ਸ਼ਕਤੀ ਵਾਚਕ।

ਇਹਨਾਂ ਦੋਹਾਂ ਆਦਿ-ਅੰਤ ਵਰਨਾ ਦੇ ਸੰਜੋਗ ਨਾਲ ਹੀ ਇਹ ਸਾਰੀ ਜਗਤ ਸ੍ਰਿਸ਼ਟੀ ਹੈ। ਸ਼ਿਵ-ਸ਼ਕਤੀ ਬਾਹਰੀ ਦ੍ਰਿਸ਼ਟੀ ਤੋਂ ਭਾਵੇਂ ਵੱਖ-ਵੱਖ ਨਾਵਾਂ ਵਾਲੇ ਹਨ ਪਰ ਮੂਲ ਰੂਪ ਵਿਚ ਇਹ ਇੱਕੋ ਅਦਵੈਤ ਤੱਤ ਹੈ, ਜੋ 'ਅ' ਸ਼ਿਵ ਤੇ 'ਹ' ਸ਼ਕਤੀ ਦੇ ਰੂਪ ਵਿਚ ਪਛਾਣ ਵਿਚ ਆਉਂਦਾ ਹੈ। 'ਅ' ਤੇ 'ਹ' ਦੇ ਮਿਲਵੇਂ ਰੂਪ ਨੂੰ 'ਅਹੰ' (ਅਹੰ) ਆਖਿਆ ਜਾਂਦਾ ਹੈ ਜਿਸ ਅਹੰ ਰੂਪ ਅੱਖਰ ਮਾਲਾ ਵਿਚ ਸਾਰੀ ਜਗਤ ਸ੍ਰਿਸ਼ਟੀ ਪਰੁੱਚੀ ਹੋਈ ਹੈ।

ਸਤਿਗੁਰੂ ਨਾਨਕ ਦੀ ਬਾਣੀ ਹੈ-
"ਜਹ ਦੇਖਾ ਤਹਿ ਰਵਿ ਰਹੇ
ਸਿਵ ਸਕਤੀ ਕਾ ਮੇਲ।"

(ਸਿਰੀ ਰਾਗ-ਮਹਲਾ-੧-ਪੰਨਾ ੨੧)

ਪਰ ਜਿਸ ਪ੍ਰਭੂ ਨੇ ਅੱਖਰਾਂ ਰੂਪੀ ਇਸ ਜਗਤ ਦੀ ਰਚਨਾ ਕੀਤੀ ਹੈ, ਉਹ ਇਸ ਜਗਤ ਵਿਚ ਮੌਜੂਦ ਰਹਿੰਦਾ ਹੋਇਆ ਵੀ ਇਸ ਤੋਂ ਨਿਰਲੇਪ ਹੈ, ਇਸ ਵਿਚ ਲਿਪਤ ਨਹੀਂ।-

"ਧਰਤ ਉਪਾਇ ਧਰੀ ਧਰਮਸਾਲਾ॥
ਉਤਪਤਿ ਪਰਲੋ ਆਪਿ ਨਿਰਾਲਾ॥
ਪਵਣੈ ਖੇਲੁ ਕੀਆ ਸਭ ਥਾਈ॥
ਕਲਾ ਖਿੰਚਿ ਢਹਾਇਦਾ।"- (ਪੰਨਾ-੧੦੩੩)

ਜਾਂ

"ਜਿਨਿ ਉਪਾਈ ਰੰਗਿ ਰਵਾਈ
ਬੈਠਾ ਵੇਖੈ ਵਖਿ ਅਕੇਲਾ॥" (ਤਿਲੰਗ ਮਹਲਾ ੧-੭੨੩)

ਸੱਚਿਦਾਨੰਦ- 'ਅ' ਕਾਰ

ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ- ਜਾਪ ਸਾਹਿਬ- ਵਿਚ ਆਉਂਦਾ ਹੈ-

"ਸਦਾ ਸਚਿਦਾਨੰਦ।
ਸਰਬੰ ਪ੍ਰਣਾਸੀ
ਅਨੂਪੇ ਅਰੂਪੇ
ਸਮਸਤੁਲ ਨਿਵਾਸੀ॥"

ਸਚਿਦਾਨੰਦ, ਅਰਥਾਤ ਸਤੁ-ਚਿਤੁ-ਆਨੰਦ।

ਸਤੁ ਨੂੰ ਸ਼ਾਸਤ੍ਰੀ ਭਾਸ਼ਾ ਵਿਚ 'ਸੰਮਾਤ੍ਰ' ਆਖਿਆ ਜਾਂਦਾ ਹੈ। ਗੁਰਬਾਣੀ ਵਿਚ ਪਾਰਬ੍ਰਹਮ ਦੇ ਜਿਸ ਸੁੰਨ ਸਮਾਧ ਸਰੂਪ ਦੀ ਧਾਰਨਾ ਦਰਸਾਈ ਗਈ ਹੈ- ਜੋ ਅਰਬਦ ਨਰਬਦ ਧੁੰਧੂਕਾਰੇ ਦੀ ਸਥਿਤੀ ਵਿਚ ਸੁੰਨ ਸਮਾਧਿ ਰੂਪ ਹੈ। ਬ੍ਰਹਮ ਦੇ ਉਸੇ ਨਿਰੰਕਾਰ ਸਰੂਪ ਦੇ ਸੰਸਾਰਮੁਖੀ ਰੂਪ ਨੂੰ ਏਥੇ 'ਸਤੁ' ਕਿਹਾ ਗਿਆ ਹੈ। ਸਤਿਗੁਰੂ ਅਰਜਨ ਦੇਵ ਜੀ ਦੀ ਬਾਣੀ ਅਨੁਸਾਰ ਉਹ ਸਰੂਪ ਇੰਜ ਹੈ-

"ਸਰਗੁਨ ਨਿਰਗੁਨ ਨਿਰੰਕਾਰ
ਸੁੰਨ ਸਮਾਧੀ ਆਪਿ।
ਆਪਨ ਕੀਆ ਨਾਨਕਾ
ਆਪੇ ਹੀ ਫਿਰਿ ਜਾਪਿ।
ਅਸਟਪਦੀ-
ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ।
ਪਾਪ ਪੁੰਨ ਤਬ ਕਹ ਤੇ ਹੋਤਾ।
ਜਬ ਧਾਰੀ ਆਪਨ ਸੁੰਨ ਸਮਾਧਿ।
ਤਬ ਬੈਰ ਬਿਰੋਧ ਕਿਸੁ ਸੰਗਿ ਸਮਾਤਿ।..."

(ਯਾਦ ਰਹੇ ਕਿ ਨਿਰੰਕਾਰ ਰੂਪ ਸ਼ਬਦਾਤੀਤ ਹੈ। ਸ਼ਬਦ ਅਤੇ ਉਸ ਦੀਆਂ ਸ਼ਕਤੀਆਂ ਉਸ ਸੁਰੂਪ ਵਿਚ ਮੌਜੂਦ ਹਨ- ਪਰ ਅਵਿਅਕਤ ਜਾਂ ਅਪਰਗਟ ਹਨ।

ਬ੍ਰਹਮ ਦੀ ਇਹ ਅਵਿਅਕਤ ਸਥਿਤੀ ਹੈ, ਅਪਰਗਟ ਰੂਪ ਹੈ। ਅਤੇ ਉਸ ਦੇ ਵਿਅਕਤ ਜਾਂ ਪਰਗਟ ਰੂਪ ਬਾਰੇ ਪੰਜਵੇਂ ਪਾਤਸ਼ਾਹ ਨੇ ਇੰਜ ਦੱਸਿਆ ਹੈ

"ਜਹ ਆਪਿ ਰਚਿਓ ਪਰਪੰਚ ਅਕਾਰੁ।
ਤਿਹੁ ਗੁਣ ਮਹਿ ਕੀਨੋ ਬਿਸਥਾਰੁ.....।"

ਸਤੁ ਸਰੂਪ ਬ੍ਰਹਮ ਜਦੋਂ ਅਵਿਅਕਤ ਸਥਿਤੀ ਚੋਂ ਵਿਅਕਤ ਸਥਿਤੀ ਵਿਚ ਆਉਣਾ ਚਾਹੁੰਦਾ ਹੈ, ਉਸ ਵੇਲੇ ਉਹ ਆਪਣੇ ਅੰਦਰੋਂ ਆਪਣੀ ਜਿਸ ਕਲਾ ਜਾਂ ਸ਼ਕਤੀ ਦਾ ਪ੍ਰਕਾਸ਼ ਕਰਦਾ ਹੈ- ਉਹ 'ਚਿਤੁ ਕਲਾ' ਹੈ। ਚਿਤੁ ਕਲਾ ਦਾ ਅੱਖਰੀ ਰੂਪ 'ਅ' ('ਅ'ਕਾਰ) ਹੈ। ਇਸ 'ਅ' ਕਾਰ ਨੂੰ ਅਸੀਂ ਗੁਰਬਾਣੀ ਦੀ ਇਸ ਤੁਕ ਰਾਹੀਂ ਸਪਸ਼ਟ ਰੂਪ ਵਿਚ ਸਮਝ ਸਕਦੇ ਹਾਂ-

"ਜਹ ਆਪਿ ਰਚਿਓ ਪਰਪੰਚੁ ਅਕਾਰੁ।"

ਜਗਤ ਦੇ ਹੋਂਦ ਵਿਚ ਆਉਣ ਸਮੇਂ ਜੋ ਅੱਖਰ ਸਭ ਤੋਂ ਪਹਿਲਾਂ ਪਰਗਟ ਹੋਇਆ, ਉਹ 'ਅ' ਅੱਖਰ ਹੈ। ਸਤੁ ਪੁਰਖ ਨੇ 'ਅ' ਦੇ ਪ੍ਰਗਟਾਵੇ ਨਾਲ ਆਪਣੀ ਚਿਤੁ ਸ਼ਕਤੀ ਅਰਥਾਤ ਚੇਤਨ ਸਰੂਪ ਨੂੰ ਪਰਗਟ ਕੀਤਾ।

ਜਗਤ ਰਚਨਾ ਬਾਰੇ ਪਦਾਰਥ ਵਿਗਿਆਨ ਤੇ ਭਾਰਤੀ ਅਧਿਆਤਮ ਚਿੰਤਨ ਦਾ ਮੁੱਢਲਾ ਫਰਕ ਏਥੋਂ ਹੀ ਸ਼ੁਰੂ ਹੋ ਜਾਂਦਾ ਹੈ। ਪਦਾਰਥ ਵਿਗਿਆਨ ਜਗਤ ਦੀ ਰਚਨਾ 'ਜੜ' ਜਾਂ ਅਚੇਤਨਾ ਤੋਂ ਮੰਨਦਾ ਹੈ ਅਤੇ ਭਾਰਤੀ ਅਧਿਆਤਮ ਚਿੰਤਨ-ਜਗਤ ਦਾ ਆਰੰਭ 'ਚਿਤੁ' ਜਾਂ ਚੇਤਨ ਸ਼ਕਤੀ ਤੋਂ।

'ਅ' ਨੂੰ ਸ਼ਾਸਤ੍ਰੀ ਭਾਸ਼ਾ ਵਿਚ ਅਨੁੱਤਰ ਆਖਿਆ ਜਾਂਦਾ ਹੈ। 'ਅ' ਆਪਣੇ ਸੁਭਾਵ ਵੱਲੋਂ ਅਨੁੱਤਰ ਹੈ। ਅਨੁੱਤਰ ਦਾ ਅਰਥ ਹੈ- ਜਿਸ ਬਾਰੇ ਕੋਈ ਪ੍ਰਸ਼ਨ ਨਹੀਂ, ਜਿਸ ਅੱਗੇ ਕੋਈ ਪ੍ਰਸ਼ਨ ਨਹੀਂ। ਜੋ ਆਪਣੇ ਆਪ ਵਿਚ ਸੁਤੰਤਰ ਹੈ, ਅਖ਼ਸ਼ਰ-ਅਰਥਾਤ ਘਟਦਾ-ਵਧਦਾ ਨਹੀਂ, ਪੂਰਨ ਹੈ ਅਖੁੱਟ ਹੈ। ਉਹ ਸਤੁ ਪੁਰਖ ਦਾ ਪਹਿਲਾ ਚੇਤਨ ਪ੍ਰਗਟਾਵਾ ਹੈ।

'ਚਿਤੁ' 'ਸਤੁ' ਦਾ ਪਸਾਰ ਹੋਣ ਤੇ ਵੀ ਚਿਤੁ ਦੀ ਸੇਧ ਬਾਹਰ ਮੁਖੀ ਨਹੀਂ। ਫਿਰ ਵੀ ਪਸਾਰ ਦਾ ਸੁਭਾਵ ਹੈ- ਹੋਰ ਪਸਾਰ। ਹੁਣ ਪਸਾਰ ਦਾ ਅਰਥ ਹੈ ਚਿਤੁ ਦਾ, ਅਰਥਾਤ 'ਅ' (ਅ) ਦਾ ਪਸਾਰ। ਉਸ ਪਸਾਰ ਲਈ ਚਿਤੁ ਆਪਣੇ ਅੰਦਰੋਂ ਦੂਜੇ ਚਿਤੁ ਨੂੰ ਅਰਥਾਤ ਇਕ ਹੋਰ 'ਝ' ਨੂੰ ਪਰਗਟ ਕਰਦਾ ਹੈ। ਪਹਿਲਾ 'ਅ' - ਦੂਜੇ 'ਅ' ਨਾਲ ਰਲ ਕੇ 'ਆ' ਬਣ ਜਾਂਦਾ ਹੈ। ਇਸ 'ਆ' ਨੂੰ ਸ਼ਾਸਤ੍ਰੀ ਭਾਸ਼ਾ ਵਿਚ 'ਆਨੰਦ' ਆਖਿਆ ਜਾਂਦਾ ਹੈ। 'ਅ' ਅਤੇ 'ਆ' ਇਕ ਦੂਜੇ ਦੇ ਪੂਰਕ ਹੋਣ ਕਰਕੇ ਇੱਕੋ ਹਨ- ਪਰ ਹੁਣ ਆਨੰਦ ਸਰੂਪ ਹਨ। ਮਹਾਮਹੋਪਾਧਿਆਏ ਗੋਪੀ ਨਾਥ ਕਵੀਰਾਜ ਜੀ ਨੇ ਇਸ ਸਥਿਤੀ ਦਾ ਵਰਣਨ ਇੰਜ ਕੀਤਾ ਹੈ—

'ਚਿਤੁ ਸੱਤਾ ਵਿਚ ਇਕ ਹੀ ਇਕ ਹੈ, ਦੂਜਾ ਕੋਈ ਨਹੀਂ। ਪਰ ਆਨੰਦ ਵਿਚ ਇਕ ਹੀ ਦੂਜਾ ਸਜ ਕੇ ਆਪਣੇ ਨਾਲ ਆਪ ਹੀ ਖੇਡਦਾ ਹੈ। ਜਿਸ ਅਵਸਥਾ ਦੀ ਗੱਲ ਕਰ ਰਿਹਾ ਹਾਂ ਉਹ

ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਹੈ, ਸ੍ਰਿਸ਼ਟੀ ਸਾਜਣ ਦੀ ਸਭ ਸਾਮਗਰੀ ਦੇ ਪ੍ਰਗਟਾਵੇ ਤੋਂ ਪਹਿਲਾਂ ਦੀ ਅਵਸਥਾ। ਇਸ ਆਨੰਦ ਤੋਂ ਹੀ ਅਸੀਂ ਜਿਸ ਨੂੰ ਸ੍ਰਿਸ਼ਟੀ ਆਖਦੇ ਹਾਂ ਉਸ ਦਾ ਪ੍ਰਗਟਾਵਾ ਹੁੰਦਾ ਹੈ। ਏਸੇ ਲਈ ਸ਼ਰੁਤੀ ਆਖਦੀ ਹੈ- 'ਆਨੰਦਾਧਵਯੇਰ ਖਲਵਿਮਾਨੀ ਭੂਤਾਨੀ ਜਾਯੰਤੇ-।' ਯੁਗਲ ਭਾਵ (ਜੋੜੇ) ਤੋਂ ਬਿਨਾ ਆਨੰਦ ਨਹੀਂ ਹੁੰਦਾ ਅਤੇ ਆਨੰਦ ਭਾਵ ਤੋਂ ਬਿਨਾ ਸ੍ਰਿਸ਼ਟੀ ਨਹੀਂ ਹੁੰਦੀ। ਵ੍ਰਿਹਦਾਰਣਯਕ ਉਪਨਿਸ਼ਦ ਵਿਚ ਲਿਖਿਆ ਹੈ- 'ਸ ਏਕਾਕੀ ਨ ਅਰਮਤ। ਤਦਾਤਮਾਨੰ ਦ੍ਵਿਧਾ ਅਕਰੋਤ' ਇਤਆਦਿ। 'ਅ' ਤੋਂ 'ਆ' ਪ੍ਰਗਟ ਹੋਣਾ ਅਤੇ ਇਕ ਤੋਂ ਦੋ ਦਾ ਪ੍ਰਗਟਾਅ- ਇੱਕੋ ਗੱਲ ਹੈ। ਏਹੋ ਹੀ ਆਤਮ ਰਮਣ ਹੈ- ਆਤਮਾਰਾਮ ਅਵਸਥਾ ਹੈ, ਜਿਸ ਦਾ ਸਵਾਦ ਬ੍ਰਹਮਵਿਦ ਲੈਂਦੇ ਹਨ।" (ਤਾਂਤ੍ਰਿਕ ਸਾਧਨਾ ਦੀ ਦ੍ਰਿਸ਼ਟੀ ਭੰਗੀ-ਬੰਗਲਾ)

ਇਸ ਬਾਰੇ ਸਤਿਗੁਰੂ ਸਾਹਿਬ ਫੁਰਮਾਉਂਦੇ ਨੇ—

"ਏਕਸ ਤੇ ਸਭੁ ਦੂਜਾ ਹੂਆ
ਏਕੋ ਵਰਤੈ ਅਵਰੁ ਨ ਬੀਆ।"

ਸਾਡੇ ਸਤਿਗੁਰਾਂ ਨੇ ਤਾਂ ਆਨੰਦ ਦੀ ਦੁਨਿਆਵੀ ਰੀਤ (ਵਿਆਹ) ਨੂੰ ਬਾਣੀ ਵਿਚ ਨਾਮ ਹੀ ਅਨੰਦ ਕਾਰਜ ਦੇ ਦਿੱਤਾ ਹੈ। ਵਿਆਹ, ਇਕ ਤੇ ਇਕ ਦੋਂਹ ਦਾ ਮਿਲਨ ਹੈ ਤੇ ਉਸ ਅਨੰਦ ਮਿਲਨ ਤੋਂ ਸੰਤਤੀ ਦੀ ਸ੍ਰਿਸ਼ਟੀ ਹੈ।

ਇੰਜ ਸਤ੍ ਤੋਂ ਚਿਤ੍ ਅਤੇ ਚਿਤ੍ ਤੋਂ ਆਨੰਦ- ਸੱਚਿਦਾ ਨੰਦ ਬ੍ਰਹਮ ਦਾ ਜ਼ਹੂਰ ਹੋ ਜਾਂਦਾ ਹੈ। ਇਹ ਆਪਣੇ ਨਾਲ ਆਪ ਹੀ ਖੇਡਣ ਦੀ ਅਵਸਥਾ ਹੈ। ਸਤ੍ ਦਾ ਪਸਾਰ ਹੋਣ ਤੇ ਵੀ ਚਿਤ੍ ਤੇ ਅਨੰਦ ਬ੍ਰਹਮ ਦੀ ਅੰਤਰੰਗ ਅਵਸਥਾ ਹੈ। ਫਿਰ ਵੀ 'ਬਾਹਰ' ਨਾਮ ਦੀ ਇਕ ਅਖੌਤੀ ਅਵਸਥਾ ਦੀ ਸਿਰਜਨਾ ਹੁੰਦੀ ਹੈ। ਅਖੌਤੀ ਇਸ ਲਈ ਕਿ ਅਸਲ ਵਿਚ ਬ੍ਰਹਮ ਤੋਂ 'ਬਾਹਰ' ਨਾਮ ਦਾ ਕੁਝ ਵੀ ਨਹੀਂ। ਜੋ ਹੈ ਉਹ ਉਸੇ ਦੀ ਅਨੰਤਤਾ ਦੇ ਅੰਦਰ ਹੀ ਹੈ। ਉਹ ਆਪਣੇ ਅੰਦਰੋਂ ਆਪਣੇ ਅੰਦਰ ਆਪਣੀ ਹੀ ਸਿਰਜਨਾ ਕਰਦਾ ਹੈ। ਉਹ ਜੀਵ ਰੂਪ ਵਿਚ ਵੀ ਆਪ ਹੀ ਆਪਣੇ ਵੱਲੋਂ ਸਿਰਜਿਆ ਜਾਂਦਾ ਹੈ, ਮਾਇਆ ਰੂਪ ਵਿਚ ਵੀ ਆਪ ਹੀ ਅਤੇ ਸ਼ਬਦ ਰੂਪ ਵਿਚ ਵੀ ਆਪ ਹੀ। ਸ੍ਰਿਸ਼ਟੀ ਵਿਚ ਜੋ ਅਨੰਤ ਰੂਪ ਹਨ- ਉਹ ਸਭ ਉਸ ਦੇ ਆਪਣੇ ਵੱਲੋਂ ਸਾਜੇ ਆਪਣੇ ਹੀ ਰੂਪ ਹਨ। ਤਾਂ ਵੀ ਆਖਣ ਨੂੰ ਇਕ ਬਾਹਰ ਮੁਖੀ ਪਸਾਰ ਹੁੰਦਾ ਹੈ। ਉਹ ਇਸ ਤਰ੍ਹਾਂ ਕਿ ਅਨੰਦ ਦੀ ਅਵਸਥਾ ਉਫਾਲ ਦੀ, ਉਮਾਹ ਦੀ ਅਵਸਥਾ ਹੁੰਦੀ ਹੈ। ਜਿਵੇਂ ਫੁਹਾਰੇ ਵਿਚੋਂ ਪਾਣੀ ਦੇ ਕਣ ਉਮੁਲ ਕੇ ਬਾਹਰ ਨੂੰ ਖਿਲਰਦੇ ਤੇ ਖਿੱਲਰ ਕੇ ਗੁਵਾਚ ਜਾਂਦੇ ਨੇ, ਇਹੋ ਅਵਸਥਾ ਅਨੰਦ ਦੀ ਹੈ। ਆਨੰਦ ਕਣਾ ਦੇ ਓਹਲੇ ਹੋ ਜਾਣ ਤੋਂ ਅਨਹੋਂਦ ਦਾ ਇਕ ਅਹਿਸਾਸ ਜਾਗਦਾ ਹੈ ਤੇ ਉਹ ਅਹਿਸਾਸ ਆਨੰਦ ਦੀ ਮੁੜ ਪਰਾਪਤੀ ਦੀ ਇੱਛਾ ਦੇ ਰੂਪ ਵਿਚ ਪਰਗਟ ਹੁੰਦਾ ਹੈ। 'ਇੱਛਾ' ਦਾ ਅੱਖਰੀ ਰੂਪ 'ਇ' (ਇ) ਹੈ। ਜਦੋਂ ਆਨੰਦ ਦੀ ਪ੍ਰਾਪਤੀ ਲਈ 'ਇੱਛਾ ਜਾਗਦੀ ਹੈ ਓਦੋਂ ਉਸ ਆਨੰਦ ਦੀ ਭਾਲ ਦੀ ਇੱਛਾ ਹੋਰ ਪਰਬਲ ਹੋ ਜਾਂਦੀ ਹੈ। ਉਸ ਪਰਬਲ ਇੱਛਾ ਦੇ ਫਲ ਸਰੂਪ ਵਡੀ 'ਈ' (ਈ) ਵਰਨ ਪਰਗਟ ਹੁੰਦਾ ਹੈ। 'ਈ' (ਈ) ਦਾ ਸ਼ਾਸਤ੍ਰੀ ਨਾਮ ਈਖ਼ਸ਼ਣ ਹੈ। ਈਖ਼ਸ਼ਣ ਖੋਜ ਭਰਪੂਰ 'ਇੱਛਾ' ਦਾ ਹੀ ਗੂੜ੍ਹ ਰੂਪ ਤੇ ਪਸਾਰ ਹੈ।

ਸਵਾਲ ਹੈ ਕਿ ਇਹ ਸਾਰਾ ਪਸਾਰ ਕਿਸਦਾ ਹੈ? ਇਹ ਪਸਾਰ ਆਨੰਦ ਦਾ ਹੀ ਹੈ। ਇਹ ਪਸਾਰ ਹੋ ਵੀ ਰਿਹਾ ਹੈ, ਪਰ ਉਸਦਾ ਅਹਿਸਾਸ ਨਹੀਂ ਹੋ ਪਾ ਰਿਹਾ। ਇਸ ਅਹਿਸਾਸ ਦੀ ਅਜੇ ਅਨਹੋਂਦ ਹੈ ਕਿ ਮੈਂ ਹੀ ਆਨੰਦ ਹਾਂ, ਅਨੰਦ ਸਰੂਪ ਹਾਂ। ਉਸ ਅਹਿਸਾਸ ਦੀ ਅਨਹੋਂਦ ਵਿਚੋਂ 'ਉ' (ਤ) ਵਰਨ ਪਰਗਟ ਹੁੰਦਾ ਹੈ। 'ਉ' ਦਾ ਅੱਖਰੀ ਅਰਥ 'ਗਿਆਨ' ਹੈ। ਅੰਤੇ ਇਸ ਗਿਆਨ ਦਾ ਸ਼ਾਸਤ੍ਰੀ ਨਾਮ ਹੈ 'ਉਨਮੇਸ਼'। ਉਨਮੇਸ਼ ਮਾਅਣੇ 'ਉਮੰਗ' -ਆਨੰਦ ਦਾ ਪ੍ਰਗਟਾਓ ਅਤੇ ਇਸ ਆਨੰਦ ਦੇ ਉਨਮੇਸ਼ ਜਾਂ 'ਉਮਾਹ' ਨੂੰ ਇਕ ਲਹਿਰ ਦਾ, ਇਕ ਵਡੇ ਪਸਾਰੇ ਦਾ ਰੂਪ ਮਿਲਦਾ ਹੈ- ਵਡੇ 'ਊ' (ਊ) ਦੇ ਵਜੂਦ ਧਾਰਨ ਨਾਲ। 'ਊ' ਕਾਰ ਉਨਮੇਸ਼ ਦਾ ਹੀ ਹੋਰ ਵਿਆਪਕ ਤੇ ਗੂੜ੍ਹ ਰੂਪ ਹੈ। ਇਸ ਦਾ ਸ਼ਾਸਤ੍ਰੀ ਨਾਮ ਹੈ- 'ਉਰਮੀ'। 'ਉਰਮੀ' ਅਰਥਾਤ ਤਰੰਗ, 'ਲਹਿਰ'।

ਬਿੰਦੂ—ਮਹਾ ਮਾਯਾ

ਸਤ੍ ਦੇ ਏਥੋਂ ਤਕ ਦੇ (ਗਿਆਨ ਤਕ ਦੇ) ਪਸਾਰ ਵਿਚ 'ਚਿਤ੍' 'ਆਨੰਦ' 'ਇੱਛਾ' ਤੇ 'ਗਿਆਨ' -ਚਾਰ ਸ਼ਕਤੀਆਂ ਦਾ ਪ੍ਰਗਟਾਅ ਹੋ ਚੁਕਦਾ ਹੈ। ਇਨ੍ਹਾਂ ਚੌਂਹ ਸ਼ਕਤੀਆਂ ਨੂੰ ਆਪਣੇ ਨਾਲ ਰਲਾ ਕੇ 'ਇਕ ਇਕਾਈ' ਦਾ ਰੂਪ ਦੇਂਦੀ ਹੈ ਪੰਜਵੀਂ ਸ਼ਕਤੀ 'ਕ੍ਰਿਯਾ ਸ਼ਕਤੀ'। 'ਕ੍ਰਿਯਾ ਸ਼ਕਤੀ' ਏ, 'ਐ' 'ਓ' ਔ - (ਏ, ਐ, ਓ, ਔ) ਇਨ੍ਹਾਂ ਚੌਂਹ ਅੱਖਰਾਂ ਦੀ ਇਕਰਸਤਾ ਚੋਂ ਉਪਜਦੀ ਹੈ।

'ਚਿਤ੍' ਤੇ 'ਆਨੰਦ' - ਸਤ੍ ਸੁਰੂਪ ਬ੍ਰਹਮ ਦੀਆਂ ਦੋਵੇਂ ਅੰਤਰੰਗ ਸ਼ਕਤੀਆਂ ਹਨ ਅਤੇ 'ਇੱਛਾ', 'ਗਿਆਨ', ਤੇ 'ਕ੍ਰਿਯਾ ਤਿੰਨੋਂ ਬ੍ਰਹਮ ਦੀਆਂ ਬਹਿਰੰਗ ਸ਼ਕਤੀਆਂ।

ਇਨ੍ਹਾਂ ਸ਼ਕਤੀਆਂ ਤੋਂ ਇਕ ਬਾਹਰ ਮੁਖੀ ਜਾਂ ਸੰਸਾਰ ਮੁਖੀ ਕ੍ਰਿਯਾ ਦਾ ਰੂਪ ਉਘੜਣਾ ਸ਼ੁਰੂ ਹੁੰਦਾ ਹੈ। ਫਿਰ ਵੀ ਇਹ ਗੱਲ ਸਦਾ ਧਿਆਨ ਵਿਚ ਰੱਖਣ ਵਾਲੀ ਹੈ ਕਿ ਅਸਲ ਪਸਾਰ ਬ੍ਰਹਮ ਦਾ ਜਾਂ ਸਤ੍ ਦਾ ਹੀ ਹੋਣ ਕਰਕੇ ਇਹਨਾਂ ਤਿੰਨਾਂ ਬਹਿਰੰਗ ਸ਼ਕਤੀਆਂ- 'ਇੱਛਾ', 'ਗਿਆਨ' ਤੇ 'ਕ੍ਰਿਯਾ' ਦਾ ਸੰਜੋਗ ਬ੍ਰਹਮ ਦੀਆਂ ਦੋ ਅੰਤਰੰਗ

> ***"ਚਿਤ੍ ਸੱਤਾ ਵਿਚ ਇਕ ਹੀ ਇਕ ਹੈ, ਦੂਜਾ ਕੋਈ ਨਹੀਂ। ਪਰ ਆਨੰਦ ਵਿਚ ਇਕ ਹੀ ਦੂਜਾ ਸਜ ਕੇ ਆਪਣੇ ਨਾਲ ਆਪ ਹੀ ਖੇਡਦਾ ਹੈ। ਜਿਸ ਅਵਸਥਾ ਦੀ ਗੱਲ ਕਰ ਰਿਹਾ ਹਾਂ ਉਹ ਸ੍ਰਿਸ਼ਟੀ ਤੋਂ ਪਹਿਲਾਂ ਦੀ ਅਵਸਥਾ ਹੈ, ਸ੍ਰਿਸ਼ਟੀ ਸਾਜਣ ਦੀ ਸਭ ਸਾਮਗਰੀ ਦੇ ਪ੍ਰਗਟਾਵੇ ਤੋਂ ਪਹਿਲਾਂ ਦੀ ਅਵਸਥਾ। ਇਸ ਆਨੰਦ ਤੋਂ ਹੀ ਅਸੀਂ ਜਿਸ ਨੂੰ ਸ੍ਰਿਸ਼ਟੀ ਆਖਦੇ ਹਾਂ ਉਸ ਦਾ ਪ੍ਰਗਟਾਵਾ ਹੁੰਦਾ ਹੈ। ਏਸੇ ਲਈ ਸ਼ਰੁਤੀ ਆਖਦੀ ਹੈ— 'ਆਨੰਦਾਧਵਯੇਰ ਖਲਵਿਮਾਨੀ ਭੂਤਾਨੀ ਜਾਯੰਤੇ-।' ਯੁਗਲ ਭਾਵ (ਜੋੜੇ) ਤੋਂ ਬਿਨਾ ਆਨੰਦ ਨਹੀਂ ਹੁੰਦਾ ਅਤੇ ਆਨੰਦ ਭਾਵ ਤੋਂ ਬਿਨਾ ਸ੍ਰਿਸ਼ਟੀ ਨਹੀਂ ਹੁੰਦੀ।***

ਸ਼ਕਤੀਆਂ -, 'ਚਿਤ੍' ਤੇ ਆਨੰਦ ਨਾਲ ਬਣਿਆ ਰਹਿੰਦਾ ਹੈ। ਇਸ ਲਈ ਇਹਨਾਂ ਪੰਜਾਂ ਸ਼ਕਤੀਆਂ ਦੀ ਇਕ ਇਕਾਈ ਜਾਂ ਸੰਘੱਟ ਇਕ 'ਬਿੰਦੂ' ਜਾਂ ਨੁਕਤੇ ਦਾ ਰੂਪ ਧਾਰਦਾ ਹੈ। ਪੰਜਾਂ ਸ਼ਕਤੀਆਂ ਦਾ ਮਿਲਵਾਂ ਰੂਪ 'ਬਿੰਦੂ' ਪਲਟ ਕੇ ਆਪਣੇ ਮੂਲ ਚਿਤ੍ ਸਰੂਪ 'ਅ' ਨਾਲ ਜਾ ਜੁੜਦਾ ਹੈ। ਬਿੰਦੂ ਦੇ 'ਅ' ਨਾਲ ਜੁੜਨ ਤੇ 'ਅੰ' ਹੁਣ 'ਅੰ' ਬਣ ਜਾਂਦਾ ਹੈ।

ਸ੍ਰਿਸ਼ਟੀ ਦਾ ਪਹਿਲਾ ਆਰੰਭ ਸਤ੍ ਤੋਂ।

ਸ੍ਰਿਸ਼ਟੀ ਦਾ ਇਸ ਤੋਂ ਅਗਲਾ ਅਰੰਭ ਚਿਤ੍ ਅਰਥਾਤ 'ਅ' ਤੋਂ ਅਤੇ ਸ੍ਰਿਸ਼ਟੀ ਦਾ ਇਸ ਤੋਂ ਬਾਅਦ ਦਾ ਅਰੰਭ -ਬਿੰਦੂ (ਅੰ) ਤੋਂ ਹੁੰਦਾ ਹੈ।

> ***ਸ਼ਕਤੀ ਬਿੰਦੂ ਆਪਣੇ ਪਸਾਰੇ ਦੇ ਅਮਲ ਵਿਚ ਤਿੰਨ ਬਿੰਦੂਆਂ ਵਿਚ ਬਦਲਦਾ ਹੈ। ਫਿਰ ਰੇਖਾ ਗਣਿਤ ਦੇ ਨਿਯਮ ਅਨੁਸਾਰ ਤਿੰਨਾਂ ਬਿੰਦੂਆਂ ਵਿਚੋਂ ਹਰੇਕ ਬਿੰਦੂ ਦਾ ਪਸਾਰ ਰੇਖਾ ਜਾਂ ਲਕੀਰ ਦੇ ਰੂਪ ਵਿਚ ਹੁੰਦਾ ਹੈ। ਤਿੰਨੇ ਬਿੰਦੂ ਤਿੰਨ ਸਨਮੁਖ ਰੇਖਾਵਾਂ ਵਿਚ ਬਦਲਦੇ ਹਨ। ਤਿੰਨੇ ਰੇਖਾਵਾਂ ਇਕ ਦੂਜੀ ਦੇ ਸਨਮੁਖ ਹੋਣ ਕਰਕੇ ਇਹਨਾਂ ਰੇਖਾਵਾਂ ਦਾ ਇਕ ਤ੍ਰਿਕੋਨ ਬਣਦਾ ਹੈ। ਇਹ ਤ੍ਰਿਕੋਨ ਇੱਛਾ, ਗਿਆਨ ਤੇ ਕ੍ਰਿਯਾ ਸ਼ਕਤੀ ਦਾ ਲਖਾਇਕ ਹੈ। ਇਸ ਤ੍ਰਿਕੋਨ ਤੋਂ ਜਗਤ ਰਚਨਾ ਦਾ ਇਕ ਅਮਲ ਸ਼ੁਰੂ ਹੋ ਜਾਂਦਾ ਹੈ। ਇਹ ਤ੍ਰਿਕੋਨ ਸੂਖਮ ਰੂਪ ਵਿਚ ਵਰਨਮਾਲਾ ਦੇ ਪਹਿਲੇ ੧੬ ਸੁਰ ਵਰਨਾ ਦਾ ਰੂਪ ਵੀ ਹੈ ਅਤੇ ਵਰਨਮਾਲਾ ਦੇ ਪੰਜਾਹ ਸਥੂਲ ਵਰਨਾ ਦਾ ਰੂਪ ਵੀ। ਕਿਉਂਕਿ 'ਕ' ਵਰਨ ਤੋਂ 'ਹ' ਵਰਨ ਤਕ ਵਰਨਮਾਲਾ ਦੇ ਬਾਕੀ ਸਾਰੇ ਵਰਨ ਵਿਅੰਜਨ ਜਾਂ ਪ੍ਰਗਟ ਰੂਪ ਵਿਚ ਪਹਿਲੇ ਸੋਲਾਂ ਸੁਰ ਵਰਨਾ ਦਾ ਹੀ ਵਿਕਾਸ ਹਨ।***

ਬਿੰਦੂ ਤੋਂ ਪਹਿਲਾਂ ਬ੍ਰਹਮ ਨਿਰੰਕਾਰ ਤੇ ਨਿਰਗੁਣ ਸਰੂਪ ਵਿਚ ਰਹਿੰਦਾ ਹੈ। ਬਿੰਦੂ ਦੀ ਰਚਨਾ ਤੋਂ ਬਾਅਦ ਬ੍ਰਹਮ ਦਾ ਸਰਗੁਣ ਸਰੂਪ ਉਘੜਣਾ ਸ਼ੁਰੂ ਹੁੰਦਾ ਹੈ। ਇਸ ਬਿੰਦੂ ਨੂੰ ਮਹਾਂ ਬਿੰਦੂ ਜਾਂ 'ਪਰ ਬਿੰਦੂ' ਵੀ ਆਖਿਆ ਜਾਂਦਾ ਹੈ। ਇਸ ਦਾ ਕੋਈ ਲਿੰਗ ਨਹੀਂ। ਇਹ ਸ਼ਿਵ ਵੀ ਹੈ ਤੇ ਸ਼ਕਤੀ ਵੀ ਹੈ। ਸ਼ਿਵ-ਸ਼ਕਤੀ ਦਾ ਸੰਮਿਲਤ ਅਤੇ ਬੋਧ ਸਰੂਪ ਇਹ ਬਿੰਦੂ ਅਵਿਅਕਤ ਜਗਤ ਦਾ ਜਨਮ ਹੈ। ਅਵਿਕਤ ਜਗਤ ਤੋਂ ਭਾਵ ਹੈ ਅਨੰਤ ਬ੍ਰਹਿਮੰਡਾਂ ਦੇ ਸਮੁਚਿਤ ਰੂਪ ਸਮਸ਼ਟੀ ਸ੍ਰਿਸ਼ਟੀਆਂ ਦਾ ਜਨਕ। ਵਿਅਕਤ ਜਗਤ ਅਜੇ ਦੂਰ ਹੈ।

ਹੁਣ ਜਗਤ ਦਾ ਪਸਾਰ ਸਾਖਸ਼ਾਤ ਸਤ੍ ਤੋਂ ਨਹੀਂ, ਚਿਤ੍ ਤੋਂ ਵੀ ਨਹੀਂ, ਸਗੋਂ ਬਿੰਦੂ (.) ਤੋਂ ਹੈ। ਇਹ ਬਿੰਦੂ ਬ੍ਰਹਮ ਜਾਂ ਸ਼ਿਵ ਬਿੰਦੂ ਹੀ ਹੈ। ਇਹ ਬਿੰਦੂ ਪਹਿਲਾਂ ਆਪਣੇ ਆਪ ਨੂੰ ਦੋ ਹਿੱਸਿਆਂ ਜਾਂ ਦੋ ਬਿੰਦੂਆਂ ਵਿਚ ਵੰਡਦਾ ਹੈ। ਸ਼ਿਵ ਸ਼ਕਤੀ ਜੋ ਅਦਵੈਤ ਰੂਪ ਵਿਚ ਇਕ ਨੁਕਤੇ ਅੰਦਰ ਇਕਰਸ ਸਾਮਯਅਵਸਥਾ ਵਿਚ ਏਕਾਕਾਰ ਸੀ ਉਹ ਸ਼ਿਵ ਤੇ ਸ਼ਕਤੀ ਨਾਮਕ ਦੋ ਬਿੰਦੂਆਂ (:) ਅਰਥਾਤ ਵਿਸਰਗ ਦਾ ਰੂਪ ਧਾਰਦਾ ਹੈ। ਸ਼ਿਵ ਬਿੰਦੂ, ਸ਼ਿਵ ਅੰਸ਼ ਰੂਪ ਵਿਚ ਸਾਖਸ਼ੀ ਜਾਂ ਦ੍ਰਿਸ਼ਟਾ ਹੋ ਕੇ ਰਹਿੰਦਾ ਹੈ ਅਤੇ ਸ਼ਕਤੀ ਅੰਸ਼ ਸਿਲਸਿਲੇਵਾਰ ਪਸਾਰ ਕਰਦਾ ਹੋਇਆ ਪਰੀਣਾਮ ਹਾਸਿਲ ਕਰਦਾ ਹੈ। ਮੁੜਕੇ ਸੰਕੋਚ ਨੂੰ ਵੀ ਇਹੋ ਸ਼ਕਤੀ-ਬਿੰਦੂ ਹੀ ਪ੍ਰਾਪਤ ਹੁੰਦਾ ਹੈ। ਸ਼ਿਵ ਬਿੰਦੂ ਅਪਰੀਣਾਮੀ ਹੈ। ਗੁਰਬਾਣੀ ਅਨੁਸਾਰ ਇਸ ਸ਼ਿਵ ਬਿੰਦੂ ਦੀ ਅਵਸਥਾ ਇਹ ਹੈ-

'ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ''

ਸ਼ਕਤੀ ਬਿੰਦੂ ਦਾ ਪਸਾਰ 'ਸ੍ਰਿਸ਼ਟੀ ਹੈ ਅਤੇ ਸੰਕੋਚ ਸੰਘਾਰ'।

ਵਿਸਰਗ

।। ਬਿੰਦੂ ਦਾ ਇਕ ਤੋਂ ਦੋ ਹੋਣਾ ਵਿਸਰਗ ਹੈ। ਵਰਨਮਾਲਾ ਦਾ ਪਹਿਲਾ ਵਰਨ 'ਅ' ਹੈ ਅਤੇ ਅੰਤਿਮ ਵਰਨ 'ਹ' । 'ਹ' ਸਥੂਲ ਰੂਪ ਹੈ ਅਤੇ ਏਸੇ 'ਹ' ਦਾ ਸੂਖਮ ਰੂਪ 'ਹ' ਦਾ ਅੱਧਾ ਦੋ ਬਿੰਦੂ (:) ਵਿਸਰਗ ਹੈ। ਇਨ੍ਹਾਂ ਦੋ ਬਿੰਦੂਆਂ ਵਿਚੋਂ ਇਕ ('ਹ ਦਾ ਅੱਧ,) ਸ਼ਿਵ ਬਿੰਦੂ ਹੈ ਤੇ ਦੂਜਾ ਸ਼ਕਤੀ ਬਿੰਦੂ। ਦੋਹਾਂ ਵਿਚੋਂ ਸ਼ਿਵ ਬਿੰਦੂ ਅਟਲ, ਅਖੁਟ ਰੂਪ ਵਿਚ ਟਿਕਿਆ ਰਹਿੰਦਾ ਹੈ ਅਤੇ ਦੂਜੇ ਸ਼ਕਤੀ ਬਿੰਦੂ ਦਾ ਪਸਾਰ ਹੁੰਦਾ ਹੈ। ਪਰ ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਸ਼ਕਤੀ ਬਿੰਦੂ ਦੀ ਹਰ ਸਥਿਤੀ ਵਿਚ ਸ਼ਿਵ-ਬਿੰਦੂ ਅੰਸ਼ ਰੂਪ ਵਿਚ ਮੌਜੂਦ ਰਹਿੰਦਾ ਹੈ।

ਤ੍ਰਿਕੋਨ—ਜਾਂ ਬੈਂਦਵ ਜਗਤ

ਸ਼ਕਤੀ ਬਿੰਦੂ ਆਪਣੇ ਪਸਾਰ੍ਹੇ ਦੇ ਅਮਲ ਵਿਚ ਤਿੰਨ ਬਿੰਦੂਆਂ ਵਿਚ ਬਦਲਦਾ ਹੈ। ਫਿਰ ਰੇਖਾ ਗਣਿਤ ਦੇ ਨਿਯਮ ਅਨੁਸਾਰ ਤਿੰਨਾਂ ਬਿੰਦੂਆਂ ਵਿਚੋਂ ਹਰੇਕ ਬਿੰਦੂ ਦਾ ਪਸਾਰ ਰੇਖਾ ਜਾਂ ਲਕੀਰ ਦੇ ਰੂਪ ਵਿਚ ਹੁੰਦਾ ਹੈ। ਤਿੰਨੇ ਬਿੰਦੂ ਤਿੰਨ ਸਨਮੁਖ ਰੇਖਾਵਾਂ ਵਿਚ ਬਦਲਦੇ ਹਨ। ਤਿੰਨੇ ਰੇਖਾਵਾਂ ਇਕ ਦੂਜੀ ਦੇ ਸਨਮੁਖ ਹੋਣ ਕਰਕੇ ਇਹਨਾਂ ਰੇਖਾਵਾਂ ਦਾ ਇਕ ਤ੍ਰਿਕੋਨ ਬਣਦਾ ਹੈ। ਇਹ ਤ੍ਰਿਕੋਨ ਇੱਛਾ, ਗਿਆਨ ਤੇ ਕ੍ਰਿਯਾ ਸ਼ਕਤੀ ਦਾ ਲਖਾਇਕ ਹੈ। ਇਸ ਤ੍ਰਿਕੋਨ ਤੋਂ ਜਗਤ ਰਚਨਾ ਦਾ ਇਕ ਅਮਲ ਸ਼ੁਰੂ ਹੋ ਜਾਂਦਾ ਹੈ। ਇਹ ਤ੍ਰਿਕੋਨ ਸੂਖਮ ਰੂਪ ਵਿਚ ਵਰਨਮਾਲਾ ਦੇ ਪਹਿਲੇ ੧੬ ਸੁਰ ਵਰਨਾ ਦਾ ਰੂਪ ਵੀ ਹੈ ਅਤੇ ਵਰਨਮਾਲਾ ਦੇ ਪੰਜਾਹ ਸਥੂਲ ਵਰਨਾ ਦਾ ਰੂਪ ਵੀ। ਕਿਉਂਕਿ 'ਕ' ਵਰਨ ਤੋਂ 'ਹ' ਵਰਨ ਤਕ ਵਰਨਮਾਲਾ ਦੇ ਬਾਕੀ ਸਾਰੇ ਵਰਨ ਵਿਅੰਜਨ ਜਾਂ ਪ੍ਰਗਟ ਰੂਪ ਵਿਚ ਪਹਿਲੇ ਸੋਲਾਂ ਸੁਰ ਵਰਨਾ ਦਾ ਹੀ ਵਿਕਾਸ ਹਨ।

ਸੂਖਮ ਰੂਪ ਵਿਚ ਤਿੰਨ ਰੇਖਾ ਰੂਪੀ ਤ੍ਰਿਕੋਨ ਦੀ ਹਰੇਕ ਰੇਖਾ ਵਿਚ ਪੰਜ ਪੰਜ ਵਰਨ ਹਨ। ਸੋਲ੍ਹਵਾਂ ਵਰਨ ਸੁਰ ਵਰਨਾ ਵਿਚ ਅੰਤਿਮ 'ਅ:' (ਅਹ) ਹੈ। ਇਹ ਸ਼ਿਵ ਸ਼ਕਤੀ ਜਾਂ ਬ੍ਰਹਮ ਤੇ ਮਾਇਆ ਦਾ ਸੰਜੋਗੀ ਵਰਨ ਹੈ। ਇਹ ਸੰਜੋਗੀ ਵਰਨ ਤ੍ਰਿਕੋਨ ਦੇ ਵਿਚਕਾਰ 'ਬਿੰਦੂ' (.) ਸਾਖਸ਼ੀ ਜਾਂ ਦ੍ਰਿਸ਼ਟਾ ਰੂਪ ਵਿਚ ਸਜਿਆ ਰਹਿੰਦਾ ਹੈ।

ਕੀਤਾ ਪਸਾਉ ਏਕੋ ਕਵਾਉ
ਜਪੁਜੀ ਸਾਹਿਬ ਦੀਆਂ ਤੁਕਾਂ ਹਨ-

ਪਾਤਾ ਪਸਾਊ ਏਕ ਕਵਾਊ
ਤਿਸ ਤੇ ਹੋਏ ਲਖ ਦਰੀਆਉ॥"

ਅਤੇ ਭਾਈ ਗੁਰਦਾਸ ਜੀ ਦੀ ਬਾਣੀ ਹੈ—

"ਤ੍ਰੈ ਗੁਣ ਮਾਇਆ ਖੇਲ ਕਰਿ ਦੇਖਾਲਿਆ॥
ਖਾਣੀ ਬਾਣੀ ਚਾਰਿ ਚਲਤੁ ਉਠਾਇਆ।
ਪੰਜਿ ਤੱਤ ਉਤਪਤਿ ਬੰਧਿ ਬਹਾਲਿਆ।
ਛਿਅ ਰੁਤਿ ਬਾਰਹ ਮਾਹ ਸਿਰਜਿ ਸਮ੍ਹਾਲਿਆ
ਅਹਿਨਿਸਿ ਸੂਰਜ ਚੰਦ ਦੀਵੇ ਬਾਲਿਆ।
ਇਕ ਕਵਾਉ ਪਸਾਉ ਨਦਰਿ ਨਿਹਾਲਿਆ।"

ਸਤਿਗੁਰੂ ਨਾਨਕ ਦੇਵ ਜੀ ਦੀਆਂ ਅਗਲੀਆਂ ਤੁਕਾਂ ਵੀ ਏਸੇ ਸੰਦਰਭ ਵਿਚ ਹਨ-

"ਚਉਥਿ ਉਪਾਏ ਚਾਰੇ ਬੇਦਾ।
ਖਾਣੀ ਚਾਰੇ ਬਾਣੀ ਭੇਦਾ।"

ਉਪਰੋਕਤ ਸਾਰੀਆਂ ਤੁਕਾਂ ਵਿਚ ਮੁਖ ਸ਼ਬਦ ਹੈ "ਇਕ ਕਵਾਉ"। ਇਕ ਕਵਾਉ ਜਾਂ ਏਕੋ ਕਵਾਉ ਅਥਵਾ "ਏਕ ਕਵਾਵੈ ਤੇ ਸਭ ਹੋਆ."

ਕਵਾਉ ਜਾਂ ਕਵਾਦ, ਇਕ ਵਾਕ ਹੈ। ਇਕ ਸ਼ਬਦ ਹੈ ਜਾਂ ਇਕ ਬਾਣੀ ਹੈ। ਇਹ ਸਾਰੀ ਸ੍ਰਿਸ਼ਟੀ ਦਾ ਮੁੱਢ ਮੂਲ ਹੈ- ਜਿਸ ਤੋਂ ਸਾਰੇ ਜਗਤ ਦੀ ਰਚਨਾ ਹੋਈ। ਇਸ ਇਕ ਵਾਕ ਨੂੰ ਹੀ ਸ਼ਬਦ ਬ੍ਰਹਮ ਆਖਿਆ ਜਾਂਦਾ ਹੈ। ਸ਼ਾਸਤ੍ਰ ਅਨੁਸਾਰ ਅਤੇ ਗੁਰਬਾਣੀ ਅਨੁਸਾਰ ਚਾਰ ਬਾਣੀਆਂ (ਅੰਡਜ, ਜੇਰਜ ਸੇਤਜ ਉਤਭੁਜ) ਹਨ ਤੇ ਬਾਣੀ ਭੇਦ ਨਾਲ ਚਾਰ ਹੀ ਬਾਣੀਆਂ ਹਨ। "ਖਾਣੀ ਚਾਰੇ ਬਾਣੀ ਭੇਦਾ", ਜਾਂ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ "ਖਾਣੀ ਬਾਣੀ ਚਾਰਿ ਚਲਤੁ ਉਠਾਲਿਆ।" ਚਾਰ ਬਾਣੀਆਂ ਹਨ- 'ਪਰਾ', 'ਪਸ਼ਯੰਤੀ', 'ਮੱਧਮਾ' ਤੇ 'ਬੈਖਰੀ'। ਬੈਖਰੀ ਬਾਣੀ ਉਹ ਹੈ ਜਿਸ ਨੂੰ ਅਸੀਂ ਵੇਖ, ਸੁਣ ਤੇ ਪੜ੍ਹ ਸਕਦੇ ਹਾਂ। ਇਹ ਭੇਦ ਮਈ ਬਾਣੀ ਹੈ। ਬੈਖਰੀ ਬਾਣੀ ਦਾ ਇਕ ਇਕ ਸ਼ਬਦ ਪਦ ਜਾਂ ਵਾਕ ਇਕ ਤੋਂ ਵੱਧ ਅਤੇ ਵੱਖਰੇ ਰੂਪ ਵਿਚ ਪੇਸ਼ ਹੋ ਸਕਦਾ ਹੈ। ਜਾਂ ਇਕ ਪਦਾਰਥ ਨੂੰ ਵੱਖ ਵੱਖ ਨਾਵਾਂ ਨਾਲ ਬਿਆਨ ਕਰ ਸਕਦਾ ਹੈ। ਇਸ ਲਈ ਇਹ ਭੇਦ ਮਈ ਹੈ। ਮੱਧਮਾ ਬਾਣੀ ਭੇਦ ਤੇ ਅਭੇਦ ਮਈ ਹੈ। ਇਹ ਇਕ ਪਾਸੇ ਭੇਦ ਮਈ ਬੈਖਰੀ ਨਾਲ ਜੋੜਦੀ ਹੈ ਦੂਜੇ ਪਾਸੇ ਪੂਰਨ ਅਭੇਦ ਮਈ ਪਸ਼ਯੰਤੀ ਬਾਣੀ ਨਾਲ ਜੋੜਦੀ ਹੈ। ਮੱਧਮਾ ਤੇ ਪਸ਼ਯੰਤੀ ਉੱਚੀ ਸੂਖਮ ਤੇ ਸੂਖਮਤਮ ਅਵਸਥਾਵਾਂ ਦੀਆਂ ਬਾਣੀਆਂ ਹਨ- ਜਿੰਨ੍ਹਾਂ ਤਕ ਅਤੀ ਉੱਚ ਬਿਰਤੀ ਵਾਲੇ ਸਾਧਕਾਂ ਜੋਗੀਆਂ ਦੀ ਹੀ ਪਹੁੰਚ ਹੋ ਸਕਦੀ ਹੈ। ਏਧਰੋਂ ਚੌਥੀ ਤੇ ਓਧਰੋਂ ਪਹਿਲੀ ਬਾਣੀ 'ਪਰਾ ਬਾਣੀ' ਹੈ। ਏਸੇ ਨੂੰ 'ਪਰਾ ਵਾਕ' ਆਖਿਆ ਜਾਂਦਾ ਹੈ ਤੇ ਏਸੇ ਪਰਾਵਾਕ ਨੂੰ ਸ਼ਬਦ ਬ੍ਰਹਮ ਜਾਂ 'ਕਵਾਉ'। ਏਸੇ ਪਰਾ ਵਾਕ ਵਿਚੋਂ ਹੀ ਤਿੰਨੋਂ ਬਾਣੀਆਂ ਤੇ ਚਾਰੇ ਖਾਣੀਆਂ ਨਿਕਲਦੀਆਂ ਹਨ। ਏਹੋ ਪਰਾ ਵਾਕ ਹੀ ਸਾਰੀ ਸ੍ਰਿਸ਼ਟੀ ਦਾ ਸੋਮਾ ਹੈ। ਪੰਜਾਹ ਵਰਨਾ ਵਾਲੀ ਵਰਨਮਾਲਾ ਇਹਨਾਂ ਚੌਹਾਂ ਬਾਣੀਆਂ ਦਾ ਹੀ ਸਰੂਪ ਹੈ।

ਜਿਵੇਂ ਕਿ ਪਿੱਛੇ ਤ੍ਰਿਕੋਨ ਨੂੰ ਸੋਲਾਂ ਸੁਰ ਵਰਨਾ ਦਾ ਪ੍ਰਤੀ ਰੂਪ ਦੱਸਿਆ ਗਿਆ ਹੈ ਉਵੇਂ ਹੀ ਇਹ ਤ੍ਰਿਕੋਨ ਪੰਜਾਹ ਵਰਨਾ ਦੀ ਵਰਨਮਾਲਾ ਦਾ ਵੀ ਪ੍ਰਤੀਰੂਪ ਹੈ। ਕਿਉਂਕਿ ਪਹਿਲੇ ਸੋਲਾਂ ਸੁਰ ਵਰਨ ਹੀ ਬਾਕੀ ਦੇ 'ਕ' ਤੋਂ 'ਹ' ਤਕ ਵਿਅੰਜਨ ਵਰਨਾ ਦਾ ਬੀਜ ਰੂਪ ਹਨ। ਇਹ ਵਿਅੰਜਨ ਵਰਨ ਸੁਰ ਵਰਨਾ ਦਾ ਹੀ ਵਿਸਥਾਰ ਹਨ। ਇਸ ਤਰ੍ਹਾਂ ਇਸ ਪੰਜਾਹ ਵਰਨਾ ਵਾਲੇ ਤ੍ਰਿਕੋਨ ਨੂੰ 'ਅ' 'ਕ' 'ਥ' ਵੀ ਆਖਿਆ ਜਾਂਦਾ ਹੈ। ਇਕ ਰੇਖਾ ਵਿਚ 'ਅ' ਤੋਂ 'ਅ:' ਤਕ ਦੂਜੀ ਰੇਖਾ ਵਿਚ 'ਕ' ਤੋਂ 'ਤ' ਤਕ ਅਤੇ ਤੀਜੀ ਰੇਖਾ ਵਿਚ 'ਥ' ਤੋਂ 'ਹ' ਤਕ ਵਰਨ ਰੇਖਾਂਕਿਤ ਹਨ।

ਵਿਸਰਗ ਦੇ ਦੋ ਬਿੰਦੂਆਂ ਵਿਚੋਂ ਇਕ ਬਿੰਦੂ ਸ਼ਕਤੀ ਤ੍ਰਿਕੋਨ ਦੇ ਰੂਪ ਵਿਚ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਅਤੇ ਪ੍ਰਲਯ ਸਮੇਂ ਇਹੋ ਸ਼ਕਤੀ ਬਿੰਦੂ- ਪਲਟ ਕੇ ਸ਼ਿਵ ਬਿੰਦੂ ਵਿਚ ਰਲਦਾ ਤੇ ਦੂਜੇ ਤ੍ਰਿਕੋਨ ਦਾ ਰੂਪ ਧਾਰਦਾ ਹੈ। ਇੰਜ ਸ਼ਕਤੀ ਤ੍ਰਿਕੋਨ ਤੇ ਸ਼ਿਵ ਤ੍ਰਿਕੋਨ ਰਲ ਕੇ ਸ਼ਟਕੋਨ ਜਾਂ 'ਛੇ ਕੋਨਾ' ਬਣ ਜਾਂਦਾ ਹੈ। ਸ਼ਕਤੀ ਤ੍ਰਿਕੋਨ ਸ੍ਰਿਸ਼ਟੀ ਦੇ ਅਨੁਕੂਲ ਹੈ ਅਤੇ ਸ਼ਿਵ ਤ੍ਰਿਕੋਨ ਸੰਘਾਰ ਰੂਪ- ਸ੍ਰਿਸ਼ਟੀ ਦੇ ਪ੍ਰਤੀਕੂਲ (ਉਲਟ) । ਸ੍ਰਿਸ਼ਟੀ ਤੇ ਸੰਘਾਰ ਦਾ ਸਿਲਸਿਲਾ ਸਮਸ਼ਟੀ- ਜਗਤ (ਜਗਤਾਂ ਦਾ ਸਮੂਹ) ਵਿਚ ਤੇ ਵਿਅਸ਼ਟੀ (ਵਿਅਕਤੀ) ਜਗਤ ਵਿਚ ਹਮੇਸ਼ਾ ਚਲਦਾ ਰਹਿੰਦਾ ਹੈ।

ਇਸ ਤ੍ਰਿਕੋਨ ਦੀ ਖੱਬੀ ਰੇਖਾ ਪਸ਼ਯੰਤੀ ਵਾਕ ਹੈ, ਉਪਰਲੀ ਸਿੱਧੀ ਰੇਖਾ ਮੱਧਮਾ ਵਾਕ ਰੂਪ ਹੈ ਅਤੇ ਸੱਜੇ ਪਾਸੇ ਵਾਲੀ ਰੇਖਾ ਬੈਖਰੀ ਵਾਕ ਰੂਪ ਹੈ। ਇਸ ਤ੍ਰਿਕੋਨ ਦਾ ਵਿਚਕਾਰਲਾ ਸਾਖ਼ਸ਼ੀ ਬਿੰਦੂ- 'ਪਰਾ ਵਾਕ' ਰੂਪ ਹੈ। ਇਹੋ ਮਹਾ ਮਾਯਾ ਰੂਪ ਤ੍ਰਿਕੋਨ ਹੀ 'ਖੰਡਾ' ਹੈ।

ਇਸ ਤ੍ਰਿਕੋਨ ਨੂੰ ਬ੍ਰਹਮਾਂ, ਵਿਸ਼ਨੂੰ ਤੇ ਰੁਦ੍ਰ ਰੂਪ ਵੀ ਆਖਿਆ ਜਾਂਦਾ ਹੈ। ਅਤੇ ਕੁੰਡਲਿਨੀ ਰੂਪੀ 'ਮਹਾ ਮਾਯਾ' ਵੀ। ਕਿਉਂਕਿ ਕਰਤਾ ਦੇ ਕਰਨ (ਕਰਿੰਦੇ) ਰੂਪ ਇਹੋ ਬ੍ਰਹਮਾਂ ਵਿਸ਼ਨੂੰ ਤੇ ਰੁਦ੍ਰ ਹੀ ਹਨ। ਚਾਰ ਬਾਣੀਆਂ ਤੇ ਪੰਜਾਹ ਵਰਨਾਂ ਤੋਂ ਸ੍ਰਿਸ਼ਟੀ ਹੈ- ਇਸ ਲਈ ਵਰਨ ਮਈ ਤ੍ਰਿਕੋਨ ਜਾਂ ਕੁੰਡਲਿਨੀ ਨੂੰ ਨਾਦ ਰੂਪ ਵੀ ਕਿਹਾ ਜਾਂਦ ਹੈ। ਸ਼ਬਦ ਬ੍ਰਹਮ ਜਾਂ ਓਅੰਕਾਰ ਤੋਂ ਸ੍ਰਿਸ਼ਟੀ ਹੈ ਤੇ ਓਸੇ ਵਿਚ ਮੁੜ ਲੇਯ ਹੈ- ਇਸ ਲਈ ਇਸ ਵਿਚਕਾਰਲੇ ਬਿੰਦੂ ਸਮੇਤ ਤ੍ਰਿਕੋਨ ਨੂੰ ਸ਼ਬਦ ਬ੍ਰਹਮ ਰੂਪ ਵੀ ਆਖਿਆ ਜਾਂਦਾ ਹੈ।

ਇਸ ਤ੍ਰਿਕੋਨ ਦੀ ਖੱਬੀ ਰੇਖਾ ਪਸ਼ਯੰਤੀ ਵਾਕ ਹੈ, ਉਪਰਲੀ ਸਿੱਧੀ ਰੇਖਾ ਮੱਧਮਾ ਵਾਕ ਰੂਪ ਹੈ ਅਤੇ ਸੱਜੇ ਪਾਸੇ ਵਾਲੀ ਰੇਖਾ ਬੈਖਰੀ ਵਾਕ ਰੂਪ ਹੈ। ਇਸ ਤ੍ਰਿਕੋਨ ਦਾ ਵਿਚਕਾਰਲਾ ਸਾਖ਼ਸ਼ੀ ਬਿੰਦੂ- 'ਪਰਾ ਵਾਕ' ਰੂਪ ਹੈ। ਇਹੋ ਮਹਾ ਮਾਯਾ ਰੂਪ ਤ੍ਰਿਕੋਨ ਹੀ 'ਖੰਡਾ' ਹੈ।

ਏਥੋਂ ਤਕ ਸ੍ਰਿਸ਼ਟੀ ਦੇ ਜਿਸ ਸਿਲਸਿਲੇ ਦੀ ਚਰਚਾ ਹੋਈ ਹੈ- ਇਹ ਮਹਾਂ ਮਾਯਾ ਦੇ ਸ਼ੁੱਧ ਜਗਤ ਤਕ ਦੀ ਹੀ ਚਰਚਾ ਹੈ। ਏਥੋਂ ਤੱਕ ਦਾ ਜਗਤ ਅਵਿਅਕਤ ਹੈ-ਅਪ੍ਰਗਟ ਹੈ। ਦਿਸਦੇ ਜਾਂ ਮਾਯਾ ਜਗਤ ਤੱਕ ਦੇ ਵਿਚਕਾਰ ਅਜੇ ਹੋਰ ਪੜਾਓ ਹਨ। ਸ਼ੁੱਧ ਜਗਤ ਜਾਂ ਮਹਾਂ ਮਾਯਾ ਜਗਤ ਅਤੇ ਅਸ਼ੁੱਧ ਜਗਤ ਜਾਂ ਮਾਯਾ ਜਗਤ ਦੇ ਦੋਹਾਂ ਰੂਪਾਂ ਵਿਚਕਾਰ ਕਈ ਖੰਡ ਬ੍ਰਹਿਮੰਡ ਹਨ।

ਇਸ ਲੇਖ ਵਿਚ ਕੇਵਲ 'ਖੰਡਾ' ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ■

ਗੁਰਬਾਣੀ ਵਿੱਚ ਧਰਮ ਅਨੁਸਾਰ ਸਰਬਤ ਦਾ ਭਲਾ

ਧੌਲ ਧਰਮ ਦੈਯਾ ਕਾ ਪੂਤ
ਸੰਤੋਖ ਥਾਪ ਰਖਿਆ ਜਿੰਨ ਸੂਤ-

✍ ਹਰਵਿੰਦਰ ਸਿੰਘ ਹੰਸਪਾਲ

ਬਾਣੀ ਕਿਸੇ ਇਕ ਫਿਰਕੇ ਲਈ ਨਹੀਂ ਸੀ ਰਚੀ ਗਈ, ਸਮੁਚੀ ਮਾਨਵਤਾ ਲਈ ਰਚੀ ਗਈ ਹੈ। ਬਾਣੀ ਸਾਨੂੰ ਆਪਣੇ ਅਮਲ ਇਸ ਤਰ੍ਹਾਂ ਦੇ ਪੇਸ਼ ਕਰਨ ਦੀ ਸਿਖਿਆ ਦੇਂਦੀ ਹੈ ਜਿਸ ਨਾਲ ਹਿੰਦੂ, ਹਿੰਦੂ ਰਹੇ, ਮੁਸਲਮਾਨ, ਮੁਸਲਮਾਨ ਰਹੇ, ਪਰ ਕਰਮ ਉਚੇ ਰੱਖਣ। ਨਹੀਂ ਤਾਂ ਸੁੱਭ ਅਮਲਾਂ ਬਾਝੋਂ ਕੋਈ ਵੀ ਵੱਡਾ ਨਹੀਂ। ਸ਼ੁਭ ਅਮਲ ਲੋਕ ਪਰਲੋਕ ਸੁਆਰਦੇ ਹਨ। ਲੋਕ ਸੌਰਦਾ ਹੈ ਨਿਰਮਲ ਕਰਮ ਕਰਿਆਂ ਅਤੇ ਸਰਬਤ ਦਾ ਭਲਾ ਮੰਗਿਆਂ ਅਤੇ ਪਰਲੋਕ ਸੌਰਦਾ ਹੈ ਨਾਮ ਜਪਿਆਂ। ਗੁਰਬਾਣੀ ਵਿੱਚ ਲੌਕਿਕ ਅਤੇ ਪਾਰਲੌਕਿਕ ਦੋਵੇਂ ਤੱਤ ਹਨ।

ਪ੍ਰਥਮ ਸਤਿਗੁਰੂ, ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਨਾਮ ਲੇਵਾ ਗੁਰਸਿੱਖਾਂ ਵਿੱਚ ਗੁਰਬਾਣੀ ਦਾ ਬੜਾ ਮਹੱਤਵ ਹੈ। ਗੁਰਬਾਣੀ ਪੜ੍ਹ ਕੇ ਗੁਰਸਿੱਖ ਮਹਿਸੂਸ ਕਰਦੇ ਹਨ ਕਿ ਉਹਨਾਂ ਵਿਚ ਧਰਮ ਚੇਤਨਾ ਆ ਰਹੀ ਹੈ ਅਤੇ ਉਹਨਾਂ ਨੂੰ ਆਪਣੇ ਜੀਵਨ ਨੂੰ ਸੋਹਣੇ ਤੇ ਸੁਚਜੇ ਢੰਗ ਨਾਲ ਜਿਉਣ ਵਿੱਚ ਔਖਿਆਈ ਮਹਿਸੂਸ ਨਹੀਂ ਹੁੰਦੀ। ਜਿਉਂ ਜਿਉਂ, ਬਾਰ ਬਾਰ ਗੁਰਬਾਣੀ ਦਾ ਪਾਠ ਕਰੀਏ, ਅਰਥਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਗਿਆਨ ਵਧਦਾ ਜਾਂਦਾ ਹੈ। ਗੁਰਬਾਣੀ ਨੂੰ ਪੜ੍ਹ ਕੇ, ਇਸਦਾ ਅਧਿਐਨ ਕਰਕੇ, ਇਸਦੇ ਅਰਥਾਂ ਨੂੰ ਸਮਝ ਕੇ ਅਤੇ ਫਿਰ ਉਸ ਦੇ ਅਨੁਰੂਪ ਜੀਵਨ ਢਾਲਣ ਨਾਲ ਦੁੱਖਾਂ ਕਲੇਸ਼ਾਂ ਤੋਂ ਛੁਟਕਾਰਾ ਮਿਲਦਾ ਜਾਂਦਾ ਹੈ। ਆਪਾ ਪਰ ਕਾ ਮਿਟਦਾ ਜਾਂਦਾ ਹੈ। ਸਭ ਆਪਣੇ ਲਗਦੇ ਹਨ। ਦੂਸਰੇ ਦੀ ਭਲਾਈ ਕਰਨਾ ਆਪਣਾ ਭਲਾ ਲਗਦਾ ਹੈ।

ਗੁਰਬਾਣੀ ਇਸੁ ਜਗ ਮਹਿ ਚਾਨਣੁ ਹੈ। ਇਸ ਨੇ ਸਰਲ ਭਾਸ਼ਾ ਵਿਚ ਮਨੁੱਖ ਨੂੰ ਅਧਿਆਤਮਕ ਸੂਝ ਦਿੱਤੀ ਹੈ,ਉਸ ਸਮੇਂ ਦੇ ਸਮਾਜਕ ਹਾਲਤ ਉੱਤੇ ਚਾਨਣਾ ਪਾਇਆ ਹੈ ਅਤੇ ਰਾਜਨੀਤਕ ਉਤਰਾਵਾਂ ਚੜ੍ਹਾਵਾਂ ਦਾ ਜਨ ਸਧਾਰਨ ਉੱਤੇ ਅਸਰ ਪੇਸ਼ ਕੀਤਾ ਹੈ। ਗੁਰੂ ਸਾਹਿਬ ਨੇ ਬਾਣੀ ਵਿੱਚ ਉਸ ਸਮੇਂ ਵਿਆਪਕ ਕਰਮ ਕਾਂਡ ਅਤੇ ਉਪਾਸਨਾ ਬਾਰੇ ਦੱਸ ਕੇ ਗਿਆਨ ਦਾ ਸੰਚਾਰ ਕੀਤਾ ਹੈ। ਬਾਣੀ ਕਿਸੇ ਇਕ ਫਿਰਕੇ ਲਈ ਨਹੀਂ ਸੀ ਰਚੀ ਗਈ, ਸਮੁਚੀ ਮਾਨਵਤਾ ਲਈ ਰਚੀ ਗਈ ਹੈ। ਬਾਣੀ ਸਾਨੂੰ ਆਪਣੇ ਅਮਲ ਇਸ ਤਰ੍ਹਾਂ ਦੇ ਪੇਸ਼ ਕਰਨ ਦੀ ਸਿਖਿਆ ਦੇਂਦੀ ਹੈ ਜਿਸ ਨਾਲ ਹਿੰਦੂ, ਹਿੰਦੂ ਰਹੇ, ਮੁਸਲਮਾਨ, ਮੁਸਲਮਾਨ ਰਹੇ, ਪਰ ਕਰਮ ਉਚੇ ਰੱਖਣ। ਨਹੀਂ ਤਾਂ ਸੁੱਭ ਅਮਲਾਂ ਬਾਝੋਂ ਕੋਈ ਵੀ ਵੱਡਾ ਨਹੀਂ। ਸੁਭ ਅਮਲ ਲੋਕ ਪਰਲੋਕ ਸੁਆਰਦੇ ਹਨ। ਲੋਕ ਸੌਰਦਾ ਹੈ ਨਿਰਮਲ ਕਰਮ ਕਰਿਆਂ ਅਤੇ ਸਰਬਤ ਦਾ ਭਲਾ ਮੰਗਿਆਂ ਅਤੇ ਪਰਲੋਕ ਸੌਰਦਾ ਹੈ ਨਾਮ ਜਪਿਆਂ। ਗੁਰਬਾਣੀ ਵਿੱਚ ਲੌਕਿਕ ਅਤੇ ਪਾਰਲੌਕਿਕ ਦੋਵੇਂ ਤੱਤ ਹਨ।

ਬਾਣੀ ਅਨੁਸਾਰ ਸ੍ਰੇਸ਼ਟ ਧਰਮ ਹੈ,
ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥

-ਗਉੜੀ ਮਹਲਾ ੫

ਇਸ ਲੇਖ ਵਿਚ ਜਿਸ ਵਿਸ਼ੇ ਨੂੰ ਚਰਚਾ ਦਾ ਧੁਰਾ ਬਣਾਇਆ ਗਿਆ ਹੈ ਉਹ ਹੈ ਗੁਰਬਾਣੀ ਵਿੱਚ ਧਰਮ ਅਨੁਸਾਰ ਸਰਬਤ ਦਾ ਭਲਾ।

ਉਂਜ ਤਾਂ ਗੁਰਬਾਣੀ ਨੂੰ ਵਾਚਿਆਂ, ਉਸਨੂੰ ਸਮਝਿਆਂ ਅਤੇ ਸਤਿਗੁਰੂ ਸਾਹਿਬਾਨ ਦੇ ਜੀਵਨ ਕਾਲ ਦੇ ਦ੍ਰਿਸ਼ਟਾਂਤਾਂ ਤੋਂ ਇਹ ਗੱਲ ਗੁੱਝੀ ਨਹੀਂ ਰਹਿੰਦੀ ਕਿ ਗੁਰਬਾਣੀ, ਗੁਰ ਇਤਿਹਾਸ ਅਤੇ ਗੁਰਮਤਿ ਦਾ ਭਾਵੇਂ ਆਰਥਿਕ ਪਖੋਂ ਅਧਿਐਨ ਕਰੀਏ ਭਾਵੇਂ ਰਾਜਨੀਤਕ ਪਖੋਂ ਜਾਂ ਸਮਾਜਕ ਪਖੋਂ ਸਰਬਤ ਦਾ ਭਲਾ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ। ਇਸ ਲੇਖ ਵਿਚ ਸਾਡੀ ਸੀਮਾ ਧਰਮ ਦੇ ਪਖੋਂ ਸਰਬਤ ਦੇ ਭਲੇ ਬਾਰੇ ਵਿਚਾਰ ਕਰਨ ਦੀ ਹੈ। ਸੋ ਪਹਿਲਾਂ ਧਰਮ ਬਾਰੇ ਹੀ ਨਖੇੜਾ ਕਰ ਲਿਆ ਜਾਏ। ਕਿ ਧਰਮ ਕੀ ਹੈ, ਫਿਰਕੇਦਾਰੀ ਜਾਂ ਸਦਗੁਣਾ ਦਾ ਸਮੂਹ?

ਗੁਰਬਾਣੀ ਵਿੱਚ ਧਰਮ ਨੂੰ ਧਾਰਨ ਕਰਨ ਬਾਰੇ ਥਾਂ ਪਰ ਥਾਂ ਲਿਖਿਆ ਹੋਇਆ ਹੈ। ਉਹ ਧਰਮ ਕਿਹੜਾ ਹੈ ਜਿਸ ਨੂੰ ਧਾਰਨ ਕਰਨਾ ਹੈ? ਇਸ ਬਾਰੇ ਸਤਿਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੀ ੧੬ਵੀਂ ਪਉੜੀ ਵਿੱਚ ਹੀ ਲਿਖ ਦਿੱਤਾ ਹੈ ਕਿ ਪੌਰਾਣਕ ਕਥਾਵਾਂ ਅਨੁਸਾਰ ਜਿਸ ਬਲਦ ਨੇ ਧਰਤੀ ਦਾ ਭਾਰ ਚੁੱਕਿਆ ਹੋਇਆ ਹੈ ਉਹ ਧਰਮ ਰੂਪੀ ਬਲਦ ਹੈ:

ਧੌਲੁ ਧਰਮੁ ਦਇਆ ਕਾ ਪੂਤੁ।
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ।

ਧੌਲ ਧਰਮ ਰੂਪੀ ਬਲਦ ਦਇਆ ਦਾ ਪੁੱਤਰ ਹੈ। ਉਸ ਨੇ ਸੰਤੋਖ ਨਾਲ ਇਸਨੂੰ ਸੂਤ ਕਰਕੇ, ਨੇਮ ਬਧ ਕਰਕੇ ਰਖਿਆ ਹੈ। ਜਿਸ ਅੰਦਰ ਦਇਆ ਹੋਵੇਗੀ ਉਸ ਅੰਦਰ ਹੰਕਾਰ ਨਹੀਂ ਆਵੇਗਾ। ਉਹ ਵਿਅਕਤੀ ਸੁਚੇਤ ਹੀ ਨਹੀਂ ਅਚੇਤ ਰੂਪ ਵਿੱਚ ਵੀ ਪਾਪਾਂ ਤੋਂ ਡਰੇਗਾ ਤੇ ਬਚੇਗਾ। ਏਸੇ ਕਰਕੇ ਦਇਆ ਦਾ ਪੱਲਾ ਨਾ ਛੱਡਣ ਲਈ ਗੋਸਵਾਮੀ ਤੁਲਸੀ ਦਾਸ ਜੀ ਨੇ ਵੀ ਲਿਖਿਆ ਹੈ:

ਦਯਾ ਧਰਮ ਕਾ ਮੂਲ ਹੈ ਪਾਪ ਮੂਲ ਅਭਿਮਾਨ।
ਤੁਲਸੀ ਦਯਾ ਨਾ ਛੋਡੀਏ, ਜਬ ਲਗ ਘਟ ਮੇਂ ਪ੍ਰਾਨ।

ਗੁਰੂ ਅਰਜਨ ਦੇਵ ਜੀ ਦਇਆ ਕਰਨ ਵਾਲੇ ਪੁਰਖ ਨੂੰ ਸੁਜਾਨ ਦਾ ਵਿਸ਼ੇਸਣ ਦੇਂਦੇ ਹਨ,

ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ॥
ਜਿਸਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ॥
-ਮਾਝ ਮਹਲਾ ੫

ਜਿਸ ਪੁਰਸ਼ ਦੇ ਅੰਦਰ ਦਇਆ ਭਾਵਨਾ ਹੈ ਉਹ ਮਨੁੱਖਾਂ ਹੀ ਨਹੀਂ ਸਾਰੇ ਜੀਵ ਜੰਤੂਆਂ ਦਾ ਭਲਾ ਅਤੇ ਵਾਯੂ ਮੰਡਲ ਦੀ ਸ਼ਾਂਤੀ ਲੋਚਦਾ ਹੈ। ਉਸ ਨੂੰ ਸਰਬਤ ਦਾ ਭਲਾ ਕਰਨ ਲਈ ਉਚੇਚ ਕਰਨ ਦੀ ਲੋੜ ਹੀ ਨਹੀਂ ਪੈਂਦੀ ਕਿਉਂਕਿ ਬੁਰਾਈ ਉਸ ਦੇ ਅੰਦਰ ਆਉਂਦੀ ਹੀ ਨਹੀਂ।

ਸੰਤੋਖੀ ਜੀਵ ਵਿੱਚ ਨਾ ਭੁੱਖ ਹੈ, ਨਾ ਤ੍ਰਿਸ਼ਨਾ ਹੈ, ਨਾ ਈਰਖਾ ਹੈ, ਨਾ ਸਾੜਾ ਹੈ। ਉਸ ਅੰਦਰ ਧੀਰਜ ਹੈ, ਸਬਰ ਹੈ ਗਹਿਰ ਗੰਭੀਰਤਾ ਹੈ। ਉਹ ਕਿਸੇ ਦੀ ਚੋਪੜੀ ਵੇਖ ਕੇ ਜੀਅ ਨਹੀਂ ਤਰਸਾਉਂਦਾ ਸਗੋਂ ਰੁੱਖੀ ਸੁਕੀ ਖਾ ਕੇ ਠੰਢਾ ਪਾਣੀ ਪੀ ਕੇ ਖੁਸ਼ ਹੈ। ਉਸ ਨੂੰ ਧਰਮੀ ਪੁਰਖ ਸਮਝਿਆ ਜਾਂਦਾ ਹੈ।

ਧਰਮ ਦਾ ਅਰਥ ਕੋਈ ਪੰਥ ਜਾਂ ਫਿਰਕਾ ਨਹੀਂ। ਨਾ ਇਸ ਦਾ ਸੰਬੰਧ ਤੋੜਨ ਵਿਛੋੜਨ ਨਾਲ ਹੈ। ਨਾ ਲੜਾਈ ਝਗੜੇ ਨਾਲ। ਹੁਣ ਤਾਂ ਇਹ ਸਮਝਿਆ ਜਾਂਦਾ ਹੈ ਕਿ ਜੇ ਹਿੰਦੂ, ਸਿੱਖ, ਮੁਸਲਮਾਨ ਮਿੱਤਰ ਇੱਕਠੇ ਤੁਰੇ ਜਾਂਦੇ ਹਨ ਤਾਂ ਮੰਦਰ, ਮਸਜਿਦ, ਗੁਰਦੁਆਰੇ ਉਹਨਾਂ ਨੂੰ ਵੱਖ ਵੱਖ ਕਰਦੇ ਹਨ, ਕਿਉਂਕਿ ਜਦ ਉਹਨਾਂ ਨੂੰ ਧਰਮ ਕਰਮ ਪੂਜਾ ਪਾਠ ਦੀ ਲੋੜ ਪਵੇਗੀ ਤਾਂ ਉਹ ਇਕੱਠੇ ਨਹੀਂ ਬੈਠ ਸਕਣਗੇ। ਉਹਨਾਂ ਨੂੰ ਆਪਣੇ ਆਪਣੇ ਧਰਮ ਸਥਾਨਾਂ ਵਿਚ ਜਾਣਾ ਪਵੇਗਾ। ਜੇ ਕਿਤੇ ਵਾਤਾਵਰਣ ਭੜਕੀਲਾ ਹੋ ਗਿਆ ਤਾਂ ਹਿੰਸਾ ਤੋਂ ਵੀ ਗੁਰੇਜ ਨਹੀਂ ਕਰਨਗੇ।

ਪਰ ਇਹ ਹਿੰਸਾ ਧਰਮ ਕਰਕੇ ਨਹੀਂ। ਜੇ ਧਰਮ ਦੀ ਲੜਾਈ ਹੋਵੇ ਤਾਂ ਇਕੋ ਧਰਮ ਨੂੰ ਮੰਨਣ ਵਾਲੇ ਆਪਸ ਵਿੱਚ ਕਿਉਂ ਲੜਨ। ਇਕੋ ਧਰਮ ਸਥਾਨ ਉੱਤੇ ਕਬਜ਼ਾ ਜਮਾਉਣ ਲਈ ਫਸਾਦ ਕਿਉਂ ਹੋਣ? ਇਹ ਲੜਾਈ ਕਬਜ਼ੇ ਦੀ ਭਾਵਨਾ ਦੀ ਹੈ। ਗੁਰਬਾਣੀ ਅਨੁਕੂਲ ਸੋਚ ਨਾ ਹੋਣ ਦੀ ਹੈ। ਦਇਆ ਵਲੋਂ ਪਿਠ ਮੋੜਨ ਕਾਰਨ ਹੈ, ਸਭ ਦਾ ਭਲਾ ਸੋਚਣ ਦੀ ਥਾਂ ਆਪਣਾ ਭਲਾ ਅਤੇ ਦੂਸਰੇ ਦਾ ਬੁਰਾ ਕਰਨ ਦੀ ਹੈ।

ਸਾਰੀ ਧਰਤੀ ਧਰਮਸਾਲ ਹੈ ਧਰਮ ਕਾਰਜ ਕਰਨ ਲਈ ਹੈ। ਅਕਾਲ ਪੁਰਖ ਨੇ ਦਿਨ ਰਾਤ ਬਣਾਏ ਹਨ ਤਾਂ ਕਿਸੇ ਵਿਅਕਤੀ ਵਿਸ਼ੇਸ਼ ਜਾਂ ਵਰਗ ਲਈ ਨਹੀ, ਰੁੱਤਾਂ ਤੇ ਥਿੱਤਾਂ ਵੀ ਏਸੇ ਤਰ੍ਹਾਂ ਇੱਕ ਲਈ ਨਹੀ ਬਣਾਈਆਂ। ਥਿੱਤ ਵਾਰ ਵੀ ਸਭ ਦੇ ਸਾਂਝੇ ਹਨ। ਹਵਾ, ਪਾਣੀ, ਅੱਗ ਸਭ ਦੇ ਸਾਂਝੇ ਹਨ। ਇਹਨਾਂ ਵਿੱਚ ਧਰਤੀ ਹੈ ਧਰਮਸਾਲ, ਜਿਸ ਵਿਚ ਸਭ ਪ੍ਰਕਾਰ ਦੇ ਜੀਵ ਜੰਤੂ ਵਸਦੇ ਹਨ:

ਰਾਤੀ ਰੁਤੀ ਥਿਤੀ ਵਾਰ॥
ਤਿਧੁ ਵਿਚਿ ਧਰਤੀ ਥਾਪਿ ਰੱਖੀ ਧਰਮਸਾਲ॥
ਤਿਸੁ ਵਿਚਿ ਜੀਅ ਜੁਗਤਿ ਕੇ ਰੰਗ॥
ਤਿਨ ਕੇ ਨਾਮ ਅਨੇਕ ਅਨੰਤ॥ -ਜਪੁਜੀ

ਧਰਤੀ ਰੂਪ ਧਰਮਸਾਲ ਵਿਚ ਜਿਸ ਧਰਮ ਦੀ ਗੱਲ ਹੈ ਉਹ ਧ੍ਰਿ ਧਾਤੂ ਤੋਂ ਬਣਦਾ ਹੈ। ਜਿਸ ਦੇ ਅਰਥ ਹਨ ਆਸਰਾ ਦੇਣ ਤੇ ਧਾਰਨ ਕਰਨ ਦੇ। ਉਹ ਅਸੂਲ ਜੋ ਸਾਰੀ ਸ੍ਰਿਸ਼ਟੀ ਦਾ ਅਧਾਰ ਬਣਨ। ਉਹਨਾਂ ਅਸੂਲਾਂ ਨੂੰ ਅਸੁਰ ਤੋੜਦੇ ਹਨ, ਜਿਨ੍ਹਾਂ ਨੂੰ ਦੈਂਤ, ਰਾਖਸ਼ਸ਼ ਆਦਿ ਸ਼ਬਦਾਂ ਨਾਲ ਪੁਕਾਰਿਆ ਜਾਂਦਾ ਹੈ। ਅਸੁਰੀ ਅਨਸਰਾਂ ਦਾ ਖ਼ਾਤਮਾ ਕਰਨ ਲਈ ਤੇ ਧਰਮ ਦੀ ਸਥਾਪਨਾਂ ਕਰਨ ਲਈ ਭਗਵਾਨ ਆਪ ਅਵਤਾਰ ਧਾਰਦਾ ਹੈ:

ਧਰਮ ਸੰਸਥਾਪਨਾਰਥਯ ਸੰਭਵਾਮਿ ਯੁਗੇ ਯੁਗੇ।
- ਭਗਵ ਗੀਤਾ ਅਧਿਆਇ-੪

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਧਰਮ ਦੀ ਐਸੀ ਦਸ਼ਾ ਹੋ ਚੁੱਕੀ ਸੀ,

ਸਰਮੁ ਧਰਮੁ ਦੁਇ ਛਪਿ ਖਲੋਏ
ਕੂੜ ਫਿਰੈ ਪਰਧਾਨੁ ਵੇ ਲਾਲੋ॥ -ਤਿਲੰਗ ਮਹਲਾ ੧

ਕੂੜ ਦੀ ਪ੍ਰਧਾਨਤਾ ਸਮੇਂ ਕੋਈ ਧਰਮ ਵੀ ਸੁਰਖਿਅਤ ਨ ਰਿਹਾ।

ਭਾਰਤੀ ਰਾਜੇ ਸਦੀਆਂ ਪਹਿਲਾਂ ਆਪਣਾ ਰਾਜ ਭਾਗ ਖੁਹਾ ਚੁੱਕੇ ਸਨ। ਮੁਹੰਮਦ ਬਿਨ ਕਾਸਿਮ ਤੋਂ ਸ਼ੁਰੂ ਹੋ ਕੇ ਮੁਸਲਿਮ ਹਮਲਾਵਰ ਭਾਰਤ ਨੂੰ ਲੁਟਦੇ ਲਤਾੜਦੇ ਰਹੇ ਸਨ। ਇੱਕ ਦੂਜੇ ਨੂੰ ਹਰਾ ਕੇ ਭਾਰਤ ਭੂਮੀ ਤੇ ਰਾਜ ਕਰਦੇ ਰਹੇ ਸਨ। ਸਤਿਗੁਰੂ ਨਾਨਕ ਦੇਵ ਜੀ ਦੇ ਸਮੇਂ ਲੋਧੀ ਖਾਨਦਾਨ ਕੋਲੋਂ ਬਾਬਰ ਨੇ ਮੁਗਲੀਆ ਹਕੂਮਤ ਲਈ ਰਾਜ ਭਾਗ ਜਿੱਤ ਲਿਆ ਸੀ।

ਭਾਰਤੀ, ਡਰ ਕੇ ਜਾਂ ਲਾਭ ਹਿਤ, ਧਰਮੋਂ ਬੇਧਰਮ ਹੋ ਰਹੇ ਸਨ। ਉਹਨਾਂ ਨੂੰ ਧਰਮ ਦੀ ਸਿਖਿਆ ਦੇਣ ਵਾਲੇ ਸਿਧ, ਨਾਥ, ਯੋਗੀ ਸਭ ਪਹਾੜਾਂ ਵਿੱਚ ਜਾ ਛੁਪੇ ਸਨ। ਰਾਜਪੁਤਾਨੇ ਤੇ ਗੁਜਰਾਤ ਵਿੱਚ ਜੈਨ ਮਤ ਦਾ ਜ਼ੋਰ ਸੀ ਪਰ ਬਾਕੀ ਭਾਰਤ ਭੂਮੀ ਸਨਾਤਨ ਧਰਮੀ ਸੀ, ਸ੍ਰੀ ਰਾਮ, ਸ਼ਿਵ, ਕ੍ਰਿਸ਼ਨ ਆਦਿ ਦੀ ਉਪਾਸਕ ਸੀ। ਇਸ ਉਪਾਸਨਾ ਨੇ ਹੀ ਭਗਤੀ ਲਹਿਰ ਦਾ ਰੂਪ ਧਾਰਨ ਕੀਤਾ ਜਿਸ ਦਾ ਪ੍ਰਤੱਖ ਪ੍ਰਗਟਾਅ ਤੁਲਸੀ ਦਾਸ, ਸੂਰਦਾਸ, ਮੀਰਾ ਬਾਈ ਆਦਿ ਦੀਆਂ ਉੱਤਮ ਕਾਵਿ ਰਚਨਾਵਾਂ ਹਨ।

ਸਤਿਗੁਰੂ ਨਾਨਕ ਦੇਵ ਜੀ ਨੇ ਮਹਿਸੂਸ ਕੀਤਾ ਕਿ ਲੋਕ ਢੇਰੀ ਢਾਹ ਬੈਠੇ ਹਨ। ਉਹਨਾਂ ਅੰਦਰ ਧਰਮ ਭਾਵਨਾ ਹੀਨ ਹੋ ਗਈ ਸੀ। ਜਿਸ ਕਰਕੇ ਉਹ ਸ਼ਕਤੀ ਹੀਨ ਹੋ ਗਏ ਸਨ ਅਤੇ ਧਰਮ ਜੋਧਾ ਨਹੀਂ ਸਨ ਰਹੇ। ਉਹ ਆਪਣਾ ਲੋਕ ਪ੍ਰਲੋਕ ਤਾਂ ਗੁਆ ਹੀ ਬੈਠੇ ਸਨ,ਉਹ ਕਿਸੇ ਦਾ ਭਲਾ ਕਰਨ ਬਾਰੇ ਸੋਚ ਵੀ ਨਹੀਂ ਸਨ ਸਕਦੇ।

ਸਤਿਗੁਰੂ ਜੀ ਨੇ ਖੇਤੀ ਦੀ ਕਾਰ ਕਰਨ ਦਾ ਅਲੰਕਾਰ ਵਰਤ ਕੇ ਲਿਖਿਆ,

ਧਰਮੁ ਭੂਮਿ ਸਤੁ ਬੀਜ ਕਰਿ ਐਸੀ ਕਿਰਸ ਕਮਾਵਹੁ॥
ਤਾਂ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ॥
-ਆਸਾ ਮਹਲਾ ੧

ਲਾਹ ਖੱਟਣ ਲਈ ਧਰਮ ਦੀ ਧਰਤੀ ਉੱਤੇ ਸਤਿ ਦਾ ਬੀਜ ਜਦੋਂ ਉੱਗੇਗਾ ਤਾਂ ਉਸਦੀ ਮਹਿਕ ਚਹੁੰ ਕੂੰਟੀ ਪਸਰੇਗੀ ਅਤੇ ਸਾਰੀ ਦੁਨੀਆਂ ਨੂੰ ਇਸ ਦੀ ਸੁਗੰਧੀ ਦਾ ਅਨੰਦ ਦਿੱਤਾ ਜਾ ਸਕੇਗਾ।

ਚੌਥੇ ਪਾਤਸ਼ਾਹ ਲਿਖਦੇ ਹਨ ਕਿ ਮੈਨੂੰ ਮੇਰੇ ਸਤਿਗੁਰੂ ਨੇ ਦ੍ਰਿੜਾਇਆ ਹੈ ਕਿ,

ਨਿਰਮਲ ਨਿਰਮਲ ਕਰਮ ਬਹੁ ਕੀਨੇ
ਨਿਤ ਸਾਖਾ ਹਰੀ ਜੜੀਜੈ।
ਧਰਮੁ ਫੁਲੁ ਫਲੁ ਗੁਰ ਗਿਆਨੁ ਦ੍ਰਿੜਾਇਆ
ਬਹਕਾਰ ਬਾਸੁ ਜਗਿ ਦੀਜੈ। -ਕਲਿਆਨ ਮਹਲਾ ੪

ਸਤਿਗੁਰ ਨੇ ਕ੍ਰਿਪਾ ਕੀਤੀ, ਸਾਧ ਸੰਗਤ ਵਿੱਚ ਬੈਠ ਕੇ ਅਰਾਧਨਾ ਕਰ ਸਕੇ ਤਾਂ ਸਤਿਗੁਰੂ ਨੇ ਦਾਤਾਂ ਬਖ਼ਸ਼ੀਆਂ,

ਸਾਧਸੰਗਿ ਆਰਾਧਨਾ ਹਰਿ ਨਿਧਿ ਆਪਾਰ॥
ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥
-ਬਿਲਾਵਲ ਮਹਲਾ ੫

ਸ਼ਾਸਤਰਾਂ ਅਨੁਸਾਰ ਧਰਮ ਦੇ ਦਸ ਅੰਗ ਹਨ:
ਖਿਮਾ ਅਹਿੰਸਾ ਦਇਆ ਮ੍ਰਿਦ ਸਤਬਚਨ ਤ੍ਰਪ ਦਾਨ॥
ਸੀਲ ਸੋਚ ਤ੍ਰਿਸਨਾ ਬਿਨਾ ਧਰਮ ਲਿੰਗ ਦਸ ਜਾਨ॥

ਇਹਨਾਂ ਧਰਮ ਦੇ ਲੱਛਣਾਂ ਬਾਰੇ ਗੁਰਬਾਣੀ ਵਿੱਚ ਕਈ ਥਾਈਂ ਹਵਾਲੇ ਅੰਕਿਤ ਕੀਤੇ ਗਏ ਹਨ ਅਤੇ ਧਰਮਾਂ ਦੇ ਗੁਣਾਂ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ।

ਗੁਰਬਾਣੀ ਦਾ ਮਨੋਰਥ ਤਾਂ ਬੰਦੇ ਨੂੰ ਵਧੀਆ ਮਨੁੱਖ ਬਣਾਉਂਣਾ ਹੈ। ਜੇ ਉਹ ਧਰਮ ਦੇ ਲਛਣਾਂ ਨੂੰ ਅਮਲੀ ਰੂਪ ਦੇਵੇਗਾ ਤਾਂ ਉਹ ਸਦਗੁਣਾਂ ਦਾ ਧਾਰਨੀ ਹੋ ਜਾਵੇਗਾ। ਉਸ ਅੰਦਰੋਂ ਤਾਤ ਪਰਾਈ ਖ਼ਤਮ ਹੋ ਜਾਵੇਗੀ। ਕੋਈ ਉਸ ਨੂੰ ਓਪਰਾ ਨਹੀਂ ਲਗੇਗਾ, ਬੇਗਾਨਾ ਨਹੀਂ ਲਗੇਗਾ। ਉਂਹ ਸਤਿਗੁਰੂ ਜੀ ਦੀ ਬਾਣੀ ਉੱਤੇ ਅਮਲ ਕਰ ਸਕੇਗਾ।

ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ।
-ਕਾਨੜਾ ਮਹਲਾ ੫

ਦੂਸਰੇ ਨੂੰ ਕੰਡਾ ਚੁਭਣ ਦੀ ਪੀੜ ਉਸ ਨੂੰ ਹੋਵੇਗੀ। ਦੂਸਰੇ ਦਾ ਦੁਖ ਉਸਨੂੰ ਆਪਣਾ ਦੁਖ ਜਾਪੇਗਾ। ਉਹ ਔਖੀ ਘੜੀ ਸਮੇਂ ਲੋੜਵੰਦ ਦੀ ਸਹਾਇਤਾ ਲਈ ਤਤਪਰ ਰਹੇਗਾ। ਗੁਰਬਾਣੀ ਦੀ ਭਾਵਨਾ ਨੂੰ ਸਮਝ ਚੁੱਕਾ ਹੋਵੇਗਾ ਕਿ:

ਸਭ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ
ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ।
-ਧਨਾਸਰੀ ਮਹਲਾ ੫

ਸਾਰੇ ਆਪਣੇ ਮਿੱਤਰ ਤਾਂ ਹੀ ਬਣਦੇ ਹਨ ਜੇ ਆਪਣੇ ਅੰਦਰ ਮਿੱਤਰ ਭਾਵ ਹੋਵੇ। ਆਪ ਸਰਬਤ ਦਾ ਭਲਾ ਲੋਚੀਏ। ਆਪਣਾ ਭਲਾ ਕਰਨ ਵਾਲੇ ਪ੍ਰਤੀ ਤਾਂ ਮਨੁੱਖ ਦੀ ਸਦ ਭਾਵਨਾ ਹੁੰਦੀ ਹੈ। ਜਿਸ ਤੋਂ ਕਿਸੇ ਨੇ ਕੋਈ ਮਤਲਬ ਕਢਣਾ ਹੋਵੇ ਉਸ ਪ੍ਰਤੀ ਵੀ ਸਦ ਭਾਵਨਾ ਹੁੰਦੀ ਹੈ ਪਰ ਨਿਰਇਛਿਤ ਭਾਵ ਨਾਲ ਭਲਾ ਕਰਨ ਬਾਰੇ, ਉਹ ਵੀ ਦੋਸਤ ਦਾ ਹੀ ਨਹੀਂ ਦੁਸ਼ਮਨ ਦਾ ਵੀ, ਅਤੇ ਚੰਗੇ ਬੰਦੇ ਦਾ ਹੀ ਨਹੀਂ, ਭੈੜੇ ਬੰਦੇ ਦਾ ਵੀ, ਬਾਰੇ ਤਾਂ ਬਾਣੀ ਦਸਦੀ ਹੈ,

ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨ ਨਾ ਹਢਾਏ॥
ਦੇਹੀ ਰੋਗ ਨਾ ਲਗਈ ਪਲੈ ਸਭੁ ਕਿਛੁ ਪਾਇ॥

ਫ਼ਰੀਦ ਜੀ ਦੀ ਇਸ ਬਾਣੀ ਤੋਂ ਇਹ ਗੱਲ ਵੀ ਸਪਸ਼ਟ ਹੋ ਜਾਂਦੀ ਹੈ ਕਿ ਜਿਸ ਦੀ ਬਿਰਤੀ ਭਲਾ ਕਰਨ ਦੀ ਨਹੀਂ ਉਹ ਰੋਗੀ ਰਹਿੰਦਾ ਹੈ। ਚਿੰਤਾ, ਫਿਕਰ, ਈਰਖਾ, ਦਵੈਤ, ਸਾੜਾ, ਕੀਨਾ ਰੋਗ ਹੀ ਤਾਂ ਹਨ। ਜਿਹੜੇ ਲੋਕ ਸਦਾ ਕਿਸੇ ਦਾ ਬੁਰਾ ਕਰਨ ਦੀਆਂ ਵਿਉਂਤਾਂ ਸੋਚਦੇ ਰਹਿੰਦੇ ਹਨ ਉਹ ਚੰਗਾ ਨਹੀਂ ਸੋਚ ਸਕਦੇ, ਭਲਾ ਨਹੀਂ ਸੋਚ ਸਕਦੇ। ਜੋ ਬੁਰਾ ਸੋਚਣਗੇ ਉਸ ਦੇ ਅੰਦਰੋਂ ਬੋਲ ਵੀ ਮੰਦੇ ਨਿਕਲਣਗੇ। ਕਿਸੇ ਨੂੰ ਮੰਦਾ ਫਿਕਾ ਬੋਲਣਗੇ। ਬੰਦਾ ਦੁਖੀ ਹੋ ਜਾਂਦਾ ਹੈ, ਰਜ ਕੇ ਦੁਖੀ। ਇਸ ਦੁਖ ਤੋਂ ਛੁਟਕਾਰਾ ਪਾਉਣ ਦਾ ਮਾਰਗ ਵੀ ਸਤਿਗੁਰੂ ਸਾਹਿਬਾਨ ਨੇ ਆਪਣੀ ਬਾਣੀ ਰਾਹੀਂ ਦੱਸਿਆ ਹੈ,

ਪਰ ਕਾ ਬੁਰਾ ਨਾ ਰਾਖਹੁ ਚੀਤ॥
ਤੁਮ ਕਉ ਦੁਖੁ ਨਹੀ ਭਾਈ ਮੀਤ॥

ਕਿਉਂਕਿ ਬਾਣੀ ਭਲੇ ਪਾਸੇ ਲਾਉਂਦੀ ਹੈ ਏਸੇ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਨਾਮੇ ਵਿੱਚ ਲਿਖ ਕੇ ਭੇਜਿਆ,

"ਬਾਣੀ ਸਭ ਨੇ ਕੰਠ ਕਰਨੀ ਜਨਾਨੇ ਮਰਦਾਨੇ ਨੇ, ਬੁਢੇ ਬਾਲੇ ਨੇ। ਜੋ ਬਾਣੀ ਪੜ੍ਹੇਗਾ ਅਰ ਭਜਨ ਕਰੇਗਾ ਸੋ ਉਸਕੇ ਵਾਸਤੇ ਸਭ ਸੁਖ ਹੋਣਗੇ ਰਿਜਕ ਵਿਚ ਵੀ ਬਰਕਤ ਹੋਊਗੀ। ਸਰੀਰ ਬੀ ਅਰੋਗ ਰਹੇਗਾ।"

ਸਭ ਸੁਖ ਤਾਂ ਸਭ ਸੁਖ ਬੀਜਣ ਨਾਲ ਹੀ ਵੱਢੇ ਜਾ ਸਕਦੇ ਹਨ। ਕਿਉਂਕਿ ਖੇਤ ਤਾਂ ਕਰਮਾ ਸੰਦੜਾ ਹੈ ਇਹ ਸੰਭਵ ਨਹੀਂ ਕਿ ਕਿੱਕਰ ਬੀਜ ਕੇ ਦਾਖਾਂ ਖਾ ਸਕੀਏ ਅਤੇ ਉੱਨ ਕਤਾ ਕੇ ਰੇਸ਼ਮ ਪਹਿਨ ਸਕੀਏ।

ਸੁਭ ਕਰਮ, ਗੁਰਬਾਣੀ ਅਨੁਸਾਰ ਜੀਵਨ ਜਿਉਂਣਾ ਹੈ। ਅੰਮ੍ਰਿਤ ਵੇਲੇ ਉਠਣਾ ਹੈ, ਪਿਛਲ ਰਾਤ ਨਾ ਜਾਗਣ ਵਾਲਾ ਤਾਂ ਜਿਉਂਦਾ ਹੀ ਮੋਇਆਂ ਵਰਗਾ ਹੈ। ਅੰਮ੍ਰਿਤ ਵੇਲੇ ਉਠ ਕੇ ਸਣੇ ਕੇਸੀ ਇਸ਼ਨਾਨ ਕਰਨਾ ਹੈ ਕਿਉਂਕਿ ਇਸ ਨਾਲ ਮੋਇਆਂ ਜੀਵਦਿਆਂ ਗਤ ਹੁੰਦੀ ਹੈ। ਅਕਾਲ ਪੁਰਖ ਦੀ ਅਰਾਧਨਾ ਤਾਂ ਦਿਨ ਰਾਤ ਕਰਨੀ ਹੈ। ਸਤਿਪੁਰਖ ਜਾਨਣ ਵਾਲੇ ਸਤਿਗੁਰੂ ਦੇ ਹੁਕਮ ਵਿੱਚ ਰਹਿਣਾ ਹੈ ਅਤੇ ਅਕਾਲ ਪੁਰਖ ਦਾ ਭਾਣਾ ਮਿੱਠਾ ਕਰ ਮੰਨਣਾ ਹੈ ਅਤੇ,

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰ ਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ॥
ਗੁਰਸਿਖਾ ਕੇ ਮੁਹ ਉਜਲੇ ਕਰੇ ਹਰਿ ਪਿਆਰਾ
ਗੁਰ ਕਾ ਜੈਕਾਰੁ ਸੰਸਾਰਿ ਸਭਤੁ ਕਰਾਏ॥
-ਗਉੜੀ ਮਹਲਾ ੫

ਗੁਰਸਿੱਖ ਦਾ ਭਾਵ ਹੈ ਉਹ ਪੁਰਸ਼ ਹੈ ਜਿਹੜੇ ਆਪਨੇ ਗੁਰੂ ਦੇ ਹੁਕਮਾਂ ਦੇ ਅਨੁਕੂਲ ਜੀਵਨ ਬਿਤੀਤ ਕਰੇ। ਗੁਰੂ ਸਾਹਿਬਾਨ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਸੰਕਲਿਤ ਕਰ ਕੇ ਪ੍ਰਾਣੀ ਮਾਤਰ ਤੇ ਬੜਾ ਵੱਡਾ ਪਰਉਪਕਾਰ ਕੀਤਾ ਅਤੇ ਜੀਵਨ ਦੇ ਹਰ ਪਹਿਲੂ ਬਾਰੇ ਮਾਰਗ ਦਿਖਾਇਆ ਹੈ। ਗੁਰਸਿੱਖ ਨੂੰ ਗੁਰਬਾਣੀ ਚੋਂ ਗੁਰਬਾਣੀ ਤੇ ਅਧਾਰਿਤ ਜੀਵਨ ਜਿਉਣ ਦੀ ਪ੍ਰੇਰਣਾ ਵੀ ਮਿਲਦੀ ਹੈ ਅਤੇ ਸੇਧ ਵੀ। ਫਿਰ ਵੀ ਇਨਸਾਨ ਸੰਸਾਰ ਦੇ ਵਿਸ਼ਿਆਂ ਵਿਕਾਰਾਂ ਵਿਚ ਫਸ ਕੇ ਦੱਸੀ ਹੋਈ ਗੁਰ ਮਰਿਯਾਦਾ ਤੋਂ ਭਟਕ ਜਾਂਦਾ ਹੈ। ਸਿਧਾ ਪੰਧ ਛਡ ਕੁਰਾਹੇ ਪੈ, ਜੀਵਨ ਯਾਤਰਾ ਵਿਚ ਸੰਕਟ ਝੇਲਦਾ ਹੈ।

ਗੁਰੂ ਸਾਹਿਬਾਨ ਨੇ ਗੁਰਬਾਣੀ ਵਿਚ ਸਿਧੇ ਸਾਧੇ ਤੇ ਸਪਸ਼ਟ ਫਾਰਮੂਲੇ ਲਿਖ ਦਿੱਤੇ ਹਨ, ਜਿਹੜਾ ਉਹਨਾਂ ਫਾਰਮੂਲਿਆਂ ਦਾ ਪ੍ਰਯੋਗ ਕਰੇਗਾ ਲਾਭ ਉਠਾਏਗਾ। ਜੇ ਜੀਵਨ ਵਿਚ ਕਲਹਿ ਤੇ ਕਲੇਸ਼ ਮਿਟਾ ਕੇ ਸੁਖ ਚਾਹੀਦਾ ਹੈ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ :

ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ
ਕਲਿ ਕਲੇਸ ਤਨ ਮਾਹਿ ਮਿਟਾਵਉ -ਸੁਖਮਨੀ

ਇਹ ਵੀ ਸਪਸ਼ਟ ਦੱਸਿਆ ਹੈ ਸਿਮਰਨਾ ਤੇ ਧਿਆਉਣਾ ਕਿਸ ਤਰ੍ਹਾਂ ਹੈ। ਅੰਮ੍ਰਿਤ ਵੇਲੇ ਉਠਣਾ ਹੈ ਇਸ਼ਨਾਨ ਕਰਕੇ ਸਿਮਰਨ ਕਰਨਾ ਹੈ, ਦਿਨ ਚੜ੍ਹਨ ਸਾਰ ਗੁਰਬਾਣੀ ਦਾ ਪਾਠ ਕਰਨਾ ਹੈ

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ
ਸੁ ਭਲਕੇ ਉਠਿ ਹਰਿ ਨਾਮੁ ਧਿਆਵੈ।।
ਉਦਮੁ ਕਰੈ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ।।
....
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ।-ਮਹਲਾ ੪

ਗੁਰੂ ਜੀ ਨੇ ਇਸ਼ਨਾਨ ਦੀ ਵੀ ਵਿਆਖਿਆ ਕਰ ਦਿੱਤੀ ਹੈ ਨਾਲ ਇਹ ਵੀ ਹੁਕਮ ਕੀਤਾ ਹੈ ਸ਼ੈਤਾਨਾਂ ਨੂੰ ਇਹ ਗੱਲ ਚੰਗੀ ਨਹੀਂ ਲਗਦੀ।

ਨਾਇ ਨਿਵਾਜਾ ਨਾਤੈ ਪੂਜਾ ਨਾਵਨਿ ਸਦਾ ਸੁਜਾਣੀ।।
ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰ ਪਾਈਐ ਪਾਣੀ।।
ਨਾਨਕ ਸਿਰਖੁਥੇ ਸੈਤਾਨੀ ਏਨਾ ਗਲ ਨ ਭਾਣੀ।।
- ਵਾਰ ਮਾਝ ਮਹਲਾ ੧

ਜੀਵਨ ਦੇ ਹਰ ਪਹਿਲੂ ਦੀ ਜਾਚ ਦੱਸੀ ਹੈ ਗੁਰੂ ਸਾਹਿਬ ਨੇ। ਗੁਰਬਾਣੀ ਵਿਚ ਹੋਰ ਬੜਾ ਸੌਖਾ ਜਿਹਾ ਫਾਰਮੂਲਾ ਦਸਿਆ ਹੈ ਦੁਖ ਮਿਟਾਉਣ ਦਾ। ਜਿਹੜਾ ਮਰਜ਼ੀ ਅਜ਼ਮਾ ਕੇ ਵੇਖ ਲਵੇ ਕਿ ਦੂਸਰੇ ਦਾ ਬੁਰਾ ਨਹੀਂ ਚਿਤਵਨਾ ਤੇ ਸਰਬਤ ਦਾ ਭਲਾ ਮੰਗਣਾ ਹੈ।

ਸਾਡਾ ਜੀਅ ਕਰਦਾ ਹੈ ਕਿ ਸਾਡੀ ਪ੍ਰਸੰਸਾ ਹੋਵੇ, ਲੋਕ ਸਾਡੀ ਵਡਿਆਈ ਕਰਨ, ਅਸੀਂ ਸੰਸਾਰ ਵਿਚ ਸਭ ਤੋਂ ਉਚੇ ਮੰਨੇ ਜਾਈਏ। ਇਸ ਦਾ ਬੜਾ ਸੌਖਾ ਤਰੀਕਾ ਗੁਰੂ ਜੀ ਨੇ ਦੱਸਿਆ ਹੈ

ਆਪਸ ਕਉ ਜੋ ਜਾਣੈ ਨੀਚਾ ਸੋਊ ਗਨੀਐ ਸਭ ਤੇ ਉਚਾ।।
-ਗਉੜੀ ਮਹਲਾ ੧

ਸਭ ਦਾ ਜੀਅ ਕਰਦਾ ਹੈ ਸਾਡਾ ਸਰੀਰ ਸੁਸਥ ਰਹੇ ਅਸੀਂ ਆਰੋਗ ਜੀਵਨ ਬਤੀਤ ਕਰੀਏ। ਗੁਰੂ ਜੀ ਫੁਰਮਾਉਂਦੇ ਹਨ ਕਾਮ ਤੇ ਕ੍ਰੋਧ ਤੋਂ ਬਚੋ, ਇਹ ਸਰੀਰ ਨੂੰ ਗਾਲਦਾ ਹੈ, ਨਾਲ ਸੋਨੇ ਦੀ ਮਿਸਾਲ ਦਿੱਤੀ ਹੈ

ਕਾਮ ਕ੍ਰੋਧ ਕਾਇਆ ਕਉ ਗਾਲੈ ਜਿਉ ਕੰਚਨ ਸੋਹਾਗਾ ਢਾਲ।।
-ਰਾਮਕਲੀ ਮ: ੧

ਗੁਰੂ ਸਾਹਿਬ ਨੇ ਸਾਰੀ ਗੁਰਬਾਣੀ ਵਿਚ ਕਿਤੇ ਵੀ ਐਸਾ ਹੁਕਮ ਨਹੀਂ ਕੀਤਾ ਕਿ ਇਹ ਫਾਰਮੂਲੇ ਕਿਸੇ ਵਿਅਕਤੀ ਵਿਸ਼ੇਸ਼ ਵਾਸਤੇ ਹਨ ਜਾਂ ਇਹ ਕਿਸੇ ਖਾਸ ਧਰਮ ਦੇ ਧਾਰਨੀ ਨੂੰ ਹੀ ਲਾਭ ਪਹੁਚਾਉਣਗੀ ਜਾਂ ਇਕ ਵਰਗ ਵਾਸਤੇ ਗੁਣਕਾਰੀ ਹਨ। ਸਾਰੀ ਦੀ ਸਾਰੀ ਗੁਰਬਾਣੀ ਸਰਬ ਸਾਂਝੀ ਹੈ ਜਿਹੜਾ ਮਰਜ਼ੀ ਆਪਣਾ ਗੜਵਾ ਭਰੇ ਅਤੇ ਪਿਆਸ ਬੁਝਾ ਲਵੇ। ਸਾਂਝੀਵਾਲਤਾ ਅਤੇ ਸਰਬਤ ਦੇ ਭਲੇ ਦੀ ਗੱਲ ਕੀਤੀ ਹੈ ਥਾਏਂ ਪਰ ਥਾਏਂ। ਜਦੋਂ ਸਰਬਤ ਦੇ ਭਲੇ ਦੀ ਗੱਲ ਗੁਰੂ ਸਾਹਿਬ ਕਰਦੇ ਹਨ ਤਾਂ ਇਹ ਸਿਰਫ ਇਸਤਰੀ ਪੁਰਸ਼ਾਂ ਵਾਸਤੇ ਨਹੀਂ ਹੈ ਸਗੋਂ ਸਰਬਤ ਪ੍ਰਾਣੀ ਮਾਤਰ ਜੀਵ ਜੰਤੂਆਂ ਲਈ ਹੈ ਜਿਸ ਨੂੰ ਅਕਾਲ ਪੁਰਖ ਨੇ ਇਸ ਸ੍ਰਿਸ਼ਟੀ ਵਿਚ ਬਣਾਇਆ ਹੈ।

ਇਹ ਗਿਆਨ ਵੀ ਤਾਂ ਹੀ ਆ ਸੌਕਿਆ ਜਦ ਗੁਰਬਾਣੀ ਅਨੁਸਾਰ ਧਰਮ ਦੇ ਅਰਥਾਂ ਦੀ ਸੋਝੀ ਆਈ ਅਤੇ ਹਿਰਦੇ ਵਿਚ ਸਰਬਤ ਦੇ ਭਲੇ ਦੀ ਭਾਵਨਾ ਨੇ ਘਰ ਕਰ ਲਿਆ।

ਸਭ ਨੂੰ ਮਿੱਤਰ ਮੰਨਣ ਵਾਲਾ, ਸਰਬਤ ਦਾ ਭਲਾ ਮੰਗਣ ਵਾਲਾ ਧਰਮ, ਜਦ ਖੰਭ ਲਾ ਕੇ ਉੱਡ ਗਿਆ, ਜਦੋਂ ਫੇਰ, 'ਧਰਮ ਦੀ ਧੁਜਾ ਕਉ ਜਗਤ ਮੈਂ ਝੁੱਲਾਰਨ ਦੀ ਲੋੜ ਪਈ'। ਜਦ ਸਾਰੇ ਪੰਥਾਂ ਵਾਲੇ ਆਪਣੇ ਘਰ ਨੂੰ ਚੰਗਾ ਜਾਨਣ ਲਗੇ ਅਤੇ ਪਾਰਬ੍ਰਹਮ ਕਾਹੂ ਨ ਪਛਾਨਾ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਅਕਾਲ ਪੁਰਖ ਨੇ ਇਹ ਕਹਿ ਕੇ ਭੇਜਿਆ,

ਜਾਹਿ ਤਹਾਂ ਤੈ ਧਰਮੁ ਚਲਾਇ।
ਕਬੁਧ ਕਰਨ ਤੇ ਲੋਕ ਹਟਾਇ। -ਬਚਿਤ੍ਰ ਨਾਟਕ

ਤਾਂ ਫੇਰ ਅਕਾਲ ਪੁਰਖ ਦਾ ਸਿਮਰਨ, ਦੁਸਟ ਦੋਖੀਅਨ ਨੂੰ ਪਛਾੜਨ ਅਤੇ ਸਰਬਤ ਦੇ ਭਲੇ ਦਾ ਡੰਕਾ ਵੱਜਿਆ। ■

ਸਤਿਗੁਰੂ ਰਾਮ ਸਿੰਘ ਤੇਰਾ ਇੰਤਜ਼ਾਰ ਹੈ

ਇੰਦਰ ਦਮਨ ਸਿੰਘ 'ਰਤਨ' ਬੈਂਕਾਕ

ਰੁਤਾਂ ਦਾ ਕੀ ਕਹਿਣਾ ਹਰ ਰੁਤ 'ਚ ਬਹਾਰ ਹੈ
ਸਤਿਗੁਰੂ ਰਾਮ ਸਿੰਘ ਤੇਰਾ ਇੰਤਜਾਰ ਹੈ,

ਆਵੇਗੀ ਬਸੰਤ ਕੰਤ ਘਰ ਜਿਦਾ ਹੋਵੇ ਨਾ
ਹੰਝੂਆਂ ਦੇ ਹਾਰ ਕਿਉਂ ਬਿਰਹਨ ਪ੍ਰੋਵੇ ਨਾ
ਲਗੀਆਂ ਨਿਭਾਨੀਆਂ ਕਿਉਂ ਭੁਲਾ ਇਕਰਾਰ ਹੈ
ਸਤਿਗੁਰੂ ਰਾਮ ਸਿੰਘ.......

ਹਰ ਰੁਤ ਭਾਵੇ ਭੈਣੀ ਵਾਲਾ ਹੋਵੇ ਸਾਹਮਣੇ
ਚਰਨਾ ਤੇ ਸੀਸ ਹੋਵੇ ਝੁਕਾ ਸ਼ਰਧਾਂਜਣੇ
ਦਲੀਜੀਂ ਬਹਿ ਉਡੀਕਾਂ ਤੇਰੇ ਜਾਨ ਵਾਲਾ ਬਾਰ ਹੈ
ਸਤਿਗੁਰੂ ਰਾਮ ਸਿੰਘ......

ਸਰੂ ਜਿਹਾ ਕਦ ਬਾਹਵਾਂ ਸੁੰਦਰ ਅਜਾਨ ਨੇ
ਚਿਹਰੇ ਦਾ ਜਲਾਲ ਨਹੀਂ ਭਲਿਆ ਜਹਾਨ ਨੇ
ਗੁਰ ਸਿਖੀ ਰੀਤ ਪ੍ਰੀਤ ਫੈਲੀ ਬੇਸ਼ੁਮਾਰ ਹੈ

ਸਤਿਗੁਰੂ ਰਾਮ ਸਿੰਘ.....
ਅਖੀਆਂ ਤੋਂ ਓਹਲੇ ਕੋਈ ਬਸੰਤ ਸਾਨੂੰ ਭਾਵੇ ਨਾ
ਨੀਰਾਂ ਦੇ ਸੁਮੰਦ ਜਦੋਂ ਕੰਤ ਘਰ ਆਵੇ ਨਾ
ਦੀਵਾਨੇ ਮਸਤਾਨਿਆਂ ਦਾ ਦਰਸ਼ਨ ਅਹਾਰ ਹੈ
ਸਤਿਗੁਰੂ ਰਾਮ ਸਿੰਘ......

ਗੁਰੂ ਗੋਬਿੰਦ ਸਿੰਘ ਦੇ ਵੀਰ-ਰਸ ਦਾ ਸਰੂਪ

ਡਾ. ਮਹੀਪ ਸਿੰਘ

ਗੁਰੂ ਗੋਬਿੰਦ ਸਿੰਘ ਜੀ ਦੇ ਕਾਵਿ ਵਿਚ ਵੀਰ-ਰਸ ਦੀ ਅਭਿਵਅਕਤੀ ਸ਼ਾਇਦ ਉਨ੍ਹਾਂ ਦੇ ਕਾਵਿ ਦੀ ਸਭ ਤੋਂ ਵੱਡੇ ਮਹਤੱਵ ਵਾਲੀ ਗੱਲ ਹੈ। ਸਾਹਿਤ ਵਿਚ ਜਿਤਨੇ ਵੀ ਰਸ ਗਿਣਾਏ ਗਏ ਹਨ, ਉਨ੍ਹਾਂ ਵਿੱਚੋਂ ਸ਼ਿੰਗਾਰ ਨੂੰ ਛੱਡ ਕੇ ਵੀਰ ਰਸ ਦੀ ਵਿਆਪਤੀ ਸਭ ਤੋਂ ਵਧੇਰੀ ਹੈ। ਸ਼ਿੰਗਾਰ ਰਸ ਦਾ 'ਪ੍ਰੇਮ' ਭਾਵ, ਜਿਸ ਤਰ੍ਹਾਂ ਸ੍ਰਿਸ਼ਟੀ ਦੇ ਸਾਰੇ ਜੀਆਂ ਵਿਚ ਮਿਲਦਾ ਹੈ,ਉਸੇ ਤਰ੍ਹਾਂ ਵੀਰ-ਰਸ ਦਾ ਉਤਸ਼ਾਹ ਵੀ ਸਾਰੀਆਂ ਥਾਵਾਂ ਉਤੇ ਵਿਆਪਤ ਵਿਖਾਈ ਦਿੰਦਾ ਹੈ। ਸ਼ਿੰਗਾਰ ਰਸ ਹਿਰਦੇ ਦੀ ਕੋਮਲ ਭਾਵਨਾਵਾਂ ਨੂੰ ਤ੍ਰਿਪਤ ਕਰਦਾ ਹੈ। ਪ੍ਰੰਤੂ ਵੀਰ ਰਸ ਕਰਮ-ਪ੍ਰਧਾਨ ਹੁੰਦਾ ਹੈ।

ਭਾਰਤੀ ਕਾਵਿ ਸ਼ਾਸਤ੍ਰ ਵਿਚ ਜੁੱਧ-ਵੀਰ, ਧਰਮ ਵੀਰ, ਦਇਆ ਵੀਰ, ਕਰਮ ਵੀਰ, ਆਦਿ ਕਈ ਤਰ੍ਹਾਂ ਦੇ ਵੀਰ ਮੰਨੇ ਗਏ ਹਨ, ਪਰੰਤੂ ਸ਼ਾਸਤ੍ਰਕਾਰਾਂ ਨੇ ਇਨ੍ਹਾਂ ਵਿਚੋਂ ਜੁੱਧ ਵੀਰ ਨੂੰ ਹੀ ਪ੍ਰਧਾਨ ਮੰਨਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਜੁੱਧ ਭਾਵਨਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਉਨ੍ਹਾਂ ਦੀ ਭਗਤੀ ਭਾਵਨਾ ਦਾ ਹੀ ਇਕ ਅੰਗ ਹੈ। ਜੁੱਧ-ਕਰਮ ਉਹ ਅਕਾਲ ਪੁਰਖ ਦੀ ਆਗਿਆ ਪਾਲਨ ਦੇ ਰੂਪ ਵਿਚ ਹੀ ਕਰਦੇ ਹਨ। ਜੁੱਧ ਵਿਚ ਉਹ ਜਦੋਂ ਕਈ ਸ਼ਾਸਤ੍ਰਾਂ ਦੀ ਵਰਤੋਂ ਕਰਦੇ ਹਨ, ਉਹ ਸਾਨੂੰ ਰੱਬੀ ਹੁਕਮ ਦਾ ਚੇਤਾ ਕਰਾਉਂਦੇ ਹਨ—

ਲਖੇ ਸ਼ਾਹ ਸੰਗ੍ਰਾਮ ਜੁੱਝੇ ਜੁਝਾਰੰ।।
ਤਵੰ ਕਟਿ ਬਾਣੰ ਕਮਾਣੰ ਸੰਭਾਰੰ।। (ਦਸ਼ਮ ਗ੍ਰੰਥ ਪੰਨਾ ੬੧)

ਜੁੱਧ ਚਿਤ੍ਰਣ—

ਗੁਰੂ ਗੋਬਿੰਦ ਸਿੰਘ ਜੀ ਦੇ ਜੁੱਧ-ਚਿਤ੍ਰਣ ਵਿਚ ਸਾਨੂੰ ਦੋ ਤਰ੍ਹਾਂ ਦੀਆਂ ਸ਼ੈਲੀਆਂ ਸਾਫ਼ ਨਜ਼ਰ ਆਉਂਦੀਆਂ ਹਨ-

੧. ਛੰਦ-ਪ੍ਰਧਾਨ ਸ਼ੈਲੀ, ਤੇ
੨. ਅਲੰਕਾਰ-ਪ੍ਰਧਾਨ ਸ਼ੈਲੀ।

ਛੰਦ ਪ੍ਰਧਾਨ ਸ਼ੈਲੀ ਵਿਚ ਜੁੱਧ ਦੀ ਮੱਧਮ, ਤੇਜ਼ ਅਤੇ ਵਧੇਰੀ ਤੇਜ਼ ਗਤੀਆਂ ਨੂੰ ਪੇਸ਼ ਕਰਨ ਲਈ ਕਵੀ ਨੇ ਛੰਦਾਂ ਦੀ ਵਿਲੱਖਣਤਾ ਤੇ ਉਨ੍ਹਾਂ ਦੀ ਛੇਤੀ ਬਦਲੀ ਦਾ ਆਸਰਾ ਲਿਆ ਹੈ। ਦਸਮ ਗ੍ਰੰਥ ਵਿਚੋਂ ਬਚਿੱਤਰ ਨਾਟਕ, ਚੰਡੀ ਚਰਿਤ੍ਰ (ਦੂਜਾ) ਰਾਮਾਵਤਾਰ, ਨਿਹਕਲੰਕੀ ਅਵਤਾਰ ਆਦਿ ਵਿਚ ਇਸ ਤਰ੍ਹਾਂ ਦੀ ਹੀ ਸ਼ੈਲੀ ਅਪਣਾਈ ਹੈ। ਇਹ ਸਾਰੀਆਂ ਰਚਨਾਵਾਂ ਜੁੱਧ ਦਾ ਗਤੀਮਾਨ ਤੇ ਧੁਨੀ ਸਹਿਤ ਚਿੱਤਰ ਪੇਸ਼ ਕਰਦੀਆਂ ਹਨ।

ਦੂਜੀ ਸ਼ੈਲੀ ਦੇ ਮੁੱਖ ਸਾਧਨ ਅਲੰਕਾਰ ਹਨ, ਖਾਸ ਤੌਰ ਉੱਤੇ ਸਦ੍ਰਿਸ਼ਤਾਮੂਲਕ ਅਲੰਕਾਰ - ਉਪਮਾ, ਰੂਪਕ ਤੇ ਉਤੀਪ੍ਰੇਖਿਆ ਹਨ। ਚੰਡੀ ਚਰਿਤ੍ਰ (ਪਹਿਲਾ) ਕ੍ਰਿਸ਼ਨਾਵਤਾਰ ਤੇ ਉਪਖਿਆਨ ਚਰਿਤ੍ਰ ਦੇ ਜੁੱਧ ਵਰਣਨਾਂ ਵਿਚ ਇਸ ਸ਼ੈਲੀ ਦਾ ਪ੍ਰਯੋਗ ਕੀਤਾ ਗਿਆ ਹੈ। ਚੰਡੀ ਚਰਿਤ੍ਰ (ਪਹਿਲਾ) ਇਸ ਸ਼ੈਲੀ ਦੀ ਸਭ ਤੋਂ ਚੰਗੀ ਰਚਨਾ ਹੈ। ਇਸ ਰਚਨਾ ਵਿਚ ੨੩੩ ਛੰਦ ਹਨ ਤੇ ਸਦ੍ਰਿਸ਼ਤਾਮੂਲਕ ਅਲੰਕਾਰਾਂ ਦੀ ਲਗਭਗ ੨੦੦ ਵਾਰੀ ਵਰਤੋਂ ਕੀਤੀ ਗਈ ਹੈ। ਸਵੱਯਾ ਇਸ ਰਚਨਾ ਦਾ ਪ੍ਰਧਾਨ ਛੰਦ ਹੈ। ਕਵੀ ਨੇ ਆਮ ਤੌਰ ਤੇ ਸਵੈਯੇ ਦੀਆਂ ਪਹਿਲੀਆਂ ਤਿੰਨ ਸਤਰਾਂ ਵਿਚ ਇਕ ਦ੍ਰਿਸ਼ ਚਿਤਰਿਆ ਹੈ ਤੇ ਚੌਥੀ ਸਤਰ ਵਿਚ ਸਦ੍ਰਿਸ਼ਤਾਮੂਲਕ ਅਲੰਕਾਰ ਦੀ ਮਦਦ ਨਾਲ ਸਮਾਂਤਰ ਦ੍ਰਿਸ਼ ਪੇਸ਼ ਕਰਕੇ ਭਾਵ ਨੂੰ ਤੀਬਰ ਕੀਤਾ ਹੈ, ਜਿਵੇਂ —

ਸਾਂਗ ਸੰਭਾਰ ਕਰੰਬਲੁ ਧਾਰ ਕੈ
ਚੰਡ ਦਈ ਰਿਪ ਭਾਲ ਮੈ ਐਸੇ।
ਜੋਰ ਕੇ ਫੋਰ ਗਈ ਸਿਰਤ੍ਰਾਨ ਕੈ
ਪਾਰ ਭਈ ਪਟ ਫਾਰ ਅਨੈਸੇ।।
ਸ੍ਰਓਨ ਦੀ ਧਾਰ ਚਲੀ ਪਥ ਊਰਧ
ਸੋ ਉਪਮਾ ਸੁ ਭਈ ਕਹੁ ਕੈਸੇ।।
ਮਾਨੋ ਮਹੇਸ ਕੇ ਤੀਸਰੇ ਨੈਨ ਕੀ
ਜੋਤ ਉਦੋਤ ਭਈ ਖੁਲ ਤੈਸੇ।। -(ਦਸਮ ਗ੍ਰੰਥ- ਪੰਨਾ ੯੪)

ਛੰਦ ਪ੍ਰਧਾਨ ਸ਼ੈਲੀ ਵਿਚ ਜੁੱਧ ਚਿਤ੍ਰਣ —

ਇਸ ਸ਼ੈਲੀ ਵਿਚ ਗੁਰੂ ਗੋਬਿੰਦ ਸਿੰਘ ਦੇ ਜੁੱਧ-ਚਿਤ੍ਰਨ ਦੀਆਂ ਦੋ ਮੁੱਖ ਵਿਸ਼ੇਸ਼ਤਾਈਆਂ ਹਨ-

੧. ਗਤੀ
੨. ਧੁਨੀ।

ਪਹਿਲੀ ਵਿਸ਼ੇਸ਼ਤਾ (ਗਤੀ) ਵਿਸ਼ੇ ਤੇ ਪ੍ਰਗਟਾਵੇ ਵਿਚ ਮਿਲਦੀ ਹੈ। ਜੋਧੇ ਤੇ ਉਨ੍ਹਾਂ ਦੇ ਸ਼ਸਤ੍ਰ ਸਾਨੂੰ ਗੁਰੂ ਸਾਹਿਬ ਦੀਆਂ ਰਚਨਾਵਾਂ ਵਿਚ ਸਦਾ ਗਤੀਮਾਨ ਨਜ਼ਰ ਆਉਂਦੇ ਹਨ। ਮਿਆਨਾਂ ਵਿਚ ਪਈਆਂ ਤਲਵਾਰਾਂ, ਹੱਥ ਵਿਚ ਫੜੇ ਨੇਜ਼ੇ, ਮੋਢੇ ਉੱਤੇ ਰੱਖੇ ਤੀਰ ਕਮਾਨ ਉਨ੍ਹਾਂ ਦੇ ਵਰਣਨ ਵਿਚ ਨਹੀਂ ਆਉਂਦੇ। ਵੀਰਾਂ ਅਤੇ ਉਨ੍ਹਾਂ ਦੇ ਸ਼ਸਤ੍ਰਾਂ ਦਾ ਸਦਾ ਕ੍ਰਿਆਸ਼ੀਲ ਰਹਿਣਾ ਇਸ ਚਿਤ੍ਰਣ ਦੀ ਵਿਸ਼ੇਸ਼ਤਾ ਹੈ। ਉਦਾਹਰਣ ਲਈ ਬਚਿਤ੍ਰ ਨਾਟਕ ਦਾ ਇਹ ਦ੍ਰਿਸ਼ —

ਜਗਿਯੋ ਜੰਗ ਜਾਲਮ ਸੁਜੋਧੰ ਜੁਝਾਰੰ।।
ਬਹੇ ਬਾਣ ਬਾਂਕੇ ਬਰੱਛੀ ਦੁਧਾਰੰ।।
ਮਿਲੇ ਬੀਰ ਬੀਰੰ ਮਹਾਂਧੀਰ ਬੰਕੇ।।
ਧਕਾਧੱਕਿ ਸੈਥੰ ਕ੍ਰਿਪਾਣੰ ਝਨੰਕੇ।। -(ਦਸਮ ਗ੍ਰੰਥ ਪੰਨਾ ੬੮)

ਪ੍ਰਗਟਾਉ ਲਈ ਗਤੀਮਾਨਤਾ ਉਨ੍ਹਾਂ ਨੇ ਨਿੱਕੇ ਛੰਦਾਂ, ਪ੍ਰਵਾਹਮਈ ਭਾਸ਼ਾ ਅਤੇ ਅਨੁਪ੍ਰਾਸਾਂ ਦੇ ਪ੍ਰਯੋਗ ਨਾਲ ਪੈਦਾ ਕੀਤੀ ਹੈ। ਜੁੱਧ-

ਚਿਤ੍ਰਣ ਲਈ ਢੁਕਵੇਂ ਛੰਦ, ਜਿਵੇਂ ਭੁਜੰਗ ਪ੍ਰਯਾਤ, ਰਸਾਵਲ, ਮਧੁਭਾਰ, ਨਰਾਜ ਆਦਿ ਵਰਤ ਕੇ ਉਨ੍ਹਾਂ ਨੇ ਗਤੀਮਾਨਤਾ ਪੈਦਾ ਕੀਤੀ ਹੈ। ਉਦਾਹਰਣ ਲਈ -

ਭੁਜੰਗ ਪ੍ਰਯਾਦ ਛੰਦ-

ਹਲੱਬੀ ਜੁਨੱਬੀ ਸਰੋਹੀ ਦੁਧਾਰੀ।।
ਬਹੀ ਕੋਪਕਾਤੀ ਕ੍ਰਿਪਾਣੰ ਕਟਾਰੀ।।
ਕਹੂੰ ਸੈਹਥੀਯੰ ਕਹੂੰ ਸੁੱਧ ਸੈਲੰ।।
ਕਹੂੰ ਸੈਲ ਸਾਂਗੰ ਭਈ ਰੇਲ ਪੇਲੰ।।

(ਦਸਮ ਗ੍ਰੰਥ ਪੰਨਾ-੫੨)

ਰਸਾਵਲ ਛੰਦ—

ਗਜੇ ਬੀਰ ਗਾਜੀ।। ਤੁਰੇ ਤੁੰਦ ਤਾਜੀ।।
ਮਹਿਖੁਆਸ ਕਰਖੇ।। ਸਰੰਧਾਰ ਬਰਖੇ।।

(ਦਸਮ ਗ੍ਰੰਥ ਪੰਨਾ ੧੨੭)

ਹੋਗ ਛੰਦ —

ਬਣਣਣ ਬਾਜੀ।। ਤਿਣਣਣ ਤਾਜੀ।।
ਜਣਣਣ ਜੁਝੈ।। ਲਣਣਣ ਲੁਝੈ।। (ਦਸਮ ਗ੍ਰੰਥ ਪੰਨਾ ੨੩੯)

ਧੁਨੀ—

ਗਤੀ ਅਤੇ ਧੁਨੀ ਦਾ ਬੜਾ ਡੂੰਘਾ ਸੰਬੰਧ ਹੈ। ਜੁੱਧ-ਚਿਤ੍ਰਣ ਦਾ ਸਜੀਵ ਦ੍ਰਿਸ਼ ਵੇਖਣ ਅਤੇ ਸੁਣਨ, ਦੋਹਾਂ ਗੱਲਾਂ ਦੀ ਆਸ ਕਰਦਾ ਹੈ। ਗੁਰੂ ਸਾਹਿਬ ਨੇ ਧੁਨੀ ਦਾ ਨਿਰਮਾਣ ਹੇਠ ਲਿਖੇ ਚਾਰ ਸਾਧਨਾਂ ਦੇ ਜ਼ਰੀਏ ਕੀਤਾ ਹੈ:-

੧. ਅਨੁਪ੍ਰਾਸਾਂ ਦੀ ਮਦਦ ਨਾਲ
੨. ਅਨੁਕਰਣਾਤਮਿਕ ਸ਼ਬਦਾਂ ਦੀ ਮਦਦ ਨਾਲ
੩. ਨਿੱਕੇ ਛੰਦਾਂ ਦੀ ਮਦਦ ਨਾਲ
੪. ਅਨੁਨਾਸਿਕਾਂ ਦੀ ਮਦਦ ਨਾਲ

ਇਨ੍ਹਾਂ ਤੋਂ ਇਲਾਵਾ ਗੁਰੂ ਸਾਹਿਬ ਨੇ ਇਕ ਹੋਰ ਸਾਧਨ ਵੀ ਵਰਤਿਆ ਹੈ। ਉਨ੍ਹਾਂ ਨੇ ਇਸ ਤਰ੍ਹਾਂ ਦੇ ਧੁਨੀ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਜਿਨ੍ਹਾਂ ਤੋਂ ਅਰਥ ਦਾ ਨਹੀਂ, ਸਿਰਫ਼ ਅਨੁਭਵ ਅਤੇ ਵਾਤਾਵਰਣ ਦਾ ਬੋਧ ਹੁੰਦਾ ਹੈ। ਅਨਗਿਣਤ ਛੰਦਾਂ ਵਿਚ ਉਨ੍ਹਾਂ ਨੇ ਇਹ ਧੁਨੀ ਪ੍ਰਣਾਲੀ ਅਪਣਾਈ ਹੈ ਅਤੇ ਉਸ ਵਿਸ਼ੇਸ਼ ਛੰਦ ਨਾਲ ਸੰਗੀਤ ਵਿਸ਼ੇਸ਼ਣ ਜੋੜ ਦਿੱਤਾ ਹੈ। ਸੰਗੀਤ ਭੁਜੰਗ ਪ੍ਰਯਾਤ ਛੰਦ ਦੀ ਇਕ ਮਿਸਾਲ ਇਹ ਹੈ—

ਸਾਗੜਦੰਗ ਸੂਰੰ ਕਾਗੜਦੰਗ ਕੋਪੰ।।
ਪਾਗੜਦੰਗ ਪਰਮੰ ਰਣਪਾਵ ਰੋਪੰ।।
ਸਾਗੜਦੰਗ ਸ਼ਸਤ੍ਰੰ ਝਾਗੜਦੰਗ ਝਾਰੈ।।
ਬਾਗੜਦੰਗ ਬੀਰੰ ਡਾਗੜਦੰਗ ਡਕਾਰੈ।।

(ਦਸਮ ਗ੍ਰੰਥ ਪੰਨਾ ੧੦੮)

ਜੁੱਧ-ਵਰਣਨ ਵਿਚ ਅਨੁਪ੍ਰਾਸਾਂ ਦੀ ਵਰਤੋਂ ਸਾਰੇ ਕਵੀ ਕਰਦੇ ਆਏ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਚੰਗੀ ਤਰ੍ਹਾਂ ਨਾਲ ਇਨ੍ਹਾਂ ਦਾ ਪ੍ਰਯੋਗ ਕੀਤਾ ਹੈ-

ਕਰੰ ਬਾਮ ਚਾਪਿਅੰ ਕ੍ਰਿਪਾਣੰ ਕਰਾਲੰ।।
ਮਹਾਤੇਜ ਤੇਜੰ ਬਿਰਾਜੈ ਬਿਸਾਲੰ।।
ਮਹਾਦਾੜ੍ਹ ਦਾਣੰ ਸੁ ਸੋਹੰ ਅਪਾਰੰ।।
ਜਿਨੈ ਚਰਬੀਯੰ ਜੀਵ ਜਗਿਯੰ ਹਜਾਰੰ।। (ਪੰਨਾ ੪੦)

ਅਨੁਕਰਣਾਤਮਕ ਸ਼ਬਦਾਂ ਦੀ ਮਦਦ ਨਾਲ ਕਵੀ ਨੇ ਜੁੱਧ-ਚਿੱਤ੍ਰਾਂ ਨੂੰ ਸਜੀਵ ਬਣਾਉਣ ਦਾ ਸਫਲ ਜਤਨ ਕੀਤਾ ਹੈ-

੧. ਹਾ ਹਾ ਹੂਹ ਹਾਸੰ
੨. ਘੁਨ ਘੁੰਘਰ ਘੰਟ ਸੁਰੰ ਘਮਕੰ
੩. ਤਹ ਹੜਰੜਾਇ ਹੱਸੇ ਮਸਾਨ
੪. ਟਕਾ ਟੁਕ ਟੋਪੰ ਢਕਾ ਢੁਕ ਢਾਣੰ।

ਨਿੱਕੇ ਛੰਦਾਂ ਦੀ ਮਦਦ ਨਾਲ ਗੁਰੂ ਸਾਹਿਬ ਨੇ ਜੁੱਧ ਦਾ ਦ੍ਰਿਸ਼ ਕਿਸ ਤਰ੍ਹਾਂ ਪੈਦਾ ਕੀਤਾ, ਇਸ ਦੇ ਕੁਝ ਕੁ ਉਦਾਹਰਣ ਪਹਿਲਾਂ ਦਿੱਤੇ ਜਾ ਚੁੱਕੇ ਹਨ। ਇਸ ਕਾਰਜ ਲਈ ਉਹ ਨਿੱਕੇ ਛੰਦਾਂ ਦੀ ਵਰਤੋਂ ਤੇ ਕਰਦੇ ਹੀ ਹਨ, ਕਈ ਵਾਰ ਵੱਡੇ ਛੰਦਾਂ ਨੂੰ ਵੀ ਇਸ ਤਰ੍ਹਾਂ ਹਿੱਸਿਆਂ ਵਿਚ ਵੰਡ ਦਿੰਦੇ ਹਨ ਕਿ ਉਸ ਵਿਚ ਗਤੀ ਪੈਦਾ ਹੋ ਜਾਂਦੀ ਹੈ ਜਿਵੇਂ:-

ਕੁਪਿਯੋ ਕ੍ਰਿਪਾਲੰ, ਸੱਜਿ ਮਕਾਲੰ, ਬਾਹ ਬਿਸਾਲੰ, ਧਰਿ ਢਾਲੰ।।
ਧਾਏ ਸਭ ਸੂਰੰ, ਰੂਪ ਕਰੂਰੰ, ਚਮਕਤ ਨੂਰੰ, ਮੁਖਿ ਲਾਲੰ।।
ਲੈ ਲੈ ਸੁ ਕ੍ਰਿਪਾਨੰ, ਬਾਣ ਕਮਾਣੰ, ਸੱਜੇ ਜੁਆਨੰ, ਤਨ ਤੱਤੰ।।
ਰਣਿਰੰਗ ਕਲੋਲੰ, ਮਾਰਹੀ ਬੋਲੰ, ਜਨੁ ਗਜ ਡੋਲੰ, ਬਨ ਮੱਤੰ।।

(ਦਸਮ ਗ੍ਰੰਥ ਪੰਨਾ ੬੭)

ਭੜਥੂਆ ਅਤੇ ਤ੍ਰਿੜਕਾ ਜੇਹੇ ਨਿੱਕੇ ਛੰਦਾਂ ਦੇ ਜ਼ਰੀਏ ਇਹ ਦ੍ਰਿਸ਼ ਕਵੀ ਨੇ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤੇ ਹਨ-

ਗਿਰਤੰਤ ਅੰਗੰ। ਕਟੰਤੰਤ ਜੰਗੰ।।
ਚਲੰਤੰਤ ਤੀਰੰ। ਭਟੰਕੰਤ ਭੀਰੰ।।
ਜੁਝਤੰਤ ਵੀਰੰ। ਭਜੰਤੰਤ ਭੀਰੰ।।
ਕਰੰਤੰਤ ਕ੍ਰੋਹੰ। ਭਰੰਤੰਤ ਰੋਹੰ।। (ਦਸਮ ਗ੍ਰੰਥ ਪੰਨਾ ੫੯੬)
ਤਰਰਤ ਤੇਗੰ। ਜਣਘਟ ਬੇਗੰ।।
ਚਰਰਣ ਜਮਕੈ। ਝੜਰੜ ਝਮਕੈ।।
ਜਰਰਤ ਜੋਧੰ। ਕਿਰਰੜ ਕ੍ਰੋਧੰ।।
ਜਰਰੜ ਜੁਝੈ। ਲੜਰੜ ਲੁਝੈ।

-(ਦਸਮ ਗ੍ਰੰਥ ਪੰਨਾ ੫੯੮)

ਅਨੁਨਾਸਿਕਾ ਦੀ ਮਦਦ ਗੁਰੂ ਸਾਹਿਬ ਨੇ ਸਾਰੀਆਂ ਥਾਵਾਂ ਉੱਤੇ ਲਈ ਹੈ। ਉਤਲੀਆਂ ਮਿਸਾਲਾਂ ਵਿਚ ਇਹ ਪ੍ਰਯੋਗ ਵੇਖੇ ਜਾ ਸਕਦੇ ਹਨ।

ਗੁਰੂ ਸਾਹਿਬ ਆਪਣੇ ਜੁੱਧ-ਚਿਤ੍ਰਾਂ ਵਿਚ ਸਭ ਤਰ੍ਹਾਂ ਦੀਆਂ ਧੁਨੀਆਂ ਦਾ ਪ੍ਰਯੋਗ ਬੜੇ ਸੁਚੱਜੇ ਢੰਗ ਨਾਲ ਕਰਦੇ ਹਨ। ਇਹ ਧੁਨੀਆਂ ਸੂਰਵੀਰਾਂ ਦੀਆਂ ਗਰਜਨਾਂ, ਉਹਨਾਂ ਦੀ ਗਤੀ, ਹਥਿਆਰਾਂ ਦੀ ਵਰਤੋਂ ਰਣਭੂਮੀ ਦੇ ਵਾਜਿਆਂ ਅਤੇ ਭੂਤਨੀਆਂ, ਭੈਰਵ ਆਦਿ ਦੀਆਂ ਆਵਾਜ਼ਾਂ ਨਾਲ ਸੰਬੰਧ ਰੱਖਦੀਆਂ ਹਨ। ਜਿਵੇਂ:

ਬਜੀ ਭੇਰ ਭੁੰਕਾਰ ਧੁੱਕੇ ਨਗਾਰੇ।।
ਦੁਹੂ ਓਰ ਤੇ ਬੀਰ ਬੰਕੇ ਬਕਾਰੇ।।
੦੦ ੦ ੦
ਤੁਪਕ ਤੜਾਕ। ਕੈਬਰ ਕੜਾਕ।।
ਸੈਹਥੀ ਸੜਾਕ।। ਛੋਹੀ ਛੜਾਕ।।
੦੦ ੦ ੦
ਚਵੀਂ ਚਾਵਡੀ ਡਾਕਨੀ ਡਾਕ ਮਾਰੈ।।
ਕਹੂੰ ਭੈਰਵੀ ਭੂਤ ਭੈਰੋ ਬਕਾਰੇ।।

(ਦਸਮ ਗ੍ਰੰਥ ਪੰਨਾ ੫੦)

ਅਲੰਕਾਰ-ਪ੍ਰਧਾਨ ਸ਼ੈਲੀ

ਇਸ ਸ਼ੈਲੀ ਦੇ ਮੁੱਖ ਸਾਧਨ ਅਲੰਕਾਰ ਹਨ। ਅਲੰਕਾਰਾਂ ਦੇ ਤਿੰਨ ਮੁੱਖ ਉਦੇਸ਼ ਹੁੰਦੇ ਹਨ -

੧. ਭਾਵ-ਵਿਅੰਜਨਾ ਵਿਚ ਮਦਦ ਦੇਣਾ

੨. ਦ੍ਰਿਸ਼ਾਂ ਦਾ ਚਿਤ੍ਰਣ ਕਰਨਾ

੩. ਚਮਤਕਾਰ ਦੀ ਸ੍ਰਿਸ਼ਟੀ ਕਰਨਾ

ਇਨ੍ਹਾਂ ਵਿਚੋਂ ਵੀ ਅਲੰਕਾਰ-ਵਿਧਾਨ ਦਾ ਪ੍ਰਮੁੱਖ ਉਦੇਸ਼ ਪਹਿਲਾਂ ਹੀ ਹੈ।

ਇਹ ਕੰਮ ਸਮਤਾ ਉੱਤੇ ਨਿਰਭਰ ਅਲੰਕਾਰਾਂ ਦੇ ਰਾਹੀਂ ਚੰਗੀ ਤਰ੍ਹਾਂ ਹੁੰਦਾ ਹੈ। ਸਮਤਾ ਵਾਲੇ ਅਲੰਕਾਰਾਂ ਵਿਚ ਉਪਮਾ, ਰੂਪਕ, ਉਤਪ੍ਰੇਖਿਆ, ਅਪਨਹੁਤੀ, ਪ੍ਰਤੀਪ, ਵਿਅਤੀਰੇਕ, ਭ੍ਰਾਂਤੀ, ਸੰਦੇਹ ਆਦਿ ਗਿਣੇ ਜਾਂਦੇ ਹਨ। ਇਸ ਸ਼ੈਲੀ ਦੇ ਜੁੱਧ ਚਿਤ੍ਰਣ ਵਿਚ ਗੁਰੂ ਸਾਹਿਬ ਨੇ ਇਨ੍ਹਾਂ ਅਲੰਕਾਰਾਂ ਦੀ ਖੁੱਲੀ ਵਰਤੋਂ ਕੀਤੀ ਹੈ। ਭਾਵ ਨੂੰ ਤੀਬਰ ਕਰਨ ਲਈ ਗੁਰੂ ਸਾਹਿਬ ਨੇ ਸਾਡੇ ਸਾਹਮਣੇ ਜਿੱਥੇ ਇਕ ਪਾਸੇ ਭਿਆਨਕ, ਬੀਭਸਤ ਜੁੱਧ-ਦ੍ਰਿਸ਼ ਅਤੇ ਉਸ ਤੋਂ ਵੀ ਵੱਧ ਭਿਆਨਕ ਸਮਾਂਤ ਚਿਤ੍ਰ ਰੱਖੇ ਹਨ, ਉੱਥੇ ਦੂਜੇ ਪਾਸੇ ਉਨ੍ਹਾਂ ਭਿਆਨਕ ਬੀਭਸਤ ਅਤੇ ਕਰੂਰ ਜੁੱਧ-ਦ੍ਰਿਸ਼ਾਂ ਦੇ ਸਮਾਨਾਂਤਰ ਉਸੇ ਭਾਵ ਦੀ ਪੁਸ਼ਟੀ ਲਈ ਜੁੱਧ ਖੇਤਰ ਤੋਂ ਦੁਰੇਡੇ ਦੇ ਕੋਮਲ ਅਤੇ ਸੁਹਣੇ ਦ੍ਰਿਸ਼ ਵੀ ਪੇਸ਼ ਕੀਤੇ ਹਨ।

ਸਮਾਨਾਂਤਰ ਬੀਭਸਤ ਅਤੇ ਭਿਆਨਕ ਦ੍ਰਿਸ਼ਾਂ ਵਿਚ ਦੋਵੇਂ ਪੱਖਾਂ ਦੇ ਹਾਥੀ ਇਸ ਤਰ੍ਹਾਂ ਟਕਰਾਉਂਦੇ ਹਨ ਜਿਵੇਂ ਪਰਲੋ ਦੇ ਤੇਜ਼ ਹਵਾ ਦੇ ਕਾਰਣ ਦੋ ਪਹਾੜ ਆਪਸ ਵਿਚ ਟਕਰਾ ਰਹੇ ਹੋਣ:

ਲੈਕਰਿ ਬਿਯਾਲ ਸੋ ਬਿਯਾਲ ਬਜਾਵਤ
ਸੋ ਉਪਮਾ ਕਵਿਯੋ ਮਨ ਧਾਰੇ॥
ਮਾਨੋ ਮਹਾਂ ਪ੍ਰਲੈ ਬਹੇ ਪਉਣ ਸੋ
ਆਪਸ ਮੈ ਭਿਰਹੈਂ ਗਿਰ ਭਾਰੇ॥

ਚੰਡੀ ਦੇ ਤੀਰਾਂ ਦੇ ਤੇਜ਼ ਸੇਕ ਨਾਲ ਦੈਂਤ ਇਸ ਤਰ੍ਹਾਂ ਸੜ ਰਹੇ ਹਨ ਜਿਵੇਂ ਭੱਠੇ ਵਿਚ ਇੱਟਾਂ ਸੜਦੀਆਂ ਹਨ-

ਚੰਡੀ ਕੇ ਬਾਨਨ ਤੇਜ ਪ੍ਰਭਾਵ ਤੇ
ਦੈਤ ਜਰੇ ਜੈਸੇ ਈਟੋ ਅਵਾ ਪੈ॥

ਇਸ ਤਰ੍ਹਾਂ ਦੇ ਅਨੇਕ ਸਮਾਨਾਂਤਰ ਦ੍ਰਿਸ਼ ਜੁੱਧ ਦੀ ਵਿਕਰਾਲਤਾ ਨੂੰ ਹੋਰ ਵਿਕਰਾਲ ਬਣਾ ਦਿੰਦੇ ਹਨ। ਪਰੰਤੂ ਗੁਰੂ ਸਾਹਿਬ ਨੇ ਆਪਣੇ ਜੁੱਧ-ਵਰਣਨ ਵਿਚ ਜਿਨ੍ਹਾਂ ਕੋਮਲ ਅਤੇ ਸੁਹਣੇ ਸਮਾਨਾਂਤਰ ਦ੍ਰਿਸ਼ਾਂ ਦੀ ਵਿਅੰਜਨਾ ਕੀਤੀ ਹੈ। ਉਹ ਆਪਣੇ ਆਪ ਵਿਚ ਅਦੁੱਤੀ ਹਨ। ਜੁੱਧ ਦੇ ਭਿਆਨਕ ਦ੍ਰਿਸ਼ਾਂ ਦੇ ਸਾਹਮਣੇ ਇਹ ਦ੍ਰਿਸ਼ ਪਾਠਕਾਂ ਦੇ ਅਕਾਊਪਨ ਨੂੰ ਤੋੜਦੇ ਹਨ ਅਤੇ ਵਰਣਨ ਕੀਤੇ ਜਾਣ ਵਾਲੇ ਵਿਸ਼ਿਆਂ ਵਿਚ ਉਨ੍ਹਾਂ ਦੀ ਦਿਲਚਸਪੀ ਵਧਾਉਂਦੇ ਹਨ।

ਕੁੱਝ ਕੁ ਮਿਸਾਲਾਂ ਪੇਸ਼ ਹਨ-

ਰਣ-ਭੂਮੀ ਵਿਚ ਕਟਿਆ ਹੋਇਆ ਮਾਸ ਵੇਖ ਕੇ ਗਿੱਧ ਇਸ ਤਰ੍ਹਾਂ ਬੋਲ ਰਹੇ ਹਨ- ਜਿਵੇਂ ਮਦਰਸੇ ਵਿਚ ਵਿਦਿਆਰਥੀ ਆਪਣਾ ਪਾਠ ਯਾਦ ਕਰ ਰਹੇ ਹੋਣ-

ਮਾਸ ਨਿਹਾਰ ਕੈ ਗ੍ਰਿਝ ਰੜੇ,
ਚਟਸਾਰ ਪੜ੍ਹੈ ਜਿਮੁ ਬਾਰਕ ਸੰਥਾ।

ਚੰਡੀ ਦਾ ਛੱਡਿਆ ਹੋਇਆ ਚੱਕਰ ਦੁਸ਼ਮਨਾਂ ਦੇ ਸਿਰਾਂ ਨੂੰ ਇਸ ਤਰ੍ਹਾਂ ਵੱਢਦਾ ਹੋਇਆ ਚਲਿਆ ਜਾ ਰਿਹਾ ਹੈ ਜਿਵੇਂ ਦਰਿਆ ਦੇ ਕੰਢੇ ਕਿਸੇ ਮੁੰਡੇ ਵਲੋਂ ਸੁੱਟੀ ਹੋਈ ਕੋਈ ਠੀਕਰੀ ਪਾਣੀ ਉੱਤੋਂ ਤਿਲਕਦੀ ਹੋਈ ਨਿਕਲ ਜਾਂਦੀ ਹੈ .....

ਸਿਰ ਸਤ੍ਰਨਿ ਕੇ ਪਰ ਚਕ੍ਰ ਪਰਿਓ
ਛੁਟ ਐਸੇ ਬਹਿਓ ਕਰਿ ਕੈ ਬਰਕਾ॥
ਜਨੁ ਖੇਲਨ ਕੋ ਸਰਿਤਾ ਤਟ ਜਾਇ
ਚਲਾਵਤ ਹੈ ਛਿਛਲੀ ਲਰਕਾ॥

ਸਾਂਗੂਰਪਕ ਅਲੰਕਾਰ ਦੀ ਅਨੇਕ ਮੁਖੀ ਵਰਤੋਂ ਨਾਲ ਕਵੀ ਨੇ ਜੁੱਧ ਨੂੰ ਅਨੇਕ ਪ੍ਰਗਟ ਚੀਜ਼ਾਂ ਦੇ ਜ਼ਰੀਏ ਚਿਤ੍ਰਿਤ ਕੀਤਾ ਹੈ। ਉਥੇ ਰਣ-ਭੂਮੀ, ਰਣ-ਭੂਮੀ ਨਹੀਂ ਰਹਿ ਜਾਂਦੀ, ਸਗੋਂ ਸਾਨੂੰ ਜੀਵਨ ਦੀ ਸੋਹਣੀ ਖੇਡ-ਸਥਲੀ ਨਜ਼ਰ ਆਉਂਦੀ ਹੈ। ਭਿਆਨਿਕ ਜੁੱਧ ਦੇ ਦ੍ਰਿਸ਼ ਨੂੰ ਕਵੀ ਹੋਲੀ ਦੇ ਸੁਹਣੇ ਰੰਗ-ਭਰੇ ਦ੍ਰਿਸ਼ ਦੀ ਤਰ੍ਹਾਂ ਪੇਸ਼ ਕਰਦਾ ਹੈ ....

ਬਾਨ ਚਲੇ ਤੇਈ ਕੁੰਕਮ ਮਾਨਹੁ
ਮੂਠ ਗੁਲਾਲ ਦੀ ਸਾਂਗ ਪ੍ਰਹਾਰੀ॥
ਢਾਲ ਮਨੋ ਡਫ ਭਾਲ ਬਨੀ ਹਥ ਨਾਲ ਬੰਦੂਕ ਛੁਟੈ ਪਿੰਚਕਾਰੀ॥
ਸਉਨ ਭਰੇ ਪਟ ਬੀਰਨ ਕੇ
ਉਪਮਾ ਜਨ ਘੋਰ ਕੈ ਕੇਸਰ ਡਾਰੀ॥
ਖੇਲਤ ਫਾਗ ਕਿ ਬੀਰ ਲਰੈ
ਨਵਲਾ ਸੀ ਲੀਏ ਕਰਵਾਰ ਕਟਾਰੀ॥

(ਦਸਮ ਗ੍ਰੰਥ ਪੰਨਾ ੪੩੫)

ਕੁੱਝ ਜੋਧਿਆਂ ਲਈ ਜੁੱਧ ਹੋਲੀ ਖੇਡਣ ਦੀ ਤਰ੍ਹਾਂ ਹੈ ਤੇ ਕੁੱਝ ਲਈ ਉਹ ਇਕ ਨਾਚ-ਘਰ ਹੈ।

ਮਾਰ ਹੀ ਮਾਰ ਅਲਾਪ ਉਚਾਰਤ
ਦੁੰਦਭ ਢੋਲ ਮ੍ਰਿਦੰਗ ਅਪਾਰਾ॥
ਸਤ੍ਰੁਨ ਕੇ ਸਿਰ ਅਸਤ੍ਰ ਤਰਾਕ
ਲਗੇ ਤਿਹਿ ਤਾਲਨ ਕੋ ਠਨਕਾਰਾ॥
ਜੂਝਿ ਗਿਰੇ ਧਰਿ ਰੀਝ ਕੈ ਦੇਤ ਹੈ
ਪ੍ਰਾਨਨ ਦਾਨ ਬੜੇ ਰਿਝਵਾਰਾ॥
ਨਿਰਤ ਕਰੈ ਨਟ, ਕੋਪ ਲਰੈ ਭਟ,
ਜੁੱਧ ਕੀ ਠਉਰ ਕਿ ਨਿਰਤ-ਅਖਾਰਾ॥

(ਦਸਮ ਗ੍ਰੰਥ ਪੰਨਾ ੪੨੬)

ਤੇ ਕਿਤੇ-ਕਿਤੇ ਜੰਗ ਦਾ ਮੈਦਾਨ ਮੈਖ਼ਾਨੇ ਦੇ ਰੂਪ ਵਿਚ ਬਦਲ ਜਾਂਦਾ ਹੈ-

ਜੰਗ ਭਯੋ ਜਿਹ ਠਉਰ ਨਿਸੰਗ
ਸੁ ਛੂਟਤ ਭੇ ਦੋਹੂ ਓਰ ਤੇ ਭਾਲੇ॥
ਘਾਇਨ ਲਾਗ ਭਜੇ ਭਟ ਯੋ
ਮਨੋ ਖਾਇ ਚਲੇ ਗ੍ਰਹ ਕੋ ਸੁ ਨਿਵਾਲੇ॥
ਬੀਰ ਫਿਰੈ ਅਤਿ ਘੂਮਤਿ ਹੀ
ਸੁ ਮਨੋ ਅਤਿ ਪੀ ਮਦਰਾ ਮਤਵਾਲੇ॥
ਬਾਸਨ ਤੇ ਧਨ ਅਉਰ ਨਿਖੰਗ
ਫਿਰੈ ਰਨ ਬੀਚ ਖਤੰਗ ਪਿਆਲੈ॥ -(ਦਸਮ ਗ੍ਰੰਥ ਪੰਨਾ ੫੩੩)

ਚਰਿਤ੍ਰ ਚਿਤ੍ਰਨ:-

ਵੀਰ ਕਾਵਿ ਦੇ ਵਧੇਰੇ ਕਵੀਆਂ ਨੇ ਚਰਿਤ੍ਰ-ਚਿਤ੍ਰਨ ਵੱਲ ਵਿਸ਼ੇਸ਼ ਧਿਆਨ ਨਹੀਂ ਦਿੱਤਾ। ਵੀਰ ਕਾਵਿ ਜ਼ਿਆਦਾਤਰ ਇਤਿਹਾਸਿਕ ਕਾਵਿ ਹੁੰਦੇ ਹਨ, ਇਸ ਲਈ ਕਵੀਆਂ ਨੂੰ ਜਿੱਥੇ ਵੀ ਚਰਿਤ੍ਰ ਚਿਤ੍ਰਨ ਦਾ ਮੌਕਾ ਮਿਲਦਾ ਹੈ ਉਹ ਆਪਣੇ ਕਾਵਿ ਦੇ ਨਾਇਕ ਅਤੇ ਉਸ ਦੇ ਪੱਖੀ ਪਾਤ੍ਰਾਂ ਦੇ ਗੁਣਾਂ ਨੂੰ ਖੜਾ ਵਧਾ-ਚੜ੍ਹਾ ਕੇ ਚਿਤਰਦੇ ਹਨ। ਨਾਇਕ ਦੇ ਵਿਰੋਧੀਆਂ ਦੇ ਗੁਣਾਂ ਦੀ ਚਰਚਾ ਉਹ ਵਧੇਰੀ ਨਹੀਂ ਕਰਦੇ।

ਗੁਰੂ ਗੋਬਿੰਦ ਸਿੰਘ ਜੀ ਦੇ ਜੁੱਧ ਪ੍ਰਸੰਗਾਂ ਵਿਚ ਆਪਣੇ ਪੱਖੀ ਦੋ ਤਰ੍ਹਾਂ ਦੇ ਪਾਤਰ ਹਨ। ਬਚਿਤ੍ਰ ਨਾਟਕ ਦੇ ਉਹ ਖੁਦ ਹੀ ਮੁਖ ਨਾਇਕ ਹਨ ਅਤੇ ਉਨ੍ਹਾਂ ਦੇ ਸਹਾਇਕ ਹਨ- ਸੰਗੋ ਸ਼ਾਹ, ਜੀਤ ਮੱਲ, ਲਾਲ ਚੰਦ, ਦਇਆ ਰਾਮ, ਮਾਮਾ ਕ੍ਰਿਪਾਲ, ਮਹੰਤ ਕ੍ਰਿਪਾਲ ਦਾਸ ਆਦਿ। ਪ੍ਰਤੀਪੱਖੀ ਹਨ- ਰਾਜਾ ਹਰੀ ਚੰਦ, ਕੇਸਰੀ ਚੰਦ, ਹਯਾਤ ਖਾਨ, ਨਜਾਬਤ ਖਾਨ, ਹੁਸੈਨੀ ਆਦਿ।

ਉਨ੍ਹਾਂ ਦੀਆਂ ਦੂਜੀਆਂ ਰਚਨਾਵਾਂ ਵਿਚ ਸਵੈ-ਪੱਖੀ ਹਨ- ਚੰਡੀ, ਕਾਲੀ, ਰਾਮ, ਕ੍ਰਿਸ਼ਨ, ਸ਼ਿਵ, ਇੰਦਰ, ਬਲਰਾਮ ਆਦਿ 'ਤੇ ਪ੍ਰਤਿਪੱਖੀ ਹਨ -' ਮਧੁਕੈਟਭ, ਸ਼ੁੰਭ, ਨਿਸ਼ੁੰਭ, ਰਕਤਬੀਜ, ਮਹਿਖਾਸੁਰ, ਰਾਵਣ, ਕੰਸ, ਸ਼ਿਸੁਪਾਲ, ਖੜਗ ਸਿੰਘ ਆਦਿ।

ਜੋਧਿਆਂ ਦੇ ਗੁਣਾਂ ਦੀ ਪ੍ਰਸੰਸਾ ਕਰਣ ਵਿਚ ਗੁਰੂ ਸਾਹਿਬ ਨੇ ਕਦੀ ਤੰਗ-ਦਿਲੀ ਤੋਂ ਕੰਮ ਨਹੀਂ ਲਿਆ। ਉਨ੍ਹਾਂ ਦੇ ਜੁੱਧ-ਵਰਣਨ ਵਿਚ ਦੋਹਾਂ ਧਿਰਾਂ ਦੇ ਜੋਧੇ ਬੜੀ ਵੀਰਤਾ ਨਾਲ ਜੁੱਧ ਕਰਦੇ ਹਨ। ਉਹ ਵੀਰਾਂ ਦੀ ਤਾਰੀਫ ਕਰਦੇ ਹਨ, ਕਾਇਰਾਂ ਨੂੰ ਨਿੰਦਦੇ ਹਨ, ਭਾਵੇਂ ਉਹ ਕਿਸੇ ਵੀ ਪਾਸੇ ਦੇ ਹੋਣ। ਬਚਿਤ੍ਰ ਨਾਟਕ ਵਿਚ ਆਪਣੇ ਦੁਸ਼ਮਨ ਰਾਜਾ ਹਰੀ ਚੰਦ ਦੀ ਧਨੁਰ ਵਿਦਿਆ ਦੀ ਪ੍ਰਸੰਸਾ ਕਰਦੇ ਹੋਏ ਉਹ ਕਹਿੰਦੇ ਹਨ —

ਦੁਯੰ ਬਾਨ ਖੈਂਚੇ ਇਕੰ ਬਾਨ ਮਾਰੈ।।
ਬਲੀ ਬੀਰ ਬਾਜੀ ਨ ਤਾਜੀ ਬਿਚਾਰੈ।।
ਜਿਸੇ ਬਾਨ ਲਾਗੈ ਰਹੈ ਨਾ ਸੰਭਾਰੈ।।
ਤਨੰ ਬੇਧਿ ਕੈ ਤਾਹਿ ਪਾਰੰ ਸਿਧਾਰੰ।।

ਇਸੇ ਤਰ੍ਹਾਂ ਹੁਸੈਨੀ ਖ਼ਾਨ ਦੇ ਵੀਰ-ਰੂਪ ਦਾ ਬਿਆਨ ਕਰਦੇ ਹੋਏ ਉਹ ਕਹਿੰਦੇ ਹਨ-

ਤਹਾਂ ਖ਼ਾਂ ਹੁਸੈਨੀ ਰਹਿਓ ਇਕ ਠਾਵੰ।
ਮਨੋ ਜੁੱਧ ਖੰਭੰ ਰਣਭੂਮ ਗਾਡੰ।
ਜਿਸੈ ਕੋਪ ਕੈ ਕੈ ਹਠੀ ਬਾਣ ਮਾਰਿਓ।
ਤਿਸੈ ਛੇਦ ਕੈ ਪੈਲ ਪਾਰੇ ਪਧਾਰਿਓ।।

ਭੇਰੀ ਦੀ ਜੋਸ਼ ਭਰਨ ਵਾਲੀ ਆਵਾਜ਼ ਸੁਣ ਕੇ ਦੂਹਾਂ ਧਿਰਾਂ ਦੇ ਸੂਰਮਿਆਂ ਦੀ ਗਰਜਨਾ ਸ਼ੁਰੂ ਹੋ ਜਾਂਦੀ ਹੈ -

ਬਜੀ ਭੈਖ ਭੁੰਕਾਰ ਧੁੱਕੇ ਨਗਾਰੇ।।
ਦੂਹੂੰ ਓਰ ਤੇ ਬੀਰ ਬੰਕੇ ਬਗਾਰੇ।।

ਬੁਜ਼ਦਿਲਾਂ ਦੀ ਨਿੰਦਾ ਵੀ ਉਹ ਦੋਵੇਂ ਧਿਰਾਂ ਦੀ ਕਰਦੇ ਹਨ। ਸਵੈਪੱਖ ਵਿਚ:

ਤਬ ਔਰੰਗ ਮਨ ਮਾਹਿ ਰਿਸਾਵਾ।
ਮਦ੍ਰ ਦੇਸ਼ ਕੋ ਪੂਤ ਪਠਾਵਾ।।
ਤਿਹ ਆਵਤ ਸਭ ਲੋਗ ਡਰਾਨੇ।
ਬੜੇ ਬੜੇ ਗਿਰ ਹੇਰ ਲੁਕਾਨੇ।।
ਹਮਹੂੰ ਲੋਗਨ ਅਧਿਕ ਡਰਾਯੋ।
ਕਾਲ ਕਰਮ ਕੋ ਮਰਮ ਨ ਪਾਯੋ।।
ਕਿਤਕ ਲੋਕ ਤਜਿ ਸੰਗਿ ਸਿਧਾਰੇ।
ਜਾਇ ਬਸੇ ਗਿਰਵਰ ਜਹ ਭਾਰੇ।।
ਚਿਤ ਮੂਜੀਯਨ ਕੋ ਅਧਿਕ ਡਰਾਨਾ।
ਤਿਨੈਂ ਉਬਾਰ ਨ ਅਪਨ ਜਾਨਾ।। (ਦਸਮ ਗ੍ਰੰਥ ਪੰਨਾ ੭੧)

ਸ਼ਤਰੂ ਪੱਖ ਵਿਚ-

ਨਿਲੱਜ ਖਾਨ ਭੱਜਿਯੋ। ਕਿਨੀ ਨ ਸਸਤ੍ਰ ਸੱਜਿਯੋ।।
ਸੁ ਤਿਆਗ ਖੇਤਕੋ ਚਲੇ। ਸੁਬੀਰ ਬੀਰ ਹਾ ਭਲੇ।।
ਚਲੇ ਤੁਰੇ ਤੁਰਾਇ ਕੈ। ਸੋਕਨ ਸਸਤ੍ਰ ਉਠਾਇ ਕੈ।।
ਨ ਲੈ ਹਥਿਆਰ ਗੱਜਹੀਂ। ਨਿਹਾਰ ਨਾਰਿ ਲੱਜਹੀਂ।।
(ਦਸਮ ਗ੍ਰੰਥ ਪੰਨਾ ੬੫)

ਪੁਰਾਣਿਕ ਪ੍ਰਸੰਗ ਵਿਚ ਗੁਰੂ ਸਾਹਿਬ ਨੇ ਚੰਡੀ, ਰਾਮ, ਕ੍ਰਿਸ਼ਨ, ਸ਼ਿਵ, ਆਦਿ ਦੇ ਪੁਰਾਣਿਕ ਮਹੱਤਵ ਰੱਖਿਆ ਕਰਦੇ ਹੋਏ ਵੀ ਉਨ੍ਹਾਂ ਨੂੰ ਅਣਜਿੱਤ ਵਿਖਾ ਕੇ ਅਣਮਨੁੱਖੀ ਪੱਧਰ ਉੱਤੇ ਖੜਾ ਨਹੀਂ ਕੀਤਾ। ਇਹ ਪੁਰਾਣਿਕ ਵਿਅਕਤੀ ਜੁੱਧ ਨੂੰ ਆਪਣੀ ਕਰਾਮਾਤ ਦੀ ਤਾਕਤ ਨਾਲ ਨਹੀਂ ਜਿੱਤਦੇ, ਸਗੋਂ ਆਪਣੀ ਮਨੁੱਖੀ ਪੱਧਰ ਦੀ ਵੀਰਤਾ, ਰਣਕੁਸ਼ਲਤਾ ਤੇ ਹਿੰਮਤ ਨਾਲ ਜਿੱਤਦੇ ਹਨ। ਆਪਣੇ ਦੁਸ਼ਮਨਾਂ ਵਾਂਗ ਉਹ ਵੀ ਜ਼ਖਮੀ ਹੁੰਦੇ ਹਨ, ਬੇਹੋਸ਼ ਹੁੰਦੇ ਹਨ ਅਤੇ ਕਦੀ ਹਾਰਦੇ ਵੀ ਹਨ। ਹਾਰ ਜਾਣ ਦੇ ਬਾਅਦ ਉਨ੍ਹਾਂ ਨੂੰ ਆਮ ਬੰਦਿਆਂ ਵਾਂਗ ਆਤਮ-ਗਿਲਾਨੀ ਵੀ ਹੁੰਦੀ ਹੈ।

ਚੰਡੀ ਚਰਿਤ੍ਰ (ਪਹਿਲਾ) ਵਿਚ ਚੰਡੀ ਨੂੰ ਬਥੇਰੇ ਜ਼ਖਮ ਲਗਦੇ ਹਨ-

ਘਾਓ ਲਗੇ ਤਨ ਅਨੇਕ ਸੁ ਸਉਣ ਚਲਿਓ ਬਹਿ ਕੈ ਸਰਤਾਨੇ।।

ਰਾਮਾਵਤਾਰ ਵਿਚ ਮੇਘਨਾਥ ਦੀ ਮਾਰ ਨਾਲ ਰਾਮ ਬੇਹੋਸ਼ ਹੋ ਜਾਂਦੇ ਹਨ-

ਰਘੁਰਾਜ ਆਦਿ ਮੋਹੇ ਸੁ ਬੀਰ।।
ਦਲ ਸਹਿਤ ਭੂਮਿ ਡਿੱਗੇ ਅਧੀਰ।।

ਕ੍ਰਿਸ਼ਨਾਵਤਾਰ ਵਿਚ ਖੜਗ ਸਿੰਘ ਨੇ ਪਰਲੋ ਲਿਆਉਣ ਵਾਲੇ ਸ਼ਿਵ ਦੀ ਇਹ ਦੁਰਦਸ਼ਾ ਕਰ ਦਿੱਤੀ-

ਰੁਦ੍ਰ ਗਿਰਿਓ ਸਿਰਮਾਲ ਕਹੂੰ, ਕਹੂੰ ਬੈਲ ਗਿਰਿਓ,
ਗਿਰਿਉ ਸੂਲ ਕਹੀ ਹਵੈ।।

ਜਿਸ ਕ੍ਰਿਸ਼ਨ ਦੀ ਪੂਜਾ ਵੱਡੇ-ਵੱਡੇ ਦੇਵਤਾ ਤੇ ਰਿਸ਼ੀ ਮੁਨੀ ਕਰਦੇ ਹਨ ਉਸ ਨੂੰ ਖੜਗ ਸਿੰਘ ਨੇ ਕੇਸ਼ਾਂ ਤੋਂ ਫੜ ਕੇ ਸ਼ਕਤੀਹੀਣ ਕਰ ਦਿੱਤਾ।

ਖੋਜਤ ਹੈਂ ਜਿਹ ਸਿੱਧ ਮਹਾਮੁਨ
ਵਿਆਸ ਪਰਾਂਸੁਰ ਭੇਦ ਨ ਚੀਨੋ।।
ਸੋ ਖੜਗੇਸ ਅਯੋਧਨ ਮੈਂ ਕਰ ਮੋਹਿਤ
ਕੇਸਨ ਤੇ ਗਹਿ ਲੀਨੋ।।

ਗੁਰੂ ਗੋਬਿੰਦ ਸਿੰਘ ਜੀ ਲਈ ਜੁੱਧ ਇਕ ਪਵਿੱਤਰ ਕੰਮ ਹੈ। ਪਵਿੱਤਰ ਕੰਮ ਕਰਦੇ ਹੋਏ ਮਨੁੱਖ ਦੇ ਮਨ ਵਿਚ ਬੜਾ ਚਾਉ ਹੁੰਦਾ ਹੈ। ਗੁਰੂ ਸਾਹਿਬ ਖ਼ੁਦ ਆਪਣੇ ਇਸ਼ਟ ਦੇਵ ਤੋਂ ਜੁੱਧ-ਭੂਮੀ ਵਿਚ ਸ਼ਹੀਦੀ ਪਾਉਣ ਦ ਵਰਦਾਨ ਮੰਗਦੇ ਹਨ। ਸੱਚ ਤਾਂ ਇਹ ਹੈ ਕਿ ਜੁੱਧ ਦਾ ਵੇਲਾ ਜੋਧਿਆਂ ਲਈ ਬੜੇ ਆਨੰਦ ਦਾ ਪਲ ਲੈ ਆਉਂਦਾ ਹੈ। ਇਸ ਲਈ ਜੁੱਧ ਦਾ ਉਤਸ਼ਾਹ ਦੇਣ ਵਾਲੇ ਵਾਜੇ ਬੜੇ ਸੁਹਾਵਣੇ ਲਗਦੇ ਹਨ-

ਮਾਰੂ ਸਬਦੁ ਸੁਹਾਵਨ ਬਾਜੇ।।
ਜੇ ਜੇ ਹੁਤੇ ਸੁਭਟ ਰਣ ਸੁੰਦਰ ਗਹਿ ਗਹਿ ਆਯੁਧ ਗਾਜੇ।।

ਅਤੇ ਇਹ ਜੁੱਧ ਦਾ ਉਤਸ਼ਾਹ ਹੀ ਹੈ ਕਿ ਜਦੋਂ ਇਹੋ ਜਿਹੇ ਜੋਧਿਆਂ ਨੂੰ ਹੂਰਾਂ ਵਿਮਾਨ ਤੇ ਚੜ੍ਹਾ ਕੇ ਸੁਰਗ ਲੈ ਜਾਣ ਲਗਦੀਆਂ ਹਨ ਤਾਂ ਉਹ ਉਸ ਵਿਮਾਨ ਤੋਂ ਕੁੱਦ ਪੈਂਦੇ ਹਨ ਅਤੇ ਆਪਣੇ ਸ਼ਸਤ੍ਰ ਲੈ ਕੇ ਰਣ-ਭੂਮੀ ਵਿਚ ਆ ਡਟਦੇ ਹਨ...

ਦੇਵ ਬਧੂ ਮਿਲ ਕੇ ਸਬਹੂੰ ਇਹ ਭੂਪ ਕਬੰਧ ਬਿਵਾਨ ਚੜ੍ਹਾਯੋ।।
ਕੂਦ ਪਰਯੋ ਨ ਬਿਵਾਨ ਚੜ੍ਹਯੋ
ਪੁਨਿ ਸ਼ਸਤ੍ਰ ਲੀਏ ਰਨ ਭੂਮਧਿ ਆਯੋ।। ■

ਲੋਕ ਨਾਟ ਸ਼ੈਲੀ ਵਿਚ

ਤੋਪਾਂ ਦੇ ਮੂੰਹ ਮੋੜਨ ਵਾਲੇ

ਡਾ. ਹਰਚਰਨ ਸਿੰਘ

ਇਹ ਘਟਨਾ ੧੯ ਜਨਵਰੀ ੧੮੭੨ ਦੀ ਹੈ, ਮਲੇਰਕੋਟਲੇ ਲਾਗੇ "ਕੂਕਿਆਂ ਦਾ ਰੱਕੜ" ਦੇ ਨੇੜੇ ਇਕ ਪਿੰਡ। ਸਮਾਂ ਰਾਤ ਦਾ ਦੂਜਾ ਪਹਿਰ। ਦੋ ਬੰਦੇ ਠੀਕਰੀ ਪਹਿਰੇ ਤੇ ਖੜੇ ਗੱਲਾਂ ਕਰਦੇ ਹਨ।

ਮਹਿੰਗਾ : ਦੇਖ ਲਾ ਰੁਲ੍ਹੀਆ, ਰਬ ਦੇ ਰੰਗ, ਕੂਕੇ ਸਾਰੇ ਤੋਪਾਂ ਨਾਲ ਉਡਾ ਤੇ।

ਰੁਲੀਆ : ਤੋਪਾਂ ਦੀ ਗਰਜ ਨੇ ਤਾਂ ਪਸੂ ਪੰਛੀ ਬੀ ਕੰਬਾ ਤੇ।

ਮਹਿੰਗਾ : ਸਾਡੇ ਗੁਆਂਢ ਜਮਨਾ ਦੀ ਨੂੰਹ ਦਾ ਹਮਲ ਗਿਰ ਗਿਆ।

ਰੁਲੀਆ : ਹੈਂ! ਸੱਚ?

ਮਹਿੰਗਾ : ਹਾਂ। ਹੁਣ ਤਕ ਲੋਕੀ ਸਹਿਮੇਂ ਬੈਠੇ ਐ।

ਰੁਲੀਆ : ਗੱਲ ਤੇਰੀ ਸੱਚ ਆ, ਜਿਨਾਂ ਨੇ ਕਦੇ ਰਬ ਦਾ ਨਾਮ ਨਈਂ ਸੀ ਲਿਆ ਉਹ ਬੀ ਬਾਖਰੂ ਬਾਖਰੂ ਕਰਦੇ ਫਿਰਦੇ ਤੀ।

ਮਹਿੰਗਾ : ਫ਼ਾਰੰਗੀ ਦਾ ਐਨਾ ਦਬਦਬਾ ਬੈਠ ਗਿਆ ਕਿਸੇ ਨੇ ਕੁਸ ਕੁਸਕਣਾ ਨਹੀਂ।

ਰੁਲੀਆ : ਬਈ ਸਚ ਕਿ ਝੂਠ ਕਹਿੰਦੇ ਆ ਫ਼ਰੰਗੀ ਦੇ ਰਾਜ 'ਚ ਸੂਰਜ ਨਈਂ ਢੁਬਦਾ। ਭਲਾ ਕਿੱਦਾ-ਹੋ ਸਕਦਾ। ਲੋਕੀ ਸੌਂਦੇ ਕਦ ਹੋਣਗੇ।

ਮਹਿੰਗਾ : (ਉੱਚੀ ਹਸਦਾ ਹੋਇਆ) ਇਹਦਾ ਮਤਲਬ ਪਤਾ ਕੀ ਐ?

ਰੁਲੀਆ : ਮਤਬਲ ਤੂੰ ਦਸ ਦੇਹ।

ਮਹਿੰਗਾ : ਸਾਰੀ ਧਰਤੀ ਉੱਤੇ ਫ਼ਰੰਗੀ ਦਾ ਰਾਜ ਐ।

ਰੁਲੀਆ : ਅੱਛਾ! ਫੇਰ ਤਾਂ ਫ਼ਰੰਗੀ ਬੁਰੀ ਬਲਾ ਐ।
(ਚੁਬਾਰੇ ਤੋਂ ਗਾਉਣ ਅਤੇ ਉੱਚੀ ਉੱਚੀ ਹਸਣ ਦੇ ਕਹਿਕੇ ਸੁਣਾਈ ਦਿੰਦੇ ਹਨ।)

ਰੁਲੀਆ : ਇਹ ਕਿਉਂ ਕਲਕਾਰੀਆਂ ਮਾਰਦੇ ਆ।

ਮਹਿੰਗਾ : ਡਰ ਭਉ ਲਥ ਗਿਆ। ਤਾਂ ਹੀ ਤਾਂ ਸਾਰੇ ਰਲ ਕੇ ਫ਼ਰੰਗੀ ਦੀ ਜਿਤ ਦਾ ਜਸ਼ਨ ਮਨਾ ਰਹੇ ਨੇ।

ਰੁਲੀਆ : ਬਈ, ਐਸ਼ ਤਾਂ ਉਹ ਲੋਕ ਕਰਦੇ ਆ ਅਸੀਂ ਤਾਂ ਜੂਨ ਭੋਗਣ ਆਏ ਆਂ ਕੀੜਿਆਂ ਮੌਕੜਿਆਂ ਆਂਗੂ।

ਮਹਿੰਗਾ : ਗਰੀਬ ਕਾਮਿਆਂ ਦੇ ਸਿਰ ਸਦਕਾ

ਰੁਲੀਆ : ਉਂਜ ਗਰੀਬ ਗੁਰਬੇ ਲਈ ਇਨ੍ਹਾਂ ਦੇ ਮਨਾਂ 'ਚ ਭੋਰਾ ਤਰਸ ਨਈਂ।

ਮਹਿੰਗਾ : ਰੁਲੀਆ, ਸਾਡਾ ਤਾਂ ਪਰਛਾਵਾ ਵੀ ਇਹਨਾਂ ਨੂੰ ਭਿਟ ਦਿੰਦਾ।

ਰੁਲੀਆ : ਗੱਲ ਤਾਂ ਤੇਰੀ ਠੀਕ ਆ, ਪਰ ਸਾਡਾ ਬੜਾ ਕਹਿੰਦਾ ਹੁੰਦਾ ਸੀ, ਰਬ ਬੜਾ ਡਾਢਾ, ਰਾਜਿਆਂ ਤੋਂ ਭੀਖ ਮੰਗਾ ਦਿੰਦਾ, ਕੰਗਲਿਆਂ ਨੂੰ ਤਖਤ ਤੇ ਬਠਾ ਦਿੰਦਾ।

ਮਹਿੰਗਾ : ਰੁਲੀਆ, ਝੂਰ ਨਾ ਭਲੇ ਸਮੇਂ ਆਉਣਗੇ।

ਰੁਲੀਆ : ਭਰਾਵਾ, ਇਸੇ ਆਸ ਤੇ ਜੀਂਦੇ ਆਂ।
(ਦੂਰੋਂ ਘੁੰਘਰੂਆਂ ਦੀ ਛੰਣਕਾਰ ਸੁਣਾਈ ਦਿੰਦੀ ਹੈ।)

ਮਹਿੰਗਾ : ਰੁਲੀਆ, ਚੁਪ!

ਰੁਲੀਆ : ਕਾਹਦੀ ਬਾਜ ਐ?

ਮਹਿੰਗਾ : ਮੇਰੀ ਜਾਚੇ ਕੋਈ ਬੌਲਦ ਸਿਰ ਹਲੂਣ ਰਿਹਾ।

ਰੁਲੀਆ : ਮੈਨੂੰ ਲਗਦਾ ਕੋਈ ਘੁੰਘਰੂ ਖੜਕਾ ਰਿਹਾ।

ਮਹਿੰਗਾ : (ਉੱਪਰ ਵਲ ਦੇਖਕੇ) ਰਾਤ ਦੇ ਇਸ ਵੇਲੇ ਕੌਣ ਹੋ ਸਕਦਾ।

ਰੁਲੀਆ : ਕਿਤੇ ਛਲੇਡਾ ਨਾ ਹੋਵੇ।

ਮਹਿੰਗਾ : ਨਹੀਂ ਓਏ, ਓਹ ਦੇਖ ਬੰਦੇ ਦਾ ਪਰਛਾਂਵਾ ।
(ਦੋਵੇਂ ਸਾਵਧਾਨ ਹੋ ਕੇ ਖਲੋ ਜਾਂਦੇ ਹਨ।)

ਮਹਿੰਗਾ : ਕੇਹੜਾ ਬਈ ਓ?

ਰੁਲੀਆ : ਛੇਤੀ ਬੋਲ, ਨਹੀਂ ਮੋਰ ਭਨਾ ਬੈਠੂੰਗਾ।

ਓਪਰਾ : ਤੁਹਾਡਾ ਮਿਤਰ ਨਾਮ।

ਰੁਲੀਆ : (ਲਾਲਟੈਨ ਉਹਦੇ ਮੂੰਹ ਵਲ ਕਰਕੇ) ਕੋਈ ਓਪਰਾ ਬੰਦਾ ਆ ਝੁੰਮ 'ਚ।

ਮਹਿੰਗਾ : ਛੇਤੀ ਬੋਲ ਚੋਰ ਕਿ ਸਾਧ?

ਓਪਰਾ : ਸਾਧ ਭਰਾਵੋ, ਤੁਹਾਡਾ ਯਾਰ ਬੇਲੀ।

ਰੁਲੀਆ : ਰਾਤ ਦੇ ਏਸ ਬਖਤ ਕਿਆ ਲੈਣ ਆਇਆ?

ਓਪਰਾ : ਜਾਪਦਾ ਤੁਸੀਂ ਮੈਨੂੰ ਪਛਾਣਿਆ ਨਹੀਂ।

ਮਹਿੰਗਾ : ਇਹਦਾ ਮਤਲਬ, ਤੂੰ ਅੱਗੇ ਵੀ ਆਇਆ।

ਓਪਰਾ : ਹਾਂ, ਹਰ ਹਫਤੇ ਆਉਂਦਾਂ।

ਮਹਿੰਗਾ : ਲੈ ਬਈ ਰੁਲੀਆ, ਆ ਗਿਆ ਕਾਬੂ।

ਰੁਲੀਆ : ਓਇ, ਤੈਨੂੰ ਫੜਨ ਲਈ ਹੀ ਤਾਂ ਖੜੇ ਆਂ ਰਾਤ ਦੇ।
(ਦੋਵੇਂ ਉਹਨੂੰ ਫੜਨ ਲਈ ਅੱਗੇ ਵਧਦੇ ਹਨ।)

ਓਪਰਾ : ਠਹਿਰ ਜਾਓ ਭਰਾਵੋ, ਪਹਿਲਾਂ ਮੇਰੀ ਗੱਲ ਤਾਂ ਸੁਣ ਲਓ।

ਮਹਿੰਗਾ : ਗੱਲ ਸਰਦਾਰ ਸਾਹਬ ਨੂੰ ਦਸੀਂ ਜਾ ਕੇ।

ਓਪਰਾ : ਪਹਿਲੇ ਪਹਿਰੇਦਾਰ ਖਹਿਰਾ ਤੇ ਭਾਗੂ ਕਿਥੇ ਨੇ?

ਰੁਲੀਆ : ਉਹ ਮਾਂ ਮਰ ਗੀ, ਜੇਹੜੀ ਦਹੀਂ ਨਾਲ ਟੁਕ ਦਿੰਦੀ ਹੁੰਦੀ ਤੀ।

ਮਹਿੰਗਾ : ਸਿੱਧਾ ਹੋ ਕੇ ਤੁਰ ਪਓ ਨਹੀਂ ਤਾਂ-

ਓਪਰਾ : ਜਿੱਥੇ ਕਹੋਗੇ ਹੱਥੀਂ ਬੱਧੀਂ ਚੱਲਾਂਗਾ, ਮੈਨੂੰ ਐਨਾ ਦਸ ਦਿਓ ਮੇਰਾ ਕਸੂਰ ਕੀ ਐ।

ਮਹਿੰਗਾ : ਤੂੰ ਅਧੀ ਰਾਤ ਨੂੰ ਆਕੇ ਲੋਕਾਂ ਨੂੰ ਸਰਕਾਰ ਖਲਾਫ ਭੜਕੌਂਦੈਂ। ਸਰਕਾਰ ਨੂੰ ਤੇਰੀਆਂ ਕਰਤੂਤਾਂ ਦਾ ਪਤਾ ਲਗ ਗਿਆ।

ਓਪਰਾ : ਪਹਿਲੇ ਪਹਿਰੇਦਾਰ ਕਿਥੇ ਨੇ? ਉਨ੍ਹਾਂ ਤੋਂ ਪੁਛੋ ਮੇਰੇ ਬਾਰੇ।

ਮਹਿੰਗਾ : ਉਹ ਡੱਕੇ ਹੋਏ ਨੇ ਕਾਲ ਕੋਠੜੀ 'ਚ, ਲਗਦਾ ਤੂੰ ਹੀ ਉਨ੍ਹਾਂ ਦਾ ਭੁੱਗਾ ਚੌੜ ਕੀਤਾ। ਦਿਮਾਗ ਖਰਾਬ ਹੋ ਗਿਐ ਉਹਨਾਂ ਦਾ।

ਓਪਰਾ : ਕੀ ਮਤਲਬ?

ਮਹਿੰਗਾ : ਉਹ ਸਰਦਾਰ ਸਾਹਿਬ ਮੂਹਰੇ ਸਵਾਲ ਜਵਾਬ ਕਰਨ ਲਗ ਪਏ ਸਨ ਬਿਨਾ ਡਰ ਭਓ ਤੋਂ।

ਓਪਰਾ : ਮੈਂ ਉਹਨਾਂ ਨੂੰ ਬਿਲਕੁਲ ਨਹੀਂ ਭੜਕਾਇਆ।

ਮਹਿੰਗਾ : ਫੇਰ ਹੋਰ ਕੀ ਕੀਤਾ?

ਓਪਰਾ : ਮੈਂ ਤਾਂ ਉਨ੍ਹਾਂ ਨੂੰ ਦੋ ਚਾਰ ਸੱਚੀਆਂ ਗੱਲਾਂ ਦੱਸੀਆਂ ਸਨ।

ਰੁਲੀਆ : ਓਹ ਕੇੜ੍ਹੀਆਂ, ਸਾਨੂੰ ਵੀ ਦੱਸ।

ਓਪਰਾ : ਬਸ ਇਹੋ ਪਈ ਇਹ ਫਰੰਗੀ ਸਤ ਸਮੁੰਦਰੋਂ ਪਾਰ ਤੋਂ ਆ ਕੇ ਸਾਨੂੰ ਲੜਾ ਭੜਾ ਕੇ ਰਾਜ ਕਰਦੇ ਨੇ। ਇਹ ਸਰਕਾਰ ਪੂਜ ਸਰਦਾਰ ਉਹਨਾਂ ਦੇ ਝੋਲੀ ਚੁਕ ਤੇ ਚੱਤੀ ਚਟ ਨੇ।

ਰੁਲੀਆ : (ਭੋਲੇ ਭਾ) ਬਈ ਆਹ ਤਾਂ ਗੱਲ ਤੇਰੀ ਠੀਕ ਆ।

ਓਪਰਾ : ਗ਼ਰੀਬਾਂ ਦਾ ਲਹੂ ਚੂਸ ਕੇ ਐਸ਼ ਕਰਦੇ ਨੇ ਲੋਕਾਂ ਨੂੰ ਸੁੱਕੀ ਰੋਟੀ ਨਹੀਂ ਜੁੜਦੀ। ਇਹ ਵਲੈਤੀ ਦਾਰੂ ਦੀਆਂ ਦਰਜਨਾਂ ਬੋਤਲਾਂ ਰਾਤੋ ਰਾਤ ਖ਼ਾਲੀ ਕਰ ਦਿੰਦੇ ਨੇ। ਭਰਾਵੋ, ਸਚ ਬੋਲਿਆ, ਮੈਂ ਇਹਦੇ ਵਿਚ ਕਿਹੜਾ ਗਲਤ ਗੱਲ ਕਰੀ ਐ।

ਮਹਿੰਗਾ : ਗੱਲਾਂ ਤਾਂ ਤੇਰੀਆਂ ਸੱਚੀਆਂ ਪਰ—

ਓਪਰਾ : ਸੱਚੋ ਸੱਚ ਦਸਿਓ ਤੁਹਾਡੇ ਨਾਲ ਕੈਸਾ ਸਲੂਕ ਕਰਦੇ ਨੇ?

ਮਹਿੰਗਾ : (ਆਲਾ ਦੁਆਲਾ ਦੇਖ ਕੇ) ਬਹੁਤ ਭੈੜਾ, ਕੁੱਤੇ ਦੀ ਬਾਬ।

ਰੁਲੀਆ : ਸਾਨੂੰ ਤਾਂ ਇਹ ਫਾਲਤੂ ਮਾਲ ਸਮਝਕੇ ਬਰਤਦੇ ਆ।

ਓਪਰਾ : ਫੇਰ ਆਪੇ ਦੱਸੋ ਇਹ ਫਰੰਗੀਆਂ ਦੇ ਪਿੱਠੂ ਤੁਹਾਡੇ ਕੀ ਲਗਦੇ ਨੇ?

ਰੁਲੀਆ : ਭਰਾਵਾ, ਅਸੀਂ ਇਨ੍ਹਾਂ ਦਾ ਲੂਣ ਖਾਂਦੇ ਆਂ।

ਓਪਰਾ : ਬਿਲਕੁਲ ਗਲਤ, ਇਹੋ ਤੁਹਾਡਾ ਭੁਲੇਖਾ। ਤੁਸੀਂ ਹਕ ਹਲਾਲ ਦੀ ਕਮਾਈ ਕਰਦੇ ਓ। ਇਹ ਤੁਹਾਡੀ ਕਮਾਈ ਤੇ ਮੌਜਾਂ ਲੁਟਦੇ ਨੇ। (ਚੁਬਾਰੇ ਤੋਂ ਹਾਸੇ ਦਾ ਉੱਚੀ ਕਹਿੰਦਾ ਸੁਣਾਈ ਦਿੰਦਾ ਹੈ।) ਉਪਰ ਦੇਖੋ, ਕਿੰਦਾਂ ਰੰਗ ਰਲੀਆਂ ਮਨਾ ਰਹੇ ਨੇ। ਫਰੰਗੀ ਦੀ ਜਿਤ ਦੀ ਖੁਸ਼ੀ 'ਚ ਨਾਚ ਗਾਣੇ ਹੋ ਰਹੇ ਨੇ।

ਰੁਲੀਆ : ਭਰਾਵਾ, ਅਸੀਂ ਤਾਂ ਰੋਜ਼ ਦੇਖਦੇ ਸੁਣਦੇ ਆਂ

ਮਹਿੰਗਾ : ਇਹ ਦਸ, ਤੂੰ ਹਰ ਹਫਤੇ ਅਧੀ ਰਾਤ ਨੂੰ ਕੀ ਕਰਨ ਆਉਂਦੈ?

ਓਪਰਾ : ਦੋ ਕੰਮ ਐ ਮੇਰੇ ਜ਼ੁੰਮੇ।

ਮਹਿੰਗਾ : ਉਹ ਕਿਹੜੇ?

ਓਪਰਾ : ਚਿੱਠੀਆਂ ਵੰਡਣੀਆਂ ਤੇ ਸਤਿਗੁਰਾਂ ਦਾ ਸੰਦੇਸ਼ਾ ਲੋਕਾਂ ਤਕ ਪਹੁੰਚਾਉਣਾ।

ਮਹਿੰਗਾ : ਕਿਹੜੇ ਸਤਿਗੁਰੂ ਦਾ?

ਓਪਰਾ : ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦਾ।

ਰੁਲੀਆ : ਜਿਨ੍ਹਾਂ ਦੇ ਚੇਲੇ ਕਲ੍ਹ ਰੱਕੜ 'ਚ ਤੋਪਾਂ ਨਾਲ ਉੜਾ ਦਿੱਤੇ।

ਓਪਰਾ : ਹਾਂ।

ਮਹਿੰਗਾ : ਕੀ ਐ ਉਨ੍ਹਾਂ ਦਾ ਸੰਦੇਸਾ, ਸਾਨੂੰ ਵੀ ਦੱਸ।

ਓਪਰਾ : ਉਹਨਾਂ ਨੇ ਫ਼ਰੰਗੀਆਂ ਨੂੰ ਮੁਲਕ 'ਚੋ ਕਢਣ ਦੀ ਨਾਮਧਾਰੀ ਲਹਿਰ ਚਲਾਈ ਹੋਈ ਐ। ਉਹ ਭਾਰਤ ਮਾਂ ਨੂੰ ਗੁਲਾਮੀ ਦੇ ਸੰਗਲਾਂ ਤੋਂ ਆਜ਼ਾਦ ਕਰਵਾਣਾ ਚਾਹੁੰਦੇ ਨੇ। ਉਹ ਕਹਿੰਦੇ ਨੇ ਇਹਨਾਂ ਧਰੋਬਾਜ਼ਾਂ ਨੇ ਕੁਟਲ ਨੀਤੀ ਨਾਲ ਪੰਜਾਬ ਉੱਤੇ ਕਬਜ਼ਾ ਕੀਤਾ ਹੋਇਐ।

ਮਹਿੰਗਾ : ਇਹ ਕਿੱਦਾ ਹੋ ਸਕਦੈ ?

ਓਪਰਾ : ਸਭ ਕੁਛ ਹੋ ਸਕਦਾ। ਬਸ ਸਾਨੂੰ ਕੱਠੇ ਹੋਣ ਦੀ ਲੋੜ ਹੈ। ਸਾਡੇ ਮੁਕਾਬਲੇ ਇਹ ਮੁੱਠੀ ਭਰ ਨੇ।

ਰੁਲੀਆ : ਸੁਣਿਐ, ਕੂਕੇ ਸਾਰੇ ਮਾਰ ਮੁਕਾ ਦਿੱਤੇ।

ਓਪਰਾ : ਤੁਹਾਡਾ ਭੁਲੇਖਾ। ਸਤਿਗੁਰਾਂ ਨੇ ਜ਼ਬਰਦਸਤ ਲਹਿਰ ਚਲਾਈ ਹੋਈ ਐ।

ਮਹਿੰਗਾ : ਉਹ ਕਿਹੜੀ?

ਓਪਰਾ : ਫਰੰਗੀ ਸਰਕਾਰ ਨਾਲ ਨਾ ਮਿਲਵਰਤਨ ਦੀ ਲਹਿਰ। ਮੁਕੰਮਲ ਬਾਈਕਾਟ ਤੋਂ ਇਹ ਤਲਮਲਾ ਉਠੇ ਨੇ।

ਮਹਿੰਗਾ : ਕਿਹੜੀਆਂ ਚੀਜ਼ਾਂ ਦਾ ਬਾਈਕਾਟ ਕੀਤਾ ਹੈ?

ਓਪਰਾ ੧: ਕੁਲ ਵਲੈਤੀ ਮਾਲ ਦਾ, ਸਕੂਲਾਂ ਦਾ, ਕਚਹਿਰੀਆਂ ਦਾ, ਡਾਕ ਦਾ ਸਭ ਕਾਸੇ ਦਾ।

ਮਹਿੰਗਾ : ਅਸੀਂ ਤਾਂ ਸੁਣਿਐ, ਕੂਕਿਆਂ ਨੇ ਥਾਂ ਪਰ ਥਾਂ ਬੁੱਚੜਾਂ ਨੂੰ ਮਾਰਿਆ ਤਾਂ ਸਰਕਾਰ ਇਹਨਾਂ ਦੇ ਪੇਸ਼ ਪਈ ਐ।

ਓਪਰਾ : ਤੁਹਾਨੂੰ ਅਸਲ ਗੱਲ ਕਿਸੇ ਨਹੀਂ ਦੱਸੀ।

ਮਹਿੰਗਾ : ਉਹ ਕੀ ਐ, ਦੱਸ ਦਿਓ।

ਓਪਰਾ : ਇਹ ਫਰੰਗੀ ਪਾੜੋ ਤੇ ਰਾਜ ਕਰੋ ਦੀ ਕੁਟਲ ਨੀਤੀ ਨਾਲ ਮੁਲਕ ਉੱਤੇ ਰਾਜ ਕਰ ਰਹੇ ਨੇ। ਇਹ ਹਿੰਦੂ, ਮੁਸਲਮਾਨ ਤੇ ਸਿੱਖਾਂ ਨੂੰ ਕੱਠਾ ਨਹੀਂ ਹੋਣ ਦੇਣਾ ਚਾਹੁੰਦੇ। ਬੁਚੜਾਂ ਨੇ ਫਰੰਗੀਆਂ ਦੀ ਸ਼ਹਿ ਤੇ ਅੰਮ੍ਰਿਤਸਰ ਦਰਬਾਰ ਸਾਹਿਬ ਲਾਗੇ

ਬੁੱਚੜਖਾਨਾ ਖੋਲ੍ਹ ਦਿੱਤਾ ਸੀ।
ਮਹਿੰਗਾ : ਹੈਂ! ਸਾਨੂੰ ਇਹ ਗਲ ਕਿਸੇ ਨੇ ਨਹੀਂ ਦੱਸੀ।
ਰੁਲੀਆ : ਫੇਰ ਤਾਂ ਦਿਲ ਦੇ ਬਾਹਲੇ ਖੋਟੇ ਐ।
ਮਹਿੰਗਾ : ਸਤਿਗੁਰਾਂ ਨੇ ਬੁੱਚੜਾਂ ਨੂੰ ਮਾਰਨ ਦਾ ਹੁਕਮ ਕਿਉਂ ਦਿੱਤਾ?
ਓਪਰਾ : ਉਹਨਾਂ ਸਗੋਂ ਮਨ੍ਹਾ ਕੀਤਾ। ਅੰਮ੍ਰਿਤਸਰ ਬੁੱਚੜਾਂ ਨੂੰ ਮਾਰਨ ਦੇ ਜੁਰਮ ਵਿਚ ਨਿਰਦੋਸ਼ ਬੰਦੇ ਫਾਹੇ ਲਗਣ ਲੱਗੇ ਸਨ। ਸਤਿਗੁਰਾਂ ਦੇ ਹੁਕਮ ਨਾਲ ਅਸਲੀ ਕਤਲ ਕਰਨ ਵਾਲੇ ਜਾ ਪੇਸ਼ ਹੋਏ ਸਨ।
ਰੁਲੀਆ : ਅੱਛਾ! ਆਪਣੇ ਆਪ ਹਾਜ਼ਰ ਹੋ ਗਏ?
ਮਹਿੰਗਾ : ਗੱਲਾਂ ਤਾਂ ਭਰਾਵਾ ਤੇਰੀਆਂ ਖਰੀਆਂ ਸੱਚੀਆਂ ਦਿਲ ਲਗਦੀਆਂ, ਸਭ ਸਾਡੇ ਹੱਕ ਦੀਐ
ਓਪਰਾ : ਬਸ, ਇਹੋ ਚੰਦ ਗੱਲਾਂ ਮੈਂ ਪਹਿਲੇ ਪਹਿਰੇਦਾਰਾਂ ਨੂੰ ਕਹੀਆਂ ਸਨ। ਤੁਸੀਂ ਆਪੇ ਦੱਸੋ ਇਸ ਵਿਚ ਮੈਂ ਕਿਹੜੀ ਮਾੜੀ ਗੱਲ ਕੀਤੀ ਐ।
ਮਹਿੰਗਾ : ਕੋਈ ਨਹੀਂ, ਭਰਾਵਾ, ਤੂੰ ਤਾਂ ਵਿਚੋਂ ਆਪਣਾ ਬੰਦਾ ਹੀ ਨਿਕਲਿਆ।
(ਬੈਟਰੀ ਦਾ ਲਿਸ਼ਕਾਰਾ ਵਜਦਾ ਹੈ)
ਰੁਲੀਆ : ਲੈ ਬਈ ਕੋਈ ਆ ਗਿਆ।
ਮਹਿੰਗਾ : ਮੈਨੂੰ ਤਾਂ ਕੋਤਵਾਲ ਲਗਦਾ। ਭਰਾਵਾ, ਤੂੰ ਲੁਕ ਜਾ ਝਟ ਪਟ। ਨਹੀਂ ਤਾਂ ਸਾਡੀ ਸ਼ਾਮਤ ਆ ਜਾਊ। (ਓਪਰਾ ਬੰਦਾ ਚਾਰੇ ਓਹਲੇ ਛੁਪ ਜਾਂਦਾ ਹੈ। ਦੋਵੇਂ ਸੋਟੀਆਂ ਖੜਕਾਉਂਦੇ ਤੁਰ ਪੈਂਦੇ ਹਨ।)
ਕੋਤਵਾਲ : ਠਹਿਰ ਜਾਓ ਕੌਣ ਓ ਤੁਸੀਂ?
ਮਹਿੰਗਾ : ਹਜ਼ੂਰ, ਠੀਕਰੀ ਪਹਿਰਾ ਦੇ ਰਹੇ ਆਂ।
ਕੋਤਵਾਲ : ਫੇਰ ਭੌਂਕਦੇ ਕਿਉਂ ਨਹੀਂ ਕੁਤਿਓ।
ਮਹਿੰਗਾ : ਸਰਦਾਰ ਸਾਹਬ ਨੇ ਮਨ੍ਹਾਂ ਕੀਤਾ ਹੋਇਆ।
ਕੋਤਵਾਲ : (ਚੁਬਾਰੇ ਵਲ ਦੇਖਦੇ ਹੀ) ਹੂੰ! ਖੁਸ਼ੀ ਦਾ ਜਸ਼ਨ ਹੋ ਰਿਹਾ । ਜਾਹ ਓਇ, ਸਰਦਾਰ ਸਾਹਿਬ ਨੂੰ ਬੁਲਾ ਕੇ ਲਿਆ।
ਰੁਲੀਆ : (ਜਾਂਦਾ ਹੋਇਆ ਝੁਕ ਕੇ ਸਲਾਮ ਕਰਕੇ) ਜੋ ਹੁਕਮ ਸਰਕਾਰ ਦਾ।
ਕੋਤਵਾਲ : ਓਇ, ਤੁਸੀਂ ਤਿੰਨ ਜਣੇ ਖੜੇ ਸੀ। ਤੀਜਾ ਕਿਧਰ ਗਿਆ?
ਮਹਿੰਗਾ : ਜਨਾਬ, ਤੁਹਾਨੂੰ ਭੁਲੇਖਾ ਲੱਗਾ, ਦੋ ਜਣੇ ਹੀ ਸਾਂ।
ਕੋਤਵਾਲ : (ਮੂੰਹ ਦੇ ਕਾੜ ਕਰਦੀ ਚੁਪੇੜ ਮਾਰ ਕੇ) ਹਰਾਮ ਜ਼ਾਦੇ, ਝੂਠ ਬੋਲਦਾਂ।
ਸਿਪਾਹੀ : ਜਨਾਬ ਮੈਂ ਵੀ ਦੂਰੋਂ ਤਿੰਨ ਬੰਦੇ ਹੀ ਦੇਖੇ ਸਨ।
ਕੋਤਵਾਲ : (ਧੌਣੋਂ ਫੜਕੇ) ਸਚ ਬੋਲ ਨਹੀਂ ਖਲੜੀ ਉਧੇੜ ਦਿਆਂਗਾ।
ਮਹਿੰਗਾ : ਜਨਾਬ, ਤੁਹਾਨੂੰ ਤੀਜਾ ਪਰਛਾਅ ਦਿਸਿਆ ਹੋਣਾ।
ਕੋਤਵਾਲ : (ਬੂਟ ਦਾ ਠੁੱਡਾ ਮਾਰਕੇ) ਓਥੇ ਕੋੜਾ ਕਰ ਕੇ ਫੇਰ ਛਿਤਰ ਇਹਨੂੰ। ਆਪੇ ਸਚ ਬਕੇਗਾ। ਸਰਦਾਰ ਲੜ ਖੜਾਉਂਦਾ ਹੋਇਆ ਆਉਂਦਾ ਹੈ।)
ਸਰਦਾਰ : ਮੇਰੀ ਸਰਕਾਰ, ਇੱਥੇ ਕਿਉਂ ਖੜੇ ਗਏ। ਉਪਰ ਆਓ, ਗਰੀਬ ਖਾਨੇ ਚਰਨ ਪਾਓ, ਰੌਣਕ ਵਧਾਉ, ਥਕੇਵਾਂ ਲਾਹੋ।

> **ਕੋਤਵਾਲ : ੬੬ ਕੂਕੇ ਦੋ ਨਾਮਧਾਰਨਾਂ ਮਰਨ ਲਈ ਜਥਾ ਬੰਨ ਕੇ ਆਏ। ਢੋਲਕੀ ਛੈਣਿਆਂ ਨਾਲ ਸ਼ਬਦ ਗਾਉਂਦੇ ਆਏ। ਚਿਹਰਿਆਂ ਉਤੇ ਜ਼ਰਾ ਵੀ ਡਰ ਭੌ ਦਾ ਨਾਮੋ ਨਿਸ਼ਾਨ ਨਹੀਂ ਸੀ।**

ਕੋਤਵਾਲ : ਕਿਹੜੀ ਸੱਦੀ ਹੋਈ ਏ?
ਸਰਦਾਰ : ਅਖ਼ਤਰ ਜਾਨ, ਮਲੇਰਕੋਟਲੇ ਵਾਲੀ।
ਕੋਤਵਾਲ : ਕਿਆ ਬਾਤਾਂ ਉਹਦੀਆਂ।
ਸਰਦਾਰ : ਕੋਈ ਜਵਾਬ ਐ ਉਹਦਾ, ਕਤਲ ਕਰ ਦੇਣਾ ਏ ਇਕੋ ਨਖਰੇ ਨਾਲ।
ਕੋਤਵਾਲ : ਮੈਂ ਸੁਣ ਚੁਕਾਂ ਕਈ ਦਫਾ।
ਸਰਦਾਰ : (ਹਥ ਫੜ ਕੇ) ਆਓ ਤਾਂ ਸਹੀ ਸਕਾਟਲੈਂਡ ਤੋਂ ਸਿੱਧੀ ਵਿਸਕੀ ਮੰਗਾਈ ਹੋਈ ਐ।
ਕੋਤਵਾਲ : ਮੈਨੂੰ ਤਾਂ ਅਜ ਸਰਕਾਰ ਦੀ ਜਿਤ ਦਾ ਉਂਜ ਹੀ ਨਸ਼ਾ ਚੜ੍ਹਿਆ ਹੋਇਐ। ਸਰਦਾਰ ਸਾਹਿਬ ਤੁਸੀਂ ਨਹੀਂ ਦੇਖਿਆ ਨਜ਼ਾਰਾ। ਇਹ ਬੂਤਰੇ ਹੋਏ ਕੂਕੇ ਉੜਾ ਦਿਤੇ ਤੋਪਾਂ ਨਾਲ।
ਸਰਦਾਰ : ਚੰਗਾ ਹੋਇਆ, ਬਹੁਤ ਹੀ ਬੂਤਰ ਗਏ ਸਨ।
ਕੋਤਵਾਲ : ਹੁਣ ਕੰਨਾਂ 'ਚ ਪਾਇਆਂ ਰੜਕਣੇ ਤਕ ਨਹੀਂ।
ਸਰਦਾਰ : ਅੰਗ੍ਰੇਜ਼ੀ ਹਕੂਮਤ ਅੱਗੇ ਰਣਜੀਤ ਸਿੰਘ ਦੀ ਸਿਖਲਾਈ ਖ਼ਾਲਸਾ ਫੌਜ ਨਾ ਅੜ ਸਕੀ ਇਹ ਕੀਹਦੇ ਪਾਣੀਹਾਰ ਨੇ।
ਕੋਤਵਾਲ : ਪਰ ਸਰਦਾਰ ਸਾਹਿਬ, ਇਕ ਗਲ ਬੜੇ ਸਿਤਮ ਦੀ ਦੇਖੀ।
ਸਰਦਾਰ : ਉਹ ਕਿਹੜੀ?
ਕੋਤਵਾਲ : ੬੬ ਕੂਕੇ ਦੋ ਨਾਮਧਾਰਨਾਂ ਮਰਨ ਲਈ ਜਥਾ ਬੰਨ ਕੇ ਆਏ। ਢੋਲਕੀ ਛੈਣਿਆਂ ਨਾਲ ਸ਼ਬਦ ਗਾਉਂਦੇ ਆਏ। ਚਿਹਰਿਆਂ ਉਤੇ ਜ਼ਰਾ ਵੀ ਡਰ ਭੋ ਦਾ ਨਾਮੋ ਨਿਸ਼ਾਨ ਨਹੀਂ ਸੀ।
ਸਰਦਾਰ : ਅੱਛਾ! ਸਾਨੂੰ ਤਾਂ ਤੋਪਾਂ ਦੀ ਗਰਜ ਸੁਣ ਕੇ ਉਥੇ ਬੈਠਿਆਂ ਡਰ ਲਗਦਾ ਸੀ।
ਕੋਤਵਾਲ : ਰੱਕੜ ਵਿੱਚ ਸਤ ਤੋਪਾਂ ਬੀੜੀਆਂ ਹੋਈਆਂ ਸਨ। ਸਤ ਸਤ ਕੂਕੇ ਖੜੇ ਕਰਕੇ ਤੂੰਬਾ ਤੂੰਬਾ ਕਰਕੇ ਉੜਾ ਦਿੱਤੇ। ਆਖਰੀ ਦਮ ਤਕ ਸਤਿਗੁਰੂ ਰਾਮ

ਸਿੰਘ ਦੇ ਨਾਹਰੇ ਮਾਰਦੇ ਰਹੇ।

ਸਰਦਾਰ : ਔਫ਼ਾ, ਐਨੇ ਦਲੇਰ!!

ਕੋਤਵਾਲ : ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਨੇ ਇਹ ਲੋਕ ਮੌਤ ਤੋਂ ਜ਼ਰਾ ਨਹੀਂ ਡਰਦੇ।

ਸਰਦਾਰ : ਕਮਾਲ ਐ।

ਕੋਤਵਾਲ : ਇਕ ਬਦੇਸ਼ੀ ਸੈਲਾਨੀ ਮੇਰੇ ਲਾਗੇ ਖੜਾ ਸੀ।

ਸਰਦਾਰ : ਉਸ ਦਾ ਕੀ ਰਵੱਈਆ ਸੀ?

ਕੋਤਵਾਲ : ਕਹਿੰਦਾ ਸਾਰੀ ਦੁਨੀਆਂ ਵਿਚ ਨਾ ਇਹੋ ਜਿਹਾ ਜ਼ੁਲਮ ਦੇਖਿਆ ਅਤੇ ਨਾ ਹੀ ਐਨੀ ਦਲੇਰੀ। ਲੋਕਾਂ ਨੂੰ ਮੁਖਾਤਬ ਹੋ ਕੇ ਕਹਿਣ ਲੱਗਾ, "ਦੁਨੀਆਂ ਇਕ ਈਸਾ ਮਸੀਹ ਦੀ ਕੁਰਬਾਨੀ ਸਲਾਹੁੰਦੀ ਨਹੀਂ ਥਕਦੀ। ਇੱਥੇ ਦਰਜਨਾਂ ਈਸਾ ਹਸਦੇ ਹਸਤੇ ਮੌਤ ਦੇ ਸਾਹਮਣੇ ਡਟੇ ਨੇ।

ਸਰਦਾਰ : ਫੇਰ ਤਾਂ ਨਾਮਧਾਰੀਆਂ ਨੇ ਅਠਾਰ੍ਹਵੀਂ ਸਦੀ ਦਾ ਸਿਖ ਇਤਿਹਾਸ ਜ਼ਿੰਦਾ ਕਰ ਦਿਖਾਇਆ ਏ।

ਕੋਤਵਾਲ : ਪਰ ਸਰਦਾਰ ਸਾਹਿਬ ਦੋ ਵਾਕਿਆਤ ਨੇ ਤਾਂ ਹਕੂਮਤ ਨੂੰ ਦੰਗ ਕਰ ਦਿੱਤਾ।

ਸਰਦਾਰ : ਉਹ ਕਿਹੜੇ ਸਨ?

ਕੋਤਵਾਲ : ਜਦੋਂ ਬਿਸ਼ਨ ਸਿੰਘ ਨਾਮ ਦਾ ੧੨ ਸਾਲਾਂ ਦਾ ਬਾਲਕ ਸਾਹਮਣੇ ਆਇਆ ਲੋਕ ਕੰਬ ਗਏ।

ਸਰਦਾਰ : ਫੇਰ ਕੀ ਹੋਇਆ?

ਕੋਤਵਾਲ : ਡੀ.ਸੀ. ਕਾਵਨ ਦੀ ਮੇਮ ਖੇਮੇ ਅੰਦਰੋਂ ਦੇਖਦੀ ਸੀ। ਉਸ ਨੂੰ ਬੱਚੇ ਤੇ ਬਹੁਤ ਰਹਿਮ ਆਇਆ।

ਸਰਦਾਰ : ਫੇਰ ਕੀ ਹੋਇਆ?

ਕੋਤਵਾਲ : ਡੀ.ਸੀ. ਨੇ ਬੱਚੇ ਨੂੰ ਕੋਲ ਸਦ ਕੇ ਕਿਹਾ। ਬੇਟਾ, ਤੈਨੂੰ ਛਡ ਦਿੰਦੇ ਹਾਂ, ਤੂੰ ਐਨਾ ਕਹਿ ਦੇਹ ਮੈਂ ਸਤਗੁਰੂ ਰਾਮ ਸਿੰਘ ਦਾ ਸਿੱਖ ਨਹੀਂ।

ਸਰਦਾਰ : ਬੱਚੇ ਨੇ ਕੀ ਕਿਹਾ?

ਕੋਤਵਾਲ : ਬੱਚਾ ਔਫ਼ਾ ਕਹਿਕੇ ਡੀ.ਸੀ. ਦੇ ਕੋਲ ਗਿਆ। ਉਨ ਸਮਝਿਆ ਕੰਨ ਵਿਚ ਕੁਝ ਕਹਿਣ ਆਇਆ। ਸਰਦਾਰ ਜੀ, ਸਚ ਜਾਣਨਾ ਬੱਚੇ ਨੇ ਡੀ.ਸੀ. ਦੀ ਲੰਮੀ ਦਾਹੜੀ ਨੂੰ ਐਨੀ ਜ਼ੋਰ ਦੀ ਖਿਚਿਆ।

ਸਰਦਾਰ : ਕੋਤਵਾਲ ਸਾਹਿਬ, ਤੁਹਾਨੂੰ ਕੀ ਹੋ ਗਿਆ (ਦਾਹੜੀ ਛਡਾਉਂਦਾ ਹੋਇਆ) ਛਡੋ ਮੇਰੀ ਦਾਹੜੀ।

ਕੋਤਵਾਲ : ਉਫ! ਮੁਆਫ ਕਰਨਾ, ਮੈਂ ਜੋਸ਼ ਵਿਚ ਭੁਲ ਗਿਆ ਸਾਂ।

ਸਰਦਾਰ : ਨੀਤਜਾ ਕੀ ਨਿਕਲਿਆ ਫੇਰ?

ਕੋਤਵਾਲ : ਸਿਪਾਹੀਆਂ ਨੇ ਤੁਲਵਾਰਾਂ ਨਾਲ ਬੱਚੇ ਦੇ ਹਥ ਕਟ ਕੇ ਦਾਹੜੀ ਛੁਡਾਈ। ਬੱਚਾ ਆਖ਼ਰੀ ਦਮ ਤਕ ਨਾਹਰੇ ਮਾਰਦਾ ਰਿਹਾ। ਬੱਚੇ ਨੂੰ ਟੋਟੇ ਟੋਟੇ ਕਰਕੇ ਮਾਰਿਆ ਗਿਆ। ਲੋਕੀ ਤਰਾਹ ਉੱਠੇ।

ਸਰਦਾਰ : ਹਦ ਹੋ ਗਈ। ਤੁਸੀਂ ਤਾਂ ਵਾਕਿਆ ਅਖੀਂ ਦੇਖਿਆ, ਮੈਨੂੰ ਤਾਂ ਸੁਣ ਕੇ ਕਾਂਬਾ ਛਿੜ ਗਿਆ। ਦੂਜਾ ਵਾਕਿਆ ਵੀ ਸੁਣਾ ਦਿਉ।

ਕੋਤਵਾਲ : ਉਹ ਵੀ ਬਹੁਤ ਹੈ ਮਨ ਭੁਨ ਸੀ।

ਸਰਦਾਰ : ਮਸਲਨ?

ਕੋਤਵਾਲ : ਮਹਿਰਾਜ ਪਿੰਡ ਦਾ ਵਰਿਆਮ ਸਿੰਘ ਨਾਂ ਦਾ ਲੜਕਾ ਸੀ ੩੦-੩੫ ਸਾਲਾਂ ਦਾ।

ਸਰਦਾਰ : ਫੇਰ?

ਕੋਤਵਾਲ : ਮਹਾਰਾਜਾ ਪਟਿਆਲਾ ਦਾ ਦੂਰੋਂ ਨੇੜਿਉਂ ਰਿਸ਼ਤੇਦਾਰ ਦਸਦੇ ਸਨ।

ਸਰਦਾਰ : ਫੇਰ ਕੀ ਹੋਇਆ ?

ਕੋਤਵਾਲ : ਡੀ.ਸੀ. ਉਸ ਨੂੰ ਛਡਣਾ ਚਾਹੁੰਦਾ ਸੀ। ਬਹਾਨਾ ਉਸ ਦੇ ਛੋਟੇ ਕਦ ਦਾ ਬਣਾਇਆ। ਲੜਕਾ ਦੌੜ ਕੇ ਵਾਹਣ ਵਿਚੋਂ ਢੀਮਾਂ ਚੁੱਕ ਲਿਆਇਆ। ਉਸ ਉਤੇ ਖੜੇ ਕੇ ਲਗਾ ਸਤਿਗੁਰੂ ਰਾਮ ਸਿੰਘ ਦੇ ਨਾਹਰੇ ਮਾਰਨ।

ਸਰਦਾਰ : ਫੇਰ ਕੀ ਹੋਇਆ?

ਕੋਤਵਾਲ : ਫੇਰ ਕੀ ਹੋਣਾ ਸੀ। ਉੜਾ ਦਿੱਤਾ ਤੋਪ ਨਾਲ। ਬਸ ਦਹਿਸ਼ਤ ਛਾ ਗਈ ਚੌਹੀਂ ਪਾਸੀਂ।

ਸਰਦਾਰ : ਹੁਣ ਸਾਰੇ ਪੰਜਾਬ ਵਿਚ ਠੰਡ ਵਰਤ ਜਾਵੇਗੀ।

ਕੋਤਵਾਲ : ਕਿਸੇ ਨੇ ਕੁਸਕਣਾ ਤਕ ਨਹੀਂ, ਤੁਸੀਂ ਹੁਣ ਬੇਖਟਕੇ ਰੰਗ ਰਲੀਆਂ ਮਨਾਉ।

ਸਰਦਾਰ : ਕੋਤਵਾਲ ਸਾਹਿਬ, ਤੁਹਾਡੇ ਸਿਰ ਤੇ ਹੀ ਮੌਜਾਂ ਮਾਣਨੀਆਂ। ਆਉ ਤੁਸੀਂ ਵੀ ਖੁਸ਼ੀ ਸਾਂਝੀ ਕਰੋ। ਇਹੋ ਜਿਹਾ ਖੁਸ਼ੀ ਦਾ ਦਿਨ ਰੋਜ਼ ਰੋਜ਼ ਨਹੀਂ ਆਉਂਦਾ।

ਕੋਤਵਾਲ : ਮੈਂ ਜ਼ਰਾ ਇਕ ਦੋ ਪਿੰਡਾਂ ਵਿਚ ਗਸ਼ਤ ਲਾ ਕੇ ਫਰਜ਼ ਨਿਭਾ ਆਵਾਂ। ਬਸ ਆਇਆ ਈ ਸਮਝੋ। (ਪਿੰਡ ਦੇ ਦੂਜੇ ਪਾਸੇ ਪੀਪਾ ਖੜਕਦਾ ਸੁਣਾਈ ਦਿੰਦਾ ਹੈ)

ਸਰਦਾਰ : (ਗੁੱਸੇ ਦੇ ਰੌ ਵਿਚ) ਪੀਪਾ ਕੌਣ ਵਜਾ ਰਿਹਾ ਪਿੰਡ 'ਚ ਬਿਨਾਂ ਮੇਰੇ ਹੁਕਮ!

ਕੋਤਵਾਲ : (ਮੁਸਕ੍ਰਾਕੇ) ਸਰਕਾਰੀ ਮੁਨਿਆਦੀ ਵਾਲਾ। ਇਹ ਮੇਰੇ ਨਾਲ ਨਾਲ ਹੀ ਚਲ ਰਿਹਾ।
(ਮੁਨਿਆਦੀਵਾਲਾ ਸਾਹਮਣੇ ਆਉਂਦਾ। ਪਲ ਕੁ ਪੀਪਾ ਖੜਾਂਦਾ ਹੈ)

ਢੰਡੋਰਚੀ : ਸੁਣੋ, ਸੁਣੋ, ਆਮ ਔਰ ਖਾਸ, ਨਰ ਔਰ ਨਾਰੀ, ਬੁੱਢੇ ਔਰ ਜੁਆਨ, ਸਾਰੇ ਕੰਨ ਖੋਲ ਕੇ ਸੁਣੋ, ਸਰਕਾਰ ਅਗ੍ਰੇਜ਼ੀ ਦਾ ਖਾਸ ਉਲ ਖਾਸ ਫਰਮਾਨ।

ਕੋਤਵਾਲ : ਓਇ, ਔਗੇ ਬੋਲ ਛੇਤੀ। ਮੈਂ ਵੀ ਸੁਣ ਲਵਾਂ ਠੀਕ ਮੁਨਿਆਦੀ ਵੀ ਕਰ ਰਿਹਾਂ ਕਿ ਨਹੀਂ।

ਢੰਡੋਰਚੀ : ਕਲ ਔਰ ਪਰਸੋਂ ਦੋ ਦਿਨਾਂ ਅੰਦਰ ਰੱਕੜ ਵਿਚ ਸੈਂਕੜੇ ਭੂਤਰੇ ਹੋਏ ਕੂਕੇ ਤੋਪਾਂ ਨਾਲ ਉੜਾ ਦਿੱਤੇ ਗਏ ਹਨ। ਨਾਮਧਾਰੀ ਪੰਥ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਹੈ। ਭੈਣੀ ਵਿਚ ਪੁਲੀਸ ਚੌਕੀ ਬਿਠਾ ਦਿੱਤੀ ਗਈ ਹੈ। (ਪੀਪਾ ਖੜਕਾ ਕੇ) ਉਹਨਾਂ ਦੇ ਗੁਰੂ ਪੀਰ (ਸਤਿਗੁਰੂ ਰਾਮ ਸਿੰਘ)) ਨੂੰ ਜਲਾਵਤਨ ਕਰ ਦਿੱਤਾ ਗਿਆ ਹੈ। ਸਾਰੇ ਪੰਜਾਬ ਵਿਚ ਕੂਕਿਆਂ ਖਿਲਾਫ ਸਖ਼ਤ ਕਾਨੂੰਨ ਲਾਗੂ ਹੋ ਗਿਆ ਹੈ। (ਪੀਪਾ) ਹਕੂਮਤ ਤਰਫੋਂ ਸਖਤ ਹੁਕਮ ਜਾਰੀ ਹੈ ਕਿ ਹਰ ਪਿੰਡ ਵਿਚ ਵਸਦੇ ਕੂਕਿਆਂ

ਦੇ ਨਾਵਾਂ ਦੀ ਫਰਿਸਤ ਤਿਆਰ ਕੀਤੀ ਜਾਵੇ। ਜਿਹੜਾ ਸਖ਼ਸ਼ ਬਾਗੀ ਕੂਕੇ ਦੀ ਦਸ ਪਾਏਗਾ ਭਾਰੀ ਇਨਾਮ ਦਾ ਹੱਕਦਾਰ ਹੋਵੇਗਾ।

ਸਰਦਾਰ : (ਖੁਸ਼ੀ ਨਾਲ ਉਛਲ ਕੇ) ਓਹ ਮਾਰੇ ਦੂਤੀ ਦੁਸ਼ਮਣ। ਮੰਨ ਗਏ ਕੋਤਵਾਲ ਸਾਹਿਬ, ਮੁਨਿਆਦੀ ਦੀ ਇਬਾਰਤ ਤੁਹਾਡੀ ਬਣਾਈ ਹੋਈ ਲਗਦੀ ਹੈ।

ਕੋਤਵਾਲ : ਜੀ ਹਾਂ। ਇਸ ਨੂੰ ਕਾਫੀ ਟ੍ਰੇਨਿੰਗ ਦੇਣੀ ਪਈ।

ਸਰਦਾਰ : ਹੁਣ ਗਸ਼ਤ ਲਾਉਣ ਦੀ ਕੋਈ ਲੋੜ ਨਹੀਂ। ਕੂਕਿਆਂ ਦਾ ਖੁਰਾ ਖੋਜ ਮਿਟ ਗਿਆ ਸਮਝੋ। ਬਚਦੇ ਖੁਚਦੇ ਸੁਸਰੀ ਵਾਂਗੂੰ ਸੌ ਜਾਣਗੇ।

(ਓਪਰਾ ਬੰਦਾ ਨਾਮਧਾਰੀ ਭੇਸ ਵਿਚ ਅੱਗੇ ਆਉਂਦਾ ਹੈ।)

ਨਾਮਧਾਰੀ : ਇਨਕਲਾਬ ਜ਼ਿੰਦਾ ਬਾਦ। ਸਤਿਗੁਰੂ ਰਾਮ ਸਿੰਘ ਜ਼ਿੰਦਾ ਬਾਦ

(ਪਹਿਰੇਦਾਰ ਵੀ ਸਾਹਮਣੇ ਆ ਕੇ ਜੈਕਾਰਿਆਂ ਵਿਚ ਸ਼ਾਮਲ ਹੋ ਜਾਂਦੇ ਹਨ।)

ਕੋਤਵਾਲ : ਕੌਣ ਹੋ ਤੁਸੀ ਸਾਰੇ?

ਨਾਮਧਾਰੀ : ਸਤਿਗੁਰੂ ਰਾਮ ਸਿੰਘ ਦੇ ਸ਼ਿਸ਼

ਸਰਦਾਰ : ਹੈਂ! ਟਿੱਡੀਆਂ ਨੂੰ ਵੀ ਖੰਬ ਲਗ ਗਏ।

ਕੋਤਵਾਲ : ਫੜ ਲਓ ਇਹਨਾਂ ਨੂੰ, ਲਾਓ ਹਥ ਕੜੀਆਂ।

ਨਾਮਧਾਰੀ : ਆਓ ਲਾਓ ਹਥਕੜੀਆਂ। (ਸਾਰੇ ਤਣਕੇ ਖੜੇ ਜਾਂਦੇ ਹਨ)

ਕੋਤਵਾਲ : ਦੱਸਾਂ ਤੁਹਾਨੂੰ!

(ਕੋਤਵਾਲ ਖੋਲ ਵਿਚੋਂ ਪਸਤੌਲ ਕਢ ਹੀ ਰਿਹਾ ਹੁੰਦਾ ਹੈ ਜਦੋਂ ਇਕ ਦਮ ਰੱਕੜ ਵਲੋਂ ਹੱਲੇ ਦੇ ਸ਼ਬਦ ਦੀ ਉੱਚੀ ਸੁਰ ਸੁਣਾਈ ਦਿੰਦੀ ਹੈ।)

ਸੂਰਾ ਸੋਈ, ਸੂਰਾ ਸੋਈ
ਜੋ ਲੜੇ ਦੀਨ ਕੇ ਹੇਤ
ਸੂਰਾ ਸੋਈ, ਸੂਰਾ ਸੋਈ

ਕੋਤਵਾਲ : ਸਰਦਾਰ ਸਾਹਿਬ, ਮੈਂ ਤਾਂ ਚਲਦਾਂ ਤੁਸੀਂ ਵੀ ਬਚੋ। ਉਲਟਾ ਭਾਂਬੜ ਵਲ ਉਠਿਆ ਲਗਦਾ। ਡਰ ਭਉ ਚੁਕਿਆ ਗਿਆ ਇਨ੍ਹਾਂ ਦਾ।

ਸਰਦਾਰ : ਕੋਤਵਾਲ ਸਾਹਿਬ, ਤੁਹਾਡੇ ਪਾਸ ਪਸਤੌਲ ਬੰਦੂਕ ਹੈ, ਤੁਹਾਨੂੰ ਕਾਹਦਾ ਡਰ ਹੈ।

ਕੋਤਵਾਲ : ਇਹ ਬੰਦੂਕਾਂ ਨੂੰ ਕੀ ਸਮਝਦੇ ਨੇ। ਇਹ ਤਾਂ ਤੋਪਾਂ ਦੇ ਮੂੰਹ ਮੋੜਨ ਵਾਲੇ ਨੇ।

(ਦੂਰੋਂ ਜੈਕਾਰਿਆਂ ਦੀ ਆਵਾਜ਼ ਗੂੰਜਦੀ ਹੈ। ਸਰਦਾਰ, ਕੋਤਵਾਲ ਅਤੇ ਸਿਪਾਹੀ ਖਿਸਕ ਜਾਂਦੇ ਹਨ। ਜੱਥਾ ਸ਼ਬਦ ਗਾਉਂਦਾ ਸਾਹਮਣੇ ਆਉਂਦਾ ਹੈ।)

ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਓ
ਖੇਤ ਜੁ ਮਾਂਡਿਓ ਸੂਰਮਾ ਅਬ ਜੂਝਨ ਕਾ ਚਾਓ
ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ
ਪੁਰਜਾ ਪੁਰਜਾ ਕਟਿ ਮਰੇ ਕਬੂ ਨ ਛਾਡੇ ਖੇਤ।

■

ਖੁਸ਼ੀ ਹੋਈ ਹੈ ਸਾਰੇ ਸੰਸਾਰ ਉਤੇ

ਜਸਵਿੰਦਰ ਸਿੰਘ ਭਿੰਡਰ

ਖੁਸ਼ੀ ਹੋਈ ਹੈ ਸਾਰੇ ਸੰਸਾਰ ਉਤੇ
ਦਿਨ ਖੁਸ਼ੀ ਵਾਲਾ ਸੋਹਣਾ ਆ ਗਿਆ ਏ।
ਸਾਵੇ, ਰੰਗ ਕੱਢੇ ਫਸਲਾਂ ਸਾਰੀਆਂ ਨੇ,
ਵੇਖ ਸਭਦਾ ਦਿਲ ਬਹਿਲਾ ਗਿਆ ਏ।
ਦੂਰ ਦੂਰ ਤਕ ਧਰਤ ਖੁਸ਼ਬੋਈ ਵੰਡੇ,
ਪੀਲੇ ਰੰਗ ਦਾ ਕਰ ਸ਼ੀਗਾਰ ਆਈ।
ਪਲ ਪਲ ਕੂਕੇ ਜ਼ਰਾ ਜ਼ਰਾ ਕੂਕੇ,
ਭਾਗਾਂ ਭਰੀ ਬਸੰਤ ਬਹਾਰ ਆਈ।

ਭੌਰੇ ਤਿਤਲੀਆਂ ਨੱਚ ਤੇ ਗਾ ਰਹੇ ਨੇ,
ਸੁਭ ਦਿਨ ਐਸਾ ਵੀਰ ਵਾਰ ਆਇਆ।
ਭੈਣੀ ਸਾਹਿਬ ਦੀ ਧਰਤ ਨੂੰ ਭਾਗ ਲਗਾ,
ਜਿਥੇ ਚਲ ਕੇ ਆਪ ਕਰਤਾਰ ਆਇਆ।
ਸਦਾ ਕੌਰ ਦੀ ਗੋਦੀ ਵਿਚ ਫੁਲ ਟਹਿਕੇ,
ਜੱਸਾ ਸਿੰਘ ਦੇ ਘਰ ਗੁਲਜ਼ਾਰ ਆਈ।
ਪਲ ਪਲ ਕੂਕੇ ਜ਼ਰਾ ਜ਼ਰਾ ਕੂਕੇ,
ਭਾਗਾਂ ਭਰੀ ਬਸੰਤ ਬਹਾਰ ਆਈ।

ਕੋਇਲ ਬੋਲਦੀ ਮਿਠੜੇ ਬੋਲ ਬਾਗੀ,
ਮੋਰ ਨੱਚ ਕੇ ਕਰ ਰਹੇ ਨਿਰਤ ਕਾਰੀ।
ਮੁਖ ਕਲੀਆਂ ਕੇ ਭੌਰੇ ਚੁੰਮ ਰਹੇ ਨੇ,
ਖ਼ਸੀਟ ਜਾਪੇ ਕਾਇਨਾਤ ਸਾਰੀ।
ਪਸ਼ੂ ਪੰਛੀ ਵੀ ਖੁਸ਼ੀ ਦੇ ਵਿਚ ਨੱਚਣ,
ਵੇਖੋ ਰੁਤਾਂ ਚੋਂ ਰੁਤ ਸਰਦਾਰ ਆਈ।
ਪਲ ਪਲ ਕੂਕੇ ਜ਼ਰਾ ਜ਼ਰਾ ਕੂਕੇ,
ਭਾਗਾਂ ਭਰੀ ਬਸੰਤ ਬਾਹਰ ਆਈ।

ਲੈ ਕੇ ਨੂਰ ਆਇਆ ਬੂਰ ਅੰਬੀਆਂ ਤੇ,
ਵੇਲਾਂ ਆਪਣੀ ਸ਼ਾਨ ਵਿਖਾ ਰਹੀਆਂ।
ਮਿਠੀ ਮਿਠੀ ਸੁਹਾਵਨੀ ਰੁਤ ਅੰਦਰ,
ਕਲੀਆਂ ਆਪਣੀ ਮਹਿਕਾ ਲੁਟਾ ਰਹੀਆਂ।
ਸੁਖ ਸਾਰੇ ਸੰਸਾਰ ਦਾ ਇਹ ਲੈ ਕੇ,
ਸਚ ਖੰਡ ਦਾ ਰੂਪ ਹੈ ਧਾਰ ਆਈ।
ਪਲ ਪਲ ਕੂਕੇ ਜ਼ਰਾ ਜ਼ਰਾ ਕੂਕੇ,
ਭਾਗਾਂ ਭਰੀ ਬਸੰਤ ਬਹਾਰ ਆਈ।

"ਸਦਾਚਾਰ ਅਤੇ ਸਤਿਗੁਰੂ ਰਾਮ ਸਿੰਘ"

ਗੁਰਬਚਨ ਸਿੰਘ ਨਾਮਧਾਰੀ

"ਸਤਿਆ, ਅਹਿੰਸਾ, ਛਮਾ, ਦਮੋ, ਅਸਤੇਯੰ, ਅਪਰਿਗ੍ਰਹ, ਸਪਤਮ ਧਰਮ ਲੱਛਣਮ (ਉਪਨਿਸ਼ਦ) ਇਸਦੇ ਉਲਟ– ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਅਧਰਮ ਦੇ ਲੱਛਣ ਦੱਸੇ ਗਏ ਅਤੇ ਇਨ੍ਹਾਂ ਵਿਕਾਰਾਂ ਦੇ ਧਾਰਨੀ, – ਹੋਰ ਕਈ ਚੰਗੇ ਗੁਣ ਹੁੰਦਿਆਂ ਹੋਇਆਂ ਭੀ ਨਿੰਦਤ ਹੋਏ, ਪਾਪੀ ਕਹਿਲਾਇ। ਲੰਕਾ ਨਰੇਸ਼ ਰਾਵਣ, ਮਹਾਬਲੀ, ਤਪਸਵੀ, ਸੀਸਦਾਨੀ ਹੁੰਦਿਆਂ ਹੋਇਆਂ ਭੀ ਲੋਭ ਅਤੇ ਪਰਨਾਰੀ ਕਾਮਨਾ ਕਰਕੇ ਅਸੁਰ ਕਹਿਲਾਇਆ। ਰਿਸ਼ੀਆਂ –ਮੁਨੀਆਂ ਦੇ ਇਸ ਆਰਿਆਵਰਤ ਵਿਚ ਕਰਮ ਹੀ ਧਰਮ ਮੰਨਿਆ ਗਿਆ। ਧਰਮ ਤੱਤਾਂ ਦੀ ਸਥਾਪਨਾ ਅਤੇ ਅਧਰਮ ਮੁਕਤ ਕੁਕਰਮਾਂ ਦੇ ਨਾਸ਼ ਹਿਤ ਹੀ ਗੁਰੂਆਂ ਪੀਰਾਂ ਨੇ ਸਮੇਂ–ਸਮੇਂ ਅਵਤਾਰ ਲਿਆ।

ਸਦਾਚਾਰ ਦਾ ਅਰਥ ਹੈ, ਸਤਿ+ਆਚਾਰ, ਅਰਥਾਤ ਸਤਿ ਨਾਲ ਪਰਿਪੂਰਨ ਆਚਾਰ, ਵਿਵਹਾਰ। ਭਾਰਤੀ ਅਧਿਆਤਮ ਕਰਮ ਸ਼ੁੱਧੀ ਤੇ ਆਧਾਰਤ ਹੈ। ਵੇਦ ਬਿਆਸ ਜੀ ਨੇ ਕਿਹਾ- "ਸਦਾਚਾਰੈਣ ਧਰਮ:"। ਅਰਥਾਤ ਸਦਾਚਾਰ ਹੀ ਧਰਮ ਹੈ। ਧਰਮ ਸ਼ਬਦ ਦੀ ਉਤਪਤੀ, ਬੜੇ ਗਹਿਰੇ ਮਨੋਵਿਗਿਆਨਕ ਵਿਸ਼ਲੇਸ਼ਨ ਤੋਂ ਹੋਈ। ਸੰਸਕ੍ਰਿਤ ਦੇ "ਧ੍ਰੀ" ਧਾਤੂ ਤੋਂ ਧਰਮ ਬਣਿਆ, ਜਿਸਦਾ ਅਰਥ ਹੈ, ਧਾਰਨ ਕਰਨ ਜੋਗ! ਸਤ, ਅਹਿੰਸਾ, ਦਇਆ, ਖਿਮਾ, ਦਮੋ ਅਸਤੇਯੰ, ਅਪਰਿਗ੍ਰਹ, ਅਦਕ ਧਾਰਨ ਕਰਨ ਜੋਗ ਧਰਮ ਤੱਤ ਮੰਨੇ ਗਏ।

"ਸਤਿਆ, ਅਹਿੰਸਾ, ਛਮਾ, ਦਮੋ, ਅਸਤੇਯੰ, ਅਪਰਿਗ੍ਰਹ,
ਸਪਤਮ ਧਰਮ ਲੱਛਣਮ –(ਉਪਨਿਸ਼ਦ)

ਇਸਦੇ ਉਲਟ– ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿਕ ਅਧਰਮ ਦੇ ਲੱਛਣ ਦੱਸੇ ਗਏ ਅਤੇ ਇਨ੍ਹਾਂ ਵਿਕਾਰਾਂ ਦੇ ਧਾਰਨੀ, – ਹੋਰ ਕਈ ਚੰਗੇ ਗੁਣ ਹੁੰਦਿਆਂ ਹੋਇਆਂ ਭੀ ਨਿੰਦਤ ਹੋਏ, ਪਾਪੀ ਕਹਿਲਾਇ। ਲੰਕਾ ਨਰੇਸ਼ ਰਾਵਣ, ਮਹਾਬਲੀ, ਤਪਸਵੀ, ਸੀਸਦਾਨੀ ਹੁੰਦਿਆਂ ਹੋਇਆਂ ਭੀ ਲੋਭ ਅਤੇ ਪਰਨਾਰੀ ਕਾਮਨਾ ਕਰਕੇ ਅਸੁਰ ਕਹਿਲਾਇਆ। ਰਿਸ਼ੀਆਂ –ਮੁਨੀਆਂ ਦੇ ਇਸ ਆਰਿਆਵਰਤ ਵਿਚ ਕਰਮ ਹੀ ਧਰਮ ਮੰਨਿਆ ਗਿਆ। ਧਰਮ ਤੱਤਾਂ ਦੀ ਸਥਾਪਨਾ ਅਤੇ ਅਧਰਮ ਮੁਕਤ ਕੁਕਰਮਾਂ ਦੇ ਨਾਸ਼ ਹਿਤ ਹੀ ਗੁਰੂਆਂ ਪੀਰਾਂ ਨੇ ਸਮੇਂ-ਸਮੇਂ ਅਵਤਾਰ ਲਿਆ। ਭਗਵਾਨ ਕ੍ਰਿਸ਼ਨ ਗੀਤਾ ਵਿਚ ਕਹਿੰਦੇ ਹਨ-

ਯਦਾ ਯਦਾ ਹੀ ਧਰਮਸਯ ਗਲਾਨੀਰ ਭਵਤੀ ਭਾਰਤ
ਅਭਿਯੁੱਥਾਨਮ ਅਧਰਮਸਯ ਤਦਾਤਮਾਨੰ ਸ੍ਰਿਜਾਮਯਅਹਮ
ਪਰਿਤ੍ਰਾ ਨਾਯ ਸਾਧੂਨਾਂ, ਵਿਨਾਸ਼ਾਯ ਚ ਦੁਸ਼ਕ੍ਰਿਤਾਮ
ਸੰਭਵਾਮੀ-ਯੁਗੇ-ਯੁਗੇ" —

ਅਰਥਾਤ– ਜਦੋਂ ਜਦੋਂ ਧਰਮ ਦੀ ਹਾਨੀ ਹੁੰਦੀ ਹੈ, ਓਦੋਂ ਅਧਰਮ ਦਾ ਨਾਸ਼ ਕਰਨ ਲਈ, ਸਾਧੂ ਸੰਤਾਂ ਦੀ ਰਖਿਆ ਲਈ ਅਤੇ ਦੁਸ਼ਟ ਪ੍ਰਿਵ੍ਰਿਤੀਆਂ ਦਾ ਨਾਸ਼ ਕਰਨ ਲਈ ਮੈਂ ਅਵਤਾਰ ਲੈਂਦਾ ਹਾਂ। ਭਗਵਾਨ ਕ੍ਰਿਸ਼ਨ ਦੀ ਨਿਸ਼ਕਾਮਤਾ, ਮਹਾਂਵੀਰ ਦਾ ਕੈਵਲਯ, ਭਗਵਾਨ ਬੁੱਧ ਦਾ ਨਿਰਵਾਨ ਅਤੇ ਗੁਰੂ ਨਾਨਕ ਦੀ ਨਿਰੰਜਨਤਾ ਦਾ ਅਰਥ ਮਨੁੱਖ ਦੇ ਕਰਮਾਂ ਦੀ ਸ਼ੁੱਧੀ ਭ੍ਰਿਸ਼ਟਾਚਾਰ ਦਾ ਨਾਸ਼ ਅਤੇ ਸਦਾਚਾਰ ਦੀ ਸਥਾਪਨਾ ਹੀ ਹੈ। ਇਸੇ ਕਰਕੇ ਸਭਿਆਚਾਰ ਦੇ ਸੰਦੇਸ਼ ਵਾਹਕ ਦਾ ਨਾਂ ਸ਼ਾਸ਼ਤ੍ਰਾਂ ਨੇ ਦਿੱਤਾ, "ਸਤਿਗੁਰੂ"। ਆਪਨੀ ਬਾਣੀ, ਕਥਨੀ ਅਤੇ ਕਰਨੀ ਨਾਲ ਗੁਰੂ, ਸਿੱਖ ਦੇ ਵਿਕਾਰਾਂ ਦਾ ਨਾਸ਼ ਕਰਦਾ ਹੈ। ਗੁਰੂ ਨਾਨਕ ਦੀ ਉੱਚੀ-ਸੁੱਚੀ ਪਰੰਪਰਾ ਤੋਂ ਪਤਿਤ ਹੋ ਚੁੱਕੇ ਮਸੰਦਾਂ ਨੂੰ ਸਾੜਨ ਦਾ ਦਸਮ ਪਾਤਸ਼ਾਹ ਦਾ ਮਕਸਦ, ਸਿੱਖੀ-ਸੁਵਰਨ ਨੂੰ ਅਗਨੀ ਵਿਚ ਤਪਾ ਕੇ ਵਿਕਾਰ ਰਹਿਤ ਕੰਚਨ ਬਣੌਨਾ ਸੀ।

੧੯ਵੀਂ ਸ਼ਤਾਬਦੀ ਦੇ ਸਮਾਜ, ਧਰਮ ਅਤੇ ਰਾਜਨੈਤਿਕ ਸੁਧਾਰ ਦੇ ਸੰਦੇਸ਼ਵਾਹਕ ਸਨ, ਸ੍ਰੀ ਸਤਿਗੁਰੂ ਰਾਮ ਸਿੰਘ! ਤਕਰੀਬਨ ਡੇਢ ਸੌ ਸਾਲ ਪਹਿਲਾਂ ਦੇ ਕਾਲ ਖੰਡ ਦੇ ਇਸ ਅਦੁਤੀ ਸਰਬ ਪੱਖੀ-ਸੁਧਾਰਕ ਦੇ ਜੀਵਨ ਦੀ ਵਿਡੰਬਨਾ ਸੀ ਕਿ ਇਨਾਂ ਨੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸਿੱਖ ਰਾਜ ਦੀ ਚੜ੍ਹਦੀ ਕਲਾ ਭੀ ਦੇਖੀ ਅਤੇ ਅੱਖਾਂ ਦੇ ਸਾਹਮਣੇ ਇਸ ਰਾਜ ਦੇ ਸਰਵਨਾਸ਼ ਨੂੰ ਭੀ ਦੇਖਿਆ। ਦਸਮ ਪਾਤਸ਼ਾਹ ਤੋਂ ਬਾਦ ਕੰਚਨ ਔਰ ਕਾਮਨੀ ਦੇ ਭੋਗ ਵਿਚ ਡੁੱਬੇ ਸਿੱਖ ਸਮਾਜ ਦੀ ਮੰਦਹਾਲੀ ਭੀ ਦੇਖੀ ਅਤੇ ਅੰਗ੍ਰੇਜ਼ੀ ਪੰਜਿਆਂ ਹੇਠ ਕਿਸੇ ਬੇਬਸ ਪੰਖੀ ਵਾਂਗ ਫੜਫੜਾਂਦੇ ਪੰਜਾਬ ਦੀਆਂ ਕਾਤਰ ਚੀਕਾਂ ਸੁਣਨ ਦੀ ਤ੍ਰਾਸਦੀ ਭੀ ਝੇਲੀ। ਪੈਸੇ ਔਰ ਪਦ ਦੀ ਲਿਪਸਾ ਵਿਚ ਡੁਬਿਆ ਸਿੱਖ ਸਮਾਜ, ਸਿਰਫ ਦੋ ਡੋਗਰਿਆਂ (ਧਿਆਨ ਸਿੰਘ ਡੋਗਰਾ ਅਤੇ ਗੁਲਾਬ ਸਿੰਘ ਡੋਗਰਾ) ਦੀ ਸਾਜਸ਼ ਦਾ ਸ਼ਤਰੰਜੀ ਮੋਹਰਾ ਬਣ, ਆਪ ਹੀ ਆਪਣਾ ਆਸ਼ਿਆਨਾ ਉਜਾੜਨ ਦਾ ਕਾਰਨ ਬਣ ਗਿਆ। ਸਤਿਗੁਰਾਂ ਨੇ ਸਿੱਖੀ ਸਦਾਚਾਰ ਦੇ

ਪਤਨ ਨੂੰ ਵੇਖਿਆ, ਸਿੱਖ ਰਾਜ ਦੇ ਭਿਆਨਕ ਭਵਿੱਖ ਦੀ ਕਲਪਨਾ ਕੀਤੀ ਅਤੇ ਸੰਨ ੧੯੪੫ ਵਿਚ ਰੈਫਲ ਸਤਿਲੁਜ ਵਿਚ ਸੁੱਟ ਦਿੱਤੀ ਤੇ ਕਿਹਾ- "ਜਿੱਤ ਸਿੱਖਾਂ ਤੋਂ ਦੂਰ ਹੋ ਗਈ।" ਕਿਉਂਕਿ ਸਿੱਖ ਦਸਮ ਗੁਰੂ ਦੀ ਮਰਿਆਦਾ ਤੋਂ ਦੂਰ ਹੋ ਗਏ, ਆਪਣੀ ਰਹਿਣੀ ਬਹਿਣੀ ਤੋਂ ਪਰੇ ਹੋ ਗਏ, ਇਸ ਕਰਕੇ ਜਿੱਤ ਸਿੱਖਾਂ ਤੋਂ ਦੂਰ ਹੋ ਗਈ।

ਫੌਜ ਤੋਂ ਅਸਤੀਫ਼ਾ ਦੇ ਭੈਣੀ ਸਾਹਿਬ, ੨੦ ਸਾਲ ਬੰਦਗੀ ਕੀਤੀ। ੨੦ ਸਾਲ ਦਾ ਇਹ ਸਮਾਂ ਗੁਰੂ ਰਾਮ ਸਿੰਘ ਦਾ ਵੈਚਾਰਕ ਮੰਥਨ ਦਾ ਸਮਾਂ ਸੀ, ਚਿੰਤਨ ਦਾ ਸਮਾਂ। ਜਦੋਂ ਭਾਰਤ ਮਾਂ ਦਾ ਇਹ ਸਪੂਤ, ਸਮਾਜਕ, ਧਾਰਮਕ ਅਤੇ ਰਾਜਨੈਤਿਕ ਸਰਬ-ਪੱਖੀ ਇਕ "ਸੰਪੂਰਨ ਕ੍ਰਾਂਤੀ" ਦੇ ਤਾਣੇ ਬਾਣੇ ਬੁਣਦਾ ਰਿਹਾ ਅਤੇ ੨੦ ਸਾਲਾਂ ਬਾਦ ਜਿਹੜਾ ਪਹਿਲਾ ਸੰਦੇਸ਼ ਸਿੱਖਾਂ ਨੂੰ ਦਿੱਤਾ, ਉਹ ਸੀ-

"ਸਿੰਘਹਿ ਉਜ ਸਿੰਘ ਸੇ ਜਿਆਦਾ,

ਚਲੈ ਜੋ ਦਸਮ ਗੁਰੂ ਮਰਿਆਦਾ। (ਗਿ. ਗਿਆਨ ਸਿੰਘ)

ਅਰਥਾਤ ਗੁਰੂ ਦਾ ਸਿੱਖ ਤਾਂ ਸ਼ੇਰ ਤੋਂ ਜ਼ਿਆਦਾ ਉਜਮਈ ਹੈ, ਸ਼ਕਤੀਸ਼ਾਲੀ ਹੈ। ਪਰ ਸ਼ਰਤ ਹੈ, ਕਿ ਉਹ ਦਸਮ ਪਾਤਸ਼ਾਹ ਦੀ ਸਦਾਚਾਰਕ ਲਛਮਨ ਰੇਖਾ ਦੇ ਅੰਦਰ ਰਹੇ। ਸਤਿਗੁਰਾਂ ਮਹਿਸੂਸ ਕੀਤਾ ਕਿ ਸਦਾਚਾਰ ਗਿਆ, ਸਿੱਖ ਦੀ ਸ਼ਕਤੀ ਚਲੀ ਗਈ। ਪਿਛਲੇ ਥੋੜੇ ਸਮੇਂ ਲਈ ਗੁਰੂ ਤੋਂ ਉਹਲੇ ਰਹੇ ਤਾਂ ਸਰੀਰ-ਮਨ, ਬੁੱਧੀ ਅਤੇ ਆਤਮਾ ਚਤੁਰੰਗੀ ਸੰਤੁਲਨ ਵਿਗੜ ਗਿਆ। ਮਨ ਦਾ ਰਾਜ ਹੋ ਗਿਆ, ਬੁੱਧੀ ਮਲੀਨ ਹੋ ਗਈ, ਆਤਮਾ ਦੀ ਆਵਾਜ਼ ਮਨ ਦੇ ਮਾਇਕ ਸ਼ੋਰ ਹੇਠ ਦੱਬ ਗਈ। ਜਿਸ ਆਤਮਬਲ ਦੇ ਸਹਾਰੇ ਕਦੀ ਅੰਮ੍ਰਿਤ ਦੇ ਦਾਤੇ, ਦਸਮ ਪਾਤਸ਼ਾਹ ਨੇ "ਸਵਾ ਲਾਖ ਸੇ ਇਕ ਲੜਾਊਂ" ਦੀ ਚੁਨੌਤੀ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਨੂੰ ਦਿੱਤੀ, ਉਹੀ ਸਿੱਖੀ ਆਤਮਬਲ ਅਜ, ਧਨ, ਵੈਭਵ ਅਤੇ ਭੋਗ ਦੀ ਚੰਦਰੀ ਚਾਹਤ ਹੇਠ ਸਿਸਕੀਆਂ ਲੈ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਇਸ ਸਦੀਵੀ ਸੱਤ ਤੋਂ ਬਖ਼ੂਬੀ ਵਾਕਫ ਸਨ- ਸੋ ਹੁਕਮ ਦਿੱਤਾ- ਅੰਗ੍ਰੇਜ਼ਾਂ ਨੂੰ ਦੇਸ਼ ਚੋਂ ਬਾਹਰ ਕੱਢਣਾ ਹੈ, ਤਾਂ ਪਹਿਲਾਂ ਵਿਕਾਰਾਂ ਨੂੰ ਮਨ ਚੋਂ ਬਾਹਰ ਕੱਢਣਾ ਜ਼ਰੂਰੀ ਹੈ। ਔਰ ਇਹੀ ਕਾਰਨ ਸੀ, ਕਿ ਸਤਿਗੁਰਾਂ ਨੇ ਸਿੱਖਾਂ ਨੂੰ ਦਸਮ ਪਾਤਸ਼ਾਹ ਦੇ ਉੱਚੇ ਅਤੇ ਸੁੱਚੇ ਤਿਆਗ ਅਤੇ ਤਪੀਸਿਆ ਤੋਂ ਪਰਿਪੂਰਨ ਮਾਰਗ ਨਾਲ ਜੋੜਿਆ। ਆਤਮਾ ਨੂੰ ਮਨ ਤੋਂ ਉਪਰ ਪ੍ਰਤਿਸ਼ਠਤ ਕਰਨ ਲਈ ਸਫੈਦ ਵਸਤ੍ਰ, ਸਫੈਦ ਉੱਨ ਦੀ ਮਾਲਾ ਜਿਹੇ ਬਾਹਰਲੀ ਸੁੱਚਤਾ ਦੇ ਨਾਲ ਹੀ ਨਾਮ ਅਤੇ ਬਾਣੀ ਰਾਹੀਂ ਅੰਦਰਲੀ ਸੁੱਚਤਾ ਦਾ ਭੀ ਸਫਲ ਉਪਰਾਲਾ ਕੀਤਾ। ੧੯੭੧ ਵਿਚ ਬੰਗਲਾ ਦੇਸ਼

ਕਹਿੰਦੇ ਹਨ, ਕੂਕਿਆਂ ਨੇ ਕਦੇ ਆਪਣਾ ਪ੍ਰਚਾਰ ਨਹੀਂ ਕੀਤਾ, ਲੋਕਪ੍ਰਿਯਤਾ ਦੇ ਢੰਡੋਰੇ ਨਹੀਂ ਵਜਾਏ— ਜਿਸ ਰਾਹ ਤੋਂ ਗੁਰੂ ਰਾਮ ਸਿੰਘ ਦਾ ਕੂਕਾ ਲੰਘਦਾ ਸੀ, ਲੋਕ ਵੇਖ ਕੇ ਸਿੱਖ ਸਜਦੇ ਜਾਂਦੇ ਸੀ। ਸੰਨ ੧੮੫੭ ਤੋਂ ਪ੍ਰਾਰੰਭ ਹੋਏ ਕੂਕਾ ਅੰਦੋਲਨ ਨੇ ਸਮਾਜਕ, ਧਾਰਮਕ, ਰਾਜਨੈਤਿਕ ਅਤੇ ਸਭਿਆਚਾਰਕ, ਸਰਬ ਪੱਖੀ ਸਵਤੰਤ੍ਰਤਾ ਦੀ ਜੇਹਾਦ ਲਈ ਇਕ ਲੰਬਾ ਸਫ਼ਰ ਪੂਰਾ ਕੀਤਾ- ਪਰ ਕਿਤੇ ਭੀ ਸਦਾਚਾਰ ਨੂੰ ਇਕ ਪਲ ਲਈ ਭੀ ਸੋਧ ਤੋਂ ਉਹਲੇ ਨਾ ਹੋਣ ਦਿੱਤਾ।

(ਤਤਕਾਲੀਨ ਪੂਰਬੀ ਪਾਕਿਸਤਾਨ) ਦੇ ਸਿਧੇ ਸਾਦੇ ਗਰੀਬ ਨੌਜਵਾਨ ਹੱਥਾਂ ਵਿਚ, ਛੋਟੇ-ਮੋਟੇ ਜੋ ਹਥਿਆਰ ਮਿਲੇ ਉਨ੍ਹਾਂ ਨਾਲ ਹੀ ਘਾਤ ਲਾ ਕੇ ਪਾਕਿਸਤਾਨੀ ਫੌਜ ਨਾਲ ਟਾਕਰੇ ਲੈਣ ਲਗੇ। ਭਾਰਤੀ ਫੌਜ ਦੀ ਥੋੜੀ ਸਹਾਇਤਾ ਨਾਲ ੯੦,੦੦੦ (ਨੱਬੇ ਹਜ਼ਾਰ) ਖੂੰਖਾਰ ਪਾਕਿਸਤਾਨੀ ਫੌਜ ਨੇ ਆਤਮ ਸਮਰਪਨ ਕਰ ਦਿੱਤਾ। ਇਸ ਦਾ ਕਾਰਨ ਉਸ ਵੇਲੇ ਦੇ ਲੈਫਟੀਨੈਂਟ ਜਨਰਲ ਸ੍ਰ. ਜਗਜੀਤ ਸਿੰਘ ਅਰੋੜਾ ਨੇ ਕਿਹਾ- "ਭੋਗਾਂ ਵਿਚ ਪਿਆ ਜਵਾਨ ਕਦੇ ਸੀਨੇ ਵਿਚ, ਸਾਮਣੇ ਹੋ ਕੇ ਜ਼ਖ਼ਮ ਨਹੀਂ ਖਾ ਸਕਦਾ ਅਤੇ ਸਾਹਮਣੇ ਹੋ ਕੇ ਸੀਨੇ ਵਿਚ ਗੋਲੀ ਖਾਣ ਦੀ ਤਮੰਨਾ ਤੋਂ ਬਗੈਰ ਜਿੱਤ ਬਹੁਤ ਦੂਰ ਹੋ ਜਾਂਦੀ ਹੈ।"

ਚੰਦ੍ਰਗੁਪਤ ਚਤੁਰੰਗੀ ਸੈਨਾ (ਹਾਥੀ, ਘੋੜੇ, ਰੱਥ ਅਤੇ ਪੈਦਲੀ ਸੈਨਾ) ਦੇ ਨਾਲ, ਸਾਰੇ ਸ਼ਸਤ੍ਰ ਬਖਤਰਬੰਦ ਨਾਲ ਸੁਸੱਜਤ ਹੋ ਕੇ ਆਪਣੇ ਗੁਰੂ ਚਾਨਕਯਾ ਕੋਲ ਅਸ਼ੀਰਵਾਦ ਲੈਣ ਲਈ ਗਿਆ। ਅਭਿਵਾਦਨ ਕਰ ਅਸ਼ੀਰਵਾਦ ਲਈ ਸੀਸ ਨਿਵਾਯਾ ਤਾਂ ਚਾਨਕਯ ਨੇ ਕਿਹਾ- "ਇੰਦ੍ਰਿਯ ਵਸ਼ਵਰਤੀ, ਚਤੁਰੰਗਵਾਨ ਅਪਿ ਵਿਨਸ਼ਯਤੀ।" ਅਰਥਾਤ ਜਦੋਂ ਤਕ ਇੰਦ੍ਰਿਆਂ ਨੂੰ ਵਸ਼ ਵਿਚ ਰੱਖੇਂਗਾ, ਮਨ ਤੇ ਕਾਬੂ ਰੱਖੇਂਗਾ, ਜਿੱਤ ਨਿਸ਼ਚਿਤ ਹੈ। ਪਰ, ਜਦੋਂ ਮਨ, ਇੰਦ੍ਰਿਆਂ ਦੇ ਵਸ਼ ਹੋ ਗਿਆ ਤਾਂ ਚਤੁਰੰਗੀ ਫੌਜ ਦੇ ਹੁੰਦਿਆਂ ਭੀ ਨਸ਼ਟ ਹੋ ਜਾਏਂਗਾ।

ਸਾਰੀਆਂ ਇਤਿਹਾਸਕ ਘਟਨਾਵਾਂ ਅਤੇ ਤੱਥਾਂ ਤੋਂ ਬਾਖ਼ੂਬੀ ਵਾਕਫ, ਮਨੁੱਖੀ ਮਨੋਵਿਗਿਆਨ ਦੇ ਮਾਹਰ, ਭਵਿੱਖ ਦ੍ਰਸ਼ਟਾ ਗੁਰੂ ਰਾਮ ਸਿੰਘ ਨੇ ਮਰਜੀਵੜਿਆਂ ਦੇ ਨਵੇਂ ਸੰਗਠਨ ਦਾ ਨਾਂ ਰਖਿਆ, "ਸੰਤ ਖਾਲਸਾ"। ਆਤਮ ਤਿਆਗ ਦੀ ਤਮੰਨਾ ਨਾਲ ਇਸ ਕੂਕਾ ਸੰਗਠਨ ਵਿਚ ਸ਼ਾਮਲ ਜਵਾਨ ਲਈ ਦੋ ਸ਼ਰਤਾਂ ਪੂਰੀਆਂ ਕਰਨਾ ਲਾਜ਼ਮੀ ਸੀ- (੧) ਉਹ ਨਾਮ ਬਾਣੀ ਦੇ ਸੰਭਤ ਭਾਵ ਨਾਲ ਜੁੜਿਆ ਰਹੇਗਾ ਅਤੇ (੨) ਇਸ ਸੰਗਠਨ ਦਾ ਹਰ ਬਾਲ-ਬਿਰਧ, ਮਾਈ-ਭਾਈ ਆਚਰਨ ਦਾ ਖਾਲਸ ਹੋਵੇਗਾ। ਦਸਮ ਪਾਤਸ਼ਾਹ ਦੀ ਮਰਿਆਦਾ ਨਾਲ ਜੁੜਿਆ ਹੋਇਆ, ਅੰਦਰੋਂ ਬਾਹਰੋਂ ਪੂਰਨ ਸ਼ੁੱਧੀ, ਅਤੇ ਆਪਾ ਵਾਰਨ ਦਾ ਭਾਵਨਾਤਮਕ ਪ੍ਰਤੀਕ ਸੀ, "ਸੰਤ ਖਾਲਸਾ"! ਔਰ ਕੂਕੇ ਦੀ ਇਹੋ ਪਛਾਨ ਅਜੇ ਤਕ ਅੰਗ੍ਰੇਜ਼ੀ ਫਾਈਲਾਂ ਵਿਚ ਸੁਰਖਿਅਤ ਹੈ।

੧੫ ਜੂਨ ਸੰਨ ੧੮੭੧ ਨੂੰ ਅੰਮ੍ਰਿਤਸਰ ਬੁੱਚੜਾਂ ਦਾ ਕਤਲ ਕਰ ਕੂਕੇ ਸਿੰਘ ਫਰਾਰ ਹੋ ਗਏ। ਪੁਲੀਸ ਨੇ ਦੋਸ਼ੀਆਂ ਨੂੰ ਫੜਨ ਵਾਸਤੇ ਬੜੇ ਹੱਥ ਪੈਰ ਮਾਰੇ, ਪਰ ਅਸਫਲ ਰਹੇ। ਅਖ਼ੀਰ ਸ਼ੰਕਾਂ ਦੇ ਆਧਾਰ ਤੇ ਕੁਝ ਹਿੰਦੂ (ਜਿਨ੍ਹਾਂ ਨੇ ਬੁੱਚੜਖਾਨਾ ਬੰਦ ਕਰੌਣ ਦੀ ਦਰਖਾਸਤਾਂ ਦਿੱਤੀਆਂ ਹੋਈਆਂ ਸਨ) ਅਤੇ ਕੁਝ ਨਿਹੰਗਾਂ ਬੇਦੋਸ਼ਿਆਂ ਨੂੰ ਗ੍ਰਿਫਤਾਰ ਕਰ ਲਿਆ। ਮੁਕੱਦਮੇ ਦੀ ਉਪਚਾਰਕਤਾ

ਪੂਰੀ ਕਰ ਕੇ ਉਹਨਾਂ ਨੂੰ ਫਾਂਸੀ ਦੀ ਸਜਾ ਸੁਣਾ ਦਿੱਤੀ। ਪਰ ਧੰਨ ਸਤਿਗੁਰੂ ਰਾਮ ਸਿੰਘ ! ਸਤਿ ਦਾ ਸਾਰਥੀ! ਸਿੰਘਾਂ ਨੂੰ ਹੁਕਮ ਦਿੱਤਾ, - ਭਈ ਬੀਜੋ ਤੁਸੀਂ ਤੇ ਖਾਇ ਕੋਈ ਹੋਰ? ਜਾਓ ਆਪਣੇ ਜੁਰਮ ਦਾ ਇਕਬਾਲ ਕਰੋ ਤੇ ਮੌਤ ਨੂੰ ਗਲਵਕੜੀ ਪਾਓ। ਸਿੰਘਾਂ, ਸੈਸ਼ਨ ਜਜ ਦੀ ਕੋਰਟ ਵਿਚ ਆਪ ਹਾਜ਼ਰ ਹੋ ਕੇ ਆਪਣਾ ਜੁਰਮ ਕਬੂਲ ਕੀਤਾ, ਬਦੋਸ਼ਿਆਂ ਨੂੰ ਬਰੀ ਕਰਵਾਇਆ ਤੇ ਹੱਸਦੇ

> ***ਸੰਪੂਰਨ ਕ੍ਰਾਂਤੀ ਦੀ ਲੋ ਜਿਹੜੀ ੧੮੫੭ ਦੀ ਵਸਾਖੀ ਨੂੰ ਸਤਿਗੁਰੂ ਰਾਮ ਸਿੰਘ ਨੇ ਚਲਾਈ, ਉਹ ਅੰਗ੍ਰੇਜ਼ੀ ਝੱਖੜਾਂ ਵਿਚ ਭੀ, ਤਸ਼ੱਦਦ ਦੇ ਤੂਫਾਨਾਂ ਵਿਚ ਭੀ ਬੁੱਝ ਨਾ ਸਕੀ। ਆਜ਼ਾਦੀ ਦੇ ਲੱਖਾਂ ਭਾਰਤੀ ਪਰਵਾਨਿਆਂ ਨੂੰ ਮਾਤਭੂਮੀ ਲਈ ਕੁਰਬਾਨੀ ਦਾ ਸੌਦਾ ਦਿੰਦੀ ਰਹੀ।***

ਹੱਸਦੇ ਰੇਸ਼ਮ ਦੀ ਡੋਰ ਗਲ ਵਿਚ ਪਾ ਮੌਤ ਨੂੰ ਗਲ ਲਾ ਲਿਆ। ਨਾਮਧਾਰੀਆਂ ਦੀ ਸਤਵਾਦਿਤਾ, ਰਾਸ਼ਟਰ ਭਗਤੀ ਔਰ ਸ਼ਹਾਦਤ ਦੀ ਸ਼ਾਨ ਵੇਖ ਕੇ ਅੰਗ੍ਰੇਜ਼ ਦੰਗ ਰਹਿ ਗਏ। ਗੁਰੂ ਰਾਮ ਸਿੰਘ ਦੇ ਇਹਨਾਂ ਸਫੈਦ ਵਸਤ੍ਰਧਾਰੀ ਕੂਕਿਆਂ ਬਾਬਤ ਅੰਗ੍ਰੇਜ਼ ਗੁਪਤਚਰਾਂ ਨੇ ਲਿਖਿਆ , ਕੂਕਾ ਕਦੇ ਝੂਠ ਨਹੀਂ ਬੋਲਦਾ। ਇਹ ਸ਼ਬਦ ਕੂਕਿਆਂ ਦੇ ਸਨਮਾਨ ਵਿਚ ਕਿਸੇ ਕਵੀ ਦੇ ਕਾਲਪਨਕ ਬੋਲ ਨਹੀਂ ਹਨ। ਕੂਕਾ ਕ੍ਰਾਂਤੀਕਾਰੀਆਂ ਤੋਂ ਭੈਭੀਤ, ਖੌਫ਼ ਅਤੇ ਦਹਿਸ਼ਤ ਵਿਚ ਡੁੱਬੀ ਹੋਈ ਬ੍ਰਿਟਿਸ਼ ਹਕੂਮਤ ਦੇ ਖੁਫੀਆ ਰੀਕਾਰਡ ਦੇ ਅੱਖਰ ਹਨ। ਇਹਨਾਂ ਕੂਕਿਆਂ ਬਾਬਤ ਕੁਝ ਗੱਲਾਂ ਆਮ ਪ੍ਰਚਲਤ ਸਨ- ਜਿਵੇਂ:-

ਕੂਕਾ ਝੂਠ ਨਹੀਂ ਬੋਲਦਾ। ਕੂਕਾ ਸ਼ਰਾਬ ਨਹੀਂ ਪੀਂਦਾ।

ਕੂਕਾ ਅੰਗ੍ਰੇਜ਼ਾਂ ਦਾ ਵਫਾਦਾਰ ਨਹੀਂ ਹੋ ਸਕਦਾ।

ਕੂਕਾ ਕਦੇ ਪਿੱਠ ਤੇ ਗੋਲੀ ਨਹੀਂ ਖਾਂਦਾ- ਤਲਵਾਰ ਤੋਂ ਲੈ ਕੇ ਤੋਪ ਤਕ ਹਰ ਵਾਰ ਸੀਨੇ ਤੇ ਖਾਂਦਾ ਹੈ।

ਕੂਕਾ ਫਾਹੇ ਚੜ੍ਹਨ ਲੱਗਿਆਂ ਚਮੜੇ ਦੇ ਪਟੇ ਤੇ ਕਾਲੀ ਕੈਪ ਨਾਲ ਮੂੰਹ ਢੱਕ ਕੇ ਨਹੀਂ ਮਰਦਾ- ਮਰਨ ਤੋਂ ਪਹਿਲਾਂ ਇਸ਼ਨਾਨ ਕਰਕੇ ਰੇਸ਼ਮ ਦਾ ਰੱਸਾ ਆਪ ਗਲ ਵਿਚ ਪਾ, ਸ਼ਬਦ ਪੜ੍ਹਦੇ ਹੋਇ ਮੌਤ ਨੂੰ ਗਲ ਲਾਉਂਦਾ ਹੈ, ਆਦਿ।

ਇਹ ਸਤਿਗੁਰਾਂ ਦੇ ਸਦਾਚਾਰ ਦੀ ਸ਼ਕਤੀ ਦਾ ਹੀ ਅੰਜਾਮ ਸੀ ਕਿ ਜਦੋਂ ਸਾਡੇ ਹੀ ਦੇਸ਼ ਕੌਮ ਦੇ ਲੋਕਾਂ ਰਾਇ ਬਹਾਦੁਰ, ਸਰ ਅਤੇ ਦੇ ਖ਼ਿਤਾਬ ਲੈਣ ਨੂੰ ਅੰਗ੍ਰੇਜ਼ ਹੁਕਮਰਾਨਾਂ ਦੇ ਚੌਖਟ ਚੁੰਮ ਰਹੇ ਸਨ, ਓਦੋਂ ਭੈਣੀ ਸਾਹਿਬ ਦੀ ਧਰਤੀ ਤੋਂ ਮਸਤਾਨਿਆਂ, ਮਰਜੀਵੜਿਆਂ ਦੇ ਸਾਂਝੇ ਬੋਲ ਗੂੰਜ ਰਹੇ ਸਨ- "ਸਰਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ,

ਦੇਖਨਾ ਹੈ ਜ਼ੋਰ ਕਿਤਨਾ ਬਾਜੂਏਂ ਕਾਤਿਲ ਮੇ ਹੈ।"

ਅਤੇ, ਓਹ ਵੇਖੋ!

"ਕੂਕਿਆਂ ਦਾ ਕਾਫਲਾ ਤੁਰਿਆ,
ਇਹਨਾਂ ਪਾਉਣਾ ਸ਼ਹਾਦਤ ਦਾ ਗਹਿਣਾ ਏ।
ਇਹ ਗੁਰੂ ਰਾਮ ਸਿੰਘ ਦੇ ਸਿੰਘ,
ਕੋਈ ਹੀਰਾ ਤੇ ਕੋਈ ਲਹਿਣਾ ਏ।।"

ਗੁਰੂ ਦੇ ਇਹ ਸਦਾਚਾਰੀ ਸਿੰਘ, ਸਫੈਦ ਬਸਤ੍ਰ ਅਤੇ ਗਲ ਵਿਚ ਮਾਲਾ ਪਾ, ਮਾਤ ਭੂਮੀ ਦੀ ਮਿੱਟੀ ਨੂੰ ਚੰਦਨ ਸਮਾਨ ਮੱਥੇ ਨੂੰ ਲਾ, ਤੋਪਾਂ ਅੱਗੇ ਛਾਤੀ ਡਾਹ, ਜੈ ਕਾਰਾ ਛਡਦੇ ਤਾਂ ਲੰਡਨ ਵਿਚ ਬੈਠੇ "ਕਿੰਗ ਏਡਵਰਡ" ਦਾ ਤਖ਼ਤੇ ਤਾਊਸ਼ ਕੰਬ ਜਾਂਦਾ ਸੀ।

ਕਹਿੰਦੇ ਹਨ, ਕੂਕਿਆਂ ਨੇ ਕਦੇ ਆਪਣਾ ਪ੍ਰਚਾਰ ਨਹੀਂ ਕੀਤਾ, ਲੋਕਪ੍ਰਿਯਤਾ ਦੇ ਢੰਡੋਰੇ ਨਹੀਂ ਵਜਾਏ— ਜਿਸ ਰਾਹ ਤੋਂ ਗੁਰੂ ਰਾਮ ਸਿੰਘ ਦਾ ਕੂਕਾ ਲੰਘਦਾ ਸੀ, ਲੋਕ ਵੇਖ ਕੇ ਸਿੱਖ ਸਜਦੇ ਜਾਂਦੇ ਸੀ। ਸੰਨ ੧੮੫੭ ਤੋਂ ਪ੍ਰਾਰੰਭ ਹੋਏ ਕੂਕਾ ਅੰਦੋਲਨ ਨੇ ਸਮਾਜਕ, ਧਾਰਮਕ, ਰਾਜਨੈਤਿਕ ਅਤੇ ਸਭਿਆਚਾਰਕ, ਸਰਬ ਪੱਖੀ ਸਵਤੰਤ੍ਰਤਾ ਦੀ ਜੇਹਾਦ ਲਈ ਇਕ ਲੰਬਾ ਸਫ਼ਰ ਪੂਰਾ ਕੀਤਾ- ਪਰ ਕਿਤੇ ਭੀ ਸਦਾਚਾਰ ਨੂੰ ਇਕ ਪਲ ਲਈ ਭੀ ਸੋਧ ਤੋਂ ਉਹਲੇ ਨਾ ਹੋਣ ਦਿੱਤਾ। ਭਾਈ ਰਾਇ ਸਿੰਘ ਨੂੰ ਹੁਕਮ ਦਿੱਤਾ, "ਦੱਖਣ (ਨੰਦੇੜ) ਜਾਓ! ਦਸਮ ਪਾਤਸ਼ਾਹ ਦੀ ਮਰਿਆਦਾ ਲਿਆਉ! ਕੁਝ ਦਿਨ ਰਹਿ ਕੇ ਪ੍ਰਭਾਤ ਤੋਂ ਰਾਤ ਤਕ ਦੀ ਦਿਨ ਚਰਯਾ ਕੀਰਤਨ, ਲੰਗਰ, ਆਚਾਰ ਵਿਵਹਾਰ, ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪ੍ਰਕਾਸ਼ ਤੋਂ ਸੁਖਾਸਨ ਤਕ ਸਾਰੀ ਗੁਰੂ-ਮਰਿਆਦਾ ਨੋਟ ਕਰਕੇ ਲਿਆਉ। ਨਾਲ ਹੀ ਤਾਕੀਦ ਕੀਤੀ—

"ਕੌਡੀ ਏਕ ਲਵੋ ਤੁਮ ਨਾਹੀ
ਸ਼ਾਦੀ ਭੀ ਕਰਵਾਇਓ ਨਾਹੀ।"

ਜੜ੍ਹ ਅਤੇ ਚੇਤਨ ਦੋਨੋਂ ਤਰਾਂ ਦੀ ਮਾਇਆ ਤੋਂ ਸਖ਼ਤ ਵਰਜਨਾ- ਗੁਰੂ ਆਦਰਸ਼ ਦਾ ਪ੍ਰਤੱਖ ਪ੍ਰਮਾਣ ਹੈ। ਅੱਜ ਤੋਂ ਤਕਰੀਬਨ ਡੇਢ ਸੌ ਸਾਲ ਪਹਿਲਾਂ ੧੮੦੦ ਕਿਲੋਮੀਟਰ ਦਾ ਸਫ਼ਰ, ਕੋਈ ਸਵਾਰੀ ਨਹੀਂ, ਸਾਥ ਨਹੀਂ। ਦੱਖਣ ਦੀ ਸੰਗਤ ਵਲੋਂ ਪੰਜਾਬ ਤੋਂ (ਦਸਮ ਪਾਤਸ਼ਾਹ ਦੇ ਦੇਸ਼ ਤੋਂ) ਆਇ ਸਿੱਖ ਦੇ ਸਨਮਾਨ ਵਜੋਂ ਮਾਇਆ ਭੇਟ ਸੁਭਾਵਕ ਸੀ। ਘਰ ਪਰਵਾਰ ਤੋਂ ਦੂਰ ਲੰਬਾ ਪੈਦਲ ਦਾ ਸਫ਼ਰ। ਦੱਖਣ ਵਿਚ ਔਰਤਾਂ ਦੀ ਬਹੁਤਾਯਤ। ਕਿਤੇ ਮੇਰਾ ਸਿੱਖ ਕਾਮ ਤੋਂ ਪਰਾਜਤ ਨਾ ਹੋ ਜਾਇ— ਸੋ ਸਪਸ਼ਟ ਨਿਰਦੇਸ਼ ਸੀ- ਇਕ ਕੌਡੀ ਭੀ ਉਥੇ ਨਹੀਂ ਲੈਣੀ। ਜੇ ਕੋਈ ਮਿਲੇ ਭੀ ਤਾਂ ਉਥੇ ਦੀ ਉਥੇ ਹੀ ਲਾ ਦੇਣੀ ਅਤੇ ਆਚਰਨ ਦਾ ਪੱਕਾ ਰਹਿਣਾ ਹੈ, ਕਾਮਜੀਤ ਬਣਕੇ।

ਸੰਪੂਰਨ ਕ੍ਰਾਂਤੀ ਦੀ ਲੋ ਜਿਹੜੀ ੧੮੫੭ ਦੀ ਵਸਾਖੀ ਨੂੰ ਸਤਿਗੁਰੂ ਰਾਮ ਸਿੰਘ ਨੇ ਜਲਾਈ, ਉਹ ਅੰਗ੍ਰੇਜ਼ੀ ਝੱਖੜਾਂ ਵਿਚ ਭੀ, ਤਸ਼ੱਦਦ ਦੇ ਤੂਫਾਨਾਂ ਵਿਚ ਭੀ ਬੁੱਝ ਨਾ ਸਕੀ। ਆਜ਼ਾਦੀ ਦੇ ਲੱਖਾਂ ਭਾਰਤੀ ਪਰਵਾਨਿਆਂ ਨੂੰ ਮਾਤਭੂਮੀ ਲਈ ਕੁਰਬਾਨੀ ਦਾ ਸੌਦਾ ਦਿੰਦੀ ਰਹੀ। ਕਈ ਮੌਕਿਆਂ ਤੇ ਇਸ ਅੰਦੋਲਨ ਨੇ ਹਿੰਸਕ ਰੂਪ ਭੀ ਧਾਰਨ ਕੀਤਾ (ਅੰਮ੍ਰਿਤਸਰ, ਰਾਇਕੋਟ ਅਤੇ ਮਲੇਰਕੋਟਲੇ) ਪਰ ਕਿਸੇ ਖਿਣ ਸੱਚ ਨਹੀਂ ਛਡਿਆ, ਸੁੱਚ ਨਹੀਂ ਛੱਡੀ, ਆਪਣੇ ਗੁਰੂ ਦੀ ਮਰਿਆਦਾ ਨਹੀਂ ਛੱਡੀ। ਕੂਕਾ ਕ੍ਰਾਂਤੀ ਦੀ ਭਾਗੀਰਥੀ ਸਦਾ ਪ੍ਰਵਾਹਤ ਹੁੰਦੀ ਰਹੀ। ਗੁਰੂ ਰਾਮ ਸਿੰਘ ਨੇ ਆਜ਼ਾਦੀ ਦਾ ਜਿਹੜਾ ਪਰਚਮ ਗੱਡਿਆ ਉਹ ਬੁਲੰਦ ਰਿਹਾ- ਇਸਨੂੰ ਧਾਰਨ ਕਰਨ ਵਾਲੇ ਮਰਦੇ ਰਹੇ, ਹੱਥ ਬਦਲਦੇ ਰਹੇ ਪਰ ਝੰਡਾ ਸਦਾ ਝੂਲਦਾ ਰਿਹਾ- ੧੯੪੭ ਤਕ! ਲਾਲ ਕਿਲੇ ਤਕ!

■

ਵਿਸ਼ਵ ਪੰਜਾਬੀ ਕਾਨਫ੍ਰੰਸਾਂ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਯੋਗਦਾਨ

ਹਰਭਜਨ ਸਿੰਘ 'ਰਤਨ'

ਵਿਸ਼ਵ ਪੰਜਾਬੀ ਕਾਨਫ੍ਰੰਸਾਂ ਦਾ ਸਿਲਸਿਲਾ ੧੯੮੦ ਵਿਚ ਸ਼ੁਰੂ ਹੋਇਆ। ਇਸ ਦਾ ਵਿਚਾਰ ਇੰਗਲੈਂਡ ਸਾਊਥਾਲ ਵਿਚ ਵਸਦੇ ਸ੍ਰੀ ਰਣਜੀਤ ਧੀਰ ਤੇ ਉਨ੍ਹਾਂ ਦੇ ਸਾਥੀਆਂ ਦੀ ਬਣਾਈ ਪੰਜਾਬੀ ਲੇਖਕ ਸੰਸਥਾ ਪ੍ਰਗਤੀਸ਼ੀਲ ਪੰਜਾਬੀ ਲੇਖਕ ਸਭਾ ਨੂੰ ਆਇਆ ਤੇ ਉਨ੍ਹਾਂ ਨੇ ਪਹਿਲੀ ਵਿਸ਼ਵ ਪੰਜਾਬੀ ਕਾਨਫ੍ਰੰਸ ੧੯੮੦ ਵਿਚ ਇੰਗਲੈਂਡ ਵਿਚ ਕਰਨ ਦਾ ਉਦਮ ਕੀਤਾ। ਇਸ ਕਾਨਫ੍ਰੰਸ ਵਿਚ ਭਾਰਤ ਚੋਂ ਪੰਜਾਹ ਦੇ ਲਗਭਗ ਪੰਜਾਬੀ ਲੇਖਕ ਸ਼ਾਮਲ ਹੋਏ, ਜਿਨਾਂ ਵਿਚ ਇਸ ਲੇਖ ਦਾ ਲੇਖਕ ਵੀ ਸ਼ਾਮਲ ਸੀ। ਕਾਨਫ੍ਰੰਸ ਵਿਚ ਸਾਰੇ ਹੀ ਪ੍ਰਸਿਧ ਲੇਖਕ, ਅਤੇ ਯੂਨੀਵਰਸਿਟੀਆਂ ਦੇ ਪੰਜਾਬੀ ਪ੍ਰੋਫ਼ੈਸਰ ਸ਼ਾਮਲ ਹੋਏ। ਭਾਰਤ ਤੋਂ ਇਲਾਵਾ ਕੁਝ ਹੋਰ ਦੇਸ਼ਾਂ ਦੇ ਪੰਜਾਬੀ ਲੇਖਕ ਭੀ ਸ਼ਾਮਲ ਹੋਏ। ਕਾਨਫ੍ਰੰਸ ਇਸ ਪਖੋਂ ਵੀ ਵਿਲਖਣ ਸੀ ਕਿ ਇਸਦੇ ਸਮਾਗਮ ਇੰਗਲੈਂਡ ਦੇ ਪ੍ਰਸਿੱਧ ਨਗਰਾਂ ਸਾਊਥਾਲ, ਲੰਡਨ, ਬ੍ਰਮਿੰਘਮ, ਵੂਲਵਰਹੈਪਟਨ ਕੋਵੈਨਟਰੀ, ਮਾਨਚੈਸਟਰ ਅਤੇ ਗਲਸਗੋ ਆਦਿ ਵਿਚ ਹੋਏ। ਸ਼ਹਿਰਾਂ ਦੀ ਸੈਰ ਕਰਨ ਦਾ ਭੀ ਮੌਕਾ ਮਿਲਿਆ। ਇੰਨ੍ਹਾਂ ਕਾਨਫ੍ਰੰਸਾਂ ਦਾ ਉਦੇਸ਼ ਵੱਖ ਵੱਖ ਦੇਸ਼ਾਂ ਦੇ ਲੇਖਕਾਂ ਦਾ ਆਪੋ ਵਿਚ ਮਿਲਣਾ। ਵਿਚਾਰ ਵਟਾਂਦਰਾ ਕਰਨਾ ਤੇ ਉਨ੍ਹਾਂ ਦੇਸ਼ਾਂ ਬਾਰੇ ਆਪਣੇ ਗਿਆਨ ਵਿਚ ਵਾਧਾ ਕਰਨਾ ਹੈ।

ਦੂਜੀ ਵਿਸ਼ਵ ਪੰਜਾਬੀ ਕਾਨਫ੍ਰੰਸ ੧੯੮੨ ਵਿਚ, ਕੈਨੇਡਾ ਦੀ ਰਾਜਧਾਨੀ ਓਟਵਾ ਦੀ ਯੂਨੀਵਰਸਿਟੀ ਵਿਚ ਹੋਈ। ਜਿਸਦਾ ਪ੍ਰਬੰਧ ਸਟੀਫ਼ਨ ਗਿਲ, ਮਿਤ੍ਰ ਰਾਸ਼ਾ ਤੇ ਉਨ੍ਹਾਂ ਦੇ ਸਾਥੀਆਂ ਨੇ ਕੀਤਾ। ਟੋਰੰਟੋ ਰਹਿੰਦੇ ਲੇਖਕਾਂ ਤੇ ਪਤ੍ਰਕਾਰਾਂ ਨੇ ਭੀ ਸਹਿਯੋਗ ਦਿੱਤਾ ਅਤੇ ਕਾਨਫ੍ਰੰਸ ਤੋਂ ਬਾਦ, ਲੇਖਕ ਆਪਣੀ ਮਰਜ਼ੀ ਨਾਲ ਕਿੰਗਸਟਨ, ਮਾਂਨਟਰੀਅਲ ਤੇ ਟੋਰੰਟੋ ਗਏ, ਜਿਥੇ ਉਨ੍ਹਾਂ ਦੇ ਸੁਆਗਤੀ ਸਮਾਰੋਹ ਭੀ ਹੋਏ ਤੇ ਕਵੀ ਦਰਬਾਰ ਭੀ।

ਕੈਨੇਡਾ ਦੀ ਕਾਨਫ੍ਰੰਸ ਵਿਚ ਭਾਰਤੀ ਲੇਖਕ, ਲੰਡਨ ਦੀ ਕਾਨਫ੍ਰੰਸ ਨਾਲੋਂ ਅੱਧੇ ਹੀ ਪਹੁੰਚੇ। ਕੈਨੇਡਾ ਦੀ ਕਾਨਫ੍ਰੰਸ ਦੇ ਆਖ਼ਰੀ ਦਿਨ ਇਹ ਫ਼ੈਸਲਾ ਕੀਤਾ ਗਿਆ ਕਿ ਅਗੋਂ ਇੰਨ੍ਹਾਂ ਕਾਨਫ੍ਰੰਸਾਂ ਦਾ ਸਿਲਸਿਲਾ ਜਾਰੀ ਰਖਣ ਲਈ ਕੋਈ ਪੱਕੀ ਸੰਸਥਾ ਕਾਇਮ ਕੀਤੀ ਜਾਵੇ। ਕੁਝ ਲੇਖਕਾਂ ਦੀ ਇਕ ਕਮੇਟੀ ਬਣਾ ਦਿੱਤੀ ਗਈ, ਜਿਸ ਨੂੰ ਪੱਕੀ ਸੰਸਥਾ ਬਣਾਣ ਲਈ ਸਾਰੀ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਦਿੱਲੀ ਵਿਚ ਪੰਜਾਬੀ ਲੇਖਕਾਂ ਦੀ ਇਕ ਇਕੱਤ੍ਰਤਾ ਬੁਲਾਈ ਗਈ ਅਤੇ ਵਿਸ਼ਵ ਪੰਜਾਬੀ ਕਾਨਫ੍ਰੰਸ ਨਾਮ ਦੀ ਸੰਸਥਾ ਕਾਇਮ ਕੀਤੀ ਗਈ। ਫ਼ੈਸਲਾ ਹੋਇਆ ਕਿ ਇਸ ਦਾ ਵਿਧਾਨ ਬਣਾ ਕੇ, ਸੰਸਥਾ ਨੂੰ ਰਜਿਸਟਰ ਕਰਵਾਇਆ ਜਾਵੇ। ਵਿਧਾਨ ਬਨਾਣ ਦਾ ਕੰਮ ਪ੍ਰੋ: ਗੁਰਚਰਨ ਸਿੰਘ, ਸਾਬਕਾ ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੌਂਪਿਆ ਗਿਆ ਅਤੇ ਤੀਜੀ ਕਾਨਫ੍ਰੰਸ ਕਰਾਣ ਲਈ, ਵੱਖ ਵੱਖ ਦੇਸ਼ਾਂ ਦੇ ਪੰਜਾਬੀਆਂ ਨਾਲ ਗੱਲ ਸ਼ੁਰੂ ਕੀਤੀ ਗਈ।

ਕਿਉਂਕਿ ਬਹੁਤ ਲੇਖਕ ਦੋ ਸਾਲਾਂ ਵਿਚ ਇੰਗਲੈਂਡ ਤੇ ਕੈਨੇਡਾ ਦੇ ਕਿਰਾਏ ਖਰਚ ਚੁੱਕੇ ਸਨ, ਇਸ ਲਈ ਬਹੁਗਿਣਤੀ ਦੀ ਇਹ ਰਾਏ ਸੀ ਕਿ ਕਾਨਫ੍ਰੰਸ ਕਿਸੇ ਨੇੜੇ ਦੇ ਦੇਸ਼ ਵਿਚ ਕਰਵਾਈ ਜਾਏ ਜਿਥੋਂ ਦਾ ਕਿਰਾਇਆ ਭੀ ਘੱਟ ਹੋਵੇ ਤੇ ਉਥੋਂ ਦੇ ਪੰਜਾਬੀ ਡੈਲੀਗੇਟਾਂ ਦੀ ਸੇਵਾ ਸੰਭਾਲ, ਰਿਹਾਇਸ਼ ਖ਼ੁਰਾਕ ਆਦਿ ਦਾ ਪ੍ਰਬੰਧ ਕਰ ਸਕਦੇ ਹੋਣ। ਇਸ ਲਈ ਥਾਈਲੈਂਡ, ਮਲੇਸ਼ੀਆ ਤੇ ਸਿੰਘਾਪੁਰ ਬਾਰੇ ਯਤਨ ਅਰੰਭ ਹੋਏ। ਮੈਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਕਿ ਉਹ ਇਸ ਬਾਰੇ ਯਤਨ ਕਰੇ ਕਿਉਂ ਜੋ ਇਕ ਤਾਂ ਮੈਂ ਪਹਿਲੀਆਂ ਦੋਵੇਂ ਕਾਨਫ੍ਰੰਸਾਂ ਵਿਚ ਭਾਗ ਲਿਆ ਸੀ, ਤੇ ਦੂਸਰਾ ਥਾਈਲੈਂਡ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ ਆਦਿ ਦੇਸ਼ਾਂ ਦਾ ਭੀ ਕਈ ਵਾਰੀ ਚੱਕਰ ਲਗਾ ਚੁੱਕਾ ਸਾਂ।

ਮੇਰੇ ਮਨ ਵਿਚ ਆਇਆ ਕਿ ਥਾਈਲੈਂਡ ਦਾ ਦੇਸ਼ ਇਸ ਕੰਮ ਲਈ ਠੀਕ ਰਹੇਗਾ। ਨਜ਼ਦੀਕ ਭੀ ਹੈ ਤੇ ਉਥੇ ਪੰਜਾਬੀਆਂ ਦਾ ਖ਼ਾਸ ਕਰਕੇ ਸਿੱਖਾਂ ਦੀ ਵਸੋਂ ਭੀ ਕਾਫ਼ੀ ਹੈ। ਥਾਈਲੈਂਡ ਦੀ ਰਾਜਧਾਨੀ ਬੈਂਕੋਕ ਵਿਚ ਸਿੱਖਾਂ ਦੀਆਂ ਦੋਹਾਂ ਸੰਪਰਦਾਵਾਂ ਦੇ ਵਾਸੀ ਵੱਡੀ ਗਿਣਤੀ ਵਿਚ ਹਨ ਤੇ ਚੰਗੇ ਖਾਂਦੇ ਪੁਜਦੇ ਤਗੜੇ ਬਿਜ਼ਨੈਸ ਮੈਨ ਹਨ। ਇਨ੍ਹਾਂ ਵਿਚ ਬਹੁਤੀ ਗਿਣਤੀ ਤਾਂ ਸਿੰਘ ਸਭਾਈ ਖ਼ਾਲਸੇ ਦੀ ਹੈ। ਜਿਹਨਾਂ ਦਾ ਬਹੁਤ ਵੱਡਾ ਗੁਰਦੁਆਰਾ, ਹਸਪਤਾਲ, ਲੰਗਰ, ਲਾਇਬ੍ਰੇਰੀ ਆਦਿ ਹੈ। ਦੂਜਾ ਭਾਗ ਨਾਮਧਾਰੀ ਸਿੰਘਾਂ ਦਾ ਹੈ, ਜਿੰਨਾਂ ਦਾ ਵੱਖਰਾ ਗੁਰਦੁਆਰਾ ਹੈ, ਸਾਰੇ ਤਕੜੇ ਬਿਸਨੈਸਮੈਨ ਹਨ ਕਪੜੇ ਦੇ ਵਿਉਪਾਰੀ, ਹੋਟਲਾਂ ਦੇ ਮਾਲਕ ਤੇ ਬਿਲਡਿੰਗਾਂ ਦੇ ਮਾਲਕ ਹਨ ਅਤੇ ਸੇਠ ਕਹਾਉਂਦੇ ਹਨ। ਦੋਹਾਂ ਸੰਸਥਾਵਾਂ ਨਾਲ ਹੀ ਗੱਲ ਕਰਨੀ ਤੇ ਦੋਹਾਂ ਦਾ ਸਹਿਯੋਗ ਲੈਣਾ ਜ਼ਰੂਰੀ ਸੀ।

ਮੈਂ ਇਸ ਬਾਰੇ ਆਪਣੇ ਪੁਰਾਣੇ ਮੇਹਰਬਾਨ ਮਿਤ੍ਰ ਸ੍ਰ. ਹਰਵਿੰਦਰ ਸਿੰਘ ਹੰਸਪਾਲ ਜੋ ਓਦੋਂ ਮੈਂਬਰ ਪਾਰਲੀਮੈਂਟ ਸਨ, ਨਾਲ ਗੱਲ ਕਰਨੀ ਜ਼ਰੂਰੀ ਸਮਝੀ। ਉਨ੍ਹਾਂ ਬੜਾ ਉਤਸ਼ਾਹ ਦਿਖਾਇਆ ਤੇ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਗੱਲ ਕਰਨ ਲਈ ਕਿਹਾ। ਸਤਿਗੁਰੂ ਜੀ ਨੇ ਮੇਰੀ ਪੂਰੀ ਗੱਲ ਧਿਆਨ ਨਾਲ ਸੁਣਕੇ, ਫ਼ੌਰਨ ਪ੍ਰਵਾਨਗੀ ਦੇ ਦਿੱਤੀ ਤੇ ਹੰਸਪਾਲ ਜੀ ਨੂੰ ਕਿਹਾ ਕਿ ਤੀਜੀ ਵਿਸ਼ਵ ਪੰਜਾਬੀ ਕਾਨਫ੍ਰੰਸ ਕਰਾਣ ਲਈ, ਨਾਮਧਾਰੀ ਦਰਬਾਰ ਵਲੋਂ ਪੂਰਾ ਪੂਰਾ ਸਹਿਯੋਗ ਦਿਓ।

ਇਸ ਦੌਰਾਨ ਵਿਸ਼ਵ ਪੰਜਾਬੀ ਕਾਨਫ੍ਰੰਸ ਦਾ ਵਿਧਾਨ ਬਣਾ ਕੇ ਪਾਸ ਕੀਤਾ ਗਿਆ ਤੇ ਸੰਸਥਾ ਨੂੰ ਰਜਿਸਟਰਡ ਬਾਡੀ ਬਣਾ

ਦਿੱਤਾ ਗਿਆ। ਚੋਣ ਕਰਕੇ ਹੰਸਪਾਲ ਜੀ ਨੂੰ ਪ੍ਰਧਾਨ, ਜਸਟਿਸ ਮਹਿੰਦਰ ਸਿੰਘ ਜੋਸ਼ੀ, ਸ੍ਰੀਮਤੀ ਪ੍ਰਭਜੋਤ ਕੌਰ, ਤੇ ਸ੍ਰ. ਅਵਤਾਰ ਸਿੰਘ ਬੱਗਾ ਚੇਅਰਮੈਨ ਪੰਜਾਬ ਸਿੰਧ ਬੈਂਕ ਨੂੰ ਮੀਤ ਪ੍ਰਧਾਨ ਪ੍ਰੋ: ਗੁਰਚਰਨ ਸਿੰਘ ਪਟਿਆਲਾ ਨੂੰ ਜਨਰਲ ਸੈਕ੍ਰੇਟਰੀ, ਡਾ. ਮਹੀਪ ਸਿੰਘ ਨੂੰ ਸੈਕ੍ਰੇਟਰੀ, ਹਰਭਜਨ ਸਿੰਘ 'ਰਤਨ' ਨੂੰ ਜਾਇੰਟ ਸੈਕ੍ਰੇਟਰੀ ਤੇ ਡਾ: ਐਸ.ਐਸ. ਉਪਲ ਨੂੰ ਖਜ਼ਾਨਚੀ ਨੀਯਤ ਕੀਤਾ ਗਿਆ। ਕਾਰਜਕਾਰੀ ਕਮੇਟੀ ਵਿਚ ਹੋਰ ਬਹੁਤ ਸਾਰੇ ਪ੍ਰਸਿਧ ਲੇਖਕ ਤੇ ਪਤਵੰਤੇ ਸ਼ਾਮਲ ਕੀਤੇ ਗਏ। ਇਹ ਵੀ ਫ਼ੈਸਲਾ ਹੋਇਆ ਕਿ ਭਾਵੇਂ ਇਹ ਸੰਸਥਾ ਹੁਣ ਤਕ ਕੇਵਲ ਲੇਖਕਾਂ ਦੀ ਰਹੀ ਹੈ, ਤੇ ਬੁਨਿਆਦੀ ਤੌਰ ਤੇ ਲੇਖਕਾਂ ਦੀ ਹੀ ਰਹੇਗੀ, ਪਰ ਇਸ ਵਿਚ ਕੁਝ ਚੋਣਵੇ ' ਪੰਜਾਬੀ, ਜਿੰਨਾਂ ਨੇ ਜੀਵਨ ਦੇ ਕਿਸੇ ਖੇਤਰ ਵਿਚ, ਦੇਸ ਜਾਂ ਪ੍ਰਦੇਸ ਵਿਚ ਕੋਈ ਵਿਸ਼ੇਸ਼ਤਾ ਪ੍ਰਾਪਤ ਕੀਤੀ ਹੋਵੇ, ਵੀ ਬੁਲਾਏ ਜਾਇਆ ਕਰਨ ਤੇ ਉਨ੍ਹਾਂ ਦਾ ਮਾਨ ਸਨਮਾਨ ਕੀਤਾ ਜਾਵੇ। ਤੀਜੀ ਕਾਨਫ੍ਰੰਸ ਲਈ ਸ੍ਰ. ਬੂਟਾ ਸਿੰਘ ਓਦੋਂ ਮੰਤਰੀ ਭਾਰਤ ਸਰਕਾਰ ਨੂੰ ਭੀ ਚੇਅਰਮੈਨ ਥਾਪਿਆ ਗਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੈਂਕੋਕ ਦੇ ਸੇਠ ਗਿਆਨੀ ਹਰਬੰਸ ਸਿੰਘ ਜੀ ਨੂੰ ਸੁਆਗਤ ਕਮੇਟੀ ਦਾ ਪ੍ਰਧਾਨ ਬਣਾਣ ਲਈ ਕਿਹਾ ਜੋ ਕਾਨਫ੍ਰੰਸ ਨੇ ਪ੍ਰਵਾਨ ਕਰ ਲਿਆ।

ਮੈਂ ਤੇ ਪ੍ਰੋ: ਗੁਰਚਰਨ ਸਿੰਘ ਜੀ ਕਾਨਫ੍ਰੰਸ ਤੋਂ ਪੰਦਰਾਂ ਦਿਨ ਪਹਿਲਾਂ ਭੀ ਕਾਨਫ੍ਰੰਸ ਦੇ ਪ੍ਰਬੰਧ ਵੇਖਣ ਲਈ ਬੈਂਕੋਕ ਗਏ। ਸਾਨੂੰ ਟਿਕਟ ਉਥੋਂ ਦੀ ਸਿੰਘ ਸਭਾ ਦੇ ਦੋ ਮੁਖੀ ਸਜਣਾਂ ਨੇ ਦਿੱਤੀ, ਪਰ ਉਹ ਕਹਿਣ ਲਗੇ ਕਿ ਚੂੰ ਕਿ ਸੁਆਗਤ ਕਮੇਟੀ ਦੇ ਪ੍ਰਧਾਨ ਵਜੋਂ ਗਿਆਨੀ ਹਰਬੰਸ ਸਿੰਘ ਦੇ ਨਾਮ ਦਾ ਐਲਾਨ ਹੋ ਚੁੱਕਾ ਹੈ। ਇਸ ਲਈ ਅਸੀਂ ਸਿੰਘ ਸਭਾ ਵਲੋਂ ਤਾਂ ਪ੍ਰਬੰਧ ਵਿਚ ਹਿੱਸਾ ਨਹੀਂ ਲੈ ਸਕਦੇ, ਵੈਸੇ ਪੰਜਾਬੀ ਹੋਣ ਦੇ ਨਾਤੇ ਸਾਰੇ ਵਧ ਚੜ੍ਹ ਕੇ ਹਿੱਸਾ ਲਵਾਂਗੇ। ਕਾਨਫ੍ਰੰਸ ਵਿਚ ਸ਼ਾਮਲ ਹੋਵਾਂਗੇ ਤੇ ਆਏ ਡੈਲੀਗੇਟਾਂ ਵਿਚੋਂ ਕਵੀਆਂ ਨੂੰ ਬੁਲਾ ਕੇ ਗੁਰਦੁਆਰੇ ਕਵੀ ਦਰਬਾਰ ਭੀ ਕਰਾਵਾਂਗੇ (ਸੋ ਇਸੇ ਤਰ੍ਹਾਂ ਹੀ ਹੋਇਆ)।

ਜਿਤਨੇ ਲੇਖਕ, ਪਤ੍ਰਕਾਰ, ਵਿਦਿਅਕ ਮਾਹਰ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਤੇ ਪ੍ਰੋਫ਼ੈਸਰ, ਪੰਜਾਬ ਤੇ ਚੰਡੀਗੜ੍ਹ ਦੀਆਂ ਅਖ਼ਬਾਰਾਂ ਦੇ ਮਾਲਕ, ਐਡੀਟਰ ਤੇ ਵਿਸ਼ੇਸ਼ ਪਤ੍ਰ ਪ੍ਰੇਰਕ, ਪੰਜਾਬ ਸੁਕਾਰ ਦੇ ਕਈ ਵੱਡੇ ਆਈ.ਏ. ਐਸ. ਅਫ਼ਸਰ ਜੋ ਸਾਹਿਤ ਨਾਲ ਲਗਾਓ ਰਖਦੇ ਸਨ, ਨਾਟਕਕਾਰ, ਸੰਗੀਤਕਾਰ ਤੇ ਪੇਂਟਰ, ਇਸ ਕਾਨਫ੍ਰੰਸ ਵਿਚ ਸ਼ਾਮਲ ਹੋਏ। ਇਹ ਅਜ ਤਕ ਦਾ ਰੀਕਾਰਡ ਹੈ। ਪੰਜਾਬੀ ਬੋਲੀ, ਸਾਹਿਤ, ਕਲਾ ਤੇ ਸਭਿਆਚਾਰ ਦੇ ਖੇਤਰ ਵਿਚ ਕੰਮ ਕਰਨ ਵਾਲਾ ਸ਼ਾਇਦ ਹੀ ਕੋਈ ਐਸਾ ਵਿਅਕਤੀ ਹੋਵੇ, ਜੋ ਕਿਸੇ ਮਜਬੂਰੀ ਕਾਰਨ ਉਥੇ ਨਾ ਜਾ ਸਕਿਆ ਹੋਵੇ। ਦੋ ਸੌ ਡੈਲੀਗੇਟਾਂ ਦੀ ਲਿਸਟ ਪੜ੍ਹੀਏ ਤਾਂ ਹੈਰਾਨ ਹੋ ਜਾਈਦਾ ਹੈ ਕਿ ਸ਼ਾਇਦ ਹੀ ਕੋਈ ਐਸਾ ਖੇਤਰ ਹੋਵੇ, ਜਿਸਦੀ ਪ੍ਰਤੀਨਿਧਤਾ ਉਥੇ ਨਾ ਹੋਈ ਹੋਵੇ। ਸਨਮਾਨਤ ਵਿਅਕਤੀਆਂ ਵਿਚ ਡਾ: ਐਮ.ਐਸ. ਰੰਧਾਵਾ, ਕ੍ਰਿਪਾਲ ਸਿੰਘ ਪੇਂਟਰ, ਨੇਕ ਚੰਦ ਨਿਰਮਾਤਾ ਰਾਕ ਗਾਰਡਨ ਚੰਡੀਗੜ੍ਹ, ਸੂਬੇਦਾਰ ਕਰਤਾਰ ਸਿੰਘ ਧਾਲੀਵਾਲ, ਸ੍ਰ. ਦਰਸ਼ਨ ਸਿੰਘ ਧਾਲੀਵਾਲ ਅਮਰੀਕਾ, ਸ੍ਰ. ਮਹਿਮਾ ਸਿੰਘ ਮੈਂਬਰ ਪਾਰਲੀਮੈਂਟ ਮਲੇਸ਼ੀਆ ਤੇ ਕੁਝ ਹੋਰ ਵਿਅਕਤੀ ਸ਼ਾਮਲ ਸਨ।

੨੦੦ ਡੈਲੀਗੇਟਾਂ ਦੀ ਰਿਹਾਇਸ਼ ਬੈਂਕੋਕ ਦੇ ਪੰਜ ਤਾਰਾ ਹੋਟਲ ਰਾਮਾ ਟਾਵਰ ਵਿਚ ਕੀਤੀ ਗਈ। ਉਥੇ ਹੀ ਸਾਰੇ ਡੈਲੀਗੇਟਾਂ ਲਈ ਖੁਰਾਕ ਤੇ ਸੇਵਾ ਸੰਭਾਲ ਦਾ ਪ੍ਰਬੰਧ ਸੀ। ਕਾਨਫ੍ਰੰਸ ਦੇ ਸਾਰੇ ਸੈਸ਼ਨ, ਕਵੀ ਦਰਬਾਰ, ਸੰਗੀਤ ਦਰਬਾਰ, ਨਾਟਕ, ਸੈਮੀਨਾਰ ਆਦਿ ਇਸ ਸ਼ਾਨਦਾਰ ਹੋਟਲ ਦੇ ਵੱਖ ਵੱਖ ਹਾਲਾਂ ਵਿਚ ਕੀਤੇ ਗਏ। ਇਹ ਪ੍ਰਬੰਧ ਇਸ ਹੋਟਲ ਦੇ ਮਾਲਕ ਪ੍ਰਸਿਧ ਨਾਮਧਾਰੀ ਸੇਠ ਸੁਰਅਮ੍ਰਿਤ ਸਿੰਘ ਜੀ ਨੇ ਕੀਤਾ ਤੇ ਲੱਖਾਂ ਰੁਪੈ ਦਾ ਖਰਚ ਵੀ ਬ੍ਰਦਾਸ਼ਤ ਕੀਤਾ। ਡੈਲੀਗੇਟ ੮-੧੦ ਦਿਨ ਉਥੇ ਟਿਕੇ ਰਹੇ।

ਇਹ ਸਾਰਾ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਉਥੋਂ ਦੀ ਨਾਮਧਾਰੀ ਸੰਗਤ ਨੇ ਕੀਤਾ। ਇਥੋਂ ਤਕ ਕਿ ਬੈਂਕੋਕ ਤੋਂ ਸਿੰਘਾਪੁਰ ਦੀ ਸੈਰ ਲਈ ਜਾਣ ਵਾਲੇ ਡੈਲੀਗੇਟਾਂ ਨੂੰ ਕਿਰਾਏ ਲਈ ਨਕਦ ਮਾਲੀ ਸਹਾਇਤਾ ਵੀ ਦਿੱਤੀ ਗਈ।

ਜਿਤਨੇ ਲੇਖਕ, ਪਤ੍ਰਕਾਰ, ਵਿਦਿਅਕ ਮਾਹਰ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਤੇ ਪ੍ਰੋਫ਼ੈਸਰ, ਪੰਜਾਬ ਤੇ ਚੰਡੀਗੜ੍ਹ ਦੀਆਂ ਅਖ਼ਬਾਰਾਂ ਦੇ ਮਾਲਕ, ਐਡੀਟਰ ਤੇ ਵਿਸ਼ੇਸ਼ ਪਤ੍ਰ ਪ੍ਰੇਰਕ, ਪੰਜਾਬ ਸੁਕਾਰ ਦੇ ਕਈ ਵੱਡੇ ਆਈ.ਏ. ਐਸ. ਅਫ਼ਸਰ ਜੋ ਸਾਹਿਤ ਨਾਲ ਲਗਾਓ ਰਖਦੇ ਸਨ, ਨਾਟਕਕਾਰ, ਸੰਗੀਤਕਾਰ ਤੇ ਪੇਂਟਰ, ਇਸ ਕਾਨਫ੍ਰੰਸ ਵਿਚ ਸ਼ਾਮਲ ਹੋਏ।

੧੯੮੩ ਤੋਂ ਬਾਦ ਪੰਜਾਬ ਵਿਚ ਐਸੇ ਅਣ ਸੁਖਾਵੇਂ ਹਾਲਾਤ ਪੈਦਾ ਹੋ ਗਏ, ਕਿ ਸਾਨੂੰ ਚੌਥੀ ਕਾਨਫ੍ਰੰਸ ਅਮ੍ਰੀਕਾ ਵਿਚ ਕਰਨ ਦਾ ਖ਼ਿਆਲ ਛਡਣਾ ਪਿਆ। ਦਸ ਸਾਲ ਇਤਨੀ ਉਥਲ ਪੁਥਲ ਹੋਈ ਕਿ ਚੌਥੀ ਕਾਨਫ੍ਰੰਸ ਦਾ ਮਾਹੌਲ ਹੀ ਨਾ ਬਣ ਸਕਿਆ। ਸੰਨ ੧੯੯੩ ਵਿਚ ਜਦੋਂ ਹਾਲਾਤ ਕੁਝ ਸੁਖਾਵੇਂ ਹੋਏ, ਤਾਂ ਲੇਖਕਾਂ ਨੇ ਫ਼ੈਸਲਾ ਕੀਤਾ ਕਿ ਇਹ ਜ਼ਰੂਰੀ ਨਹੀਂ ਜੋ ਹਰ ਕਾਨਫ੍ਰੰਸ ਵਿਦੇਸ਼ ਵਿਚ ਹੀ ਹੋਵੇ। ਚੌਥੀ ਕਾਨਫ੍ਰੰਸ ਭਾਰਤ ਦੀ ਰਾਜਧਾਨੀ ਦਿਲੀ ਵਿਚ ਹੋਣੀ ਚਾਹੀਦੀ ਹੈ। ਇਸ ਬਾਰੇ ਅਸੀਂ ਸਤਿਗੁਰੂ ਜਗਜੀਤ ਸਿੰਘ ਜੀ ਪਾਸ ਹਾਜ਼ਰ ਹੋਏ ਤੇ ਬੇਨਤੀ ਕੀਤੀ ਕਿ ਕਾਨਫ੍ਰੰਸ ਲਈ ਨਾਮਧਾਰੀ ਦਰਬਾਰ ਵਲੋਂ ਭੀ ਕੁਝ ਮਾਇਆ ਦੀ ਮਦਦ ਕੀਤੀ ਜਾਵੇ। ਸ੍ਰੀ ਸਤਿਗੁਰੂ ਜੀ ਨੇ ਹੰਸਪਾਲ ਜੀ ਨੂੰ ਹੁਕਮ ਕੀਤਾ ਕਿ ਇਸ ਕਾਨਫ੍ਰੰਸ ਦਾ ਸਾਰਾ ਖਰਚ ਨਾਮਧਾਰੀ ਦਰਬਾਰ ਵਲੋਂ ਕੀਤਾ ਜਾਵੇ। ਸੋ ਇਸੇ ਤਰਾਂ ਹੀ ਹੋਇਆ। ਬਾਹਰੋਂ ਆਏ ਡੈਲੀਗੇਟਾਂ ਦੀ ਰਿਹਾਇਸ਼ ਦਾ ਪ੍ਰਬੰਧ ਅਸ਼ੋਕ ਯਾਤਰੀ ਨਿਵਾਸ ਹੋਟਲ ਵਿਚ ਕੀਤਾ ਗਿਆ ਤੇ ਸਾਰੇ ਡੈਲੀਗੇਟਾਂ ਲਈ, ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਭੋਜਨ, ਸ਼ਾਮ ਦੀ ਚਾਹ, ਤੇ ਰਾਤ ਦਾ ਖਾਣਾ ਆਦਿ ਤਿਆਰ ਹੋ ਕੇ, ਕਾਨਫ੍ਰੰਸ ਦੇ ਅਸਥਾਨ ਸਪਰੂ ਹਾਊਸ ਨਵੀਂ ਦਿੱਲੀ ਵਿਖੇ ਪੁਜਦਾ ਰਿਹਾ। ਕਿਸੇ ਡੈਲੀਗੇਟ ਨੂੰ ਆਪਣਾ ਕੋਈ ਵੀ ਜ਼ਾਤੀ ਪ੍ਰਬੰਧ ਨਾ ਕਰਨਾ ਪਿਆ ਅਤੇ ਨਾਹੀਂ ਕਿਸੇ ਬਾਹਰੋਂ ਆਏ ਡੈਲੀਗੇਟ ਨੂੰ ਦਿੱਲੀ ਵਿਚ ਆਪਣੇ ਕਿਸੇ ਮਿਤ੍ਰ ਜਾਂ ਰਿਸ਼ਤੇਦਾਰ ਨੂੰ ਕੋਈ ਖੇਚਲ ਦੇਣੀ ਪਈ।

ਵਿਸ਼ਵ ਪੰਜਾਬੀ ਕਾਨਫ੍ਰੰਸਾਂ ਦਾ ਇਹ ਮੁੱਢ ਤੋਂ ਹੀ ਨਿਯਮ ਹੈ ਕਿ ਡੈਲੀਗੇਟ ਆਪਣੀ ਟਿਕਟ ਆਪ ਖਰਚਦੇ ਹਨ। ਜਿਥੇ ਕਾਨਫ੍ਰੰਸ ਹੋਵੇ, ਉਥੋਂ ਦੇ ਪ੍ਰਬੰਧਕ ਜਾਂ ਲੋਕਲ ਕਮੇਟੀ, ਡੈਲੀਗੇਟਾਂ ਦੀ ਰਿਹਾਇਸ਼ ਖੁਰਾਕ ਤੇ ਸੈਰ ਸਪਾਟੇ ਦਾ ਪ੍ਰਬੰਧ ਕਰਦੀ ਹੈ।

ਇਸ ਦੇ ਬਾਵਜੂਦ ਭੀ ਕਾਨਫ੍ਰੰਸ ਦੇ ਦਫ਼ਤਰ ਨੂੰ ਤਿੰਨ ਮਹੀਨੇ ਪਹਿਲੋਂ ਤੇ ਦੋ ਮਹੀਨੇ ਬਾਦ ਤਕ ਸਾਰੇ ਪ੍ਰਬੰਧ ਕਰਨੇ ਤੇ ਨਿਪਟਾਣੇ ਪੈਂਦੇ ਹਨ, ਜਿਸ ਦੇ ਕਾਫ਼ੀ ਖ਼ਰਚ ਆਉਂਦਾ ਹੈ। ਪਿਛਲੇ ਸਾਲ ਜਦ ਪੰਜਵੀਂ ਵਿਸ਼ਵ ਪੰਜਾਬੀ ਕਾਨਫ੍ਰੰਸ ਅਮ੍ਰੀਕਾ ਦੇ ਸ਼ਹਿਰ ਮਿਲਵਾਕੀ ਵਿਚ, ਕਰਤਾਰ ਸਿੰਘ ਧਾਲੀਵਾਲ ਪ੍ਰੋਫ਼ੈਸਰਸ਼ਿਪ ਫ਼ਾਰ ਪੰਜਾਬ-ਇੰਡੀਅਨ ਸਟਡੀਜ਼ ਵਿਸਕਾਨਸਨ ਯੂਨੀਵਰਸਿਟੀ ਦੇ ਬੁਲਾਵੇ ਤੇ ੧੯-੨੦-੨੧ ਜੁਲਾਈ ੧੯੯੭ ਨੂੰ ਕਰਨ ਦਾ ਫ਼ੈਸਲਾ ਹੋਇਆ ਤਾਂ ਪਹਿਲੀ ਮਈ ੯੭ ਤੋਂ ਹੀ ਦੌੜ ਭਜ ਸ਼ੁਰੂ ਹੋ ਗਈ। ਮਿਲਵਾਕੀ ਵਿਚ ੨੦੦ ਡੈਲੀਗੇਟਾਂ ਦੀ ਰਿਹਾਇਸ਼ ਖੁਰਾਕ ਦਾ ਸਾਰਾ ਪ੍ਰਬੰਧ ਸ੍ਰ. ਦਰਸ਼ਨ ਸਿੰਘ ਧਾਲੀਵਾਲ ਨੇ ਆਪਣੇ ਜ਼ਿੰਮੇ ਲਿਆ।

ਕਾਨਫ੍ਰੰਸ ਦੀ ਕੁਝ ਮਾਲੀ ਸਹਾਇਤਾ ਲਈ ਅਸੀਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਬੇਨਤੀ ਕੀਤੀ ਤਾਂ ਉਹ ਮੰਨ ਗਏ। ਉਹਨਾਂ ਕਾਨਫ੍ਰੰਸ ਤੋਂ ਪਹਿਲਾਂ ਹੀ ਅਮ੍ਰੀਕਾ ਦੇ ਦੌਰੇ ਤੇ ਜਾਣਾ ਸੀ, ਸੋ ਉਹਨਾਂ ਕਿਹਾ ਕਿ ਉਹ ਉਹਨਾਂ ਤਾਰੀਖ਼ਾਂ ਤੇ ਮਿਲਵਾਕੀ ਪਹੁੰਚ ਜਾਣਗੇ। ਨੀਯਤ ਦਿਨ ਤੇ ਉਹ ਪੁਜ ਗਏ। ਪੰਜਾਬ ਦੇ ਕਈ ਰਾਜਸੀ ਆਗੂ ਅਤੇ ਭਾਰਤ ਸਰਕਾਰ ਤੇ ਪੰਜਾਬ ਸਰਕਾਰ ਦੇ ਪ੍ਰਤੀਨਿਧ ਵੀ ਕਾਨਫ੍ਰੰਸ ਵਿਚ ਸ਼ਾਮਲ ਹੋਣ ਲਈ ਪੁਜ ਗਏ ਸਨ। ਪ੍ਰਬੰਧਕਾਂ ਨੇ ਫ਼ੈਸਲਾ ਕੀਤਾ ਕਿ ਰਾਮੂਵਾਲੀਆ ਜੀ, ਕੈਪਟਨ ਕੰਵਲ ਜੀਤ ਸਿੰਘ ਸਪੀਕਰ ਅਟਵਾਲ ਯੋਗੀ ਜੀ ਆਦਿ ਦੇ ਨਾਂ ਲਿਖੇ ਜਾਣ। ਕਾਨਫ੍ਰੰਸ ਦਾ ਉਦਘਾਟਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰਨਗੇ। ਸੋ ਇਸੇ ਤਰ੍ਹਾਂ ਹੀ ਕੀਤਾ ਗਿਆ। ਆਖ਼ਰੀ ਸਮਾਗਮ ਵਿਚ ਜਦੋਂ ਚੋਣਵੇਂ ਪੰਜਾਬੀਆਂ ਨੂੰ ਸਨਮਾਨਤ ਕਰਨਾ ਸੀ ਤਾਂ ਉਹ ਕਾਰਜ ਭੀ ਸ੍ਰੀ ਸਤਿਗੁਰੂ ਜੀ ਦੇ ਪਾਵਨ ਕਰਕਵੱਲਾਂ ਤੋਂ ਹੀ ਕਰਵਾਇਆ ਗਿਆ।

ਕੁਝ ਲੋਕ ਇਤਰਾਜ ਕਰਦੇ ਹਨ ਤੇ ਸਾਨੂੰ ਕਹਿੰਦੇ ਹਨ ਕਿ ਤੁਹਾਡੀ ਕਾਨਫ੍ਰੰਸ, ਨਾਮਧਾਰੀ ਸ਼ੋ ਬਣਦੀ ਜਾਂਦੀ ਹੈ, ਪਰ ਇਹ ਗੱਲ ਨਹੀਂ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ੧੫-੨੦ ਨਾਮਧਾਰੀ ਜ਼ਰੂਰ ਹੁੰਦੇ ਹਨ ਤੇ ਹਾਲ ਵਿਚ ਬੈਠਿਆਂ ਉਨ੍ਹਾਂ ਦੀਆਂ ਪਗਾਂ ਤੇ ਬਾਣਾ ਜ਼ਰੂਰ ਜ਼ਿਆਦਾ ਅਖਾਂ ਨੂੰ ਆਪਣੇ ਵਲ ਖਿਚਦਾ ਹੈ। ਉਹਨਾਂ ਦੇ ਕੁਝ ਹੋਰ ਸ਼ਰਧਾਲੂ ਵੀ ਉਨ੍ਹਾਂ ਦੇ ਦਰਸ਼ਨਾਂ ਲਈ ਕਈ ਸ਼ਹਿਰਾਂ ਚੋਂ ਪੁਜ ਜਾਂਦੇ ਹਨ, ਪਰ ਇਸ ਨਾਲ ਕਾਨਫ੍ਰੰਸ ਦੀ ਸ਼ਾਨ ਵਧਦੀ ਹੈ, ਘਟਦੀ ਨਹੀਂ। ਪ੍ਰੋਗ੍ਰਾਮ ਤਾਂ ਪ੍ਰਬੰਧਕਾਂ ਨੇ ਆਪ ਚਲਾਣਾ ਹੁੰਦਾ ਹੈ। ਪੜ੍ਹਨ ਵਾਲੇ ਪੇਪਰ, ਰੈਜ਼ੋਲਿਊਸ਼ਨਾਂ, ਕਵੀ ਦਰਬਾਰ, ਸੰਗੀਤ ਦਰਬਾਰ, ਗਿੱਧੇ, ਭੰਗੜੇ, ਨਾਟਕ ਆਦਿ ਉਸੇ ਤਰ੍ਹਾਂ ਮਿਥੇ ਪ੍ਰੋਗ੍ਰਾਮ ਅਨੁਸਾਰ ਹੀ ਹੁੰਦੇ ਹਨ।

ਇਥੇ ਇਹ ਗੱਲ ਭੀ ਚੇਤੇ ਰਖਣ ਵਾਲੀ ਹੈ, ਕਿ ਵਿਸ਼ਵ ਪੰਜਾਬੀ ਕਾਨਫ੍ਰੰਸ, ਅਗਾਂਹ ਵਧੂ, ਉਦਾਰਚਿਤ, ਧਰਮ ਨਿਰਪਖ, ਲੇਖਕਾਂ ਦੀ ਸੰਸਥਾ ਹੈ, ਜਿਸ ਦਾ ਕਿਸੇ ਧਾਰਮਕ ਵਾਦ ਵਿਵਾਦ ਨਾਲ ਕੋਈ ਸੰਬੰਧ ਨਹੀਂ।

ਸਤਿਗੁਰੂ ਜਗਜੀਤ ਸਿੰਘ ਜੀ ਨੇ, ਸੰਗੀਤ ਕਲਾ ਨੂੰ ਬਹੁਤ ਵਿਕਸਿਤ ਕੀਤਾ ਹੈ। ਖੇਡਾਂ ਦੀ ਉਨਤੀ ਲਈ ਯਤਨ ਕੀਤੇ ਹਨ, ਵਿਦਿਆ ਪ੍ਰਸਾਰ ਲਈ ਯਤਨਸ਼ੀਲ ਹਨ ਅਤੇ ਵਿਸ਼ਵ ਪੰਜਾਬੀ ਕਾਨਫ੍ਰੰਸਾਂ ਦੀ ਸੁਪ੍ਰਸਤੀ ਤੇ ਸਹਾਇਤਾ ਕਰਕੇ, ਪੰਜਾਬੀ ਬੋਲੀ, ਸਾਹਿਤ, ਕਲਾ ਤੇ ਸਭਿਆਚਾਰ ਨੂੰ ਉਨਤ ਤੇ ਪ੍ਰਫੁਲਤ ਕਰਨ ਵਿਚ ਵੱਡਾ ਯੋਗਦਾਨ ਪਾ ਰਹੇ ਹਨ। ਜਿਸ ਲਈ ਅਸੀਂ ਲੇਖਕ, ਕਵੀ ਤੇ ਕਲਾਕਾਰ ਸਦਾ ਉਨ੍ਹਾਂ ਦੇ ਰਿਣੀ ਰਹਾਂਗੇ। ■

ਸਦਾ ਕੌਰ ਦੇ ਲਾਲ

ਸਿੰਦਰ ਕੌਰ ਦਿੱਲੀ

ਸਦਾ ਕੌਰ ਦੇ ਲਾਲ,
ਜਸਾ ਸਿੰਘ ਦੇ ਬਾਲ,
ਰਾਈਆਂ ਵਿਚ ਲਿਆ
ਅਵਤਾਰ।
ਨਾਨਕ ਗੁਰ ਦੀ ਗਦੀ ਦੇ
ਆਏ ਭਰਤਾਰ,
ਭੈਣੀ ਨੂੰ ਆ ਭਾਗ ਲਾਇਆ
ਸੁੱਤੀ ਕੌਮ ਨੂੰ ਆਣ ਜਗਾਇਆ
ਲੱਖਾਂ ਸਹਿ ਕੇ ਤਕਲੀਫਾਂ
ਨਾਮਧਾਰੀ ਪੰਥ ਸਜਾਇਆ
ਮੁਰਦਿਆਂ ਨੂੰ ਚਰਨਾਂ ਨਾਲ
ਜਿਵਾਇਆ,
ਭਰੇ ਭੰਡਾਰੇ ਤੇਰੇ ਚੀਨੀ ਵਾਲਿਆ,
ਜੋ ਮੰਗਿਆ ਤੇਰੇ ਦਰ ਤੋਂ
ਪਾਇਆ
ਹਨ ਸਾਡੇ ਕਰਮ ਵੱਡੇ
ਸਾਨੂੰ ਆਪਣੇ ਤੁਸਾਂ ਬਾਲ
ਬਣਾਇਆ,
ਹੁਣ ਤੇਰੇ ਦਰ ਦੇ ਸੇਵਕ ਆਖਣ,
ਕਿਥੇ ਜਾ ਕੇ ਡੇਰਾ ਲਾਇਆ,
ਆਈ ਏ ਬਸੰਤ ਨੱਚਦੀ,
ਫੁੱਲਾਂ ਤੇ ਮੁੜ ਖੇੜਾ ਆਇਆ,
ਅਸਾਂ ਤੇ ਚੀਨੀ ਵਾਲਿਆ,
ਤੇਰੇ ਦਰਸ ਨੂੰ ਆਦਰਸ
ਬਣਾਇਆ,
ਘਰ ਆਵੇ ਕੰਤ,
ਭਾਵੇ ਤਦੇ ਬਸੰਤ,
ਜੇ ਆਵੇ ਮੁੜ-ਮੁੜ ਸਾਨੂੰ
ਮਿਲਣ ਵਧਾਈਆਂ
ਵੇਖ ਤੇਰੇ ਦਰ ਤੇ ਕਿੰਨੀਆਂ
ਸੰਗਤਾਂ ਆਈਆਂ,
ਹੱਥ ਜੋੜ ਕਰੀਏ ਅਰਜੋਈਆਂ,
ਬਖਸ਼ ਦੇ ਜੋ ਭੁਲਾਂ ਹੋਈਆਂ,
ਮੁੜ ਆ ਵਤਨਾਂ ਨੂੰ
ਤੇਰਾ ਖਿੜਿਆ ਏ ਬਾਗ
ਗੁਲਜ਼ਾਰ,
ਬਖ਼ਸ਼ ਦੇ ਸਾਡੇ ਅਵਗੁਣ
ਨਾ ਚਿਤਾਰ,
ਮਾਤਾ ਸਦਾ ਕੌਰ ਦੇ ਲਾਲ
ਆ ਕੇ ਆਪਣਾ ਹਿੰਦ ਸੰਭਾਲ
ਮੁੜ ਆ ਚੀਨੀ ਦੇ
ਅਸਵਾਰ,
ਮੁੜ ਆ ਸਦਾ ਕੌਰ ਦੇ ਲਾਲ
ਮੁੜ ਆ ਜਸਾ ਦੇ ਲਾਲ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਿਰਹਾਲੀ ਪਰਿਵਾਰ

ਸਵਰਨ ਸਿੰਘ ਵਿਰਕ

"ਭੈਣੀ ਰਾਈਆਂ ਰਾਮ ਮ੍ਰਿਗੇਸ਼ ਪ੍ਰਕਾਸ਼ ਕਰ,
੧੯੧੨ਬਿ: *ਸੱਦਾ ਘਰ ਸੱਦਾ ਲੈ ਕੇ ਆਇਆ ਕਰਤਾਰ ਦਾ।*
ਅਠਾਰਾਂ ਸੈ ਬਹੱਤਰੇ ਦੀ ਮਾਘ ਸੁਦੀ ਪੰਚਮੀ ਨੂੰ,
ਜੱਸਾ ਸਿੰਘ ਜੀ ਦਾ ਜੱਸ ਜੱਗ 'ਚ ਖਲਾਰਦਾ।
ਚੰਦ ਅਤੇ ਚੰਦਨੋਂ ਭੀ ਠੰਢਾ ਰੁੱਤ ਸੀਤ ਨਾਲੋਂ,
ਬਾਵਨ ਦੇ ਵਾਂਙ ਬਣ ਸਗਲਾ ਮਹਿਕਾਰਦਾ।
ਪਸ਼ੂ ਤੇ ਪ੍ਰੇਤੋਂ ਕੀਤੇ ਦੇਵ 'ਮ੍ਰਿਗੇਸ਼' ਕਵਿ,
ਕੀਤਾ ਸੀ ਦੀਦਾਰ ਜਿਸ ਚੀਨੀ ਅਸਵਾਰ ਦਾ।"

-ਭਾਈ ਨਿਰੰਜਨ ਸਿੰਘ "ਮ੍ਰਿਗੇਸ਼"

ਸਾਡੇ ਦੇਸ਼ ਦੇ ਇਤਿਹਾਸ ਵਿਚ ਰਿਸ਼ੀਆਂ ਮੁਨੀਆਂ, ਪੀਰਾਂ ਪੈਗੰਬਰਾਂ, ਹਠੀਆਂ ਤਪੀਆਂ, ਭਗਤਾਂ ਸੰਤਾਂ, ਯੋਧਿਆਂ ਸੂਰਬੀਰਾਂ ਅਤੇ ਸ਼ਹੀਦਾਂ ਮੁਰੀਦਾਂ ਜਹੀਆਂ ਮਹਾਨ ਹਸਤੀਆਂ ਦਾ ਬਹੁਤ ਵਰਣਨ ਮਿਲਦਾ ਹੈ ਪ੍ਰੰਤੂ ਇਹਨਾਂ ਵਿਚੋਂ ਜੁੱਗ ਪੁਰਖ ਅਖਵਾਉਣ ਦਾ ਮਾਣ ਬਹੁਤ ਥੋਹੜਿਆਂ ਨੂੰ ਪ੍ਰਾਪਤ ਹੋਇਆ ਹੈ। ਜੁੱਗ ਪੁਰਖ ਉਹ ਹੈ ਜੋ ਆਪਣੇ ਜੁੱਗ ਦੀਆਂ ਹਕੀਕਤਾਂ ਨੂੰ ਸਮਝ ਕੇ ਵਕਤ ਦੀ ਤੋਰ ਨੂੰ ਉਹਦੇ ਮੁਤਾਬਿਕ ਮੋੜ ਦੇਣ ਦੇ ਸਮਰੱਥ ਹੋਵੇ। ਜਿਹੜਾ ਆਪਣੇ ਸਮੇਂ ਦੀਆਂ ਨਰੋਈਆਂ ਸ਼ਕਤੀਆਂ ਦੇ ਨਾਲ ਖਲੋਕੇ ਉਹਨਾਂ ਨੂੰ ਬਲ ਬਖਸ਼ਦਾ ਹੈ ਅਤੇ ਵੇਲਾ ਵਿਹਾ ਚੁੱਕੀਆਂ ਪ੍ਰਤੀਗਾਮੀ ਸ਼ਕਤੀਆਂ ਤੇ ਹੱਲਾ ਬੋਲਣ ਵਿਚ ਰਤਾ ਵੀ ਸੰਕੋਚ ਨਹੀਂ ਕਰਦਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਜੇਹੇ ਜੁੱਗ ਪੁਰਖਾਂ ਦੀ ਸ਼੍ਰੋਮਣੀ ਕਤਾਰ ਵਿਚ ਆਉਂਦੇ ਹਨ। ਉਹਨਾਂ ਨੇ ਜ਼ਿਲਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ ਜਿਸਨੂੰ ਓਦੋਂ ਭੈਣੀ ਭੂੰਦੜ ਕਿਹਾ ਜਾਂਦਾ ਸੀ ਤੋਂ ਆਪਣਾ ਸਿੱਖੀ ਪ੍ਰਚਾਰ ਤੇ ਦੇਸ਼ ਭਗਤੀ ਦਾ ਕਾਰਜ ਕੁਝ ਇਸ ਤਰ੍ਹਾਂ ਅਰੰਭਿਆ ਕਿ ਉਹੋ ਪਿੰਡ 'ਸ੍ਰੀ ਭੈਣੀ ਸਾਹਿਬ' ਦੇ ਸਤਿਕਾਰਤ ਨਾਉਂ ਨਾਲ ਜਾਣਿਆ ਜਾਣ ਲੱਗਾ ਅਤੇ ਆਪ ਦੇ ਨਾਂ ਤੋਂ ਇੰਡੀਆ ਆਫਿਸ ਲੰਡਨ ਦੀਆਂ ਕੰਧਾਂ ਵੀ ਕੰਬਣ ਲੱਗ ਪਈਆਂ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਆਖਰੀ ਵਰ੍ਹਿਆਂ ਵਿਚ ਸਤਿਗੁਰੂ ਜੀ ਲਹੌਰ ਦਰਬਾਰ ਦੀ ਸੈਨਾ ਵਿਚ ਭਰਤੀ ਹੋਏ। ਏਥੇ ਉਹਨਾਂ ਤਕਰੀਬਨ ੮ ਸਾਲ ਆਪਣੀ ਨੌਕਰੀ ਦੇ ਸਮੇਂ ਵਿਚ ਸਿੱਖ ਰਹੁ ਰੀਤਾਂ, ਮਰਿਆਦਾ ਅਤੇ ਵਤਨ ਪਿਆਰ ਦਾ ਘਾਣ ਹੁੰਦਾ ਵੇਖਿਆ। ਫੌਜੀਆਂ ਦੀ ਦਿਲਚਸਪੀ ਆਏ ਦਿਨ ਆਪਣੀਆਂ ਤਲਬਾਂ ਵਧਾਉਣ ਅਤੇ ਦਰਬਾਰ ਦੀਆਂ ਸਾਜਿਸ਼ਾਂ ਵਿਚ ਇਕ ਜਾਂ ਦੂਜੀ ਧਿਰ ਦਾ ਸਾਥ ਦੇ ਕੇ ਕੜੇ ਕੈਂਠੇ ਇਨਾਮ ਹਾਸਲ ਕਰਨ ਵਿਚ ਹੀ ਰਹਿ ਗਈ ਸੀ। ਖਾਨਾ ਜੰਗੀ ਇਸ ਕਦਰ ਚੱਲੀ ਕਿ ਕਿਸੇ ਨੂੰ ਵੀ ਇਹ ਭਰੋਸਾ ਨਹੀਂ ਸੀ ਕਿ ਕਦੋਂ ਪਾਰ ਬੁਲਾ ਦਿੱਤਾ ਜਾਏਗਾ—

'ਸਾਡੀ ਘੜੀ ਦੀ ਨਹੀਂ ਪ੍ਰਤੀਤ ਕੋਈ।'
ਅੱਜ ਰਾਤ ਪ੍ਰਸ਼ਾਦ ਕਿੰਨ ਛਕਣਾ ਈ।"

-ਸ਼ਾਹ ਮੁਹੰਮਦ

ਇਕ ਤੋਂ ਬਾਦ ਦੂਜਾ, ਇਸ ਤਰ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਦਲੀਪ ਸਿੰਘ ਤੋਂ ਬਿਨਾਂ ਸਾਰੇ ਵਾਰਿਸ ਕਤਲ ਕਰਕੇ ਉਸ ਨਾਬਾਲਿਗ ਮਹਾਰਾਜੇ ਨੂੰ ਲਾਹੌਰ ਦੇ ਤਖਤ ਤੇ ਬੈਠਾ ਦਿੱਤਾ। ਰਾਜ ਪ੍ਰਬੰਧ ਉਸਦੀ ਮਾਤਾ ਮਹਾਰਾਣੀ ਜਿੰਦ ਕੌਰ ਵਜ਼ੀਰਾਂ ਦੀ ਮਦਦ ਨਾਲ ਚਲਾ ਰਹੀ ਸੀ। ਵਜੀਰ ਅਤੇ ਸਿੱਖ ਸੈਨਾ ਦੇ ਜਰਨੈਲ ਅੰਦਰ ਖਾਤੇ ਫਰੰਗੀਆਂ ਨਾਲ ਸਾਜਬਾਜ਼ ਕਰਕੇ ਲਾਹੌਰ ਦਰਬਾਰ ਦਾ ਬੇੜਾ ਡੋਲਣ ਅਤੇ ਆਪਣੀਆਂ ਰਿਆਸਤਾਂ ਸੁਰੱਖਿਅਤ ਕਰਨ ਦੀਆਂ ਯੋਜਨਾਵਾਂ ਵਿਚ ਰੁੱਝੇ ਰਹਿੰਦੇ। ਇਸ ਵੇਲੇ ਪੰਜਾਬ ਦੇ ਇਤਿਹਾਸ ਵਿਚ ਦੋ ਅਜਿਹੇ ਨਾਵਾਂ ਦਾ ਹੀ ਜ਼ਿਕਰ ਆਉਂਦਾ ਹੈ ਜੋ ਇਹਨਾਂ ਸਾਜਿਸ਼ਾਂ ਤੋਂ ਜਾਣੂ ਸਨ ਅਤੇ ਸਿੱਖ ਰਾਜ ਦੀ ਅਧੋਗਤੀ ਨੂੰ ਮਹਿਸੂਸ ਕਰਕੇ ਜਿਹੜੇ ਚੁੱਪ ਚਾਪ ਲਹੌਰ ਦਰਬਾਰ ਦੀ ਨੌਕਰੀ ਛੱਡ ਕੇ ਆਪਣੇ ਟਿਕਾਣਿਆਂ ਤੇ ਚਲੇ ਗਏ ਸਨ। ਇਕ ਸਨ ਸ੍ਰ. ਸ਼ਾਮ ਸਿੰਘ ਅਟਾਰੀ ਵਾਲੇ ਅਤੇ ਦੂਜੇ ਸਤਿਗੁਰੂ ਰਾਮ ਸਿੰਘ ਜੀ। ਪਹਿਲੇ ਦੀ ਕਿਉਂਕਿ ਲਹੌਰ ਦਰਬਾਰ ਨਾਲ ਕੁੜਮਾਚਾਰੀ ਵੀ ਸੀ ਤੇ ਸਿੱਖ ਸੈਨਾ ਦੀ ਜਰਨੈਲੀ ਵੀ ਉਹਨਾਂ ਪਾਸ ਸੀ ਉਹ ਤਾਂ ਮੁਦਕੀ ਦੀ ਜੰਗ ਵਿਚ ਵੈਰੀਆਂ ਨੂੰ ਕਰਾਰੇ ਹੱਥ ਵਖਾ ਕੇ ਵੀਰਗਤੀ ਪ੍ਰਾਪਤ ਕਰ ਗਏ। ਪਰ ਸਤਿਗੁਰੂ ਜੀ ਸਮਝ ਗਏ ਸਨ ਕਿ ਏਥੇ ਤਾਂ ਆਵਾ ਹੀ ਊਤ ਹੈ ਇਕ ਨੂੰ ਰੋਇਆਂ ਨਹੀਂ ਸਰਨਾ ਅਤੇ ਚਲਾਕ ਦੁਸ਼ਮਣ ਅੰਗ੍ਰੇਜ਼ ਦੇ ਵਿਰੁੱਧ ਹੁਣ ਤੋਪਾਂ ਤਲਵਾਰਾਂ ਨਾਲ ਨਹੀਂ ਸਗੋਂ ਨਵੇਂ ਹਥਿਆਰਾਂ ਨਾਲ ਲੜਨਾ ਪਵੇਗਾ।

ਇਸ ਲਈ ੧੦-੧੧ ਵਰ੍ਹੇ ਆਪ ਨੇ ਪੰਜਾਬ ਦੀਆਂ ਵੱਖ ਵੱਖ ਥਾਵਾਂ ਤੇ ਪਿਤਾ ਪੁਰਖੀ ਕਾਰ ਵਿਹਾਰ ਵੀ ਕੀਤਾ ਅਤੇ ਦੇਸ਼, ਕੌਮ, ਪੰਥ ਦੀ ਡੁੱਬਦੀ ਬੇੜੀ ਨੂੰ ਕੰਢੇ ਲਾਉਣ ਲਈ ਚਿੰਤਨ ਮਨਨ ਵੀ ਕੀਤਾ। ਉਹ ਇਸ ਨਿਰਨੇ ਤੇ ਪੁੱਜੇ ਕਿ ਸਿੱਖਾਂ ਨੇ ਗੁਰੂ ਦੀ ਬਾਣੀ ਵਿਸਾਰ ਦਿੱਤੀ ਸੀ ਅਤੇ ਗੁਰੂ ਸਿੱਖੀ ਦੇ ਆਸ਼ੇ ਤੋਂ ਉਲਟ ਜਗੀਰਦਾਰਾਂ ਵਾਲਾ ਜੀਵਨ ਪ੍ਰਬੰਧ ਧਾਰਨ ਕਰ ਲਿਆ ਸੀ ਜਿਸ ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਜੀ ਦੇ ਸੱਚੇ ਦਾ ਸੰਪੂਰਨ ਮਨੁੱਖ ਕਿਧਰੇ ਅਲੋਪ ਹੋ ਗਿਆ ਸੀ ਅਤੇ ਉਹਦੀ ਥਾਂ ਦੰਭੀ, ਸੁਆਰਥੀ, ਸੱਤਾ ਲੋਭੀ, ਵਿਸ਼ੇ ਵਿਕਾਰਾਂ ਦਾ ਧਾਰਨੀ ਅਤੇ ਦੁਨੀਆਂ ਦੇ ਝੂਠੇ ਪਾਤਸ਼ਾਹਾਂ ਦੀ ਸਿਫਤ ਸਾਲਾਹ ਵਿਚ ਗਲਤਾਨ ਰਹਿਣ ਵਾਲਾ ਕੋਈ ਜੀਵ ਆ ਗਿਆ ਸੀ, ਜਿਸ ਵਿਚ ਹਉਮੈਂ ਸੀ ਨਿਮਰਤਾ ਨਹੀਂ ਸੀ, ਜੋ ਆਪਣੇ ਨਿਜ ਨੂੰ ਪਰ ਤੋਂ

ਚੰਗਾ ਸਮਝਦਾ ਸੀ। ਸਤਿਗੁਰਾਂ ਨੇ ਚਾਹਿਆ ਕਿ ਵਕਤ ਹੁਣ ਫੇਰ ਇਕ ਨਵੇਂ ਮਨੁੱਖ ਦੀ ਸਿਰਜਣਾ ਦੀ ਮੰਗ ਕਰਦਾ ਹੈ ਜੋ ਆਪਣੇ ਕਿਰਦਾਰ ਦੀ ਬੁਲੰਦੀ ਕਰਕੇ ਪੰਜਾਬ ਤੇ ਕਾਬਜ਼ ਹੋ ਚੁੱਕੇ ਵਿਦੇਸ਼ੀ ਹਾਕਮਾਂ ਨਾਲ ਲੋਹਾ ਲੈ ਸੱਕੇ। ਮਾਤ ਭੂਮੀ ਦੀ ਮੁਕਤੀ ਲਈ ਵਿੱਢੇ ਜਾਣ ਵਾਲੇ ਜੰਗ ਦਾ ਮੋਹਰੀ ਸੰਗਰਾਮੀਆ ਬਣੇ।

ਪਹਿਲੇ ਗੁਰੂਆਂ ਦੀ ਸਿੱਖੀ ਨੇ ਮਨੁੱਖ ਦੇ ਅੰਦਰ ਦੀ ਜੋਤ ਜਗਾ ਕੇ ਉਹਨੂੰ ਸੌੜੀਆਂ ਵਲਗਣਾਂ 'ਚੋਂ ਬਾਹਰ ਕੱਢਣ ਲਈ ਕਰਮ ਕਾਂਡ ਤੇ ਆਧਾਰਿਤ ਮਨੂੰਵਾਦੀ, ਬ੍ਰਾਹਮਣ ਦੀ ਉੱਚਤਾ ਤੇ ਆਧਾਰਿਤ ਵਰਣ ਵਿਵਸਥਾ ਨਾਲ ਟੱਕਰ ਲਈ ਸੀ। ਪਰ ਏਥੇ ਇਹ ਹਾਲ ਸੀ ਕਿ ਮਹਾਰਾਜਾ ਰਣਜੀਤ ਸਿੰਘ ਦੇ ਅੰਤ ਸਮੇਂ ਰਾਜ ਦਾ ਸਭ ਤੋਂ ਕੀਮਤੀ ਹੀਰਾ ਕੋਹਿਨੂਰ ਜਗਨਨਾਥ ਪੁਰੀ ਦੇ ਮੰਦਰ ਉਹਨਾਂ ਵਲੋਂ ਸੰਕਲਪ ਕਰਕੇ ਭੇਜਣ ਦੀਆਂ ਤਿਆਰੀਆਂ ਸਨ। ਖੁਦ ਮਹਾਰਾਜੇ ਅਤੇ ਹੋਰ ਸਿੱਖ ਸਰਦਾਰਾਂ ਰਾਜਿਆਂ ਦੀਆਂ ਲਾਸ਼ਾਂ ਦੇ ਨਾਲ ਉਹਨਾਂ ਦੀਆਂ ਪਤਨੀਆਂ ਗੋਲੀਆਂ ਬਦੋ ਬਦੀ ਹਿੰਦੂ ਰੀਤੀ ਰਿਵਾਜਾਂ ਮੁਤਾਬਿਕ ਸਤੀ ਕੀਤੀਆਂ ਜਾਂਦੀਆਂ ਸਨ। ਸਿੱਖੀ ਜੀਵਨ ਦੇ ਮਾਨਵੀ, ਸਰਬੱਤ ਦੇ ਭਲੇ ਵਾਲੇ, ਸੰਗਤ ਪੰਗਤ ਦੀ ਪ੍ਰੰਪਰਾ ਵਾਲੇ ਜਮਹੂਰੀ ਤੇ ਅੱਗੇ ਵਧੂ ਵਿਚਾਰਾਂ ਦਾ ਭੋਗ ਪੈਣ ਕਾਰਨ ਹੀ ਪੰਜਾਬ ਵਿਚ ੨੯ ਮਾਰਚ ੧੮੪੯ ਈਸਵੀ ਨੂੰ ਸਿੱਖ ਰਾਜ ਦਾ ਵੀ ਭੋਗ ਪੈ ਗਿਆ।

ਪੰਜਾਬ ਦੇ ਇਤਿਹਾਸ ਵਿਚ ੧੬੯੯ ਈਸਵੀ ਦੀ ਵੈਸਾਖੀ ਦੀ ਚਰਚਾ ਖਾਲਸਾ ਪੰਥ ਦੀ ਸਾਜਣਾ ਕਰਕੇ ਹੈ। ਇਸ ਤੋਂ ੧੫੮ ਵਰ੍ਹੇ ਬਾਦ ੧੮੫੭ ਈਸਵੀ ਦੀ ਵੈਸਾਖੀ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਰਾਮ ਸਿੰਘ ਦੁਆਰਾ "ਸੰਤ ਖਾਲਸਾ" ਦੀ ਸਿਰਜਣਾ ਕਰਨ ਲਈ, ਗੁਰੂ ਗੋਬਿੰਦ ਸਿੰਘ ਦੁਆਰਾ ਅਨੰਦਪੁਰ ਸਾਹਿਬ ਵਿਖੇ ਆਦਿ ਤੇ ਦਸਮ ਗ੍ਰੰਥ ਦੀਆਂ ਚੋਣਵੀਆਂ ਬਾਣੀਆਂ ਦੇ ਉਚਾਰਨ ਦੁਆਰਾ ਖੰਡੇ ਬਾਟੇ ਦੇ ਅੰਮ੍ਰਿਤ ਤਿਆਰ ਕਰਨ ਦੀ ਪੱਧਤੀ ਨੂੰ ਤਾਂ ਕਾਇਮ ਰੱਖਿਆ ਗਿਆ। ਪਰ ਬਦਲੇ ਜੁੱਗ ਦੀਆਂ ਹਾਲਤਾਂ ਮੁਤਾਬਿਕ, ਗੁਰੀਲਾ ਜੰਗ ਜਾਂ ਆਹਮੋ ਸਾਹਮਣੀਆਂ ਟੱਕਰਾਂ ਦਾ ਅੱਜ ਦੇ ਭੀਮਕਾਯ ਦੁਸ਼ਮਣ ਨਾਲ ਵਿਰੋਧ ਪੂਰਾ ਨਾਂ ਆ ਸਕਣ ਕਾਰਣ, ਹੁਣ ਜਨ ਲਾਮ ਬੰਦੀ ਤੇ ਜੋਰ ਦੇ ਕੇ, ਸੱਤਿਆਗ੍ਰਹਿ ਅਤੇ ਬਦੇਸ਼ੀ ਵਸਤਾਂ, ਬਦੇਸ਼ੀ ਸਰਕਾਰ ਦੇ ਹਰ ਪੁਰਜੇ ਦੇ ਬਾਈਕਾਟ ਦਾ ਨਵਾਂ ਹਥਿਆਰ ਦੇਣ ਲਈ ਸ਼ਾਂਤਮਈ ਢੰਗ ਨਾਲ ਅਹਿੰਸਕ ਅੰਦੋਲਨ ਉਸਾਰਨ ਲਈ ਉਹਨਾਂ ਪਹਿਲੀ ਵੈਸਾਖੀ ਸਮੇਂ ਕੋਸ ਗੜ੍ਹ ਵਿਖੇ ਝੁਲਾਏ ਕੇਸਰੀ ਨਿਸ਼ਾਨ ਦੀ ਥਾਂ ਹੁਣ ਸੁਲਾਹ ਕੁਲ, ਸਫੇਦ ਨਿਸ਼ਾਨ ਲਹਿਰਾ ਦਿੱਤਾ। ਚਿੱਟੇ ਬਸਤਰ, ਚਿੱਟੀ ਮਾਲਾ, ਹਵਨ, ਪਾਠਾਂ ਦੇ ਭੋਗ, ਤੜਕੇ ਸਕੇਸੀਂ ਇਸ਼ਨਾਨ। ਕਛਿਹਰਾ ਅਤੇ ਹੋਰ ਕਕਾਰ, ਆਪਣੇ ਮੱਤ ਵਲੰਬੀਆਂ ਨਾਲ ਹੀ ਰੋਟੀ ਬੇਟੀ ਦੀ ਸਾਂਝ, ਦੇਵੀ ਦੇਵਤੇ, ਮੜ੍ਹੀ ਮਸਾਣਾਂ ਨੂੰ ਨਾ ਮੰਨਣਾ, ਭੇਖੀ ਸਾਧਾਂ, ਵਿਹਲੜ ਬਾਹਮਣਾਂ ਤੋਂ ਕਿਨਾਰਾ ਕਰਨਾ, ਗੁਰੂ ਮਰਿਆਦਾ ਅਨੁਸਾਰ ਸਮੂਹ ਕਾਰਜ ਕਰਕੇ ਆਤਮਿਕ ਉਚਤਾ ਦੇ ਜੀਵਨ ਦੁਆਰਾ, ਸਾਰੀਆਂ ਨੇਕੀ ਦੀਆਂ ਤਾਕਤਾਂ ਨੂੰ ਇਕੱਠਿਆਂ ਕਰਕੇ ਬਦੀ ਦੀ ਪ੍ਰਤੀਕ ਬਦੇਸ਼ੀ ਗੋਰਾਸ਼ਾਹੀ ਨੂੰ ਭਾਂਜ ਦੇਕੇ ਆਪਣਾ ਰਾਜ ਕਾਇਮ ਕਰਨਾ, ਇਸ ਸੰਤ ਖਾਲਸੇ ਦਾ ਨਿਸ਼ਾਨਾ ਹੋ ਨਿੱਬੜਿਆ ਜਿਸ ਦੀ ਸ਼ਾਹਦੀ ਸਮਕਾਲੀ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਆਪਣੀ ਨਿਜੀ ਅਜਮਾਇਸ਼ ਦੇ ਅਧਾਰ ਤੇ ਇਉਂ ਭਰਦੇ ਹਨ:-

"ਹਮਨ ਕਰੈ ਹੈਂ ਭੋਗ ਗ੍ਰੰਥ ਜੀ ਕੇ ਪੈ ਹੈਂ ਵਾਹੁ,
ਸੰਗਤੋਂ ਕੇ ਕੱਠ ਥੈ ਹੈ ਰੈ ਹੈ ਰਚਨਾ ਲਗੀ।
ਇਸ਼ਨਾਨ ਕਰਿ ਹੈਂ ਸਕੇਸ ਵੇਸ ਰਾਤ ਹੀ ਤੇ,
ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ।
ਰਾਖ ਹੈ ਪੁਸ਼ਾਕ ਪਾਕ ਸੁਕਲਾ ਉਰਣਾ ਮਾਲ,
ਕੱਛ ਕੜਾ ਕ੍ਰਦ ਮਰਦ ਨਾਰਿ ਸਭ ਜੈਤਗੀ।
ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ,
ਸਾਂਝ ਰਾਖ ਹੈਂ ਨਾ ਕਾਹੂੰ ਸੰਗ ਜਗ ਮੈਂ ਸਗੀ।।੧੫।।

....

ਦੇਵ-ਥਾਨ ਤੀਰਥ ਪੁਰਾਨ ਸਾਧ ਬਿੱਪਰੋ ਕੋ
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਥੀ।
ਆਪਸ ਮੈਂ ਦੇਤ ਲੇਤ ਹੈਂ, ਸਹੇਤ ਸਾਕ ਨਾਤਾ,
ਰਾਜ ਲੈਨ ਕੇਰੀ ਇੱਛਯਾ ਮਾਨ ਸਭਿ ਕੇ ਫਬੀ।
ਮਰਣੈ ਔ ਪਰਣੈ ਮੈ ਬਿੱਪਰੈਂ ਬੁਲਾਵੈਂ ਨਾਂਹਿ,
ਆਨੰਦ ਪਢਾ ਵੈਂ ਰੀਤਿ ਗੁਰੁ ਘਰ ਕੀ ਲਭੀ।
ਰਾਮ ਸਿੰਘ ਹੀ ਕੋ ਸਤਿਗੁਰੂ ਅਵਤਾਰ ਪੀਰ ਜਾਨੈ,
ਜੋ ਬਖਾਨੈਂ ਵਹਿ ਸੋਊ ਮਾਨ ਹੈਂ ਸਭੀ।।੧੬।।

....

ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ,
ਲਾਲਸਾ ਲਲਾਮਾ ਰਾਜ ਲੇਥੇ ਕੀ ਅਚੂਕੇ ਹੈਂ।
ਹੇਰੇ ਜੈਸੇ ਲੱਖਣ ਹੈਂ ਟੇਰੇ ਤੈਸੇ ਗਯਾਨ ਸਿੰਘ,
ਐਸੇ ਪ੍ਰਸਿੱਧ ਹੀ ਅਭਿਧਾ ਸਿੱਖ ਕੂਕੇ ਹੈਂ।।੨੮।।

ਥੋਹੜੇ ਸਮੇਂ ਵਿਚ ਹੀ ਆਪ ਨੇ ਸਿੱਖੀ ਪ੍ਰਚਾਰ ਦੀ ਅਜੇਹੀ ਵਿਸ਼ਾਲ ਲਹਿਰ ਚਲਾ ਦਿੱਤੀ ਕਿ ਪਰਿਵਾਰਾਂ ਦੇ ਪਰਿਵਾਰ, ਪਿੰਡਾਂ ਦੇ ਪਿੰਡ, ਪਰਗਣਿਆਂ ਦੇ ਪਰਗਣੇ ਅਤੇ ਜ਼ਿਲਿਆਂ ਦੇ ਜ਼ਿਲੇ ਆਪ ਦੇ ਝੰਡੇ ਥੱਲੇ ਇਕੱਤਰ ਹੁੰਦੇ ਗਏ। ਜਿਹੜੀਆਂ ਸਿੱਖ ਫੌਜਾਂ ਇਕ ਸਰਕਾਰ ਬਾਝੋਂ, ਕੁਝ ਸਮਾਂ ਪਹਿਲੋਂ ਅੰਗ੍ਰੇਜ਼ਾਂ ਤੋਂ, ਗਦਾਰ ਆਗੂਆਂ ਦੀ ਮਿਹਰਬਾਨੀ ਕਾਰਨ, ਭਾਂਜ ਖਾ ਆਈਆਂ ਸਨ ਉਹਨਾਂ ਦੇ ਬਹੁਤ ਸਾਰੇ ਸਾਬਕਾ ਫੌਜੀਆਂ ਨੂੰ ਆਪ ਦੇ ਪ੍ਰੋਗਰਾਮ ਨੇ ਵਿਸ਼ੇਸ਼ ਖਿਚ ਪਾਈ। ਉਹਨਾਂ ਦੀਆਂ ਅੱਖਾਂ ਵਿਚੋਂ ਗੁਆਚੀ ਲਿਸ਼ਕ ਭਵਿੱਖ ਦੇ ਕਿਸੇ ਸੁਨਿਹਰੀ ਸੁਪਨੇ ਨਾਲ ਮੁੜ ਰੋਸ਼ਨ ਹੋ ਉਠੀ। ਅੰਗ੍ਰੇਜ਼ਾਂ ਨੇ ਆਪਣੀ ਮਦਦ ਕਰਨ ਵਾਲਿਆਂ ਨੂੰ ਇਕ ਬੰਨੇ ਜਗੀਰਾਂ ਦਿੱਤੀਆਂ ਦੂਜੇ ਬੰਨੇ ਆਮ ਕਿਸਾਨਾਂ ਤੇ ਮਾਲੀਏ ਟੈਕਸਾਂ ਦਾ ਬੋਝ ਵਧਾ ਦਿੱਤਾ। ਆਪਣੀ ਲੁੱਟ ਤੇਜ਼ ਕਰਨ ਲਈ ਉਹਨਾਂ ਭਾਰਤ ਦੇ ਲਘੂ ਉਦਯੋਗ-ਦਸਤਕਾਰੀਆਂ ਵੀ ਮੁਕੰਮਲ ਤੌਰ ਤੇ ਤਬਾਹ ਕਰ ਦਿੱਤੀਆਂ। ਇਸ ਲਈ ਬ੍ਰਾਹਮਣੀ ਕਰਮਕਾਂਡ ਵਿਚ ਸਮਾਜਿਕ ਤੌਰ ਤੇ ਜਕੜੀ ਤੇ ਬਸਤੀਵਾਦੀ ਲੁੱਟ ਖਸੁੱਟ ਦਾ ਸ਼ਿਕਾਰ ਹੋ ਰਹੀ ਪੇਂਡੂ ਵੱਸੋਂ ਸਮੇਤ ਸਾਬਕਾ ਸੈਨਿਕਾਂ ਦੇ ਨਾਮਧਾਰੀ ਜਾਂ ਕੂਕਾ ਅੰਦੋਲਨ ਨਾਲ ਜੁੜ ਗਈ। ਕੁਝ ਅਜੋਕੇ ਵਿਦਵਾਨਾਂ ਦੀ ਇਹ ਰਾਇ ਕਿ ਕੂਕਾ ਸ਼ਬਦ ਅੰਗ੍ਰੇਜ਼ਾਂ ਨੇ ਨਾਮਧਾਰੀਆਂ ਪ੍ਰਤੀ ਕਿਸੇ ਤੁਅੱਸਬ ਕਰਕੇ ਵਰਤਿਆ ਹੈ ਠੀਕ ਨਹੀਂ। ਕਿਉਂਕਿ ਗਿਆਨੀ ਗਿਆਨ ਸਿੰਘ ਅਤੇ ਹੋਰ ਪਹਿਲੇ ਲਿਖਾਰੀਆਂ ਨੇ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਸਮਕਾਲੀ ਸਨ ਉਹਨਾਂ ਦੇ ਪੰਥ ਲਈ ਨਾਮਧਾਰੀ ਅਤੇ ਕੂਕੇ ਸ਼ਬਦ ਵਰਤੇ ਹਨ।

ਲੋਕ ਗੀਤ ਵੇਲੇ ਦੇ ਸਮਾਜ ਦਾ ਸ਼ੀਸ਼ਾ ਹੁੰਦੇ ਹਨ ਇਹਨਾਂ ਵਿਚ ਵੀ ਸ਼ਬਦ ਕੂਕਾ ਹੀ ਵਰਤਿਆ ਗਿਆ ਹੈ।

"ਕੂਕਿਆਂ ਦਾ ਪੰਥ ਨਿਰਾਲਾ"

\- - - - - - - - - - - -

ਤਾਰਾ ਚੜ੍ਹਿਆ ਤਾਂ ਨਹਾ ਲਿਆ ਕੂਕੇ,
ਹਾਲੀਆਂ ਨੇ ਹਲ ਛੱਡ ਲਏ
\- - - - - - - - - - - - -
ਕੂਕੇ ਗੌਣ ਲੱਗਣ ਨਹੀਂ ਦੇਂਦੇ,
ਮੇਲਾ ਮੁਕਸਰ ਦਾ।"

ਨਾਮਧਾਰੀ ਪੰਥ ਦੀਆਂ ਸਦਾਚਾਰਕ ਕਦਰਾਂ ਕੀਮਤਾਂ ਏਨੀਆਂ ਉਚੀਆਂ ਤੇ ਲੋਕ ਹਿੱਤ ਦੇ ਪੈਂਤੜੇ ਤੋਂ ਖਿਚ ਪਾਊ ਸਨ ਕਿ ਆਮ ਲੋਕ ਇਹਨਾਂ ਤੋਂ ਪ੍ਰਭਾਵਿਤ ਹੋਣੋ ਨਾ ਰਹੇ। ਪਿੰਡਾਂ ਵਿਚ ਸ਼ਾਹੂਕਾਰ ਕਿਸਮ ਦੇ ਲੋਕ ਸਿਆਲ ਦੇ ਆਖਰੀ ਮਹੀਨਿਆਂ ਵਿਚ ਗਰੀਬ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਨੂੰ ਇਕ ਮਣ ਦਾਣੇ ਦੇ ਕੇ ਨਵੀਂ ਫਸਲ ਵੇਲੇ ਡੇਢ ਮਣ ਲੈਂਦੇ। ਸ਼ਾਹੂਕਾਰਾ ਬਿਆਜ ਕਾਫੀ ਕਰੜਾ ਸੀ। ਕੁੜੀਆਂ ਜੰਮਦੀਆਂ ਮਾਰ ਦੇਣੀਆਂ ਜਾਂ ਫਿਰ ਕੰਗਾਲੀ ਹਥੋਂ ਪ੍ਰੇਸ਼ਾਨ ਹੋਕੇ ਇਹ ਧੀ ਧਿਆਣੀਆਂ ਅਨਜੋੜ ਵਰਾਂ ਨਾਲ ਪੈਸੇ ਲੈ ਕੇ ਤੋਰ ਦੇਣੀਆਂ। ਇਹਨਾਂ ਕੰਮਾਂ ਦੀ ਸਤਿਗੁਰੂ ਜੀ ਨੇ ਸਖਤ ਸਜ਼ਾ ਦੇਣੀ ਸ਼ੁਰੂ ਕੀਤੀ ਤਾਂ ਜੁ ਏਧਰੋਂ ਹਟਿਆ ਜਾਏ-

"ਪੈਸਾ ਲੜਕੀ ਕਾ ਲਏ, ਡੂਢੀ ਜਿਨਸ ਬਿਆਜ।
ਬੈੜ੍ਹਾ ਖੱਸੀ ਜੋ ਕਰੇ, ਸਜ਼ਾ ਦੇਤ ਮਹਾਰਾਜ।"

-ਗਿਆਨੀ ਕਾਲਾ ਸਿੰਘ

ਅੰਮ੍ਰਿਤਸਰ ਜਿਲੇ ਦੇ ਸੰਧੂ ਜੱਟਾਂ ਦੇ ਪ੍ਰਸਿੱਧ ਪਿੰਡ ਸਰਹਾਲੀ ਵਿਚ ਰਾਜਾ ਸਿੰਘ ਦਾ ਪੁੱਤਰ ਸ਼ਾਮ ਸਿੰਘ ਲੰਬੜਦਾਰ ਵੀ ਚੰਗੇ ਗੁਜਾਰੇ ਵਾਲਾ ਮਾਲ ਗੁਜਾਰ ਸੀ ਜਿਸਦਾ ਸ਼ਾਹੂਕਾਰਾ ਚੱਲਦਾ ਸੀ ਅਤੇ ਆਮ ਲੋਕ ਇਹੋ ਜਹੇ ਲੋਕਾਂ ਪ੍ਰਤੀ ਜੋ ਨਫਰਤ ਉਹਨਾਂ ਦੇ ਮਨਾਂ ਵਿਚ ਹੁੰਦੀ ਹੈ ਉਹਨੂੰ ਪ੍ਰਗਟ ਕਰਨ ਲਈ ਉਸ ਨੂੰ ਸ਼ਾਮ ਸਿੰਘ ਬਿਆਜੜੀਆ ਸੱਦਦੇ ਸਨ। ਉਹ ਏਨਾਂ ਕਠੋਰ ਚਿਤ ਸੀ ਕਿ ਫਸਲ ਦੇ ਸਮੇਂ ਜਦੋਂ ਆਪਣੇ ਕਰਿੰਦਿਆਂ ਸਮੇਤ ਲੋਕਾਂ ਦੇ ਘਰਾਂ ਵਿਚ ਵਸੂਲੀ ਲਈ ਜਾਂਦਾ ਤਾਂ ਗਰੀਬ ਲੋਕ ਉਸ ਤੋਂ ਡਰਦੇ ਕੁਝ ਸਮੇਂ ਦੇ ਖਾਣ ਜੋਗੇ ਦਾਣੇ ਸੱਜੇ ਖੱਬੇ ਲੁਕਾ ਲੈਂਦੇ। ਇਕ ਘਰ ਵਿਚ ਕਿਸੇ ਗਰੀਬ ਮਾਈ ਤੋਂ ਹੋਰ ਤਾਂ ਕੁਝ ਨਾਂ ਸਰਿਆ ਉਸ ਚੱਕੀ ਵਿਚ ਕੁਝ ਦਾਣੇ ਪੀਹਣ ਲਈ ਰੱਖ ਲਏ ਤਾਂ ਜੁ ਇਕ ਡੰਗ ਦਾ ਆਟਾ ਬਚ ਸੱਕੇ। ਪਰ ਸ਼ਾਮ ਸਿੰਘ ਨੇ, ਕਿਹਾ ਜਾਂਦਾ ਹੈ ਕਿ ਘਰ ਦੀ ਤਲਾਸ਼ੀ ਬਾਦ ਜਦੋਂ ਕੋਈ ਦਾਣੇ ਨਾ ਮਿਲੇ ਤਾਂ ਚੱਕੀ ਵੀ ਫਰੋਲੀ ਤੇ ਮਾਈ ਦੇ ਰੋਂਦਿਆਂ ਕੁਰਲਾਂਦਿਆਂ ਚੱਕੀ ਵਾਲੇ ਦਾਣੇ ਵੀ ਕਢਵਾ ਕੇ ਲੈ ਤੁਰਿਆ। ਹੁਣ ਇਹੋ ਸ਼ਾਮ ਸਿੰਘ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਮਨੁੱਖਾ ਜਨਮ ਦੇ ਅਸਲ ਮਨੋਰਥ, ਗੁਆਂਢੀ ਮਨੁੱਖਾਂ ਦੇ ਕੰਮ ਆਉਣ, ਉਹਨਾਂ ਨਾਲ ਆਪਣੀ ਖੱਟੀ ਕਮਾਈ ਵੀ ਲੋੜ ਵੇਲੇ ਸਾਂਝੀ ਕਰਨ ਦੇ ਉਪਦੇਸ਼ਾਂ ਦੇ ਪ੍ਰਭਾਵ ਹੇਠ ਆਇਆ ਤਾਂ ਉਸਨੂੰ ਆਪਣੀਆਂ ਕੀਤੀਆਂ ਤੋਂ ਨਫਰਤ ਹੋ ਗਈ। ਉਹਦੇ ਅੰਦਰ ਨਰੋਈਆਂ ਤਾਕਤਾਂ ਕਰਵਟ ਲੈਣ ਲੱਗੀਆਂ ਤੇ ਉਹ ਸ਼ਾਮ ਸਿੰਘ ਹੁਣ ਇਕ ਨਵਾਂ ਸ਼ਾਮ ਸਿੰਘ ਬਣ ਚੁੱਕਾ ਸੀ। ਪਿੰਡ ਦੀ ਚੋਖੀ ਭੋਇ ਜੱਟਾਂ ਦੀ ਉਹਦੇ ਪਾਸ ਗਹਿਣੇ ਪਈ ਸੀ। ਉਹਨੇ ਹੋਕਾ ਦਿੱਤਾ ਕਿ ਜਿਸ ਜਿਸ ਨੇ ਮੈਨੂੰ ਜੋ ਕੁਝ ਦੇਣਾ ਹੈ ਜੋ ਕੋਈ ਦੇ ਸਕਦਾ ਹੈ ਉਹ ਵੀ ਆ ਜਾਏ, ਨਹੀਂ ਦੇ ਸੱਕਦਾ ਤਾਂ ਉਹ ਵੀ ਆ ਜਾਏ। ਲੋਕ ਹੈਰਾਨ ਹੋਏ। ਉਹਨੇ ਆਪਣੇ ਸੀਰੀ ਹਰੀਏ ਨੂੰ ਵਹੀਆਂ ਦੀ ਪੰਡ ਚੁਕਾਈ ਅਤੇ ਪਿੰਡੋਂ ਬਾਹਰ ਖੂਹ ਵਿਚ ਸੁਟਾ ਦਿੱਤੀ। ਉਹ ਕਹਿੰਦਾ ਹੁੰਦਾ ਸੀ ਕਿ ਮੇਰੀ ਮੁੱਠ ਵਿਚ ਰੁਪਈਆ ਆ ਜਾਵੇ ਫਿਰ ਮੁੱਠ ਤਾਂ ਕੁਤਰੀ ਜਾ ਸਕਦੀ ਹੈ ਪਰ ਮੈਂ ਪੈਸਾ ਨਹੀਂ ਛੱਡਾਂਗਾ। ਅੱਜ ਉਹਨੇ ਆਪ ਹੀ ਸਭ ਦੇ ਖੋਤੇ ਪਾੜ ਦਿੱਤੇ। ਤਕਰੀਬਨ ਅੱਧੀ ਸਦੀ ਫਿਰ ਉਹਨਾਂ ਦੇ ਘਰ ਗੁਰੂ ਨਮਿਤ ਲੋਹ ਲੰਗਰ ਚੱਲਦਾ ਰਿਹਾ। ਉਸਦਾ ਜਨਤਾ ਵਿਚ ਵਧਦਾ ਪ੍ਰਭਾਵ ਵੇਖ ਕੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਕਿਹਾ ਰਾਮ ਸਿੰਘ ਦਾ ਸਾਥ ਛੱਡ ਦੇ ਮੈਂ ਤੈਨੂੰ ਜੈਲਦਾਰ ਬਣਾ ਦਿੰਦਾ ਹਾਂ। ਜੁਆਬ ਦਿੱਤਾ ਕਿ ਰਾਮ ਸਿੰਘ ਤਾਂ ਹੁਣ ਮੇਰੇ ਲੂੰ ਲੂੰ ਵਿਚ ਰਮ ਗਿਆ ਹੈ ਤੂੰ ਭਾਵੇਂ ਸਾਰੀ ਸ੍ਰਿਸ਼ਟੀ ਦੀ ਪਾਤਸ਼ਾਹੀ ਵੀ ਦੇਵੇਂ ਮੈਂ ਉਸ ਵੱਲ ਵੇਖਾਂਗਾ ਵੀ ਨਹੀਂ। ੧੮੮੧ ਈਸਵੀ ਦੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚ ਅੰਗ੍ਰੇਜ਼ ਹਾਕਮਾਂ ਨੇ ਅੰਮ੍ਰਿਤਸਰ ਜ਼ਿਲੇ ਦੇ ਕੂਕਿਆਂ ਵਿਚ ਉਹਦਾ ਨਖ ਸ਼ਿਖ ਵਰਣਨ ਕਰਦਿਆਂ ਜ਼ਿਲੇ ਦੇ ਸੀਰੀਅਲ ਨੰਬਰ ਤਿੰਨ ਤੇ ਲਿਖਿਆ ਹੈ ਕਿ ਉਹ ਕੱਟੜ ਕੂਕਾ ਹੈ ਅਤੇ (ਕੂਕਿਆਂ ਦੁਆਰਾ ਕੀਤੀ ਜਾਣ ਵਾਲੀ) ਕਿਸੇ ਵੀ ਗੜਬੜ ਵਿਚ ਸ਼ਾਮਲ ਹੋਣ ਲਈ ਤਿਆਰ ਰਹਿੰਦਾ ਹੈ।

ਲੰਬੜਦਾਰ ਸ਼ਾਮ ਸਿੰਘ ਦੇ ਕ੍ਰਮਵਾਰ ਪੰਜ ਪੁੱਤਰ ਸਨ, ਜਿਊਣ ਸਿੰਘ, ਕਿਸ਼ਨ ਸਿੰਘ, ਇੰਦਾ ਸਿੰਘ, ਦਯਾ ਸਿੰਘ ਤੇ ਮੀਹਾਂ ਸਿੰਘ। ਕਿਹਾ ਜਾਂਦਾ ਹੈ ਕਿ ਛੋਟਾ ਮੀਹਾਂ ਸਿੰਘ ਜੋ ਕਿ ਅਜ਼ਾਦ ਤਬੀਅਤ ਤੇ ਖੁੱਲ੍ਹੇ ਖੁਲਾਪਰੜੇ ਸੁਭਾਅ ਦਾ ਸੀ ਉਹ ਸਤਿਗੁਰੂ ਰਾਮ ਸਿੰਘ ਜੀ ਦੇ ਸਰਹਾਲੀ ਵਿਖੇ ਆਗਮਨ ਸਮੇਂ ਇਸ ਕਰਕੇ ਘਰੋਂ ਨੱਸ ਗਿਆ ਸੀ ਕਿ ਮੈਂ ਕੂਕਿਆਂ ਦਾ ਭਜਨ ਨਹੀਂ ਪੁੱਛਣਾ। ਉਹ ਪਤਾ ਨਹੀਂ ਕੀ ਕਰਦੇ ਹਨ, ਬੰਦਾ ਫਿਰ ਉਹਨਾਂ ਜੋਗਾ ਹੀ ਹੋ ਜਾਂਦਾ ਹੈ। ਬਾਕੀ ਪਰਵਾਰ ਨੂੰ ਨਾਮ ਦੀ ਦਾਤ ਦੇਣ ਤੋਂ ਬਾਦ ਸਤਿਗੁਰਾਂ ਨੇ ਫਿਰ ਉਚੇਚਾ ਮੀਹਾਂ ਸਿੰਘ ਦਾ ਜ਼ਿਕਰ ਕਰਕੇ ਉਹਨੂੰ ਸੱਦਿਆ ਅਤੇ ਇਸ ਤਰ੍ਹਾਂ ਅਲਕ ਵਹਿੜਕੇ ਨੂੰ ਨੱਥ ਲਿਆ। ਬਾਬਾ ਸ਼ਾਮ ਸਿੰਘ ਤੋਂ ਬਾਦ ਸਰਹਾਲੀ ਪਰਵਾਰ ਦੇ ਜੋ ਪ੍ਰਮੁੱਖ ਕੂਕੇ ਸਾਡੇ ਨਾਮਧਾਰੀ ਇਤਿਹਾਸ ਅਤੇ ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ ਵਿਚ ਜਾਣੇ ਜਾਂਦੇ ਹਨ ਉਹ ਦੋ ਨਾਂ ਸੰਤ ਜੀਉਣ ਸਿੰਘ ਸਰਹਾਲੀ ਅਤੇ ਭਾਈ ਮੀਹਾਂ ਸਿੰਘ ਸਰਹਾਲੀ ਦੇ ਹਨ। ਜਿਹਨਾਂ ਨੇ ਆਪਣੀ ਅਥਾਹ ਗੁਰੂ ਭਗਤੀ ਅਤੇ ਬਦੇਸ਼ੀ ਰਾਜ ਵਿਰੁੱਧ ਤੜਪ ਭਰੀ ਆਤਮਾ ਦੁਆਰਾ ਵਕਤ ਦੇ ਪੰਨਿਆਂ ਤੇ ਆਪਣਾ ਨਾਂ ਅੰਕਿਤ ਕਰਵਾ ਦਿੱਤਾ।

ਬਾਬਾ ਸ਼ਾਮ ਸਿੰਘ ਤੋਂ ਬਾਦ ਸਰਹਾਲੀ ਪਰਵਾਰ ਦੇ ਜੋ ਪ੍ਰਮੁੱਖ ਕੂਕੇ ਸਾਡੇ ਨਾਮਧਾਰੀ ਇਤਿਹਾਸ ਅਤੇ ਭਾਰਤੀ ਸੁਤੰਤਰਤਾ ਸੰਗ੍ਰਾਮ ਦੇ ਇਤਿਹਾਸ ਵਿਚ ਜਾਣੇ ਜਾਂਦੇ ਹਨ ਉਹ ਦੋ ਨਾਂ ਸੰਤ ਜੀਉਣ ਸਿੰਘ ਸਰਹਾਲੀ ਅਤੇ ਭਾਈ ਮੀਹਾਂ ਸਿੰਘ ਸਰਹਾਲੀ ਦੇ ਹਨ। ਜਿਹਨਾਂ ਨੇ ਆਪਣੀ ਅਥਾਹ ਗੁਰੂ ਭਗਤੀ ਅਤੇ ਬਦੇਸ਼ੀ ਰਾਜ ਵਿਰੁੱਧ ਤੜਪ ਭਰੀ ਆਤਮਾ ਦੁਆਰਾ ਵਕਤ ਦੇ ਪੰਨਿਆਂ ਤੇ ਆਪਣਾ ਨਾਂ ਅੰਕਿਤ ਕਰਵਾ ਦਿੱਤਾ।

ਸੰਤ ਜਿਊਣ ਸਿੰਘ ਸਰਹਾਲੀ ਭਗਤੀ ਅਤੇ ਸੂਫੀ ਮੱਤਾਂ

ਦੀਆਂ ਮਹਾਨ ਪ੍ਰੰਪਰਾਵਾਂ ਦੇ ਧਾਰਨੀ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਤੋਂ ਬਾਦ ਉਹ ਆਪ ਦੀ ਮਿਕਨਾਤੀਸੀ ਸ਼ਖਸ਼ੀਅਤ ਤੋਂ ਇਉਂ ਪ੍ਰਭਾਵਿਤ ਹੋਏ ਕਿ ਜੀਵਨ ਪਰਯੰਤ ਕੋਈ ਘੜੀ ਕੋਈ ਪਲ ਉਹਨਾਂ ਦੀ ਯਾਦ ਤੋਂ ਬਗੈਰ ਨਹੀਂ ਗੁਜ਼ਾਰਿਆ। ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਬੁੱਚੜ ਬੱਧਾਂ ਦੇ ਵਾਕਿਆਤ ਤੋਂ ਬਾਦ, ਸਿੰਘਾਂ ਦੁਆਰਾ ਸ਼ਹੀਦੀਆਂ ਪਾਉਣ ਉਪਰੰਤ, ਸਤਿਗੁਰੂ ਜੀ ਨੂੰ ਬਰਮਾ ਦੇਸ ਵਿਚ ਜਲਾਵਤਨ ਕਰਕੇ ਪਹਿਲਾਂ ਰੰਗੂਨ ਦੇ ਪ੍ਰਸਿੱਧ ਬੰਗਲੇ, ਜਿੱਥੇ ਅੰਤਿਮ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨੂੰ ਰੱਖਿਆ ਸੀ ਅਤੇ ਫਿਰ ਪੰਜਾਬ ਵਾਸੀ ਗੁਰੂ ਪਿਆਰਿਆਂ ਨਾਲੋਂ ਸੰਪਰਕ ਤੋੜਨ ਲਈ ਮੁਰਗੋਈ ਟਾਪੂ ਵਿਖੇ ਲੈ ਗਏ ਸਨ। ਅੰਗ੍ਰੇਜ਼ੀ ਸਰਕਾਰ ਉਸ ਸਮੇਂ ਸਤਿਗੁਰੂ ਜੀ ਨੂੰ ਆਪਣੇ ਰਾਜ ਦਾ ਸਭ ਤੋਂ ਕੱਟੜ ਦੁਸ਼ਮਣ ਸਮਝਦੀ ਸੀ ਅਤੇ ਇਹ ਤੌਖਲਾ ਉਹਨਾਂ ਨੂੰ ਸਦਾ ਬਣਿਆ ਰਹਿੰਦਾ ਸੀ ਕਿ ਜੇ ਕਿਤੇ ਲੱਖਾਂ ਨਾਮਧਾਰੀ ਪੰਜਾਬ ਵਾਸੀਆਂ ਨੂੰ ਇਹਨਾਂ ਬਗਾਵਤ ਦਾ ਹੁਕਮ ਦੇ ਦਿੱਤਾ ਤਾਂ ਪੰਜਾਬ ਵਿਚੋਂ ਕੀ ਹਿੰਦੁਸਤਾਨ ਵਿਚੋਂ ਹੀ ਅੰਗ੍ਰੇਜ਼ਾਂ ਦਾ ਸਫਾਇਆ ਹੋ ਜਾਏਗਾ। ਉਹਨਾਂ ਦੀ ਕੋਸ਼ਿਸ਼ ਸੀ ਕਿ ਗੁਰੂ ਜੀ ਦਾ ਕੋਈ ਵੀ ਪੱਤਰ (ਹੁਕਮਨਾਮਾਂ) ਪੰਜਾਬ ਤੱਕ ਨਾ ਪਹੁੰਚੇ ਅਤੇ ਨਾ ਹੀ ਗੁਰੂ ਜੀ ਨੂੰ ਆਪਣੇ ਸਿੱਖਾਂ ਵੱਲੋਂ ਆਉਣ ਵਾਲੇ ਪੱਤਰ (ਅਰਦਾਸਾਂ) ਪ੍ਰਾਪਤ ਹੋਣ। ਪ੍ਰਸਿੱਧ ਕੂਕਾ ਸ਼ਹੀਦ ਗਿਆਨੀ ਸਿੰਘ ਨੇ ੧੮੭੧ ਈ. ਵਿਚ ਲੁਧਿਆਣੇ ਫਾਂਸੀ ਲੱਗਣ ਸਮੇਂ ਕਿਹਾ ਸੀ ਕਿ ਇਹ ਤਾਂ ਮੁੰਡਿਆਂ ਦੀ ਖੇਡ ਹੋਈ ਹੈ ਜਦੋਂ ਸਤਿਗੁਰੂ ਰਾਮ ਸਿੰਘ ਜੀ ਚਾਹੁਣਗੇ ਤਾਂ ਤੁਸੀਂ ਇਕ ਪਲ ਵੀ ਇਸ ਧਰਤੀ ਤੇ ਨਹੀਂ ਕੱਟ ਸਕੋਗੇ। ਇਕ ਹੁਕਮਨਾਮੇ ਵਿਚ ਸਤਿਗੁਰੂ ਜੀ ਇਸ ਸਾਰੀ ਸਖਤੀ ਬਾਰੇ ਇਉਂ ਲਿਖਦੇ ਹਨ:-

"ਜੇਹੜਾ ਬਡਾ ਗੋਰਾ ਹੈ, ਸਾਰੇ ਦੇਸਾਂ ਉਤੇ ਜਿਸਦਾ ਹੁਕਮ ਹੈ, ਉਸਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ- ਜੇ ਕੋਈ ਆਦਮੀ ਏਸਦੇ ਨਾਲ ਬਾਤ ਕਰੇ ਤਾਂ ਓਸ ਨੂੰ ਕੈਦ ਕਰੋ। ਅਰ ਜੋ ਕੁਛ ਬਾਹਰ ਤੇ ਸਿਟੇ ਅੰਦਰ ਕੋ ਜਾਂ ਅੰਦਰੋਂ ਬਾਹਰ ਸਿਟੇ ਤਾਂ ਓਸ ਨੂੰ ਬੀ ਕੈਦ ਕਰੋ। ਅਰ ਕੋਈ ਆਦਮੀ ਨਾ ਏਥੇ ਸੌਂਹੇ ਖੜਾ ਹੋਣ ਦਿਓ। ਸੋ ਏ ਏਮੇਂ ਕਰਦੇ ਹੈਂ।"

ਇਕ ਹੋਰ ਹੁਕਮਨਾਮੇ ਵਿਚ ਸਤਿਗੁਰੂ ਜੀ ਸਿੰਘਾਂ ਨੂੰ ਬਹੁਤ ਘੱਟ ਏਧਰ ਆਉਣ ਦੀ ਤਾਕੀਦ ਕਰਦੇ ਹਨ, ਵਰ੍ਹੇ ਛਿਮਾਹੀਂ ਇਕ ਅੱਧਾ ਸਰੀਰ ਆਵੇ ਤਾਂ ਕਿ ਕਾਫੀ ਖੇਚਲ ਖਰਚ ਤੋਂ ਬਾਦ ਵੀ ਉਹਨਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਅਤੇ ਬਚਨ ਬਲਾਸ ਪੰਜਾਬ ਤੋਂ ਆਏ ਸਿੰਘਾਂ ਨਾਲ ਨਹੀਂ ਸੀ ਹੋ ਸਕਦੇ। ਇਸ ਲਈ ਉਹ ਦਰਸ਼ਨ ਪ੍ਰੇਮੀਆਂ ਦੀ ਸੰਭਾਵਿਤ ਤਕਲੀਫ ਨੂੰ ਵੇਖਕੇ ਇਉਂ ਕਹਿੰਦੇ ਸਨ। ਲਿਖਦੇ ਹਨ:-

"ਹੋਰ ਸਾਨੂੰ ਕਿਸੇ ਦੇ ਮੇਲੇ ਦੀ ਲੋੜ ਨਹੀਂ ਬਿਨਾਂ ਆਪਣੇ ਸਿੰਘਾਂ ਤੇ। ਸਾਰੀ ਬਾਤੁ ਕਾ ਤਾਤਪਰਜ਼ ਏਹੁ ਹੈ ਜੇਕਰ ਏਸ ਦੀ ਅਰਦਾਸ ਜਾਇ ਰਹੀ, ਸਾਰੇ ਪੰਜਾਬ ਮੈਂ ਤਾਂ ਏਸ ਦੇ ਆਦਮੀ ਹੈ ਅਰੁ ਏਸ ਦਾ ਕਹਾ ਮੰਨਦੇ ਹੈਨ, ਤਾਂ ਏਹੁ ਆਪਣੇ ਸਿੰਘਾਂ ਨੂੰ ਆਖ ਕੇ ਸਾਡੇ ਲੋਕਾਂ ਨੂੰ ਕਢਵਾਇ ਦੇਊਗਾ। ਏਸ ਦੀ ਬਡੀ ਤਕੜਾਈ ਰੱਖੋ। ਏਸ ਬਾਤ ਤੇ ਏਨਾਂ ਨੇ ਮੇਰੀ ਬਡੀ ਤਕੜਾਈ ਰਖੀ ਹੋਈ ਹੈ। ਮੇਰੇ ਤਾਂ ਮਨ ਮੈਂ ਕੁਛ ਨਹੀਂ, ਪਰ ਏਨਾਂ ਨੂੰ ਏਨਾਂ ਦੀ ਕਰਨੀ ਦਾ ਭੈ ਮਾਰਦਾ ਹੈ ਰਾਤ ਦਿਨ। ਭਾਈ ਏਸ ਵਾਸਤੇ ਅਸੀਂ ਮਨੇ ਕਰਦੇ ਹਾਂ ਜੋ ਕੋਈ ਨਾਂ ਆਉ ਪਰ ਜੀ ਸੰਗਤ ਤਾਂ ਆਈ ਜਾਂਦੀ ਹੈ। ਹੋਰ ਭਾਈ ਸਾਨੂੰ ਤਾਂ ਤੁਸਾਡੇ ਦਰਸ਼ਨ ਦੀ ਲੋੜ ਤੁਮਾਰੇ ਤੇ ਬਹੁਤ ਹੈ ਕਈ ਹਿਸੇ। ਜਿਸ ਕਰਕੇ ਥੁਆਨੂੰ ਤਾਂ ਹਮਾਰੇ ਜੈਸੇ ਸਿਖਾਂ ਦੇ ਦਰਸਨ ਬਹੁਤ ਹੋਨ, ਸਾਨੂੰ ਤਾਂ ਨਾਮ ਜਪਣ ਵਾਲਿਆਂ ਦਾ ਦਰਸਨ ਬੜਾ ਦੁਰਲਭ ਹੈ।...ਸਾਨੂੰ ਤਾਂ ਬੜੀ ਚਿੰਤਾ ਰਹਿੰਦੀ ਹੈ ਜਿਤਨਾ ਚਿਰ ਸੁਖ ਸਾਂਦ ਨਾਲ ਤੁਰ ਨਹੀਂ ਜਾਂਦੇ ਸਿੰਘ। ਏ ਮਲੇਛ ਬੜੇ ਨਿਰਦਈ ਹੈਂ। ਏਨਾਂ ਨੂੰ ਗੁਰੂ ਈ ਸੰਭਾਲੂਗਾ।"

ਸੰਤ ਸ਼ਾਮ ਸਿੰਘ ਸਰਹਾਲੀ ਪ੍ਰਦੇਸੀ ਪ੍ਰੀਤਮ ਦੀ ਯਾਦ ਵਿਚ ਰਾਤ ਦਿਨ ਨੀਰ ਵਹਾਉਂਦੇ। ਸਿਰ ਤੇ ਖੱਫਣ ਬੰਨ੍ਹ ਕੇ, ਉਹ ਵੀ ਪਿਛਲੀ ਉਮਰੇ, ਰੇਲ ਤੇ ਸਮੁੰਦਰੀ ਜਹਾਜ ਦਾ ਲੰਮਾ ਸਫਰ ਝਾਗ ਕੇ ਸਤਿਗੁਰੂ ਜੀ ਪਾਸ ਪਹੁੰਚੇ ਨਾਲ ਠੱਟੇ ਦੇ ਭਾਈ ਕਾਹਨ ਸਿੰਘ ਜੋ ਸਰਕਾਰੀ ਕਾਗਜ਼ਾਂ ਵਿਚ ਪ੍ਰਸਿਧੀ ਪਾਉਣ ਵਾਲੇ ਕੂਕਿਆਂ ਵਿਚੋਂ ਇਕ ਸਨ। ਸਤਿਗੁਰੂ ਜੀ ਨੇ ਇਹਨਾਂ ਦੀ ਫੇਰੀ ਦੀ ਯਾਦ ਨੂੰ ਸਦੀਵੀ ਬਨਾਉਣ ਲਈ ਇਕ ਹੁਕਮਨਾਮਾ ਦੇਕੇ ਇਹਨਾਂ ਨੂੰ ਨਿਵਾਜਿਆ ਜਿਸ ਵਿਚ ਸਤਿਗੁਰੂ ਜੀ ਆਪਣੇ ਬਾਰੇ ਕਾਫੀ ਵੇਰਵੇ ਦੇਣ ਬਾਦ ਭਾਈ ਸ਼ਾਮ ਸਿੰਘ ਹੋਰਾਂ ਨੂੰ ਲੜਕੀਆਂ ਦੇ ਅਨੰਦ ਕਰਵਾਉਣ ਬਾਰੇ ਮਸ਼ਵਰਾ ਦੇਕੇ ਆਪਣੇ ਸਿੱਖ ਪਰਿਵਾਰ ਦੀਆਂ ਨਿਕੀਆਂ ਵੱਡੀਆਂ ਜ਼ਿੰਮੇਵਾਰੀਆਂ ਪ੍ਰਤੀ ਆਪਣੀ ਪੂਰੀ ਸੁਚੇਤਤਾ ਵਰਤਦੇ ਹਨ। ਗਊਆਂ ਦੀ ਨਸਲ ਦੇ ਤੇਜੀ ਨਾਲ ਹੋ ਰਹੇ ਖਾਤਮੇ ਤੇ ਵੀ ਚਿੰਤਾ ਪ੍ਰਗਟ ਕਰਦੇ ਹਨ। ਹੱਦ ਦਰਜੇ ਦੀ ਆਪਦੀ ਨਿਰਮਾਣਤਾ ਡੁੱਲ੍ਹ ਡੁੱਲ੍ਹ ਕੇ ਪੈਂਦੀ ਹੈ। ਹੋਰਨਾਂ ਹੁਕਮਨਾਮਿਆਂ ਵਾਂਙ ਇਹ ਹੁਕਮਨਾਮਾ ਵੀ ਵਡਮੁੱਲਾ ਇਤਿਹਾਸਕ ਦਸਤਾਵੇਜ ਹੈ। ਇਸਦਾ ਮੂਲ ਪਾਠ ਇਉਂ ਹੈ:-

ੴ ਸਤਿਗੁਰ ਪ੍ਰਸਾਦਿ॥

ਲਿਖਤੁਮ ਦਿਆਲ ਸਿੰਘ*(ਸਤਿਗੁਰੂ ਜੀ ਅਤੇ ੨ ਭਾਈ ਨਾਨੂੰ ਸਿੰਘ ਹਜ਼ੂਰੀ ਸੇਵਕ ਦੇ ਛੱਦਮ ਨਾਉਂ) ਤੇ ਕਿਰਪਾਲ ਸਿੰਘ*, ਉਜਲ ਦੀਦਾਰ, ਨਿਰਮਲ ਬੁਧ, ਸੁਬ ਉਪਮਾ ਜੋਗ ਭਾਈ ਸਿਆਮ ਸਿੰਘ ਜੀ, ਭਾਈ ਕਾਨ੍ਹ ਸਿੰਘ ਜੀ ਤੇ ਹੋਰ ਸੰਬੂਹਿ ਸੰਗਤ ਕੋ ਸ੍ਰੀ ਵਾਹਿਗੁਰੂ ਜੀ ਦੀ ਫਤਹ ਹੱਥ ਜੋੜ ਕੇ ਬੁਲਾਈ ਪ੍ਰਮਾਨ ਕਰਨੀ। ਹੋਰ ਬੀਬੀ ਦਇਆ ਕੌਰ (ਦਇਆ ਕੌਰ, ਬਾਬਾ ਸ਼ਾਮ ਸਿੰਘ ਦੀ ਧਰਮ ਪਤਨੀ ਸੀ) ਬੀਬੀ ਸੁਖੋ ਕੋ, ਹੋਰ ਸੁਬਤ ਬੀਬੀ ਮਾਈ ਕੋ ਰਾਮ ਸਤਿ ਬਾਚਣੀ। ਹੋਰ ਜੀ ਏਥੇ ਸੁਖ ਅਨੰਦ ਹੈ। ਸੁਬਤ ਸੰਗਤ ਦੀ ਸੁਖ ਗੁਰੂ ਪਾਸੋਂ ਹਮੇਸਾਂ ਮੰਗਦਾ ਹਾਂ। ਹੋਰ ਜੀ ਅਸੀਂ ਹਰ ਤ੍ਰਾਂ ਕਰਕੇ ਸੁਖੀ ਹੈਂ। ਕਿਸੇ ਬਾਤ ਦੀ ਕਮੀ ਨਹੀਂ। ਅੰਬੀਰੀ ਤੌਰ ਬਣਾ ਹੈ। ਗੁਰੂ ਸਾਹਿਬ ਦੀ ਮੇਹਰਬਾਨਗੀ ਨਾਲ। ਜਿਸ ਜਗਾ ਮੈਂ ਅਸੀਂ ਰਹਿੰਦੇ ਹਾਂ ਏਥੇ ਅਗੇ ਦਿਲੀ ਬਾਲਾ ਬਾਦਿਸਾਹੁ ਰਹਦਾ ਸੀ। ਓਹੁ ਮਰ ਗਿਆ। ਜਾਗਾ ਉਸੀ ਮੈਂ ਹੁਣਿ ਅਸੀਂ ਰਹਿੰਦੇ ਹਾਂ। ਅਗੇ ਨਾਂ ਸੀ ਵਿਚ ਹੁਣਿ ਖੂਹੀ ਲਾਇ ਦਿਤੀ ਹੈ ਸਾਡੇ ਬਾਸਤੇ। ਛੇ ਸਾਤ ਸੈ ਰੁਪਇਆ ਲਾ ਕੇ। ਹੋਰ ਖਾਣ ਪੈਨਣ ਦੀ ਕਾਈ ਕਮਤੀ ਨਹੀਂ। ਪਰ ਸੰਗਤਿ ਦੇ ਵਿਛੋੜੇ ਦਾ ਵਡਾ ਦੁਖ ਹੈ। ਏਹ ਦੁਖ ਗੁਰੂ ਮੇਟੂਗਾ ਤਾਂ ਮਿਟਿ ਜਾਊ। ਹੋਰ ਸਾਡੀਆਂ ਤਾਂ ਅਰਜਾਂ ਵੇਨਤੀਆਂ ਹੈਨ ਸੁਨਣ ਬਾਲਾ ਗੁਰੂ ਹੈ। ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹੁਕਮੁ ਦੇਣਾ ਭੇਗ ਗ੍ਰਿੰਥ ਸਾਹਿਬਾਂ ਦੇ ਤੇ ਬਾਣੀ ਕੰਠ ਕਰਨ ਸਰਬ ਬੁੱਢੇ ਬਾਲੇ ਮਾਈ ਬੀਬੀ। ਅਰੁ ਪਿਛਾ ਰਾਤ ਸਨਾਨ। ਤੇ ਲੜਕੇ ਲੜਕੀਆਂ ਨੂੰ ਅਖਰ ਪੜਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅੰਨ ਵਸਤ੍

ਸੂਬਾ ਜੁਆਹਰ ਸਿੰਘ, ਸੂਬਾ ਬਰਮਾ ਸਿੰਘ ਤੇ ਸੂਬਾ ਲਖਾ ਸਿੰਘ ਜੀ ਨੂੰ ਮੋਰਮਈ (ਮੌਲਮੀਨ) ਵਿਚ ਨਜ਼ਰਬੰਦ ਰਖਿਆ ਗਿਆ ਸੀ। ਸੂਬਾ ਲਖਾ ਸਿੰਘ ਜੀ ਨੂੰ ਵੀ ਅੰਗ੍ਰੇਜ਼ਾਂ ਨੇ ਆਪਣੇ ਕਾਗਜ਼ਾਂ ਵਿਚ ਬਹੁਤ ਖਤਰਨਾਕ ਕੂਕਾ ਲਿਖਿਆ ਸੀ। ਸ਼ਾਮ ਸਿੰਘ ਸਰਹਾਲੀ ਇਹਨਾਂ ਪ੍ਰਮੁੱਖ ਕੂਕੇ ਆਗੂਆਂ ਦੇ ਸਨੇਹ ਦੇ ਕਿੰਨੇ ਪਾਤਰ ਸਨ ਇਸ ਗੱਲ ਦਾ ਪਤਾ ਹੇਠਲੇ ਪੱਤਰ ਤੋਂ ਲਗਦਾ ਹੈ ਜੋ ਸੂਬਾ ਲਖਾ ਸਿੰਘ ਜੀ ਨੇ ਬਾਬਾ ਸ਼ਾਮ ਸਿੰਘ ਨੂੰ ਲਿਖਿਆ ਸੀ ਤੇ ਜਿਸ ਵਿਚ ਸ਼ਾਮ ਸਿੰਘ ਦੇ ਤਿੰਨ ਪੁੱਤਰਾਂ ਦੇ ਨਾਮ ਲੈ ਕੇ ਉਹਨਾਂ ਨੂੰ ਫਤੇਹ ਬੁਲਾਈ ਸੀ:-

ਦੀ ਲੋੜਮਾਨ ਦੀ, ਚਾਹੇ ਕਿਸੇ ਪੰਥ ਦਾ ਹੋਵੇ, ਚਾਹੇ ਨਿੰਦਕੁ ਬੀ ਹੋਵੇ।। ਹੋਰ ਭਾਈ ਲੜਕੀਆਂ ਦੇ ਆਨੰਦ ਪੜ੍ਹਾ ਦੇਓ, ਕੋਈ ਸਿੰਘ ਬੀ ਹੋਣ, ਰਿਜਕ ਪਾਣੀ ਬੀ ਚੰਗਾ ਹੋਵੇ, ਸਤਸੰਗੀ ਹੋਣਿ। ਕੋਈ ਲੜਕਾ ਜੇ ਹੋਵੇ ਤਾਂ ਸਿੰਘ ਪੁਰੀਆਂ ਦੇ ਦੇਖ ਲੈਣਾ, ਬੜੇ ਅਸੀਲ ਹੈਨ।। ਓਨਾਂ ਦਾ ਬਾਪ ਜੈਲਦਾਰੁ ਹੈ। ਹੋਰ ਕੋਈ ਆਪਣੀ ਮਰਜੀ ਦੇ ਸਿੰਘ ਦੇਖ ਕੇ ਬੀਬੀਆਂ ਦੇ ਬਿਆਹਿ ਕਰਿ ਦੇਓ।। ਹੋਰ ਭਾਈ ਕਾਨ ਸਿੰਘ ਜੀ ਇਕ ਤੁਸਾਂ ਨੂੰ ਕੀ ਸਾਰੀ ਸੰਗਤ ਕੋ ਏਹੋ ਹੁਕਮ ਹੈ।। ਜੋ ਬਾਣੀ ਕੰਠ ਭਜਨ ਸਨਾਨੁ ਬੰਡ ਛਕਣਾ।। ਜਥਾ ਸਕਤ।। ਹੋਰ ਜੀ ਅਗੇ ਏਹੁ ਬਾਤ ਹੈ ਜੋ ਜੇ ਤਾਂ ਗੁਰੂ ਸਾਹਿਬ ਨੇ ਗਊ ਉਤੇ ਰਛਾ ਕੀਤੀ ਤਾਂ ਕੀਤੀ ਨਹੀਂ ਤਾਂ ਸਾਰੀ ਪ੍ਰਿਥਮੀ ਬੜਾ ਦੁਖ ਪਾਵੇਗੀ।। ਕਿਸ ਕਰਕੇ ਗਾਈਂ ਤਾਂ ਵਿਲੇ ਖਾਇ ਲੈਣਗੇ।। ਗਾਈ ਕੇ ਖਾਣੇ ਤੇ ਵੈਲ ਨ ਮਿਲੇਗਾ ਗਰੀਬਾਂ ਨੂੰ।। ਨਾ ਵਰਖਾ ਹੋਊਗੀ। ਏਹੁ ਤਾਂ ਹਿੰਦੂ ਦਾ ਵੱਡਾ ਦੇਸੁ ਹੈ ਏਥੇ ਬੀ ਮੁਕ ਗਈਆਂ ਹੈ।। ਅਰ ਏਥੇ ਸਾਨੂੰ ਗਾਇ ਲੈ ਕੇ ਦਿਤੀ ਥੀ ੧੦੦) ਸੈ ਰੁਪਏ ਨੂੰ, ਦੋ ਸੇਰ ਕੱਚੇ ਦੁਧ ਦਿੰਦੀ ਥੀ।। ਅਰੁ ਏਥੇ ਤਿੰਨ ਤਿੰਨ ਸੈ ਰੁਪਏ ਨੂੰ ਗਊ ਆਉਂਦੀ ਹੈ।। ਏਸ ਦੇਸ ਮੈਂ ਥੁਖਾ ਨਾਲ ਧਾਨ ਹੋਇ ਜਾਂਦੇ ਹੈ। ਹੋਰ ਖੇਤੀ ਹੁੰਦੀ ਨਹੀਂ ਏਸ ਕੂਕੇ ਲੰਘਦੀ ਹੈ। ਮੈਂ ਆਪਣੇ ਸੰਤ ਖਾਲਸੇ ਦੀ ਰਛਿਆ ਕਰੂੰਗਾ।। ਸੋ ਉਹ ਸਮਾਂ ਬੀ ਆਇ ਪਹੁਚਾ ਹੈ ਆਪਣੀ ਅਕਲ ਮੈਂ।। ਤਾਂ ਅਗੈ ਗੁਰੂ ਵੇਅੰਤ ਹੈ। ਤੇਤੀ ਸਾਲ ਤੇ ਸ਼ੁਰੂ ਹੋਣਾ ਲਿਖਾ ਹੈ ਮਹਾਰਾਜ ਨੇ। ਚਾਲੀ ਸਾਲ ਮੁਕ ਜਾਣਾ।। ਅਰ ਬੀਸ ਬਰਸ ਲੜਾਈ ਮਾਕੂਫ ਲਿਖੀ ਥੀ।। ਸੋ ਮਾਕੂਫ ਹੀ ਰਹੀ ਹੈ।। ਹੋਰ ਸਿਆਮ ਸਿੰਘ ਜੀ ਮੈਂ ਏਸ ਬਾਤ ਤੇ ਬੜਾ ਹੈਰਾਨ ਥਾ ਏਹ ਸਿਖ ਸਾਧ ਵੈਰ ਭਾਉ ਰਖਦੇ ਹੈਨ ਸਾਡੇ ਸਾਥ।। ਏਨਾ ਨੂੰ ਬੀ ਗੁਰੂ ਦਾ ਹੁਕਮ ਏਸੇ ਹੈ।। ਹੁਣ ਸਮਝਾ ਹੈ ਅਛੀ ਤਰਾ।। "ਗਿਆਨੀ ਧਿਆਨੀ ਗੁਣੀ ਧਨਾਢ। ਨਾਮ ਜਪਤ ਘਰ ਘਰ ਮੈ ਆਦਿ। ਨਾਮ ਜਪਣ ਵਾਲਿਆਂ ਕੇ ਸਾਥ ਸਾਰੇ ਆਦਾ ਕਰਨਗੇ।। ਧਨਾਢ ਰਾਜਿਆਂ ਨੂੰ ਕਿਹਾ ਹੈ। ਸੋਈ ਦੇਖ ਲਉ ਤੁਸੀਂ ਚੰਗੇ ਚੰਗੇ ਸਿਖਾਂ ਸਾਧਾਂ ਨੇ ਵੈਰ ਭਾਉ ਕੀਤਾ।। ਏ ਲੋਕ ਮੈਨੂੰ ਹੀ ਆਪੇ ਹੈ ਕੁਛ ਏਨੇ ਕਰਿ ਲਿਆ ਹੈ।। ਗੁਰੂ ਬਲਿ ਨਿਗਾਹਿ ਨਹੀਂ ਏਨਾ ਲੋਕਾਂ ਦੀ।। ਗੁਰੂ ਜੀ ਦਾ ਹੁਕਮ ਏਸੇ ਈ ਥਾ ਸਭ ਨੇ ਆਦਾ ਕੀਤਾ ਏਸ ਪੰਥ ਨਾਲ।। ਏਹੁ ਜਿਤਨੀ ਕਾਰ ਹੈ ਜੋ ਸਾਹਿਬ ਦਸਮੇਂ ਪਾਤਸਾਹਿਬ ਕੀ ਹੈ।। ਤੁਸੀਂ ਸਤ ਕਰ ਮੰਨਣਾ।। ਹੋਰ ਨਾ ਏਹੁ ਕਮ ਮੇਰੇ ਕਰਨ ਦਾ ਥਾ, ਨਾ ਏਹੁ ਹੋਰੁ ਮਾਨੁਖ ਤੇ ਹੋ ਸਕਤਾ ਥੀ।। ਤੁਸੀ ਵੇਚਾਰ ਕੇ ਦੇਖੋ।। ਅਗੈ ਸਿਖ ਸਾਧ ਤਾਂ ਹੋਏ ਹੈਨ ਨਹੰਗ ਏਹੁ ਕੰਮ ਨਹੀਂ ਕਿਸੇ ਨੇ ਤੋਰ ਲਿਆ।। ਏਨਾ ਲੋਕਾਂ ਨੇ ਏਹੁ ਗੁਰੂ ਦੀ ਕਾਰ ਨਹੀਂ ਜਾਣੀ।। ਤੁਸੀਂ ਦੇਖ ਲੇਓ ਐਤਨੇ ਭੇਗ ਕਦੇ ਪਏ ਹੈਨ।। ਅਗੇ ਦੀ ਕੀ ਬਾਤ ਹੈ ਹੁਣ ਹੀ ਦੇਖੁ ਲੇਓ।। ਹੋਰ ਲੋਕ ਕਿਤਨੇ ਕੋ ਭੇਗ ਪਾਇਦੇ ਹੈਨ।। ਇਕੁ ਬਚਨੁ ਹੋਰੁ ਕਹਾ ਹੈ, ਗੁਰੂ ਜੀ ਨੇ।। "ਅਠ ਦਸ ਸਤਿ ਥੀ ਤੇ ਜਬ ਸਿਖ" ਏਹੁ ਬੀ ਏਨਾ ਨੂੰ ਕਹਾ ਹੈ।। ਅਗੇ ਭਾਈ ਗੁਰੂ ਜਾਣੇ।। ਭਾਈ ਦੇਹਾਂ ਦਾ ਮੇਲਾ ਤਾਂ ਅਨਿਤਿ ਹੈ।। ਜੋ ਸਬਦ ਨਾਲ ਮਿਲੇਗਾ ਓਹੁ ਸਦਾ ਹੀ ਮਿਲਾ ਹੋਆ ਈ ਹੈ। ਦੇਖੋ ਕ੍ਰਤਾਰ ਦੇ ਰੰਗ ਤਮਾਸੇ ਕ੍ਰਤਾਰਿ ਕੀ ਕਰਦਾ ਹੈ।। ਖਾਲਸਾ ਅਨੰਤ ਹੈ। ਨਾਮ ਠਾਮ ਲਿਖੇ ਨਹੀਂ ਜਾਂਦੇ। ਲਗ ਅਛਰਿ ਆਪ ਸੋਧ ਪੜਨਾ।। ਖਾਲਸਾ ਜੀ ਮੇਰੀ ਤਾ ਮਤਿ ਅਲਪ ਈ ਹੈ।। ਹੋ ਤਾ ਮੂਰਖ ਮੁਗਧ ਹਾਂ।। ਪਰ ਸਰਨ ਗੁਰੂ ਸਾਹਿਬ ਦੀ ਲਈ ਹੈ।। ਅਗੇ ਜੋ ਗੁਰੂ ਨੂੰ ਭਾਵੈ।। ਗੁਰੂ ਭਾਣੇ ਦਾ ਮਾਲਕ ਹੈ।। ਅਸੰਖ ਖਤੇ ਬਖਸ਼ਣ ਜੋਗ ਹੈ ਪਤਤ ਪਾਮਨ ਹੈ।। ਏਹ ਹਰਿਦਾਸ ਮਾਝੇ ਲਿਖੀ ਸਾਰੀ ਸੰਗਤ ਦੇ ਬਾਸਤੇ। ਸ੍ਰੀ ਵਾਹਿਗੁਰੂ ਜੀ ਸਹਾਇ ਹੋਇ ਸੂਬਤ ਸੰਗਤ ਕੇ। ਹਰਿਦਾਸ ਦੇਣੀ ਸਿਆਮ ਸਿੰਘ ਨੂੰ।" (ਇਹੁ ਹੁਕਮਨਾਮਾ ਬਾਬਾ ਸ਼ਾਮ ਸਿੰਘ ਦੇ ਪਰਿਵਾਰਿਕ ਸੂਤਰਾਂ ਤੋਂ ਲਿਆ ਗਿਆ ਹੈ।)

ਇਸ ਹੁਕਮਨਾਮੇ ਦੇ ਪਾਠ ਤੋਂ ਪਤਾ ਲਗਦਾ ਹੈ ਕਿ ਸ੍ਰੀ ਹਜ਼ੂਰ ਸ਼ਾਮ ਸਿੰਘ ਨੂੰ ਸਾਰੇ ਮਾਝੇ ਦੇ ਸਿਖਾਂ ਦਾ ਪ੍ਰਤੀਨਿਧ ਮੰਨ ਕੇ ਉਸ ਨਾਲ ਵਿਹਾਰਕ, ਸੰਸਾਰਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਗੱਲਾਂ ਤੋਂ ਲੈ ਕੇ ਆਤਮਕ ਮੰਡਲ ਤੱਕ ਦੇ ਅਨੁਭਵ ਉਹ ਸਾਂਝੇ ਕਰ ਰਹੇ ਹਨ।

ਸੂਬਾ ਜੁਆਹਰ ਸਿੰਘ, ਸੂਬਾ ਬਰਮਾ ਸਿੰਘ ਤੇ ਸੂਬਾ ਲਖਾ ਸਿੰਘ ਜੀ ਨੂੰ ਮੋਰਮਈ (ਮੌਲਮੀਨ) ਵਿਚ ਨਜ਼ਰਬੰਦ ਰਖਿਆ ਗਿਆ ਸੀ। ਸੂਬਾ ਲਖਾ ਸਿੰਘ ਜੀ ਨੂੰ ਵੀ ਅੰਗ੍ਰੇਜ਼ਾਂ ਨੇ ਆਪਣੇ ਕਾਗਜ਼ਾਂ ਵਿਚ ਬਹੁਤ ਖਤਰਨਾਕ ਕੂਕਾ ਲਿਖਿਆ ਸੀ। ਸ਼ਾਮ ਸਿੰਘ ਸਰਹਾਲੀ ਇਹਨਾਂ ਪ੍ਰਮੁੱਖ ਕੂਕੇ ਆਗੂਆਂ ਦੇ ਸਨੇਹ ਦੇ ਕਿੰਨੇ ਪਾਤਰ ਸਨ ਇਸ ਗੱਲ ਦਾ ਪਤਾ ਹੇਠਲੇ ਪੱਤਰ ਤੋਂ ਲਗਦਾ ਹੈ ਜੋ ਸੂਬਾ ਲਖਾ ਸਿੰਘ ਜੀ ਨੇ ਬਾਬਾ ਸ਼ਾਮ ਸਿੰਘ ਨੂੰ ਲਿਖਿਆ ਸੀ ਤੇ ਜਿਸ ਵਿਚ ਸ਼ਾਮ ਸਿੰਘ ਦੇ ਤਿੰਨ ਪੁੱਤਰਾਂ ਦੇ ਨਾਮ ਲੈ ਕੇ ਉਹਨਾਂ ਨੂੰ ਫਤੇਹ ਬੁਲਾਈ ਸੀ:-

ੴ ਸਤਿਗੁਰ ਪ੍ਰਸਾਦਿ।।

ਲਿਖਤੁਮ ਲਖਾ ਸਿੰਘ ਉਜਲ ਦੀਦਾਰ, ਨਿਰਮਲ ਬੁਧ, ਸ੍ਰੀ, ਸਰਬ ਉਪਮਾ ਜੋਗ, ਸ਼ਿਆਮ ਸਿੰਘ ਜੀ, ਸ੍ਰੀ ਵਾਹਿਗੁਰੂ ਜੀ ਕੀ ਫਤੇਹ ਬੁਲਾਈ ਪ੍ਰਵਾਨ ਕਰਨੀ ਜੀ।। ਹੋਰ ਸਿਆਮ ਸਿੰਘ ਜੀ ਅਸੀਂ ਰਾਜੀ ਅਨੰਦ ਹਾਂ। ਆਪ ਕੀ ਸੁਖ ਅਨੰਦ ਗੁਰੂ ਸਾਹਿਬ ਪਾਸੋਂ ਮੰਗਦੇ ਹਾਂ। ਬਾਬਾ ਜੀ ਰਾਜ਼ੀ ਅਨੰਦ ਹਨ ਰੰਗੂਨ ਹਨ।। ਅਸੀਂ ਮੋਰਮਈ ਹਾਂ ਤਿੰਨੇ ਬਾਬੇ ਜੁਆਹਰ ਸਿੰਘ ਤੇ ਬਰਮਾ ਸਿੰਘ।। ਭਾਈ ਜਿਊਣ ਸਿੰਘ ਨੂੰ, ਭਾਈ ਕਿਸ਼ਨ ਸਿੰਘ ਨੂੰ , ਤੇ ਭਾਈ

ਮੀਹਾਂ ਸਿੰਘ ਨੂੰ ਹੋਰ ਸਰਬਤ ਖਾਲਸੇ ਜੀ ਨੂੰ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਵਾਨ ਕਰਨੀ ਜੀ। ਮਾਈ ਬੀਬੀਆਂ ਨੂੰ ਰਾਮ ਸਤਿ ਕਹਿਣਾ।। ਹੋਰ ਭਾਈ ਜੀ ਮਾਝੇ ਸੰਗਤ ਨੂੰ ਸਾਰੀ ਨੂੰ ਫਤੇ ਬੁਲੈਣੀ ਜੀ। ਅਰਦਾਸ ਭੇਜੀ ਚੂਹੜ ਸਿੰਘ ਪਾਸ। ਤੁਸਾਂ ਆਪਣੀ ਸੁਖ ਅਨੰਦ ਦੀ ਅਰਦਾਸ ਭੇਜਣੀ ਜੀ।। (ਸ਼ਾਮ ਸਿੰਘ ਸਰਹਾਲੀ ਦੇ ਪਰਿਵਾਰਿਕ ਸੂਤਰਾਂ ਪਾਸ ਇਹ ਪੱਤਰ ਸੁਰਖਿਅਤ ਹੈ।)

ਜਿਸ ਤਰ੍ਹਾਂ ਦੁਆਬੇ ਵਿਚ ਦੁਰਗਾਪੁਰ, ਮਾਲਵੇ ਵਿਚ ਖੋਟੇ ਸ੍ਰੀ ਭੈਣੀ ਸਾਹਿਬ ਤੋਂ ਬਾਦ ਕੂਕਿਆਂ ਦੇ ਪ੍ਰਮੁੱਖ ਕੇਂਦਰ ਬਣ ਗਏ ਸਨ ਇਸ ਤਰ੍ਹਾਂ ਮਾਝੇ ਵਿਚ ਸਰਹਾਲੀ ਪਿੰਡ ਦਾ ਸਥਾਨ ਸੀ ਜਿੱਥੇ ਰੋਜ਼ ਕਿਸੇ ਨਾਂ ਕਿਸੇ ਪਾਸਿਉਂ ਆਏ ਗਏ ਨਾਮਧਾਰੀ ਸਿੰਘ ਆਪਣੇ ਕਮਰਕੱਸੇ ਖੋਹਲਦੇ। ਸਤਿਗੁਰੂ ਜੀ ਦੇ ਰੰਗੂਨ ਮੋਰਮਈ ਜਾ ਕੇ ਦਰਸ਼ਨ ਕਰਨ ਦਾ ਸ਼ਰਫ ਇਸ ਇੱਕੋ ਪ੍ਰੀਵਾਰ ਦੇ ਜਿਹਨਾਂ ਚਾਰ ਸੁਭਾਗੇ ਸੱਜਣਾਂ ਨੂੰ ਪ੍ਰਾਪਤ ਹੋਇਆ ਸੀ ਉਹ ਸਨ, ਬਾਬਾ ਸ਼ਾਮ ਸਿੰਘ, ਸੰਤ ਜਿਉਣ ਸਿੰਘ, ਸੰਤ ਕਿਸ਼ਨ ਸਿੰਘ ਅਤੇ ਭਾਈ ਮੀਹਾਂ ਸਿੰਘ। ਸੰਤ ਜਿਉਣ ਸਿੰਘ ਸਰਹਾਲੀ ਦੇ ਮਸਤੀ ਭਰੇ ਬਚਨ ਸੁਣਨ ਲਈ ਸੰਗਤਾਂ ਸਦਾ ਤਤਪਰ ਰਹਿੰਦੀਆਂ। ਸੰਤ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਨਾਲ ਇਹਨਾ ਦੀ ਕੁੜਮਾਚਾਰੀ ਵੀ ਸੀ ਤੇ ਉਦੋਂ ਦੀ ਸੰਤ ਮੰਡਲੀ ਦੇ ਦੋਵੇਂ ਉਘੇ ਰੁਕਨ ਸਨ। ਸੰਤ ਜਿਉਣ ਸਿੰਘ ਬਾਰੇ ਪ੍ਰਸਿਧ ਹੈ ਕਿ ਇਹ ਜਦੋਂ ਕਦੇ ਵੈਰਾਗ ਵਿਚ ਭਰ ਕੇ ਹਾਇ ਰਾਮਿਆਂ(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਬ੍ਰਿਹੋਂ ਕੁੱਠਿਆ ਦਾ ਪਿਆਰਾ ਨਾਉਂ) ਕਹਿ ਕੇ ਪੁਕਾਰਦੇ ਤਾਂ ਦਰਸ਼ਨ ਹੋ ਜਾਂਦੇ। ਜਿਉਣ ਸਿੰਘ ਹੋਰਾਂ ਅੰਮ੍ਰਿਤਸਰ ਦੀ ਨਹਿਰ ਤੇ ਦਰਸ਼ਨ ਕਰਨ ਬਾਦ ਪੁਛਿਆ ਫੇਰ ਕਦੋਂ ਤਾਂ ਉਹਨਾਂ ਕਿਹਾ ਕਿ ਸੁਧਾਸਰ ਦੀਆਂ ਪ੍ਰਕਰਮਾਂ ਵਿਚ ਏਸੇ ਰੂਪ ਵਿਚ ਹੀ ਫੇਰ ਮਿਲਾਂਗੇ।

ਸਾਖੀ ਇਸ ਤਰ੍ਹਾਂ ਹੈ ਕਿ ਜਦੋਂ ਸੰਤ ਜਿਉਣ ਸਿੰਘ ਕੁਝ ਸਮੇਂ ਬਾਦ ਹਰਿਮੰਦਰ ਸਰੋਵਰ ਦੀਆਂ ਪ੍ਰਕਰਮਾਂ ਵਿਚ ਗਏ ਤਾਂ ਇਕ ਪਹੁੰਚਾ ਕਛਿਹਰੇ ਦਾ ਲੱਤ ਵਿਚ ਤੇ ਇਕ ਹੱਥ ਵਿਚ ਫੜੀ ਰਿਖੀ ਸਿੰਘ ਮਦਾਰ (ਭਾਈ ਘਸੀਟਾ ਸਿੰਘ ਦਾ ਦਾਦਾ) ਨੇ ਉਚੀ ਆਵਾਜ਼ ਵਿਚ ਬੋਲਾ ਕੀਤਾ ਕਿ ਆਓ ਜਿਹਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨੇ ਹਨ ਕਰ ਲਵੇ। ਇਹ ਪ੍ਰਸੰਗ ਨਾਮਧਾਰੀ ਕਵੀਆਂ ਦੀਆਂ ਕਵਿਤਾਵਾਂ ਦੇ ਵਿਸ਼ੇ ਬਣੇ ਰਹੇ ਹਨ:-

"ਆਹ ਜਿਉਣ ਸਿੰਘ ਵਾਲੀ ਸੁਣੀ ਪ੍ਰਦੇਸ ਰਾਮ,
ਓਸੇ ਵੇਲੇ ਪੁੱਜਾ ਇਕ ਪਲ ਨਾਂ ਸਹਾਰਦਾ।
ਦੀਨਾ ਨਾਥ ਫੇਰ ਕਦੋਂ ਹੋਣਗੇ ਦੀਦਾਰ ਸਾਨੂੰ,
ਸੁਧਾ ਸਰ ਕੰਢੇ ਜਾ ਦਰਸ ਦੇ ਕੇ ਤਾਰਦਾ।
ਇਕ ਪਹੁੰਚਾ ਹੱਥ ਇਕ ਲੱਤ 'ਮ੍ਰਿਗੇਸ਼' ਕਵਿ
ਕੀਤਾ ਸੀ ਦੀਦਾਰ ਉਸ ਚੀਨੀ ਅਸਵਾਰ ਦਾ।"

-ਭਾਈ ਨਿਰੰਜਨ ਸਿੰਘ 'ਮ੍ਰਿਗੇਸ਼'

"ਕੇਸਰ ਕਿਲੀ" ਨੇ ਤੈਨੂੰ ਭਰਮਾ ਲਿਆ ਏ,
ਜਾਂ ਫਿਰ 'ਚੁੱਪ' ਨੇ ਚੁੱਪ ਕਰਾ ਲਿਆ ਏ।
ਚੀਨੀ ਵਾਲੇ ਦੇ ਵਾਂਙਰਾਂ ਜਿਉਣ ਸਿੰਘ ਨੇ,
ਤੈਨੂੰ ਨਹਾਉਂਦੇ ਦੇ ਤਾਈਂ ਬੁਲਾ ਲਿਆ ਏ।

-ਮਾ. ਅਜੀਤ ਸਿੰਘ ਚੀਮਾ

ਓਦੋਂ ਜਦੋਂ ਬਰਤਾਨਵੀ ਹਾਕਮ ਕੂਕਿਆਂ ਦੀ ਜਿੰਦ ਜਾਨ ਸਤਿਗੁਰੂ ਜੀ ਨੂੰ ਜਲਾਵਤਨ ਕਰਕੇ, ਸਿੰਘਾਂ ਨੂੰ ਫਾਸੀਆਂ ਤੇ ਲਟਕਾ ਕੇ ਅਤੇ ਤੋਪਾਂ ਅੱਗੇ ਉਡਾਕੇ, ਕਈਆਂ ਨੂੰ ਬੰਦੀਖਾਨਿਆਂ ਵਿਚ ਸੁੱਟਕੇ, ਉਹਨਾਂ ਦੀਆਂ ਜਾਇਦਾਦਾਂ ਜ਼ਬਤ ਕਰਕੇ, ਘਰ ਘਾਟ ਢਾਹ ਕੇ, ਸਮੁੱਚੇ ਨਾਮਧਾਰੀ ਪੰਥ ਨੂੰ ਜਰਾਇਮ ਪੇਸ਼ਾ ਵਿਅਕਤੀਆਂ ਜਿਉਂ ਥਾਣੇ ਚੌਕੀਆਂ 'ਚ, ਲੰਬੜਦਾਰਾਂ ਪਾਸ ਔਠੀਂ ਪਹਿਰੀਂ ਹਾਜਰੀ ਦੀਆਂ ਮੁਸ਼ੱਕਤਾਂ ਵਿਚੋਂ ਲੰਘ ਕੇ, ਕੂਕਾ ਅੰਦੋਲਨ ਦੀ ਰੀੜ ਤੋੜਨ ਦੀ ਕੋਸ਼ਿਸ਼ ਵਿਚ ਸਨ ਤੇ ਚਾਹੁੰਦੇ ਸਨ ਕਿ ਪੰਜਾਬ ਵਿਚ ਇਹਨਾਂ ਸਖਤੀਆਂ ਤੋਂ ਡਰਦਾ ਕੋਈ ਗੁਰੂ ਰਾਮ ਸਿੰਘ ਜੀ ਦਾ ਨਾਮਲੇਵਾ ਨਾਂ ਬਚੇ, ਓਦੋਂ ਸੰਤ ਜਿਉਣ ਸਿੰਘ ਹੋਰਾਂ ਦਾ ਅੱਠੇ ਪਹਿਰ ਪਿੰਡਾਂ ਸ਼ਹਿਰਾਂ ਦੀਆਂ ਭਰਪੂਰ ਆਬਾਦੀਆਂ ਵਿਚ, ਸਤਿਗੁਰੂ ਰਾਮ ਸਿੰਘ ਜੀ ਨੂੰ ਆਵਾਜ਼ਾਂ ਮਾਰਨੀਆਂ ਜਾਂ ਰਿਖੀ ਸਿੰਘ ਮਦਾਰ ਹੋਰਾਂ ਦੇ ਅੰਗ੍ਰੇਜ਼ ਭਗਤ ਤਖਤਾਂ ਦੇ ਮਾਲਕਾਂ (ਜਿਹਨਾਂ ਕੁਝ ਚਿਰ ਪਹਿਲਾਂ ਸਤਿਗੁਰੂ ਜੀ ਨੂੰ ਫਰੰਗੀ ਦੇ ਆਖੇ ਸਿੱਖ ਭਾਈਚਾਰੇ ਤੋਂ ਬਾਹਰ ਦਾ ਵਿਅਕਤੀ ਪਰਚਾਰਨ ਦੀ ਸਾਜਿਸ਼ ਰਚੀ ਸੀ) ਦੇ ਸਾਹਵੇਂ ਉਚੀ ਆਵਾਜ਼ ਵਿਚ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਲੈ ਲੈ ਕੇ ਬੋਲੇ ਕੱਢਣੇ, ਨਿਰੀਆਂ ਮਸਤਾਨੀ ਬਿਰਤੀ ਦੀਆਂ ਕਾਰਵਾਈਆਂ ਕਹਿਕੇ ਇਤਿਹਾਸ ਦੇ ਪਾਠਕਾਂ ਦੇ ਅੱਖੋਂ ਪ੍ਰੋਖੇ ਕਰਨ ਵਾਲੀਆਂ ਘਟਨਾਵਾਂ ਨਹੀਂ ਸਨ ਸਗੋਂ ਲਹਿਰ ਨੂੰ ਜਿਉਂਦੀ ਤੇ ਚੜ੍ਹਦੀ ਕਲਾ ਵਿਚ ਰੱਖਣ ਦੇ ਸੁਚੇਤ ਰਾਜਨੀਤਕ ਉਪਰਾਲੇ ਸਨ।

ਤਖਤਾਂ ਦੇ ਪੁਜਾਰੀਆਂ ਦਾ ਨਾਮਧਾਰੀ ਵਿਰੋਧ ਆਪਣੀ ਚਰਮ ਸੀਮਾ ਤੇ ਸੀ। ਉਹ ਰਾਜ ਭਗਤੀ ਦੇ ਸੋਹਲੇ ਗਾਉਂਦੇ, ਪੜ੍ਹਦੇ ਸਨ-

"ਜੁੱਗ ਜੁੱਗ ਰਾਜ ਸਵਾਇਆ, ਟੋਪੀ ਵਾਲੇ ਦਾ।"

ਇਕ ਹੁਕਮਨਾਮੇ ਵਿਚ ਪੁਜਾਰੀਆਂ (ਅੰਮ੍ਰਿਤਸਰ ਦਿਆਂ) ਨੂੰ ਸਤਿਗੁਰੂ ਜੀ ਨੇ ਮੁਖਾਤਿਬ ਹੋਣ ਵਾਸਤੇ ਵੀ ਸ਼ਾਮ ਸਿੰਘ ਸਰਹਾਲੀ ਨੂੰ ਚੁਣਿਆ ਹੈ:-

"ਇਹ ਅਰਦਾਸ ਪਹੁੰਚੇ ਸਰਿਆਲੀ ਸ਼ਾਮ ਸਿੰਘ ਪਾਸ.....ਹੋਰ ਭਾਈ ਸਿਆਮ ਸਿੰਘ ਜੀ, ਪੁਜਾਰੀਆਂ ਨੂੰ ਤਾਂ ਭੌਂਕਦਿਆਂ ਨੂੰ ੧੯ ਬ੍ਰਸ ਹੋਇ ਗਏ, ਏ ਹੁਣ ਕੀ ਮੂੰਹ ਲੈ ਕੇ ਮਿਲਣ। ਇਹ ਤਾਂ ਗੁਰੂ ਦੋਖੀ ਹੋਇ ਗਏ, ਇਹਨਾਂ ਦਾ ਬੇਰ ਗੁਰੂ ਸਾਥ ਪੈ ਗਿਆ, ਜਿਸ ਗੁਰੂ ਨੇ ਖਾਲਸਾ ਰਚਾ ਹੈ।। ਏਨਾ ਦਾ ਕੋਈ ਠਕਾਣਾ ਨਹੀਂ ਕਿਸੇ ਵੇਲੇ ਦੇ ਇਹ ਤਾਂ ਸਰਾਫੇ ਹੋਏ ਹੈਨ ਗੁਰੂ ਜੀ ਦੇ।। ਮੈਨੂੰ ਤਾਂ ਨਾਂ ਗੁਰੂ ਬਣਨ ਦੀ ਲੋੜ ਹੈ, ਨਾਂ ਥਰਮਾਂ ਬਨਣ ਦੀ ਲੋੜ ਹੈ, ਮੈਨੂੰ ਤਾਂ ਗੁਰੂ ਸਿਖੀ ਦੀ ਲੋੜ ਹੈ, ਏਹ ਤਾਂ ਐਵੇਂ ਭੌਂਕਦੇ ਹੈਂ ਬਰਲ ਗਏ ਏ ਤਾਂ।। ਇਕ ਬਾਤ ਏਨਾਂ ਨੂੰ ਕਦੇ ਆਖ ਦੇਣੀ, ਅਕਾਲ ਬੁੰਗੇ। ਜੇ ਤਾਂ ਇਹ ਰਚਨਾ (ਨਾਮਧਾਰੀ ਪੰਥ) ਗੁਰੂ ਸਾਹਿਬ ਦੀ ਹੈ ਤਾਂ ਤੇ ਤੁਸੀ ਮਿਲੋ ਹਥ ਜੋੜ ਕੇ ਤਨਖਾਹਿ ਬਖਸਾਉ, ਨਹੀਂ ਤਾਂ ਇਸ ਰਚਨਾ ਕੋ ਹਟਾਓ ਕਿਸੇ ਤ੍ਰਾਂ ਸੇ।। ਦੋ ਬਾਤਾਂ ਮੈਂ ਤੇ ਜੇ ਕੋਈ ਨਾ ਕੀਤੀ ਤਾਂ ਤੁਮਾਰੇ ਐਸੀ ਪੇਸ਼ ਆਵੇਗੀ ਤੁਸੀਂ ਦੇਖ ਲੈਣੀ।। ਜੇ ਕਹਿਣ ਕਦ ਪੇਸ਼ ਆਊ ਤਾਂ ਕਹਿਣਾ ਹੁਣ ਕੋਹਿ ਤਾਂ ਮੁਕ ਗਏ ਹੈਨ ਕਦਮ ਰਹਿ ਗਏ ਹੈ।।

ਘੱਟੋ ਘੱਟ ੧੨ ਹੁਕਮਨਾਮਿਆਂ ਵਿਚ (ਸ੍ਰੀ ਸਤਿਗੁਰੂ ਜੀ ਦੇ ਕੁੱਲ ਹੁਕਮਨਾਮੇ ੬੫-੭੦ ਦੇ ਕਰੀਬ ਹਨ) ਸਰਹਾਲੀ ਪ੍ਰੀਵਾਰ ਦੇ ਇਕ ਜਾਂ ਦੂਜੇ ਵਿਅਕਤੀਆਂ ਨੂੰ ਸੰਬੋਧਨ ਕੀਤਾ ਗਿਆ ਹੈ ਜਿਸ ਤੋਂ ਇਸ ਪ੍ਰੀਵਾਰ ਦਾ ਸ੍ਰੀ ਸਤਿਗੁਰੂ ਜੀ ਪ੍ਰਤੀ ਅਥਾਹ ਸਿਦਕ ਭਰੋਸਾ ਡੁੱਲ੍ਹ ਡੁੱਲ੍ਹ ਕੇ ਪ੍ਰਗਟ ਹੁੰਦਾ ਹੈ ਤੇ ਕੂਕਿਆਂ ਦੇ

ਕੌਮੀ ਜੀਵਨ ਵਿਚ ਉਹਨਾਂ ਦਾ ਕੀ ਸਥਾਨ ਸੀ ਇਸ ਦਾ ਵੀ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ। ਇਕ ਹੁਕਮਨਾਮਾ ਜੋ ਮਰਹਾਣੇ ਦੇ ਭਾਈ ਸੁਬੇਗ ਸਿੰਘ ਅਤੇ ਸੰਤ ਜਿਊਣ ਸਿੰਘ ਸਰਹਾਲੀ ਨੂੰ ਸਾਂਝਾ ਲਿਖਿਆ ਹੈ ਵਿਚ ਸਤਿਗੁਰੂ ਜੀ ਉਹਨਾਂ ਦੇ ਸਿਖੀ ਸਿਦਕ ਦੀ ਮੁਕਤ ਕੰਠ ਨਾਲ ਇਉਂ ਪ੍ਰਸੰਸਾ ਕਰਦੇ ਹਨ:-

"ਭਾਈ ਸੁਬੇਗ ਸਿੰਘ ਤੇ ਜੀਵਣ ਸਿੰਘ ਜੀ, ਤੁਸਾਂ ਦਾ ਧੰਨ ਜਨਮੁ ਹੈ ਜੋ ਤੁਸੀਂ ਸਾਨੂੰ ਐਤਕੀ ਦੂਰਿ ਸਮੁੰਦਰੋਂ ਪਾਰ ਚਲਕੇ ਦ੍ਰਸ਼ਨ ਦਿਤੇ, ਨਾਲੇ ਪਦਾਰਥ ਦੀਆ ਏਹੁ ਕੰਮ ਹਰਿ ਕਿਸੇ ਤੇ ਨਹੀਂ ਹੋਇ ਸਕਦੇ। ਗੁਰੂ ਦੀ ਕਿਰਪਾ ਨਾਲ ਧਰਮ ਡੰਡ ਕੋਈ ਹੀ ਸਹਿ ਸਕਦਾ ਹੈ। ਅਰ ਹੋਰੁ ਤਾਂ ਡੰਡ ਪਿਰਥੀ ਬਹੁਤ ਭਰਦੀ ਫਿਰਦੀ ਹੈ।। ਐਥੇ ਆਕੇ ਬੀ ਕੋਈ ਸਿੰਘ ਦੋ ਦੋ ਬਰਸ ਰਹਕੇ ਖਾਲੀ ਚਲੇ ਗਏ ਹੈਨ। ਨਾਲੇ ਬੀਮਾਰ ਹੋ ਕੇ ਗਏ ਹੈਨ।। ਤੁਸੀਂ ਤਾਂ ਭਾਈ ਸਿਖਾਂ ਵਾਲੀ ਕੀਤੀ ਮੇਰੇ ਵਿਚਿ ਤਾਂ ਗੁਰੂ ਦਾ ਲਛਣ ਬਾਲ ਜਿਤਨਾ ਬੀ ਨਾ ਹੀ ਹੈ।।

ਇਸੇ ਹੁਕਮਨਾਮੇ ਵਿਚ ਹੀ ਅੱਗੇ ਚਲਕੇ ਆਪ ਜੀ ਲਿਖਦੇ ਹਨ ਕਿ ਬ੍ਰਿਟਿਸ ਸਰਕਾਰ ਉਹਨਾਂ ਦੀਆਂ ਲਿਖਤਾਂ ਤੋਂ ਕਿੰਨੀ ਭੈ ਭੀਤ ਹੈ ਜਿਸ ਕਰਕੇ ਏਨੀ ਤਕੜਾਈ ਰੱਖਦੇ ਹਨ:-

"ਹੋਰ ਭਾਈ ਸਵੇਗ ਸਿੰਘ ਤੇ ਜੀਵਣ ਸਿੰਘ ਜੀ ਪਹਿਰਾ ਸਾਨੂੰ ਹੋਰ ਕੋਈ ਦੁਖ ਨਹੀਂ ਇਕ ਐਤਨਾ ਦੁਖੁ ਹੈ, ਆਏ ਸਿੰਘ ਨਾਲ ਅਛੀ ਤਰਾਂ ਮੇਲਾ ਨਹੀਂ ਹੁੰਦਾ। ਹੋਰੁ ਸਾਨੂੰ ਪਹਿਰੇ ਦਾ ਕੋਈ ਦੁਖ ਨਹੀਂ।। ਏਨਾਂ ਨੂੰ ਏਹੁ ਬਡਾ ਭਰਮੁ ਹੈ ਚਿਠੀ ਦੀ ਬੜੀ ਤਕੜਾਈ ਰਖਦੇ ਹੈਨ ਮੇਰੀ।। ਕਹਿੰਦੇ ਹੈਨ ਕਿਤੇ ਚਿਠੀ ਭੇਜਕੇ ਸੁੜ੍ਹ ਨਾਂ ਕਰਾਇ ਦੇਵੇ ਏਧੇ ਪਿਛੇ ਬਹੁਤੁ ਆਦਮੀ ਹੈ।।......ਏਹੁ ਏਨਾ ਨੂੰ ਮੇਰਾ ਬਡਾ ਭ੍ਰਮੁ ਹੈ।। ਕਿਤੇ ਬਿਲਿਆਂ ਦਾ ਸੁੜ ਨਾਂ ਕਰਾ ਦੇਵੇ। ਅਰੁ ਮੈਂ ਭਾਈ ਆਪਣੀ ਰਸਨਾ ਤੇ ਕੁਛ ਨਹੀ ਬੋਲਾ।। ਅਸੀਂ ਤਾਂ ਭਾਈ ਕਿਸੇ ਨੂੰ ਕੁਛ ਨਹੀਂ ਆਧੇ।। ਏਨਾ ਨੂੰ ਏਨਾ ਦੀ ਕਰਨੀ ਪਈ ਡਰਾਉਂਦੀ ਹੈ ਰਾਤ ਦਿਨ।। ਪੰਜਾਬ ਮੈਂ ਬੀ ਏਨਾ ਨੂੰ ਏਹੋ ਭ੍ਰਮ ਹੋਆ ਜਿਸ ਤਰਾਂ ਅਗੇ ਸਿਖਾਂ ਨੇ ਦੇਸੁ ਮਲ ਲਿਆ ਬੀ ਦਿਲੀ ਦਾ।। ਓਸੇ ਤਰਾ ਏ ਹੁਣ ਬੀ ਮਲ ਲੈਣਗੇ ਤੁਸੀਂ ਏਨਾਂ ਦਾ ਕੋਈ ਬੰਦੋਬਸਤ ਕਰੋ। ਏਨਾਂ ਨੂੰ ਬਹੁਤ ਲੋਕਾਂ ਨੇ ਏਹੁ ਭ੍ਰਮ ਪਾਇਆ।।"

"ਲਿਖਤੇ ਜੋਗ ਭਾਈ ਮੀਹਾਂ ਸਿੰਘ ਸ੍ਰੀ ਵਾਹਿਗੁਰੂ ਜੀ ਕੀ ਫਤੇਹ ਬੁਲਾਈ ਪ੍ਰਮਾਨ ਕਰਨੀ। ਹੋਰ ਭਾਈ ਅਸੀਂ ਹਰ ਤਰਾਂ ਕਰਕੇ ਅਨੰਦ ਹੈ। ਇਕੁ ਦੁਖ ਸੰਗਤ ਦੇ ਵਿਛੋੜੇ ਦਾ ਹੈ।। ਸੋ ਏਹੁ ਬੀ ਗੁਰੂ ਜੀ ਮੇਟ ਦੇਊਗਾ। ਅਮੇਦ ਰਖਦੇ ਹਾਂ ਗੁਰੂ ਜੀ ਦੇ ਚਰਨਾਂ ਵਿਚੋਂ। ਅਗੋਂ ਜੋ ਗੁਰੂ ਜੀ ਨੂੰ ਭਾਵੇ।। ਹੋਰ ਭਾਈ ਜਦ ਤੂੰ ਮੁਲਖ ਮੈਂ ਜਾਮੇ ਤਾਂ ਸ੍ਰਆਲੀ, ਬੁਰਜ, ਮਰ੍ਹਾਣੇ, ਵਰਿਆਹੀਂ, ਜੌਹਲੀ, ਉਬੋਕੀ, ਠਰੂ, ਨਾਰਲੀ, ਬਨਮਾਲੀਪੁਰ ਸਾਰੇ ਸਿੰਘਾਂ ਨੂੰ ਹਥ ਜੋੜ ਕੇ ਫਤੇ ਬੁਲਾਉਣੀ। ਮਾਈਆਂ ਬੀਬੀਆਂ ਨੂੰ ਰਾਮ ਸਤਿ ਬੁਲਾਉਣੀ। ਬਹੁਤ ਕੂਕੇ ਸੁਬਤ ਨੂੰ। ਅਰ ਆਖਣਾ ਭਜਨ ਬਾਣੀ ਕਰੋ ਤਕੜੇ ਹੋਕੇ ਅਰ ਸਤਸੰਗੀ ਨੌਕਰ ਕੋਈ ਨਾ ਹੋਵੇ ਜੋ ਨੌਕਰ ਹੋਊਗਾ ਸੋ ਬਹੁਤ ਦੁਖੀ ਹੋਊਗਾ। ਸਤਿ ਕੂਕੇ ਮੰਨਣਾ। ਮੈਂ ਏਹੁ ਬਾਤ ਝੂਠ ਨਹੀਂ ਲਿਖੀ।। ਹੁਣ ਅਗੇ ਬਾਲੀ ਬਾਤ ਨਹੀਂ ਹੈ।। ਹੁਣਿ ਤੋ ਇਨਕੇ ਨਾਸ ਕਾ ਸਮਾ ਹੈ।। ਗੁਰੂ ਜੀ ਦਾ ਹੁਕਮ ਹੈ ਅਵ ਸਮਾਂ ਆਇ ਪੁਨਾ ਹੈ। ਅਗੇ ਭਾਈ ਗੁਰੂ ਜਾਣੇ ਗੁਰੂ ਬੇਅੰਤ ਹੈ।।

੧੮੭੩ ਈਸਵੀਂ ਤੋਂ ਲੈ ਕੇ ੧੮੮੫ ਈਸਵੀ ਤੱਕ ਪੂਰੇ ਬਾਰਾਂ ਵਰ੍ਹੇ ਗੁਰੂ ਦੁਲਾਰਿਆਂ ਨੇ ਪੰਜਾਬ ਤੋਂ ਬਰ੍ਹਮਾ ਤੱਕ ਦੇ ਸਾਰੇ ਰਸਤੇ ਨੀਵੇਂ ਕਰ ਛੱਡੇ ਸਨ। ਇਕ ਗਿਆ ਦੋ ਆ ਗਏ ਅਤੇ ਜਿਵੇਂ ਜਿਵੇਂ ਗੁਰੂ ਚਰਨਾਂ ਦੇ ਪ੍ਰੀਤਵਾਨਾਂ ਦੀ ਇਹ ਸੰਖਿਆ ਵਧਦੀ ਸੀ ਸਰਕਾਰ ਅੰਗ੍ਰੇਜ਼ੀ ਦੀ ਨੀਂਦ ਹਰਾਮ ਹੁੰਦੀ ਜਾਂਦੀ ਸੀ। ੧੮੮੧ ਈਸਵੀ ਵਿਚ ਬਹੁਤ ਸਾਰੇ ਸਿਖ ਪੰਜਾਬ ਵਿਚੋਂ ਏਧਰ ਆਏ ਅਤੇ ਸਤਿਗੁਰੂ ਜੀ ਦੇ ਕਈ ਹੁਕਮਨਾਮੇ ਇਸੇ ਸਮੇਂ ਦੇ ਲਿਖੇ ਮਿਲਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਆਖਰੀ ਸਿਖ ਮਹਾਰਾਜਾ ਦਲੀਪ ਸਿੰਘ ਵੀ ਰੂਸ ਵਿਚ ਪੁਜ ਚੁੱਕਾ ਸੀ। ਉਹ ਰੂਸ ਦੀ ਖੁਦ ਮੁਖਤਿਆਰ ਸਰਕਾਰ ਨੂੰ ਪ੍ਰੇਰ ਕੇ ਅਤੇ ਪੰਜਾਬ ਦੇ ਲੋਕਾਂ ਨੂੰ ਆਪਣੇ ਪਿਛੇ ਜੋੜਕੇ ਪੰਜ ਦਰਿਆਵਾਂ ਦੀ ਧਰਤੀ ਤੇ ਫਰੰਗੀਆਂ ਵਿਰੁੱਧ ਫੇਰ ਇਕ ਫੈਸਲਾ ਕੁੰਨ ਜੰਗ ਲੜਨਾ ਚਾਹੁੰਦਾ ਸੀ। ਨਾਮਧਾਰੀ ਸਿੱਖਾਂ ਨੂੰ ਦਲੀਪ ਸਿੰਘ ਦੇ ਰੂਸ ਆਉਣ ਬਾਰੇ ਸੁਣ ਕੇ ਚਾਅ ਚੜ੍ਹ ਗਿਆ ਅਤੇ ਸੂਬਾ ਬਿਸ਼ਨ ਸਿੰਘ ਅਰੋੜਾ ਜੋ ਕਾਬਲ ਵਿਚ ਰਹਿੰਦਾ ਸੀ ਨੂੰ ਮਹਾਰਾਜਾ ਪਾਸ ਰੂਸ ਭੇਜਿਆ ਗਿਆ। ਚੱਕ ਰਾਮਦਾਸ ਜ਼ਿਲਾ ਸਿਆਲਕੋਟ ਦਾ ਗੁਰਚਰਨ ਸਿੰਘ ਵਡੇਰੀ ਉਮਰ ਦੇ ਬਾਵਜੂਦ ਪੰਜਾਬ ਤੋਂ ਤੁਰ ਕੇ ਬਿਖੜੇ ਪੈਂਡੇ ਝਾਗ ਕੇ ਤਿੰਨ ਵੇਰ ਰੂਸੀ ਪ੍ਰਾਂਤ ਤੁਰਕਿਸਤਾਨ ਤੱਕ ਜਾ ਆਇਆ ਸੀ ਜਿਸ ਦਾ ਜ਼ਿਕਰ ਰੂਸੀ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚ ਵੀ ਮਿਲਦਾ ਹੈ। ਗੁਰਚਰਨ ਸਿੰਘ ਭੈਣੀ ਸਾਹਿਬ ਤੋਂ ਗੁਰੂ ਹਰੀ ਸਿੰਘ ਜੀ ਪਾਸੋਂ ਰੂਸੀ ਸਰਕਾਰ ਦੇ ਨਾਮ ਪੱਤਰ ਪ੍ਰਾਪਤ ਕਰਦਾ ਅਤੇ ਇਸ ਨੂੰ ਅੱਗੇ ਪੁਚਾਉਂਦਾ। ਬਰਮਾਂ ਤੋਂ ਭੈਣੀ ਸਾਹਿਬ ਤੱਕ ਸਤਿਗੁਰੂ ਜੀ ਦੇ ਪੱਤਰ ਜੀ ਨੂੰ ਰੂਸੀਆਂ ਦੇ ਸਤਿਗੁਰੂ ਜੀ ਦੇ ਨਾਮ ਵਾਪਸ ਪਤਰ ਭੈਣੀ ਸਾਹਿਬ ਤੋਂ ਬਰਮਾਂ ਵੱਲ ਪੁਚਾਉਣ ਦਾ ਕੰਮ ਵੀ ਸਰਹਾਲੀ ਪ੍ਰਿਵਾਰ ਦਾ ਜਾਂਬਾਜ, ਸੂਰਬੀਰ ਨੌਜੁਆਨ ਕੂਕਾ ਮੀਹਾਂ ਸਿੰਘ ਕਰਦਾ ਸੀ। ਸਰਕਾਰੀ ਰੀਕਾਰਡ ਵਿਚ, (ਫਾਰਨ ਸੀਕਰਟ, ਜਨਵਰੀ ੧੮੮੨ ਨੰ: ੫੫੮-੫੯੯) ਦਰਜ਼ ਹੈ ਕਿ ਗੁਰਚਰਨ ਸਿੰਘ ਸਰਹਾਲੀਨੇ ਰੂਸ ਦਾ ਪੱਤਰ ਜੋ ਸਤਿਗੁਰਾਂ ਨੂੰ ਪੁਚਾਉਣਾਂ ਸੀ ਉਹ ਸ਼ਾਮ ਸਿੰਘ ਸਰਹਾਲੀ ਨੂੰ ਦੇ ਦਿੱਤਾ ਹੈ ਅਤੇ ਸ਼ਾਮ ਸਿੰਘ ਹੁਣ ਉਸ ਪੱਤਰ ਨੂੰ ਮੂੰਹ ਵੇਖਣ ਵਾਲੇ ਸ਼ੀਸ਼ੇ ਵਿਚ ਲੁਕਾ ਕੇ ਰੰਗੂਨ ਜਾ ਰਿਹਾ ਹੈ। ਉਸ ਨੂੰ ਫੜ ਲਿਆ ਜਾਵੇ ਤੇ ਪੱਤਰ ਕਬਜ਼ੇ ਵਿਚ ਕੀਤਾ ਜਾਏ ਇਸ ਆਸ਼ੇ ਦੀ ਤਾਰ ਲਹੌਰ ਤੋਂ ਬਰਮਾ ਸਰਕਾਰ ਨੂੰ ਦਿੱਤੀ ਗਈ।

ਜਸਵਿੰਦਰ ਸਿੰਘ ਹੋਰਾਂ ਦੀ ਲਿਖਤ ਘਟਨਾਂ ਦੀ ਲੜੀ ਨੂੰ ਇਸ ਤਰ੍ਹਾਂ ਜੋੜਦੀ ਹੈ:-

"ਸ਼ਾਮ ਸਿੰਘ ਦਾ ਇਕ ਲੜਕਾ ਮੀਹਾਂ ਸਿੰਘ ਕੁਝ ਸਮਾਂ ਪਹਿਲਾਂ ਹਾਂਗਕਾਂਗ ਪੁਲੀਸ ਵਿਚ ਨੌਕਰੀ ਕਰਕੇ ਵਾਪਸ ਘਰ ਆਇਆ ਸੀ ਅਤੇ ਥੋਹੜੀ ਬਹੁਤ ਅੰਗ੍ਰੇਜ਼ੀ ਵੀ ਬੋਲ-ਸਮਝ ਲੈਂਦਾ ਸੀ। ਰਸਤਿਆਂ ਦੀ ਉਸਨੂੰ ਜਾਣਕਾਰੀ ਵੀ ਸੀ। ਸ਼ਾਮ ਸਿੰਘ ਆਪ ਤਾਂ ਨਾਂ ਗਿਆ ਉਸਨੇ ਮੀਹਾਂ ਸਿੰਘ ਨੂੰ ਭੇਜ ਦਿੱਤਾ। ਸਾਥ ਹਿਤ ਸੰਤ ਸਿੰਘ ਵੀ ਨਾਲ ਚੱਲ ਪਿਆ। (ਮੀਹਾਂ ਸਿੰਘ ਦੇ ਪ੍ਰੀਵਾਰਿਕ ਸ੍ਰੋਤ ਇਸ ਮਹੱਤਵਪੂਰਨ ਯਾਤਰਾ ਵਿਚ ਮੀਹਾਂ ਸਿੰਘ ਦੇ ਨਾਲ ਨਰਾਇਣ ਸਿੰਘ ਰੋਡੇ (ਫੀਰੋਜ਼ਪੁਰ) ਹੋਣ ਦਾ ਜ਼ਿਕਰ ਕਰਦੇ ਹਨ--ਲੇਖਕ) ਜਨਵਰੀ ੧੮੮੧ ਵਿਚ ਮੀਹਾਂ ਸਿੰਘ ਰੰਗੂਨ ਪਹੁੰਚਾ।

"ਭਾਈ ਸੰਤੋਖ ਸਿੰਘ ਅਨੁਸਾਰ, ਮੀਹਾਂ ਸਿੰਘ ਨੂੰ ਗੁਰੂ ਰਾਮ ਸਿੰਘ ਦੇ ਮਰਗੋਈ ਭੇਜ ਦਿੱਤੇ ਜਾਣ ਦੀ ਜਾਣਕਾਰੀ ਨਹੀਂ ਸੀ, ਇਸ ਲਈ ਉਹ ਪਹਿਲਾਂ ਰੰਗੂਨ ਪਹੁੰਚਾ। ਉਥੇ ਜਾਕੇ ਉਸ ਨੂੰ ਪਤਾ ਲੱਗਾ ਕਿ ਸਤਿਗੁਰੂ ਜੀ ਤਾਂ ਮਰਗੋਈ ਹਨ। ਦ੍ਰਿੜ ਨਿਸਚੇ ਰੱਖਣ ਵਾਲੇ ਗੁਰੂ ਦੇ ਸਿਖ ਬਿਨਾਂ ਮਨੋਰਥ ਪੂਰਾ ਕੀਤੇ ਵਾਪਸ ਕਿਵੇਂ ਪਰਤ ਸਕਦੇ ਸਨ। ਹਾਂਗਕਾਂਗ ਪੁਲੀਸ ਦੀ ਬਰਦੀ ਪਾਈ ਮੀਹਾਂ ਸਿੰਘ ਆਪਣੇ ਸਾਥੀ ਸਹਿਤ ਸਿਆਣਪ ਨਾਲ ਮਰਗੋਈ ਪਹੁੰਚ ਗਿਆ ਜਿਥੇ ਕਿਸੇ ਵੀ ਪੰਜਾਬੀ ਨੂੰ ਆਉਣ ਦੀ ਆਗਿਆ ਨਹੀਂ ਸੀ।'"(ਵਰਿਆਮ ਦਾ ਬਸੰਤ ਵਿਸ਼ੇਸ਼ ਅੰਕ ੧੯੯੨ ਸਫਾ ੭੮)

ਮੀਹਾਂ ਸਿੰਘ ਦੀ ਉਮਰ ਓਦੋਂ ਸਤਾਈ ਵਰ੍ਹੇ ਸੀ। ਇਹ ਉਸ ਦਾ ਗੁਰੂ ਜੀ ਪਾਸ ਤੀਜਾ ਫੇਰਾ ਸੀ ਜਾਂ ਇਸ ਤੋਂ ਬਾਦ ਉਹ ਦੋ ਵੇਰ ਫੇਰ ਗਿਆ ਇਹ ਗੱਲ ਤਾਂ ਅਜੇ ਖੋਜ ਦੀ ਮੁਥਾਜ ਹੈ। ਪਰ ਨਾਮਧਾਰੀ ਜਗਤ ਵਿਚ ਇਸ ਗੱਲ ਦਾ ਮਾਣ ਸਿਰਫ ਤੇ ਸਿਰਫ ਭਾਈ ਮੀਹਾਂ ਸਿੰਘ ਨੂੰ ਜਾਂਦਾ ਹੈ ਕਿ ਉਹ ਤਿੰਨ ਵਾਰ ਸਤਿਗੁਰੂ ਦਰਸ਼ਨਾਂ ਹਿਤ ਏਧਰ ਗਿਆ ਸੀ। ਉਹ ਆਪਣੇ ਸਮੇਂ ਦਾ ਬਹੁਤ ਚੁਸਤ, ਫੁਰਤੀਲਾ, ਉੱਚਾ ਲੰਮਾ, ਗੋਰਾ ਨਿਛੋਹ, ਦਰਸ਼ਨੀ ਜੁਆਨ ਸੀ। ਜੰਗਲਾ ਟੱਪ ਕੇ ਅੰਦਰ ਜਾਕੇ ਸਤਿਗੁਰੂ ਜੀ ਨੂੰ ਮਿਲਣ ਦੀ ਘਟਨਾ ਅਤੇ ਉਸ ਦਾ ਨਖ ਸ਼ਿਖ ਵਰਣਨ ਨਾਮਧਾਰੀ ਪੰਥ ਦੇ ਪ੍ਰਸਿੱਧ ਲੇਖਕ ਤੇ ਵੈਰਾਗੀ ਕਵੀ ਸੰਤ ਇੰਦਰ ਸਿੰਘ 'ਚੱਕਰਵਰਤੀ' ਆਪਣੇ ਮਹਾਂਕਾਵਿ ਵਿਚ ਇਸ ਤਰ੍ਹਾਂ ਕਰਦੇ ਹਨ:-

'ਮੀਹਾਂ ਸਿੰਘ ਸਰਹਾਲੀ ਦੇ, ਸੀ ਮਝੈਲ ਸਰਦਾਰ।
ਮੁਰਗੋਈ ਵਿਚ ਜਾ ਕਰੇ, ਸਤਿਗੁਰ ਦੇ ਦੀਦਾਰ।
ਡਾਂਗ ਲਾਈ ਨਾਲ ਜੰਗਲੇ, ਉਛਲ ਛੜੱਪਾ ਮਾਰ।
ਬਾਰਾਂ ਹੱਥ ਦਾ ਜੰਗਲਾ, ਟੱਪਿਆ ਲਾ ਉਡਾਰ।
ਨਾਲ ਪਿਆਰ ਦੇ ਗੁਰੂ ਜੀ, ਲਾਇਆ ਛਾਤੀ ਨਾਲ।
ਧੰਨ ਮੀਹਾਂ ਸਿੰਘ ਧੰਨ ਤੂੰ, ਕੀਤੀ ਗੱਲ ਕਮਾਲ।
ਤੇਰੇ ਜੇਹੇ ਸਿਖ ਲਈ, ਕੀਤਾ ਗੁਰ ਫੁਰਮਾਨ।
ਖਾਰਾ ਲੰਘ ਸਮੁੰਦਰ ਸਿਖ, ਚਲ ਗੁਰੂ ਪਹਿ ਆਨ।
ਭਾਈ ਮੀਹਾਂ ਸਿੰਘ ਜੀ, ਵਾਹ ਤੁਹਾਡੀ ਘਾਲ।
ਦਰਸਨ ਦੇ ਪ੍ਰਦੇਸ ਵਿਚ, ਕੀਤਾ ਆਣ ਨਿਹਾਲ।
ਸਾਰੀ ਰਾਤ ਪਿਆਰ ਨਾਲ, ਕੀਤੇ ਬਚਨ ਬਿਲਾਸ।
ਦਿਨ ਚੜ੍ਹਿਆ ਅੰਗ੍ਰੇਜ ਨੇ ਆ ਕੀਤੀ ਬਕਵਾਸ।
ਰਾਤੀਂ ਤੇ ਇਹ ਦੋਇ ਸਨ, ਨਾਨੂੰ ਸਿੰਘ ਮਹਾਰਾਜ।
ਤੀਜਾ ਆਇਆ ਕਿਧਰੋਂ, ਸਮਝ ਨਾਂ ਆਵੇ ਰਾਜ?
ਮੀਹਾਂ ਸਿੰਘ ਆਏ ਜਦੋਂ, ਬਰਮਾਂ ਦੇ ਵਿਚਕਾਰ
ਪੁੱਛਿਆ ਸੀ ਅੰਗ੍ਰੇਜ ਨੇ, ਕਿਉਂ ਆਇਆ ਸਰਦਾਰ?
ਆਇਆਂ ਹਾਂ ਨੌਕਰੀ ਲਈ, ਚਾਹੀਦੇ ਆਟਾ ਸੇਰ।
ਨਹੀਂ ਤਾਂ ਜਾਵਾਂ ਦੇਸ਼ ਨੂੰ ਭੁਖਾ ਮਰਦਾ ਫੇਰ।
ਫੜ ਜਦ ਮੀਹਾਂ ਸਿੰਘ ਨੂੰ ਓਸੇ ਹੀ ਅੰਗ੍ਰੇਜ।
ਪੇਸ਼ ਕੀਤਾ, ਸੜ ਬਲ ਗਿਆ, ਵੇਖ ਸਿੰਘ ਦਾ ਤੇਜ।
ਕਦ ਉਚੇਰਾ ਸਰੂ ਜਿਉਂ, ਸੋਹਣੇ ਅੰਗ ਸਡੌਲ।
ਚਿਹਰੇ ਉਤੇ ਚਮਕ ਜਿਉਂ ਖਿੜਿਆ ਹੋਵੇ ਕੌਲ।
ਦਾਣੇ ਦੰਦ ਅਨਾਰ ਦੇ ਮ੍ਰਿਗ ਛੌਨੇ ਜਹੇ ਨੈਨ।
ਮੂੰਹ ਤੋਂ ਕਿਰਦੇ ਫੁਲ ਸਨ ਜਦੋਂ ਅਲਾਪੇ ਬੈਨ।
ਨਸ਼ਿਆਈ ਜੁਆਨੀ, ਮਸਤ ਨਾਲੇ ਨਾਮ ਅਧਾਰ।
ਦਰਸ਼ਨ ਕਰਕੇ ਚੜ੍ਹ ਗਿਆ ਸਗੋਂ ਬਹੁਤ ਖੁਮਾਰ।

....

ਮਿਠੇ ਲਗਦੇ ਏਸ ਦੇ, ਕੋਇਲ ਤੋਂ ਵੀ ਬੋਲ।
ਜੀ ਚਾਹੇ ਹਰ ਕਿਸੇ ਦਾ, ਇਹ ਬੈਠਾ ਰਹੇ ਕੋਲ।
ਪੁਛਿਆ ਸੀ ਅੰਗ੍ਰੇਜ਼ ਉਸ, ਦੱਸ ਕਿਉਂ ਆਇਆ ਚੱਲ?
ਪੜ੍ਹਿਆ ਲਿਖਿਆ ਕੀ ਤੂੰ, ਕੰਮ ਦਾ ਕੀ ਹੈ ਵੱਲ?

....

ਜੇ ਹੈ ਕਰਨੀ ਨੌਕਰੀ ਦਿਤੇ ਜਿਵੇਂ ਬਿਆਨ।
ਹੌਲਦਾਰ ਬਣਾਂਦਿਆਂ ਭਰਤੀ ਕਰਕੇ ਜੁਆਨ।
ਇਕ ਦਿਨ ਹੋ ਸਰਦਾਰ ਫਿਰ, ਖੂਬ ਉਡਾਈਂ ਮੌਜ।
ਗੱਲਾਂ ਹੋਰ ਬਣਾ ਨਾ, ਰਲ ਸਾਡੀ ਵਿਚ ਫੌਜ।
ਸੁਣ ਕੇ ਇਹ ਅੰਗ੍ਰੇਜ ਤੋਂ, ਕਹੀ ਸਿੰਘ ਨੇ ਗੱਲ।
ਸਾਹਿਬ ਜਿਸ ਨੌਕਰੀ ਲਈ, ਮੈਂ ਆਇਆ ਸਾਂ ਚੱਲ।
ਓਹ ਹੈ ਪੂਰੀ ਹੋ ਗਈ, ਰਹੀ ਨਾਂ ਕੋਈ ਲੋੜ।
ਦਰਸ਼ਨ ਕਰਕੇ ਮਿਟ ਗਈ, ਜੀਵਨ ਦੀ ਸਭ ਥੋੜ।

....

ਸਤਿਗੁਰ ਸਾਹਿਬ ਛੱਡ ਕੇ, ਬੰਦੇ ਦੇ ਦਰਬਾਰ।
ਸੀਸ ਨਿਵਾਵਾਂ ਭੁੱਲ ਕੇ, ਸਾਨੂੰ ਨਾਂ ਦਰਕਾਰ।

....

ਸਤਿਗੁਰ ਸਾਹਿਬ ਛਡ ਕੇ, ਬੰਦੇ ਕਿਸੇ ਅਧੀਨ।
ਹੋਣਾ ਇਹ ਮਨੁੱਖਤਾ ਦੀ ਹੈ ਸਖਤ ਤੌਹੀਨ। (ਮਾਲਵੇਂਦ੍ਰ ੪੫੩ ਤੋਂ ੪੫੬ ਸਫੇ ਤੱਕ)

ਅੰਗ੍ਰੇਜ ਹਾਕਮਾਂ ਤੇ ਮੀਹਾਂ ਸਿੰਘ ਦੀ ਸਪਸ਼ਟਵਾਦਿਤਾ ਦਾ ਕਾਫੀ ਅਸਰ ਹੋਇਆ। ਉਹਨਾਂ ਉਸ ਨੂੰ ਕਲਕੱਤੇ ਜਾਣ ਵਾਲੇ ਜਹਾਜ਼ ਤੇ ਚਾੜ੍ਹ ਦਿੱਤਾ ਜਿੱਥੋਂ ਉਹ ਪੰਜਾਬ ਪਹੁੰਚ ਗਿਆ। ਕੂਕਿਆਂ ਵਿਚ ਇਹ ਖਬਰ ਬਿਜਲੀ ਦੇ ਕਰੰਟ ਵਾਂਙ ਫੈਲ ਗਈ ਕਿ ਮੀਹਾਂ ਸਿੰਘ ਰਾਤ ਸਤਿਗੁਰਾਂ ਪਾਸ ਬਿਤਾ ਕੇ ਖੁਲ੍ਹੇ ਬਚਨ ਬਿਲਾਸ ਕਰਕੇ ਆਇਆ ਹੈ। ਫੇਰ ਕੀ ਸੀ। ਮੀਹਾਂ ਸਿੰਘ ਹੋਰੀਂ ਜਿਧਰ ਜਾਣ ਪਿਛੇ ਸੰਗਤਾਂ ਦੀਆਂ ਵਹੀਰਾਂ ਉਹਨਾਂ ਦੇ ਦਰਸ਼ਨਾਂ ਹਿਤ ਘੇਰਾ ਘੱਤੀ ਰੱਖਣ। ਪੰਜਾਬ ਸਰਕਾਰ ਨੇ ਉਪਰਲਿਆਂ ਨੂੰ ਲਿਖਿਆ ਇਕ ਰਾਮ ਸਿੰਘ ਫੜ ਕੇ ਲੈ ਗਏ ਓ ਇਕ ਹੋਰ ਆ ਗਿਆ ਹੈ (ਦਰਅਸਲ ਸਤਿਗੁਰਾਂ ਦਾ ਉਹ ਕਥਨ ਹੀ ਸਿੱਧ ਹੋ ਰਿਹਾ ਸੀ ਕਿ ਬਿੱਲਿਆ! ਮੈਨੂੰ ਨਜਰਬੰਦ ਕਰਕੇ ਬਗਾਵਤ ਦੀ ਉਹ ਚਿਣਗ ਤਾਂ ਮੱਧਮ ਨਹੀਂ ਹੋਣੀ ਜੋ ਮੈਂ ਲਾਈ ਹੈ ਸਗੋਂ ਭਾਂਬੜ ਬਣੇਗੀ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ—ਗੁਰੂ ਦੀ ਸਿਫਤ ਇਹੋ ਹੈ ਕਿ ਉਹ ਸਿੱਖਾਂ ਨੂੰ ਵੀ ਆਪਣੇ ਵਰਗੇ ਬਣਾ ਲੈਂਦਾ ਹੈ) ਇਸ ਤੋਂ ਬਾਦ ਮੀਹਾਂ ਸਿੰਘ ਨੂੰ ਫਿਰ ਰੰਗੂਨ ਲੈ ਜਾ ਕੇ ਦੋ ਸਾਲ ਕੈਦ ਦੀ ਸਜ਼ਾ ਸੁਣਾਈ। ਜਿੱਥੇ ਉਸ ਪੱਥਰ ਵੀ ਕੁਟੇ ਅਤੇ ਇਕ ਜੇਲ ਵਾਰਡਨ ਨਾਲ ਕੇਸਾਂ ਲਈ ਕੰਘਾ ਮੰਗਣ ਤੇ ਉਸ ਕੇਸ ਕਟਾਉਣ ਦਾ ਮਸ਼ਵਰਾ ਦਿੱਤਾ ਜਿਹਨੂੰ ਮੀਹਾਂ ਸਿੰਘ ਹੋਰਾਂ ਪੱਥਰ ਮਾਰਿਆ ਜੋ ਮਸਾਂ ਬਚਿਆ ਸੀ। ਇਸ ਘਟਨਾ ਤੋਂ ੩-੪ ਵਰ੍ਹੇ ਬਾਦ ੫ ਫਰਵਰੀ ੧੮੮੭ ਈਸਵੀ ਦੀਆਂ ਖੁਫੀਆ ਰੀਪੋਰਟਾਂ ਵਿਚ ਇਹ ਜ਼ਿਕਰ ਮਿਲਦਾ ਹੈ ਕਿ ਸਿਰਹਾਲੀ ਦੇ ਮੀਹਾਂ ਸਿੰਘ ਨੂੰ (ਗੁਰੂ ਹਰੀ ਸਿੰਘ ਜੀ ਦੁਆਰਾ) ਮਹੰਤ ਬਣਾ ਦਿੱਤਾ ਗਿਆ ਹੈ ਅਤੇ ਉਹ ਚੱਕ ਰਾਮਦਾਸ ਜ਼ਿਲਾ ਸਿਆਲਕੋਟ ਦੇ ਵਰਿਆਮ ਸਿੰਘ ਨਾਲ ਮਿਲ ਕੇ ਹੋਰ ਦੂੰਹ ਮਹੀਨਿਆਂ ਤੱਕ ਰੂਸੀ

ਸੀਮਾਂ ਵਿਚ ਜਾਣ ਦੀ ਤਿਆਰੀ ਕਰ ਰਿਹਾ ਹੈ। ਏਸ ਵੇਲੇ ਮੀਹਾਂ ਸਿੰਘ ਭੈਣੀ ਸਾਹਿਬ ਵਿਖੇ ਸੀ।"(ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ- ਜਸਵਿੰਦਰ ਸਿੰਘ ਸਫਾ ੧੮੩)

ਅੰਗ੍ਰੇਜ਼, "ਰੂਸ-ਦਲੀਪ ਸਿੰਘ ਮਹਾਰਾਜਾ- ਕੂਕੇ" ਗਠਬੰਧਨ ਤੋਂ ਘਬਰਾ ਕੇ ਸਤਿਗੁਰੂ ਜੀ ਦਾ ਸੰਪ੍ਰਕ ਪੰਜਾਬ ਵਾਸੀਆਂ ਨਾਲ ਬਿਲਕੁਲ ਤੋੜਨ ਲਈ ਬੜੇ ਉਤਾਵਲੇ ਸਨ ਤੇ ਉਹਨਾਂ ਨੂੰ ਮਰਗੋਈ ਤੋਂ ਅੱਗੇ ਹੋਰ ਦੁਰੇਡੇ ਟੇਬਲ ਆਈ ਲੈਂਡ ਵਿਚ ਭੇਜਣਾ ਚਾਹੁੰਦੇ ਸਨ। ਪਰ ਜਸਵਿੰਦਰ ਸਿੰਘ ਹੋਰਾਂ ਦਾ ਕਥਨ ਹੈ ਕਿ ਜਦੋਂ ਮੀਹਾਂ ਸਿੰਘ ਸਤਿਗੁਰਾਂ ਦੇ ਬੰਗਲੇ ਵਿਚ ਮਰਗੋਈ ਵਿਖੇ ਰਾਤੋ ਰਾਤ ਜਾ ਪੁੱਜਾ ਸੀ ਤਾਂ ਬਰਤਾਨਵੀ ਹਾਕਮਾਂ ਨੇ ਹਾਰ ਮੰਨ ਲਈ ਕਿ ਇਹਨਾਂ ਨੂੰ ਜਿੱਥੇ ਵੀ ਲੈ ਜਾਵਾਂਗੇ ਕੂਕੇ ਸਿੱਖ ਉਥੇ ਹੀ ਪੁਜ ਜਾਣਗੇ ਅਤੇ ਇਉਂ ਟੇਬਲ ਆਈ ਲੈਂਡ ਲਿਜਾਣ ਦਾ ਵਿਚਾਰ ਤਰਕ ਕਰ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਦਾ ਮੀਹਾਂ ਸਿੰਘ ਨਾਲ ਏਨਾ ਪਿਆਰ ਸੀ ਕਿ ਰਾਤ ਬੰਗਲੇ ਵਿਚ ਮੀਹਾਂ ਸਿੰਘ ਦੀ ਆਮਦ ਦੀ ਸੂਹ ਪਾ ਕੇ ਜਦੋਂ ਅੰਗ੍ਰੇਜ਼ ਅਫ਼ਸਰ ਗਏ ਕਿ ਇਸਨੂੰ ਭੇਜੋ ਤਾਂ ਸਤਿਗੁਰਾਂ ਕਿਹਾ ਸੀ ਰਾਤ ਤਾਂ ਅਸੀਂ ਮੀਹਾਂ ਸਿੰਘ ਨੂੰ ਕਿਸੇ ਕੀਮਤ ਤੇ ਨਹੀਂ ਦੇਣਾਂ। ਅਸਾਂ ਬਹੁਤ ਬਚਨ ਬਿਲਾਸ ਕਰਨੇ ਹਨ। ਹੁਣ ਲੈ ਜਾਣਾ ਹੈ ਤਾਂ ਇਹਦੀ ਥਾਂ ਨਾਨੂੰ ਸਿੰਘ ਨੂੰ ਲਿਜਾ ਸਕਦੇ ਹੋ। ਮੀਹਾਂ ਸਿੰਘ ਰੰਗੀਨ ਤਬੀਅਤ ਦਾ ਸੁਆਮੀ ਅਲਬੇਲਾ ਨੌਜੁਆਨ ਸੀ ਜੋ ਕਈ ਵੇਰ ਗ੍ਰਿਹਸਤ ਦੇ ਬੰਧਨਾਂ ਨੂੰ ਤੋੜ ਕੇ ਉਡਾਰ ਹੋ ਜਾਂਦਾ ਸੀ। ਅਜੇਹੀ ਇਕ ਅਵੱਗਿਆ ਸਮੇਂ ਸਤਿਗੁਰੂ ਜੀ ਨੇ ਉਸ ਨੂੰ ਤਾੜਨਾ ਭਰਿਆ ਹੁਕਮਨਾਮਾਂ ਭੇਜਿਆ ਸੀ ਅਤੇ ਇਹ ਵੀ ਜ਼ਿਕਰ ਕੀਤਾ ਸੀ ਕਿ ਸ਼ਾਮ ਸਿੰਘ ਹੋਰੀਂ ਵੀ ਤੇਰੇ ਬਾਰੇ ਇਤਰਾਜ਼ ਕਰਦੇ ਸਨ (ਜਿਵੇਂ ਕਿ ਇਸ ਬਿਰਤੀ ਦੇ ਨੌਜੁਆਨਾਂ ਦੇ ਮਾਪੇ ਅਕਸਰ ਕਰਿਆ ਹੀ ਕਰਦੇ ਹਨ)। ਸਤਿਗੁਰੂ ਜੀ ਨੇ ਡਾਢੇ ਪਿੱਤਰੀ ਮੋਹ ਨਾਲ ਆਪਣੇ ਲਾਡਲੇ ਪਰ ਰਤਾ ਵਿਗੜੇ ਬੱਚੇ ਨੂੰ ਇਉਂ ਸੰਬੋਧਨ ਕੀਤਾ:-

"ਲਿਖਤੋ ਜੋਗ ਭਾਈ ਮੀਹਾਂ ਸਿੰਘ ਸ੍ਰੀ ਵਾਹਿਗੁਰੂ ਜੀ ਕੀ ਫਤੇਹ ਬੁਲਾਈ ਪ੍ਰਮਾਨ ਕਰਨੀ। ਹੋਰ ਭਾਈ ਅਸੀਂ ਹਰ ਤਰਾਂ ਕਰਕੇ ਅਨੰਦ ਹੈ। ਇਕੁ ਦੁਖ ਸੰਗਤ ਦੇ ਵਿਛੋੜੇ ਦਾ ਹੈ।। ਸੋ ਏਹੁ ਬੀ ਗੁਰੂ ਜੀ ਮੇਟ ਦੇਊਗਾ। ਅਮੇਦ ਰਖਦੇ ਹਾਂ ਗੁਰੂ ਜੀ ਦੇ ਚਰਨਾਂ ਵਿਚੋਂ। ਅਗੋਂ ਜੋ ਗੁਰੂ ਜੀ ਨੂੰ ਭਾਵੇ।। ਹੋਰ ਭਾਈ ਜਦ ਤੂੰ ਮੁਲਖ ਮੈਂ ਜਾਮੇ ਤਾਂ ਸੁਆਲੀ, ਬੁਰਜ, ਮਰਾਣੇ, ਵਰਿਆਹੀਂ, ਜੌਹਲੀ, ਉਬੋਕੀ, ਠਰੂ, ਨਾਰਲੀ, ਬਨਮਾਲੀਪੁਰ ਸਾਰੇ ਸਿੰਘਾਂ ਨੂੰ ਹਥ ਜੋੜ ਕੇ ਫਤੇ ਬੁਲਾਉਣੀ। ਮਾਈਆਂ ਬੀਬੀਆਂ ਨੂੰ ਰਾਮ ਸਤਿ ਬੁਲਾਉਣੀ। ਬਹੁਤ ਕੂਕੇ ਸੂਬਤ ਨੂੰ। ਅਰ ਆਖਣਾ ਭਜਨ ਬਾਣੀ ਕਰੋ ਤਕੜੇ ਹੋਕੇ ਅਰ ਸਤਸੰਗੀ ਨੌਕਰ ਕੋਈ ਨਾ ਹੋਵੇ ਜੋ ਨੌਕਰ ਹੋਊਗਾ ਸੋ ਬਹੁਤ ਦੁਖੀ ਹੋਊਗਾ। ਸਤਿ ਕੂਕੇ ਮੰਨਣਾ। ਮੈਂ ਏਹੁ ਬਾਤ ਝੂਠ ਨਹੀਂ ਲਿਖੀ।। ਹੁਣ ਅਗੇ ਬਾਲੀ ਬਾਤ ਨਹੀਂ ਹੈ।। ਹੁਣਿ ਤੇ ਇਨਕੇ ਨਾਸ ਕਾ ਸਮਾ ਹੈ।। ਗੁਰੂ ਜੀ ਦਾ ਹੁਕਮ ਹੈ ਅਵ ਸਮਾਂ ਆਇ ਪੁਨਾ ਹੈ। ਅਗੇ ਭਾਈ ਗੁਰੂ ਜਾਣੇ ਗੁਰੂ ਬੇਅੰਤ ਹੈ।। ਹੋਰ ਭਾਈ ਮੀਹਾਂ ਸਿੰਘ ਤੈਂ ਇਹੁ ਬਾਤ ਹਛੀ ਨਾਂ ਕੀਤੀ।। ਜੋ ਰੰਡੀ ਦਾ ਸੰਗ ਕੀਤਾ।। ਤੂ ਘਰ ਰਹਿੰਦਾ ਤੈਨੂੰ ਕੀ ਘਾਟਾ ਥੀ ਰੰਡੀ ਦੇ ਸੰਗ ਤੇ।। ਇਕ ਤਾਂ ਸ੍ਰੀਰ ਨੂੰ ਦੁਖ ਲਗ ਜਾਂਦਾ ਹੈ। ਇਕ ਪੈਸਾ ਬ੍ਰਬਾਦਿ ਹੋਇ ਜਾਂਦਾ ਹੈ। ਇਕੁ ਧਰਮ ਜਾਂਦਾ ਹੈ।। ਇਕ ਲੋਕਾਂ ਮੈਂ ਬਹੁਤ ਭੰਡੀ ਹੁੰਦੀ ਹੈ।।.......ਅਰੁ ਜੇ ਤੂ ਘ੍ਰ ਗਿਆ ਤਾਂ ਘ੍ਰ ਮੈਂ ਘ੍ਰ ਦੀ ਸਿਖਣੀ ਸਾਥ ਸਪ੍ਰਸ ਹੋਆ ਤਾਂ ਓਸ ਨੂੰ ਬੀ ਬੇਮਾਰੀ ਹੋਇ ਜਾਊ ਜੇ ਨਾ ਕੀਤਾ ਤਾਂ ਬੀ ਦੋਸ ਹੈ।.......ਤੈਂ ਬਡੀ ਗਾਫਲੀ ਕੀਤੀ।। ਏਸ ਬਾਤ ਦੀ ਹਰਿ ਤਰਾਂ ਸੋ ਲਾਚਾਰ ਹੈ।....ਹੋਰ ਭਾਈ ਮੀਹਾਂ ਸਿੰਘ ਜੋ ਤੂੰ ਨੌਕਰੀ ਛੱਡ ਦੇਮੇ ਤਾਂ ਅਛਾ ਹੈ ਹੁਣ ਨੌਕਰੀ ਦਾ ਸਮਾਂ ਨਹੀ ਬਡਾ ਉਧਮੂਲ ਦਾ ਸਮਾਂ ਹੈ ਹੁਣ ਤੇ।।.......ਦੇਸ ਜਾ ਕੇ ਅਛੀ ਤਰਾਂ ਵੇਮਾਰੀ ਦਾ ਲਾਜ ਕਰਨਾ ਤਾਂ ਘ੍ਰ ਮੇਂ ਸਪ੍ਰਸ ਕਰਨਾਂ ਜੋ ਘ੍ਰ ਮੈਂ ਵੇਮਾਰੀ ਨਾਂ ਹੋਇ ਜਾਵੈ।।....ਅਗੇ ਤੂੰ ਸਿਆਣਾ ਹੈ।। ਜਿਸ ਤਰਾਂ ਤੈਨੂੰ ਅਛੀ ਲਗੇ ਸੋ ਕਰੀਂ।। ਸਿਆਮ ਸਿੰਘ ਹੋਰੀ ਬੀ ਲਿਖਾ ਹੈ ਜੋ ਸਾਡੇ ਪਾਸੋਂ ਮੀਹਾਂ ਸਿੰਘ ਜੋਰਾਬਰੀ ਚਲਾ ਗਿਆ ਹੈ। ਓਨਾ ਦਾ ਕਹਿਣਾ ਕਿਉਂ ਨਾਂ ਮੰਨਿਆ।। ਨੌਕਰੀ ਮੇ ਤਾ ਬਡਾ ਦੁਖ ਹੈ।। ਤੈਨੂੰ ਤਾਂ ਘ੍ਰ ਮੇਂ ਕੋਈ ਘਾਟਾ ਨਹੀਂ ਥਾ।। ਹੋਰ ਭਾਈ ਸਿਆਮ ਸਿੰਘ ਨੂੰ ਹੋਰ ਸੂਬਤ ਨੂੰ ਬਹੁਤ ਕੂਕੇ ਫੱਤੇਹ ਬੁਲਾਉਣੀ।। ਭਾਈ ਮੀਹਾਂ ਸਿੰਘ ਹੁਣ ਬਾਣੀ ਕੰਠ ਕਰਨੀ ਅਰੁ ਭਜਨੁ ਕਰਨਾ।। ਰੰਡੀ ਮੁੰਡੇ ਤੇ ਬਹੁਤ ਕੂਕੇ ਬਚਨਾ ਏਹੁ ਤਾ ਨਿਰਾ ਘਾਟੇ ਦਾ ਈ ਥਾਊ ਹੈ ਨਫਾ ਕੋਈ ਬੀ ਨਹੀਂ। ਭਲਾ ਭੁਲਾ ਸੋ ਭੁਲਾ ਅਗੇ ਤਕੜੇ ਰਹਿਣਾ।। ਅਰੁ ਗੁਰੂ ਜੀ ਅਗੇ ਬੇਨਤੀ ਕੂਕੇ ਬਖਸਾਉਣਾ ਗੁਰੂ ਜੀ ਪਾਸ ਤੇ।। ਜੇ ਤੂ ਦੇਸ ਨੂੰ ਜਾਮੇ ਤਾਂ ਭਾਈ ਭੈਣੀ ਬੀ ਸੁਖ ਅਨੰਦ ਦੀ ਖਬਰ ਦੇਂਦੇ ਜਾਣਾ।। ਅਰੁ ਭੈਣੀ ਸੂਬਤ ਨੂੰ ਸਾਡੀ ਫਤੇ ਗਜਾ ਦੇਣੀ।।.....ਅਰੁ ਭਾਈ ਤੈ ਦਮੜੇ ਕਾਸ ਨੂੰ ਦੇਣੇ ਸਾਨੂ ਖਾਣ ਨੂੰ ਰਸਤ ਬਹੁਤ ਮਿਲਦਾ ਹੈ ਤੂੰ ਬ੍ਰਤ ਲੈਂਦਾ ਭਾਈ ਮੀਹਾਂ ਸਿੰਘ।।"

ਇਸ ਤੋਂ ਇਸ ਗੱਲ ਦੀ ਵੀ ਪੁਸ਼ਟੀ ਹੁੰਦੀ ਹੈ ਕਿ ਭਾਈ

> *ਸਤਿਗੁਰੂ ਰਾਮ ਸਿੰਘ ਜੀ ਨੇ ਧਰਤੀ ਇਕ ਰਸ ਕਰਨ, ਰਾਜਿਆਂ ਰਜਵਾੜਿਆਂ ਦੀਆਂ ਜੜਾਂ ਪੁੱਟਣ, ਸਮਤਾ ਤੇ ਆਧਾਰਿਤ, ਭਾਈਚਾਰੇ ਦੀਆਂ ਕਦਰਾਂ ਕੀਮਤਾਂ ਨੂੰ ਮੰਨਣ ਵਾਲੇ ਸੁਅੱਛ ਸਮਾਜ ਦਾ ਸੰਕਲਪ ਚਿਤਵਿਆ ਸੀ। ਉਹਨਾਂ ਦੇ ਨਾਮ ਲੇਵਿਆਂ ਅਤੇ ਸਰਹਾਲੀ ਪਰਿਵਾਰ ਜਿਹੇ ਅਨੇਕਾਂ ਸਿਰੜੀ ਲੋਕ ਸੰਗਰਾਮੀਆਂ ਦੇ ਪੈਰੋਕਾਰਾਂ ਦਾ ਫਰਜ਼ ਬਣਦਾ ਹੈ ਕਿ ਲੋਕਾਈ ਦੀ ਮੁਕਤੀ ਲਈ ਵਿੱਢੇ ਹਰ ਯੱਗ ਵਿਚ ਆਪਣੀ ਬਣਦੀ ਆਹੂਤੀ ਪਾਉਣ।*

ਮੀਹਾਂ ਸਿੰਘ ਅੰਗ੍ਰੇਜ਼ਾਂ ਦੀ ਨੌਕਰੀ ਵਿਚ ਕਿਤੇ ਰਿਹਾ ਸੀ ਜੋ ਗੁਰੂ ਜੀ ਦੇ ਹੁਕਮ ਅਨੁਸਾਰ ਇਸ ਤੋਂ ਬਾਦ ਉਹਨੇ ਨੌਕਰੀ ਛੱਡ ਦਿੱਤੀ ਸੀ ਅਤੇ ਆਪਣਾ ਸਾਰਾ ਜੀਵਨ ਬਿਦੇਸ਼ੀ ਹਾਕਮਾਂ ਤੋਂ ਆਜ਼ਾਦੀ ਹਾਸਲ ਕਰਨ ਲਈ ਸ੍ਰੀ ਸਤਿਗੁਰੂ ਜੀ ਦੁਆਰਾ ਵਿੱਢੇ ਸੰਗ੍ਰਾਮ ਨੂੰ ਹੀ ਸਮਰਪਿਤ ਕਰ ਦਿੱਤਾ ਸੀ। ਸ਼ਾਮ ਸਿੰਘ ਸਿਰਹਾਲੀ ਦੇ ਘਰ ਪਹਿਲੇ ਸਮੇਂ ਕਾਫੀ ਘੋੜੇ ਹੁੰਦੇ ਸਨ। ਉਹ ਆਪਣੇ ਪੋਤਰਿਆਂ ਨੂੰ ਘੋੜਿਆਂ ਤੇ ਚੜ੍ਹਾ ਕੇ ਘੋੜੇ ਦੁੜਾਇਆਂ ਕਰਦੇ ਸਨ ਅਤੇ ਅਗੰਮੀ ਬੋਲੇ ਵੀ ਛੱਡਿਆ ਕਰਦੇ ਸਨ ਕਿ ਸਾਬਾਸ਼ ਪੁੱਤਰੋ! ਹੁਣ ਸਾਨੂੰ ਰਾਜ ਮਿਲਣ ਦੀ ਉਮੀਦ ਹੈ।"(ਸਤਿਜੁਗ ਦਾ ਸੰਤ ਅੰਕ ੧੯੯੬ ਬਿ: ਦਾ ਪੰਨਾ ੧੨੩) ਮੀਹਾਂ ਸਿੰਘ ਜੀ ਵੀ ਚੰਗੇ ਘੋੜ ਸਵਾਰ ਸਨ ਜੇ ਕੋਈ ਚੰਗਾ ਘੋੜਾ ਕਿਤੇ ਨਜ਼ਰੇ ਪੈ ਜਾਣਾ ਤਾਂ ਉਹਨੂੰ ਸ੍ਰੀ ਭੈਣੀ ਸਾਹਿਬ ਦੇ ਤਬੇਲੇ ਵਿਚ ਪੁਚਾਕੇ ਹੀ ਸਾਹ ਲਿਆ ਕਰਦੇ ਸਨ। ਰੋਜ਼ ਰੋਜ਼ ਦੀਆਂ ਮੁਹਿੰਮਾਂ, ਲਗਾਤਾਰ ਪੈਂਡਿਆਂ ਵਿਚ ਰਹਿਣਾ ਤੇ ਮਨ ਪ੍ਰਦੇਸੀ ਪ੍ਰੀਤਮ ਦੀ ਯਾਦ ਤੋਂ ਕਦੇ ਵੀ ਮੁਕਤ ਨਾਂ ਹੋ ਸਕਣਾ, ਬਿਰਹੋਂ ਭੁਯੰਗਮ ਰਾਤ ਦਿਨ ਡਸਦੇ ਰਹਿਣਾ, ਘਰ ਗ੍ਰਹਿਸਤੀ ਤੋਂ ਮੁਕੰਮਲ ਤੌਰ ਤੇ ਟੁੱਟਿਆ (ਉਲਾਦ ਇਕ ਪੁੱਤਰੀ ਹੀ ਸੀ ਜੋ ਘੁੱਕੇ ਵਾਲੀ (ਅੰਮ੍ਰਿਤਸਰ) ਦੇ ਸੁੰਦਰ ਸਿੰਘ ਨਾਲ ਵਿਆਹੀ ਗਈ ਆਪ ਦੇ ਗੁਜ਼ਰਨ ਬਾਦ), ਹਿਜਰ ਦੀ ਸਿਉਂਕ ਨੇ ਬੱਜਰ ਦੇਹੀ ਖਾ ਸੁੱਟੀ ਤੇ ਉਹ ੧੯੪੪ ਬਿਕ੍ਰਮੀ ਵਿਚ ੩੪-੩੫ ਸਾਲ ਦੀ ਉਮਰ ਵਿਚ ਹੀ ਅਕਾਲ ਚਲਾਣਾ ਕਰ ਗਏ। ਮੀਹਾਂ ਸਿੰਘ ਹੋਰਾਂ ਦਾ ਜੰਗਲਾ ਟੱਪ ਕੇ ਮੁਰਗੋਈ ਦੇ ਬੰਗਲੇ ਵਿਚ ਸਤਿਗੁਰੂ ਜੀ ਨੂੰ ਮਿਲਣ ਦਾ ਕਾਰਨਾਮਾ ਨਾਮਧਾਰੀ ਇਤਿਹਾਸ ਵਿਚ ਇਕ ਵਿਲੱਖਣ ਸਥਾਨ ਰੱਖਦਾ ਹੈ, ਜਿਸਦਾ ਜ਼ਿਕਰ ਨਾਮਧਾਰੀ ਕਵੀਆਂ ਦੀ ਕਵਿਤਾ ਦਾ ਸੁੰਦਰ ਵਿਸ਼ਾ ਬਣਦਾ ਰਿਹਾ ਹੈ:-

'ਚੀਨੀ ਵਾਲਤਾ ਸਾਹਮਣੇ ਨਜ਼ਰ ਆਵੇ
ਦਰਸ਼ਨ ਕਰਨ ਦੇ ਵਾਸਤੇ ਝੱਕਣਾ ਕੀ?
ਚੜ੍ਹਿਆ ਨਜ਼ਰ ਆਵੇ ਜੇਕਰ ਚੰਦ ਸੋਹਣਾ,
ਤਾਂ ਚਕੋਰ ਨੇ ਵਿਹੰਦਿਆਂ ਥੱਕਣਾ ਕੀ।
ਦਿਸੇ ਸਾਹਮਣੇ ਸ਼ਮ੍ਹਾਂ ਦੀ ਜੋਤ ਜਗਦੀ,
ਤਾਂ ਪਤੰਗ ਨੇ ਸੜਨ ਤੋਂ ਹੱਟਣਾ ਕੀ।
ਚਾਰੋਂ ਤਰਫ ਬੰਦੂਕ ਦੇ ਹੋਣ ਪਹਿਰੇ,
ਰਾਮ ਦਿਸੇ ਸੌਹੇ ਡਰ ਰੱਖਣਾ ਕੀ। -ਨਿਰੰਜਨ ਸਿੰਘ ਮ੍ਰਿਗੇਸ਼

ਇਤਿਹਾਸ ਦੀ ਸਿਰਜਣਾ ਕਰਨ ਵਾਲੇ ਮਰਜੀਵੜੇ ਜ਼ਰੂਰੀ ਨਹੀਂ ਕਿ ਲੰਮੀਆਂ ਉਮਰਾਂ ਹੀ ਭੋਗਣ। ਮੀਆਂ ਮੁਹੰਮਦ ਬਖਸ਼ ਦਾ ਸ਼ੇਅਰ ਯਾਦ ਆ ਰਿਹਾ ਹੈ:-

'ਦਰਦ ਹੋਇਆਂ ਤਾਂ ਸਭ ਕੁਛ ਹੋਇਆ,
ਕਿਆ ਲੰਮੀ ਕਿਆ ਛੋਟੀ।"

੧੯੮੧ ਈਸਵੀ ਦੇ ਫਰਵਰੀ ਮਹੀਨੇ ਲੇਖਕ ਨੂੰ ਭਾਰਤੀ ਕਮਿਊਨਿਸਟ ਪਾਰਟੀ ਵੱਲੋਂ, ਸੋਵੀਅਤ ਕਮਿਊਨਿਸਟ ਪਾਰਟੀ ਦੇ ਸੱਦੇ ਤੇ ਸੋਵੀਅਤ ਸੰਘ ਦੀ ਯਾਤਰਾ ਸਮੇਂ ਲੈਨਿਨਗਰਾਦ (ਅੱਜ ਕਲ੍ਹ ਮੁੜ ਪੀਤਰੋਗਰਾਦ) ਜਾਣ ਦਾ ਮੌਕਾ ਮਿਲਿਆ। ਉਥੇ ਪ੍ਰਸਿਧ ਭਾਰਤ ਵਿਗਿਆਨੀ ਬਜ਼ੁਰਗ ਇਤਿਹਾਸਕਾਰ ਮਾਈ ਯੇਵਾ ਯਾਕੋਵੇਵਨਾ ਲੂਸਤਰਨਿਕ ਨਾਲ ਸਾਡੀ ਭੇਟ ਹੋਈ। ਉਸਨੇ ਰੂਸ ਅਤੇ ਨਾਮਧਾਰੀਆਂ ਦੇ ਸਬੰਧਾਂ ਬਾਰੇ ਭਰਪੂਰ ਚਰਚਾ ਕਰਦਿਆਂ ਦੱਸਿਆ ਕਿ ਉਹ ਸਰਹਾਲੀ ਦੇ ਮੀਹਾਂ ਸਿੰਘ ਬਾਰੇ ਜਾਣਦੀ ਹੈ। ਗੁਰਚਰਨ ਸਿੰਘ ਅਤੇ ਗੁਲਾਬ ਖਾਨ ਤਾਂ ਰੂਸ ਆਏ ਹੀ ਸਨ। ਉਹਨਾਂ ਨੇ ਦਸਿਆ ਕਿ "ਸੋਵੀਅਤ ਪ੍ਰਾਚਯ (ਪੂਰਵ) ਵਿਦਿਆ ਪੱਤਰ", ੧੯੫੭ ਈ. ਵਿਚ ਇਸ ਸਬੰਧੀ ਕਾਫੀ ਕੁਝ ਛਾਪਿਆ ਜਾ ਚੁਕਾ ਹੈ। ਇਕ ਹੋਰ ਲੇਖ ਉਹਨਾਂ ਦਾ ਸੀ "੧੮੭੯ ਵਿਚ ਤੁਰਕਾ ਸਤਾਨ ਵਿਚ ਬਾਬਾ ਰਾਮ ਸਿੰਘ ਦੁਆਰਾ ਪ੍ਰਤੀਨਿਧੀ ਮੰਡਲ"। ਇਹ ਲੇਖ ਪੰਜਾਹ ਵਿਆਂ ਦੇ ਹਿੰਦਰੂਸ ਦੋਸਤੀ ਦੇ ਰਿਸਾਲੇ "ਸੋਵੀਅਤ ਦੇਸ" ਵਿਚ ਵੀ ਛਪੇ ਸਨ। ਉਹਨਾਂ ਦੱਸਿਆ ਕਿ ਉਹਨਾਂ ਦੇ ਇਕ ਸ਼ਾਗਿਰਦ ਬੇਨੇਦੀਕਿਤੋ ਵਲੋਂ "੧੯ਵੀਂ ਸਦੀ ਦੇ ਸੱਤਰਵਿਆਂ ਵਿਚ ਭਾਰਤੀ ਕਿਸਾਨੀ" ਨਾਂ ਦੀ ਅੰਗ੍ਰੇਜ਼ੀ ਵਿਚ ਪੁਸਤਕ ਦੁਸ਼ਾਂਬੇ ਵਿਚ ੧੯੫੩ ਵਿਚ ਛਪੀ ਸੀ। ਇਸ ਵਿਚ ਇਕ ਪੂਰਾ ਅਧਿਆਇ ਨਾਮਧਾਰੀ ਲਹਿਰ ਬਾਰੇ ਸੀ। ਭਾਰਤ ਰੂਸ ਸਬੰਧਾਂ ਬਾਰੇ ਜਦੋਂ ਵੀ ਕਿਤੇ ਵੀ ਕੁਝ ਲਿਖਿਆ ਜਾਂਦਾ ਹੈ ਤਾਂ ਗੱਲ ਕੂਕਿਆਂ ਦੇ ਜ਼ਿਕਰ ਬਿਨਾਂ-ਉਹਨਾਂ ਵਿਚੋਂ ਵੀ ਗੁਰਚਰਨ ਸਿੰਘ ਅਤੇ ਮੀਹਾਂ ਸਿੰਘ ਹੋਰਾਂ ਦੇ ਵਰਣਨ ਤੋਂ ਬਿਨਾਂ ਅਧੂਰੀ ਰਹਿੰਦੀ ਹੈ। ਮਾਈ ਲੂਸਤਰਨਿਕ ਨੇ ਇਹ ਵੀ ਦਸਿਆ ਕਿ ਅੰਗ੍ਰੇਜ਼ ਹਿੰਦ ਰੂਸ ਸੰਬੰਧਾਂ ਤੋਂ ਤਰਿੰਹਦੇ ਸਨ ਤੇ ਇਹਨਾਂ ਨੂੰ ਸਦਾ ਵਿਗਾੜਨ ਦੀ ਕੋਸ਼ਿਸ਼ ਕਰਦੇ। ਉਹ ਝੂਠਾ ਪ੍ਰਚਾਰ ਕਰਦੇ ਕਿ ਰੂਸ ਭਾਰਤ ਨੂੰ ਹੜਪਣਾ ਚਾਹੁੰਦਾ ਹੈ। ਕਿਉਂਕਿ ਉਹ ਦੋਹਾਂ ਦੇਸ਼ਾਂ ਦੇ ਲੋਕਾਂ ਦੀ ਦੋਸਤੀ ਤੋਂ ਡਰਦੇ ਸਨ। ਇਸ ਲਈ ਉਹ ਸਿਆਸੀ ਤੇ ਵਿਚਾਰਧਾਰਕ ਤੌਰ ਤੇ ਭਾਰਤ ਨੂੰ ਰੂਸ ਤੋਂ ਵੱਖ ਕਰਨ ਦੀ ਕੋਸ਼ਿਸ਼ ਕਰਦੇ। ਭਾਰਤੀਆਂ ਨੂੰ ਡਰਾਉਂਦੇ ਕਿ ਤੁਹਾਨੂੰ ਅੰਗ੍ਰੇਜ਼ੀ ਗੁਲਾਮੀ ਪਸੰਦ ਨਹੀਂ। ਰੂਸੀ ਆਉਣਗੇ ਤਾਂ ਉਹ ਤੁਹਾਨੂੰ ਸਾਇਬੇਰੀਆ ਦੇ ਜੇਲਖਾਨਿਆਂ ਵਿਚ ਲਿਜਾ ਸੁੱਟਣਗੇ।

ਜਿਸ ਤਰ੍ਹਾਂ ਓਦੋਂ ਬਰਤਾਨੀਆਂ ਵਾਲੇ ਸਾਰੀ ਦੁਨੀਆਂ ਤੇ ਆਪਣਾ ਸਿਕਾ ਚਲਾਉਣਾ ਚਾਹੁੰਦੇ ਸਨ, ਉਸੇ ਤਰ੍ਹਾਂ ਹੁਣ ਅਮ੍ਰੀਕਨ ਨਵ ਸਾਮਰਾਜੀਏ ਸਾਰੀ ਦੁਨੀਆਂ ਵਿਚ ਆਪਣੀ ਇਕ ਛਤਰ ਸਰਦਾਰੀ ਕਾਇਮ ਕਰਨੀਂ ਚਾਹੁੰਦੇ ਹਨ। ਪਰ ਸਾਡੇ ਦੇਸ਼ ਦੀ ਮਿਟੀ ਵਿਚ ਇਹ ਤਾਸੀਰ ਹੈ ਕਿ ਇਹ ਕਿਸੇ ਵੀ ਖੱਬੀ ਖਾਨ ਅੱਗੇ ਆਤਮ ਸਮਰਪਣ ਨਹੀਂ ਕਰਦੀ। ਨਾਮਧਾਰੀ ਲਹਿਰ ਦੀ ਮਹਾਨ ਦੇਸ਼ ਭਗਤਕ ਵਿਰਾਸਤ ਸਾਨੂੰ ਨਵ ਬਸਤੀਵਾਦੀ ਲੁੱਟ ਖਸੁੱਟ ਦੇ ਵਿਰੁੱਧ ਬੇਕਿਰਕ ਸੰਗ੍ਰਾਮ ਕਰਨ ਦਾ ਸੱਦਾ ਦੇਂਦੀ ਹੈ ਅਤੇ ਦੇਂਦੀ ਰਹੇਗੀ। ਬਿਲਕੁਲ ਉਸੇ ਤਰ੍ਹਾਂ ਜਿਵੇਂ ਉਨੀਵੀਂ ਸਦੀ ਦੇ ਮੁੱਢ ਵਿਚ ਅਰੰਭ ਹੋਈ ਗਦਰ ਪਾਰਟੀ ਲਹਿਰ ਤੇ ਕੂਕਾ ਲਹਿਰ ਦਾ ਅਸਰ ਸੀ। ਬਾਅਦ ਵਿਚ ਇਸੇ ਗਦਰ ਲਹਿਰ ਵਿਚੋਂ ਕਿਸੇ ਹੱਦ ਤੱਕ ਅਕਾਲੀ ਅੰਦੋਲਨ, ਕਿਰਤੀ ਕਿਸਾਨ ਲਹਿਰਾਂ ਅਤੇ ਪੰਜਾਬ ਵਿਚ ਕਮਿਊਨਿਸਟ ਲਹਿਰ ਦਾ ਮੁੱਢ ਬੱਝਾ। ਹਰ ਅੰਦੋਲਨ ਵਿਚ ਆਉਣ ਵਾਲੇ ਨਵੇਂ ਅੰਦੋਲਨਾਂ ਦੇ ਬੀਜ ਹੁੰਦੇ ਹਨ। ਜੋ ਨਰੋਆ ਜੀਵਨ ਜੋਗਾ ਅਤੇ ਵੇਲੇ ਦੀ ਲੋੜ ਦੇ ਅਨੁਸਾਰ ਹੁੰਦਾ ਹੈ, ਉਹ ਆਪਣੀ ਇਤਿਹਾਸਕ ਪਿਠ ਭੂਮੀ ਵਿਚੋਂ ਆਪਣਾ ਰਸਤਾ ਸਿਰਜ ਲੈਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਧਰਤੀ ਇਕ ਰਸ ਕਰਨ, ਰਾਜਿਆਂ ਰਜਵਾੜਿਆਂ ਦੀਆਂ ਜੜ੍ਹਾਂ ਪੁੱਟਣ, ਸਮਤਾ ਤੇ ਆਧਾਰਿਤ, ਭਾਈਚਾਰੇ ਦੀਆਂ ਕਦਰਾਂ ਕੀਮਤਾਂ ਨੂੰ ਮੰਨਣ ਵਾਲੇ ਸੁਅੱਛ ਸਮਾਜ ਦਾ ਸੰਕਲਪ ਚਿਤਵਿਆ ਸੀ। ਉਹਨਾਂ ਦੇ ਨਾਮ ਲੇਵਿਆਂ ਅਤੇ ਸਰਹਾਲੀ ਪਰਿਵਾਰ ਜਿਹੇ ਅਨੇਕਾਂ ਸਿਰੜੀ ਲੋਕ ਸੰਗਰਾਮੀਆਂ ਦੇ ਪੈਰੋਕਾਰਾਂ ਦਾ ਫਰਜ਼ ਬਣਦਾ ਹੈ ਕਿ ਲੋਕਾਈ ਦੀ ਮੁਕਤੀ ਲਈ ਵਿੱਢੇ ਹਰ ਯੱਗ ਵਿਚ ਆਪਣੀ ਬਣਦੀ ਆਹੂਤੀ ਪਾਉਣ। ■

ਅਹੰਕਾਰ ਨਵਿਰਤੀ ਲਈ ਅਗਨੀ ਪ੍ਰੀਖਿਆ

ਮਾਤਾ ਸਾਹਿਬ ਕੌਰ - ਪਧਰੀ- ਵਾਲੀ ਦੀ ਪ੍ਰੀਖਿਆ

ਬਲਵਿੰਦਰ ਸਿੰਘ ਬਾਵਰਾ

ਸਤਿਗੁਰੂ ਦੀ ਮਹਿਮਾ ਅਪ੍ਰੰਪਾਰ ਹੈ। ਸਤਿਗੁਰੂ ਨੇ ਜਿਸ ਨੂੰ ਵੀ ਆਪਣੇ ਨਾਲ ਜੋੜਨਾ ਹੁੰਦਾ ਹੈ ਅਤੇ ਜਿਸ ਦਾ ਵੀ ਉਧਾਰ ਕਰਨਾ ਹੁੰਦਾ ਹੈ, ਉਸ ਨੂੰ ਆਪਣੀ ਕ੍ਰਿਪਾ ਨਾਲ ਜੋੜ ਹੀ ਲੈਂਦਾ ਹੈ। ਇਹ ਵੱਖਰੀ ਗੱਲ ਹੈ ਕਿ ਸਭ ਲਈ ਤਰੀਕਾ ਵੱਖਰਾ ਵੱਖਰਾ ਹੁੰਦਾ ਹੈ।

ਨਾਮਧਾਰੀ ਇਤਿਹਾਸ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਵਰਸੋਈ "ਮਾਤਾ ਸਾਹਿਬ ਕੌਰ" ਦੀ ਕਥਾ ਵੀ ਨਿਰਾਲੀ ਹੀ ਹੈ। ਜਿਥੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਮਾਤਾ ਸਾਹਿਬ ਕੌਰ ਉਪਰ ਕ੍ਰਿਪਾ ਕਰਕੇ ਉਹਨਾਂ ਨੂੰ ਅਮਰ ਕੀਤਾ, ਉਥੇ ਉਹਨਾਂ ਦੀ ਕਥਾ ਵੀ ਅਮਰ ਹੋ ਗਈ।

ਮਾਤਾ ਸਾਹਿਬ ਕੌਰ ਦੇ ਪੇਕੇ ਪਿੰਡ ਦਾ ਨਾਂ ਚੰਬਾ ਜ਼ਿਲਾ ਅੰਮ੍ਰਿਤਸਰ ਸੀ। ਮਾਤਾ ਜੀ (ਸਾਹਿਬ ਕੌਰ) ਦਾ ਵਿਆਹ, ਸੰਤ ਸੁਰਜਣ ਸਿੰਘ ਦੇ ਲੜਕੇ ਸੰਤ ਗੁਪਾਲ ਸਿੰਘ ਨਾਲ, ਪਿੰਡ ਪੱਧਰੀ ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ।

ਮਾਤਾ ਜੀ ਬਾਰੇ ਜਿਤਨੀ ਵੀ ਘੋਖ ਪੜਤਾਲ ਹੋ ਸਕੀ ਹੈ, ਉਸ ਤੋਂ ਪਤਾ ਲਗਦਾ ਹੈ ਕਿ ਮਾਤਾ ਜੀ, ਬਹੁਤ ਵਿਦਵਾਨ ਸਨ। ਵੇਦਾਂ ਅਤੇ ਸ਼ਾਸਤਰਾਂ ਦੇ ਗਿਆਤਾ ਸਨ। ਮਾਤਾ ਜੀ ਦਾ ਪੇਕਾ-ਘਰ ਸੰਧੂ ਗੋਤ ਵਿਚੋਂ ਸੀ। ਉਹ ਪਰਵਾਰ ਉਸ ਸਮੇਂ ਆਪਣੇ ਇਲਾਕੇ ਵਿਚ ਸਰਦਾਰ ਕਰਕੇ ਮੰਨਿਆ ਜਾਂਦਾ ਸੀ। ਪੜਤਾਲ ਕਰਨ ਤੋਂ ਇਹ ਵੀ ਪਤਾ ਚਲਿਆ ਹੈ ਕਿ ਉਹਨਾਂ ਦਾ ਪੇਕਾ ਪਰਵਾਰ, ਮਾਸ ਅਤੇ ਸ਼ਰਾਬ ਦੀ ਵਰਤੋਂ ਕਰਿਆ ਕਰਦਾ ਸੀ। ਇਥੇ ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਜਿਸ ਤਰ੍ਹਾਂ ਦੇ ਪਰਿਵਾਰ ਵਿਚੋਂ ਮਾਤਾ ਜੀ ਆਏ ਸੀ, ਫਿਰ ਵੀ ਉਹਨਾਂ ਦਾ ਰੂਹਾਨੀਅਤ ਵਲ ਇਤਨਾ ਲਗਾਵ ਕਿਵੇਂ ਹੋਇਆ ?

ਮਾਤਾ ਜੀ ਆਪਣੇ ਸਹੁਰੇ ਪਰਿਵਾਰ ਆ ਕੇ ਵੀ, ਸਾਧੂ, ਸੰਤਾਂ, ਪੰਡਤਾਂ ਅਤੇ ਵਿਦਵਾਨਾਂ ਦੀ ਬੜੀ ਸੇਵਾ ਕਰਿਆ ਕਰਦੇ ਸਨ। ਉਹਨਾਂ ਨਾਲ ਧਰਮ ਸ਼ਾਸਤਰ ਉਪਰ ਖੁੱਲ ਕੇ ਵਿਚਾਰ ਗੋਸ਼ਟ ਕਰਿਆ ਕਰਦੇ ਸਨ। ਜਦੋਂ ਕਦੇ ਵੀ ਇਸ ਤਰ੍ਹਾਂ ਵਿਚਾਰ ਵਟਾਂਦਰਾ ਹੁੰਦਾ ਤਾਂ ਮਾਤਾ ਸਾਹਿਬ ਕੌਰ ਆਪਣੀ ਗੱਲ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰਦੇ ਅਤੇ ਵਿਰੋਧੀ ਨੂੰ ਨਿਰਉੱਤਰ ਕਰ ਦੇਂਦੇ।

ਮਾਤਾ ਜੀ ਦੇ ਤਿੰਨ ਪੁੱਤਰ ਹੋਏ, ਜਿਨ੍ਹਾਂ ਦੇ ਨਾਂ ਕ੍ਰਮਵਾਰ ਸੰਤ ਗੁਲਾਬ ਸਿੰਘ, ਸੰਤ ਲਾਲ ਸਿੰਘ ਅਤੇ ਸੰਤ ਨਰਾਇਣ ਸਿੰਘ ਸਨ। ਮਾਤਾ ਜੀ ਦੇ ਪਤੀ ਸੰਤ ਗੁਪਾਲ ਸਿੰਘ ਕਾਂਗੜੇ ਫੌਜ ਵਿੱਚ ਨੌਕਰੀ ਕਰਦੇ ਸਨ। ਇਕ ਦਿਨ ਸੰਤ ਗੁਪਾਲ ਸਿੰਘ ਨੂੰ ਸੰਤ ਕਾਹਨ ਸਿੰਘ ਨਿਹੰਗ ਦੇ ਦਰਸ਼ਨ ਹੋਏ। ਸੰਤ ਗੁਪਾਲ ਸਿੰਘ ਉਹਨਾਂ ਤੋਂ ਬਹੁਤ ਪ੍ਰਭਾਵਿਤ ਹੋਏ। ਸੰਤ ਕਾਹਨ ਸਿੰਘ ਦੀ ਸ਼ਖਸ਼ੀਅਤ ਤੋਂ ਪ੍ਰਭਾਵਤ ਹੋ ਕੇ ਸੰਤ ਗੁਪਾਲ ਸਿੰਘ ਨੇ ਆਪਣੀ ਪਤਨੀ (ਮਾਤਾ ਸਾਹਿਬ ਕੌਰ) ਨੂੰ ਇੱਕ ਚਿੱਠੀ ਲਿਖੀ। ਜਿਸ ਵਿੱਚ ਉਹਨਾਂ ਨੇ ਸੰਤਾਂ ਦੇ ਨਿਰਮਲ ਬਚਨ ਅਤੇ ਉਹਨਾਂ ਦੀ ਉੱਚ ਕੋਟੀ ਦੀ ਮਰਯਾਦਾ ਨੂੰ ਦੇਖਦੇ ਹੋਏ ਆਪਣੇ ਅਨੁਭਵ ਬਿਆਨ ਕੀਤੇ ਅਤੇ ਲਿਖਿਆ ਕਿ ਸਾਹਿਬ ਕੌਰੇ, ਬਿਨਾਂ ਗੁਰੂ ਤੋਂ ਮਨੁੱਖ ਮੁਕਤੀ ਨਹੀ ਪਾ ਸਕਦਾ। ਦੂਜੇ ਪਾਸੇ ਮਾਤਾ ਜੀ ਵੀ ਇਸ ਖਲਾਅ ਨੂੰ ਮਹਿਸੂਸ ਤਾਂ ਕਰਦੇ ਸੀ । ਇਸ ਬਾਰੇ ਸੰਤ ਇੰਦਰ ਸਿੰਘ ਚਕ੍ਰਵਰਤੀ ਨੇ ਵੀ ੧੮ ਮਾਘ ਸੰਮਤ ੧੯੮੯ ਦੇ ਸਤਿਜੁਗ ਦੇ ਬਸੰਤ ਅੰਕ ਨੰ: ੧ ਜਿਲਦ ੮ ਵਿੱਚ ਬੜੇ ਵਿਸਥਾਰ ਨਾਲ ਲਿਖਿਆ ਹੈ। ਚਕ੍ਰਵਰਤੀ ਜੀ ਲਿਖਦੇ ਹਨ ਕਿ ਉਹਨਾਂ ਨੇ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਨਾਲ, ਮਾਤਾ ਸਾਹਿਬ ਕੌਰ ਦੇ ਦਰਸ਼ਨ ਕੀਤੇ ਹਨ। ਉਹਨਾਂ ਲਿਖਿਆ ਹੈ ਕਿ, ਮਾਤਾ ਜੀ ਆਪਣੇ ਬਾਰੇ ਦੱਸਦੇ ਹੋਏ ਕਹਿੰਦੇ ਸਨ, "ਮੈਂ ਗੀਤਾ ਪੜ੍ਹ ਛੱਡਦੀ, ਸਾਧਾਂ ਨੂੰ ਮੱਥਾ ਟੇਕ ਛੱਡਦੀ, ਉਹ ਮੇਰੇ ਨਾਲ ਗਿਆਨ ਚਰਚਾ ਕਰ ਛੱਡਦੇ, ਮੈਨੂੰ ਪੰਡਤ ਆਖ ਟੁਰ ਜਾਂਦੇ, ਮੈਂ ਫੁੱਲੀ ਨਹੀਂ ਸੀ ਸਮਾਉਂਦੀ। ਮੈਨੂੰ ਆਪਣੇ ਸ਼ਾਸਤਰੀ ਗਿਆਨ ਉਪਰ ਮਾਣ ਸੀ।" ਕਥਨੀ

ਮਾਤਾ ਜੀ ਬਾਰੇ ਇਹ ਵੀ ਜਾਣਕਾਰੀ ਮਿਲੀ ਹੈ ਕਿ ਮਾਤਾ ਜੀ ਜ਼ਿਆਦਾਤਰ "ਅਹੰ-ਬ੍ਰਹਮ-ਸਮੀ" ਦਾ ਜਾਪ ਕਰਿਆ ਕਰਦੇ ਸਨ। ਹਮੇਸ਼ਾ, ਬ੍ਰਹਮ ਹੋ ਜਾਣ ਦੇ ਭਰਮ ਵਿਚ ਪਏ ਰਹਿੰਦੇ ਸੀ। ਇਸ ਕਰਕੇ ਹੀ ਮਾਤਾ ਜੀ ਵਿਦਵਤਾ ਦੇ ਅਸਰ ਹੇਠ ਅਹੰਕਾਰ ਮੱਤੀ ਅਤੇ ਹਠੀ ਸੁਭਾਅ ਦੇ ਹੋ ਚੁੱਕੇ ਸਨ। ਸੰਤ ਗੁਪਾਲ ਸਿੰਘ ਵਲੋਂ ਲਿੱਖੀ ਚਿੱਠੀ ਨੇ ਵੀ ਮਾਤਾ ਜੀ ਦੀ ਸੋਚ ਉਪਰ ਕੁੱਝ ਪ੍ਰਸ਼ਨ ਚਿੰਨ੍ਹ ਲਗਾਏ। ਸ਼ਾਇਦ ਇਸੇ ਅਸਰ ਹੇਠ ਹੀ ਇੱਕ ਰਾਤ ਸੁਪਨੇ ਦੇ ਅੰਦਰ ਮਾਤਾ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇ ਕੇ ਕਿਹਾ, "ਜੇ ਗੁਰੂ ਲੋੜਦੀ ਏਂ ਤਾਂ ਭੈਣੀ ਸਾਹਿਬ ਆਜਾ।" ਕਿਉਂ ਜੋ ਸਤਿਗੁਰੂ ਵੀ ਉਹਨਾਂ ਭਾਗਾਂ ਵਾਲਿਆਂ ਨੂੰ ਹੀ ਸੁਪਨਿਆਂ ਅੰਦਰ ਦਰਸ਼ਨ ਦੇਂਦੇ ਹਨ, ਜਿਨ੍ਹਾਂ ਦਾ ਚਿੰਤਨ ਉੱਚਾ ਹੋਵੇ। ਜਿਨ੍ਹਾਂ ਅੰਦਰ ਇਸ ਚੀਜ਼ ਦੀ ਤਾਂਘ ਹੋਵੇ। ਫਿਰ ਭਾਵੇਂ ਉਹ ਕਿਸੇ ਵੀ ਮੱਤ ਜਾਂ ਧਰਮ ਦਾ ਕਿਉਂ ਨਾ ਹੋਵੇ। ਮਾਤਾ ਜੀ ਇਸ ਸਵਪਨ ਤੋਂ ਬਹੁਤ ਪ੍ਰਭਾਵਤ ਹੋਏ। ਉਹਨਾਂ ਦੇ ਮਨ ਦੀ ਦਸ਼ਾ ਅਜੀਬ ਹੋ ਗਈ। ਹਰ ਸਮੇਂ ਉਹ ਇਸ ਸੁਪਨੇ ਬਾਰੇ ਹੀ ਸੋਚਦੇ ਰਹਿੰਦੇ। ਕਿ ਉਹ ਕੌਣ ਸੀ, ਜੋ ਸੁਪਨੇ ਵਿੱਚ ਆ ਕੇ ਆਖ ਕੇ ਗਿਆ ਕਿ, "ਜੇ ਗੁਰੂ ਲੋੜਦੀ ਹੈਂ ਤਾਂ ਭੈਣੀ ਸਾਹਿਬ ਆ ਜਾ।" ਦੁੱਧ ਚਿੱਟੇ ਸਫੇਦ ਬਸਤਰ, ਉਪਰ ਸੁੰਦਰ ਗੋਲ ਦਸਤਾਰਾ, ਗਲ ਵਿੱਚ ਉਨ ਦੀ ਮਾਲਾ, ਉਚਾ ਲੰਬਾ ਕੱਦ। ਸੁਰਾਹੀ ਵਰਗੀ ਧੌਣ। ਸੁੰਦਰ ਮੁਖੜਾ ਅਤੇ ਕੰਵਲ ਜਿਹੇ ਨੈਣ। ਚਿਹਰੇ ਉਪਰੋਂ ਨੂਰ ਡੁੱਲ੍ਹ ਡੁੱਲ੍ਹ

ਪੈਦਾ। ਇਹ ਕੌਣ ਹੈ, ਇਸਦਾ ਨਾਂ ਕੀ ਹੈ। ਇਸੇ ਤਰ੍ਹਾਂ ਦੀ ਭੰਨ-ਘੜਤ ਵਿੱਚ ਮਾਤਾ ਜੀ ਲੱਗੇ ਰਹਿੰਦੇ।

ਇੱਕ ਦਿਨ ਉਹਨਾਂ ਨੂੰ ਖਿਆਲ ਆਇਆ ਕਿ ਜਿਸ ਤਰ੍ਹਾਂ ਦੀ ਦਸਤਾਰ ਵਾਲਾ, ਮੈਨੂੰ ਦਰਸ਼ਨ ਦੇ ਕੇ ਗਿਆ ਹੈ, ਉਸੇ ਤਰ੍ਹਾਂ ਦੀ ਦਸਤਾਰ ਵਾਲਾ, ਲਾਗਲੇ ਪਿੰਡ ਵਿੱਚ ਵੀ ਇੱਕ ਆਦਮੀ ਰਹਿੰਦਾ ਹੈ। ਮਾਤਾ ਜੀ ਨੇ ਮਨ ਬਣਾਇਆ ਕਿ ਕਿਉਂ ਨਾ ਉਸ ਨੂੰ ਮਿਲਿਆ ਜਾਵੇ। ਸੋ ਮਾਤਾ ਜੀ ਉਸ ਪਿੰਡ ਜਾ ਕੇ ਉਸ ਆਦਮੀ ਨੂੰ ਮਿਲੇ ਜਿਹਨਾਂ ਦਾ ਨਾਂ ਸੰਤ ਜੱਸਾ ਸਿੰਘ ਸੀ। ਮਾਤਾ ਜੀ ਨੇ ਜਾ ਕੇ ਫਤ੍ਹੇ ਬੁਲਾਈ ਅਤੇ ਉਹਨਾਂ ਨੂੰ ਪੁਛਿਆ, "ਕਿ, ਸੰਤ ਜੀ ਜਿਸ ਤਰ੍ਹਾਂ ਦਾ ਦਸਤਾਰਾ ਤੁਸੀਂ ਸੁਜਾ ਰਖਿਆ ਹੈ, ਕੀ ਇਸ ਤਰ੍ਹਾਂ ਦਾ ਦਸਤਾਰਾ ਕੋਈ ਹੋਰ ਵੀ ਬੰਨ੍ਹਦਾ ਹੈ? ਅਤੇ ਜਿਸ ਤਰ੍ਹਾਂ ਦੀ ਮਾਲਾ ਤੁਸੀਂ ਗਲ ਵਿੱਚ ਪਾ ਰੱਖੀ ਹੈ, ਕੀ ਇਸ ਤਰ੍ਹਾਂ ਦਾ ਕੋਈ ਹੋਰ ਵੀ ਹੈ? ਸੰਤ ਜੱਸਾ ਸਿੰਘ ਨੇ ਕਿਹਾ, "ਹਾਂ ਜੀ ਬਹੁਤ ਹਨ।" ਤਾਂ ਮਾਤਾ ਜੀ ਨੇ ਕਿਹਾ, "ਕੀ ਉਸ ਸਥਾਨ ਦਾ ਨਾਂ ਭੈਣੀ ਸਾਹਿਬ ਹੈ? ਤਾਂ ਸੰਤ ਜੀ ਪੁੱਛਣ ਲੱਗੇ ਕਿ, "ਬੀਬੀ ਤੈਨੂੰ ਕਿਸ ਤਰ੍ਹਾਂ ਪਤਾ ਹੈ? ਤਾਂ ਮਾਤਾ ਜੀ ਕਿਹਾ ਕਿ, "ਮੈਨੂੰ ਇਕ ਬਹੁਤ ਸੁੰਦਰ ਮੁੱਖੜੇ ਵਾਲਾ, ਉੱਚਾ ਲੰਬਾ ਕੱਦ ਅਤੇ ਜਿਸਦੇ ਚਿਹਰੇ ਉਪਰ, ਨਾਂ ਬਿਆਨ ਕਰਨ ਵਾਲਾ ਨੂਰ ਝਲਕ ਰਿਹਾ ਸੀ, ਸੁਪਨੇ ਵਿਚ ਦਰਸ਼ਨ ਦੇਕੇ ਕਹਿ ਕੇ ਗਿਆ ਏ, ਕਿ ਜੇ ਗੁਰੂ ਲੋੜੀਂਦਾ ਹੈ ਤਾਂ ਭੈਣੀ ਸਾਹਿਬ ਆ ਜਾ।" ਇਹ ਸੁਣ ਕੇ ਸੰਤ ਜੱਸਾ ਸਿੰਘ ਬਹੁਤ ਖੁਸ਼ ਹੋਏ। ਫਿਰ ਸੰਤ ਜੀ ਨੇ ਮਾਤਾ ਨੂੰ ਕਿਹਾ ਕਿ "ਜੇਕਰ ਤੁਸੀਂ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਸ੍ਰੀ ਭੈਣੀ ਸਾਹਿਬ ਲੈ ਚਲਦਾ ਹਾਂ। ਇਸ ਪਿਛੋਂ ਮਾਤਾ ਜੀ, ਸੰਤ ਜੱਸਾ ਸਿੰਘ ਦੇ ਨਾਲ ਹੀ ਸ੍ਰੀ ਭੈਣੀ ਸਾਹਿਬ ਆਏ ਸੀ।

ਸੱਚੇ ਪਾਤਸ਼ਾਹ ਜੀ ਹੱਸਣ ਲੱਗੇ ਅਤੇ ਕਿਹਾ, "ਸਾਹਿਬ ਕੌਰੇ ਕੇਵਲ ਵਿਦਿਆ ਪੜ੍ਹ ਕੇ ਜਾਂ ਬੇਦ ਸ਼ਾਸਤਰ ਵਾਚ ਕੇ ਹੀ ਬ੍ਰਹਮ ਨਹੀਂ ਹੋ ਸਕੀਦਾ। ਬ੍ਰਹਮ ਹੋਣ ਲਈ ਕੋਈ ਯੁਕਤੀ ਚਾਹੀਦੀ ਹੈ ਅਤੇ ਉਹ ਯੁਕਤੀ ਕੇਵਲ ਸੱਚੇ ਗੁਰੂ ਕੋਲੋਂ ਹੀ ਮਿਲਦੀ ਹੈ। ਮਨੁੱਖ ਆਪਣੀ ਕੋਸ਼ਸ਼ ਨਾਲ ਤਿੰਨ ਪਦ ਤਾਂ ਹਾਸਲ ਕਰ ਸਕਦਾ ਹੈ, ਪਰ ਚੌਥੇ ਪਦ (ਤੁਰੀਆ ਪਦ) ਲਈ ਗੁਰੂ ਦੀ ਲੋੜ ਪੈਂਦੀ ਹੈ। ਅਗਲਾ ਮਾਰਗ ਕੇਵਲ ਗੁਰੂ ਹੀ ਦਿਖਾ ਸਕਦਾ ਹੈ।"

ਸ੍ਰੀ ਭੈਣੀ ਸਾਹਿਬ ਆਕੇ ਮਾਤਾ ਸਾਹਿਬ ਕੌਰ ਨੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ। ਮਾਤਾ ਜੀ ਸੱਚੇ ਪਾਤਸ਼ਾਹ ਜੀ ਤੋਂ ਬਹੁਤ ਪ੍ਰਭਾਵਤ ਹੋਏ। ਸ੍ਰੀ ਭੈਣੀ ਸਾਹਿਬ ਦੇ ਅਨੰਦਮਈ ਮਹੌਲ ਤੋਂ ਬਹੁਤ ਖੁਸ਼ ਹੋਏ। ਇਥੋਂ ਦੇ ਸਿੱਖ, ਇਥੋਂ ਦੀ ਮਰਿਯਾਦਾ ਅਤੇ ਸੁੱਧ ਸੋਧ ਦਾ ਮਾਤਾ ਜੀ ਦੇ ਮਨ ਉਪਰ ਬਹੁਤ ਅਸਰ ਹੋਇਆ। ਇਥੋਂ ਦਾ ਸ਼ਾਂਤ ਵਾਤਾਵਰਣ, ਸਾਦਗੀ ਅਤੇ ਧਰਮ ਦੀ ਉਚਤਾਈ ਨੇ, ਮਾਤਾ ਜੀ ਦੇ ਮਨ ਵਿੱਚ ਕੁਝ ਸਮਾਂ ਹੋਰ ਸ੍ਰੀ ਭੈਣੀ ਸਾਹਿਬ ਰਹਿਣ ਦੀ ਜਿਗਿਆਸਾ ਪੈਦਾ ਕੀਤੀ। ਉਧਰ ਸਤਿਗੁਰੂ ਰਾਮ ਸਿੰਘ ਜੀ ਨੇ ਸਾਧ ਸੰਗਤ ਨੂੰ ਨਾਲ ਲੈ ਕੇ ਸੰਮਤ ੧੯੧੮ ਬਿਕਰਮੀ ਦੀ ਵੈਸਾਖੀ ਦੀ ਅਰਧ ਕੁੰਭੀ ਤੇ ਜਾਣ ਦੀ ਤਿਆਰੀ ਕੀਤੀ ਹੋਈ ਸੀ। ਇਹੋ ਕਾਰਨ ਹੈ ਕਿ ਮਾਤਾ ਸਾਹਿਬ ਕੌਰ ਨੇ ਵੀ ਸੱਚੇ ਪਾਤਸ਼ਾਹ ਜੀ ਦੇ ਨਾਲ ਹੀ ਕੁੰਭ ਦੇ ਮੇਲੇ ਤੇ ਜਾਣ ਲਈ ਆਗਿਆ ਮੰਗੀ। ਸੱਚੇ ਪਾਤਸ਼ਾਹ ਜੀ ਦੇ ਆਗਿਆ ਦੇਣ ਤੇ ਮਾਤਾ ਨੇ ਵੀ ਨਾਲ ਹੀ ਜਾਣ ਦੀ ਤਿਆਰੀ ਕਰ ਲਈ ਅਤੇ ਚਾਲੇ ਪਾ ਦਿੱਤੇ। ਰਸਤੇ ਵਿੱਚ ਚਲਦਿਆਂ ਇੱਕ ਪੜਾਅ ਤੇ ਸੱਚੇ ਪਾਤਸ਼ਾਹ ਜੀ ਨੇ ਮਾਤਾ ਨੂੰ ਪੁਛਿਆ, "ਸਾਹਿਬ ਕੌਰੇ ਮੈਂ ਸੁਣਿਆ ਹੈ ਤੂੰ ਬੜੇ ਬੇਦ ਪੜ੍ਹੇ ਹਨ ਅਤੇ ਬੜਾ ਗਿਆਨ ਹਾਸਲ ਕੀਤਾ ਹੈ। ਇਤਨੀ ਵਿਦਿਆ ਹਾਸਲ ਕਰਕੇ, ਤੈਨੂੰ ਕੀ ਅਨੁਭਵ ਹੋਇਆ। ਤੇਰੇ ਵਿਚ. ਕੀ ਤਬਦੀਲੀ ਆਈ।" ਮਾਤਾ ਨੇ ਇਸ ਦੇ ਉਤਰ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਹਾ ਕਿ ਮੈਂ ਤਾਂ ਪੂਰਨ ਅਨੰਦ ਵਿੱਚ ਹਾਂ। ਮੇਰੀ ਕੋਈ ਇੱਛਾ ਬਾਕੀ ਨਹੀਂ ਰਹੀ। ਮੈਨੂੰ ਕੋਈ ਦੁੱਖ ਨਹੀਂ ਵਿਆਪਦਾ। ਮੈਂ ਇਸ ਸੰਸਾਰ ਦੇ ਦੁੱਖਾਂ ਕਲੇਸਾਂ ਤੋਂ ਉਪਰ ਉਠ ਚੁੱਕੀ ਹਾਂ। ਮੈਨੂੰ ਤਾਂ ਮਾਇਆ ਵੀ ਪ੍ਰਭਾਵਤ ਨਹੀਂ ਕਰਦੀ। ਕਿਉਂ ਜੋ ਮੇਰਾ ਮਨ ਹੀ ਬ੍ਰਹਮ ਬਣ ਚੁੱਕਾ ਹੈ।" ਇਹ ਉਤਰ ਸੁਣ ਕੇ ਸੱਚੇ ਪਾਤਸ਼ਾਹ ਜੀ ਹੱਸਣ ਲੱਗੇ ਅਤੇ ਕਿਹਾ, "ਸਾਹਿਬ ਕੌਰੇ ਕੇਵਲ ਵਿਦਿਆ ਪੜ੍ਹ ਕੇ ਜਾਂ ਬੇਦ ਸ਼ਾਸਤਰ ਵਾਚ ਕੇ ਹੀ ਬ੍ਰਹਮ ਨਹੀਂ ਹੋ ਸਕੀਦਾ। ਬ੍ਰਹਮ ਹੋਣ ਲਈ ਕੋਈ ਯੁਕਤੀ ਚਾਹੀਦੀ ਹੈ ਅਤੇ ਉਹ ਯੁਕਤੀ ਕੇਵਲ ਸੱਚੇ ਗੁਰੂ ਕੋਲੋਂ ਹੀ ਮਿਲਦੀ ਹੈ। ਮਨੁੱਖ ਆਪਣੀ ਕੋਸ਼ਸ਼ ਨਾਲ ਤਿੰਨ ਪਦ ਤਾਂ ਹਾਸਲ ਕਰ ਸਕਦਾ ਹੈ, ਪਰ ਚੌਥੇ ਪਦ (ਤੁਰੀਆ ਪਦ) ਲਈ ਗੁਰੂ ਦੀ ਲੋੜ ਪੈਂਦੀ ਹੈ। ਅਗਲਾ ਮਾਰਗ ਕੇਵਲ ਗੁਰੂ ਹੀ ਦਿਖਾ ਸਕਦਾ ਹੈ।" ਪਰ ਮਾਤਾ ਜੀ ਇਹ ਸੁਣ ਕੇ ਵੀ ਆਪਣੀ ਗੱਲ ਤੇ ਕਾਇਮ ਰਹੇ ਅਤੇ ਆਪਣੇ ਮਨ ਦੇ ਬ੍ਰਹਮ ਹੋਣ ਦੀ ਗੱਲ ਉਪਰ ਅੜੇ ਰਹੇ।

ਫਿਰ ਸੱਚੇ ਪਾਤਸ਼ਾਹ ਜੀ ਨੇ ਗੁਰਬਾਣੀ ਅਤੇ ਇਤਿਹਾਸ ਵਿਚੋਂ ਬਹੁਤ ਪ੍ਰਮਾਣ ਦੇ ਕੇ ਸਮਝਾਇਆ ਪਰ ਮਾਤਾ ਜੀ ਟੱਸ ਤੋਂ ਮੱਸ ਨਹੀਂ ਹੋਏ ਅਤੇ ਆਪਣੀ ਬਹਿਸ ਕਾਇਮ ਰੱਖੀ। ਫਿਰ ਵੀ ਸੱਚੇ ਪਾਤਸ਼ਾਹ ਜੀ ਨੇ ਹੋਰ ਕਿਤਨੇ ਹੀ ਪ੍ਰਮਾਣਾਂ ਨਾਲ ਮਾਤਾ ਨੂੰ ਸਮਝਾਇਆ। ਪਰ ਮਾਤਾ ਦੇ ਅਹੰਕਾਰ ਨੇ ਉਹਨਾਂ ਨੂੰ ਆਪਣੀ ਗੱਲ ਤੋਂ ਥੱਲੇ ਨਾ ਉਤਰਨ ਦਿੱਤਾ। ਉਤਰਦੇ ਵੀ ਕਿਵੇਂ? ਕਿਉਂ ਜੋ ਚਕ੍ਰਵਰਤੀ ਜੀ ਦੇ ਉਪਰੋਕਤ ਦਿੱਤੇ ਲੇਖ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਮਾਤਾ ਜੀ ਆਪ ਕਹਿੰਦੇ ਸੀ, ਕਿ ਮੈਂ ਤਾਂ ਗੁਰਬਾਣੀ ਨੂੰ ਅਨਪੜ੍ਹਾਂ ਦੀ ਬਾਣੀ ਸਮਝਦੀ ਸੀ।

ਬਹੁਤ ਬਹਿਸ ਤੋਂ ਬਾਅਦ ਸੱਚੇ ਪਾਤਸ਼ਾਹ ਜੀ ਨੇ ਆਪਣਾ ਜਲੌ ਅਤੇ ਜਲਾਲ ਦਿਖਾਉਣ ਲਈ ਅਤੇ ਮਾਤਾ ਦੀ ਪ੍ਰੀਖਿਆ ਲੈਣ ਲਈ ਤਿਆਰੀ ਕਰ ਲਈ। ਫਿਰ ਅਗਲੇ ਪੜਾਅ ਤੇ ਮਾਤਾ ਦੇ ਕਿਸੇ ਹੀਲੇ ਨਾਲ ਵੀ ਨਾਂ ਮੰਨਣ ਤੇ, ਸੱਚੇ ਪਾਤਸ਼ਾਹ ਜੀ ਨੇ ਕਿਹਾ ਕਿ , "ਠੀਕ ਹੈ ਸਾਹਿਬ ਕੌਰੇ ਹੁਣ ਤੇਰੀ ਪ੍ਰੀਖਿਆ ਲਵਾਂਗੇ। ਹੁਣ ਤੈਨੂੰ ਅਸੀਂ ਕੋਹੜ ਦੇਣ ਲੱਗੇ ਹਾਂ। ਤੂੰ ਆਪਣੀ ਤਿਆਰ ਕਰ ਲੈ।" ਤਾਂ ਮਾਤਾ ਜੀ ਨੇ ਕਿਹਾ, "ਮੈਂ ਤਿਆਰ ਹਾਂ ਜੀ।" ਬੱਸ ਫਿਰ ਕੀ ਸੀ। ਦੇਖਦੇ ਦੇਖਦੇ ਮਾਤਾ ਜੀ ਦੇ ਸਾਰੇ ਸਰੀਰ ਉਪਰ ਕੋਹੜ ਫੈਲ ਗਿਆ। ਕੋਹੜ ਨਾਲ ਸਰੀਰ ਜਲਣਾ

ੴ

ਸ਼ੁਰੂ ਹੋਇਆ। ਫੋੜਿਆਂ ਵਿਚੋਂ ਰਾਦ ਅਤੇ ਲਹੂ ਵਗਣਾ ਸ਼ੁਰੂ ਹੋ ਗਿਆ। ਮਾਤਾ ਜੀ ਨੇ ਇਸ ਸਭ ਨੂੰ ਬਹੁਤ ਸਹਾਰਨ ਦੀ ਕੋਸ਼ਿਸ਼ ਕੀਤੀ ਪਰ ਸਹਾਰ ਨਾ ਸਕੀ। ਅਖੀਰ ਚਾਰ ਪਹਿਰ ਬਾਅਦ ਮਾਤਾ ਨੇ ਕਿਹਾ, "ਸੱਚੇ ਪਾਤਸ਼ਾਹ ਜੀ ਹੁਣ ਤਾਂ ਬੱਸ ਹੋ ਚੁੱਕੀ ਹੈ। ਹੁਣ ਮੇਰੇ ਕੋਲੋਂ ਹੋਰ ਨਹੀਂ ਝੱਲਿਆ ਜਾਂਦਾ। ਕਿਰਪਾ ਕਰੋ, ਮੇਰਾ ਇਸ ਪਾਸੋਂ ਪਿੱਛਾ ਛੁਡਾਓ।" ਤਾਂ ਸੱਚੇ ਪਾਤਸ਼ਾਹ ਜੀ ਆਖਣ ਲੱਗੇ ਤੂੰ ਤਾਂ ਕਹਿੰਦੀ ਸੀ ਕਿ, "ਮੈਨੂੰ ਕੋਈ ਦੁੱਖ ਨਹੀਂ ਲਗਦਾ।" ਨਾ ਤਨ ਨੂੰ ਨਾ ਮਨ ਨੂੰ। ਫਿਰ ਹੁਣ ਕਿਉਂ ਦੁਖੀ ਹੋਈ ਜਾਂਨੀ ਏ।" ਮਾਤਾ ਨੇ ਕਿਹਾ, "ਹੁਣ ਮੇਰੇ ਕੋਲੋਂ ਬਰਦਾਸਤ ਨਹੀਂ ਹੁੰਦਾ। ਤੁਸੀਂ ਕਿਰਪਾ ਕਰੋ।" ਤਾਂ ਸੱਚੇ ਪਾਤਸ਼ਾਹ ਕਿਹਾ, "ਜਾਹ! ਇਹ ਗੜਬਾ ਲੈ ਜਾ ਅਤੇ ਇਸ ਨੂੰ ਦੂਰ ਜਾ ਕੇ ਡੋਲ੍ਹ ਆ, ਤੇਰਾ ਕੋਹੜ ਦੂਰ ਹੋ ਜਾਵੇਗਾ।" ਮਾਤਾ ਨੇ ਇਸੇ ਤਰ੍ਹਾਂ ਕੀਤਾ ਅਤੇ ਕੋਹੜ ਦੂਰ ਹੋ ਗਿਆ। ਮਾਤਾ ਫਿਰ ਤੋਂ ਰਾਜ਼ੀ ਹੋ ਗਈ।

ਫਿਰ ਅਗਲੇ ਪੜਾਅ ਤੇ ਜਾਕੇ ਸੱਚੇ ਪਾਤਸ਼ਾਹ ਜੀ ਮਾਤਾ ਸਾਹਿਬ ਕੌਰ ਨੂੰ ਪੁੱਛਣ ਲੱਗੇ, "ਕਿ ਸਾਹਿਬ ਕੌਰੇ, ਹੁਣ ਤੇਰੇ ਮਨ ਦੀ ਕੀ ਅਵਸਥਾ ਹੈ।" ਇਸ ਦੇ ਉੱਤਰ ਵਿੱਚ ਮਾਤਾ ਜੀ ਕਿਹਾ, "ਇਹ ਤਾਂ ਠੀਕ ਹੈ ਕਿ ਮੈਂ ਦੁਖੀ ਤਾਂ ਹੋਈ ਹਾਂ, ਪਰ ਮੈਂ ਬ੍ਰਹਮ ਤਾਂ ਹੋ ਚੁੱਕੀ ਹਾਂ।" ਤਾਂ ਪਾਤਸ਼ਾਹ ਕਹਿਣ ਲੱਗੇ, "ਸਾਹਿਬ ਕੌਰੇ ਤੇਰਾ ਅਹੰਕਾਰ ਤਾਂ ਹਾਲੇ ਵੀ ਨਹੀਂ ਗਿਆ। ਤੈਨੂੰ ਹੋਰ ਦਵਾਈ ਦੀ ਲੋੜ ਹੈ। ਚੱਲ ਫਿਰ ਤੈਨੂੰ ਨਰਕਾਂ ਦੇ ਦਰਸ਼ਨ ਕਰਵਾ ਦਿਆਂ।" ਮਾਤਾ ਨੇ ਕਿਹਾ, "ਠੀਕ ਹੈ ਜੀ ਕਰਾ ਦਿਓ।" ਬੱਸ ਕਹਿਣ ਦੀ ਦੇਰ ਸੀ ਕਿ ਸਾਰੇ ਸਰੀਰ ਉਪਰ ਬੇਅੰਤ ਕੀੜੇ ਫਿਰਨ ਲੱਗੇ ਅਤੇ ਲੱਗੇ ਮਾਸ ਨੂੰ ਖਾਣ। ਬੜੀ ਦੁਰਗੰਧ ਵਾਲੀ ਥਾਂ ਦਿਖਾ ਦਿੱਤੀ। ਮਾਤਾ ਨੂੰ ਅਜਿਹੀ ਥਾਂ ਉਪਰ ਖੜ੍ਹਾ ਹੋਣਾ ਮੁਸ਼ਕਲ ਹੋ ਗਿਆ। ਉਪਰੋਂ ਕੀੜੇ ਸਾਰੇ ਸਰੀਰ ਨੂੰ ਚੂੰਡਣ ਲੱਗੇ ਹੋਏ ਸੀ। ਮਾਤਾ ਬੇਹਾਲ ਹੋ ਗਈ ਅਤੇ ਲੱਗੀ ਦੁਹਾਈਆਂ ਦੇਣ, ਕਿ ਸੱਚੇ ਪਾਤਸ਼ਾਹ ਜੀ "ਮੇਰੇ ਨਾਲ ਇਸ ਤਰ੍ਹਾ ਨਾ ਕਰੋ। ਮੈਂ ਬਹੁਤ ਦੁਖੀ ਹਾਂ। ਕਿਰਪਾ ਕਰਕੇ ਮੈਨੂੰ ਇਹਨਾਂ ਕੀੜਿਆਂ ਤੋਂ ਬਚਾਓ।" ਸੱਚੇ ਪਾਤਸ਼ਾਹ ਕਹਿਣ ਲੱਗੇ, "ਸਾਹਿਬ ਕੌਰੇ ਬੜੀ ਛੇਤੀ ਹਾਰ ਮੰਨ ਲਈ। ਅੱਛਾ ਠੀਕ ਹੈ, ਲੈ ਜਾ ਗੜਬਾ, ਇਸ ਦੇ ਜਲ ਨਾਲ ਇਸ਼ਨਾਨ ਕਰ ਆ। ਸਭ ਠੀਕ ਹੋ ਜਾਵੇਗਾ।" ਮਾਤਾ ਦੇ ਇਸ਼ਨਾਨ ਕਰਨ ਨਾਲ ਸਾਰੇ ਕੀੜੇ ਖਤਮ ਹੋ ਗਏ। ਸਰੀਰ ਪੂਰਨ ਅਰੋਗ ਹੋ ਗਿਆ।

ਫਿਰ ਸੱਚੇ ਪਾਤਸ਼ਾਹ ਜੀ ਨੇ, ਮਾਤਾ ਸਾਹਿਬ ਕੌਰ ਨੂੰ ਪੁੱਛਿਆ ਕਿ, "ਸਾਹਿਬ ਕੌਰੇ ਹੁਣ ਤੇਰਾ ਕੀ ਖਿਆਲ ਹੈ। ਤੇਰਾ ਬ੍ਰਹਮ ਗਿਆਨ ਕੀ ਕਹਿੰਦਾ ਹੈ।" ਤਾਂ ਮਾਤਾ ਕਹਿਣ ਲੱਗੀ, "ਦੇਖੋ ਜੀ ਸਰੀਰ ਦੇ ਦੁੱਖ ਤਾਂ ਆਉਣੇ ਹੀ ਹੋਏ, ਪਰ ਬ੍ਰਹਮ ਗਿਆਨ ਤਾਂ ਇਸ ਤੋਂ ਪਰ੍ਹੇ ਦੀ ਚੀਜ਼ ਹੈ।" ਇਹ ਸੁਣ ਕੇ ਸੱਚੇ ਪਾਤਸ਼ਾਹ ਜੀ ਹੱਸੇ ਅਤੇ ਕਿਹਾ, "ਜੱਟੀਏ ਹਾਲੇ ਤੇਰਾ ਅਹੰਕਾਰ ਨਹੀਂ ਗਿਆ। ਤੇਰਾ ਰੋਗ ਬਹੁਤ ਵਧ ਚੁੱਕਿਆ ਹੈ। ਇਹ ਦਵਾਈਆਂ ਨਾਲ ਠੀਕ ਨਹੀਂ ਹੋ ਸਕਦਾ। ਹੁਣ ਤਾਂ ਇਲਾਜ ਨਸ਼ਤਰਾਂ (ਅਪਰੇਸ਼ਨ) ਨਾਲ ਹੀ ਕਰਨਾ ਪਵੇਗਾ।"

ਇਸ ਉਪਰੰਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮਾਤਾ ਨੂੰ ਕਿਹਾ ਕਿ ਸਾਹਿਬ ਕੌਰੇ ਤਿਆਰ ਹੋ ਜਾ। ਅਸੀਂ ਤੈਨੂੰ ਤੇਰੇ ਬੱਚੇ ਸਮੇਤ ਅੱਗ ਵਿੱਚ ਸਾੜਨ ਲੱਗੇ ਹਾਂ। ਤੇਰਾ ਸਰੀਰ ਸੜੇ ਬਿਨਾਂ ਤੇਰਾ ਅਹੰਕਾਰ ਨਹੀਂ ਜਾਣਾ। ਕੱਲ੍ਹ ਨੂੰ ਸਵੇਰੇ ਆਸਾ ਜੀ ਦੀ ਵਾਰ ਦੇ ਭੋਗ ਤੋਂ ਬਾਅਦ, ਤੈਨੂੰ ਤੇਰੇ ਬੱਚੇ ਸਮੇਤ ਚਿਖ਼ਾ ਵਿੱਚ ਬੈਠਾ ਕੇ ਅੱਗ ਲਾ ਦਿੱਤੀ ਜਾਵੇਗੀ। ਜਾਹ ਜਿਹੜਾ ਤੇਰੇ ਕੋਲੋਂ ਜ਼ੋਰ ਲਗਦਾ ਹੈ, ਲਗਾ ਲੈ। ਆਪਣੇ ਬ੍ਰਹਮ ਗਿਆਨ ਨੂੰ ਪ੍ਰਗਟ ਕਰ ਲੈ। ਤੇਰੇ ਪਾਸ ਸਭ ਕੁਝ ਕਰਨ ਲਈ ਪੂਰੀ ਰਾਤ ਪਈ ਹੈ। ਇਹ ਸੁਣਦਿਆਂ ਹੀ ਮਾਤਾ ਨੂੰ ਤ੍ਰੇਲੀਆਂ ਆਉਣੀਆਂ ਸ਼ੁਰੂ ਹੋ ਗਈਆਂ। ਮਾਤਾ ਸਮਝ ਰਹੀ ਸੀ ਕਿ ਜੋ ਮੈਨੂੰ ਖਿਨ ਭਰ ਵਿੱਚ ਕੋਹੜ ਦੇ ਸਕਦਾ ਹੈ, ਫਿਰ ਉਸੇ ਤਰ੍ਹਾਂ ਹਟਾ ਸਕਦਾ ਹੈ ਅਤੇ ਮੈਨੂੰ ਇਸੇ ਜੂਨੀ ਵਿਚ ਜਿਉਂਦਿਆਂ ਹੀ ਨਰਕ ਦੇ ਦੁੱਖ ਦਿਖਾ ਸਕਦਾ ਹੈ,ਉਹ ਮੈਨੂੰ ਜ਼ਰੂਰ ਜਿਉਂਦਿਆਂ ਸਾੜ ਵੀ ਦਏਗਾ। ਉਸਦੇ ਬੋਲਾਂ ਵਿੱਚ ਬੜੀ ਸਤਿਆ ਹੈ। ਉਸਦੀ ਸ਼ਖਸ਼ੀਅਤ ਵਿੱਚ ਇਤਨਾ ਰੋਅਬ ਦਾਅਬ ਹੈ ਕਿ ਕੋਈ ਵੀ ਉਸਨੂੰ ਉਸਦੇ ਮਨਸੂਬੇ ਤੋਂ ਨਹੀਂ ਹਟਾ ਸਕਦਾ। ਉਸਦੇ ਨੇਤਰਾਂ ਵਿੱਚ ਐਸਾ ਤੇਜ ਹੈ ਕਿ ਵੱਡੇ ਵੱਡੇ ਵੀ ਉਸਦੀ ਝਾਲ ਨਹੀਂ ਝੱਲ ਸਕਦੇ ਤਾਂ ਮੈਂ ਤਾਂ ਇਕ ਨਿਮਾਣੀ ਜਿਹੀ ਇਸਤਰੀ ਹਾਂ। ਮੈਂ ਕੀ ਕਰ ਸਕਦੀ ਹਾਂ। ਮਾਤਾ ਦੀ ਇਸ ਤਰ੍ਹਾਂ ਦੀ ਹਾਲਤ ਹੋ ਜਾਣ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਪੜਾਅ ਤੇ ਆ ਕੇ ਮਾਤਾ ਦਾ ਅਹੰਕਾਰ ਜੇਕਰ ਖਤਮ ਨਹੀਂ ਹੋਇਆ, ਤਾਂ ਘਟ ਜ਼ਰੂਰ ਗਿਆ ਹੋਵੇਗਾ। ਜੇਕਰ ਮਾਤਾ ਚਾਹੁੰਦੇ ਤਾਂ ਉਸੇ ਸਮੇਂ ਜਾ ਕੇ ਸਤਿਗੁਰਾਂ ਦੇ ਚਰਨ ਪਰਸਦੇ ਅਤੇ ਆਪਣੀ ਗਲਤੀ ਦਾ ਅਹਿਸਾਸ ਕਰਦੇ। ਪਰ ਇਹ ਹੋਣਾ ਨਹੀਂ ਸੀ ਕਿਉਂ ਜੋ ਇਹ ਕੌਤਕ ਸਤਿਗੁਰਾਂ ਨੇ ਕੇਵਲ ਮਾਤਾ ਦਾ ਅਹੰਕਾਰ ਤੋੜਨ ਲਈ ਹੀ ਨਹੀਂ ਸੀ ਕਰਨਾ। ਉਥੇ ਕੁੰਭ ਦਾ ਮੇਲਾ ਚੱਲ ਰਿਹਾ ਸੀ ਜਿਸ ਵਿੱਚ ਸਾਰੇ ਭਾਰਤ ਤੋਂ ਸਾਧੂ, ਸੰਤ, ਮਹਾਤਮਾ, ਰਿਸ਼ੀ-ਮੁਨੀ, ਪੰਡਿਤ, ਮੌਲਵੀ ਤੇ ਹੋਰ ਵਿਦਵਾਨ ਪੁਰਸ਼ ਪਹੁੰਚੇ ਹੋਏ ਸਨ। ਮੇਲੇ ਵਿੱਚ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ, ਬਿਰਧ, ਮਾਈਆਂ , ਬੀਬੀਆਂ, ਭਾਈ ਅਤੇ ਬੱਚੇ ਪਹੁੰਚੇ ਹੋਏ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਸ ਸਮੇਂ ਦੇ ਗੁਰੂ ਅਤੇ ਸ੍ਰਿਸ਼ਟੀ ਦੇ ਮਾਲਕ ਸਨ (ਅਤੇ ਅੱਜ ਵੀ ਹਨ)। ਕਿਉਂ ਜੋ ਦੁਨੀਆਂ ਦਾ ਇਹ ਰਟਨ ਹੀ ਹੈ ਕਿ ਜਦੋਂ ਤੱਕ ਕੋਈ ਚਮਤਕਾਰ ਨਾ ਹੋਵੇ ਤਾਂ ਕੋਈ ਛੇਤੀ ਕੀਤਿਆਂ ਮੰਨਦਾ ਨਹੀਂ। ਉਹਨਾਂ ਨੇ ਮਾਤਾ ਸਾਹਿਬ ਕੌਰ ਦਾ ਤਾਂ ਕਲਿਆਣ ਕਰਨਾ ਹੀ ਸੀ, ਇਸਦੇ ਨਾਲ-੨ ਉਥੇ ਪਹੁੰਚੇ ਅਨੇਕਾਂ ਸਾਧੂ ਸੰਤਾਂ ਨੂੰ ਇਹ ਅਹਿਸਾਸ ਦਵਾਉਣਾ ਸੀ, ਕਿ ਉਹ ਇਸ ਧਰਤੀ ਤੇ ਆ ਚੁੱਕਿਆ ਹੈ, ਜਿਸ ਦੀ ਤੁਸੀਂ ਸਤਿਜੁਗ ਤੋਂ ਲੈ ਕੇ ਉਡੀਕ ਕਰ ਰਹੇ ਸੀ।

ਸੱਚੇ ਪਾਤਸ਼ਾਹ ਜੀ ਦੇ ਇਸ ਰੋਹ ਭਰੇ ਐਲਾਨ ਨਾਲ, ਸੁਣਨ ਵਾਲਿਆਂ ਵਿੱਚ ਖਲਬਲੀ ਮੱਚ ਗਈ। ਜਿਹੜੇ ਤਾਂ ਸੱਚੇ ਪਾਤਸ਼ਾਹ ਜੀ ਨੂੰ ਪੂਰਨ ਸਮਝਦੇ ਸੀ,ਉਹ ਤਾਂ ਭਾਣਾ ਮੰਨ ਕੇ ਚੁੱਪ ਸਨ, ਪਰ ਜਿਨ੍ਹਾਂ ਨੂੰ ਹਾਲੀ ਅੱਖਾਂ ਨਹੀਂ ਸਨ ਮਿਲੀਆਂ, ਉਹ ਆਪੋ ਆਪਣੀਆਂ ਰਾਇਆਂ ਦੂਸਰੇ ਪਾਸ ਪਰਗਟ ਕਰ ਰਹੇ ਸਨ। ਹੋ ਸਕਦਾ ਹੈ ਕਿ ਬਹੁਤ ਸਾਰੇ ਲੋਕ ਅੰਦਰ ਖਾਤੇ ਇਸ ਦਾ ਵਿਰੋਧ ਵੀ ਕਰਦੇ ਹੋਣ ਕਿ ਇਹ ਕਿਹੜਾ ਧਰਮ ਹੋਇਆ ਜੋ ਜਿਉਂਦੇ ਮਾਂ ਅਤੇ ਬੱਚੇ ਨੂੰ ਅੱਗ ਵਿੱਚ ਸਾੜ੍ਹ ਦੇਵੇ। ਹੋ ਸਕਦਾ ਹੈ ਕੁਝ ਲੋਕਾਂ ਨੇ ਸੰਬੰਧਤ ਅਧਿਕਾਰੀਆਂ ਤਕ ਜਾਣ ਲਈ ਵੀ ਸੋਚਿਆ ਹੋਵੇ। ਪਰ ਸਤਿਗੁਰੂ ਦੇ ਕੰਮ ਵਿੱਚ ਕੌਣ ਅੜਿੱਕਾ ਪਾ ਸਕਦਾ ਹੈ।

ਦੂਸਰੇ ਪਾਸੇ ਮਾਤਾ ਜੀ ਦੀ ਬੇਚੈਨੀ ਵੀ ਵਧਦੀ ਜਾ ਰਹੀ ਸੀ। ਪੜਤਾਲ ਕਰਦਿਆਂ ਇਸ ਗੱਲ ਦਾ ਪਤਾ ਲੱਗਾ ਹੈ ਕਿ

ਮਾਤਾ ਜੀ ਨੇ ਆਪਣੇ ਪੋਤਰੇ ਕਰਤਾਰ ਸਿੰਘ ਦੇ ਪੁੱਛਣ ਤੇ ਇਹ ਦੱਸਿਆ ਕਿ ਜਦੋਂ ਮੇਰੇ ਲਈ ਇਹ ਹੁਕਮ ਹੋਇਆ ਤਾਂ ਮੈਂ ਬਹੁਤ ਡਰ ਗਈ ਸੀ ਅਤੇ ਜਾ ਕੇ ਉਸ ਥਾਂ ਤੇ ਪੈ ਗਈ ਜਿੱਥੇ ਮਾਈਆਂ ਬੀਬੀਆਂ ਦੇ ਸੌਣ ਲਈ ਜਗ੍ਹਾ ਬਣਾਈ ਹੋਈ ਸੀ। ਪਰ ਨੀਂਦ ਕਿਸ ਨੂੰ ਆਵੇ। ਕਦੀ ਮੈਂ ਪੈ ਜਾਂਦੀ, ਕਦੀ ਉੱਠ ਕੇ ਬੈਠ ਜਾਂਦੀ ਅਤੇ ਸੋਚਦੀ ਕਿ ਕਿਵੇਂ ਇਸ ਤੋਂ ਬਚਿਆ ਜਾਵੇ। ਪਰ ਮੈਨੂੰ ਕੋਈ ਰਾਹ ਨਹੀਂ ਸੀ ਲੱਭ ਰਿਹਾ। ਸਭ ਤੋਂ ਭਾਰਾ ਦੁੱਖ ਮੈਨੂੰ ਆਪਣੇ ਬੱਚੇ ਦੇ ਸੜ ਜਾਣ ਦਾ ਸੀ। ਮੈਂ ਵਾਰ-੨ ਆਪਣੇ ਬੱਚੇ ਨੂੰ ਛਾਤੀ ਨਾਲ ਲਾ ਕੇ ਘੁੱਟ ਕੇ ਪਿਆਰ ਕਰਦੀ ਅਤੇ ਸੋਚਦੀ ਕਿ ਸਾਡੀ ਮਾਂ-ਪੁੱਤ ਦੀ ਬਸ ਇਕੋ ਰਾਤ ਹੀ ਬਾਕੀ ਹੈ, ਫਿਰ ਪਤਾ ਨਹੀਂ ਉਸ ਤੋਂ ਬਾਅਦ ਕੀ ਬਣਨਾ ਹੈ। ਸੋਚਾਂ ਵਿੱਚ ਰਾਤ ਹੋਰ ਵੀ ਲੰਮੀ ਹੋ ਰਹੀ ਸੀ। ਫਿਰ ਮੈਂ ਆਪਣੇ ਚਾਰੇ ਪਾਸੇ ਪਈਆਂ ਮਾਈਆਂ-ਬੀਬੀਆਂ ਵੱਲ ਝਾਤੀ ਮਾਰੀ ਅਤੇ ਦੇਖਿਆ ਕਿ ਸਭ ਘੂਕ ਸੌਂ ਰਹੀਆਂ ਸਨ। ਜਿਵੇਂ ਕਿ ਉਹਨਾਂ ਲਈ ਕਿਸੇ ਦਾ ਜਲ ਕੇ ਮਰ ਜਾਣਾ ਕੋਈ ਖਾਸ ਮਹੱਤਵ ਨਹੀਂ ਸੀ ਰੱਖਦਾ। ਪਰ ਮੈਨੂੰ ਚੈਨ ਕਿੱਥੇ ਸੀ। ਫਿਰ ਮਨ ਬਣਿਆ, ਮੈਂ ਬੱਚੇ ਨੂੰ ਨਾਲ ਲੈ ਕੇ ਉਥੋਂ ਉੱਠ ਕੇ ਗੰਗਾ ਦੇ ਕੰਢੇ ਕੰਢੇ ਚਲ ਪਈ। ਅੱਗੇ ਜਾ ਕੇ ਵੇਖਿਆ ਕਿ ਇਕ ਛੋਟਾ ਜਿਹਾ ਕਮਰਾ ਬਣਿਆ ਹੋਇਆ ਹੈ, ਜਿਸ ਦੀ ਛੱਤ ਟੁੱਟੀ ਹੋਈ ਸੀ। ਮੈਂ ਆਪਣੇ ਪੁੱਤ ਨੂੰ ਲੈ ਕੇ ਉਸ ਵਿੱਚ ਵੜ ਕੇ ਬੈਠ ਗਈ। ਕੁੱਝ ਸਮੇਂ ਤੋਂ ਬਾਅਦ ਮੇਰੇ ਮਨ ਵਿੱਚ ਖਿਆਲ ਆਇਆ ਕਿ ਮੈਂ ਸਤਿਗੁਰੂ ਤੋਂ ਭੱਜ ਕੇ ਜਾ ਵੀ ਕਿੱਥੇ ਸਕਦੀ ਹਾਂ। ਸਤਿਗੁਰੂ ਤਾਂ ਕੁੱਲ ਸ੍ਰਿਸ਼ਟੀ ਦਾ ਮਾਲਕ ਹੁੰਦਾ ਹੈ। ਉਸ ਤੋਂ ਕੀ ਛੁਪਿਆ ਹੈ। ਇਹ ਸੋਚ ਕੇ ਮੈਂ ਫਿਰ ਵਾਪਿਸ ਡੇਰੇ ਆ ਗਈ। ਡੇਰੇ ਆ ਕੇ ਦੇਖਿਆ ਤਾਂ ਸਭ ਮਾਈਆਂ-ਬੀਬੀਆਂ ਉਸੇ ਤਰ੍ਹਾਂ ਸੁੱਤੀਆਂ ਹੋਈਆਂ ਸਨ। ਮਾਤਾ ਦੇ ਵਾਪਿਸ ਮੁੜ ਆਉਣ ਤੋਂ ਇਹ ਲਗਦਾ ਹੈ ਕਿ ਮਾਤਾ ਜੀ, ਸੱਚੇ ਪਾਤਸ਼ਾਹ ਜੀ ਨੂੰ ਪ੍ਰਮਾਤਮਾ ਅਤੇ ਆਪਣਾ ਰਹਿਬਰ ਮੰਨ ਚੁੱਕੇ ਸਨ।

ਦਿਨ ਭਰ ਦੀ ਚਹਿਲ-ਪਹਿਲ, ਭੀੜ-ਭੜੱਕਾ ਅਤੇ ਕਾਵਾਂ-ਰੌਲੀ ਇਸ ਸਮੇਂ ਤੱਕ ਲਗਪਗ ਰੁਕ ਚੁੱਕੀ ਸੀ। ਦਿਨ ਭਰ ਦੀ ਥਕਾਨ ਨਾਲ ਲੁਕਾਈ ਮਿੱਠੀ ਨੀਂਦ ਵਿੱਚ ਸੁੱਤੀ ਹੋਈ ਸੀ। ਸਭ ਪਾਸੇ ਸੁੰਨ-ਸਾਨ ਸੀ। ਰਾਤ ਦੇ ਤੀਸਰੇ ਪਹਿਰ ਪ੍ਰਭੂ ਦੇ ਪਿਆਰੇ ਕੁੱਝ ਸਾਧੂ-ਸੰਤ ਗੰਗਾ ਵਿੱਚ ਇਸ਼ਨਾਨ ਕਰ ਰਹੇ ਸਨ ਜਾਂ ਫਿਰ ਆਪਣੀ ਬਿਰਤੀ ਆਪਣੇ ਪ੍ਰੀਤਮ ਨਾਲ ਜੋੜ ਕੇ ਪਰਮ-ਅਨੰਦ ਦੀ ਮੌਜ ਮਾਣ ਰਹੇ ਸਨ। ਕੁੱਝ ਹੋਰ ਈਸ਼ਵਰ ਦੀ ਆਸਥਾ ਵਾਲੇ ਪ੍ਰੇਮੀ, ਭਗਤ-ਜਨ, ਇਸ਼ਨਾਨ ਕਰਨ ਜਾਂ ਆਪਣੇ ਈਸ਼ਵਰ ਨਾਲ ਇੱਕ-ਮਿੱਕ ਹੋਣ ਲਈ ਪ੍ਰਯਤਨਸ਼ੀਲ ਸਨ। ਪਰ ਇਸ ਸਭ ਤੋਂ ਹਟ ਕੇ ਇੱਕ ਇਕਾਂਤ ਥਾਂ ਉੱਪਰ ਕੁੱਝ ਵਿਰਲੇ ਹੀ ਮਨੁੱਖ ਦੁੱਧ-ਚਿੱਟੇ ਵਸਤਰ ਪਾਈਂ, ਸਣ-ਕੇਸੀ ਇਸ਼ਨਾਨ ਕਰ, ਮਾਲਾ ਹੱਥ ਵਿੱਚ ਲੈ, ਉਚੇ ਆਸਣ ਉੱਪਰ ਬੈਠੀ ਇੱਕ ਅਲੌਕਿਕ ਮਨੁੱਖ-ਦੇਹੀ(ਸ੍ਰੀ ਸਤਿਗੁਰੂ ਰਾਮ ਸਿੰਘ ਜੀ) ਨੂੰ ਨਤ-ਮਸਤਕ ਹੋ ਰਹੇ ਸਨ। ਇੱਕ ਪਾਸੇ ਬੜੀਆਂ ਮਿੱਠੀਆਂ ਸੁਰਾਂ ਅੰਦਰ ਤੰਤੀ ਸਾਜ਼ਾਂ ਦੀ ਝਣਕਾਰ ਅਤੇ ਬੜਾ ਮਨ-ਮੋਹਕ ਸ਼ਬਦ ਕੀਰਤਨ ਹੋ ਰਿਹਾ ਸੀ। ਆਸਾ ਜੀ ਦੀ ਵਾਰ ਦਾ ਅਨੰਦ ਮਾਨਣ ਲਈ ਕਈ ਦੇਵੀ ਦੇਵਤੇ ਵੀ ਗੁਰੂ-ਚਰਨਾਂ ਵਿੱਚ ਆਪਣੀ ਹਾਜ਼ਰੀ ਭਰ ਰਹੇ ਸਨ। ਸੰਗੀਤ ਦੀਆਂ ਲਹਿਰਾਂ, ਗੰਗਾ ਵਿੱਚ ਉੱਠ ਰਹੀਆਂ ਹਲਕੀਆਂ-੨ ਲਹਿਰਾਂ ਨਾਲ ਇਸ ਤਰ੍ਹਾਂ ਸਮਾ ਰਹੀਆਂ ਸਨ, ਜਿਵੇਂ ਕਿ ਮਾਤਾ ਗੰਗਾ ਆਪ ਇਸ ਸੰਗੀਤ ਦੀ ਮਸਤੀ ਨਾਲ ਝੂਮਣ ਲੱਗ ਪਈ ਹੋਵੇ। ਇਸ ਸੰਗੀਤ ਅਤੇ ਨਾਮ-ਸਿਮਰਨ ਦੇ ਵਿਲੱਖਣ ਸੁਮੇਲ ਨੇ ਹੋਰ ਵੇਖਣ ਵਾਲਿਆਂ ਉੱਪਰ ਵੀ ਐਸਾ ਪ੍ਰਭਾਵ ਪਾਇਆ ਕਿ ਬਦੋ-ਬਦੀ ਸੁਣਨ ਵਾਲੇ ਮਨੁੱਖ, ਚੁੰਬਕ ਦੀ ਖਿੱਚ ਦੀ ਤਰ੍ਹਾਂ, ਇਸੇ ਪਾਸੇ ਨੂੰ ਖਿੱਚੇ ਜਾਣ ਲੱਗ ਪਏ। ਚੌਥੇ ਪਹਿਰ ਦੇ ਖ਼ਤਮ ਹੋਣ ਤੋਂ ਕਾਫ਼ੀ ਸਮਾਂ ਪਹਿਲਾਂ ਹੀ ਆਸਾ ਜੀ ਦੀ ਵਾਰ ਦਾ ਭੋਗ ਪਿਆ ਅਤੇ ਅਰਦਾਸ ਹੋਈ।

ਉਸ ਉਪਰੰਤ ਸੱਚੇ ਪਾਤਸ਼ਾਹ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਹਜ਼ੂਰ ਖੜ੍ਹੇ ਇੱਕ ਸੇਵਕ ਚੈਨ ਸਿੰਘ ਨੂੰ ਕਿਹਾ, "ਚੈਨ ਸਿੰਘ, ਜੱਟੀ ਨੂੰ ਬੁਲਾਓ।" ਚੈਨ ਸਿੰਘ ਨੇ ਉੱਤਰ ਵਿੱਚ ਕਿਹਾ, "ਸੱਚੇ ਪਾਤਸ਼ਾਹ ਜੀ, ਬੀਬੀ ਸਾਹਿਬ ਕੌਰ ਤਾਂ ਅੱਜ ਆਸਾ ਜੀ ਦੀ ਵਾਰ ਵਿੱਚ ਵੀ ਨਹੀਂ ਆਈ।" ਤਾਂ ਸੱਚੇ ਪਾਤਸ਼ਾਹ ਨੇ ਚੈਨ ਸਿੰਘ ਨੂੰ, ਮਾਤਾ ਜੀ ਨੂੰ ਲੱਭ ਲਿਆਉਣ ਦਾ ਹੁਕਮ ਲਾਇਆ। ਅਤੇ ਨਾਲ ਹੀ ਗੰਗਾ ਦੇ ਕਿਨਾਰੇ ਇੱਕ ਬੜਾ ਵੱਡਾ ਲੱਕੜਾਂ ਦਾ ਅੰਗੀਠਾ ਬਣਾਉਣ ਦਾ ਹੁਕਮ ਦਿੱਤਾ। ਹੁਕਮ ਹੁੰਦਿਆਂ ਹੀ, ਕਾਰਜ-ਪੂਰਤੀ ਲਈ ਸਭ ਤਿਆਰੀਆਂ ਸ਼ੁਰੂ ਹੋ ਗਈਆਂ। ਇਸ ਬਾਰੇ ਸੰਤ ਇੰਦਰ ਸਿੰਘ ਚੱਕਰਵਰਤੀ ਜੀ ਨੇ ੧੮ ਮਾਘ ਸੰਮਤ ੧੯੮੯ ਦੇ ਬਸੰਤ ਅੰਕ ਵਿੱਚ ਹਵਾਲਾ ਦਿੱਤਾ ਹੈ ਕਿ, ਮਾਤਾ ਜੀ ਮੁਨੇਰ੍ਹੇ ਹੀ ਡੇਰੇ ਵਿਚੋਂ ਨਿਕਲ ਕੇ ਕਿਸੇ ਪਾਸੇ ਨੂੰ ਚੱਲ ਪਏ। ਮਾਤਾ ਨੂੰ ਸ਼ਾਇਦ ਇਸ ਸਮੇਂ ਆਪਣੇ ਨਾਲੋਂ ਆਪਣੇ ਪੁੱਤਰ ਦੀ ਜਾਨ ਦਾ ਜ਼ਿਆਦਾ ਸੰਸਾ ਹੋਣ ਕਰਕੇ ਇਹ ਕਦਮ ਉਠਾਉਣਾ ਪਿਆ। ਮਾਤਾ ਜੀ ਮੇਲੇ ਤੋਂ ਦੂਰ ਉੱਤਰ ਵਾਲੇ ਪਾਸੇ ਘਣੇ ਜੰਗਲ ਵਿੱਚ ਇੱਕ ਪੱਥਰ ਉੱਪਰ ਜਾ ਕੇ ਬੈਠ ਗਈ। ਆਪਣੇ ਬਾਲ ਨੂੰ ਗੋਦੀ ਵਿੱਚ ਪਾ ਕੇ, ਮਨ ਅੰਦਰ ਉੱਠ ਰਹੀਆਂ ਵਿਚਾਰਾਂ ਦੀਆਂ ਘੁੰਮਣ-ਘੇਰੀਆਂ ਵਿੱਚ ਫਸੀ ਹੋਈ ਕਿਸੇ ਨਤੀਜੇ ਉੱਪਰ ਨਹੀਂ ਸੀ ਪਹੁੰਚ ਰਹੀ। ਕਦੀ ਨਿਰਮਲੇ ਸੰਤਾਂ ਦੇ ਡੇਰੇ ਜਾ ਕੇ ਸ਼ਰਣ ਲੈਣ ਲਈ ਸੋਚਦੀ। ਕਦੀ ਇੱਥੇ ਆ ਕੇ ਅਜੀਬ ਸਥਿਤੀ ਵਿੱਚ ਫਸ ਜਾਣ ਲਈ ਆਪਣੇ ਆਪ ਨੂੰ ਕੋਸਦੀ। ਕਦੀ ਸਤਿਗੁਰਾਂ ਦੇ ਦਰਸ਼ਨਾਂ ਅਤੇ ਉਹਨਾਂ ਵਲੋਂ ਕੀਤੇ ਚੋਜਾਂ ਨੂੰ ਧਿਆਨ ਵਿੱਚ ਲਿਆ ਕੇ ਵਾਪਿਸ ਡੇਰੇ ਮੁੜ ਜਾਣ ਲਈ ਸੋਚਦੀ। ਇਸ ਬਾਰੇ ਚੱਕਰਵਰਤੀ ਜੀ ਲਿਖਦੇ ਹਨ ਕਿ ਮਾਤਾ ਜੀ ਦੇ ਮਨ ਅੰਦਰ ਸਤਿਗੁਰੂ ਰਾਮ ਸਿੰਘ ਜੀ ਦੇ ਉਚਾਰੇ ਇਹ ਪਵਿੱਤਰ ਸ਼ਬਦ ਵਾਰ-੨ ਗੂੰਜ ਰਹੇ ਸਨ ਕਿ, "ਜੱਟੀਏ, ਜਿਨ੍ਹਾਂ ਨੂੰ ਇਹਨਾਂ ਹੱਥਾ ਦੀਆਂ ਲੱਗ ਗਈਆਂ, ਉਹਨਾਂ ਦਾ ਜਨਮ-ਮਰਨ ਕੱਟਿਆ ਗਿਆ।" ਕਦੀ ਇਹ ਵੀ ਸੋਚਦੀ ਕਿ ਹੁਣ ਸਮਾਂ ਆਇਆ ਹੈ ਕਿ ਮੈਨੂੰ ਵੀ ਉਹ ਹੱਥ ਲੱਗਣ, ਮੇਰਾ ਵੀ ਜੰਮਣ-ਮਰਨ ਕੱਟਿਆ ਜਾਵੇ। ਪਰ ਫਿਰ ਬੱਚਿਆਂ ਦੇ ਮੋਹ ਵਿੱਚ ਫਸੀ ਢੇਰੀ ਢਾਹ ਲੈਂਦੀ। ਮਾਤਾ ਜੀ ਨੂੰ ਸਤਿਗੁਰਾਂ ਵਲੋਂ ਇਕ ਦਿਨ ਸੋਦਰ ਦੇ ਦੀਵਾਨ ਮਗਰੋਂ ਆਪਣੇ ਕੋਲ ਬੁਲਾ ਕੇ ਕੀਤੇ ਇਹ ਬਚਨ ਕਿ, "ਜੱਟੀਏ, ਤਿਆਰ ਹੋ ਜਾ, ਤੈਨੂੰ ਤੇ ਤੇਰੇ ਪੁਤ ਨੂੰ ਸ਼ਹੀਦੀ ਮੁਰਾਤਬਾਂ ਬਖ਼ਸ਼ਾਂਗੇ। ਅੱਗ ਵਿੱਚ ਰੱਖ ਕੇ ਇਹ ਪ੍ਰੀਖਿਆ ਲਵਾਂਗੇ ਕਿ ਆਤਮਾ ਸਤ ਹੈ ਜਾਂ ਅਸਤ।" ਸਤਿਗੁਰਾਂ ਨਾਲ ਹੋਈ ਆਪਣੀ ਭੇਂਟ ਨੂੰ ਯਾਦ ਕਰਕੇ ਮਾਤਾ ਬੜੀ ਉਲਝਣ ਵਿੱਚ ਪੈ ਜਾਂਦੀ। ਉਹਨਾਂ ਨੂੰ ਯਾਦ ਆਇਆ ਕਿ ਜਦੋਂ ਉਸ ਨੇ ਸਤਿਗੁਰਾਂ ਸਾਹਮਣੇ ਆਪਣੀ ਪੰਡਿਤਾਈ ਦਿਖਾਉਣ ਦੀ ਕੋਸ਼ਿਸ਼ ਕੀਤੀ, ਤਾਂ ਸੱਚੇ ਪਾਤਸ਼ਾਹ ਜੀ ਦੀ ਇੱਕੋ ਨਜ਼ਰ ਨੇ ਕਿਵੇਂ ਬੇਹਾਲ ਕਰ ਦਿੱਤੀ ਸੀ। ਸਭ ਕੁਝ ਭੁੱਲ ਗਿਆ ਸੀ। ਹੱਥ-ਪੈਰ

ਸੋਣ ਲੱਗੇ ਸਨ। ਮੱਥੇ ਉੱਪਰ ਤ੍ਰੇਲੀਆਂ ਆ ਗਈਆਂ ਸਨ। ਪੜ੍ਹੀ ਵਿਦਿਆ ਅਤੇ ਸਾਰਾ ਗਿਆਨ ਵਿਸਰਦਾ ਜਾਂਦਾ ਸੀ। ਤਾਂ ਸੱਚੇ ਪਾਤਸ਼ਾਹ ਜੀ ਨੇ ਉਸਦੀ ਇਹ ਹਾਲਤ ਜਾਣਦਿਆਂ ਹੋਇਆਂ ਕਿਵੇਂ ਕਿਰਪਾ ਕਰਕੇ ਨਾਮ ਦੀ ਦਾਤ ਦੀ ਬਖ਼ਸ਼ਿਸ਼ ਕੀਤੀ ਸੀ ਅਤੇ ਭਜਨ ਕਰਨ ਅਤੇ ਬਾਣੀ ਪੜ੍ਹਨ ਦੀ ਪ੍ਰੇਰਣਾ ਦਿੱਤੀ ਸੀ। ਇਹ ਸਭ ਸੋਚ ਕੇ ਮਾਤਾ ਜੀ ਵਾਪਿਸ ਸੱਚੇ ਪਾਤਸ਼ਾਹ ਜੀ ਦੇ ਚਰਣਾਂ ਵਿੱਚ ਹਾਜ਼ਿਰ ਹੋਣ ਲਈ ਮਨ ਬਣਾਉਂਦੇ। ਨਾਲ ਹੀ ਮਨ ਵਿੱਚ ਇਹ ਵਿਚਾਰ ਵੀ ਕਰਦੇ ਕਿ ਸੱਚੇ ਪਾਤਸ਼ਾਹ ਜੀ ਇਤ੍ਰਨੇ ਨਿਰਦਈ ਨਹੀਂ ਹੋ ਸਕਦੇ। ਮੈਨੂੰ ਕੇਵਲ ਪਰਖ ਰਹੇ ਹਨ। ਫਿਰ ਨਾਲੋ ਨਾਲ ਇਹ ਵੀ ਸੋਚਦੇ ਕਿ ਅੱਜ ਕੱਲ੍ਹ, ਸੱਚੇ ਪਾਤਸ਼ਾਹ ਬੜੀ ਮਸਤ ਬਿਰਤੀ ਵਿਚ ਵਿਚਰ ਰਹੇ ਹਨ। ਜੋ ਵੀ ਕਰ ਦੇਣ ਥੋੜ੍ਹਾ ਹੈ। ਕਿਵੇਂ ਗੋਲੀ ਨੂੰ ਅੱਗ ਲਗਾਈ, ਪਰ ਕਿਸੇ ਕੋਲੋਂ ਨਾ ਚੁੱਕੇ ਜਾਣ ਤੇ ਆਪਣੇ ਹੀ ਛੋਟੇ ਭਰਾ (ਸਤਿਗੁਰੂ ਹਰੀ ਸਿੰਘ ਜੀ) ਨੂੰ ਬੁਲਾ ਕੇ ਇਹ ਕਹਿਣਾ ਕਿ, "ਬੁੱਧ ਸਿੰਘ, ਇਹ ਤੇਰੇ ਅਤੇ ਮੇਰੇ ਤੋਂ ਸਿਵਾ ਕਿਸੇ ਤੋਂ ਨਹੀਂ ਚੁੱਕੀ ਜਾਣੀ।" ਅਤੇ ਫਿਰ ਦੋਵਾਂ ਨੇ ਗੋਲੀ ਚੁੱਕ ਕੇ ਕਿਵੇਂ ਗੰਗਾ ਵਿੱਚ ਵਗਾਹ ਮਾਰੀ ਸੀ।

ਕਦੀ ਪੋਨੇ ਗੰਨੇ ਦੇਣਾ, ਜੋ ਨਾ ਲਵੇ, ਉਹ ਗੰਨਾ ਉਸੇ ਦੇ ਹੀ ਮਾਰਨਾ। ਜਦੋਂ ਕੁੰਭ ਦੇ ਮੇਲੇ ਲਈ ਚਾਲੇ ਪਾਏ ਸੀ ਤਾਂ ਪਹਿਲਾ ਪੜਾਅ ਖੰਨੇ ਕੀਤਾ ਸੀ। ਹਵਨ ਕਰਨ ਲੱਗਿਆਂ ਅੱਗ ਉੱਪਰ ਪਾਣੀ ਦਾ ਗੜ੍ਹਬਾ ਪਾ ਕੇ ਅੱਗ ਬੁਝਾ ਦਿੱਤੀ ਅਤੇ ਫਿਰ ਕਿਹਾ, "ਜਗ!" ਉਸੇ ਸਮੇਂ ਅੱਗ ਲਟ-੨ ਕਰ ਕੇ ਜਗ ਪਈ ਅਤੇ ਇਹ ਬਚਨ ਕੀਤੇ ਕਿ ਅੱਗ ਵੀ ਮੇਰੇ ਹੁਕਮ ਅੰਦਰ ਹੈ।

ਇੱਕ ਦਿਨ ਬਾਬਾ ਕਾਨ੍ਹ ਸਿੰਘ ਨੂੰ ਕੁੱਟ ਕੇ ਬਾਅਦ ਵਿੱਚ ਪੁੱਛਣ ਲੱਗੇ, "ਤੈਨੂੰ ਪਤਾ ਹੈ, ਤੈਨੂੰ ਤੇਰੇ ਕਿਹੜੇ ਗੁਨਾਹ ਉੱਪਰ ਮਾਰਿਆ ਹੈ?" ਤਾਂ ਬਾਬਾ ਜੀ ਨੇ ਕਿਹਾ, "ਸੱਚੇ ਪਾਤਸ਼ਾਹ ਜੀ, ਗੁਨਾਹਾਂ ਦੀ ਕੋਈ ਗਿਣਤੀ ਨਹੀਂ। ਆਪ ਸਭ ਕੁਝ ਜਾਣਦੇ ਹੋ। ਮੈਂ ਕੀ ਆਖ ਸਕਦਾ ਹਾਂ।" ਇਸੇ ਤਰ੍ਹਾਂ ਦੇ ਕੀਤੇ ਚੋਜਾਂ ਨੂੰ ਯਾਦ ਕਰਕੇ ਮਾਤਾ ਜੀ ਬਿਹਬਲ ਹੋ ਜਾਂਦੇ। ਉਸੇ ਸਮੇਂ ਹੀ ਸੰਤ ਚੈਨ ਸਿੰਘ ਲੱਭਦੇ-੨ ਉਸ ਥਾਂ ਤੇ ਜਾ ਪਹੁੰਚੇ ਅਤੇ ਮਾਤਾ ਜੀ ਨੂੰ ਸੱਚੇ ਪਾਤਸ਼ਾਹ ਜੀ ਵੱਲੋਂ ਲਾਇਆ ਹੁਕਮ ਸੁਣਾ ਦਿੱਤਾ। ਉਥੇ ਕੁਝ ਸਮੇਂ ਮਾਤਾ ਜੀ ਸੰਤ ਚੈਨ ਸਿੰਘ ਨਾਲ ਵਿਚਾਰ ਵਟਾਂਦਰਾ ਕਰਦੇ ਰਹੇ। ਆਖ਼ਰ ਹਾਰ ਮੰਨ ਕੇ ਅਤੇ ਭਾਣਾ ਮੰਨਦੇ ਹੋਏ ਸੰਤ ਚੈਨ ਸਿੰਘ ਨਾਲ ਵਾਪਸ ਡੇਰੇ ਵੱਲ ਚੱਲ ਪਏ।

ਦੂਸਰੇ ਪਾਸੇ ਇੱਕ ਹੋਰ ਪੱਖ ਤਮਾਸ਼ਬੀਨਾਂ ਦਾ ਵੀ ਸੀ। ਜੋ ਕਿ ਇਹ ਨਜ਼ਾਰਾ ਵੇਖਣ ਲਈ ਰਾਤ ਤੋਂ ਹੀ ਉਤਾਵਲੇ ਹੋਏ ਪਏ ਸਨ। ਮਾਤਾ ਜੀ ਸੰਤ ਚੈਨ ਸਿੰਘ ਨਾਲ ਗੰਗਾ ਦੇ ਕਿਨਾਰੇ ਬਣਾਏ ਅੰਗੀਠੇ ਦੇ ਪਾਸ ਪਹੁੰਚ ਗਏ। ਅੱਗੇ ਸੱਚੇ ਪਾਤਸ਼ਾਹ ਜੀ ਕਮਰ ਕਛਿਹਰਾ, ਮੋਢਿਆਂ ਉੱਤੋਂ ਦੀ ਪਰਨੇ ਦਾ ਕਮਰ-ਕਸਾ ਸਿਰ ਉਪਰ ਸੁੰਦਰ ਦਸਤਾਰਾ ਅਤੇ ਮੋਢੇ ਉਪਰ ਬਾਂਸ ਦੀ ਡਾਂਗ ਰੱਖੀ ਇਹਨਾਂ ਦਾ ਇੰਤਜ਼ਾਰ ਕਰ ਰਹੇ ਸਨ।

ਮਾਤਾ ਸਾਹਿਬ ਕੌਰ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਸੀਸ ਨਿਵਾਉਂਦਿਆਂ, ਹੱਥ ਜੋੜ ਇਹ ਬੇਨਤੀ ਕੀਤੀ, "ਸੱਚੇ ਪਾਤਸ਼ਾਹ ਜੀਓ, ਜੋ ਤੁਸੀਂ ਕਰਨ ਲੱਗੇ ਹੋ, ਬਰਦਾਸ਼ਤ ਤੋਂ ਬਾਹਰ ਦੀ ਗੱਲ ਹੈ। ਠੀਕ ਹੈ, ਮੈਂ ਆਪ ਜੀ ਦੇ ਹੁਕਮ ਤੇ ਫੁੱਲ ਚੜ੍ਹਾਉਂਦੀ ਹਾਂ ਅਤੇ ਚਿਖਾ ਵਿੱਚ ਬੈਠਣ ਲਈ ਤਿਆਰ ਹਾਂ, ਪਰ ਕ੍ਰਿਪਾ ਕਰਕੇ, ਮੇਰੀ ਇੱਕ ਅਰਜ਼ ਮੰਨ ਲਓ। ਮੇਰੇ ਲਾਲ ਨੂੰ ਮੇਰੀ ਗੋਦ ਵਿੱਚ ਨਾ ਬੈਠਾਓ। ਮੈਂ ਮਰਨ ਲਈ ਤਿਆਰ ਹਾਂ, ਪਰ ਮੇਰੇ ਬਾਲ ਨੂੰ ਬਚਾ ਲਓ।" ਇਹ ਸੁਣ ਕੇ ਸੱਚੇ ਪਾਤਸ਼ਾਹ ਜੀ ਕੜਕ ਕੇ ਬੋਲੇ, "ਜੱਟੀਏ, ਤੇਰੇ ਬਾਲ ਨੂੰ ਵੀ ਤੇਰੇ ਨਾਲ ਹੀ ਸਾੜਨਾ ਹੈ। ਅੱਜ ਤੁਹਾਨੂੰ ਦੋਵਾਂ ਨੂੰ ਸਿੱਖੀ ਮੁਰਾਤਬਾ ਬਖਸ਼ਣਾ ਹੈ। ਜਿਨ੍ਹਾਂ ਨੂੰ ਇਹਨਾਂ ਹੱਥਾਂ ਦੀਆਂ ਲੱਗ ਗਈਆਂ, ਉਹਨਾਂ ਦਾ ਜਨਮ ਮਰਣ ਕੱਟਿਆ ਗਿਆ।" ਫਿਰ ਸੱਚੇ ਪਾਤਸ਼ਾਹ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਕਿ ਸਾਹਿਬ ਕੌਰ ਨੂੰ ਅੰਗੀਠੇ ਉੱਪਰ ਬੈਠਾਓ ਅਤੇ ਇਸ ਦੇ ਬਾਲ ਨੂੰ ਉਸ ਦੀ ਗੋਦੀ ਵਿੱਚ ਪਾ ਦਿਓ।

ਇਹ ਨਜ਼ਾਰਾ ਜਿਨ੍ਹਾਂ ਨੇ ਵੇਖਿਆ ਹੋਵੇਗਾ, ਉਹ ਕੀ ਮਹਿਸੂਸ ਕਰਦੇ ਹੋਣਗੇ। ਉਸ ਮਾਂ ਪੁੱਤਰ ਲਈ ਪਤਾ ਨਹੀਂ ਆਪਣੇ ਮਨ ਵਿੱਚ ਭਗਵਾਨ ਅੱਗੇ ਕਿੰਨੀਆਂ ਹੀ ਅਰਦਾਸਾਂ ਕਰਦੇ ਹੋਣਗੇ। ਖ਼ਾਸ ਤੌਰ ਤੇ ਮਾਈਆਂ ਲਈ ਐਸਾ ਵੇਖਣਾ ਤਾਂ ਬਹੁਤ ਭਾਰੀ ਪੈਂਦਾ ਹੈ। ਇਹ ਤਾਂ ਵੇਖਣ ਵਾਲਿਆਂ ਦੀ ਗੱਲ ਸੀ, ਪਰ ਮਾਤਾ ਜੀ ਆਪ ਕੀ ਮਹਿਸੂਸ ਕਰਦੇ ਹੋਣਗੇ, ਜਦੋਂ ਉਹਨਾਂ ਨੂੰ ਅੰਗੀਠੇ ਵਿੱਚ ਬਿਠਾ ਦਿੱਤਾ ਅਤੇ ਉਹਨਾਂ ਦੇ ਲਾਲ ਨੂੰ ਗੋਦੀ ਵਿੱਚ ਪਾ ਦਿੱਤਾ। ਹਰ ਕਿਸੇ ਲਈ ਆਪਣੀ ਮੌਤ ਸਾਹਮਣੇ ਵੇਖ ਕੇ ਹੋਸ਼ ਉੱਡ ਜਾਂਦੇ ਹਨ, ਜਦੋਂ ਕਿ ਇੱਥੇ ਤਾਂ ਮਾਤਾ ਦੇ ਨਾਲ ਉਸ ਦਾ ਪੁੱਤਰ ਵੀ ਮੌਤ ਦੇ ਮੂੰਹ ਵਿੱਚ ਜਾ ਰਿਹਾ ਸੀ। ਉਸ ਸਮੇਂ ਮਾਤਾ ਜੀ ਦਾ ਧੀਰਜ ਰੱਖਣਾ, ਉਹਨਾਂ ਦੀ ਮਹਾਨਤਾ ਨੂੰ ਦਰਸਾਉਂਦਾ ਹੈ ਅਤੇ ਆਪਣੇ ਆਪ ਨੂੰ ਭਾਣੇ ਉੱਪਰ ਛੱਡ ਦੇਣਾ, ਇਹ ਵੀ ਵਿਰਲਿਆਂ ਦਾ ਹੀ ਕੰਮ ਹੈ।

ਅਜੋਕੇ ਸਮੇਂ ਵਿੱਚ ਮਾਪਿਆਂ ਦੀਆਂ ਲਾਡਲੀਆਂ ਧੀਆਂ ਕਿਸ ਤਰ੍ਹਾਂ ਤੇਲ ਪਾ ਕੇ ਸਾੜੀਆਂ ਜਾਂਦੀਆਂ ਹਨ, ਸੁਣਦੇ ਹੀ ਮਨ ਨੂੰ ਝੁਰਝਰੀ ਆ ਜਾਂਦੀ ਹੈ। ਪਰ ਉਥੇ ਤਾਂ ਸਤਿਗੁਰੂ ਦੀ ਖੇਡ ਹੋ ਰਹੀ ਸੀ। ਜਦੋਂ ਸਤਿਗੁਰੂ ਕਿਸੇ ਪਾਸੋਂ ਕੋਈ ਕੰਮ ਕਰਾਉਂਦਾ ਹੈ, ਤਾਂ ਉਸ ਨੂੰ ਉਹੋ ਜਿਹਾ ਬਲ ਵੀ ਬਖ਼ਸ਼ ਦਿੰਦਾ ਹੈ।

ਪੜਤਾਲ ਕਰਨ ਤੋਂ ਇਹ ਪਤਾ ਲੱਗਾ ਹੈ ਕਿ ਮਾਤਾ ਜੀ ਦੱਸਿਆ ਕਰਦੇ ਸਨ, ਕਿ ਚਿਖਾ ਇਤਨੀ ਵੱਡੀ ਬਣੀ ਹੋਈ ਸੀ ਕਿ ਉਹਨਾਂ ਨੂੰ ਉਸ ਉੱਪਰ ਚੜ੍ਹ ਕੇ ਬੈਠਣ ਲਈ ਦੋ ਕਦਮ ਪੌੜੀਆਂ ਦੀ ਤਰ੍ਹਾਂ ਚੜ੍ਹਨਾ ਪਿਆ। ਸੱਚੇ ਪਾਤਸ਼ਾਹ ਜੀ ਨੇ ਫਿਰ ਗਰਜ ਕੇ ਕਿਹਾ, "ਲੈ ਜੱਟੀਏ, ਮੈਂ ਆਪਣਾ ਕੰਮ ਕਰਨ ਲੱਗਾ ਹਾਂ। ਤੂੰ ਆਪਣੇ ਬ੍ਰਹਮ ਨੂੰ ਬੁਲਾ ਲੈ। ਦੇਖ ਲੈ, ਜ਼ੋਰ ਲਗਾ ਕੇ। ਜੇ ਤੈਨੂੰ ਤੇਰੀ ਵਿੱਦਿਆ, ਸੜ੍ਹਨ ਤੋਂ ਬਚਾ ਦੇਵੇ।" ਉਸ ਉਪਰੰਤ ਸੱਚੇ ਪਾਤਸ਼ਾਹ ਜੀ ਨੇ ਮਾਤਾ ਉੱਪਰ ਇੱਕ ਕੰਬਲੀ ਪਾ ਦਿੱਤੀ ਅਤੇ ਚਿਖਾ ਨੂੰ ਲਾਂਬੂ ਲਾ ਦਿੱਤਾ। ਪੜਤਾਲ ਕਰਨ ਤੋਂ ਇਹ ਪਤਾ ਚੱਲਿਆ ਹੈ ਕਿ ਅੱਗ ਦੇ ਭਾਂਬੜ ਇਤਨੇ ਉੱਚੇ ਉੱਠੇ ਹੋਏ ਸਨ ਕਿ ਆਸੇ ਪਾਸੇ ਖੜ੍ਹੇ ਵੇਖਣ ਵਾਲੇ ਲੋਕਾਂ ਨੂੰ ਅੱਧੇ -੨ ਕਿਲੋ ਮੀਟਰ ਜਿੰਨੀ ਵਿੱਥ ਤੱਕ ਪਿੱਛੇ ਹਟਣਾ ਪਿਆ। ਇਹ ਉਹੋ ਜਿਹਾ ਹੀ ਸਮਾਂ ਸੀ, ਜਿਵੇਂ ਕਿ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਮਤ ੧੭੫੬ ਬਿਕਰਮੀ ਦੀ ਵਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਪੰਜ ਸੀਸ ਮੰਗੇ ਸਨ, ਤਾਂ ਸੁਣਦਿਆਂ ਹੀ ਬਹੁਤ ਸਾਰੇ ਲੋਕੀਂ ਭੱਜ ਤੁਰੇ ਸਨ। ਦੂਰ ਖੜ੍ਹ ਕੇ ਤਮਾਸ਼ਾ ਦੇਖਣ ਲੱਗੇ ਸਨ। ਬਿਲਕੁਲ ਉਹੋ ਹੀ ਨਜ਼ਾਰਾ ਇੱਥੇ ਵੀ ਪੇਸ਼ ਹੋਇਆ ਸੀ। ਡਰਾਕਲ ਲੋਕ ਡਰਦੇ ਮਾਰੇ ਉੱਥੋਂ ਵੀ ਭੱਜ ਉੱਠੇ ਸਨ ਕਿ ਪਤਾ ਨਹੀਂ ਕੌਣ ਆ ਗਿਆ, ਜੋ ਜਿਉਂਦਿਆਂ ਨੂੰ ਸਾੜ੍ਹ ਰਿਹਾ ਹੈ, ਕਿਤੇ ਸਾਨੂੰ ਵੀ ਸਾੜ੍ਹ ਕੇ ਸੁਆਹ ਨਾ ਕਰ ਦੇਵੇ।

ਅੱਗ ਦੀਆਂ ਬੜੀਆਂ ਉੱਚੀਆਂ ਲਾਟਾਂ ਉੱਠੀਆਂ ਸਨ। ਵੇਖਣ ਵਾਲਿਆਂ ਅੰਦਰ ਉਸ ਮਾਂ ਪੁੱਤ ਲਈ ਅੰਦਰੋਂ ਹਮਦਰਦੀ ਭਰੇ ਹਉਕੇ ਉੱਠ ਰਹੇ ਸਨ। ਇੱਕ ਮਾਤਾ ਅਤੇ ਉਸ ਦੇ ਬੱਚੇ ਨੂੰ ਜਿਉਂਦਿਆਂ ਸਾੜ ਦੇਣ ਦਾ ਦੁੱਖ ਸਭ ਲਈ, ਸਬਰ ਭਰਿਆ ਘੁੱਟ ਭਰ ਕੇ ਪੀ ਲੈਣਾ ਬਣ ਚੁੱਕਾ ਸੀ। ਕਿਉਂ ਜੋ ਇਹ ਕਿਤੋਂ ਵੀ ਸੁਣਨ ਵਿੱਚ ਨਹੀ ਆਇਆ ਕਿ ਲੋਕਾਂ ਨੇ ਇੱਕ ਮਾਂ ਪੁੱਤ ਨੂੰ ਜਿਉਂਦੇ ਸਾੜ ਦੇਣ ਦੇ ਖਿਲਾਫ ਕੋਈ ਅਵਾਜ਼ ਉਠਾਈ ਹੋਵੇ। ਇਸ ਦਾ ਇੱਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਚਿਖਾ ਵਿੱਚ ਬੈਠਣ ਵੇਲੇ ਮਾਤਾ ਨੇ ਕਿਸੇ ਤਰ੍ਹਾਂ ਦਾ ਵੀ ਕੋਈ ਵਿਰੋਧ ਨਹੀਂ ਕੀਤਾ। ਕੇਵਲ ਆਪਣੇ ਬੱਚੇ ਨੂੰ ਨਾਲ ਗੋਦੀ ਵਿੱਚ ਨਾ ਬਿਠਾਉਣ ਲਈ ਬੇਨਤੀ ਕੀਤੀ ਸੀ। ਜਦੋਂ ਬੇਨਤੀ ਪਰਵਾਨ ਨਾ ਹੋਈ ਤਾਂ ਸਭ ਕੁਝ ਭਾਣੇ ਉੱਪਰ ਛੱਡ ਦਿੱਤਾ। ਇੱਕ ਹੋਰ ਸਬੂਤ ਵੀ ਇਹ ਮਿਲਦਾ ਹੈ ਕਿ ਜੇਕਰ ਮਾਤਾ ਨੇ ਕਿਸੇ ਤਰ੍ਹਾਂ ਦਾ ਵਿਰੋਧ ਕੀਤਾ ਹੁੰਦਾ, ਤਾਂ ਸ਼ਾਇਦ ਸੱਚੇ ਪਾਤਸ਼ਾਹ ਜੀ ਸਿੱਖਾਂ ਨੂੰ, ਮਾਤਾ ਨੂੰ ਬੰਨ੍ਹ ਦੇਣ ਦਾ ਹੁਕਮ ਵੀ ਕਰਦੇ। ਇਸ ਗੱਲ ਤੋਂ ਇਹ ਵੀ ਸਾਬਿਤ ਹੋ ਜਾਂਦਾ ਹੈ ਕਿ ਮਾਤਾ ਉਸ ਸਮੇਂ ਤੱਕ ਸਤਿਗੁਰਾਂ ਨੂੰ ਪੂਰਨ ਸਤਿਗੁਰੂ ਤਾਂ ਮੰਨ ਚੁੱਕੀ ਸੀ, ਪਰ ਹਾਲੇ ਵੀ ਮਨ ਅੰਦਰ ਥੋੜ੍ਹੀ ਸ਼ੰਕਾ ਬਣੀ ਹੋਈ ਸੀ। ਮਾਤਾ ਨੂੰ ਇਹ ਯਕੀਨ ਹੀ ਨਹੀਂ ਪੈ ਰਿਹਾ ਸੀ ਕਿ ਸੱਚੇ ਪਾਤਸ਼ਾਹ ਜੀ ਮੇਰੇ ਅਤੇ ਮੇਰੇ ਲਾਲ ਦਾ ਵਾਲ ਵੀ ਵਿੰਗਾ ਨਹੀਂ ਹੋਣ ਦੇਣਗੇ। ਜੇਕਰ ਪੂਰਾ ਭਰੋਸਾ ਹੋ ਗਿਆ ਹੁੰਦਾ ਤਾਂ ਮਾਤਾ ਇਹ ਕਦੀ ਨਾ ਕਹਿੰਦੇ ਕਿ ਮੈਨੂੰ ਬੇਸ਼ੱਕ ਜਲਾ ਦਿਓ, ਪਰ ਮੇਰੇ ਲਾਲ ਨੂੰ ਨਾ ਜਲਾਓ।

ਮਾਤਾ ਦੇ ਪਰਿਵਾਰ ਤੋਂ ਪੁੱਛਣ ਤੇ ਇਹ ਪਤਾ ਚੱਲਿਆ ਹੈ ਕਿ ਮਾਤਾ ਜੀ ਦੱਸਿਆ ਕਰਦੇ ਸਨ ਕਿ ਜਦੋਂ ਸਾਡੇ ਮਾਂ ਪੁੱਤ ਉੱਪਰ ਸੱਚੇ ਪਾਤਸ਼ਾਹ ਜੀ ਨੇ ਕੰਬਲੀ ਪਾ ਕੇ ਅੱਗ ਲਾ ਦਿੱਤੀ ਤਾਂ ਆਪਣਾ ਅੰਤ ਸਮਾਂ ਮਹਿਸੂਸ ਕਰਦੇ ਹੋਏ ਮੈਂ ਕਦੀ ਆਪਣੇ ਆਪ ਬਾਰੇ ਸੋਚਦੀ, ਕਦੀ ਆਪਣੇ ਬੱਚੇ ਨੂੰ ਘੁੱਟ ਕੇ ਛਾਤੀ ਨਾਲ ਲਾਉਂਦੀ। ਮੇਰਾ ਧਿਆਨ ਪਿੱਛੇ ਮੇਰੇ ਵਰਵਾਰ ਵੱਲ ਵੀ ਗਿਆ ਸੀ। ਆਪਣੀ ਕਿਸਮਤ ਨੂੰ ਕੋਸਦੀ ਕਿ ਕਾਹਨੂੰ ਇੱਥੇ ਕੁੰਭ ਦੇ ਮੇਲੇ ਤੇ ਆਉਣਾ ਸੀ।

ਮਾਤਾ ਜੀ ਦੱਸਿਆ ਕਰਦੇ ਸਨ ਕਿ, "ਮੈਂ ਸੋਚਦੀ ਸੀ ਕਿ ਹੁਣ ਤਾਂ ਕੁਝ ਪਲਾਂ ਦੀ ਹੀ ਖੇਡ ਬਾਕੀ ਹੈ। ਇਤਨੇ ਚਿਰ ਨੂੰ ਦੇਖਿਆ ਤਾਂ ਲਾਟਾਂ ਮੇਰੇ ਸਿਰ ਤੋਂ ਉੱਪਰ ਉੱਚੀਆਂ ਉੱਠ ਚੁੱਕੀਆਂ ਸਨ। ਉਸੇ ਘਬਰਾਹਟ ਵਿੱਚ ਇਹ ਤਾਂ ਸੋਚਿਆ ਹੀ ਨਾ ਕਿ ਅੱਗ ਤਾਂ ਇਤਨੀ ਵਧ ਚੁੱਕੀ ਹੈ, ਫਿਰ ਵੀ ਸਾਨੂੰ ਸੇਕ ਕਿਉਂ ਨਹੀਂ ਲੱਗ ਰਿਹਾ। ਜਦੋਂ ਇਸ ਗੱਲ ਦਾ ਅਹਿਸਾਸ ਹੋਇਆ ਤਾਂ ਬਹੁਤ ਹੈਰਾਨੀ ਹੋਈ। ਉਸੇ ਸਮੇਂ ਮੈਂ ਆਪਣੇ ਬਾਲ ਦਾ ਧਿਆਨ ਕੀਤਾ, ਤਾਂ ਇਹ ਵੇਖ ਕੇ ਹੋਰ ਵੀ ਵਧ ਹੈਰਾਨੀ ਹੋਈ ਕਿ ਮੇਰਾ ਬਾਲ ਬੜੇ ਆਰਾਮ ਨਾਲ ਮੇਰੀ ਗੋਦੀ ਵਿੱਚ ਖੇਡ ਰਿਹਾ ਸੀ। ਇਹ ਉਹੋ ਹੀ ਸਮਾਂ ਸੀ ਜਦੋਂ ਮੈਨੂੰ ਸਤਿਗੁਰਾਂ ਦੇ ਪੂਰਨ ਅਕਾਲ ਪੁਰਖ ਹੋਣ ਦਾ ਵਿਸ਼ਵਾਸ਼ ਬਣਿਆ।

ਅੱਗ ਦੇ ਅੰਦਰ ਬੈਠਿਆਂ ਵੀ ਸਾਨੂੰ ਠੰਡੀਆਂ ਹਵਾਵਾਂ ਲੱਗ ਰਹੀਆਂ ਸਨ। ਗਰਮੀਆਂ ਦਾ ਤਾਂ ਕੋਈ ਨਿਸ਼ਾਨ ਵੀ ਨਹੀਂ ਸੀ।" ਹੌਲੀ-੨ ਲਾਟਾਂ ਘਟਣੀਆਂ ਸ਼ੁਰੂ ਹੋ ਗਈਆਂ। ਅੱਗ ਦੇ ਲਾਲ ਕੋਲੇ ਪੂਰੇ ਜ਼ੋਰਾਂ ਨਾਲ ਮਘ ਰਹੇ ਸਨ। ਫਿਰ ਅੱਗ ਬੁਝਾ ਦਿੱਤੀ ਗਈ, ਤਾਂ ਸੱਚੇ ਪਾਤਸ਼ਾਹ ਜੀ ਨੇ ਆਪ ਜਾ ਕੇ ਮਾਤਾ ਉੱਪਰੋਂ ਕੰਬਲੀ ਚੁੱਕੀ। ਉਸ ਵੇਲੇ ਵੇਖਣ ਵਾਲਿਆਂ ਦੇ ਮੂੰਹ ਅੱਡੇ ਦੇ ਅੱਡੇ ਰਹਿ ਗਏ, ਜਦੋਂ ਸਭ ਨੇ ਮਾਂ ਪੁੱਤ ਨੂੰ ਜਿਉਂਦੇ ਚਿਖਾ ਵਿੱਚੋਂ ਨਿੱਕਲ ਆਉਂਦਿਆਂ ਨੂੰ ਵੇਖਿਆ। ਦੁਨੀਆਂ ਇਹ ਵੇਖ ਕੇ ਹੋਰ ਵੀ ਹੈਰਾਨ ਹੋਈ ਕਿ ਕੰਬਲੀ ਦੀ ਇੱਕ ਤੰਦ ਵੀ ਨਾ ਸੜੀ।

ਉਹ ਇੱਕ ਐਸਾ ਅਦਭੁਤ ਅਤੇ ਖੁਸ਼ੀਆਂ ਵਾਲਾ ਨਜ਼ਾਰਾ ਸੀ। ਸਭ ਪਾਸੇ ਸਤਿਗੁਰਾਂ ਦੀ ਮਹਿਮਾ ਹੋ ਰਹੀ ਸੀ। ਕੋਈ ਆਖੇ ਇਹ ਤਾਂ ਭਗਵਾਨ ਰਾਮ ਚੰਦਰ ਹਨ। ਇਹ ਤਾਂ ਬੰਸੀ ਵਾਲੇ ਹੀ ਅਵਤਾਰ ਲੈ ਕੇ ਆਏ ਹਨ। ਕੋਈ ਪਰਮੇਸ਼ਰ ਮੰਨ ਕੇ ਸਤਿਗੁਰਾਂ ਦੀ ਜੈ ਜੈ ਕਾਰ ਕਰ ਰਿਹਾ ਸੀ। ਖੁਸ਼ੀ ਵਿੱਚ ਸਿੱਖਾਂ ਨੇ ਵੀ ਜੈਕਾਰੇ ਛੱਡ ਦਿੱਤੇ। ਸਭ ਮਿਲਣ ਵਾਲੇ ਲੋਕ ਮਾਤਾ ਸਾਹਿਬ ਕੌਰ ਅਤੇ ਉਸਦੇ ਬਾਲ ਨੂੰ ਵਧਾਈਆਂ ਦੇ ਰਹੇ ਸਨ। ਧੰਨ ਸਤਿਗੁਰੂ ਰਾਮ ਸਿੰਘ, ਜਿਨ੍ਹਾਂ ਨੇ ਇਤਨੇ ਵੱਡੇ ਇਕੱਠ ਵਿੱਚ ਦੋ ਜੀਵਾਂ ਨੂੰ ਅਮਰ ਕਰ ਦਿੱਤਾ। ਉਹਨਾਂ ਦੇ ਸਾਰੇ ਬੰਧਨ ਕੱਟ ਦਿੱਤੇ।

ਮਾਤਾ ਜੀ ਤਾਂ ਖੁਸ਼ੀ ਭਰੇ ਹੰਝੂ ਅੱਖਾਂ ਵਿੱਚ ਲੈ ਕੇ, ਸੱਚੇ ਪਾਤਸ਼ਾਹ ਜੀ ਦੇ ਚਰਨਾਂ ਵਿੱਚੋਂ ਨਹੀਂ ਸੀ ਉੱਠ ਰਹੇ। ਗਲਾ ਭਰ ਚੁੱਕਾ ਸੀ। ਮਾਤਾ ਜੀ ਤੋਂ ਬੋਲਿਆ ਵੀ ਨਹੀਂ ਸੀ ਜਾਂਦਾ। ਜਦੋਂ ਸਤਿਗੁਰੂ ਕਿਸੇ ਦਾ ਹਲਤ ਪਲਤ ਸਵਾਰਦਾ ਹੈ, ਤਾਂ ਉਸ ਜੀਵ ਦੀਆਂ ਕੁਲਾਂ ਵੀ ਤਰ ਜਾਂਦੀਆਂ ਹਨ। ਸਾਧ ਸੰਗਤ ਨੇ ਮਾਤਾ ਨੂੰ ਵਧਾਈਆਂ ਦੇ ਕੇ ਕਿਹਾ ਕਿ ਤੂੰ ਧੰਨ ਹੈ ਅਤੇ ਧੰਨ ਹੈ ਤੇਰਾ ਸਿਦਕ। ਸੱਚੇ ਪਾਤਸ਼ਾਹ ਜੀ ਨੇ ਬਹੁਤ ਸਾਰੇ ਵਰ ਦੇ ਕੇ ਮਾਤਾ ਜੀ ਅਤੇ ਉਸ ਦੇ ਬੱਚੇ ਨੂੰ ਨਿਵਾਜਿਆ ਅਤੇ ਕਿਹਾ, "ਜਾਹ! ਤੇਰਾ ਜਨਮ ਮਰਨ ਕੱਟਿਆ ਗਿਆ, ਤੂੰ ਅਮਰ ਹੋ ਗਈ। ਤੇਰਾ ਜਮਾਂ ਦਾ ਡਰ ਚੁੱਕਿਆ ਗਿਆ। ਤੂੰ ਮੁਕਤ ਹੋ ਗਈ ਹੈਂ।" ਮਾਤਾ ਨੇ ਕਿਹਾ, "ਸੱਚੇ ਪਾਤਸ਼ਾਹ ਜੀਓ, ਮੈਂ ਜੋ ਕਹਿੰਦੀ ਸਾਂ ਕਿ ਇਸ ਆਤਮਾ ਨੂੰ ਅੱਗ ਜਲਾ ਨਹੀਂ ਸਕਦੀ, ਪਾਣੀ ਭਿਉਂ ਨਹੀਂ ਸਕਦਾ, ਸੂਰਜ ਸੁਕਾ ਨਹੀਂ ਸਕਦਾ, ਹਵਾ ਉਡਾ ਨਹੀਂ ਸਕਦੀ, ਇਹ ਸਭ ਪੜ੍ਹੀਆਂ ਸੁਣੀਆਂ ਗੱਲਾਂ ਸਨ, ਪਰ ਅੱਜ ਆਪ ਜੀ ਦੀ ਕ੍ਰਿਪਾ ਨਾਲ ਇਸ ਦਾ ਪ੍ਰਤੱਖ ਅਨੁਭਵ ਕਰ ਲਿਆ ਹੈ। ਆਪ ਜੀ ਧੰਨ ਹੋ, ਜੋ ਮੇਰੇ ਜੈਸੀ ਥੋਥੇ ਗਿਆਨ ਵਾਲੀ ਹੰਕਾਰੀ ਔਰਤ ਨੂੰ ਅਤੇ ਬੇਮੁਖ ਹੋਈ ਜਾਂਦੀ ਨੂੰ ਬਾਹੋਂ ਫੜ ਕੇ ਬਚਾ ਲਿਆ। ਆਪ ਜੀ ਦਾ ਧੰਨਵਾਦ ਕਰਨ ਲਈ, ਸੱਚੇ ਪਾਤਸ਼ਾਹ ਜੀਓ, ਮੇਰੇ ਪਾਸ ਸ਼ਬਦ ਨਹੀਂ ਹਨ।"

ਇਸ ਕਥਾ ਵਿੱਚ ਇੱਕ ਪਾਤਰ ਹੋਰ ਵੀ ਹੈ। ਉਹਨਾਂ ਦਾ ਨਾਂ ਹੈ ਬਾਬਾ ਗੁਲਾਬ ਸਿੰਘ। ਮਾਤਾ ਸਾਹਿਬ ਕੌਰ ਦੇ ਵੱਡੇ ਪੁੱਤਰ। ਜਿਨ੍ਹਾਂ ਬਾਰੇ ਇਹ ਸੁਣਿਆ ਹੈ ਕਿ ਉਹ ਵੀ ਮਾਤਾ ਜੀ ਦੇ ਨਾਲ ਹੀ ਕੁੰਭ ਦੇ ਮੇਲੇ ਗਏ ਸਨ। ਪਰ ਉਹਨਾਂ ਬਾਰੇ ਹੋਰ ਕੋਈ ਜ਼ਿਆਦਾ ਜਾਣਕਾਰੀ ਨਹੀਂ ਮਿਲੀ। ਮਾਤਾ ਜੀ ਦੇ ਅੰਗੀਠੇ ਵਿੱਚ ਬੈਠਣ ਅਤੇ ਅੱਗ ਲਗਾਉਣ ਸਮੇਂ ਉਸ ਉੱਪਰ ਇਸ ਦਾ ਕੀ ਪ੍ਰਭਾਵ ਪਿਆ ਹੋਵੇਗਾ ? ਇਸ ਸਾਰੇ ਕੌਤਕ ਦੇ ਸਮੇਂ ਬਾਬਾ ਗੁਲਾਬ ਸਿੰਘ, ਜਿਨ੍ਹਾਂ ਦੀ ਉਮਰ ਉਸ ਸਮੇਂ ਲਗਪਗ ਪੰਜ-ਛੇ ਸਾਲ ਸੀ, ਕਿਨ੍ਹਾਂ ਕੋਲ ਰਹੇ ?

ਮਾਤਾ ਜੀ ਬਾਰੇ ਚੱਕਰਵਰਤੀ ਜੀ ਆਪਣੇ ਹਵਾਲੇ ਨਾਲ ਦੱਸਦੇ ਸਨ ਕਿ ਜਦੋਂ ਉਹਨਾਂ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ, ਮਾਤਾ ਜੀ ਦੇ ਦਰਸ਼ਨ ਕੀਤੇ ਸਨ, ਤਾਂ ਮਾਤਾ ਜੀ ਨੇ ਸੱਚੇ ਪਾਤਸ਼ਾਹ ਜੀ ਨੂੰ ਖੱਦਰ ਭੇਟ ਕੀਤਾ ਸੀ ਅਤੇ ਨਾਲ ਹੀ ਇਹ ਕਿਹਾ ਸੀ ਕਿ ਇਹ ਕੱਪੜਾ ਮੈਂ ਕੇਵਲ ਆਪ ਜੀ

[illegible]

ਲਈ ਹੀ ਤਿਆਰ ਕੀਤਾ ਹੈ। ਹੱਲ ਵਾਹੁਣ ਵੇਲੇ ਥੰਨ੍ਹੇ ਤੇ ਬੈਠ ਕੇ ਬਾਣੀ ਪੜ੍ਹੀ ਹੈ। ਹਾਲੀਆਂ ਕੋਲੋਂ ਭੁਜਨ ਕਰਾਇਆ ਹੈ। ਪਾਣੀ ਦੇਣ ਵੇਲੇ, ਬੀਜਣ ਵੇਲੇ, ਕਪਾਹ ਚੁਗਣ ਵੇਲੇ, ਗੱਲ ਕੀ ਕੱਪੜੇ ਦੇ ਤਿਆਰ ਹੁੰਦੇ ਤੀਕ ਇਸ ਦੀ ਰਗ-੨ ਅਤੇ ਤਾਰ-੨ ਉੱਪਰ ਸੁਖਮਨੀ ਸਾਹਿਬ ਦਾ ਪਾਠ ਕੀਤਾ ਹੈ ਅਤੇ ਭਜਨ ਕੀਤਾ ਹੈ। ਨਾਲ ਹੀ ਬੇਨਤੀ ਕੀਤੀ ਕਿ ਇਹ ਤੁਸੀਂ ਜ਼ਰੂਰ ਪਹਿਨਣਾ ਹੈ। ਸੱਚੇ ਪਾਤਸ਼ਾਹ ਜੀ ਨੇ ਉਸੇ ਕੱਪੜੇ ਦੇ ਬਸਤਰ ਤਿਆਰ ਕਰਵਾ ਕੇ ਪਹਿਨੇ। ਫਿਰ ਆਪ ਜੀ ਨੇ ਸੁਖਮਨੀ ਸਾਹਿਬ ਕੰਠ ਕਰਨਾ ਆਰੰਭ ਕੀਤਾ। ਦੋ ਘੰਟੇ ਵਿੱਚ ਦੋ ਅਸਟਪਦੀਆਂ ਯਾਦ ਕਰਕੇ ਛੇਵੀਂ ਘੰਟੇ ਵਿੱਚ ਪੂਰਾ ਸੁਖਮਨੀ ਦਾ ਪਾਠ ਕੰਠ ਕਰ ਲਿਆ। ਆਪ ਜੀ ਨੇ (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) ਕਈ ਵੇਰੀ ਇਸ ਬਾਰੇ ਵਰਣਨ ਕੀਤਾ ਹੈ ਕਿ ਇਹ ਸਭ ਮਾਈ ਸਾਹਬੋ ਦੇ ਕੱਪੜੇ ਦਾ ਹੀ ਅਸਰ ਸੀ। ਚੱਕਰਵਰਤੀ ਜੀ ਲਿਖਦੇ ਹਨ ਕਿ ਉਸ ਕੱਪੜੇ ਦੇ ਬਣੇ ਕਛਹਿਰੇ ਸੱਚੇ ਪਾਤਸ਼ਾਹ ਜੀ ਕੋਲ ਅੱਜ ਵੀ ਹਨ। (ਭਾਵ ੧੮ ਮਾਘ ੧੯੯੯ ਦੇ ਬਸੰਤ ਅੰਕ ਵਿੱਚ ਲਿਖੇ ਲੇਖ ਦੇ ਸਮੇਂ ਤੱਕ)।

ਉਸ ਉਪਰੰਤ ਮਾਤਾ ਸਾਹਿਬ ਕੌਰ ਨੂੰ ਭਜਨ ਬਾਣੀ ਨਾਲ ਏਡਾ ਪਿਆਰ ਹੋ ਗਿਆ ਕਿ ਸਾਰਾ-ਪੰਜ ਗ੍ਰੰਥ, ਜਾਪ, ਅਕਾਲ ਉਸਤਤ, ਚੰਡੀ ਦੀ ਵਾਰ ਦਾ ਜ਼ਬਾਨੀ ਪਾਠ ਕਰਿਆ ਕਰਦੇ ਸਨ ਅਤੇ ਸਵਾਸ-੨ ਭਜਨ ਕਰਦੇ ਸਨ।

ਮਾਤਾ ਸਾਹਿਬ ਕੌਰ ਬਾਰੇ ਇੱਕ ਹੋਰ ਕਥਾ ਉਹਨਾਂ ਦੇ ਪੜੋਤਰੇ ਸੰਤ ਜਸਵੰਤ ਸਿੰਘ ਨਕੌੜਾ ਪਾਸੋਂ ਸੁਣਨ ਵਿੱਚ ਆਈ ਹੈ ਕਿ ਜਦੋਂ ਮਾਤਾ ਜੀ ਦੇ ਪੰਜ ਭੂਤਕ ਦੇਹ ਨੂੰ ਤਿਆਗਣ ਦਾ ਸਮਾਂ ਆਇਆ ਤਾਂ ਉਹਨਾਂ ਨੇ ਪਹਿਲਾਂ ਹੀ ਸਾਰਿਆਂ ਨੂੰ ਇਹ ਤਾੜਨਾ ਕਰ ਦਿੱਤੀ ਸੀ ਕਿ ਕਿਸੇ ਨੇ ਵੀ ਰੋਣਾ ਨਹੀਂ। ਉਹਨਾਂ ਦੇ ਸਰੀਰ ਛੱਡਣ ਤੋਂ ਬਾਅਦ ਘਰ ਵਾਲੇ ਅਤੇ ਰਿਸ਼ਤੇਦਾਰ ਤਾਂ ਨਾ ਰੋਏ, ਪਰ ਗਲੀ-ਗਵਾਂਢ ਵਿੱਚੋਂ ਆਈਆਂ ਔਰਤਾਂ ਵਿਚੋਂ ਦੋ ਔਰਤਾਂ ਨੇ ਮਨ੍ਹਾਂ ਕਰਨ ਦੇ ਉਪਰੰਤ ਵੀ ਰੋਣਾ ਸ਼ੁਰੂ ਕਰ ਦਿੱਤਾ। ਉਸੇ ਸਮੇਂ ਹੀ ਉਹ ਦੋਵੇਂ ਔਰਤਾਂ ਅੱਖਾਂ ਤੋਂ ਅੰਨ੍ਹੀਆਂ ਹੋ ਗਈਆਂ।

ਸੋ ਇਹ ਕਥਾ ਮਾਤਾ ਸਾਹਿਬ ਕੌਰ ਦੀ ਸੀ। ਅੱਗੇ ਦਾਸ ਮਾਤਾ ਸਾਹਿਬ ਕੌਰ ਦੇ ਸਪੁੱਤਰ ਬਾਬਾ ਲਾਲ ਸਿੰਘ ਦੇ ਜੀਵਨ ਉੱਪਰ ਕੁਝ ਰੋਸ਼ਨੀ ਪਾਉਣ ਦਾ ਨਿਮਾਣਾ ਜਤਨ ਕਰ ਰਿਹਾ ਹੈ। ਹੇਠਾਂ ਲਿਖੀ ਜਾ ਰਹੀ ਸਾਰੀ ਕਥਾ ਦਾਸ ਨੇ ਮਾਤਾ ਸਾਹਿਬ ਕੌਰ ਦੀ ਪੋਤ-ਨੂੰਹ, ਮਾਤਾ ਅਮਰ ਕੌਰ ਤੋਂ ੭ ਅੱਸੂ ਸੰਮਤ ੨੦੫੪ (ਮਿਤੀ ੨੩-੯-੯੭ ਨੂੰ , ਉਹਨਾਂ ਦੇ ਪਿੰਡ ਨਕੌੜਾ (ਜੀਵਨ ਨਗਰ) ਸਿਰਸਾ ਵਿਖੇ ਸੁਣੀ ਹੈ।

ਬਾਬਾ ਲਾਲ ਸਿੰਘ ਨੇ ਆਪਣੇ ਜੀਵਨ ਵਿੱਚ ਬਹੁਤ ਭਜਨ ਬੰਦਗੀ ਕੀਤੀ ਸੀ। ਇਹਨਾਂ ਅਤੇ ਇਹਨਾਂ ਦੇ ਵੱਡੇ ਭਰਾ ਬਾਬਾ ਗੁਲਾਬ ਸਿੰਘ ਨੇ ਗ੍ਰਹਿਸਥ ਨੂੰ ਨਹੀਂ ਅਪਣਾਇਆ। ਕੇਵਲ ਛੋਟੇ ਭਰਾ ਬਾਬਾ ਨਰਾਇਣ ਸਿੰਘ ਹੀ ਵਿਆਹੇ ਹੋਏ ਸਨ। ਬਾਬਾ ਨਰਾਇਣ ਸਿੰਘ ਦੇ ਅੱਗੋਂ ਚਾਰ ਪੁੱਤਰ ਹੋਏ। ਜਿਨ੍ਹਾਂ ਦਾ ਨਾਂ ਸੰਤ ਹਰਨਾਮ ਸਿੰਘ, ਸੰਤ ਖਜਾਨ ਸਿੰਘ, ਸੰਤ ਕਰਤਾਰ ਸਿੰਘ ਅਤੇ ਸਭ ਤੋਂ ਛੋਟੇ ਸੰਤ ਬੰਤਾ ਸਿੰਘ ਹੋਏ।

ਬਾਬਾ ਲਾਲ ਸਿੰਘ ਤੇ ਬਾਬਾ ਗੁਲਾਬ ਸਿੰਘ ਨੇ ਸਾਰੀ ਉਮਰ ਵੈਦਗੀ ਕਰਕੇ ਦੁਖੀ ਸਰੀਰਾਂ ਦੀ ਬੜੀ ਸੇਵਾ ਕੀਤੀ ਸੀ। ਇੱਕ ਵੇਰ ਦੀ ਗੱਲ ਹੈ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਇੱਕ ਭੂਤਰਿਆ ਸਾਧ ਆ ਗਿਆ। ਜਿਸ ਦੇ ਹੱਥ ਵਿੱਚ ਨੰਗੀ ਤਲਵਾਰ ਫੜ੍ਹੀ ਹੋਈ ਸੀ। ਉਹ ਸ਼ਰੇਆਮ ਬਜ਼ਾਰਾਂ ਵਿੱਚ ਐਲਾਨ ਕਰਦਾ ਫਿਰਦਾ ਸੀ ਕਿ ਮੇਰੇ ਨਾਲ ਕੋਈ ਵੀ ਨੰਗੀ ਤਲਵਾਰ ਲੈ ਕੇ ਗੱਤਕਾ ਖੇਡੇ। ਉਸ ਨੂੰ ਇਹ ਐਲਾਨ ਕਰਦਿਆਂ ਦੋ ਦਿਨ ਹੋ ਚੁੱਕੇ ਸਨ। ਸਾਰੇ ਸ਼ਹਿਰ ਵਿੱਚ ਇਸ ਗੱਲ ਨੂੰ ਲੈ ਕੇ ਚਰਚਾ ਛਿੜੀ ਹੋਈ ਸੀ । ਕੋਈ ਵੀ ਉਸਦੇ ਮੁਕਾਬਲੇ ਵਿੱਚ ਨਹੀਂ ਸੀ ਨਿਕਲ ਰਿਹਾ। ਉਸ ਸਾਧ ਨੇ ਖ਼ਾਸ ਤੌਰ ਤੇ ਸਿੱਖਾਂ ਨੂੰ ਬੋਲੀ ਮਾਰੀ ਸੀ ਕਿ ਸਿੱਖ ਆਪਣੇ ਆਪ ਨੂੰ ਬਹੁਤ ਬਹਾਦਰ ਸਮਝਦੇ ਹਨ ਤਾਂ ਮੇਰੇ ਨਾਲ ਮੈਦਾਨ ਵਿੱਚ ਆਉਣ, ਪਰ ਡਰਦਾ ਮਾਰਿਆ ਕੋਈ ਵੀ ਉਸ ਦੇ ਨੇੜੇ ਨਹੀਂ ਸੀ ਜਾਂਦਾ ਕਿ ਇਹ ਤਾਂ ਪਾਗਲ ਹੋ ਚੁੱਕਾ ਹੈ, ਕਿਹੜਾ ਇਸਦੇ ਨਾਲ ਪੰਗਾ ਲਵੇ।

ਇਸ ਗੱਲ ਦੀ ਚਰਚਾ ਬਾਬਾ ਲਾਲ ਸਿੰਘ ਦੇ ਦਵਾਖਾਨੇ ਵਿੱਚ ਵੀ ਪਹੁੰਚ ਗਈ ਸੀ। ਉਸ ਦਵਾਖਾਨੇ ਵਿੱਚ ਆਮ ਤੌਰ ਤੇ ਕੁੱਝ ਸੱਜਣ ਪੁਰਸ਼ ਬੈਠੇ ਰਹਿੰਦੇ ਸਨ। ਇਸ ਗੱਲ ਨੂੰ ਲੈ ਕੇ ਸਾਰੇ ਬੜੇ ਦੁਖੀ ਸਨ। ਅਤੇ ਇਹ ਸੋਚ ਰਹੇ ਸਨ ਕਿ ਜੇਕਰ ਇਸ ਦਾ ਕੋਈ ਉਪਾਅ ਨਾ ਕੀਤਾ ਗਿਆ ਤਾਂ ਸਿੱਖ ਧਰਮ ਦੀ ਬੜੀ ਲਹਾਈ ਹੋਵੇਗੀ। ਉਸ ਸਾਧ ਨੇ ਇਹ ਵੰਗਾਰ ਕੇਵਲ ਨਾਮਧਾਰੀਆਂ ਨੂੰ ਹੀ ਨਹੀਂ ਬਲਕਿ ਸਾਰੇ ਸਿੱਖਾਂ ਨੂੰ ਹੀ ਕੀਤੀ ਹੋਈ ਸੀ। ਉੱਥੇ ਬੈਠੇ ਸੱਜਣ-ਪੁਰਸ਼ਾਂ ਵਿਚੋਂ ਇੱਕ ਨੇ ਬਾਬਾ ਲਾਲ ਸਿੰਘ ਅੱਗੇ ਬੇਨਤੀ ਕੀਤੀ ਕਿ ਬਾਬਾ ਜੀ ਤੁਹਾਡੇ ਉੱਪਰ ਤਾਂ ਸਤਿਗੁਰੂ ਰਾਮ ਸਿੰਘ ਜੀ ਦੀ ਬੜੀ ਕਿਰਪਾ ਹੈ, ਤੁਸੀਂ ਹੀ ਕੋਈ ਉਪਰਾਲਾ ਕਰੋ। ਦੂਸਰੇ ਪਾਸੇ ਬਾਬਾ ਲਾਲ ਸਿੰਘ ਵੀ ਇਸ ਗੱਲ ਨੂੰ ਲੈ ਕੇ ਚਿੰਤਾਤੁਰ ਤਾਂ ਜ਼ਰੂਰ ਸਨ, ਪਰ ਆਪਣੀ ਸ਼ਾਂਤ ਚਿੱਤ ਬਿਰਤੀ ਹੋਣ ਕਰਕੇ ਚੁੱਪ ਹੀ ਸਨ। ਉਸ ਸੱਜਣ ਦੇ ਬੇਨਤੀ ਕਰਨ ਦੇ ਨਾਲ ਹੀ ਬੈਠੇ ਦੂਸਰੇ ਸੱਜਣਾਂ ਨੇ ਵੀ ਇਸੇ ਗੱਲ ਉੱਪਰ ਜ਼ੋਰ ਪਾਉਣਾ ਸ਼ੁਰੂ ਕਰ ਦਿੱਤਾ ਕਿ ਸੰਤ ਜੀ ਤੁਸੀਂ ਹੀ ਕੋਈ ਉਪਰਾਲਾ ਕਰੋ।

ਇਹ ਸੁਣ ਕੇ ਬਾਬਾ ਲਾਲ ਸਿੰਘ ਨੇ ਕਿਹਾ ਕਿ ਠੀਕ ਹੈ,

ਜੇਕਰ ਸਾਧ-ਸੰਗਤ ਦਾ ਇਹੋ ਹੀ ਫ਼ੈਸਲਾ ਹੈ, ਤਾਂ ਮੈਂ ਗੱਤਕਾ ਖੇਡਣ ਲਈ ਤਿਆਰ ਹਾਂ। ਅੱਗੋਂ ਜੋ ਸਤਿਗੁਰੂ ਨੂੰ ਭਾਵੇ। ਬਾਬਾ ਜੀ ਸਾਥੀਆਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਆ ਗਏ। ਪਹਿਲਾਂ ਦਰਬਾਰ ਸਾਹਿਬ ਜਾ ਕੇ ਸਰੋਵਰ ਵਿੱਚ ਇਸ਼ਨਾਨ ਕੀਤਾ ਅਤੇ ਫਿਰ ਅਰਦਾਸ ਕੀਤੀ। ਫਿਰ ਸਾਥੀਆਂ ਦੇ ਨਾਲ ਉਸ ਸਾਧ ਦੇ ਡੇਰੇ ਤੇ ਪਹੁੰਚੇ ਅਤੇ ਉਸ ਦੀ ਚੁਨੌਤੀ ਨੂੰ ਸਵੀਕਾਰ ਕੀਤਾ। ਬਾਬਾ ਲਾਲ ਸਿੰਘ ਨੇ ਉੱਚੀ ਬੋਲੇ ਕਰ ਕੇ ਕਿਹਾ, "ਸਾਧਾ, ਭੇਖ ਕੀ ਬਣਾਇਆ ਹੈ ਅਤੇ ਕੰਮ ਕਿਹੜੇ ਕਰਦਾ ਹੈਂ। ਠੀਕ ਹੈ, ਮੈਂ ਤੇਰਾ ਮੁਕਾਬਲਾ ਕਰਨ ਲਈ ਤਿਆਰ ਹਾਂ।"

ਇਸ ਗੱਲ ਦੀ ਚਰਚਾ ਸਾਰੇ ਸ਼ਹਿਰ ਵਿੱਚ ਅੱਗ ਦੀ ਤਰ੍ਹਾਂ ਫੈਲ ਗਈ। ਮੁਕਾਬਲਾ ਤਾਂ ਹਾਲੀਂ ਹੋਣਾ ਸੀ, ਲੋਕ ਪਹਿਲਾਂ ਹੀ ਸੰਤਾਂ ਨੂੰ ਦੇਖਣ ਲਈ ਘਰਾਂ ਵਿਚੋਂ ਨਿਕਲ ਕੇ ਆਉਣੇ ਸ਼ੁਰੂ ਹੋ ਗਏ। ਸਾਰੇ ਸਿੱਖ ਸਮਾਜ ਨੇ ਇੱਕ ਠੰਢਾ ਸਾਹ ਭਰਿਆ ਕਿ ਕੋਈ ਤਾਂ ਮਾਂ ਦਾ ਸੂਰਮਾ ਪੁੱਤ ਨਿੱਤਰਿਆ ਜਿਸ ਨੇ ਸਾਰੇ ਸਿੱਖ ਧਰਮ ਦੀ ਰੱਖ ਵਖਾਈ।

ਇਸ ਗੱਲ ਦੀ ਚਰਚਾ ਸਰਕਾਰ, ਦਰਬਾਰ, ਸਾਰੇ ਪਾਸੇ ਹੋ ਚੁੱਕੀ ਸੀ। ਕਿਉਂ ਜੋ ਹੁਣ ਇਹ ਚੁਨੌਤੀ ਇੱਕ ਨਵਾਂ ਮੋੜ ਲੈ ਚੁੱਕੀ ਸੀ। ਉਸ ਸਾਧ ਨੇ ਤਾਂ ਕੇਵਲ ਗੱਤਕਾ ਖੇਡਣ ਲਈ ਹੀ ਵੰਗਾਰਿਆ ਸੀ। ਪਰ ਸੰਤਾਂ ਨੇ ਜਾ ਕੇ ਤਾਂ ਸ਼ਰਤ ਹੀ ਇਹ ਰੱਖ ਦਿੱਤੀ ਕਿ ਮੈਂ ਤਾਂ ਸਿਰ-ਧੜ ਦੀ ਬਾਜੀ ਲਾ ਕੇ ਖੇਡਣਾ ਹੈ। ਜਾਂ ਸਿਰ ਲੈ ਲਊਂ ਜਾਂ ਸਿਰ ਦੇ ਦਊਂ। ਜਦੋਂ ਤੱਕ ਕੋਈ ਫੈਸਲਾ ਨਹੀਂ ਹੁੰਦਾ, ਕੋਈ ਸਾਡੇ ਵਿਚਕਾਰ ਨਾ ਆਵੇ। ਕੋਈ ਸਾਨੂੰ ਹਟਾਵੇ ਵੀ ਨਾਂ। ਇਸ ਸਿਰ-ਧੜ ਦੀ ਬਾਜੀ ਦੀ ਮਨਜ਼ੂਰੀ ਡੀ.ਸੀ. ਅੰਮ੍ਰਿਤਸਰ ਤੋਂ ਲੈ ਲਈ ਗਈ ਸੀ।

ਮਾਈ ਸੇਵਾਂ ਬਜ਼ਾਰ ਦੇ ਲਾਗੇ ਇੱਕ ਬਹੁਤ ਵੱਡਾ ਇਕੱਠ ਹੋ ਚੁੱਕਿਆ ਸੀ। ਇਸ ਤਰ੍ਹਾਂ ਲੱਗ ਰਿਹਾ ਸੀ ਕਿ ਜਿਵੇਂ ਸਾਰਾ ਸ਼ਹਿਰ ਹੀ ਉਮੜ ਪਿਆ ਹੋਵੇ। ਫਿਰ ਸ਼ੁਰੂ ਹੋਇਆ ਮੁਕਾਬਲਾ। ਬਾਬਾ ਲਾਲ ਸਿੰਘ ਨੇ ਸਾਧ ਨੂੰ ਕਿਹਾ ਕਿ ਪਹਿਲ ਤੇਰੀ ਹੋਈ। ਸਿੱਖ ਕਿਸੇ ਉੱਪਰ ਪਹਿਲਾਂ ਵਾਰ ਨਹੀਂ ਕਰਦਾ। ਤੂੰ ਆਪਣਾ ਵਾਰ ਕਰ। ਫਿਰ ਕੀ ਸੀ, ਸਾਧ ਬਾਬਾ ਜੀ ਉੱਪਰ ਵਾਰ ਤੇ ਵਾਰ ਕਰੀ ਜਾਵੇ। ਸਾਹਮਣਿਓਂ ਬਾਬਾ ਜੀ ਹਰ ਵਾਰੀ ਉਸ ਦਾ ਵਾਰ ਬੜੀ ਸਫ਼ਾਈ ਨਾਲ ਰੋਕੀ ਜਾਣ। ਦੋਵਾਂ ਦੇ ਹੱਥਾਂ ਵਿੱਚ ਢਾਲਾਂ ਅਤੇ ਨੰਗੀਆਂ ਤਲਵਾਰਾਂ ਫੜੀਆਂ ਹੋਈਆਂ ਸਨ। ਮੁਕਾਬਲਾ ਚੱਲੀ ਜਾ ਰਿਹਾ ਸੀ। ਲੋਕੀਂ ਸਾਹ ਰੋਕੀਂ ਇਹ ਬੇਮਿਸਾਲ ਨਜ਼ਾਰਾ ਵੇਖ ਰਹੇ ਸਨ। ਦੋਵੇਂ ਸਰੀਰ ਪਸੀਨੇ ਨਾਲ ਲੱਥ-ਪੱਥ ਹੋ ਚੁੱਕੇ ਸਨ। ਦੋਹਾਂ ਦੇ ਸਰੀਰਾਂ ਉਪਰ ਕਿਤਨੇ ਹੀ ਛੋਟੇ ਛੋਟੇ ਜ਼ਖਮ ਵੀ ਹੋ ਚੁੱਕੇ ਸਨ। ਸੇਰ ਨੂੰ ਸਵਾ-ਸੇਰ ਟੱਕਰਿਆ ਸੀ। ਕੋਈ ਵੀ ਪੈਰ ਪਿੱਛੇ ਨਹੀਂ ਸੀ ਪਾ ਰਿਹਾ।

ਲੜਦਿਆਂ-ਲੜਦਿਆਂ ਇੱਕ ਸਮਾਂ ਐਸਾ ਆਇਆ ਕਿ ਲੜਾਈ ਬਿਨਾਂ ਰੋਕੇ ਹੀ ਬਾਬਾ ਲਾਲ ਸਿੰਘ ਨੇ ਸਾਧ ਨੂੰ ਉੱਚੀ ਆਵਾਜ਼ ਵਿੱਚ ਖ਼ਬਰਦਾਰ ਕਰਦੇ ਹੋਏ ਕਿਹਾ ਕਿ ਜੇ ਲੜਨਾ ਹੈ ਤਾਂ ਸੰਭਲ ਕੇ ਲੜ। ਤੂੰ ਮੈਨੂੰ ਗੁੱਟ ਦਾ ਵਾਰ ਦੇ ਗਿਆ ਸੀ। ਮੈਂ ਚਾਹੁੰਦਾ ਤਾਂ ਤੇਰਾ ਗੁੱਟ ਲਾਹ ਸਕਦਾ ਸੀ, ਪਰ ਤੇਰੀ ਪਹਿਲੀ ਗਲਤੀ ਹੋਣ ਕਰਕੇ ਤੈਨੂੰ ਮੁਆਫ਼ ਕਰ ਦਿੱਤਾ। ਫਿਰ ਦੁਬਾਰਾ ਗ਼ਲਤੀ ਕੀਤੀ ਤਾਂ ਮੈਂ ਨਹੀਂ ਬਖ਼ਸ਼ਣਾ। ਦੂਸਰੇ ਪਾਸੇ ਸਾਧ ਵੀ ਸਮਝ ਗਿਆ ਸੀ ਕਿ ਮੇਰੇ ਤੋਂ ਹੋਈ ਗ਼ਲਤੀ ਦਾ ਇਸਨੂੰ ਵੀ ਪਤਾ ਲੱਗ ਚੁੱਕਾ ਹੈ। ਸਾਧ, ਸੰਤ ਬਾਬਾ ਲਾਲ ਸਿੰਘ ਦੇ ਐਸੇ ਉੱਤਮ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸ ਨਾਲ ਸਾਧ ਦੀ ਅੱਧੀ ਆਕੜ ਤਾਂ ਉਸੇ ਵੇਲੇ ਕਫ਼ੂਰ ਹੋ ਗਈ।

ਇਸ ਭੀਸ਼ਣ ਮੁਕਾਬਲੇ ਨੂੰ ਵੇਖ ਕੇ, ਬਾਬਾ ਲਾਲ ਸਿੰਘ ਦੇ ਐਸੇ ਉੱਤਮ ਵਿਚਾਰਾਂ ਨੂੰ ਸੁਣ ਕੇ, ਨੇੜੇ ਬੈਠ ਕੇ ਦੇਖ ਰਹੇ ਅੰਗਰੇਜ਼ ਅਫ਼ਸਰ ਵੀ ਦੰਗ ਰਹਿ ਗਏ। ਆਪਣੇ ਅੰਦਰੋਂ ਹੀ ਬਾਬਾ ਲਾਲ ਸਿੰਘ ਦੀ ਸਾਦਗੀ ਅਤੇ ਇਸ ਸੂਰਮਗਤੀ ਦਾ ਲੋਹਾ ਮੰਨਣ ਲੱਗ ਪਏ। ਮੁਕਾਬਲਾ ਚਲਦਿਆਂ ਨੂੰ ਲਗਪਗ ਦੋ ਘੰਟੇ ਪੂਰੇ ਹੋ ਚੁੱਕੇ ਸਨ। ਸਾਧ ਆਪਣਾ ਪੂਰਾ ਤਾਣ ਲਾ ਚੁੱਕਿਆ ਸੀ। ਉਸੇ ਸਮੇਂ ਬਾਬਾ ਲਾਲ ਸਿੰਘ ਨੇ ਸਾਧ ਨੂੰ ਬੋਲ ਕੇ ਖ਼ਬਰਦਾਰ ਕਰਦੇ ਹੋਏ ਕਿਹਾ ਕਿ ਹੁਸ਼ਿਆਰ ਹੋ ਜਾਹ। ਹੁਣ ਮੇਰਾ ਵਾਰ ਆਇਆ। ਬੱਸ ਫਿਰ ਕੀ ਸੀ, ਸਾਧ ਨੂੰ ਸਮਝ ਹੀ ਨਹੀਂ ਪਈ ਕਿ ਕਦੋਂ ਬਾਬਾ ਲਾਲ ਸਿੰਘ ਦੀ ਤਲਵਾਰ ਸਾਧ ਦੀ ਗਰਦਨ ਨਾਲ ਜਾ ਲੱਗੀ। ਸਾਧ ਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ। ਸੰਤ ਬਾਬਾ ਲਾਲ ਸਿੰਘ ਨੇ ਜ਼ੋਰਦਾਰ ਸ਼ਬਦਾਂ ਵਿੱਚ ਕਿਹਾ ਕਿ, "ਸਾਧਾ, ਜੇ ਮੈਂ ਚਾਹੁੰਦਾ ਤਾਂ ਤੇਰਾ ਸਿਰ ਵੀ ਲਾਹ ਸਕਦਾ ਸੀ। ਇਹ ਤਲਵਾਰ ਗਰਦਨ ਦੇ ਦੂਸਰੇ ਪਾਸੇ ਵੀ ਨਿੱਕਲ ਸਕਦੀ ਸੀ। ਪਰ ਤੈਨੂੰ ਇੱਕ ਸਾਧ ਹੋਣ ਦੇ ਨਾਤੇ ਛੱਡਿਆ। ਜਾਹ, ਚਲਿਆ ਜਾਹ। ਸਾਧਾਂ ਵਾਲਾ ਕੰਮ ਕਰ। ਇਸ ਮਾਣ ਨੂੰ ਤਿਆਗ ਕੇ ਭਜਨ-ਬੰਦਗੀ ਕਰ। ਆਪਣਾ ਜਨਮ ਸਵਾਰ ਲੈ। ਮੁਕਾਬਲਾ ਰੁਕ ਗਿਆ। ਸਾਧ ਨਿੰਮੋਝੂਣਾ ਹੋ ਕੇ ਚਲਿਆ ਗਿਆ। ਚਾਰੇ ਪਾਸੇ ਤੋਂ ਵੇਖ ਰਹੇ ਲੋਕਾਂ ਦੀ ਭੀੜ ਨੇ ਜੈਕਾਰੇ ਛੱਡ ਦਿੱਤੇ। ਖੁਸ਼ੀਆਂ ਦੀ ਲਹਿਰ ਦੌੜ ਗਈ। ਸਤਿਗੁਰੂ ਜੀ ਦੀ ਕਿਰਪਾ ਨਾਲ ਬਾਬਾ ਲਾਲ ਸਿੰਘ ਨੇ ਰੱਖ ਵਿਖਾਈ। ਫਿਰ ਇੱਕ ਗੱਡਾ ਮੰਗਵਾਇਆ ਗਿਆ, ਬਾਬਾ ਲਾਲ ਸਿੰਘ ਨੂੰ ਗੱਡੇ ਉੱਪਰ ਚੜ੍ਹਾ ਕੇ ਦਰਬਾਰ ਸਾਹਿਬ ਲਿਜਾਇਆ ਜਾਣ ਲੱਗਾ। ਮਾਤਾ ਜੀ ਦੇ ਦੱਸਣ ਅਨੁਸਾਰ, ਬਾਬਾ ਜੀ ਉੱਪਰ ਇਤਨੇ ਫੁੱਲ ਅਤੇ ਪੈਸਿਆਂ ਦੀ ਵਰਖਾ ਹੋਈ ਕਿ ਬਾਬਾ ਜੀ ਦਾ ਚਿਹਰਾ ਵੀ ਨਜ਼ਰ ਆਉਣਾ ਬੰਦ ਹੋ ਗਿਆ। ਸਭ ਨੇ ਜਾ ਕੇ ਦਰਬਾਰ ਸਾਹਿਬ ਮੱਥਾ ਟੇਕਿਆ। ਦੇਗ਼ ਕਰਵਾਈ ਗਈ। ਸਾਰੇ ਸ਼ਹਿਰ ਵਿੱਚ ਖੁਸ਼ੀ ਮਨਾਈ ਗਈ।

ਇਸ ਦੰਗਲ ਨੂੰ ਮਾਈਆਂ ਬੀਬੀਆਂ ਵੀ ਕੋਠਿਆਂ ਉੱਪਰ ਚੜ੍ਹ ਕੇ ਵੇਖ ਰਹੀਆਂ ਸਨ। ਉਹਨਾਂ ਵਿਚੋਂ ਇੱਕ ਵਿਧਵਾ ਬੀਬੀ (ਜਿਸ ਦਾ ਨਾਂ ਦਾ ਪਤਾ ਨਹੀਂ ਲੱਗ ਸਕਿਆ) ਵੀ ਇਸ ਦੰਗਲ ਨੂੰ ਦੇਖ ਰਹੀ ਸੀ, ਜਿਸ ਦੀਆਂ ਮਾਈ ਸੇਵਾਂ ਬਾਜ਼ਾਰ ਵਿੱਚ ਕਈ ਦੁਕਾਨਾਂ ਸਨ। ਉਸ ਨੇ ਬਾਬਾ ਜੀ ਦੇ ਇਸ ਬਹਾਦਰੀ ਭਰੇ ਕਾਰਨਾਮੇ ਨੂੰ ਵੇਖਦੇ ਹੋਏ ਬਾਬਾ ਜੀ ਨੂੰ ਆਪਣੇ ਨਾਲ ਵਿਆਹ ਕਰਾਉਣ ਦਾ ਪ੍ਰਸਤਾਵ ਰੱਖਿਆ। ਪਰ ਬਾਬਾ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਗ੍ਰਿਹਸਥੀ ਨਹੀਂ ਹੋਣਾ, ਕੇਵਲ ਸੇਵਾ ਕਰਨੀ ਹੈ। ਐਸੇ ਹੋਏ ਹਨ ਸੰਤ ਬਾਬਾ ਲਾਲ ਸਿੰਘ। ਧੰਨ ਹਨ ਸਤਿਗੁਰੂ ਰਾਮ ਸਿੰਘ ਜੀ ਜਿਨ੍ਹਾਂ ਬਾਬਾ ਲਾਲ ਸਿੰਘ ਨੂੰ ਸਿਖ਼ਯਾ ਰੂਪੀ ਅਗਨਕੁੰਡ ਵਿੱਚ ਪਾ ਕੇ ਐਸਾ ਲਾਲ ਬਣਾ ਦਿੱਤਾ ਕਿ ਉਸਦੇ ਸਾਹਮਣੇ ਸਚਮੁੱਚ ਦੇ ਲਾਲ ਵੀ ਫਿੱਕੇ ਪੈ ਗਏ। ਧੰਨ ਸਤਿਗੁਰੂ ਰਾਮ ਸਿੰਘ ਜੀ ਅਤੇ ਧੰਨ ਤੇਰੇ ਸਿੱਖ।

■

ਜਿਨ੍ਹਾਂ ਮੌਤ ਲਾੜੀ ਨੂੰ ਮਜ਼ਾਕਾਂ ਕਰਦਿਆਂ ਵਰਿਆ

✍ ਪੰਥ ਰਤਨ ਮਾ: ਨਿਹਾਲ ਸਿੰਘ

ਚੜ੍ਹਤ ਸਿੰਘ ਦੇ ਘਰ ਲੰਗਰ ਤਿਆਰ ਹੋ ਰਿਹਾ ਹੈ। ਦਾਲਾ ਰਿਜ ਰਿਹਾ ਹੈ, ਕੜਾਹ ਪ੍ਰਸ਼ਾਦ ਦੀ ਸੁਗੰਧੀ ਪਸਰ ਰਹੀ ਹੈ। ਮਾਈਆਂ ਬੀਬੀਆਂ ਹੇਕਾਂ ਲਾ ਸ਼ਬਦ ਪੜ੍ਹ ਰਹੀਆਂ ਹਨ।

ੳ) *ਸੋਹੇ ਬੰਕ ਦੁਆਰ ਅਜ ਮੇਰੇ ਸੋਹੇ ਨੇ*
ਸੋਹੇ ਬੰਕ ਦੁਆਰ ਅਜ ਮੇਰੇ ਸੋਹ ਨੇ

ਅ) *ਸੰਤਾਂ ਦੇ ਕਾਰਜ ਆਪ ਖਲੋਇਆ*
ਹਰਿ ਕਮ ਕਰਾਵਣ ਆਇਆ ਰਾਮ
ਕਮ ਕਰਾਵਣ ਆਇਆ ਸੱਚੇ ਪਾਤਸ਼ਾਹ
ਹਰਿ ਕਮ ਕਰਾਵਣ ਆਇਆ।

ਚੜ੍ਹਤ ਸਿੰਘ ਕੋਲ ਮੰਜਾ ਡਾਹੀ ਬੈਠਾ ਮਾਲਾ ਫੇਰ ਰਿਹਾ ਹੈ।

ਨੰਬਰਦਾਰ : ਸੰਤ ਜੀ ਵਧਾਈਆਂ

ਚੜ੍ਹਤ ਸਿੰਘ : ਆਓ ਨੰਬਰਦਾਰ ਸਾਹਿਬ, ਤੁਸੀਂ ਵੀ ਵਧੋ।

ਨੰਬਰਦਾਰ : ਨਿਰੀ ਵਧਾਈਆਂ ਨਾਲ ਗੱਲ ਨਹੀਂ ਬਣਨੀ। ਮੂੰਹ ਮਿੱਠਾ ਕਰਾਓ। ਲਡੂ ਪੇੜਾ ਕੜਾਹ ਪ੍ਰਸ਼ਾਦ। ਕਾਕੇ ਜਨਮ ਲਿਆ ਹੈ, ਐਵੇ ਨਹੀਂ।

ਚੜ੍ਹਤ ਸਿੰਘ : ਸਤਿਗੁਰਾਂ ਦੀਆਂ ਬਖਸ਼ਸ਼ਾਂ ਹਨ। ਲਿਆ ਨਾਮਿਆ ਨੰਬਰਦਾਰ ਵਾਸਤੇ ਕੜਾਹ ਪ੍ਰਸ਼ਾਦ।

ਹਰਨਾਮ ਸਿੰਘ : ਥਾਲੇ ਵਿੱਚ ਦੋ ਪ੍ਰਸ਼ਾਦੇ, ਦਾਲਾ, ਦਾਲੇ ਵਿਚ ਘਿਉ ਤੇ ਕੜਾਹ ਪ੍ਰਸ਼ਾਦ, ਨੰਬਰਦਾਰ ਅਗੇ ਲਿਆ ਰਖਿਆ ਤੇ ਕਿਹਾ- ਲਓ ਜੀ ਲਾਓ ਗੱਫੇ।

ਨੰਬਰਦਾਰ : ਏਨੀ ਖੇਚਲ ਕਿਉਂ ਕਰਨੀ ਸੀ।

ਚੜ੍ਹਤ ਸਿੰਘ : ਇਹ ਖੇਚਲ! ਇਹ ਗੁਰੂ ਕਾ ਲੰਗਰ ਹੈ। ਸੰਗਤਾਂ ਰੋਜ਼ ਆਉਂਦੀਆਂ ਹਨ ਤੇ ਗੱਫੇ ਲਾਂਦੀਆਂ ਹਨ। ਨੰਬਰਦਾਰ ਜੀ ਫਕੋ।

ਨੰਬਰਦਾਰ : (ਨਾਲੇ ਛਕਦਾ ਏ ਨਾਲੇ ਪੁਛਦਾ ਏ।) ਚੜ੍ਹਤ ਸਿੰਘਾ! ਤੂੰ ਮੈਨੂੰ ਇਹ ਦਸ ਕਿ ਗੁਰੂ ਰਾਮ ਸਿੰਘ ਕੌਣ ਹਨ ? ਮੈਂ ਨਹੀਂ ਸੁਣਿਆ।

ਚੜ੍ਹਤ ਸਿੰਘ : ਤੁਸੀਂ ਕਦੇ ਨਹੀਂ ਸੁਣਿਆ? ਇਹ ਹਨ ਸਤਿਗੁਰੂ ਨਾਨਕ ਦੇਵ ਜੀ ਦੀ ਬਾਰਵੀਂ ਜੋਤ ਇਨ੍ਹਾਂ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾਈ ਸਿੱਖੀ ਨੂੰ ਸੁਰਜੀਤ ਕੀਤਾ। ਪਿੰਡ ਪਿੰਡ ਜਾ ਧਰਮਸਾਲਾਂ ਦੇ ਦਰਵਾਜ਼ੇ ਖੁਲ੍ਹਾਏ, ਝਾੜੂ ਦਿੱਤਾ, ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ, ਨਾਮ ਜਪਣ ਦਾ ਉਪਦੇਸ਼ ਦਿੱਤਾ ਤੇ ਹੁਣ ਵੀ ਦੇਂਦੇ ਹਨ।

ਨੰਬਰਦਾਰ : ਉਹ ਰਾਮ ਸਿੰਘ ਤਾਂ ਨਹੀਂ ਜਿਹੜਾ ਸਰਕਾਰ ਵਿਰੁਧ ਰੌਲਾ ਪਾਂਦਾ ਹੈ।

ਚੜ੍ਹਤ ਸਿੰਘ : ਹਾਂ ਹਾਂ! ਓਹੀ ਸਤਿਗੁਰੂ ਰਾਮ ਸਿੰਘ ਜੀ। ਉਹ ਚਾਹੁੰਦੇ ਹਨ ਕਿ ਗੋਰਿਆਂ ਦਾ ਬਿਸਤਰਾ ਗੋਲ ਹੋਵੇ। ਦੇਸ਼ ਆਜ਼ਾਦ ਹੋਵੇ ਸਭ ਨਰ ਨਾਰੀ ਨਾਮ ਜਪਣ, ਕੋਈ ਕਿਸੇ ਦੀ ਧੀ ਭੈਣ ਵਲ ਮੈਲੀ ਅੱਖ ਨਾਲ ਨਾ ਵੇਖੇ। ਗਊ ਗ੍ਰਿਬ ਸੁਖੀ ਵਸਣ। ਦੇਸ਼ ਖੁਸ਼ਹਾਲ ਹੋਵੇ।

ਨੰਬਰਦਾਰ : ਉਹੋ ਕੂਕੇ ਜਿਹੜੇ ਸਰਕਾਰ ਵਿਰੁਧ ਰੌਲਾ ਪਾਂਦੇ ਹਨ। ਫੇਰ ਤਾਂ ਬਹੁਤ ਮਾੜੀ ਗੱਲ ਏ। ਅੰਗ੍ਰੇਜ਼ੀ ਰਾਜ ਵਿਚ ਸ਼ੇਰ ਬਕਰੀ ਇਕ ਘਾਟ ਪਾਣੀ ਪੀਂਦੇ ਹਨ। ਦੇਸ਼ ਸੁਖੀ ਵਸ ਰਿਹਾ ਹੈ।

ਚੜ੍ਹਤ ਸਿੰਘ : ਨੰਬਰਦਾਰਾ! ਤੁਹਾਨੂੰ ਟਪਲਾ ਲਗਾ ਹੋਇਆ ਹੈ। ਇਹ ਵੇਖਣ ਨੂੰ ਗੋਰੇ ਹਨ ਅੰਦਰੋਂ ਕਾਲੇ ਹਨ। ਇਨਾਂ ਦੇਸ਼ ਦੇ ਕਾਰੀਗਰਾਂ ਦੇ ਅੰਗੂਠੇ ਕਟਵਾ ਦਿੱਤੇ ਹਨ, ਕਿ ਵਧੀਆ ਕਪੜਾ ਬੁਣ ਨ ਸਕਣ ਏਥੇ ਵਲੈਤੀ ਮਾਲ ਵਿਕੇ। ਗੋਰੇ ਮੌਜਾਂ ਮਾਨਣ।

ਨੰਬਰਦਾਰ : ਮੈਨੂੰ ਇਹ ਚੰਗਾ ਨਹੀਂ ਲਗਦਾ। ਕੂਕੇ ਭੋਲੇ ਭਾਲੇ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਚੜ੍ਹਤ ਸਿੰਘ : ਤੂੰ ਬਹੁਤੀਆਂ ਖੈਰ ਖਾਹੀਆ ਨ ਜਤਾ, ਪਰਸੋਂ ਖੇਮੇ ਚੌਂਕੇ ਚੜ੍ਹਨਾ ਏ ਤੂੰ ਧਰਮਸਾਲੇ ਆਈਂ।

ਨੰਬਰਦਾਰ : ਚੰਗਾ ਹੋਰ ਸਭ ਠੀਕ ਹੈ। ਇਹ ਸ੍ਰਕਾਰ ਵਿਰੁਧ ਰੌਲਾ ਚੰਗਾ ਨਹੀਂ ਵੈਸੇ ਮੈਂ ਧਰਮਸਾਲੇ ਜ਼ਰੂਰ ਆਵਾਂਗਾ।

੨.

(ਧਰਮਸਾਲੀ ਸੰਗਤਾਂ ਜੁੜੀਆਂ ਬੈਠੀਆਂ ਹਨ। ਢੋਲਕੀ ਵਜ ਰਹੀ ਹੈ, ਛੈਣੇ ਖੜਕ ਰਹੇ ਹਨ। ਸ਼ਬਦਾਂ ਦੀ ਗੂੰਜਾਰ ਉੱਠ ਰਹੀ ਹੈ।)

ੳ) *ਜਿਥੇ ਚਰਨ ਗੁਰਾਂ ਨੇ ਪਾਏ*
ਧਰਤੀ ਨੂੰ ਭਾਗ ਲਗ ਗਏ
ਭਾਗ ਲਗ ਗਏ, ਭਾਗ ਲਗ ਗਏ,

ਧਰਤੀ ਨੂੰ ਭਾਗ ਲਗ ਗਏ
ਜਿਥੇ ਚਰਨ ਗੁਰਾਂ ਨੇ ਪਾਏ।

(ਕਈ ਸਿੰਘ ਸਿੰਘਣੀਆਂ ਸੂਤਰ ਪਾ ਰਹੇ ਹਨ, ਕੁਝ ਪੱਖਾ ਝੱਲ ਰਹੇ ਹਨ। ਬਾਬਾ ਕਾਹਨ ਸਿਘ ਉਠ ਕੇ ਵਖਿਆਨ ਕਰਦਾ ਹੈ:)

"ਸਾਧ ਸੰਗਤ ਜੀ! ਇਹ ਮਨੁੱਖਾ ਜਨਮ ਭਾਗਾਂ ਨਾਲ ਮਿਲਿਆ ਹੈ, ਇਸ ਨੂੰ ਭੰਗ ਦੇ ਭਾੜੇ ਨਾ ਗਵਾਉ। ਅੰਮ੍ਰਿਤ ਵੇਲੇ ਉਠੋ, ਇਸ਼ਨਾਨ ਕਰੋ, ਮਾਲਾ ਫੇਰੋ, ਦਸਾਂ ਨਹੁੰਆਂ ਦੀ ਕਿਰਤ ਕਰੋ, ਜਿਨੀ ਵਾਹ ਲਗੇ ਗਰੀਬਾਂ ਦੀ ਮਦਦ ਕਰੋ। ਵਲਾਇਤੀ ਮਾਲ ਬਿਲਕੁਲ ਨਾ ਖਰੀਦੋ। ਚਰਖੇ ਕਤੋ, ਘਰ ਦੇ ਗੁੜ ਸ਼ਕਰ ਖਾਉ। ਆਪਣੇ ਬੱਚੇ ਧਰਮਸ਼ਾਲੀ ਪੜ੍ਹਾਉ। ਕਿਸੇ ਨਾਲ ਵੈਰ ਨਾ ਰੱਖੋ। ਭਾਈ ਜੀ ਤੁਸੀਂ ਸਲੋਕ ਪੜ੍ਹੋ। ਵੇਲਾ ਕਾਫੀ ਹੋ ਗਿਆ ਹੈ। ਲੋਕਾਂ ਘਰੀਂ ਜਾ ਕੰਮ ਧੰਦੇ ਵੀ ਕਰਨੇ ਹਨ।"

ਸਲੋਕ ਪੜ੍ਹੇ ਗਏ ਹਨ। ਅਰਦਾਸਾ ਹੋ ਗਿਆ ਤੇ ਗ੍ਰੰਥ ਸਾਹਿਬ ਤੋਂ ਵਾਕ ਆਇਆ।

ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥
ਸੁਤ ਦਾਰਾ ਪਹਿ ਆਨਿ ਲੁਟਾਵੈ॥
ਮਨ ਮੇਰੇ ਭੂਲੇ ਕਪਟੁ ਨ ਕੀਜੈ॥
ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥

ਸ਼ਬਦ ਦਾ ਪਹਿਲਾ ਅਖਰ 'ਬ' ਸੀ। ਕਾਕੇ ਦਾ ਨਾਮ ਬਿਸ਼ਨ ਸਿੰਘ ਰਖਿਆ ਗਿਆ। ਆਈਆਂ ਸੰਗਤਾਂ ਵਧਾਈਆਂ ਦਿੱਤੀਆਂ। ਨੰਬਰਦਾਰ ਸੋਚੀਂ ਜਾਵੇ ਕੂਕਿਆਂ ਦੇ ਸਾਰੇ ਕੰਮ ਤਾਂ ਵਧੀਆ ਹਨ ਪਰ ਇਕੋ ਘਾਟਾ ਹੈ ਜਿਹੜਾ ਇਹ ਸਰਕਾਰ ਵਿਰੁੱਧ ਹਨ।

੩.

ਖੇਮ ਕੌਰ ਅੰਮ੍ਰਿਤ ਵੇਲੇ ਜਾਗ ਪਹਿਲਾਂ ਆਪ ਇਸ਼ਨਾਨ ਕਰਦੀ, ਫਿਰ ਬਿਸ਼ਨ ਸਿੰਘ ਦਾ ਕਰਵਾਉਂਦੀ, ਮਾਲਾ ਫੇਰਦੀ, ਜੇ ਬੱਚਾ ਰੋਣ ਲਗੇ ਤਾਂ ਥਾਪੜਾ ਦੇਂਦਿਆਂ ਆਖੇ, "ਸਤਿਗੁਰੂ ਰਾਮ ਸਿੰਘ ਦੀਆਂ ਰੱਖਾਂ। ਬਿਸ਼ਨਾ ਵੱਡਾ ਹੋਵੇ! ਸਾਧ ਸੰਗਤ ਦੀ ਸੇਵਾ ਕਰੇ, ਮੇਰੇ ਲਾਲ ਨੂੰ ਤੱਤੀ ਵਾ ਨਾ ਲਗੇ।"

ਬਿਸ਼ਨਾ ਬੈਠਾ, ਰਿੜਿਆ, ਉਠਿਆ, ਪੁਲਾਂਗਾਂ ਪੁੱਟੀਆਂ। ਜਿਉਂ ਜਿਉਂ ਪੈਰ ਪੁੱਟੇ ਤਾਂ ਸੌਦਾ ਸਿੰਘ, ਹਰਨਾਮ ਸਿੰਘ ਹੱਥਾਂ ਤੇ ਚੁੱਕ ਹਵਾ ਵਿਚ ਤਾਰੀਆਂ ਲਵਾਉਣ। ਬਿਸ਼ਨਾ ਹੱਸਦਾ ਤਾਂ ਸਾਰਾ ਵਿਹੜਾ ਖੁਸ਼ੀਆਂ ਨਾਲ ਮਹਿਕੋ ਮਹਿਕ।

ਚੜ੍ਹਤ ਸਿੰਘ : ਖੇਮੋ ਮੁੰਡੇ ਨੂੰ ਪੜ੍ਹਨੇ ਪਾ ਦੇਈਏ। ਸਤਿਗੁਰਾਂ ਦਾ ਹੁਕਮ ਹੈ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ ਹੋਸ਼ ਆਉਂਦੀ ਦੇ ਨਾਲ।

ਖੇਮੋ : ਸੁਆਮੀ ਜੀ! ਠੀਕ ਆਖਿਆ ਜੇ।

ਚੜ੍ਹਤ ਸਿੰਘ : ਲਿਆ ਫਿਰ ਗੁੜ ਦੀ ਰੋੜੀ ਤੇ ਸਵਾ ਰੁਪਇਆ ਮੈਂ ਬਿਸ਼ਨੇ ਨੂੰ ਪੜ੍ਹਨੇ ਪਾ ਆਵਾਂ।

ਖੇਮੋ : ਸਤਿ ਬਚਨ! ਸੰਤਾਂ ਨੂੰ ਹੱਥ ਜੋੜ ਅਰਜ ਕਰਿਓ ਮੁੰਡੇ ਨੂੰ ਝਿੜਕਣ ਨਾ। ਪਿਆਰ ਦਿਲਾਸੇ ਨਾਲ ਪੜ੍ਹਾਉਣ। ਬਿਸ਼ਨਾ ਬੜਾ ਬੀਬਾ ਏ।

ਚੜ੍ਹਤ ਸਿੰਘ : ਚੰਗਾ ਬਿਸ਼ਨਿਆ ਆ ਫੜ ਮੇਰੀਂ ਉਂਗਲੀ ਤੇ ਧਰਮਸ਼ਾਲੇ ਚੱਲੀਏ।

ਦੋਵੇਂ ਧਰਮਸ਼ਾਲੇ ਜਾਂਦੇ ਹਨ। ਡੇਰੇ ਦੇ ਲਾਗੇ ਪੁਜਦੇ ਹਨ ਤਾਂ ਬੱਚਿਆਂ ਦੀ ਅਵਾਜ਼ ਆਉਂਦੀ ਹੈ

੧) ੳ ਅ ੲ ਸ ਹ
੨) ਸੱਚ ਬੋਲੋ, ਬੁਰਾ ਨਾ ਚਿਤਵੋ,
ਖੋਟਾ ਕੰਮ ਨਾ ਕਰੋ।

ਚੜ੍ਹਤ ਸਿੰਘ ਅੰਦਰ ਦਾਖਲ ਹੋਇਆ ਤੇ ਬੱਚੇ ਨੂੰ ਕਿਹਾ ਕਾਕਾ ਲਾ ਸੰਤਾਂ ਦੇ ਚਰਨੀ ਹੱਥ

ਸੰਤ ਜੀ ਆਹ ਤੁਛ ਭੇਟਾ ਏ ਬੱਚੇ ਨੂੰ ਪਿਆਰ ਨਾਲ ਪੜ੍ਹਾਉਣਾ ਬੜਾ ਕੋਮਲ ਏ। ਝਿੜਕਿਓ ਨਾ ਕਿਤੇ ਦਿਲ ਨਾ ਛੱਡ ਜਾਵੇ।

ਅਧਿਆਪਕ : ਸੰਤ ਜੀ ਤੁਸੀਂ ਫਿਕਰ ਨਾ ਕਰੋ ਇਹਦਾ ਚੇਹਰ ਦਸਦਾ ਹੈ ਕਿ ਇਹ ਬੱਚਾ ਹੋਣਹਾਰ ਹੈ। ਇਹ ਪਰਿਵਾਰ ਦਾ ਨਾਉ ਰੋਸ਼ਨ ਕਰੇਗਾ। ਹੋਣਹਾਰ ਬਿਰਵਾ ਕੇ ਚਿਕਨੇ ਚਿਕਨੇ ਪਾਤ।

ਬੱਚੇ ਬਿਸ਼ਨੇ ਵੱਲ ਉਂਗਲਾ ਕਰ ਕਰ ਕਹਿੰਦੇ ਹਨ- ਅੱਡੀ ਵੱਢੀ, ਚੀਚੀ ਵੱਢੀ ਸਾਡਾ ਸਾਥੀ। ਹੋਰ ਵੀ ਆਇਆ ਏ। ਉਹ ਕਹਿੰਦੇ ਹਨ ਮੇਰੇ ਕੋਲ ਆ, ਮੇਰੇ ਕੋਲ ਆ, ਮੇਰੇ ਕੋਲ ਆ।

ਸੰਤਾਂ ਗੁੜ ਭੰਨ ਕੇ ਮੁੰਡਿਆਂ ਵਿਚ ਵਰਤਾਇਆ, ਅਧਿਆਪਕ ਨੇ ਪੈਂਤੀ ਦੇ ਪਹਿਲੇ ਅੱਖਰਾਂ ਦੀ ਸੰਥਾਂ ਦਿੱਤੀ ਤੇ ਥਾਪੜਾ ਦਿੱਤਾ ਜਾਹ ਬੈਠ ਯਾਦ ਕਰ।

ਚੜ੍ਹਤ ਸਿੰਘ : ਸੰਤ ਜੀ ਮੈਂ ਜਾਂਦਾ ਹਾਂ ਪਿਆਰ ਦਿਲਾਸੇ ਨਾਲ ਪੜ੍ਹਾਇਓ। ਖੇਮੋ ਪੱਕੀ ਕਰਦੀ ਸੀ।

ਅਧਿਆਪਕ : ਤੁਸੀਂ ਚਿੰਤਾ ਨਾ ਕਰੋ ਇਹ ਬੱਚਾ ਸਭ ਨਾਲੋਂ ਅੱਗੇ ਨਿਕਲ ਜਾਵੇਗਾ।

ਚੜ੍ਹਤ ਸਿੰਘ : ਤੁਹਾਡਾ ਮੂੰਹ ਸੁੱਲਖਣਾ ਹੋਵੇ। ਚੰਗਾ ਸੰਤ ਜੀ ਮੈਂ ਜਾਂਦਾ ਹਾਂ। ਸਤਿ ਸ੍ਰੀ ਅਕਾਲ।

ਅਧਿਆਪਕ ਨੇ ਪੈਂਤੀ ਪੜਾਈ; ਮੁੜ ਭੁਲਾਵੇ ਸਮਝਾਏ; ਮੁੜ ਮੁਹਾਰਨੀ। ਬਿਸ਼ਨ ਸਿੰਘ ਪੜ੍ਹਨ ਲਿਖਣ ਲਗ ਪਿਆ। ਇਕ ਦਿਨ ਅਧਿਆਪਕ ਨੇ ਬੱਚਿਆਂ ਨੂੰ ਇਕੱਠਿਆਂ ਕਰ ਲਿਆ ਤੇ ਸਾਖੀਆਂ ਸੁਣਾਈਆਂ। ਬਾਲਕੋ ਮੇਰੀ ਗੱਲ ਧਿਆਨ ਨਾਲ ਸੁਣੋ।

ਬੱਚੇ : ਸੁਣਾਓ ਜੀ।

ਅਧਿਆਪਕ : ਕੰਨ ਖੋਲ੍ਹ ਕੇ ਸੁਣੋ। ਕਈ ਬੱਚੇ ਨਾਲੇ ਹੱਸਦੇ ਹਨ ਨਾਲੇ ਕੰਨ ਖੋਲਦੇ ਹਨ।

ਅਧਿਆਪਕ : ਪੁਰਾਣੇ ਸਮਿਆਂ ਵਿਚ ਰਾਮ ਜੀ ਹੋਏ ਹਨ। ਉਹਨਾਂ ਦੇ ਭਰਾ ਸਨ ਲਛਮਣ, ਭਰਤ ਤੇ ਸ਼ਤਰੂਘਨ।

ਬੱਚੇ : "ਜੀ ਹਾਂ"।

ਅਧਿਆਪਕ : ਉਹ ਸਾਰੇ ਰਲ ਕੇ ਰਹਿੰਦੇ ਸਨ। ਲੜਦੇ ਝਗੜਦੇ ਨਹੀਂ ਸਨ।

ਬੱਚੇ : ਜੀ ਹਾਂ।

ਅਧਿਆਪਕ : ਉਹ ਮਾਤਾ ਪਿਤਾ ਦੀ ਸਵੇਰੇ ਸਾਰ ਚਰਨੀਂ ਹੱਥ ਲਾਉਂਦੇ ਮੁੜ ਹੋਰ ਕੰਮ ਕਰਦੇ। ਤੁਸੀਂ ਵੀ ਮਾਤਾ ਪਿਤਾ ਨੂੰ ਮੱਥਾ ਟੇਕਿਆ ਕਰੋ।

ਮੁੰਡੇ ਚੰਗਾ ਜੀ। ਕੋਈ ਨਵੀਂ ਗੱਲ ਦਸੋ।

ਅਧਿਆਪਕ ਇਕ ਬਾਲਕ ਹੋਇਆ ਹੈ ਉਸ ਦਾ ਨਾਉ ਸੀ ਹਕੀਕਤ। ਉਸ ਵੇਲੇ ਦੇਸ਼ ਵਿੱਚ ਮੁਗਲਾਂ ਦਾ ਰਾਜ ਸੀ ਬੱਚੇ ਮਸੀਤੇ ਪੜ੍ਹਨ ਜਾਂਦੇ ਸਨ। ਗੱਲੀ ਬਾਤੀ ਮੁੰਡਿਆਂ ਦਾ ਝਗੜਾ ਹੋ ਗਿਆ। ਝਗੜਾ ਵਧਦਾ ਵਧਦਾ ਲਾਹੌਰ ਸੂਬੇ ਕੋਲ ਪੁੱਜਾ। ਮੌਲਵੀ

ਨੇ ਫਤਵਾ ਦਿੱਤਾ ਮੁੰਡਾ ਬੜਾ ਜ਼ਬਾਨ ਦਰਾਜ਼ ਏ। ਇਹ ਮੁਸਲਮਾਨ ਹੋ ਜਾਵੇ।

ਹਕੀਕਤ ਨੇ ਕਿਹਾ ਮੈਂ ਮੁਸਲਮਾਨ ਨਹੀਂ ਹੋਣਾ। ਤਲਵਾਰ ਮਾਰ ਉਸਦਾ ਸਿਰ ਕੱਟ ਦਿੱਤਾ। ਉਹਦੀ ਸਮਾਧੀ ਲਾਹੌਰ ਵਿਚ ਹੈ। ਸਾਲ ਪਿਛੋਂ ਬਸੰਤ ਵਾਲੇ ਦਿਨ ਮੇਲਾ ਲਗਦਾ ਹੈ। ਸੁਣਦੇ ਹੋ?

ਬੱਚੇ : ਜੀ ਹਾਂ।

ਅਧਿਆਪਕ : ਬਾਕੀ ਫੇਰ ਕਦੇ। ਹੁਣ ਛੁੱਟੀ।

ਬੱਚੇ : "ਛੁੱਟੀ, ਛੁੱਟੀ, ਛੁੱਟੀ, ਛੁੱਟੀ ਵੈਰੀਆਂ ਦੀ ਖੇਤੀ ਲੁੱਟੀ" ਕਹਿੰਦੇ ਘਰਾਂ ਨੂੰ ਚਲੇ ਗਏ। ਕੁਝ ਦਿਨਾਂ ਉਪਰੰਤ

ਅਧਿਆਪਕ : ਮੈਂ ਤੁਹਾਨੂੰ ਕਈ ਸਾਖੀਆਂ ਸੁਣਾਈਆਂ ਹਨ ਅੱਜ ਮੈਂ ਤੁਹਾਥੋਂ ਸੁਣਾਂਗਾ।

ਬੱਚੇ : ਬੜਾ ਚੰਗਾ ਜੀ, ਸੁਣੋ।

ਅਧਿਆਪਕ : ਤੁਸੀਂ ਹੱਥ ਖੜੇ ਕਰਿਓ। ਬੋਲੇ ਕੋਈ ਨਾ। ਜਿਸ ਨੂੰ ਮੈਂ ਪੁੱਛਾਂ ਉਹ ਉਤਰ ਦੇਵੇ।

ਬੱਚੇ : ਚੰਗਾ ਜੀ।

ਅਧਿਆਪਕ : ਗੁਰੂ ਅਰਜਨ ਦੇਵ ਜੀ ਕੌਣ ਸਨ? ਨਾਮਿਆ! ਤੂੰ ਦਸ।

ਹਰਨਾਮ : ਜੀ ਸਾਡੇ ਪੰਜਵੇਂ ਗੁਰੂ। ਉਹ ਉਬਲਦੀ ਦੇਗ ਵਿਚ ਬੈਠੇ। ਤੱਤੀ ਲੋਹ ਤੇ ਵੀ ਬਿਠਾਏ ਗਏ। ਉਹਨਾਂ ਦੇ ਸੀਸ ਤੇ ਗਰਮ ਗਰਮ ਰੇਤਾ ਪਾਇਆ ਗਿਆ। ਪਰ ਉਹਨਾਂ ਭਾਣਾ ਮਿੱਠਾ ਕਰਕੇ ਮੰਨਿਆ।

ਅਧਿਆਪਕ : ਸ਼ਾਬਾਸ਼! ਬਹਿ ਜਾ। ਕੋਈ ਦਸ ਸਕਦਾ ਹੈ ਮਨੀ ਸਿੰਘ ਕੌਣ ਸਨ?

ਕਰਨੈਲ : ਜੀ ਉਹ ਬੜੇ ਵਿਦਵਾਨ ਸਨ। ਉਹਨਾਂ ਧਰਮ ਖਾਤਰ ਬੰਦ ਬੰਦ ਕਟਵਾਏ ਪਰ ਧਰਮ ਨਹੀਂ ਛੱਡਿਆ।

ਅਧਿਆਪਕ : ਬਿਲਕੁਲ ਠੀਕ। ਚੰਗਾ ਨਾਮਿਆ ਤੂੰ ਦਸ ਹਰੀ ਸਿੰਘ ਨਲੂਆ ਕੌਣ ਸੀ?

ਹਰਨਾਮ : ਜੀ ਉਹ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਜਰਨੈਲ ਉਸ ਨੇ ਹਮਲਾਵਰਾਂ ਨੂੰ ਨਾਨੀ ਚੇਤੇ ਕਰਵਾਈ।

ਅਧਿਆਪਕ : ਵਾਹ ਬਈ ਵਾਹ! ਤੁਸੀਂ ਮੈਨੂੰ ਇਹ ਦੱਸੋ ਕਿ ਤੁਸੀਂ ਵੱਡੇ ਹੋ ਕੇ ਕੀ ਸੇਵਾ ਕਰੋਗੇ। ਹੱਥ ਖੜੇ ਕਰੋ। (ਬਹੁਤਿਆਂ ਨੇ ਹੱਥ ਖੜੇ ਕਰ ਦਿੱਤੇ)।

ਅਧਿਆਪਕ : ਬਿਸ਼ਨਿਆ ਤੂੰ ਵੱਡਾ ਹੋ ਕੇ ਕੀ ਬਣੇਂਗਾ?

ਬਿਸ਼ਨ ਸਿੰਘ : ਜੀ ਮੈਂ ਵੱਡਾ ਹੋ ਕੇ ਗੋਰਿਆਂ ਵਿਰੁੱਧ ਲੜਾਈ ਲੜਾਂਗਾ ਤੇ ਗੋਰਿਆਂ ਨੂੰ ਦੇਸ਼ੋਂ ਬਾਹਰ ਕੱਢਾਂਗਾ।

ਅਧਿਆਪਕ : ਬੱਲੇ ਸ਼ੇਰਾ ਨਹੀਂ ਰੀਸਾਂ ਤੇਰੀਆਂ। ਤੇਰੇ ਵਰਗੇ ਹੀ ਬੱਚੇ ਹੋਣੇ ਚਾਹੀਦੇ ਹਨ।

੪.

ਅਗਲੀ ਸਵੇਰ ਬੱਚੇ ਧਰਮਸ਼ਾਲਾ ਆਏ। ਬਾਹਰ ਢੋਲ ਢਮਕਾ ਵੱਜ ਰਿਹਾ ਸੀ। ਛਿੰਝ ਪੈਣੀ ਸੀ। ਬੱਚਿਆਂ ਸਲਾਹ ਕਰਕੇ ਅਧਿਆਪਕ ਅੱਗੇ ਬੇਨਤੀ ਕੀਤੀ ਗੁਰੂ ਜੀ! ਅਸੀਂ ਵੀ ਘੋਲ ਵੇਖ ਆਈਏ। ਅਧਿਆਪਕ ਨੇ ਹਾਂ ਕਰਦਿਆਂ ਕਿਹਾ, ਵੇਖਿਓ ਕਿਸੇ ਨਾਲ ਲੜਾਈ ਝਗੜਾ ਨਾ ਕਰਿਓ।

ਬੱਚੇ ਦੋੜੰਗੇ ਮਾਰਦੇ ਦੰਗਲ ਵਾਲੇ ਪਾਸੇ ਚਲੇ ਗਏ। ਬਾਹਰ ਸਰਕਾਰੀ ਮਦਰੱਸੇ ਦੇ ਬੱਚੇ ਵੀ ਆਏ ਹੋਏ ਸਨ। ਉਹਨਾਂ ਸਿੱਧੀਆਂ ਪੱਗਾਂ ਵਾਲੇ ਬੱਚਿਆਂ ਨੂੰ ਵੇਖਿਆ ਤਾਂ ਇਹਨਾਂ ਦੇ ਲਾਗੇ ਆ ਖਲੋਤੇ ਤੇ ਲੱਗੇ ਮਸ਼ਕਰੀਆਂ ਕਰਨ।

ਰਾਮਲਾ : ਤੁਸੀਂ ਧਰਮਸ਼ਾਲੇ ਪੜ੍ਹਦੇ ਹੋ? ਛੱਡੋ ਪਰੇ। ੳ ਭਾਈ ਦਾ ਪੁੱਟਿਆ ਜੂੜਾ। ਅ ਭਾਈ ਬੜਾ ਭੈੜਾ। ੲ ਭਾਈ ਨੂੰ ਲੜ ਗਈ ਕੀੜੀ।
ਨਾਲੇ ਹੱਸਦੇ ਹਨ ਨਾਲੇ ਤਾੜੀ ਮਾਰਦੇ ਹਨ।

ਹਰਨਾਮ : ਤੁਸੀਂ ਕੀ ਪੜ੍ਹਦੇ ਹੋ। ਅਲਫ ਉਲੂ, ਬਾਲਾ ਬੇ ਬਿਲ ਬਤਾਊਰੀ ਨਾਸਾ ਚਾਉੜੀ ਤੇ ਤਿੱਤਰ ਤੇ ਖਾਊ ਫਿੱਤਰ।

ਇਕ ਬਜ਼ੁਰਗ : ਦੇਖੋ ਮੁੰਡਿਓ ਲੜੋ ਨਹੀਂ ਪਿਆਰ ਮੁਹੱਬਤ ਨਾਲ ਗਲ ਕਰੋ।

ਚਿਰਾਗ : ਕੁਕਿਓ ਤੁਸੀਂ ਸਵੇਰੇ ਕੀ ਪ੍ਰਾਰਥਨਾ ਕਰਦੇ ਹੋ?

ਗੁਰਨਾਮ : ਤੂੰ ਮੇਰਾ ਪਿਤਾ ਤੂੰ ਮੇਰਾ ਮਾਤਾ
ਤੂੰ ਮੇਰਾ ਬੰਧਪ ਤੂੰ ਮੇਰਾ ਭਰਾਤਾ
ਤੂੰ ਮੇਰਾ ਰਾਖਾ ਸਭਨੀ ਥਾਈਂ
ਤਾਂ ਭਉ ਕੇਹਾ ਕਾੜਾ ਜੀਉ॥
ਤੇ ਤੁਸੀਂ ਕੀ ਪੜ੍ਹਦੇ ਹੋ।

ਚਿਰਾਗ : ਅਸੀਂ ਆਪਣੀ ਮਲਕਾਂ ਦੇ ਗੀਤ ਗਾਉਂਦੇ ਹਾਂ। ਖੁਦਾ ਮਲਕਾ ਮੁਅਜਮਾ ਕੋ ਸਲਾਮਤ ਰਖੇ।
ਉਸ ਕਾ ਰਾਜ ਹਮੇਸ਼ਾ ਕਾਇਮ ਰਹੇ।
ਹਮ ਉਸ ਕੇ ਸਾਏ ਮੇਂ ਫਲੇਂ ਫੂਲੇਂ
ਉਸ ਕਾ ਰਾਜ ਕਿਆਮਤ ਤਕ ਰਹੇ॥

ਰਵੇਲ ਸਿੰਘ : ਵਾਹ ਉਏ ਸਵਾਹ ਦੀ ਪੜਾਈ ਏ! ਤੁਸੀਂ ਵਿਦੇਸ਼ੀਆਂ ਦੇ ਗੁਣ ਗਾਉਂਦੇ ਹੋ। ਤੁਹਾਨੂੰ ਸ਼ਰਮ ਨਹੀਂ ਆਉਂਦੀ? ਗੋਰਿਆਂ ਟੀਪੂ ਨੂੰ ਧੋਖਾ ਦਿੱਤਾ, ਅਵੱਧ ਦੀਆਂ ਬੇਗਮਾਂ ਦੀ ਬੇਇਜ਼ਤੀ ਕੀਤੀ। ਤੁਹਾਨੂੰ ਸ਼ਰਮ ਆਉਣੀ ਚਾਹੀਦੀ ਹੈ।

ਰਾਮ ਲਾਲ : ਤੁਸੀਂ ਅੰਗ੍ਰੇਜ਼ ਦਾ ਰਾਜ ਚੰਗਾ ਨਹੀਂ ਸਮਝਦੇ?

ਬਿਸ਼ਨ ਸਿੰਘ : ਕੀ ਚੰਗਾ ਸਮਝੀਏ? ਇਹ ਗੋਰੇ ਦੇਸ਼ ਨੂੰ ਲੁੱਟ ਰਹੇ ਹਨ। ਆਪੋ ਵਿਚ ਲੜਾਂਦੇ ਹਨ।

ਚਿਰਾਗਦੀਨ : ਤੁਹਾਨੂੰ ਟਪਲਾ ਲਗਾ ਏ। ਸਰਕਾਰ ਸੜਕਾਂ ਬਣਾ ਰਹੀ ਏ, ਸਕੂਲ ਖੁਲ ਰਹੇ ਹਨ, ਰੇਲਾਂ ਚਲ ਰਹੀਆਂ ਹਨ, ਕੀ ਇਹ ਸੁਖ ਨਹੀਂ?

ਕਰਨੈਲ ਸਿੰਘ : ਇਹ ਮਾਇਆ ਜਾਲ ਏ, ਮਾਇਆ ਜਾਲ। ਇਹ ਗੁਲਾਮੀ ਰੱਖਣ ਦੇ ਢੰਗ ਹਨ।

ਗੁਲਾਮ : ਅਸੀਂ ਪੜ੍ਹ ਲਿਖ ਪਟਵਾਰੀ ਬਣਾਂਗੇ।

ਸਿਪਾਹੀ ਭਰਤੀ ਹੋਵਾਂਗੇ ਤੇ ਮੌਜਾਂ ਮਾਣਾਂਗੇ। ਤੁਸੀਂ ਰਹੋਗੇ ਭਾਈ ਦੇ ਭਾਈ।

ਬਿਸ਼ਨ ਸਿੰਘ : ਤੁਹਾਡੇ ਨੱਕ ਵਿਚ ਨੱਥਾਂ ਪੈਣਗੀਆਂ। ਗੋਰੇ ਤੁਹਾਨੂੰ ਬਾਂਦਰ ਵਾਂਗ ਨਚਾਉਣਗੇ ਤੇ ਜੇਬਾਂ ਆਪਣੀਆਂ ਭਰਨਗੇ। ਅਸੀਂ ਸਭ ਦੇ ਸੁਖ ਦੀ ਅਰਦਾਸ ਕਰਦੇ ਹਾਂ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ।

ਸਾਡਾ ਪਿਆਰਾ ਦੇਸ਼ ਮਹਾਨ।
ਸਾਡੀ ਜਿੰਦ ਸਾਡੀ ਜਾਨ।
ਅਸੀਂ ਹਾਂ ਇਸ ਦੇ ਚੰਗੇ ਬੱਚੇ।
ਤਨ ਦੇ ਤਕੜੇ ਮਨ ਦੇ ਸੱਚੇ।
ਸਤਿਗੁਰ ਤੋਂ ਬਲਿਹਾਰੀ ਜਾਈਏ।
ਜਿਨ੍ਹਾਂ ਧਰਮ ਦੀ ਕਾਰ ਸਖਾਈ ਏ।
ਵੈਰੀ ਇਸ ਦੇ ਮਾਰ ਮੁਕਾਈਏ।
ਆਓ ਇਸ ਦੀ ਸ਼ਾਨ ਵਧਾਈਏ।
ਭਾਰਤ ਸਾਡਾ ਦੇਸ਼ ਮਹਾਨ।
ਗੁਰੂ ਸਾਡੇ ਦੀ ਉੱਚੀ ਸ਼ਾਨ। (ਇਕ ਕਵੀ)

੫.

ਮਾਤਾ ਜੱਸਾ ਜੀ ਦੀ ਯਾਦ ਵਿਚ ਸ੍ਰੀ ਭੈਣੀ ਸਾਹਿਬ ਭਾਰੀ ਮੇਲਾ। ਦੂਰੋਂ-੨ ਸੰਗਤਾਂ ਪੁੱਜੀਆਂ। ਚੜ੍ਹਤ ਸਿੰਘ, ਖੇਮ ਕੌਰ, ਸੱਦਾ ਸਿੰਘ, ਹਰਨਾਮ ਸਿੰਘ ਤੇ ਬਿਸ਼ਨ ਸਿੰਘ ਸਭ ਤਿਆਰ ਹੋ ਟੁਰੇ।

"ਚੱਲੋ ਚੱਲੀਏ ਗੁਰਾਂ ਦੇ ਮੇਲੇ ਖਸਮਾਂ ਨੂੰ ਖਾਣ ਧੰਦੜੇ" ਪੜ੍ਹਦੇ-੨ ਸ੍ਰੀ ਭੈਣੀ ਸਾਹਿਬ ਪਹੁੰਚ ਗਏ। ਮੇਲਾ ਹੋ ਗਿਆ ਸੰਗਤਾਂ ਘਰਾਂ ਨੂੰ ਮੁੜਨਾ ਅਰੰਭਿਆ। ਮਸਤਾਨੇ ਇਕੱਠੇ ਹੋ ਸ਼ਬਦ ਪੜ੍ਹਦੇ ਹਨ-

੧) ***ਸੂਰਾ ਸੋਈ ਸੂਰਾ ਸੋਈ ਜੋ ਲੜੈ ਦੀਨ ਕੇ ਹੇਤ***
ਪੁਰਜਾ ਪੁਰਜਾ ਕਟ ਮਰੈ ਕਬਹੂ ਨ ਛਾਡੈ ਖੇਤ

ਗੁਰਮੁਖ ਸਿੰਘ: ਖਾਲਸਾ ਜੀ ਮੈਂ ਦਸ ਨਹੀਂ ਸਕਦਾ ਮੇਰੀ ਜਬਾਨ ਬੋਲ ਨਹੀਂ ਸਕਦੀ ਧ੍ਰਿਗ ਹੈ ਮੇਰੇ ਜਿਉਣ ਨੂੰ, ਮੈਂ ਓਥੇ ਹੀ ਕਿਉਂ ਨਾ ਮਰ ਗਿਆ। ਮੇਰੇ ਸਾਹਮਣੇ ਬੈਲ ਨੂੰ ਜ਼ਬਾ ਕੀਤਾ ਗਿਆ। ਢਾਹ ਮਾਰਦਿਆਂ ਹੇ ਅਕਾਲ ਪੁਰਖ ਬਖਸ਼।

ਹੀਰਾ ਸਿੰਘ : ਗੱਲ ਕੀ ਹੋਈ?

ਗੁਰਮੁਖ ਸਿੰਘ: ਗੱਲ ਹੋਈ ਸੁਆਹ। ਮੈਂ ਮਾਮਲਾ ਤਾਰਨ ਗਿਆ। ਇਕ ਕੰਚੂਜੜੇ ਨੇ ਬਲਦ ਤੇ ਮੂਲੀਆਂ ਲੱਦੀਆਂ ਹੋਈਆਂ ਸਨ। ਉਹ ਆਪ ਉਪਰ ਬੈਠਾ ਸੀ ਤੇ ਪਰਾਣੀਆਂ ਮਾਰੀ ਜਾਵੇ। ਮੈਂ ਕਿਹਾ ਭਲਿਆ ਲੋਕਾ! ਬਲਦ ਵਿਚ ਵੀ ਜਾਨ ਹੈ। ਹੇਠਾਂ ਉਤਰ ਆ। ਇਹ ਸੁਣਦਿਆਂ ਸਾਰ, ਉਹ ਅੱਗ ਭਬੂਕਾ ਹੋ ਕੋਤਵਾਲੀ ਪੁੱਜਾ। ਕੋਤਵਾਲ ਬਜਾਏ ਇਸਦੇ ਕਿ ਉਹ ਕੋਈ ਨਿਆ ਕਰਦਾ ਮੈਨੂੰ ਹੀ ਡਾਂਟਣ ਲਗ ਪਿਆ ਤੇ ਬੈਲ ਨੂੰ ਮੇਰੇ ਸਾਹਮਣੇ ਕਤਲ ਕਰ ਦਿੱਤਾ। ਖਾਲਸਾ ਜੀ! ਮੈਨੂੰ ਬਖਸ਼ੋ ਮੇਰੀਆਂ ਅੱਖਾਂ ਨੇ ਇਹ ਕਾਰਾ ਦੇਖਿਆ। ਹਾਏ ਇਹ ਅੰਨ੍ਹੀਆਂ ਕਿਉਂ ਨਾ ਹੋ ਗਈਆਂ?

ਹੀਰਾ ਸਿੰਘ : ਬਹਾਦਰੋ! ਅਜੇ ਕੱਲ੍ਹ ਦੀ ਗੱਲ ਏ। ਇਹਨਾਂ ਗੋਰਿਆਂ ਸ੍ਰੀ ਅੰਮ੍ਰਿਤਸਰ ਵਿਚ ਚਾਰ ਸਿੰਘਾਂ ਨੂੰ ਚਿੱਟੇ ਦਿਨ ਫਾਂਸੀ ਚਾੜ੍ਹਿਆ, ਲੁਦਿਆਣੇ ਗਿਆਨੀ ਸਿੰਘ ਤੇ ਰਤਨ ਸਿੰਘ ਨੂੰ ਫਾਹੇ ਟੰਗਿਆ। ਗੋਰੇ ਏਨੇ ਭੂਤਰੇ ਹੋਏ ਹਨ ਕਿ ਪਹਿਲਾਂ ਸ਼ਹਿਰ ਵਿਚ ਡਾਉਂਡੀ ਪਿਟਵਾਈ। ਲੋਕਾਂ ਨੂੰ ਸੱਦਾ ਦਿੱਤਾ ਤੇ ਸਿੰਘਾਂ ਨੂੰ ਫਾਹੇ ਲਟਕਾਇਆ। ਇਹ ਕੋਈ ਜਿਉਣਾ ਏ ਇਸ ਗੱਲ ਨਾਲੋਂ ਮੌਤ ਚੰਗੀ।

ਲਹਿਣਾ ਸਿੰਘ: ਗੁਰੂ ਪਿਆਰਿਓ! ਸਿੰਘ ਨਾ ਜ਼ੁਲਮ ਕਰਦਾ ਏ ਨਾ ਜੁਲਮ ਸਹਾਰ ਸਕਦਾ ਏ। ਬੇਗੈਰਤੀ ਦੇ ਜੀਵਣ ਨਾਲੋਂ ਮੌਤ ਚੰਗੀ। ਥਾਂ ਥਾਂ ਬੁੱਚੜਖਾਨੇ ਖੁਲ੍ਹ ਰਹੇ ਹਨ। ਇਹ ਰਿਸ਼ੀਆਂ ਮੁਨੀਆਂ ਦੀ ਧਰਤੀ ਲਹੂ ਨਾਲ ਰੰਗੀ ਪਈ ਹੈ।

ਹੀਰਾ ਸਿੰਘ ਲਖ ਲਾਹਨਤ ਜਵਾਨੀ ਦਾ! ਜੇ ਗਊਆਂ ਕਤਲ ਹੁੰਦੀਆਂ ਰਹਿਣ।

ਸਤਿਗੁਰੂ ਰਾਮ ਸਿੰਘ ਜੀ : ਹੀਰਾ ਸਿੰਘ ਅਜੇ ਪਨੀਰੀ ਛੋਟੀ ਹੈ ਜਿਹੜਾ ਕੰਮ ਤੁਸੀਂ ਤੇਗ ਨਾਲ ਕਰਨਾ ਚਾਹੁੰਦੇ ਹੋ ਮੈਂ ਮਾਲਾ ਨਾਲ ਕਰ ਦਿਆਂਗਾ।

ਹੀਰਾ ਸਿੰਘ : ਬਾਪੂ ਜੀ! ਸਾਨੂੰ ਗੁਰੂ ਤੇਗ ਬਹਾਦਰ ਜੀ ਦਰਸ਼ਨ ਦੇ ਕਹਿੰਦੇ ਹਨ ਪਾਨਾ ਦਾ ਬੀੜਾ ਚੁਕੋ ਤੇ ਸੀਸ ਦਿਓ। ਧਰਮ ਤਦ ਹੀ ਤੁਰੇਗਾ।

ਸਤਿਗੁਰੂ ਜੀ : ਗੁਰੂ ਤੇਗ ਬਹਾਦਰ ਜੀ ਦੇ ਬਚਨ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ, ਜਿਵੇਂ ਮਾਲਕ ਦੀ ਰਜ਼ਾ।

ਹੀਰਾ ਸਿੰਘ : ਬਾਪੂ ਜੀ ਅਜ ਹੱਥੀਂ ਪ੍ਰਸ਼ਾਦ ਛਕਾਉਣ ਦੀ ਕ੍ਰਿਪਾਲਤਾ ਕਰੋ। ਇਹ ਅੰਤਮ ਪ੍ਰਸ਼ਾਦ ਹੈ।

ਸਤਿਗੁਰੂ ਜੀ : ਚੰਗਾ ਪ੍ਰਸ਼ਾਦ ਆਉਂਦਾ ਹੈ।

ਹੀਰਾ ਸਿੰਘ : ਬਾਪੂ ਜੀ ਪੜਾ ਕਿਥੇ ਕਰੀਦੇ?

ਸਤਿਗੁਰੂ ਜੀ : ਰੱਬ ਈ ਰੱਬ।

ਸਤਿਗੁਰੂ ਜੀ ਇਹ ਕਹਿ ਮੁੜੇ ਤੇ ਲੱਖਾ ਸਿੰਘ ਨੂੰ ਲੁਧਿਆਣੇ ਖਬਰ ਕਰਨ ਲਈ ਭੇਜ ਦਿੱਤਾ। ਸਿੰਘਾਂ ਪ੍ਰਸ਼ਾਦ ਛਕਿਆ ਤੇ ਅਰਦਾਸਾ ਸੋਧਿਆ। ਹੀਰਾ ਸਿੰਘ ਨੇ ਸ੍ਰੀ ਸਾਹਿਬ ਨਾਲ ਲਕੀਰ ਖਿੱਚੀ ਤੇ ਕਿਹਾ ਜਿਸ ਜਿਸ ਨੇ ਸੀਸ ਦੇਣਾ ਹੈ ਉਹ ਲੀਕ ਟੱਪੇ।

ਲਹਿਣਾ ਸਿੰਘ: ਖਾਲਸਾ ਜੀ ਇਹ ਹੀਰਾ ਸਿੰਘ ਦੀ ਜੰਞ ਕੋਟਲੇ ਚੱਲੀ ਹੈ। ਓਥੇ ਤਲਵਾਰਾਂ ਨਾਲ ਸੁਆਗਤ ਹੋਵੇਗਾ। ਧਿਆਨ ਰਖਣਾ।

ਇੰਦ ਕੌਰ ਨੇ ਝੰਡਾ ਚੁਕਿਆ ਨਾਲ ਖੇਮ ਕੌਰ ਜੈਕਾਰੇ ਛਡਦਿਆਂ ਕਦਮ ਪੁੱਟੇ ਤੇ ਸੱਤ ਵੀਹਾਂ ਸ਼ੇਰ ਛਾਲਾਂ ਮਾਰ ਲੀਕੋ ਪਾਰ ਹੋ ਗਏ ਜਥਾ ਤੁਰਿਆ ਈ ਸੀ ਕਿ ਦੋ ਸਿੰਘ ਉਤਮ ਸਿੰਘ ਤੇ ਚੜ੍ਹਤ ਸਿੰਘ ਰੁੜਕੇ ਦੇ ਧਰਮ ਜਹਾਜ਼ ਦੀ ਤਿਆਰੀ ਦਾ ਬੋਲਾ ਸੁਣਕੇ ਲੰਗਰ ਵਿਚੋਂ ਆਟਾ ਗੁੰਨਦੇ ਗੁੰਨਦੇ ਦੌੜ ਆਏ ਤੇ ਜਥੇ ਵਿਚ

ਸ਼ਾਮਲ ਹੋ ਗਏ। ਸਿੰਘਾਂ ਜੈਕਾਰਾ ਬੋਲਿਆ—

ਜੋ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।

ਜਥਾ ਤੁਰਿਆ ਜਾਂਦਾ ਨਾਲੇ ਹੇਕਾ ਲਾਈ ਜਾਂਦਾ ਹੈ।

ਇਹ ਮਲੇਸ਼ ਲੰਦਨੋ ਆਏ।
ਇਹਨਾ ਬੁਚੜਖਾਨੇ ਲਾਏ।
ਸਾਨੂੰ ਗਊਆਂ ਦਾ ਦੁਖ ਖਾਏ
ਸਿੰਘੇ ਸੀਸ ਦੇਵਣੇ ਆਏ
ਨਾਮ ਅਕਾਲ ਦੇ।

ਖੇਮ ਕੌਰ : *ਸਾਡੇ ਗੁਰਾਂ ਨੇ ਜਹਾਜ ਬਣਾਇਆ*
ਆਓ ਜਿਨੇ ਪਾਰ ਲੰਘਣਾ।

ਇੰਦ ਕੌਰ : *ਕਦੇ ਹੋਣਗੇ ਨਸੀਬੀ ਮੇਲੇ*
ਨਦੀਆਂ ਦੇ ਵੈਹਣ ਵਿਛੜੇ।

ਮਾਈਆਂ ਦੇ ਨਾਲ ਨਾਲ ਬਿਸ਼ਨ ਸਿੰਘ ਵੀ ਤੁਰਿਆ ਜਾਂਦੈ ਤੇ ਉਚੀ ਬਾਂਹ ਕਰਕੇ ਪੜ੍ਹਦਾ ਏ:

ਨਹੀਂ ਰਖਣੀ ਸਰਕਾਰ ਗੋਰੀ ਨਹੀਂ ਰਖਣੀ,
ਨਹੀਂ ਰਖਣੀ ਸਰਕਾਰ ਨਹੀਂ ਰਖਣੀ।

੬.

ਮਲੇਰਕੋਟਲੇ ਦਾ ਕੱਲਰ। ਹਜ਼ਾਰਾਂ ਮਰਦ ਇਸਤਰੀ ਖੜੇ ਹਨ। ਕੂਕੇ ਬੀਰ ਮੈਦਾਨ ਵਿਚ ਮਾਲਾ ਫੇਰ ਰਹੇ ਹਨ। ਨੌ ਤੋਪਾਂ ਬੀੜੀਆਂ ਖੜੀਆਂ ਹਨ ਸੱਤ ਸਿੰਘ ਤੋਪਾਂ ਦੇ ਸਾਹਮਣੇ ਆ ਕੇ ਖੜੇ ਹੁੰਦੇ ਹਨ।

ਕਾਵਨ : ਹੀਰਾ ਸਿੰਘ! ਟੁਮ ਨੇ ਗਦਰ ਮਚਾਇਆ।

ਹੀਰਾ ਸਿੰਘ : ਅਸੀਂ ਕੋਈ ਗਦਰ ਨਹੀਂ ਮਚਾਇਆ।

ਕਾਵਨ : ਮਲੇਰਕੋਟਲੇ ਪਰ ਹਮਲਾ ਕੀਆ?

ਹੀਰਾ ਸਿੰਘ : ਅਸੀਂ ਹਮਲਾ ਨਹੀਂ ਕੀਤਾ ਤੁਸੀਂ ਹਮਲਾ ਕਰਨ ਲਈ ਉਕਸਾਹਿਆ। ਇਹ ਤੁਹਾਡਾ ਦੋਸ਼।

ਕਾਵਨ : ਕੈਸੇ?

ਹੀਰਾ ਸਿੰਘ : ਸਰਕਾਰ ਨੇ ਬੁੱਚੜਖਾਨੇ ਖੋਲ੍ਹਣ ਦੀ ਇਜ਼ਾਜ਼ਤ ਦਿੱਤੀ। ਰੋਜ਼ ਹਜ਼ਾਰਾਂ ਗਊਆਂ ਕਤਲ ਹੁੰਦੀਆਂ ਹਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਕੋਈ ਗਊ ਨਹੀਂ ਮਾਰੀ ਜਾਂਦੀ ਸੀ। ਗਊ ਮਾਰਨ ਵਾਲੇ ਨੂੰ ਸਜ਼ਾ ਹੁੰਦੀ ਸੀ। ਹਿੰਦੂ, ਮੁਸਲਮਾਨ ਭਰਾਵਾਂ ਵਾਂਗ ਵਸਦੇ ਸਨ। ਹੁਣ ਸਰਕਾਰ ਉਹਨਾਂ ਵਿਚ ਫੁੱਟ ਪਾਉਣ ਲਈ ਗਊ ਬੱਧ ਦੀ ਆਗਿਆ ਦਿੱਤੀ ਹੈ। ਝਗੜੇ ਹੋਣਗੇ । ਸਰਕਾਰ ਬਾਂਦਰ ਵਾਂਗ ਹਲਵਾ ਮਾਂਡਾ ਖਾਏਗੀ।

ਕਾਵਨ : ਸਰਕਾਰ ਕਿਸੀ ਮਜ਼ਹਬ ਮੇਂ ਦਖਲ ਦੇਣਾ ਨਹੀਂ ਚਾਹਤੀ। ਹਰੇਕ ਆਪਣੇ-ਆਪਣੇ ਅਕੀਦੇ ਕੇ ਮੁਤਾਬਿਕ ਆਜ਼ਾਦ ਹੈਂ।

ਹੀਰਾ ਸਿੰਘ : ਇਹ ਸਰਾਸਰ ਗਲਤ। ਇਹ ਸਭ ਸ਼ਰਾਰਤ। ਹਿੰਦੂ, ਮੁਸਲਮਾਨ ਵਿਚ ਪਾੜ ਪਾਉਣ ਦਾ ਰਾਹ। ਤੁਸੀਂ ਚਾਹੁੰਦੇ ਹੋ ਹਿੰਦੂ, ਮੁਸਲਮਾਨ ਆਪਸ ਵਿਚ ਲੜਨ ਤੇ ਤੁਸੀ ਖੀਰਾਂ ਪੂੜੇ ਖਾਓ। ਇਸ ਸਾਰੇ ਪਾਪ ਦੇ ਭਾਗੀ ਹੋ।

ਕਾਵਨ : ਬਕਵਾਸ! ਤੋਪਚੀ Fire

ਤੋਪਚੀ ਤੋਪ ਚਲਾਂਦਾ ਹੈ। ਤੋਪ ਗੋਲਾ ਚੱਟ ਜਾਂਦੀ ਹੈ। ਉਹ ਨਹੀਂ ਚਲਦੀ। ਇਕ ਵਾਰ, ਦੋ ਵਾਰ, ਤਿੰਨ ਵਾਰ, Fire miss ਸਭ ਹੈਰਾਨ।

ਹੀਰਾ ਸਿੰਘ : ਵੇਖਿਆ ਤੁਹਾਡਾ ਇਨਸਾਫ

ਕਾਵਨ : ਕੋਈ ਬਾਟ ਨਹੀਂ। ਤੁਮ ਪੀਠ ਕਰੋ।

ਹੀਰਾ ਸਿੰਘ : ਬਹਾਦਰ ਮੌਤ ਵੱਲ ਪਿੱਠ ਨਹੀਂ ਕਰਦੇ। ਉਹ ਮੌਤ ਲਾੜੀ ਨੂੰ ਵਿਆਹੁਣ ਲਈ ਗਾਨੇ ਬੰਨ੍ਹ ਆਉਂਦੇ ਹਨ। ਮੈਂ ਪਿੱਠ ਨਹੀਂ ਕਰਾਂਗਾ ਤੁਸੀਂ ਚਲਾਓ ਤੋਪ।

ਤੋਪ ਚਲਦੀ ਹੈ ਸਿੰਘ ਦਾ ਸਰੀਰ ਪੋਟਾ ਪੋਟਾ ਹੋ ਧਰਤੀ ਤੇ ਡਿਗਦਾ ਹੈ। ਸਿੰਘ ਜੈਕਾਰੇ ਛੱਡਦੇ ਹਨ। ਖਲਕਤ ਮੂੰਹ ਵਿਚ ਉਂਗਲੀਆਂ ਪਾਈ ਬਿਤਰ ਬਿਤਰ ਤੱਕ ਰਹੀ ਹੈ। ਕਈਆਂ ਦੀਆਂ ਅੱਖਾਂ ਵਿਚੋਂ ਅੱਥਰੂ ਟੱਪਕ ਰਹੇ ਹਨ।

ਸਤ, ਸਤ ਸਿੰਘ ਵਾਰੀ ਵਾਰੀ ਆਉਂਦੇ ਹਨ ਤੇ ਸ਼ਹੀਦੀਆਂ ਪਾਉਂਦੇ ਹਨ। ਮਰ੍ਹਾਜ ਦਾ ਵਰਿਆਮ ਸਿੰਘ ਤੋਪ ਸਾਹਮਣੇ ਖਲੋਂਦਾ ਹੈ। ਇਕ ਸਿਪਾਹੀ ਤੋਪਚੀ ਦੇ ਕੋਲ ਜਾ ਕੇ ਕੰਨ ਵਿਚ ਕੁਝ ਕਹਿੰਦਾ ਹੈ।

ਤੋਪਚੀ : ਸਿੱਖਾ ਇਕ ਤਰਫ ਹੋ ਜਾ।

ਵਰਿਆਮ ਸਿੰਘ: ਕਿਉਂ?

ਤੋਪਚੀ : ਤੇਰਾ ਕੱਦ ਛੋਟਾ ਹੈ। ਸ਼ਿਸਤ ਨਹੀਂ ਬੈਠਦੀ।

ਵਰਿਆਮ ਸਿੰਘ: ਮੈਂ ਸਾਥ ਨਾਲੋਂ ਵਿਛੜਨਾ ਨਹੀਂ ਚਾਹੁੰਦਾ। ਉਹ ਦੂਰ ਨਿਕਲ ਗਿਆ ਹੈ, ਤੂੰ ਛੇਤੀ ਕਰ।

ਤੋਪਚੀ : ਸਿੱਖਾ ਸ਼ਿਸ਼ਤ ਠੀਕ ਨਹੀਂ ਬੈਠਦੀ।

ਵਰਿਆਮ ਸਿੰਘ ਅਗੋਂ ਹਟਿਆ ਤੇ ਫਟਾ ਫਟ ਇਧਰੋਂ ਓਧਰੋਂ ਢੀਮਾਂ ਤੇ ਇੱਟਾਂ ਇਕੱਠੀਆਂ ਕਰ ਉਪਰ ਖਲੋ ਛਾਤੀ ਤਾਣ ਕੜਕਿਆ—ਮੇਰਾ ਕੱਦ ਠੀਕ ਹੈ ਚਲਾ ਤੋਪ। ਤੋਪ ਚਲਦੀ ਹੈ। ਸਿੰਘ ਸ਼ਹੀਦਾਂ ਨਾਲ ਜਾ ਸ਼ਾਮਲ ਹੁੰਦਾ ਹੈ।

ਲੇਡੀ ਕਾਵਨ : (ਬਿਸ਼ਨ ਸਿੰਘ ਵੱਲ ਇਸ਼ਾਰਾ ਕਰਦਿਆਂ)- ਸਾਹਬ ਇਸ ਬੱਚੇ ਕੋ ਮੁਆਫ ਕਰ ਦੋ।

ਕਾਵਨ : ਬੱਚਾ ਕਹਿ ਦਏ ਮੈਂ ਸਤਿਗੁਰੂ ਰਾਮ ਸਿੰਘ ਕਾ ਸਿੱਖ ਨਹੀਂ। ਬਸ ਛੋੜ ਦੀਆ ਜਾਏਗਾ।

ਲੇਡੀ ਕਾਵਨ : ਬੇਟਾ! ਟੁਮ ਕਹਿ ਦੋ ਕਿ ਮੈਂ ਰਾਮ ਸਿੰਘ ਕਾ ਸਿੱਖ ਨਹੀਂ ਤੋਂ ਛੱਡ ਦੀਏ ਜਾਓਗੇ। (ਕੋਲ ਖਲੋਤੀ ਖੇਮ ਕੌਰ ਮਨ ਹੀ ਮਨ ਅਰਦਾਸ ਕਰਦੀ ਹੈ, ਹੇ ਸੱਚੇ ਪਾਤਸ਼ਾਹ ਬੱਚਾ ਡੋਲ ਨਾ ਜਾਏ। ਮੇਰੇ ਦੁਧ ਨੂੰ ਲਾਜ ਨਾ ਲਗੇ। ਹੇ ਸਤਿਗੁਰੂ ਰਾਮ ਸਿੰਘ ਜੀ ਤੁਸੀਂ ਹੀ ਬਿਸ਼ਨੇ ਨੂੰ ਬਲ ਬਖਸ਼ੋ।)

ਬਿਸ਼ਨ ਸਿੰਘ : ਮੈਂ ਸਾਹਬ ਕੋਲ ਜਾ ਕੇ ਕਹਾਂਗਾ।

ਲੇਡੀ ਕਾਵਨ : ਘਬਰਾਓ ਨਹੀਂ ਸਾਹਬ ਟੁਮੇ ਕੁਝ ਨਹੀਂ ਕਹੇਗਾ। ਬਸ ਇਤਨਾ ਹੀ ਕਹਿ ਦੋ ਕਿ ਮੈਂ ਰਾਮ ਸਿੰਘ ਕਾ ਸਿੱਖ ਨਹੀਂ।

ਇਹ ਸੁਣ ਬਿਸ਼ਨ ਸਿੰਘ ਦੀਆਂ ਅੱਖਾਂ ਅੰਗਿਆਰੇ ਵਰਗੀਆਂ ਲਾਲ ਹੋ ਗਈਆਂ। ਝੱਟ ਪਟ ਕਾਵਨ ਦੇ ਕੋਲ ਗਿਆ। ਕਾਵਨ ਨੇ ਕੰਨ ਲਾ ਸੁਣਨਾ ਚਾਹਿਆ। ਬਿਸ਼ਨ ਸਿੰਘ ਨੇ ਜਾਂਦਿਆਂ ਹੀ ਕਾਵਨ ਦੀ ਲੰਮੀ ਦਾੜ੍ਹੀ ਫੜ ਏਨੇ ਜ਼ੋਰ ਨਾਲ ਝਟਕਾ ਮਾਰਿਆ ਕਿ ਕਾਵਨ ਦੇ ਡੇਲੇ ਬਾਹਰ ਨਿਕਲਣ ਲਗੇ। ਪਾਸ ਖਲੋਤੇ ਫੌਜੀਆਂ ਕਾਵਨ ਦੀ ਇਹ ਹਾਲਤ ਵੇਖੀ ਤਾਂ ਤਲਵਾਰ ਮਾਰ ਪਹਿਲਾਂ ਹੱਥ ਵੱਢ ਦਿੱਤੇ ਤੇ ਦੂਜੀ ਤਲਵਾਰ ਮਾਰ ਸਿਰ ਧੜ ਨਾਲੋਂ ਵੱਖ ਕਰ ਦਿੱਤਾ। ਬਿਸ਼ਨ ਸਿੰਘ ਦਾ ਕੋਮਲ ਸਰੀਰ ਲਹੂ ਵਿਚ ਤਾਰੀਆਂ ਲਾਉਣ ਲੱਗਾ। ਆਕਾਸ਼ ਵਿਚੋਂ ਫੁੱਲਾਂ ਦੀ ਵਰਸ਼ਾ ਹੋਈ।

੭.

ਬਹਾਦਰ ਗੜ੍ਹ ਦਾ ਕਿਲਾ। ਖੇਮ ਕੌਰ ਤੇ ਇੰਦ ਕੌਰ ਵੱਖ ਵੱਖ ਕਮਰਿਆਂ ਵਿੱਚ ਡੱਕੀਆਂ ਪਈਆਂ ਹਨ। ਦੋਵੇਂ ਚੌਕੜਾ ਮਾਰ ਮਾਲਾ ਫੇਰ ਰਹੀਆਂ ਹਨ। ਅਚਾਨਕ ਖੇਮ ਕੌਰ ਦੀ ਕੋਠੜੀ ਦਾ ਦਰਵਾਜ਼ਾ ਖੁਲਦਾ ਹੈ ਤੇ ਸ਼ਿਵਚਰਨ ਅੰਦਰ ਆਉਂਦਾ ਹੈ।

ਸ਼ਿਵਚਰਨ : ਖੇਮੋਂ।

ਖੇਮ ਕੌਰ : ਹਾਂ ਵੀਰਾ।

ਸ਼ਿਵਚਰਨ : ਤੇਰੇ ਲਈ ਖੁਸ਼ ਖਬਰੀ ਲਿਆਇਆ ਹਾਂ ਮੇਰੀ ਗੱਲ ਕੰਨ ਲਾ ਕੇ ਸੁਣ।

ਖੇਮ ਕੌਰ : ਵੀਰਾ ਮੈਂ ਸੁਣਦੀ ਹਾਂ ਤੂੰ ਕਹੋ।

ਸ਼ਿਵਚਰਨ : ਵੇਖ ਖੇਮੋਂ ਕੂਕਿਆਂ ਬੜੀ ਗਲਤੀ ਕੀਤੀ। ਸਰਕਾਰ ਨਾਲ ਟੱਕਰ ਲਈ।

ਖੇਮ ਕੌਰ : ਮੈਂ ਸੁਣਦੀ ਹਾਂ।

ਸ਼ਿਵਚਰਨ : ਕੂਕੇ ਮਾਰੇ ਗਏ। ਸਤਿਗੁਰੂ ਰਾਮ ਸਿੰਘ ਨੂੰ ਦੇਸ਼ ਨਿਕਾਲਾ ਹੋ ਗਿਆ। ਸਾਰਾ ਕੂਕਾ ਪੰਥ ਮੁਜਰਮ। ਤੇਰਾ ਪਤੀ ਵੀ ਮਾਰਿਆ ਗਿਆ। ਤੇਰੇ ਬੱਚੇ ਵੀ ਉਡਾਏ ਗਏ ਤੂੰ ਦੁੱਖ ਸਹਿਣ ਲਈ ਨਿਪੁੱਤੀ ਰਹਿ ਗਈ।

ਖੇਮ ਕੌਰ : ਕੋਈ ਨਵੀਂ ਗੱਲ ਨਹੀਂ। ਧਰਮੀਆਂ ਨਾਲ ਮੁੱਢ ਕਦੀਮਾਂ ਤੋਂ ਏਦਾਂ ਹੁੰਦੀ ਆਈ ਏ।

ਸ਼ਿਵਚਰਨ : ਮੈਂ ਤੇਰੇ ਲਈ ਇੱਕ ਰਾਹ ਕੱਢਿਆ ਏ।

ਖੇਮ ਕੌਰ : ਉਹ ਕੀ?

ਸ਼ਿਵਚਰਨ : ਕਾਹਲੀ ਨਾ ਪਈਂ। ਸੋਚ ਕੇ ਗੱਲ ਕਰੀਂ।(ਥਿੜਕਦਾ ਥਿੜਕਦਾ) ਤੂੰ ਆਪਣੀ ਜੁਆਨੀ ਵੱਲ ਵੇਖ, ਚਾਰ ਦਿਨ ਸੌਖੇ ਕੱਟ ਜਾਣਗੇ।

ਖੇਮ ਕੌਰ : ਕਿਵੇਂ?

ਸ਼ਿਵਚਰਨ : ਸਾਹਿਬ ਐਸ ਵੇਲੇ ਬੜਾ ਦਿਆਲੂ ਏ, ਮੈਂ ਉਸ ਨੂੰ ਸਾਰੀ ਗੱਲ ਸਮਝਾ ਦਿੱਤੀ ਹੈ। ਉਹ ਤੈਨੂੰ ਛੱਡਣਾ ਚਾਹੁੰਦੈ।

ਖੇਮ ਕੌਰ : ਤੂੰ ਅੱਗੇ ਚਲ।

ਸ਼ਿਵਚਰਨ : ਧਿਆਨ ਨਾਲ ਸੁਣੀ। ਆਮ ਕਹਾਵਤ ਹੈ- -"ਔਲੇ ਦਾ ਖਾਧਾ ਤੇ ਸਿਆਣੇ ਦਾ ਕਹਿਆ ਪਿਛੋਂ ਸਵਾਦ ਦਿੰਦਾ ਏ।"

ਖੇਮ ਕੌਰ : ਤੂੰ ਝਿਜਕ ਨਾ।

ਸ਼ਿਵਚਰਨ : (ਥਿੜਕਦਾ ਥਿੜਕਦਾ) ਤੂੰ ਐਂਜ ਸਾਹਿਬ ਦੇ ਬੰਗਲੇ ਜਾ।

ਇਹ ਸ਼ਬਦ ਸ਼ਿਵਚਰਨ ਦੇ ਮੂੰਹੋਂ ਨਿਕਲੇ ਹੀ ਸਨ ਕਿ ਸ਼ੇਰਨੀ ਉਠ ਖਲੋਤੀ ਤੇ ਗੱਜੀ ਤੇ ਵੱਟ ਕੇ ਲੱਤ ਮਾਰੀ। ਇਕ, ਦੋ, ਤਿੰਨ, ਮਾਰੀ ਗਈ ਮਾਰੀ ਗਈ। ਤੇਰੀ ਜੀਭ ਵਿਚ ਕੀੜੇ ਪੈਣ, ਤੈਨੂੰ ਕਿਸ ਕੁੱਤੀ ਨੇ ਜੰਮਿਆ ਸੀ? ਉਹ ਚੁੜੇਲ ਤੈਨੂੰ ਇਹ ਸਖਾ ਗਈ ਕਿ ਲੋਕਾਂ ਦੀਆਂ ਧੀਆਂ ਭੈਣਾਂ ਦੀ ਇਜ਼ਤ ਬਰਬਾਦ ਕਰੇਂ। ਖ਼ਬਰਦਾਰ ਬਕਵਾਸ ਕੀਤੇ ਈ ਜੀਭ ਖਿੱਚ ਦਿਆਂਗੀ। ਸ਼ਿਵਚਰਨ ਦਾ ਪਿਸ਼ਾਬ ਨਿਕਲ ਗਿਆ। ਉਸ ਨੱਕ ਨਾਲ ਲਕੀਰਾਂ ਕੱਢੀਆਂ ਤੇ ਕਿਹਾ ਭੈਣ ਭੈਣ ਬਖਸ਼। ਭੈਣ ਦਾ ਸ਼ਬਦ ਸੁਣ ਖੇਮ ਕੌਰ ਕਿਹਾ ਫੜ ਤਾਂ ਤੈਨੂੰ ਦੇਨੀ ਹਾਂ, ਪਰ ਬਖਸ਼ੇ ਮੇਰਾ ਸਤਿਗੁਰੂ। ਜਦ ਤੱਕ ਤੂੰ ਗੁਰੂ ਪਾਸੋਂ ਬਖਸ਼ਵਾ ਨਾ ਲਵੇਂ ਭਟਕਦਾ ਰਹੇਂਗਾ।

੮.

ਸਮਾਂ ਬੀਤਦਾ ਗਿਆ ਸ਼ਿਵਚਰਨ ਦੇ ਪਾਪਾਂ ਨੇ ਉਸ ਦਾ ਦਿਮਾਗ ਹਿਲਾ ਦਿੱਤਾ। ਲੱਗਾ ਝੱਲਿਆ ਕਮਲਿਆ ਫਿਰਨ। ਕਿਸੇ ਸਰਕਾਰੀ ਕਰਮਚਾਰੀ ਵਾਤ ਨਾ ਪੁੱਛੀ ਡਾਕਟਰਾਂ ਹਕੀਮਾਂ ਦੀਆਂ ਸਰਦਲਾਂ ਚੁੰਮੀਆਂ, ਕਿਤੋਂ ਖੈਰ ਨਾ ਪਿਆ। ਹਰ ਰਾਤ ਉਹਦੀ ਛਾਤੀ ਤੇ ਸ਼ੇਰਨੀ ਆਣ ਕੇ ਬੈਠਦੀ ਤੇ ਉਹ ਬੇਹੋਸ਼ ਹੋ ਜਾਂਦਾ। ਅੰਤ ਸਮਾਂ ਬਦਲਿਆ। ਖਿਆਲ ਆਇਆ ਕੂਕਿਆਂ ਦੇ ਗੁਰੂ ਕੋਲ ਚਲੀਏ ਉਸਦੇ ਚਰਨ ਫੜੀਏ, ਹੋਰ ਕੋਈ ਵਾਹ ਨਹੀਂ ਉਹ ਫਿਰਦਾ ਫਿਰਾਂਦਾ ਰਾਏਕੋਟ ਪੁੱਜਾ। ਓਥੇ ਇੱਕ ਡਾਕਟਰ ਗੁਰ ਪ੍ਰਸ਼ਾਦ ਰਹਿੰਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਉਸ ਕੋਲ ਜਾਇਆ ਕਰਦੇ ਸਨ।

ਦੇਵਨੇਤ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਏਕੋਟ ਦਰਸ਼ਨ ਦੇਣ ਗਏ। ਡਾਕਟਰ ਗੁਰੂ ਪ੍ਰਸ਼ਾਦ ਨੇ ਸ਼ਿਵਚਰਨ ਨੂੰ ਖਬਰ ਕੀਤੀ। ਉਹ ਵਾਹੋ ਦਾਹੀ ਨੰਗੀ ਪੈਰੀਂ ਤੇ ਨੰਗੇ ਸਿਰੀਂ ਭੱਜਾ ਆਇਆ ਤੇ ਸਤਿਗੁਰਾਂ ਦੇ ਚਰਨਾਂ ਤੇ ਢਹਿ ਪਿਆ। ਅਥਰੂਆਂ ਨਾਲ ਚਰਨ ਧੋਤੇ ਤੇ ਬੋਲੀ ਜਾਵੇ। ਮੈਂ ਪਾਪੀ, ਮੈਂ ਅਪਰਾਧੀ, ਮੈਂ ਕੁੱਤਾ, ਹਰਾਮੀ, ਗੋਰਿਆਂ ਦਾ ਦਲਾਲ ਮੈਨੂੰ ਜਮਾਂ ਦੇ ਦੂਤ ਭਾਂਬੜਾਂ ਵਿਚ ਸੁਟਣਗੇ।

ਸਤਿਗੁਰ ਜੀ : ਪੰਡਿਤਾ ਠਰੰਮ੍ਹੇ ਨਾਲ ਗੱਲ ਕਰ। ਸਤਿਗੁਰੂ ਰਾਮ ਸਿੰਘ ਜੀ ਤੈਨੂੰ ਬਖਸ਼ਣਗੇ।

ਸ਼ਿਵਚਰਨ : ਪਾਪਾਂ ਦੀਆਂ ਪੰਡਾਂ ਖੁਲੀਆਂ ਪਈਆਂ ਹਨ ਦਸਿਆ ਨਹੀਂ ਜਾਂਦਾ।

ਸਤਿਗੁਰੂ ਜੀ : ਫੇਰ ਵੀ?

ਸ਼ਿਵਚਰਨ : ਨੱਕ ਨਾਲ ਲਕੀਰਾਂ ਕੱਢਦਿਆਂ ਸਾਰੀ ਵਿਥਿਆ ਸੁਣਾਈ। ਜੀ ਰਾਤੀ ਮੈਨੂੰ ਸ਼ੇਰਨੀ ਖਾਣ ਨੂੰ ਆਉਂਦੀ ਏ।

ਸਤਿਗੁਰੂ ਜੀ : ਉਠ! ਭਜਨ ਪੁਛ ਲੈ ਤੇ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਵਿਚ ਜੋਦੜੀ ਕਰਿਆ ਕਰ ਸਤਿਗੁਰੂ ਜੀ ਤੈਨੂੰ ਬਖਸ਼ ਦੇਣਗੇ ਤੇ ਸ਼ੇਰਨੀ ਤੈਨੂੰ ਕੁਝ ਨਹੀਂ ਕਹੇਗੀ। (ਪਾਸ ਖਲੋਤੇ ਸਿੰਘ ਨੇ ਕੰਨ ਵਿੱਚ ਭਜਨ ਦਸਿਆ। ਸ਼ਿਵਚਰਨ ਮੁੜ ਚਰਨਾਂ ਤੇ ਲੇਟ ਗਿਆ। ਗ਼ੁਰਬਿ ਨਿਵਾਜ ਜੀ ਮੁੜ ਪਹਿਲੇ ਸ਼ਬਦ ਦੁਹਰਾਏ।) ਸਤਿਗੁਰੂ ਜੀ ਕਿਰਪਾ ਕਰਨਗੇ, ਹੁਣ ਸ਼ੇਰਨੀ ਕੁਝ ਨਹੀਂ ਕਹਿੰਦੀ ਤੂੰ ਭਰਮ ਨ ਕਰ।

■

ਕਲਿਜੁਗ ਦੇ ਭਗਵਾਨ

ਸੰਤੋਖ ਸਿੰਘ ਨਾਮਧਾਰੀ ਬੈਂਕੋਕ

ਹਰਿ ਜੁਗਹ ਜੁਗੋ ਜੁਗ ਜੁਗਹ
ਜੁਗੋ ਸਦ ਪੀੜੀ ਗੁਰੂ ਚਲੰਦੀ॥

ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ।

ਜਿਵੇਂ ਬਲਿ ਬਾਵਨ ਔ ਰਾਮ ਕ੍ਰਿਸ਼ਨ ਵਾਲੀ ਜੋਤ,
ਗੁਰੂ ਨਾਨਕ ਨਿਰੰਕਾਰੀ 'ਚ ਸਮਾਈ ਆਨ।
ਨਾਨਕ ਤੋਂ ਅੰਗਦ, ਅਮਰ, ਰਾਮ ਦਾਸ ਆਦਿ,
ਗੁਰੂ ਸਾਹਿਬਾਂ ਵਿਚ ਉਹੋ ਜੋਤ ਰੁਸ਼ਨਾਈ ਆਨ।
ਫਿਰ ਦਸਮੇਸ਼ ਗੁਰੂ ਬਾਲਕ 'ਚੋਂ ਪ੍ਰਵੇਸ਼ ਕਰ,
ਜੋਤ ਗੁਰੂ ਰਾਮ ਸਿੰਘ ਵਿਚ ਦਰਸਾਈ ਆਨ।
ਤਿਵੇਂ ਹਰੀ ਗੁਰੂ ਪ੍ਰਤਾਪ ਵਾਲੀ ਜੋਤ ਨੂਰੀ
ਗੁਰੂ ਜਗਜੀਤ ਵਿਚ ਉਹੋ ਪ੍ਰਗਟਾਈ ਆਨ।
(ਸੰਤ ਆਤਮਾ ਸਿੰਘ ਜੀ ਸਨਖਤਰਵੀ)

ਹੈਲੋ, ਕੌਣ ਹੈ ਜੀ?

ਮੈਂ ਹਰਿਭਜਨ ਹਾਂ ਜੀ।

ਹਰਿਭਜਨ, ਮੈਂ ਤੇਰੀ ਭੂਆ ਹਾਂ। ਤੇਰੇ ਮਾਤਾ ਜੀ ਉਥੇ ਹੈਨ?

ਹਰਿਭਜਨ- ਹੈਨ ਤਾਂ ਸਹੀ ਪਰ ਉਹ ਅਜ ਬੋਲਦੇ ਨਹੀਂ। ਉਨ੍ਹਾਂ ਅਜ ਮੋਨ ਵਰਤ ਰਖਿਆ ਹੋਇਆ ਹੈ।

ਭੂਆ- ਮੈਨੂੰ ਤੇਰੀ ਸਮਝ ਨਹੀਂ ਲੱਗੀ।

ਹਰਿਭਜਨ- ਭੂਆ ਜੀ, ਜਿਸ ਤਰ੍ਹਾਂ ਆਮ ਵਰਤ ਵਿਚ ਅੰਨ ਨਹੀਂ ਖਾਈਦਾ ਇਸ ਤਰ੍ਹਾਂ ਮੋਨ ਵਰਤ ਵਿਚ ਬੋਲੀ ਦਾ ਨਹੀਂ। ਪਰਮਾਤਮਾ ਦਾ ਭਜਨ ਕਰੀ ਦਾ ਹੈ, ਗੁਰਬਾਣੀ ਦਾ ਪਾਠ ਕਰੀ ਦਾ ਹੈ ਜਾਂ ਸ਼ਬਦ ਕੀਰਤਨ ਕਰੀਦਾ ਹੈ।

ਭੂਆ- ਜੇ ਕੋਈ ਜ਼ਰੂਰੀ ਕੰਮ ਪੈ ਜਾਏ ਤਾਂ ਫਿਰ?

ਹਰਿਭਜਨ- ਇਸ਼ਾਰੇ ਨਾਲ ਸਮਝਾਇਆ ਜਾਂਦਾ ਹੈ ਜਾਂ ਲਿਖਕੇ ਦੱਸਿਆ ਜਾਂਦਾ ਹੈ।

ਭੂਆ- ਇਹ ਕਿੰਨੇ ਦਿਨਾਂ ਵਾਸਤੇ ਹੈ?

ਹਰਿਭਜਨ- ਭੂਆ ਜੀ, ਜਿੰਨਾ ਚਿਰ ਗੁਰੂ ਨਿਭਾਏਗਾ, ਵੈਸੇ ਉਹ ਹਰ ਵੀਰਵਾਰ ਮੋਨ ਵਰਤ ਰਖਦੇ ਹਨ।

ਭੂਆ- ਹੈਂ, ਤੇਰੇ ਮਾਤਾ ਜੀ, ਹਰ ਵੀਰਵਾਰ ਬੋਲਦੇ ਹੀ ਨਹੀਂ!

ਹਰਿਭਜਨ- ਭੂਆ ਜੀ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ! ਸ੍ਰੀ ਭੈਣੀ ਸਾਹਿਬ ਜਦੋਂ ਜਪ-ਪ੍ਰਯੋਗ ਹੁੰਦਾ ਹੈ ਉਥੇ ਸੈਂਕੜੇ ਨਹੀਂ ਸਗੋਂ ਹਜ਼ਾਰਾਂ ਹੀ ਮਰਦ ਅਤੇ ਜਨਾਨੀਆਂ ਵੀਰਵਾਰ ਮੋਨ ਵਰਤ ਰਖਦੀਆਂ ਹਨ। ਮੋਨ ਵਰਤ ਰਖਣ ਵਾਲੇ ਕੋਈ ਕਿਸੇ ਤਰ੍ਹਾਂ ਦੀ ਵੀ ਗੱਲ ਬਾਤ ਨਹੀਂ ਕਰਦੇ। ਸਾਰੇ ਭਜਨ ਕਰਦੇ ਹਨ ਜਾਂ ਬਾਣੀ ਦਾ ਪਾਠ ਕਰਦੇ ਹਨ। ਉਥੇ ਤਾਂ ਕਈ ਛੋਟੇ ਛੋਟੇ ਬੱਚੇ ਅਤੇ ਬੱਚੀਆਂ ਵੀ ਮੋਨ ਵਰਤ ਰਖਦੀਆਂ ਹਨ। ਭੂਆ ਜੀ, ਉਥੇ ਤਾਂ ਵੀਰਵਾਰ ਤੋਂ ਬਿਨਾਂ ਦੂਜੇ ਦਿਨਾਂ ਨੂੰ ਵੀ ਬਹੁਤ ਘਟ ਬੋਲਿਆ ਜਾਂਦਾ ਹੈ।

ਭੂਆ- ਹਰਿਭਜਨ, ਇਹ ਕੰਮ ਤਾਂ ਬੜਾ ਚੰਗਾ ਹੈ।

ਹਰਿਭਜਨ- ਭੂਆ ਜੀ, ਜਦੋਂ ਜਪ-ਪ੍ਰਯੋਗ ਹੁੰਦਾ ਹੈ ਉਦੋਂ ਤਾਂ ਐਸਾ ਪਰਤੀਤ ਹੁੰਦਾ ਹੈ ਜਿਵੇਂ ਸਤਿਜੁਗ ਆ ਗਿਆ ਹੈ ਵੈਸੇ ਲਿਖਿਆ ਵੀ ਹੋਇਆ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕਲਿਜੁਗ ਵਿਚ ਸਤਿਜੁਗ ਵਰਤਾਉਣਗੇ।
ਕਲਿਜੁਗ ਮੇਂ ਸਤਿਜੁਗ ਵਰਤਾਊਂ॥
ਤਬੀ ਬਾਰਵਾਂ ਬਪ ਕਹਾਊਂ॥

ਭੂਆ- ਹਰਿਭਜਨ, ਤੁਹਾਡਾ ਗੁਰੂ ਸੱਚਾ ਹੈ। ਵੇਖ ਮਹਾਰਾਜ ਬਾਬਾ ਪਰਤਾਪ ਸਿੰਘ ਜੀ ਦੇ ਬਚਨ ਕਿਵੇਂ ਸੱਚੇ ਨਿਕਲੇ। ਉਹ ਆਖਿਆ ਕਰਦੇ ਸਨ ਕਿ ਭਾਣਾ ਜ਼ਰੂਰ ਵਰਤ ਕੇ ਰਹੇਗਾ। ਪਾਕਿਸਤਾਨ ਬਣਨ ਸਮੇਂ ਕਿੰਨੀ ਤਬਾਹੀ ਹੋਈ ਸੀ। ਜਿਹੜੇ ਆਖਦੇ ਸਨ ਕਿ ਕੂਕੇ ਪਾਗਲ ਹਨ ਐਵੇਂ ਰੌਲਾ ਪਾਉਂਦੇ ਫਿਰਦੇ ਹਨ ਉਹ ਕਿਵੇਂ ਬੁਰੇ ਹਾਲ ਪਾਕਿਸਤਾਨ ਛੱਡ ਹਿੰਦੁਸਤਾਨ ਆਏ ਸਨ। ਕਈ ਤਾਂ ਆਪਣੀਆਂ ਬਹੂ ਬੇਟੀਆਂ ਵੀ ਨਹੀਂ ਲਿਆ ਸਕੇ, ਕਈ ਬਿਲਕੁਲ ਖਾਲੀ ਹੱਥ ਲੁਕ ਛਿਪ ਕੇ ਆਏ ਸਨ। ਮੈਂ ਦੂਜਿਆਂ ਦੀ ਗੱਲ ਕੀ ਕਰਾਂ, ਅਸੀਂ ਆਪ ਸਭ ਕੁਛ ਛੱਡ ਛਡਾ ਕੇ ਮੁਸਾਂ ਬੱਚਿਆਂ ਸਮੇਤ ਆਏ ਸਾਂ। ਤੈਨੂੰ ਪਤਾ ਹੀ ਹੈ ਕਿ ਗੁਜਰਾਂ ਵਾਲੇ ਸਾਡਾ ਕਿੱਡਾ ਵੱਡਾ ਕਾਰਖਾਨਾ ਸੀ,

ਸਭ ਕੁਛ ਛੱਡਿਆ ਗਿਆ, ਇਕ ਪੈਸੇ ਦੀ ਚੀਜ਼ ਵੀ ਨਹੀਂ ਲਿਆ ਸਕੇ, ਮਸਾਂ ਜਾਨਾਂ ਬਚਾ ਕੇ ਇਥੇ ਪਹੁੰਚੇ ਸਾਂ। ਫਿਰ ਵੀ ਪਰਮਾਤਮਾ ਦਾ ਸ਼ੁਕਰ ਹੈ ਕਿ ਜਾਨ ਬਚੀ ਸੋ ਲਾਖੋਂ ਪਾਏ। ਤੇਰੇ ਪਿਤਾ ਜੀ ਦੇ ਸਾਨੂੰ ਬੜਾ ਸਮਝਾਉਣ ਤੇ ਜੋ ਥੋੜਾ ਬਹੁਤਾ ਪਹਿਲਾਂ ਛੱਡ ਗਏ ਸਾਂ ਉਹਦੇ ਨਾਲ ਹੀ ਔਖਾ ਸੌਖਾ ਗੁਜ਼ਾਰਾ ਕਰ ਰਹੇ ਹਾਂ। ਹਰਿਭਜਨ, ਤੁਸੀਂ ਬਹੁਤ ਚੰਗੇ ਰਹੇ ਹੋ ਜਿਨ੍ਹਾਂ ਬਾਬੇ ਜੀ ਦਾ ਬਚਨ ਮੰਨ ਕੇ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਇਥੇ ਆ ਡੇਰਾ ਲਾਇਆ ਹੈ। ਘਰ ਦਾ ਸਾਰਾ ਸਮਾਨ ਤੇ ਨਹੀਂ ਲਿਆਂਦਾ ਜਾਂਦਾ ਪਰ ਕਪੜੇ, ਗਹਿਣੇ ਨਕਦੀ ਆਦਿ ਤਾਂ ਲੈ ਹੀ ਆਏ ਸਾਉ ਫਿਰ ਇੱਜ਼ਤ ਪਤ ਨਾਲ ਆ ਗਏ ਸਾਉ।

ਹਰਿਭਜਨ- ਹੁਣ ਤਾਂ ਵੱਡੇ ਵੱਡੇ ਲੀਡਰ ਵੀ ਮੰਨਦੇ ਹਨ ਕਿ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਠੀਕ ਕਹਿੰਦੇ ਸਨ। ਸ੍ਰ. ਪਰਤਾਪ ਸਿੰਘ ਕੈਰੋਂ ਮੁਖ ਮੰਤ੍ਰੀ ਪੰਜਾਬ ਵੀ ਆਖਦੇ ਹਨ ਕਿ ਕੂਕੇ ਸੱਚੇ ਨਿਕਲੇ।

ਭੂਆ- ਹਰਿਭਜਨ, ਚੜ੍ਹਿਆ ਚੰਨ ਤਾਂ ਕੋਈ ਵੀ ਨਹੀਂ ਛੁਪਾ ਸਕਦਾ। ਜਦ ਸਾਰਿਆਂ ਨੂੰ ਪਤਾ ਹੈ ਕਿ ਜਿਸ ਤਰ੍ਹਾਂ ਬਾਬੇ ਜੀ ਕਹਿੰਦੇ ਸਨ ਉਸੇ ਤਰ੍ਹਾਂ ਹੀ ਹੋਇਆ ਹੈ ਤਾਂ ਫਿਰ ਛਪਾਉਣ ਵਾਲੀ ਗੱਲ ਹੀ ਕੀ ਹੋਈ? ਤੂੰ ਸੋਚ ਕਿ ਐਵੇਂ ਤਾਂ ਨਹੀਂ ਲੱਖਾਂ ਆਦਮੀ ਉਨ੍ਹਾਂ ਦੀ ਪੂਜਾ ਕਰਦੇ?

ਹਰਿਭਜਨ- ਭੂਆ ਜੀ, ਮੈਂ ਤਾਂ ਤੁਹਾਨੂੰ ਹੋਰ ਪਾਸੇ ਲੈ ਗਈ ਹਾਂ। ਖਿਮਾ ਕਰਨੀ, ਤੁਸਾਂ ਟੈਲੀਫੂਨ ਕਿਸ ਵਾਸਤੇ ਕੀਤਾ ਸੀ?

ਭੂਆ- ਹਰਿਭਜਨ, ਕੋਈ ਗੱਲ ਨਹੀਂ, ਸਗੋਂ ਇਹ ਵੀ ਇਕ ਤਰ੍ਹਾਂ ਦਾ ਸਤਸੰਗ ਹੋ ਗਿਆ ਹੈ। ਹੱਛਾ ਸੁਣ ਮੈਂ ਟੈਲੀਫੋਨ ਇਸ ਲਈ ਕੀਤਾ ਹੈ ਕਿ ਪੰਡਤ ਜੀ ਨੇ ਲਗੱਨ ਅਨੁਸਾਰ ਸਾਡੇ ਕਸਤੂਰੀ ਲਾਲ ਦਾ ਵਿਵਾਹ ੨੬ ਫਰਵਰੀ ਨੂੰ ਮਿਥਿਆ ਹੈ। ਜੰਜ ੨੫ ਫਰਵਰੀ ਨੂੰ ਸਵੇਰੇ ੧੦ ਵਜੇ ਦਿੱਲੀ ਵਾਸਤੇ ਜਾਏਗੀ, ਪੰਜਾਂ ਬੱਸਾਂ ਦਾ ਇੰਤਜ਼ਾਮ ਕੀਤਾ ਗਿਆ ਹੈ। ਕੁਝ ਸਵਾਰੀਆਂ ਰਾਹ ਵਿਚੋਂ ਵੀ ਲੈਣੀਆਂ ਹਨ। ਭਰਾ ਜੀ ਨੂੰ ਦਸ ਦੇਈਂ। ਹੋਰ ਜਨਾਨੀਆਂ ਦਾ ਗਾਉਣ ੨੧ ਫਰਵਰੀ ਬੁਧਵਾਰ ਨੂੰ ੧੨ ਵਜੇ ਤੋਂ ੪ ਵਜੇ ਤਕ ਰਖਿਆ ਹੈ। ਤੁਸੀਂ ਸਾਰੀਆਂ ਜਥੇ ਸਮੇਤ ਦਰਸ਼ਨ ਦਿਆ ਜੇ, ਹੋਰ ਵੀ ਆਂਢ ਗੁਆਂਢ ਜਨਾਨੀਆਂ ਨੂੰ ਨਾਲ ਲਈ ਆਉਣਾ ਤਾਂ ਜੋ ਰੌਣਕ ਚੰਗੀ ਬਣ ਜਾਏ। ਟੈਕਸੀਆਂ ਦਾ ਕਰਾਇਆ ਮੈਂ ਦੇ ਦਿਆਂਗੀ। ਅੱਛਾ, ਭੁਲਿਆ ਜੇ ਨ, ਦਰਸ਼ਨ ਜ਼ਰੂਰ ਦੇਣਾ।

ਹਰਿਭਜਨ- ਭੂਆ ਜੀ, ਇਹ ਵੀ ਕੋਈ ਭੁਲਣ ਵਾਲੀ ਗੱਲ ਹੈ। ਸਾਡੇ ਵੀਰ ਕਸਤੂਰੀ ਲਾਲ ਦਾ ਵਿਵਾਹ ਹੋਵੇ ਤੇ ਅਸੀਂ ਆਈਏ ਹੀ ਨ। ਅਸੀਂ ਤਾਂ ਸਗੋਂ ਸਵੇਰੇ ਸਵੇਰੇ ਹੀ ਆ ਜਾਵਾਂਗੀਆਂ, ਦੁਪਹਿਰ ਦਾ ਖਾਣਾ ਵੀ ਉਥੇ ਹੀ ਖਾਵਾਂਗੀਆਂ। ਹੋਰ ਭੂਆ ਜੀ, ਸਾਡੇ ਜੋਗੀ ਜੇ ਸੇਵਾ ਹੋਵੇ ਤਾਂ ਜ਼ਰੂਰ ਦੱਸਣੀ।

ਭੂਆ- ਕੰਮ ਤਾਂ ਸਾਰੇ ਨੌਕਰਾਂ ਹੀ ਕਰਨੇ ਹੁੰਦੇ ਹਨ, ਜ਼ਰਾ ਦੇਖ ਭਾਲ ਹੀ ਕਰਨੀ ਹੁੰਦੀ ਹੈ। ਅੱਛਾ "ਜੈ ਹਿੰਦ"।

ਅਜ ੨੧ ਫਰਵਰੀ ਬੁਧਵਾਰ ਹੈ। ਹਰਿਭਜਨ, ਉਸ ਦੀ ਮਾਤਾ ਮਾਇਆ ਦੇਈ ਅਤੇ ਹੋਰ ਕਈ ਜਨਾਨੀਆਂ ਟੈਕਸੀਆਂ ਤੇ ਸੇਠ ਜੀ ਦੇ ਬੰਗਲੇ ਪਹੁੰਚ ਗਈਆਂ। ਅਜ ਬੰਗਲਾ ਚੰਗਾ ਸਜਾਇਆ ਹੋਇਆ ਸੀ ਗਰਾਊਂਡ ਵਿਚ ਰੰਗ ਬਰੰਗੇ ਫੁਲਾਂ ਦੇ ਗਮਲੇ ਰਖੇ ਹੋਏ ਸਨ। ਇਨ੍ਹਾਂ ਦੇ ਵਿਚਕਾਰ ਪਾਣੀ ਦਾ ਇਕ ਫੁਹਾਰਾ ਚਲ ਰਿਹਾ ਸੀ। ਥਾਂ ਥਾਂ ਤੇ ਕੁਰਸੀਆਂ ਅਤੇ ਬੈਂਚ ਪਏ ਹੋਏ ਸਨ। ਵਡੇ ਗੇਟ ਦੇ ਅੰਦਰ ਵੜਦਿਆਂ ਹੀ ਨੌਕਰ ਜਲ ਪਾਣੀ ਦੀ ਸੇਵਾ ਕਰ ਰਹੇ ਸਨ। ਜਦੋਂ ਇਹ ਜਨਾਨੀਆਂ ਕੀਰਤਨ ਕਰਨ ਵਾਲੇ ਕਮਰੇ ਵਿਚ ਵੜੀਆਂ ਤਾਂ ਉਨ੍ਹਾਂ ਵੇਖਿਆ ਕਿ ਕਮਰਾ ਰੰਗ ਬਰੰਗ ਦੇ ਕਾਗਜ਼ੀ ਫੁਲਾਂ ਨਾਲ ਸਜਾਇਆ ਹੋਇਆ ਸੀ। ਰੰਗ ਬਰੰਗ ਦੇ ਛੋਟੇ ਛੋਟੇ ਬਿਜਲੀ ਦੇ ਬਲਬ ਟਿਮਕ ਰਹੇ ਸਨ। ਕਮਰੇ ਦੀ ਇਕ ਦੀਵਾਰ ਨਾਲ, ਸ੍ਰੀ ਰਾਮ ਚੰਦ੍ਰ ਜੀ, ਮਹਾਰਾਣੀ ਸੀਤਾ ਜੀ ਅਤੇ ਚਰਨਾਂ ਵਿਚ ਬੈਠੇ ਸ੍ਰੀ ਹਨੂਮਾਨ ਜੀ ਵਾਲੀ ਇਕ ਬੜੀ ਵੱਡੀ ਰੰਗੀਨ ਫੋਟੋ ਲਗੀ ਹੋਈ ਸੀ। ਇਸ ਦੇ ਸਾਮ੍ਹਣੇ ਦੂਜੀ ਦੀਵਾਰ ਨਾਲ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੀ ਬੰਸਰੀ ਵਜਾਉਣ ਵਾਲੀ ਰੰਗੀਨ ਫੋਟੋ ਲਗੀ ਹੋਈ ਸੀ। ਇਨ੍ਹਾਂ ਦੋਹਾਂ ਫੋਟੋਆਂ ਦੇ ਦੁਆਲੇ ਬਿਜਲੀ ਦੇ ਛੋਟੇ ਛੋਟੇ ਰੰਗੀਨ ਬਲਬ ਟਿਮਕਾਂਦੇ ਹੋਇ ਬੜੇ ਸੁੰਦਰ ਵਿਖਾਈ ਦੇ ਰਹੇ ਸਨ। ਕਮਰੇ ਦੇ ਫਰਸ਼ ਤੇ ਬੜਾ ਸੁੰਦਰ ਲਾਲ ਗੱਲੀਚਾ ਵਿਛਿਆ ਹੋਇਆ ਸੀ। ਸਾਰਾ ਕਮਰਾ ਏਅਰ ਕੰਡੀਸ਼ੰਡ (Air Conditioned) ਸੀ।

ਜਦੋਂ ਸ੍ਰੀਮਤੀ ਮਾਇਆ ਦੇਈ ਦੂਜੀਆਂ ਜਨਾਨੀਆਂ ਸਮੇਤ ਕਮਰੇ ਅੰਦਰ ਵੜੀ ਤਾਂ ਸਬਬ ਨਾਲ ਵਿਆਹ ਵਾਲਾ ਲੜਕਾ ਕਸਤੂਰੀ ਲਾਲ ਮਿਲ ਪਿਆ ਉਸਨੇ ਬੜੇ ਪ੍ਰੇਮ ਨਾਲ ਦੋਵੇਂ ਹੱਥ ਜੋੜ ਕੇ ਪੈਰੀਂ ਪਉਣਾ ਆਖਿਆ। ਮਾਇਆ ਦੇਈ ਨੇ ਵੀ ਬੜੇ ਪ੍ਰੇਮ ਨਾਲ ਅਸੀਸ ਦੇਂਦਿਆਂ ਕਹਿਆ, "ਪੁੱਤਰ ਜਿਉਂਦਾ ਰਹੁ, ਵੱਡੀ ਵੱਡੀ ਉਮਰ ਹੋਵੇ।"

ਕਸਤੂਰੀ ਲਾਲ- ਮਾਮੀ ਜੀ, ਤੁਹਾਡੇ ਦਰਸ਼ਨ ਬੜੇ ਚਿਰ ਪਿਛੋਂ ਹੋਏ ਹਨ। ਮੇਰਾ ਖਿਆਲ ਹੈ ਕਿ ਲੱਗ ਪੱਗ ਇਕ ਸਾਲ ਹੋ ਗਿਆ ਹੈ। ਹੋਰ ਸਭ ਠੀਕ ਠਾਕ ਹੈ?

ਮਾਮੀ- ਸਤਿਗੁਰੂ ਜੀ ਦੀ ਕਿਰਪਾ ਨਾਲ ਸਭ ਠੀਕ ਹੈ।

ਕਸਤੂਰੀ ਲਾਲ- ਮਾਮੀ ਜੀ, ਮੈਨੂੰ ਮਾਤਾ ਜੀ ਨੇ ਦੱਸਿਆ

ਸੀ ਕਿ ਆਪ ਹਰ ਵੀਰਵਾਰ ਨੂੰ ਮੋਨ ਵਰਤ ਰਖਦੇ ਹੋ, ਬਿਲਕੁਲ ਬੋਲਦੇ ਹੀ ਨਹੀਂ, ਗੂੰਗੇ ਹੀ ਬਣੇ ਰਹਿੰਦੇ ਹੋ, ਇਸਦਾ ਕੀ ਫਾਇਦਾ? ਪਰਮਾਤਮਾ ਨੇ ਰਸਨਾ ਬੋਲਣ ਵਾਸਤੇ ਦਿੱਤੀ ਹੈ।

ਮਾਮੀ- ਵੇ ਪੁੱਤਰ, ਜੇ ਹਫਤੇ ਵਿਚ ਇਕ ਦਿਨ ਨਹੀਂ ਬੋਲਦੀ ਤਾਂ ਕਿਹੜਾ ਕੰਮ ਰੁੱਕ ਜਾਂਦਾ ਹੈ?

ਕਸਤੂਰੀ ਲਾਲ- ਮਾਮੀ ਜੀ, ਨ ਬੋਲਣ ਵਾਲੀ ਸਿੱਖਿਆ ਤੁਹਾਨੂੰ ਕਿਸ ਦਿੱਤੀ ਹੈ? ਸੱਚੋ ਸੱਚ ਦਸੋ।

ਮਾਮੀ- ਪੁੱਤਰ, ਮੈਨੂੰ ਕਿਸੇ ਆਖਿਆ ਤੇ ਨਹੀਂ, ਉਂਜ ਹੀ ਇਕ ਦਿਨ ਸ੍ਰੀ ਗ੍ਰੰਥ ਸਾਹਿਬ ਜੀ ਦਾ ਪਾਠ ਕਰਦਿਆਂ ਇਹ ਸ਼ਬਦ ਪੜ੍ਹਿਆ:-

ਏ ਰਸਨਾ ਤੂ ਅਨਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥
ਪਿਆਸ ਨ ਜਾਇ ਹੋਰਤੁ ਕਿਤੈ,
ਜਿਚਰੁ ਹਰਿ ਰਸੁ ਪਲੈ ਨ ਪਾਇ॥
ਹਰਿ ਰਸੁ ਪਾਇ ਪਲੈ ਪੀਐ ਰਸੁ,
ਬਹੁੜਿ ਨ ਤ੍ਰਿਸਨਾ ਲਾਗੈ ਆਇ॥
ਇਹੁ ਹਰਿ ਰਸੁ ਕਰਮੀ ਪਾਈਐ
ਸਤਿਗੁਰੁ ਮਿਲੈ ਜਿਸੁ ਆਇ॥
ਕਹੈ ਨਾਨਕੁ ਹੋਰਿ ਅਨਰਸ ਸਭਿ ਵੀਸਰੇ,
ਜਾ ਹਰਿ ਵਸੈ ਮਨਿ ਆਇ॥

ਸ਼ਬਦ ਪੜ੍ਹਦਿਆਂ ਮਨ ਨੂੰ ਠੋਕਰ ਲਗੀ ਕਿ ਏ ਮਨ ਸਾਰੀ ਉਮਰ ਲੋਕਾਂ ਦੀ ਚੁਗੱਲੀ ਨਿੰਦਿਆ ਕਰਦਿਆਂ, ਪਾਪ ਚਿਤਵਦਿਆਂ ਤਥਾ ਬੁਰੀਆਂ ਸੋਚਾਂ ਸੋਚਦਿਆਂ ਹੀ ਲੰਘ ਚਲੀ ਹੈ। ਤੂੰ ਕੁਝ ਦਿਨ ਨਾਮ ਰਸ ਦਾ ਸਵਾਦ ਵੀ ਮਾਨ ਲੈ। ਇਸੇ ਖਿਆਲ ਨਾਲ ਮੋਨ ਵਰਤ ਰਖਦੀ ਹਾਂ। ਭਾਵੇਂ ਨਾਮ ਦਾ ਰਸ ਸਤਿਗੁਰੂ ਜੀ ਦੀ ਕਿਰਪਾ ਨਾਲ ਹੀ ਮਿਲਣਾ ਹੁੰਦਾ ਹੈ ਪਰ ਜਦੋਂ ਮੋਨ ਵਰਤ ਹੋਵੇ ਉਦੋਂ ਰਸਨਾ ਤੋਂ ਕਿਸੇ ਦੀ ਨਿੰਦਿਆ ਚੁਗੱਲੀ ਤਾਂ ਨਹੀਂ ਹੁੰਦੀ, ਫਿਰ ਜੇ ਨਾਮ ਸਾਰਾ ਦਿਨ ਨਹੀਂ ਜਪਿਆ ਜਾਂਦਾ ਤਾਂ ਥੋੜਾ ਬਹੁਤ ਤਾਂ ਜ਼ਰੂਰ ਹੀ ਜਪਿਆ ਜਾਂਦਾ ਹੈ।

ਕਸਤੂਰੀ ਲਾਲ- ਮਾਮੀ ਜੀ, ਤੁਹਾਡਾ ਆਈਡੀਆ (Idea) ਤਾਂ ਬੜਾ ਚੰਗਾ ਹੈ ਪਰ ਇਹ ਤਾਂ ਦਸੋ ਕਿ ਨਾਮ ਦਾ ਰਸ ਸੱਚ ਮੁੱਚ ਹੀ ਵਧੀਆ ਹੈ ਜਾਂ ਧਾਰਮਕ ਗ੍ਰੰਥਾਂ ਵਿਚ ਐਵੇਂ ਹੀ ਗਪਉੜੇ ਮਾਰੇ ਹੋਏ ਹਨ?

ਮਾਮੀ- ਕਸਤੂਰੀ ਲਾਲ, ਸ੍ਰੀ ਗ੍ਰੰਥ ਸਾਹਿਬ ਜੀ ਵਿਚ ਅਤੇ ਹੋਰ ਦੂਜੇ ਧਾਰਮਕ ਗ੍ਰੰਥਾਂ ਵਿਚ ਨਾਮ ਦੀ ਮਹਿਮਾ ਬੇਅੰਤ ਲਿਖੀ ਹੋਈ ਹੈ ਨਾਮ ਦੇ ਤੁਲਿ ਹੋਰ ਕੋਈ ਜਪ ਤਪ ਨਹੀਂ ਹੈ। ਸ੍ਰੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ:

ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥

ਅਥਵਾ

ਹਰਿ ਕੇ ਨਾਮ ਸਮਸਰਿ ਕਛੁ ਨਾਹਿ॥
ਨਾਨਕ ਗੁਰਮੁਖਿ ਨਾਮੁ ਜਪਤ ਗਤਿ ਪਾਹਿ॥

ਤੁਲਸੀ ਰਾਮਾਇਣ ਵਿਚ ਇਸ ਤਰ੍ਹਾਂ ਲਿਖਿਆ ਹੈ:-

ਕਹੌਂ ਕਹਾਂ ਲਗਿ ਨਾਮ ਬਡਾਈ।
ਰਾਮ ਨ ਸਕਹਿ ਨਾਮ ਗੁਨ ਗਾਈ॥

ਪੁੱਤਰ ਕਸਤੂਰੀ ਲਾਲ, ਵੇਖ ਸ੍ਰੀ ਰਾਮ ਚੰਦਰ ਜੀ ਨੇ ਕੈਸੇ ਸੁਹਣੇ ਢੰਗ ਨਾਲ ਨਾਮ ਦੀ ਮਹਿਮਾ ਪ੍ਰਗਟਾਈ ਸੀ। ਸ੍ਰੀ ਮਹਾਰਾਜ ਜੀ ਨੇ ਸਮੁੰਦ੍ਰ ਤੇ ਪੁਲ ਬੰਨਣ ਸਮੇਂ ਲੋਕਾਂ ਨੂੰ ਵਿਖਾ ਦਿੱਤਾ ਸੀ ਕਿ ਨਾਮ ਵਿਚ ਕਿੰਨੀ ਵੱਡੀ ਸ਼ਕਤੀ ਹੈ। ਜਿਨ੍ਹਾਂ ਪੱਥਰਾਂ ਉੱਤੇ ਭਾਵੇਂ ਉਹ ਵੱਡੇ ਸਨ ਭਾਵੇਂ ਛੋਟੇ ਸਨ, ਰਾਮ ਦਾ ਨਾਮ ਲਿਖਿਆ ਜਾਂਦਾ ਸੀ ਓਹੀ ਤਰਨ ਲਗ ਪੈਂਦੇ ਸਨ। ਇਹ ਤਰਦੇ ਹੋਇ ਪੱਥਰ ਜਦੋਂ ਇਕੱਠੇ ਕੀਤੇ ਗਏ ਤਾਂ ਪੁਲ ਬਣ ਗਿਆ ਸੀ। ਕਸਤੂਰੀ ਲਾਲ , ਜੇ ਵੀਚਾਰ ਕਰੀਏ ਅਤੇ ਭਰੋਸਾ ਰਖੀਏ ਤਾਂ ਨਾਮ ਸਾਰਿਆਂ ਦੁਖਾਂ ਅਤੇ ਕਲੇਸ਼ਾਂ ਨੂੰ ਦੂਰ ਕਰ ਦਿੰਦਾ ਹੈ। ਗੁਰੂ ਜੀ ਲਿਖਦੇ ਹਨ:-

ਸਰਬ ਰੋਗ ਕਾ ਅਉਖਦੁ ਨਾਮੁ॥

ਅਥਵਾ

ਨਾਮ ਅਉਖਧੁ ਜਿਹ ਰਿਦੈ ਹਿਤਾਵੈ॥
ਤਾਹਿ ਰੋਗੁ ਸੁਪਨੈ ਨਹੀ ਆਵੈ॥

ਇਕ ਥਾਂ ਤੇ ਇਸ ਤਰ੍ਹਾਂ ਵੀ ਲਿਖਿਆ ਹੈ:-

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮ ਲਗੈ ਨ ਤਤੀ ਵਾਉ॥

ਕਸਤੂਰੀ ਲਾਲ, ਨਾਮ ਦੀ ਮਹਿਮਾ ਮੈਂ ਅੰਞਾਣ ਕੀ ਜਾਣ ਸਕਦੀ ਹਾਂ? ਨਾਮ ਜਪਣ ਵਾਲੇ ਦੇ ਨੇੜੇ ਤਾਂ ਜਮ ਵੀ ਨਹੀਂ ਆ ਸਕਦਾ

ਜਿਸੁ ਮਨਿ ਵਸੈ ਪਾਰਬ੍ਰਹਮੁ, ਨਿਕਟਿ ਨ ਆਵੈ ਪੀਰ॥
ਭੁਖ ਤਿਖ ਤਿਸੁ ਨ ਵਿਆਪਈ ਜਮੁ ਨਹੀ ਆਵੈ ਨੀਰ॥

ਅਥਵਾ

ਹਰਿ ਹਰਿ ਨਾਮੁ ਜਪੰਤਿਆ ਕਛੁ ਨ ਕਹੈ ਜਮਕਾਲੁ॥

ਅਤੇ ਨਾਲ ਹੀ

ਨਾਨਕ ਮਨੁ ਤਨੁ ਸੁਖੀ ਹੋਇ, ਅੰਤੇ ਮਿਲੈ ਗੋਪਾਲ॥

ਹੋਰ ਜੋ ਤੂੰ ਰਾਮ ਰਸ ਬਾਰੇ ਪੁੱਛਿਆ ਹੈ ਉਸ ਬਾਰੇ ਅਰਜ਼ ਹੈ ਕਿ ਇਹ ਰਸ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਸਾਡੀ ਅਪਣੀ ਕੋਈ ਵਾਹ ਨਹੀਂ॥

ਇਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ

ਜਿਨ੍ਹਾਂ ਨੂੰ ਗੁਰੂ ਦੀ ਕਿਰਪਾ ਨਾਲ ਨਾਮ ਰਸ ਦੀ ਪ੍ਰਾਪਤੀ ਹੋਈ ਹੈ ਉਹ ਲਿਖਦੇ ਹਨ

ਅੰਮ੍ਰਿਤ ਨਾਮੁ ਸਦਾ ਨਿਰਮਲੀਆ॥
ਸੁਖਦਾਈ ਦੂਖ ਬਿਡਾਰਨ ਹਰੀਆ॥
ਅਵਰਿ ਸਾਦ ਚਖਿ ਸਗਲੇ ਦੇਖੇ,
ਮਨ ਹਰਿ ਰਸੁ ਸਭ ਤੇ ਮੀਠਾ ਜੀਉ।

ਅਥਵਾ

ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ॥
ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ॥

ਸ਼ੇਖ ਫਰੀਦ ਜੀ ਲਿਖਦੇ ਹਨ

ਫਰੀਦਾ ਸਕਰ ਖੰਡੁ ਨਿਵਾਤ(ਮਿਸਰੀ),
ਗੁੜ ਮਾਖਿਓਂ (ਸ਼ਹਿਦ), ਮਾਝਾ ਦੁਧੁ।।
ਸਭੇ ਵਸਤੂ ਮਿਠੀਆਂ, (ਪਰ) ਰਬ ਨ ਪੁਜਨਿ ਤੁਧੁ।।

ਕਸਤੂਰੀ ਲਾਲ- ਮਾਮੀ ਜੀ, ਮੈਂ ਆਪ ਜੀ ਦਾ ਬਹੁਤ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਨਾਮ ਬਾਰੇ ਬਹੁਤ ਕੁਝ ਦੱਸਿਆ ਹੈ।

ਮਾਮੀ- ਕਸਤੂਰੀ ਲਾਲ, ਮੇਰੀ ਇਕ ਗੱਲ ਯਾਦ ਰਖੀਂ ਕਿ ਭਜਨ (ਨਾਮ ਸਿਮਰਨ) ਸੁਣ ਸੁਣਾ ਕੇ ਅਪਣੇ ਆਪ ਨਹੀਂ ਕਰਨਾ ਚਾਹੀਦਾ।

ਕਸਤੂਰੀ ਲਾਲ- ਮਾਮੀ ਜੀ, ਤੁਸੀਂ ਇਕ ਨਵੀਂ ਹੀ ਗੱਲ ਕਰਦੇ ਹੋ। ਰਾਮ ਰਾਮ ਹੀ ਜਪਣਾ ਹੈ ਨਾ, ਭਾਵੇਂ ਕਿਤਾਬਾਂ ਤੋਂ ਪੜ੍ਹ ਲਉ ਭਾਵੇਂ ਕਿਸੇ ਕੋਲੋਂ ਸੁਣ ਲਉ।

ਮਾਮੀ- ਕਸਤੂਰੀ ਲਾਲ, ਮੈਂ ਤੈਨੂੰ ਮਜ਼ਬੂਰ ਥੋੜਾ ਕਰਦੀ ਹਾਂ, ਮੈਂ ਤਾਂ ਗੁਰਮਤ ਬਾਰੇ ਦਸਿਆ ਹੈ, ਸੁਣ

ਰਾਮ ਰਾਮ ਸਭੁ ਕੋ ਕਹੈ ਕਹਿਐ ਰਾਮੁ ਨ ਹੋਇ।
ਗੁਰ ਪਰਸਾਦੀ ਰਾਮੁ ਮਨਿ ਵਸੈ, ਤਾ ਫਲੁ ਪਾਵੈ ਕੋਇ।

ਸ੍ਰੀ ਸਤਿਗੁਰੂ ਅਰਜਨ ਦੇਵ ਜੀ ਲਿਖਦੇ ਹਨ

ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ।।

ਭਾਵ ਰਸਨਾ ਨਾਲ ਪ੍ਰਭੂ ਦੇ ਨਾਮ ਸਿਮਰਨ ਦੀ ਦਾਤਿ ਸੰਤ ਜਨਾ ਨੂੰ ਮਿਲਿ ਕੇ ਹੀ ਪ੍ਰਾਪਤ ਹੁੰਦੀ ਹੈ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਲਿਖਦੇ ਹਨ:

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮੁ ਨ ਜਾਈ।।

ਅਥਵਾ

ਬਿਨੁ ਸਤਿਗੁਰ ਕੋ ਨਾਉ ਨ ਪਾਏ

ਕਿਉਂ ਜੋ

ਪ੍ਰਭਿ ਐਸੀ ਬਣਤ ਬਣਾਈ ਹੇ।।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ:-

ਜੋ ਕੋਈ ਭਜਨੁ ਪੁਛਕੇ ਨ ਕਰੂਗਾ
ਉਸਦਾ ਮੂਹ ਦੁਹੀ ਜਹਾਨੀ ਕਾਲਾ ਹੋਊਗਾ।

ਕਸਤੂਰੀ ਲਾਲ- ਮਾਮੀ ਜੀ, ਨਾਮ ਪੁਛ ਕੇ ਕਰਨ ਵਿਚ ਭੇਦ ਕੀ ਏ?

ਮਾਮੀ- ਕਸਤੂਰੀ ਲਾਲ, ਨਾਮ ਲੈਣ ਵਾਸਤੇ ਗੁਰੂ ਅਗੇ ਬੇਨਤੀ ਕਰਨ ਦਾ ਭਾਵ ਹੈ ਕਿ ਮੈਂ ਆਪ ਜੀ ਕਾ ਸਿੱਖ ਹੂੰ, ਆਪ ਮੇਰੇ ਗੁਰੂ ਹੋ ਕਿਰਪਾ ਕਰਕੇ ਪਰਮਾਤਮਾ ਕੇ ਸਾਥ ਮਿਲਾਪ ਕਰਾ ਦੋ। ਅਰਜ਼ ਕਰਨ ਪਿਛੋਂ ਇਹ ਗੁਰੂ ਜੀ ਦੀ ਮਰਜ਼ੀ ਹੈ ਕਿ ਭਾਵੇਂ ਆਪ ਭਜਨ (ਨਾਮ) ਦੇਣ ਭਾਵੇਂ ਕਿਸੇ ਹੋਰ ਕੋਲੋਂ ਦਿਵਾ ਦੇਣ। ਆਮ ਤੌਰ ਤੇ ਕਿਸੇ ਸੂਬੇ ਕੋਲੋਂ ਜਾਂ ਕਿਸੇ ਗੁਰੂ ਸੇਵਕ ਕੋਲੋਂ ਜਾਂ ਕਿਸੇ ਪਰਚਾਰਕ ਕੋਲੋਂ ਦਿਵਾਇਆ ਜਾਂਦਾ ਹੈ। ਭਜਨ ਭਾਵੇਂ ਕਿਸੇ ਕੋਲੋਂ ਦਿਵਾ ਦੇਣ ਲੈਣ ਵਾਲਾ ਇਹ ਹੀ ਸਮਝੇ ਕਿ ਮੈਨੂੰ ਗੁਰੂ ਜੀ ਕੋਲੋਂ ਹੀ ਮਿਲਿਆ ਹੈ ਕਸਤੂਰੀ ਲਾਲ, ਨਾਮ ਕੰਨ ਵਿਚ ਦਿੱਤਾ ਜਾਂਦਾ ਹੈ।

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਸਿਓ ਮੰਤ੍ਰੁ ਦੀਓ ਗੁਰ ਕਾਨ

ਅਤੇ ਗੁਪਤ ਹੀ ਜਪਣ ਦਾ ਹੁਕਮ ਹੈ

ਕਸਤੂਰੀ ਲਾਲ- ਮਾਮੀ ਜੀ, ਨਾਮ ਗੁਪਤ ਕਿਉਂ ਜਪਣਾ ਚਾਹੀਦਾ ਹੈ?

ਮਾਮੀ- ਪੁੱਤਰ, ਵੇਖ ਔਰਤ ਅਪਣੇ ਪਤੀ ਦਾ ਨਾਮ ਜਾਣਦੀ ਤਾਂ ਹੁੰਦੀ ਹੈ ਪਰ ਮੂੰਹੋਂ ਕਹਿੰਦੀ ਨਹੀਂ। ਜੇ ਕਿਸੇ ਨਾਲ ਗੱਲ ਕਰਦੀ ਹੈ ਤਾਂ ਕਿਸੇ ਤਰੀਕੇ ਨਾਲ ਸਮਝਾ ਦੇਂਦੀ ਹੈ ਜਿਵੇਂ ਕਿ, ਮੇਰੇ ਸ੍ਰੀਮਾਨ ਜੀ, ਮੇਰੇ ਸਵਾਮੀ ਜੀ, ਕਾਕੇ ਦੇ ਪਿਤਾ ਜੀ ਇਤਿਆਦਿ। ਇਸੇ ਤਰ੍ਹਾਂ ਗੁਰੂ ਦੁਆਰਾ ਪ੍ਰਾਪਤ ਕੀਤਾ ਹੋਇਆ ਪਤੀ ਪਰਮੇਸ਼ਰ ਦਾ ਨਾਮ ਗੁਪਤ ਹੀ ਰਖਣਾ ਚਾਹੀਦਾ ਹੈ ਹਾਂ ਕੀਰਤਨ ਕਰਦਿਆਂ ਜੇ ਕਿਸੇ ਸ਼ਬਦ ਵਿਚ ਨਾਮ ਆ ਜਾਵੇ ਤਾਂ ਉਥੇ ਗਾਉਣ ਵਿਚ ਕੋਈ ਹਰਜ਼ ਨਹੀਂ ਉਂਵ ਅੱਗੇ ਪਿਛੇ ਗੁਰੂ ਜੀ ਕੋਲੋਂ ਮਿਲਿਆ ਹੋਇਆ ਨਾਮ ਗੁਪਤ ਹੀ ਜਪਣਾ ਚਾਹੀਦਾ ਹੈ ਅਤੇ ਰਸਨਾ ਨਾਲ ਭਾਵ ਰਸਨਾ ਹਿਲਾ ਕੇ ਨਾਮ ਜਪਣਾ ਚਾਹੀਦਾ ਹੈ।

ਰਸਨਾ ਸਿਮਰਤ ਪਾਪ ਬਿਲਾਇਣ।।

ਭਾਵ ਰਸਨਾ ਨਾਲ ਭਜਨ ਕਰਨ ਨਾਲ ਪਾਪ ਮਿਟ ਜਾਂਦੇ ਹਨ ਅਤੇ ਇਕ ਥਾਂ ਇਸ ਤਰ੍ਹਾਂ ਵੀ ਲਿਖਿਆ ਹੈ

ਰਸਨਾ ਜਪੈ ਨ ਨਾਮੁ
ਤਿਲੁ ਤਿਲੁ ਕਰਿ ਕਟੀਐ।।

ਕਸਤੂਰੀ ਲਾਲ- ਮਾਮੀ ਜੀ, ਅਜ ਆਪ ਜੀ ਦੇ ਦਰਸ਼ਨ ਕਈ ਮਹੀਨਿਆਂ ਪਿਛੋਂ ਹੋਏ ਹਨ। ਆਪ ਜੀ ਦੇ ਸ਼ੁਭ ਬਚਨ ਸੁਣ ਕੇ ਮਨ ਬਹੁਤ ਖੁਸ਼ ਹੋਇਆ ਹੈ। ਆਪ ਖਲੋਤਿਆਂ ਖਲੋਤਿਆਂ ਥਕ ਗਏ ਹੋਵੋਗੇ। ਆਪ ਹੁਣ ਬਹਿ ਜਾਓ ਨਾਲੇ ਕੁਝ ਜਲ ਪਾਣੀ ਛਕ ਲਉ। ਮੈਂ ਤੁਹਾਡੇ ਕੋਲੋਂ ਕੁਝ ਹੋਰ ਵੀ ਪੁਛਣਾ ਹੈ।

ਮਾਮੀ- ਪੁੱਤਰ, ਤੂੰ ਫਿਕਰ ਨ ਕਰ ਅਸੀਂ ਇਥੇ ਹੀ ਗੱਲੀਚੇ ਤੇ ਬਹਿ ਜਾਂਦੀਆਂ ਹਾਂ। ਤੂੰ ਬੇ ਝਿਜਕ ਹੋ ਕੇ ਜੋ ਪੁਛਣਾ ਹਈ ਪੁਛ ਲੈ।

ਕਸਤੂਰੀ ਲਾਲ- ਮਾਮੀ ਜੀ, ਕਈ ਸਿੱਖ ਚਿੱਟੀਆਂ ਗੋਲ ਗੋਲ ਪੱਗਾਂ ਬੰਨ੍ਹਦੇ ਹਨ ਅਤੇ ਕਈ ਰੰਗਦਾਰ ਮੱਥੇ ਤੇ ਗੁੱਠ ਕੱਢ ਕੇ ਬੰਨ੍ਹਦੇ ਹਨ। ਕੀ ਇਸ ਵਿਚ ਵੀ ਕੋਈ ਭੇਦ ਹੈ?

ਮਾਮੀ- ਪੁੱਤਰ, ਇਸ ਵਿਚ ਥੋੜਾ ਜਿਹਾ ਭੇਦ ਹੈ। ਰੰਗਦਾਰ ਮੱਥੇ ਤੇ ਗੁੱਠ ਕੱਢ ਕੇ ਪਗ

ਬੰਨ੍ਹਣ ਵਾਲਿਆਂ ਨੂੰ ਆਮ ਤੌਰ ਤੇ ਅਕਾਲੀ ਸਿੱਖ ਕਹਿਆ ਜਾਂਦਾ ਹੈ ਅਤੇ ਚਿੱਟੀਆਂ ਗੋਲ ਗੋਲ ਪੱਗਾਂ ਬੰਨ੍ਹਣ ਵਾਲਿਆਂ ਨੂੰ ਨਾਮਧਾਰੀ ਸਿੱਖ ਕਿਹਾ ਜਾਂਦਾ ਹੈ।

ਕਸਤੂਰੀ ਲਾਲ- ਮਾਮੀ ਜੀ, ਖਿਮਾ ਕਰਨੀ, ਇਹ ਤਾਂ ਦਸੋ ਕਿ ਨਾਮਧਾਰੀ ਸਿੱਖਾਂ ਅਤੇ ਅਕਾਲੀ ਸਿੱਖਾਂ ਵਿਚ ਫਰਕ ਕੀ ਏ?

ਮਾਮੀ- ਪੁੱਤਰ ਇਹ ਦੋਵੇਂ ਇਕੋ ਬਿਰਛ ਦੀਆਂ ਟਾਹਣੀਆਂ ਹਨ। ਜਿਸ ਤਰ੍ਹਾਂ ਕੋਈ ਟਾਹਣੀ ਕਿਸੇ ਪਾਸੇ ਮੁੜੀ ਹੁੰਦੀ ਹੈ ਅਤੇ ਕੋਈ ਟਾਹਣੀ ਕਿਸੇ ਪਾਸੇ ਨੂੰ। ਅਕਾਲੀ ਸਿੱਖ ਆਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਹੁਕਮ ਕਰਕੇ ਚਿਖਾ ਬਣਵਾ ਕੇ ਉਸ ਵਿਚ ਪਰਵੇਸ਼ ਕਰਕੇ ਜੋਤੀ ਜੋਤ ਸਮਾ ਗਏ ਸਨ ਅਤੇ ਅਗੋਂ ਵਾਸਤੇ ਸਦਾ ਲਈ ਸ੍ਰੀ ਗ੍ਰੰਥ ਸਾਹਿਬ ਜੀ ਨੂੰ ਗੱਦੀ ਦੇ ਗਏ ਸਨ। ਦੂਜੇ ਪਾਸੇ ਨਾਮਧਾਰੀ ਸਿੱਖ ਇਤਿਹਾਸ ਦੀਆਂ ਗਵਾਹੀਆਂ ਦੇ ਕੇ ਆਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਿਖਾ ਵਿਚ ਪਰਵੇਸ਼ ਤਾਂ ਕੀਤਾ ਸੀ ਪਰ ਜਦੋਂ ਸਾਰੇ ਸਿੱਖ ਸਤਿਗੁਰੂ ਜੀ ਦੇ ਪਹਿਲੋਂ ਹੀ ਹੁਕਮ ਕੀਤੇ ਅਨੁਸਾਰ ਚਿਖਾ ਨੂੰ ਲੰਬੂ ਲਾ ਕੇ ਸਤਿਗੁਰੂ ਜੀ ਦੇ ਪਹਿਲੋਂ ਹੀ ਹੁਕਮ ਅਨੁਸਾਰ ਲੱਗੀ ਹੋਈ ਕਨਾਤ ਤੋਂ ਬਾਹਰ ਨਿਕਲ ਗਏ ਸਨ ਤਾਂ ਸਤਿਗੁਰੂ ਜੀ ਰਾਤ ਦੇ ਹਨੇਰੇ ਵਿਚ ਸਿੱਖਾਂ ਤੋਂ ਅੱਖ ਬਚਾ ਕੇ ਕਨਾਤ ਦੇ ਪਿਛਲੇ ਪਾਸਿਉਂ ਨਿਕਲ ਕੇ ਅਪਣੇ ਮਿੱਥੇ ਹੋਇ ਪ੍ਰੋਗ੍ਰਾਮ ਅਨੁਸਾਰ ਗੁਪਤ ਵਿਚਰਨ ਵਾਸਤੇ ਉਥੋਂ ਅਛੋਪਲੇ ਹੀ ਕਿਸੇ ਪਾਸੇ ਨੂੰ ਚਲੇ ਗਏ ਸਨ। ਜਾਂਦਿਆਂ ਜਾਂਦਿਆਂ ਅਪਣਾ ਕੁਮੈਤ ਘੋੜਾ ਵੀ ਲੈ ਗਏ ਸਨ।

ਕਸਤੂਰੀ ਲਾਲ- ਮਾਮੀ ਜੀ, ਮੈਨੂੰ ਇਹ ਤਾਂ ਦਸੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਚਿਖਾ ਵਿਚ ਪਰਵੇਸ਼ ਕਿਉਂ ਕੀਤਾ ਸੀ? ਕੀ ਉਹ ਤੁਰਕ ਬਾਦਸ਼ਾਹ ਕੋਲੋਂ ਡਰਦੇ ਸਨ? ਜਾਂ ਉਨ੍ਹਾਂ ਨੂੰ ਅਪਣੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋ ਜਾਣ ਦਾ ਸਦਮਾ ਸੀ?

ਮਾਮੀ- ਪੁੱਤਰ, ਗੁਰੂ ਨੂੰ ਕਿਸ ਦਾ ਡਰ ਹੁੰਦਾ ਹੈ? ਜਿਹੜਾ ਆਪ ਨਿਰਵੈਰ ਹੋਵੇ, ਨਿਰਭਉ ਹੋਵੇ ਉਹ ਨ ਕਿਸੇ ਨੂੰ ਡਰਾਂਦਾ ਹੈ ਅਤੇ ਨ ਹੀ ਕਿਸੇ ਕੋਲੋਂ ਡਰਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ।।

ਨਾਲੇ ਜ਼ੁਲਮ ਕਰਨ ਵਾਲਾ ਬਾਦਸ਼ਾਹ ਓਦੋਂ ਤਾਂ ਮਰ ਗਿਆ ਹੋਇਆ ਸੀ ਅਤੇ ਜਿਹੜਾ ਨਵਾਂ ਬਾਦਸ਼ਾਹ ਬਣਿਆ ਸੀ ਉਹਨੂੰ ਤਾਂ ਗੁਰੂ ਜੀ ਨੇ ਆਪ ਜੰਗ ਜਿਤਾ ਕੇ ਬਣਾਇਆ ਸੀ। ਉਸ ਦਾ ਨਾਉਂ ਬਹਾਦਰ ਸ਼ਾਹ ਸੀ ਅਤੇ ਉਹ ਤਾਂ ਆਪ ਹੀ ਗੁਰੂ ਜੀ ਕੋਲੋਂ ਡਰਦਾ ਸੀ। ਦੂਜੀ ਗੱਲ ਜਿਹੜੀ ਤੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਸਦਮੇ ਬਾਰੇ ਆਖੀ ਹੈ ਇਹ ਵੀ ਸੱਚ ਨਹੀਂ ਕਿਉਂ ਜੋ ਉਹ ਆਪ ਸਾਰਿਆਂ ਸਿੱਖਾਂ ਨੂੰ ਅਪਣੇ ਪੁੱਤਰ ਸਮਝਦੇ ਸਨ। ਉਨ੍ਹਾਂ ਨੇ ਤਾਂ ਮਾਤਾ ਸੁੰਦਰੀ ਜੀ ਨੂੰ ਸਿੱਖਾਂ ਵਲ ਇਸ਼ਾਰਾ ਕਰ ਕੇ ਕਿਹਾ ਸੀ:-

ਇਨ ਪੁਤ੍ਰਨ ਕੇ ਸੀਸ ਪੈ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਭਯਾ ਜੀਵਤ ਕਈ ਹਜਾਰ।

ਕਸਤੂਰੀ ਲਾਲ- ਮਾਮੀ ਜੀ, ਗੁਰੂ ਜੀ ਦਾ ਚਿਖਾ ਵਿਚ ਪਰਵੇਸ਼ ਕਰਨ ਦਾ ਕਾਰਣ ਕੋਈ ਨ ਕੋਈ ਤਾਂ ਜ਼ਰੂਰ ਹੀ ਹੋਵੇਗਾ।

ਮਾਮੀ- ਪੁੱਤਰ, ਸਤਿਗੁਰੂ ਜੀ ਦੀ ਗਤਿ ਉਹ ਆਪ ਹੀ ਜਾਣਦੇ ਹਨ ਪਰ ਜੋ ਮੈਂ ਇਤਿਹਾਸ ਵਿਚੋਂ ਪੜ੍ਹਿਆ ਹੈ ਉਹ ਦਸ ਦੇਂਦੀ ਹਾਂ। ਮੈਂ ਤੈਨੂੰ ਦੱਸਿਆ ਹੈ ਕਿ ਬਹਾਦਰ ਸ਼ਾਹ ਨੂੰ ਗੁਰੂ ਜੀ ਨੇ ਜੰਗ ਜਿਤਾ ਕੇ ਬਾਦਸ਼ਾਹ ਬਣਾਇਆ ਸੀ। ਗੱਲ ਇਸ ਤਰ੍ਹਾਂ ਏ ਕਿ ਜਦੋਂ ਔਰੰਗਜ਼ੇਬ ਮਰਿਆ ਸੀ ਉਦੋਂ ਉਸਦਾ ਵੱਡਾ ਪੁੱਤਰ ਮੁਹੰਮਦ ਆਜ਼ਮ (ਬਹਾਦਰ ਸ਼ਾਹ) ਬਲਖ ਬੁਖਾਰੇ ਗਿਆ ਹੋਇਆ ਸੀ। ਉਸਦੀ ਗੈਰ ਹਾਜ਼ਰੀ ਦਾ ਫਾਇਦਾ ਉਠਾ ਕੇ ਔਰੰਗਜ਼ੇਬ ਦਾ ਛੋਟਾ ਪੁੱਤਰ ਆਜ਼ਮ ਸ਼ਾਹ ਤਖ਼ਤ 'ਤੇ ਬਹਿ ਗਿਆ ਸੀ ਅਤੇ ਸਾਰੀ ਫੌਜ ਅਤੇ ਸਾਰਾ ਖਜ਼ਾਨਾ ਅਪਣੇ ਹਥ ਕਰ ਲਿਆ ਸੀ। ਬਹਾਦਰ ਸ਼ਾਹ ਬੁਖਾਰੇ ਤੋਂ ਵਾਪਸ ਆ ਰਿਹਾ ਸੀ ਕਿ ਉਸਨੂੰ ਰਾਹ ਵਿਚ ਹੀ ਖਬਰ ਮਿਲ ਗਈ ਸੀ ਕਿ ਆਜ਼ਮ ਸ਼ਾਹ ਤਖਤ ਤੇ ਬਹਿ ਗਿਆ ਹੈ। ਬਹਾਦਰ ਸ਼ਾਹ ਨੇ ਅਪਣੇ ਅਹਿਲਕਾਰਾਂ ਨਾਲ ਸਲਾਹ ਕੀਤੀ ਕਿ ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ? ਉਨ੍ਹਾਂ ਅਹਿਲਕਾਰਾਂ ਵਿਚ ਭਾਈ ਨੰਦ ਲਾਲ ਜੀ ਵੀ ਸਨ। ਭਾਈ ਨੰਦ ਲਾਲ ਜੀ ਨੇ ਕਿਹਾ ਕਿ ਹੁਣ ਜੇ ਗੁਰੂ ਗੋਬਿੰਦ ਸਿੰਘ ਜੀ ਤੁਹਾਡੀ ਸਹਾਇਤਾ ਕਰਨ ਤਾਂ ਤੁਹਾਨੂੰ ਰਾਜ ਮਿਲ ਸਕਦਾ ਹੈ ਨਹੀਂ ਤਾਂ ਹੋਰ ਕੋਈ ਚਾਰਾ ਨਹੀਂ। ਬਹਾਦਰ ਸ਼ਾਹ ਸਤਿਗੁਰੂ ਜੀ ਦੀ ਸ਼ੋਭਾ ਸੁਣ ਚੁੱਕਾ ਸੀ, ਉਸ ਨੂੰ ਇਹ ਗੱਲ ਪਸੰਦ ਆ ਗਈ। ਉਸਨੇ ਭਾਈ ਨੰਦ ਲਾਲ ਨੂੰ ਹੀ ਸਤਿਗੁਰੂ ਜੀ ਕੋਲ ਅਰਜ਼ ਕਰਨ ਵਾਸਤੇ ਘੱਲਿਆ। ਭਾਈ ਨੰਦ ਲਾਲ ਇਕ ਹੋਰ ਸਿੱਖ ਹਾਕਮ ਰਾਏ ਨੂੰ ਨਾਲ ਲੈ ਕੇ ਬਘੌਰ ਗੁਰੂ ਜੀ ਕੋਲ ਪਹੁੰਚ ਗਿਆ। ਗੁਰੂ ਜੀ ਨੂੰ ਸਾਰੀ ਗੱਲ ਦਸ ਕੇ ਬੇਨਤੀ ਕੀਤੀ ਕਿ ਬਹਾਦਰ ਸ਼ਾਹ ਤੁਹਾਡੀ ਸ਼ਰਨ ਆਇਆ ਹੈ ਕਿਰਪਾ ਕਰਕੇ ਉਸਦੀ ਸਹਾਇਤਾ ਕਰੋ। ਸਤਿਗੁਰੂ

ਜੀ ਨੇ ਸ਼ਰਨ ਆਏ ਬਹਾਦਰ ਸ਼ਾਹ ਦੀ ਭਾਈ ਨੰਦ ਲਾਲ ਰਾਹੀਂ ਬੇਨਤੀ ਸੁਣ ਕੇ ਭਾਈ ਨੰਦ ਲਾਲ ਨੂੰ ਕਿਹਾ ਕਿ ਜੇ ਬਹਾਦਰ ਸ਼ਾਹ ਸਾਡੀ ਇਕ ਗੱਲ ਮੰਨ ਲਏ ਤਾਂ ਅਸੀਂ ਸਹਾਇਤਾ ਕਰਕੇ ਪਾਤਸ਼ਾਹੀ ਦਿਵਾ ਦਿਆਂਗੇ। ਜਦੋਂ ਭਾਈ ਨੰਦ ਲਾਲ ਜੀ ਜਾ ਕੇ ਬਹਾਦਰ ਸ਼ਾਹ ਨੂੰ ਸਾਰੀ ਗੱਲ ਦਸੀ ਤਾਂ ਬਹਾਦਰ ਸ਼ਾਹ ਨੇ ਆਖਿਆ ਕਿ ਜੇ ਗੁਰੂ ਜੀ ਮੈਨੂੰ ਤਖ਼ਤ ਲੈ ਦੇਣਗੇ ਤਾਂ ਫਿਰ ਜਿਸ ਤਰ੍ਹਾਂ ਗੁਰੂ ਜੀ ਕਹਿਣਗੇ ਮੈਂ ਉਨ੍ਹਾਂ ਦੀ ਗੱਲ ਮੰਨ ਲਵਾਂਗਾ। ਬਹਾਦਰ ਸ਼ਾਹ ਨਾਲ ਹੋਈ ਸਾਰੀ ਗੱਲਬਾਤ ਭਾਈ ਜੀ ਨੇ ਸਤਿਗੁਰੂ ਜੀ ਨੂੰ ਜਾ ਦੱਸੀ। ਗੁਰੂ ਜੀ ਨੇ ਇਹ ਸ਼ਰਤ ਬਹਾਦਰ ਸ਼ਾਹ ਕੋਲੋਂ ਭਾਈ ਨੰਦ ਲਾਲ ਰਾਹੀਂ ਲਿਖਵਾ ਵੀ ਲਈ।

ਜਾਜੂ ਦੇ ਮੁਕਾਮ ਤੇ ਦੁਹਾਂ ਭਰਾਵਾਂ ਦੀਆਂ ਫੌਜਾਂ ਦਾ ਘੋਰ ਯੁੱਧ ਹੋਇਆ। ਇਸ ਘੋਰ ਜੁੱਧ ਵਿਚ ਗੁਰੂ ਜੀ ਨੇ ਆਪ ਇਕ ਐਸਾ ਬਾਣ ਚਲਾਇਆ ਜੋ ਤਾਰਾ ਆਜ਼ਮ ਦੇ ਮੱਥੇ ਵਿਚ ਵੱਜਾ। ਬਾਣ ਦੇ ਵੱਜਦਿਆਂ ਸਾਰ ਹੀ ਤਾਰਾ ਆਜ਼ਮ ਹਾਥੀ ਤੋਂ ਡਿੱਗ ਕੇ ਮਰ ਗਿਆ। ਹੋਰ ਵੀ ਕਈ ਵੱਡੇ ਵੱਡੇ ਉਮਰਾਵ ਮਾਰੇ ਗਏ। ਬਾਕੀ ਦੇ ਉਮਰਾਵਾਂ ਨੇ ਬਹਾਦਰ ਸ਼ਾਹ ਨੂੰ ਬਾਦਸ਼ਾਹ ਮੰਨ ਲਿਆ। ਲੜਾਈ ਜਿੱਤਣ ਪਿਛੋਂ ਬਹਾਦਰ ਸ਼ਾਹ ਨੇ ਸਤਿਗੁਰੂ ਜੀਨੂੰ ਭਾਈ ਧਰਮ ਸਿੰਘ ਜੀ ਰਾਹੀਂ ਅਰਜ਼ ਕਰ ਕੇ ਆਗਰੇ ਦਰਸ਼ਨ ਦੇਣ ਵਾਸਤੇ ਬੇਨਤੀ ਕੀਤੀ। ਸਤਿਗੁਰੂ ਜੀ ਕਈਆਂ ਸਿੰਘਾਂ ਨੂੰ ਲੈ ਕੇ ਆਗਰੇ ਗਏ। ਬਹਾਦਰ ਸ਼ਾਹ ਦੇ ਅਹਿਲਕਾਰਾਂ ਨੇ ਬੜਾ ਸੁਆਗਤ ਕੀਤਾ, ਸ਼ਾਹੀ ਮਹਲ ਵਿਚ ਲੈ ਗਏ। ਮਹਲ ਵਿਚ ਬਹਾਦਰ ਸ਼ਾਹ ਨੇ ਬੜੇ ਸਤਿਕਾਰ ਸਹਿਤ ਸਿਜਦਾ ਕੀਤਾ। ਫਿਰ ਇਕ ਚੰਦਨ ਦੀ ਚੌਕੀ ਤੇ ਸੁੰਦਰ ਆਸਣ ਵਿਛਾ ਕੇ ਆਦਰ ਸਹਿਤ ਗੁਰੂ ਜੀ ਨੂੰ ਬੈਠਾਇਆ। ਫਿਰ ਹੱਥ ਜੋੜ ਕੇ ਜੰਗ ਵਿਚ ਸਹਾਇਤਾ ਕਰਕੇ ਜੰਗ ਜਿਤਾਉਣ ਅਤੇ ਬਾਦਸ਼ਾਹੀ ਦੇਣ ਦਾ ਬਹੁਤ ਧੰਨਵਾਦ ਕੀਤਾ। ਕਈ ਕੀਮਤੀ ਚੀਜ਼ਾਂ ਭੇਟਾ ਵਜੋਂ ਸਤਿਗੁਰੂ ਜੀ ਦੇ ਚਰਨਾਂ ਵਿਚ ਰਖੀਆਂ ਅਤੇ ਅਰਜ਼ ਕੀਤੀ ਕਿ ਕੁਝ ਦਿਨ ਆਗਰੇ ਹੀ ਰਹੋ। ਸਤਿਗੁਰੂ ਜੀ ਨੇ ਬਹਾਦਰ ਸ਼ਾਹ ਨੂੰ ਅਸ਼ੀਰਵਾਦ ਦਿੱਤੀ ਅਤੇ ਚੰਗੇ ਕੰਮ ਕਰਨ ਦੀ ਸਿਖਿਆ ਦਿੱਤੀ ਫਿਰ ਸਿੰਘਾਂ ਸਮੇਤ ਮਹਲਾਂ ਵਿਚੋਂ ਨਿਕਲ ਕੇ ਦਰਿਆ ਜਮਨਾ ਦੇ ਕਿਨਾਰੇ ਜਾ ਡੇਰਾ ਲਾਇਆ।

ਹੁਣ ਬਹਾਦਰ ਸ਼ਾਹ ਕਦੀ ਆਪ ਗੁਰੂ ਜੀ ਕੋਲ ਦਰਸ਼ਨ ਕਰਨ ਵਾਸਤੇ ਚਲਾ ਜਾਂਦਾ ਅਤੇ ਕਦੀ ਅਰਜ਼ ਕਰਕੇ ਗੁਰੂ ਜੀ ਨੂੰ ਮਹਲਾਂ ਵਿਚ ਬੁਲਾ ਲੈਂਦਾ। ਹਰ ਪਰਕਾਰ ਦੀ ਸੇਵਾ ਦਾ ਖਿਆਲ ਰਖਦਾ। ਇਥੇ ਰਹਿੰਦਿਆਂ ਹੀ ਗੁਰੂ ਜੀ ਨੇ ਇਕ ਦਿਨ ਭਾਈ ਨੰਦ ਲਾਲ ਨੂੰ ਕਿਹਾ ਕਿ ਬਹਾਦਰ ਸ਼ਾਹ ਨੂੰ ਆਖੋ ਕਿ ਹੁਣ ਸਾਡਾ ਇਕਰਾਰ ਪੂਰਾ ਕਰੇ ਭਾਈ ਨੰਦ ਲਾਲ ਅਤੇ ਹਾਕਮ ਰਾਏ ਨੇ ਮਿਲਕੇ ਬਹਾਦਰ ਸ਼ਾਹ ਨੂੰ ਗੁਰੂ ਜੀ ਨਾਲ ਕੀਤਾ ਹੋਇਆ ਇਕਰਾਰ ਪੂਰਾ ਕਰਨ ਲਈ ਕਿਹਾ। ਬਹਾਦਰ ਸ਼ਾਹ ਨੇ ਸ਼ਾਹੀ ਦਰਬਾਰ ਵਿਚ ਬੇਨਤੀ ਕੀਤੀ ਕਿ ਆਪ ਜੀ ਕੀ ਚਾਹੁੰਦੇ ਹੋ? ਗੁਰੂ ਜੀ ਨੇ ਕਿਹਾ ਕਿ ਜਿਨ੍ਹਾਂ ਸੂਬਿਆਂ ਨੇ ਸਿੱਖਾਂ ਤੇ ਜ਼ੁਲਮ ਕੀਤੇ ਹਨ ਅਤੇ ਨਿਰਦੋਸ਼ ਮਾਸੂਮ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਇਆ ਹੈ, ਉਨ੍ਹਾਂ ਨੂੰ ਸਾਡੇ ਹਵਾਲੇ ਕਰ ਦਿਉ ਅਸੀਂ ਉਨ੍ਹਾਂ ਨੂੰ ਯੋਗ ਦੰਡ ਦਿਆਂਗੇ। ਅਪਣੇ ਮੰਤ੍ਰੀਆਂ ਨਾਲ ਸਲਾਹ ਕਰਕੇ ਬਹਾਦਰ ਸ਼ਾਹ ਨੇ ਆਖਿਆ ਕਿ ਆਪ ਜੀ ਦੀ ਸਹਾਇਤਾ ਕਰਨ ਦਾ ਬਹੁਤ ਅਹਿਸਾਨਮੰਦ ਹਾਂ। ਹੋਰ ਮੇਰਾ ਨਵਾਂ ਨਵਾਂ ਰਾਜ ਹੈ, ਜੇ ਮੈਂ ਉਨ੍ਹਾਂ ਦੋਸ਼ੀ ਸੂਬਿਆਂ ਨੂੰ ਹੁਣੇ ਹੀ ਆਪ ਦੇ ਹਵਾਲੇ ਕਰ ਦਿੱਤਾ ਤਾਂ ਸਾਰੇ ਦੇਸ਼ ਵਿਚ ਗੜਬੜ ਮਚ ਜਾਏਗੀ। ਆਪ ਕਿਰਪਾ ਕਰਕੇ ਇਕ ਸਾਲ ਹੋਰ ਠਹਿਰ ਜਾਉ। ਇਹ ਸੁਣ ਕੇ ਗੁਰੂ ਜੀ ਨੇ ਬੇਖੌਫ ਹੋ ਕੇ ਬਚਨ ਕੀਤਾ:-

"ਜੇ ਤੂੰ ਹੁਣ ਅਪਣਾ ਇਕਰਾਰ ਪੂਰਾ ਨਾ ਕੀਤਾ ਤਾਂ ਮੇਰਾ ਇਕ ਸਿੱਖ ਆਪੇ ਹੀ ਇਨ੍ਹਾਂ ਦੋਸ਼ੀਆਂ ਨੂੰ ਯੋਗ ਦੰਡ ਦੇ ਦੇਵੇਗਾ।"

ਸਤਿਗੁਰੂ ਜੀ ਇੰਨਾ ਬਚਨ ਕਰਕੇ ਡੇਰੇ ਚਲੇ ਗਏ। ਪਿਛੋਂ ਬਹਾਦਰ ਸ਼ਾਹ ਨੂੰ ਚਿੰਤਾ ਹੋਈ ਕਿ ਗੁਰੂ ਜੀ ਸ਼ਾਇਦ ਨਾਰਾਜ਼ ਹੋ ਕੇ ਚਲੇ ਗਏ ਹਨ। ਮੰਤ੍ਰੀਆਂ ਨੇ ਦਿਲਾਸਾ ਦਿੱਤਾ ਕਿ ਤੁਸੀਂ ਕੋਈ ਚਿੰਤਾ ਨ ਕਰੋ, ਗੁੱਸੇ ਵਿਚ ਕਈ ਗੱਲਾਂ ਹੋ ਜਾਂਦੀਆਂ ਹਨ। ਤੁਸੀਂ ਬਾਦਸ਼ਾਹ ਹੋ ਤੁਹਾਡਾ ਕੋਈ ਕੁਝ ਨਹੀਂ ਵਿਗਾੜ ਸਕਦਾ, ਇੱਤਿਆਦਿ ਕਈ ਗੱਲਾਂ ਕਰ ਕੇ ਬਾਦਸ਼ਾਹ ਨੂੰ ਹੌਸਲਾ ਦਿੱਤਾ।

ਕਸਤੂਰੀ ਲਾਲ- ਮਾਮੀ ਜੀ, ਬਹਾਦਰ ਸ਼ਾਹ ਨੇ ਗੁਰੂ ਜੀ ਦਾ ਕਹਿਆ ਮੰਨਿਆ ਕਿ ਨ ? ਉਸ ਨੇ ਦੋਸ਼ੀ ਸੂਬਿਆਂ ਨੂੰ ਗੁਰੂ ਜੀ ਦੇ ਹਵਾਲੇ ਕੀਤਾ ਕਿ ਨ?

ਮਾਮੀ- ਪੁੱਤਰ, ਉਸਨੇ ਇਹ ਆਖਕੇ ਟਾਲ ਦਿੱਤਾ ਕਿ ਇਕ ਸਾਲ ਹੋਰ ਠਹਿਰ ਜਾਉ।

ਕਸਤੂਰੀ ਲਾਲ- ਫਿਰ ਕੀ, ਗੁਰੂ ਜੀ ਚੁਪ ਕਰ ਰਹੇ ਸਨ?

ਮਾਮੀ- ਪੁੱਤਰ, ਜਦੋਂ ਆਦਮੀ ਅਪਣੀ ਗੱਲ ਤੇ ਨ ਰਹੇ ਤਾਂ ਉਸਦਾ ਕੀਤਾ ਕੀ ਜਾਏ? ਬਹਾਦਰ ਸ਼ਾਹ ਭਾਵੇਂ ਬਾਦਸ਼ਾਹ ਸੀ ਪਰ ਗੁਰੂ ਜੀ ਉਹਦੇ ਕੋਲੋਂ ਡਰੇ ਨਹੀਂ ਸਨ। ਉਨ੍ਹਾਂ ਨੇ ਸਾਫ ਆਖ ਦਿੱਤਾ ਸੀ ਕਿ ਜੇ ਤੂੰ ਹੁਣ ਅਪਣਾ ਇਕਰਾਰ ਪੂਰਾ ਨ ਕੀਤਾ ਤਾਂ ਮੇਰਾ ਇਕ ਸਿੱਖ ਆਪੇ ਹੀ ਇਨ੍ਹਾਂ ਦੋਸ਼ੀਆਂ ਨੂੰ ਯੋਗ ਦੰਡ ਦੇ ਦੇਵੇਗਾ।

ਕਸਤੂਰੀ ਲਾਲ- ਫਿਰ ਕੀ ਹੋਇਆ?

ਮਾਮੀ- ਸਤਿਗੁਰੂ ਜੀ ਨੇ ਇਕ ਬੈਰਾਗੀ ਸਾਧੂ ਮਾਧੋ ਦਾਸ ਦਾ ਅਹੰਕਾਰ ਤੋੜ ਕੇ ਉਸ ਤੇ ਕਿਰਪਾ ਕੀਤੀ, ਉਸਨੂੰ ਸਿੰਘ ਸਜਾਇਆ ਅਤੇ ਉਸਦਾ ਨਾਮ ਗੁਰਬਖਸ਼ ਸਿੰਘ ਰਖਿਆ। ਉਸ ਨੂੰ ਜਥੇਦਾਰ ਥਾਪ ਕੇ ਪੰਜ ਤੀਰਾਂ ਦੀ ਬਖਸ਼ਸ਼ ਕੀਤੀ। ਕੁਝ ਸਿਖਿਆਵਾਂ ਦੇ ਕੇ ਅਤੇ ਕਰਨ ਯੋਗ ਕੰਮ ਦਸ ਕੇ, ਪੰਜ ਸਿੱਖ ਨਾਲ ਦੇ ਕੇ ਅਤੇ ਕਾਇਰਾਂ ਤੋਂ ਸੂਰਬੀਰ ਜੋਧੇ ਬਨਾਉਣ ਵਾਲਾ ਥਾਪੜਾ ਦੇ ਕੇ ਪੰਜਾਬ ਵਲ ਟੋਰ ਦਿੱਤਾ। ਸਿੱਖਾਂ ਦਾ ਇਹ ਜਰਨੈਲ ਬੰਦਾ ਬਹਾਦਰ ਦੇ ਨਾਮ ਨਾਲ ਪ੍ਰਸਿੱਧ ਹੋਇਆ ਸੀ।

ਕਸਤੂਰੀ ਲਾਲ- ਅੱਛਾ, ਇਹ ਉਹ ਬੰਦਾ ਹੈ ਜਿਸ ਬਾਰੇ

ਆਖਿਆ ਜਾਂਦਾ ਹੈ ਕਿ ਉਸਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾਈ ਸੀ।

ਮਾਮੀ- ਆਹੋ, ਇਹ ਓਹੀ ਬੰਦਾ ਹੈ।

ਕਸਤੂਰੀ ਲਾਲ- ਫਿਰ, ਅਗੋਂ ਕੀ ਹੋਇਆ?

ਮਾਮੀ- ਇਸ ਬੰਦੇ ਨੇ ਨਾਦੇੜ ਤੋਂ ਪੰਜਾਬ ਪਹੁੰਚ ਕੇ ਗੁਰੂ ਜੀ ਦੇ ਹੁਕਮ ਅਨੁਸਾਰ ਮਾਝੇ ਅਤੇ ਮਾਲਵੇ ਦੇ ਸਿੱਖਾਂ ਨੂੰ ਚਿੱਠੀਆਂ ਭੇਜਕੇ ਇਕੱਠਾ ਕੀਤਾ। ਪੂਰੀ ਤਿਆਰੀ ਕਰਕੇ ਕਈ ਥਾਵਾਂ ਤੇ ਕਬਜ਼ਾ ਕਰ ਲਿਆ। ਫਿਰ ਸਰਹੰਦ ਤੇ ਹਮਲਾ ਕੀਤਾ। ਸਖ਼ਤ ਲੜਾਈ ਕਰਕੇ ਸਰਹੰਦ ਤੇ ਕਬਜ਼ਾ ਕਰ ਲਿਆ। ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾਉਣ ਵਾਲੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਨ ਨੂੰ ਗ੍ਰਿਫਤਾਰ ਕਰਕੇ ਬੜੀ ਦੁਰਦਸ਼ਾ ਕਰਕੇ ਮਾਰਿਆ। ਹੋਰ ਵੀ ਜਿਸ ਜਿਸ ਨੇ ਸਤਿਗੁਰੂ ਜੀ ਦੀ ਅਵੱਗਿਆ ਕੀਤੀ ਸੀ ਸਭ ਨੂੰ ਯੋਗ ਸਜ਼ਾਵਾਂ ਦਿੱਤੀਆਂ।

ਕਸਤੂਰੀ ਲਾਲ- ਹੈਂ! ਇਕ ਬੈਰਾਗੀ ਸਾਧੂ ਇੰਨਾ ਬਹਾਦਰ ਨਿਕਲਿਆ।

ਮਾਮੀ- ਪੁੱਤਰ, ਬੈਰਾਗੀ ਨੇ ਕੀ ਕਰਨਾ ਸੀ, ਇਹ ਤਾਂ ਸਾਰੀ ਕਿਰਪਾ ਗੁਰੂ ਜੀ ਦੀ ਸੀ, ਜਿਨ੍ਹਾਂ ਚਿੜੀਆਂ ਕੋਲੋਂ ਬਾਜਾਂ ਨੂੰ ਭਜਾ ਦਿੱਤਾ ਸੀ। ਤੂੰ ਇਹ ਸੁਣਿਆ ਹੋਵੇਗਾ:

ਜਿਸ ਨੋ ਸਾਜਨ ਰਾਖਸੀ ਦੁਸਮਨ ਕਵਣ ਬਿਚਾਰ।
ਛੈ ਨ ਸਕੈ ਤਿਹ ਛਾਹਿ ਕੌ ਨਿਹਫਲ ਜਾਇ ਗਵਾਰ।

ਕਸਤੂਰੀ ਲਾਲ ਤੂੰ ਜ਼ਰਾ ਸੋਚ ਕਿ ਹਨੂਮਾਨ ਵਿਚ ਇੰਨੀ ਤਾਕਤ ਹੈ ਸੀ ਕਿ ਸਮੁੰਦ੍ਰ ਪਾਰ ਕਰਕੇ ਮਾਤਾ ਸੀਤਾ ਜੀ ਦਾ ਪਤਾ ਕਰਕੇ ਲੰਕਾ ਸਾੜ ਕੇ ਵਾਪਸ ਸ੍ਰੀ ਰਾਮ ਚੰਦਰ ਜੀ ਦੇ ਚਰਨਾਂ ਵਿਚ ਪਹੁੰਚ ਸਕੇ। ਇਹ ਸਾਰੀ ਕਿਰਪਾ ਸ੍ਰੀ ਰਾਮ ਚੰਦਰ ਜੀ ਦੀ ਸੀ।

ਤਾਹਿ ਕਹਾ ਪਰਵਾਹ ਕਾਹੂ ਕੀ
ਜਾ ਕੈ ਸੀਸਿ ਧਰਿਓ ਗੁਰਿ ਹਥ

ਅਥਵਾ

ਤਾ ਕਉ ਕਹਹੁ ਪਰਵਾਹ ਕਾਹੂ ਕੀ ਜਿਹ ਗੋਪਾਲ ਸਹਾਏ।

ਕਸਤੂਰੀ ਲਾਲ- ਮਾਮੀ ਜੀ, ਬਹਾਦਰ ਸ਼ਾਹ ਦਾ ਕੀ ਬਣਿਆ? ਕੀ ਉਹ ਰਾਜ ਦੀ ਤਬਾਹੀ ਵੇਖਕੇ ਚੁੱਪ ਕਰਕੇ ਬੈਠਾ ਰਿਹਾ ਸੀ?

ਮਾਮੀ- ਪੁੱਤਰ, ਮੁਗ਼ਲ ਰਾਜ ਦੀ ਤਬਾਹੀ ਵੇਖ ਕੇ ਬਹਾਦਰ ਸ਼ਾਹ ਦੀਆਂ ਅੱਖਾਂ ਖੁਲੀਆਂ। ਉਸ ਨੂੰ ਯਾਦ ਆਇਆ ਕਿ ਜਦੋਂ ਮੈਂ ਗੁਰੂ ਗੋਬਿੰਦ ਸਿੰਘ ਜੀ ਨਾਲ ਕੀਤਾ ਹੋਇਆ ਇਕਰਾਰ ਪੂਰਾ ਨਹੀਂ ਸੀ ਕੀਤਾ ਤਾਂ ਉਨ੍ਹਾਂ ਕਹਿਆ ਸੀ ਕਿ ਜੇ ਤੂੰ ਹੁਣ ਅਪਣਾ ਇਕਰਾਰ ਪੂਰਾ ਨ ਕੀਤਾ ਤਾਂ ਮੇਰਾ ਇਕ ਸਿੱਖ ਆਪੇ ਹੀ ਦੋਸ਼ੀ ਸੂਬਿਆਂ ਨੂੰ ਯੋਗ ਦੰਡ ਦੇ ਦੇਵੇਗਾ। ਬੰਦਾ ਉਨ੍ਹਾਂ ਦਾ ਹੀ ਸਿੱਖ ਹੈ ਅਤੇ ਉਨ੍ਹਾਂ ਨੇ ਹੀ ਭੇਜਿਆ ਹੈ। ਬਹਾਦਰ ਸ਼ਾਹ ਗੁਰੂ ਜੀ ਦੀ ਅਜ਼ਮਤ ਨੂੰ ਜਾਣਦਾ ਸੀ। ਉਸਦਾ ਨਿਸਚਾ ਸੀ ਕਿ ਲੜਾਈ ਕਰ ਕੇ ਦੁਨੀਆਂ ਦੀ ਕੋਈ ਤਾਕਤ ਵੀ ਗੁਰੂ ਗੋਬਿੰਦ ਸਿੰਘ ਨੂੰ ਜਿਤ ਨਹੀਂ ਸਕਦੀ।

ਆਮ ਖਿਆਲ ਹੈ ਕਿ ਜਿਨ੍ਹਾਂ ਦੋ ਪਠਾਨਾਂ ਨੇ, ਗੁਰੂ ਜੀ ਦੇ ਝੂਠੇ ਸੇਵਕ ਬਣ ਕੇ, ਗੁਰੂ ਜੀ ਨੂੰ ਇਕੱਲਿਆਂ ਵੇਖ ਕੇ ਮੌਕਾ ਤਾੜ ਕੇ ਗੁਰੂ ਜੀ ਤੇ ਖੰਜਰ ਦਾ ਵਾਰ ਕੀਤਾ ਸੀ, ਉਹ ਪਠਾਨ, ਬਹਾਦਰ ਸ਼ਾਹ ਵਲੋਂ ਨੀਯਤ ਕੀਤੇ ਹੋਏ ਸਨ।

ਕਸਤੂਰੀ ਲਾਲ- ਹੈਂ! ਜਿਸ ਗੁਰੂ ਸਾਹਿਬ ਜੀ ਨੇ ਸਹਾਇਤਾ ਕਰਕੇ ਪਾਤਸ਼ਾਹੀ ਦਿਵਾਈ ਸੀ ਉਨ੍ਹਾਂ ਨੂੰ ਮਰਵਾਉਣਾ ਚਾਹੁੰਦਾ ਸੀ! ਉਫ਼, ਬਹਾਦਰ ਸ਼ਾਹ ਇੰਨਾ ਬੇਵਫਾ ਨਿਕਲਿਆ। ਪਹਿਲਾਂ ਤਾਂ ਆਪਣਾ ਇਕਰਾਰ ਪੂਰਾ ਨ ਕੀਤਾ ਅਤੇ ਫਿਰ ਗੁਰੂ ਜੀ ਨੂੰ ਮਰਵਾਉਣਾ ਚਾਹੁੰਦਾ ਸੀ। ਬੜਾ ਝੂਠਾ ਅਤੇ ਧੋਖੇਬਾਜ਼ ਨਿਕਲਿਆ। ਇਸ ਨੂੰ ਕੌਣ ਨਿਆਂਕਾਰੀ ਬਾਦਸ਼ਾਹ ਆਖੇਗਾ?

ਮਾਮੀ- ਕਸਤੂਰੀ ਲਾਲ, ਬਹਾਦਰ ਸ਼ਾਹ ਦੇ ਬਾਪ ਔਰੰਗਜ਼ੇਬ ਨੇ ਵੀ ਗੁਰੂ ਜੀ ਨੂੰ ਧੋਖਾ ਦਿੱਤਾ ਸੀ।

ਕਸਤੂਰੀ ਲਾਲ- ਉਹ ਕਿਸ ਤਰ੍ਹਾਂ?

ਮਾਮੀ- ਔਰੰਗਜ਼ੇਬ ਅਥਵਾ ਉਸਦੇ ਸੂਬੇ ਨੇ ਗੁਰੂ ਜੀ ਨੂੰ ਵਕੀਲ ਰਾਹੀਂ ਚਿੱਠੀ ਭੇਜੀ ਸੀ ਕਿ ਤੁਸੀਂ ਕਿਲ੍ਹਾ ਛੱਡ ਦਿਓ, ਮੈਂ ਕੁਰਾਨ ਦੀ ਕਸਮ ਖਾ ਕੇ ਆਖਦਾ ਹਾਂ ਕਿ ਅਸੀਂ ਤੁਹਾਨੂੰ ਕੁਝ ਨਹੀਂ ਆਖਦੇ ਪਰ ਜਦੋਂ ਗੁਰੂ ਜੀ ਨੇ ਕਿਲ੍ਹਾ ਛੱਡਿਆ ਤਾਂ ਤੁਰਕ ਦਲ ਨੇ ਝਟ ਹਮਲਾ ਕਰ ਦਿੱਤਾ।

ਕਸਤੂਰੀ ਲਾਲ- ਮਾਮੀ ਜੀ, ਓਦੋਂ ਗੁਰੂ ਜੀ ਦਾ ਕੋਈ ਨੁਕਸਾਨ ਤਾਂ ਨਹੀਂ ਸੀ ਹੋਇਆ?

ਮਾਮੀ- ਪੁੱਤਰ, ਗੁਰੂ ਜੀ ਤਾਂ ਇਨ੍ਹਾਂ ਦਾ ਛਲ ਪਹਿਲਾਂ ਹੀ ਜਾਣਦੇ ਸਨ। ਉਹ ਸਿੱਖਾਂ ਸਮੇਤ ਹਥਿਆਰ ਬੰਦ ਹੋ ਕੇ ਹੀ ਨਿਕਲੇ ਸਨ। ਉਨ੍ਹਾਂ ਡਟ ਕੇ ਮੁਕਾਬਲਾ ਕੀਤਾ ਅਤੇ ਤੁਰਕ ਦਲ ਨੂੰ ਭਜਾ ਦਿੱਤਾ।

ਕਸਤੂਰੀ ਲਾਲ- ਵੇਖੋ ਮਾਮੀ ਜੀ, ਤੁਰਕ ਕਿੰਨੇ ਬੇਈਮਾਨ ਅਤੇ ਧੋਖੇਬਾਜ਼ ਨਿਕਲੇ, ਅਪਣੇ ਕੁਰਾਨ ਦੀ ਕਸਮ ਦੀ ਵੀ ਪਰਵਾਹ ਨ ਕੀਤੀ।

ਮਾਮੀ- ਪੁੱਤਰ, ਗੁਰੂ ਜੀ ਨੇ ਫ਼ਾਰਸੀ ਵਿਚ ਇਕ ਸ਼ੇਅਰ ਲਿਖਿਆ ਸੀ। ਉਹ ਸ਼ੇਅਰ ਤਾਂ

ਮੈਨੂੰ ਯਾਦ ਨਹੀਂ ਆਉਂਦਾ ਪਰ ਉਸਦਾ ਭਾਵ ਇਹ ਹੈ ਕਿ ਜੋ ਕੋਈ ਕੁਰਾਨ ਦੀ ਕਸਮ ਤੇ ਇਤਬਾਰ ਕਰੇਗਾ ਉਹ ਪਿਛੋਂ ਖੁਆਰ ਹੋਵੇਗਾ ਅਥਵਾ ਪਛਤਾਵੇਗਾ।

ਕਸਤੂਰੀ ਲਾਲ- ਮਾਮੀ ਜੀ, ਗੁਰੂ ਜੀ ਦੇ ਚਿਖਾ ਵਿਚ ਪਰਵੇਸ਼ ਕਰਨ ਵਾਲੀ ਗੱਲ ਵਿਚੇ ਹੀ ਰਹਿ ਗਈ।

ਮਾਮੀ- ਪੁੱਤਰ ਇਹ ਮੈਂ ਤੈਨੂੰ ਇਸ ਲਈ ਦਸਿਆ ਹੈ ਕਿ ਤੁਰਕ ਹਾਕਮ, ਕੁਰਾਨ ਦੀਆਂ ਕਸਮਾਂ ਖਾ ਕੇ ਵੀ ਗੁਰੂ ਜੀ ਨਾਲ ਛਲ ਕਰਦੇ ਸਨ। ਗੁਰੂ ਜੀ ਜੇ ਆਮ ਮਨੁੱਖਾਂ ਵਾਂਙੂ ਹੁੰਦੇ ਤਾਂ ਇਨ੍ਹਾਂ ਦੀਆਂ ਚਾਲਾਂ ਵਿਚ ਫਸਦੇ ਪਰ ਉਹ ਤਾਂ ਅਕਾਲ ਪੁਰਖ ਦੀ ਜੋਤ ਸਨ ਉਹ ਇਨ੍ਹਾਂ ਦੀਆਂ ਚਾਲਾਂ ਵਿਚ ਕਿਵੇਂ ਫਸਦੇ? ਗੁਰੂ ਜੀ ਨੇ ਇਨ੍ਹਾਂ ਧੋਖੇਬਾਜ਼ਾਂ ਨਾਲ ਇਕ ਐਸੀ ਰਾਜਨੀਤਕ ਚਾਲ ਖੇਡੀ ਕਿ ਦੁਨੀਆਂ ਦੰਗ ਰਹਿ ਗਈ।

ਕਸਤੂਰੀ ਲਾਲ- ਹੈਂ! ਐਸੀ ਕਿਹੜੀ ਚਾਲ ਸੀ?

ਮਾਮੀ- ਪੁੱਤਰ ਤੂੰ ਤਾਂ ਹਿਸਟਰੀ ਪੜ੍ਹਿਆ ਹੋਇਆ ਹੈਂ, ਤੈਨੂੰ ਤੇ ਪਤਾ ਹੀ ਹੈ ਕਿ ਜੰਗਾਂ ਵਿਚ ਕਿੰਨੇ ਦਾਅ ਖੇਡੇ ਜਾਂਦੇ ਹਨ ਅਤੇ ਕਿੰਨੇ ਪੈਂਤੜੇ ਬਦਲੇ ਜਾਂਦੇ ਹਨ। ਸ੍ਰੀ ਗੁਰੂ ਜੀ ਨੇ ਵੀ ਪੈਂਤੜਾ ਬਦਲ ਲਿਆ। ਉਹ ਆਪ ਗੁਪਤ ਰਹਿ ਕੇ ਸਿੱਖਾਂ ਰਾਹੀਂ ਤੁਰਕ ਰਾਜ ਨਸ਼ਟ ਕਰਨਾ ਚਾਹੁੰਦੇ ਸਨ। ਉਨ੍ਹਾਂ ਗੁਪਤ ਵਿਚਰਨ ਵਾਸਤੇ ਹੀ ਚਿਖਾ ਵਾਲਾ ਸਾਂਗ ਵਰਤਾਇਆ ਸੀ।

ਕਸਤੂਰੀ ਲਾਲ- ਹੁਣ ਪਤਾ ਲਗਾ ਹੈ ਕਿ ਉਨ੍ਹਾਂ (ਗੁਰੂ ਜੀ ਨੇ) ਚਿਖਾ ਵਿਚ ਪਰਵੇਸ਼ ਕਿਉਂ ਕੀਤਾ ਸੀ। ਮਾਮੀ ਜੀ, ਇਹ ਦਲੀਲ ਢੁਕਦੀ ਵੀ ਹੈ ਅਤੇ ਜਾਪਦੀ ਵੀ ਸੱਚੀ ਹੈ।

ਮਾਮੀ- ਪੁੱਤਰ, ਤੂੰ ਸੋਚ, ਆਤਮਘਾਤ ਕਰਨਾ, ਗੁਰੂ ਗੋਬਿੰਦ ਸਿੰਘ ਜੀ ਜੈਸੇ ਸੂਰਮੇ ਨੂੰ ਸੋਭਦਾ ਸੀ? ਇਕ ਹੋਰ ਗੱਲ ਸੁਣ ਕਿ ਗੁਰੂ ਜੀ ਉਸ ਗੱਦੀ ਦੇ ਮਾਲਕ ਸਨ ਜਿਸ ਗੱਦੀ ਦੇ ਤੀਸਰੇ ਗੁਰੂ, ਗੁਰੂ ਅਮਰ ਦਾਸ ਜੀ ਨੇ ਲਿਖਿਆ ਹੈ:

ਆਤਮ ਘਾਤੀ ਜਗਤ ਕਸਾਈ।

ਕਸਤੂਰੀ ਲਾਲ, ਦਸ, ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਦੀ ਇਸ ਤੁਕ ਨੂੰ ਉਲੰਘ ਸਕਦੇ ਸਨ?

ਕਸਤੂਰੀ ਲਾਲ- ਮਾਮੀ ਜੀ, ਜੋ ਕੋਈ ਲੱਖਾਂ ਸਿੱਖਾਂ ਦਾ ਗੁਰੂ, ਅਪਣੇ ਪਹਿਲੇ ਗੁਰੂ ਸਾਹਿਬਾਨ ਜੀ ਦੇ ਬਚਨ ਨ ਮੰਨੇਗਾ ਤਾਂ ਫਿਰ ਉਸ ਗੁਰੂ ਨੂੰ ਅਪਣੇ ਸਿੱਖਾਂ ਕੋਲੋਂ ਵੀ ਅਪਣੇ ਬਚਨ ਅਥਵਾ ਹੁਕਮ ਮੰਨੇ ਜਾਣ ਦੀ ਆਸ ਨਹੀਂ ਰਖਣੀ ਚਾਹੀਦੀ।

ਮਾਮੀ- ਪੁੱਤਰ, ਗੁਰੂ ਸਰਬ ਕਲਾ ਸਮਰਥ ਹੁੰਦਾ ਹੈ,ਉਹਦੇ ਕੋਲ ਸਾਰੇ ਅਖਤਿਆਰ ਹੁੰਦੇ ਹਨ, ਉਹ ਜਿਸ ਤਰ੍ਹਾਂ ਚਾਹੇ ਕਰੇ ਪਰ ਸਵਾਲ ਇਹ ਹੈ ਕਿ ਗੁਰੂ ਜੀ ਸੱਚ ਮੁੱਚ ਹੀ ਚਿਖਾ ਵਿਚ ਪਰਵੇਸ਼ ਕਰਕੇ ਸਚ ਖੰਡ ਚਲੇ ਗਏ ਸਨ ਜਾਂ ਚਿਖਾ ਵਿਚੋਂ ਨਿਕਲ ਕੇ ਕਿਸੇ ਹੋਰ ਪਾਸੇ ਚਲੇ ਗਏ ਸਨ?

ਕਸਤੂਰੀ ਲਾਲ- ਹੁਣ ਇਹ ਵੀ ਦੱਸਣ ਦੀ ਕਿਰਪਾ ਕਰੋ।

ਮਾਮੀ- ਪੁੱਤਰ ਜ਼ਰਾ ਧਿਆਨ ਨਾਲ ਸੁਣੀਂ, ਜਦੋਂ ਸਿੱਖ ਚਿਖਾ ਨੂੰ ਲੰਬੂ ਲਾ ਕੇ ਬਾਹਰ ਆ ਗਏ ਸਨ ਤਾਂ ਸਾਰੇ ਸਿੱਖ ਸਤਿਗੁਰੂ ਜੀ ਦੇ ਮਹਾਨ ਗੁਣਾਂ ਨੂੰ ਯਾਦ ਕਰ ਕੇ ਵਿਰਲਾਪ ਕਰਨ ਲਗ ਪਏ ਸਨ, ਇਸੇ ਸ਼ੋਕ ਅਵਸਥਾ ਵਿਚ ਹੀ ਦਿਨ ਚੜ੍ਹ ਗਿਆ ਸੀ। ਜਦੋਂ ਦੋ ਕੁ ਘੜੀਆਂ ਦਿਨ ਚੜ੍ਹ ਗਿਆ ਤਾਂ ਲੰਗਰ ਵਾਸਤੇ ਲਕੜਾਂ ਲਿਆਉਣ ਵਾਲੇ ਸੇਵਾਦਾਰ ਨੇ ਆ ਕੇ ਦੱਸਿਆ ਕਿ ਮੈਨੂੰ ਬਨ ਵਿਚ ਸਤਿਗੁਰੂ ਜੀ ਦਾ ਦਰਸ਼ਨ ਹੋਇਆ ਹੈ ਉਨ੍ਹਾਂ ਹੁਕਮ ਕੀਤਾ ਹੈ ਕਿ ਸ਼ੋਕ ਅਤੇ ਚਿੰਤਾ ਨਹੀਂ ਕਰਨੀ। ਭਜਨ ਕਰੋ ਜੋ ਸਾਰਿਆਂ ਦੁਖਾਂ ਦਾ ਦਾਰੂ ਹੈ ਅਤੇ ਜੋ ਅੰਤ ਨੂੰ ਸਹਾਈ ਹੁੰਦਾ ਹੈ।

ਇਸ ਤੋਂ ਥੋੜੀ ਦੇਰ ਪਿਛੋਂ ਇਕ ਹੋਰ ਸਾਧ ਨੇ ਆ ਕੇ ਦੱਸਿਆ ਕੇ ਗੁਰੂ ਜੀ ਮੈਨੂੰ ਰਾਹ ਵਿਚ ਘੋੜੇ ਤੇ ਸਵਾਰ ਜਾਂਦੇ ਮਿਲੇ ਸਨ। ਜਦੋਂ ਮੈਂ ਨਮਸਕਾਰ ਕਰ ਕੇ ਪੁੱਛਿਆ ਕਿ ਆਪ ਇਕੱਲੇ ਹੀ ਕਿਧਰ ਜਾ ਰਹੇ ਹੋ ਤਾਂ ਆਪ ਜੀ ਨੇ ਕਿਹਾ ਕਿ ਅਸੀਂ ਸ਼ਿਕਾਰ ਖੇਡਣ ਲਈ ਜਾ ਰਹੇ ਹਾਂ ਅਤੇ ਮਨ ਦੀ ਭਾਵਨਾ ਅਨੁਸਾਰ ਸੈਰ ਕਰਾਂਗੇ। ਗੁਰੂ ਜੀ ਇੰਨਾ ਬਚਨ ਕਰ ਕੇ ਘੋੜੇ ਨੂੰ ਅੱਡੀ ਲਾ ਕੇ ਅਗੇ ਚਲੇ ਗਏ ਅਤੇ ਮੈਂ ਇਧਰ ਆ ਗਿਆ ਹਾਂ।

ਕਸਤੂਰੀ ਲਾਲ- ਬਸ, ਜਦ ਗੁਰੂ ਜੀ ਦਾ ਸੁਨੇਹਾ ਮਿਲ ਗਿਆ ਤਾਂ ਸਮਝੋ ਉਹ ਚਿਖਾ ਵਿਚ ਸ਼ਹੀਦ ਨਹੀਂ ਹੋਏ ਸਗੋਂ ਉਹ ਕਿਸੇ ਵੀ ਤਰੀਕੇ ਨਾਲ ਚਿਖਾ ਵਿਚੋਂ ਨਿਕਲ ਕੇ ਕਿਧਰੇ ਚਲੇ ਗਏ ਸਨ।

ਮਾਮੀ- ਪੁੱਤਰ, ਗੁਰੂ ਸਮਰਥ ਹੁੰਦਾ ਹੈ ਉਹਦੇ ਵਾਸਤੇ ਅਛੋਪਲੇ ਕਿਧਰੇ ਚਲੇ ਜਾਣਾ ਕੋਈ ਵੱਡੀ ਗੱਲ ਨਹੀਂ ਹੁੰਦੀ।

ਕਸਤੂਰੀ ਲਾਲ- ਮਾਮੀ ਜੀ, ਖਿਮਾ ਕਰਨੀ, ਤੁਸੀਂ ਆਏ ਕਿਸੇ ਹੋਰ ਕੰਮ ਹੋ ਅਤੇ ਮੈਂ ਤੁਹਾਨੂੰ ਕਿਸੇ ਹੋਰ ਪਾਸੇ ਦੀਆਂ ਗੱਲਾਂ ਵਿਚ ਲਾ ਬੈਠਾ ਹਾਂ।

ਮਾਮੀ- ਪੁੱਤਰ, ਇਹ ਵੀ ਸਤਸੰਗ ਹੀ ਹੋ ਰਿਹਾ ਨਾ। ਤੂੰ ਫਿਕਰ ਨਾ ਕਰ। ਤੂੰ ਨਿਸ਼ੰਗ ਹੋ

ਕੇ ਜੋ ਪੁੱਛਣਾ ਹੈ ਪੁੱਛ ਲੈ।

ਕਸਤੂਰੀ ਲਾਲ- ਤੁਹਾਡੀ ਬਹੁਤ ਮੇਹਰਬਾਨੀ, ਮਾਮੀ ਜੀ, ਹੁਣ ਇਹ ਦੱਸਣ ਦੀ ਕਿਰਪਾ ਕਰੋ ਕਿ ਗੁਰੂ ਜੀ ਦਾ ਇਸ ਚਿਖਾ ਵਾਲੇ ਸਾਂਗ ਪਿਛੋਂ ਜੀਵਤ ਰਹਿਣ ਦਾ ਭੇਦ ਕਿਸ ਤਰ੍ਹਾਂ ਖੁਲ੍ਹਿਆ ਸੀ?

ਮਾਮੀ- ਪੁੱਤਰ, ਪਹਿਲਾਂ ਤਾਂ ਗੁਰੂ ਜੀ ਬੜੇ ਸਾਲ ਗੁਪਤ ਹੀ ਵਿਚਰਦੇ ਰਹੇ ਸਨ ਪਰ ਜਦੋਂ ਉਨ੍ਹਾਂ ਦੀ ਰਜ਼ਾ ਹੋਈ ਤਾਂ ਪੰਜਾਬ ਤੋਂ ਬਹੁਤ ਦੂਰ ਹਰੋਂ ਨਦੀ ਦੇ ਕਿਨਾਰੇ ਸਮਾਧੀ ਇਸਥਿਤ, ਗੁਰੂ ਚਰਨਾਂ ਵਿਚ ਲੀਨ, ਇਕ ਪੂਰਨ ਗੁਰਸਿੱਖ, ਬਾਬੇ ਬਾਲਕ ਸਿੰਘ ਜੀ ਨੂੰ ਦਰਸ਼ਨ ਦਿੱਤੇ। ਜਦੋਂ ਗੁਰੂ ਜੀ, ਸਮਾਧੀ ਇਸਥਿਤ ਬਾਬਾ ਜੀ ਦੇ ਸਾਮ੍ਹਣੇ ਹੋਏ ਤਾਂ ਬਾਬਾ ਜੀ ਦੀ ਸਮਾਧੀ ਖੁਲ੍ਹ ਗਈ। ਜਦੋਂ ਬਾਬਾ ਜੀ ਦੇ ਨੇਤ੍ਰ ਖੁਲ੍ਹੇ ਤਾਂ ਕੀ ਵੇਖਦੇ ਹਨ ਕਿ ਸਾਮ੍ਹਣੇ ਕਰੋੜਾਂ ਚੰਦਰਮਾਂ ਨੂੰ ਮਾਤ ਕਰ ਦੇਣ ਵਾਲੀ, ਕੰਜਲਕ ਨੈਣ, ਕਬੂਹ ਗ੍ਰੀਵ ਅਤੇ ਕਟ ਕੇਹਰ ਵਾਲੀ ਵਿਅਕਤੀ ਘੋੜੇ ਤੇ ਸਵਾਰ ਹੈ। ਬਾਬਾ ਜੀ ਨੇ ਜਾਣਿਆ ਕਿ ਭਗਵਾਨ ਮੈਨੂੰ ਦਰਸ਼ਨ ਦੇਣ ਵਾਸਤੇ ਆਏ ਹਨ, ਬੜੇ ਗਦ ਗਦ ਹੋਏ, ਕਿਉਂ ਜੋ

ਦਰਸਨ ਕਉ ਲੋਚੈ ਸਭੁ ਕੋਈ।।
ਪੂਰੈ ਭਾਗਿ ਪਰਾਪਤਿ ਹੋਈ।।

ਬਾਬਾ ਜੀ ਨੇ ਝੱਟ ਉਠ ਕੇ ਘੋੜ ਸਵਾਰ ਭਗਵਾਨ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ ਅਤੇ ਘੋੜੇ ਦੀ ਵਾਗ ਫੜ ਲਈ। ਭਗਤ ਵਛਲ ਸਤਿਗੁਰੂ ਜੀ ਘੋੜੇ ਤੋਂ ਉਤਰ ਕੇ ਬਾਬਾ ਜੀ ਵਲੋਂ ਸਾਦਾ ਜਹੇ ਵਿਛਾਏ ਗਏ ਆਸਣ ਤੇ ਬਿਰਾਜਮਾਨ ਹੋ ਗਏ।

ਬਾਬਾ ਜੀ ਦਰਸ਼ਨ ਕਰ ਕੇ ਬਹੁਤ ਖੁਸ਼ ਹੋਏ ਅਤੇ ਉਨ੍ਹਾਂ ਨੇ ਬਾਲਕ ਵਾਂਗ ਕਈ ਕੁਝ ਪੁਛਿਆ। ਬਾਬੇ ਜੀ ਦੇ ਸਾਰੇ ਸ਼ੰਕੇ ਨਵਿਰਤ ਕਰਦਿਆਂ ਉਸ ਵਿਅਕਤੀ ਨੇ ਕਹਿਆ ਕਿ:- "ਮੈਂ ਹੀ ਹਾਂ ਜਿਸ ਨੂੰ ਲੋਕੀਂ ਗੁਰੂ ਗੋਬਿੰਦ ਸਿੰਘ ਆਖਦੇ ਹਨ ਅਤੇ ਮੈਂ ਹੀ ਹਾਂ ਜਿਸ ਨੇ ਨਾਦੇੜ ਵਿਚ ਚਿਖਾ ਵਾਲਾ ਸਾਂਗ ਕੀਤਾ ਸੀ" ਇਸ ਤਰ੍ਹਾਂ ਦੇ ਕਈ ਬਚਨ ਕਰਨ ਉਪ੍ਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬੇ ਜੀ ਨੂੰ ਕੰਨ ਵਿਚ ਭਜਨ ਦਿੱਤਾ। ਫਿਰ ਗੁਰੂ ਜੀ ਨੇ ਉਥੇ ਹੀ ਬਾਬੇ ਬਾਲਕ ਸਿੰਘ ਜੀ ਅਗੇ ਪੰਜ ਪੈਸੇ ਅਤੇ ਇਕ ਨਾਰੀਅਲ ਰਖ ਕੇ ਮੱਥਾ ਟੇਕ ਕੇ ਬਾਬੇ ਬਾਲਕ ਸਿੰਘ ਜੀ ਨੂੰ, ਗੁਰੂ ਬਾਲਕ ਸਿੰਘ ਜੀ ਬਣਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਤਖਤ ਦਾ ਗਿਆਰਵਾਂ ਜਾਨਸ਼ੀਨ ਅਥਵਾ ਆਪਣਾ ਉਤ੍ਰਾਧਿਕਾਰੀ ਬਣਾ ਦਿੱਤਾ।

ਕਸਤੂਰੀ ਲਾਲ- ਮਾਮੀ ਜੀ, ਗੁਰੂ ਗੋਬਿੰਦ ਸਿੰਘ ਜੀ ਨੇ ਬਾਬੇ ਬਾਲਕ ਸਿੰਘ ਜੀ ਨੂੰ ਗੁਰਗੱਦੀ ਇਕਾਂਤ ਵਿਚ ਅਤੇ ਉਹ ਵੀ ਜੰਗੱਲ ਵਿਚ ਕਿਉਂ ਦਿੱਤੀ? ਕਿਸੇ ਸ਼ਹਿਰ ਵਿਚ ਜਾਂ ਕਿਸੇ ਮੇਲੇ ਵਿਚ ਦੇਂਦੇ ਤਾਂ ਜੋ ਆਮ ਪਬਲਿਕ ਨੂੰ ਪਤਾ ਲਗ ਜਾਂਦਾ।

ਮਾਮੀ- ਪਹਿਲੀ ਗੱਲ ਤਾਂ ਇਹ ਹੈ ਕਿ ਜੋ ਸਤਿਗੁਰੂ ਕਰਦਾ ਹੈ ਠੀਕ ਕਰਦਾ ਹੈ ਅਤੇ ਦੂਜੀ ਗੱਲ ਇਹ ਹੈ ਕਿ ਗੁਰੂ ਜੀ ਨੇ ਉਦੋਂ ਸਾਂਗ ਗੁਪਤ ਵਿਚਰਨ ਵਾਲਾ ਬਣਾਇਆ ਹੋਇਆ ਸੀ, ਉਨ੍ਹਾਂ ਸਾਰੇ ਕੰਮ ਗੁਪਤ ਹੀ ਕਰਨੇ ਸਨ ਅਤੇ ਤੀਜੀ ਗੱਲ ਇਹ ਹੈ ਕਿ ਗਿਆਰਵੇਂ ਜਾਮੇ (ਗਿਆਰਵੇਂ ਗੁਰੂ) ਬਾਰੇ ਗੁਰਿੰਡ ਨਾਮਾ ਪਾਤਸ਼ਾਹੀ ਦਸਵੀਂ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ:

ਗੁਪਤ ਗਿਆਰਵਾਂ ਖੇਲਸੀ
ਕੋਇਕ ਪਾਵੈ ਪਾਰ।।

ਗੁਪਤ ਰਹਿਣ ਵਾਸਤੇ ਇਹ ਜ਼ਰੂਰੀ ਹੀ ਸੀ ਕਿ ਉਨ੍ਹਾਂ ਨੂੰ ਗੁਰ ਗੱਦੀ ਵੀ ਗੁਪਤ ਮਿਲਦੀ ਜਿਸ ਤਰ੍ਹਾਂ ਭਵਿਸ਼ ਬਾਣੀ ਲਿਖੀ ਹੋਈ ਸੀ ਉਸੇ ਤਰ੍ਹਾਂ ਹੀ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਪਤ ਰਹਿ ਕੇ ਗੁਪਤ ਥਾਂ ਤੇ ਗੁਰੂ ਬਾਲਕ ਸਿੰਘ ਜੀ ਦੇ ਗੁਪਤ ਰਹਿਣ ਵਾਸਤੇ, ਗੁਪਤ ਤਰੀਕੇ ਨਾਲ ਗੱਦੀ ਬਖਸ਼ੀ ਸੀ। ਪੁੱਤਰ ਜੋ ਗੁਰੂ ਕਰਦਾ ਹੈ ਠੀਕ ਹੀ ਕਰਦਾ ਹੈ ਕਿਉਂ ਜੋ "ਭੁਲਣ ਅੰਦਰਿ ਸਭੁ ਕੋ (ਪਰ) ਅਭੁਲੁ ਗੁਰੂ ਕਰਤਾਰੁ (ਹੁੰਦਾ ਹੈ)

ਕਸਤੂਰੀ ਲਾਲ- ਮਾਮੀ ਜੀ, ਗੁੱਸਾ ਨ ਮਨਾਉਣਾ! ਮੇਰੀ ਪੂਰੀ ਤਸੱਲੀ ਨਹੀਂ ਹੋਈ।

ਮਾਮੀ- ਪੁੱਤਰ ਲੈ ਹੋਰ ਸੁਣ।

ਕਸਤੂਰੀ ਲਾਲ- ਸਣਾਓ।

ਮਾਮੀ- ਪੁੱਤਰ ਤੂੰ ਕਦੇ ਸ੍ਰ: ਕਾਨ੍ਹ ਸਿੰਘ ਨਾਭੇ ਵਾਲੇ ਦਾ ਨਾਉਂ ਸੁਣਿਆ ਹੈ?

ਕਸਤੂਰੀ ਲਾਲ- ਕਿਉਂ ਨਹੀਂ, ਓਹੀ ਹਨ ਨ, ਜਿਨ੍ਹਾਂ ਪੰਜਾਬੀ ਦਾ ਮਹਾਨ ਕੋਸ਼ ਲਿਖਿਆ ਹੈ।

ਮਾਮੀ- ਆਹੋ

ਕਸਤੂਰੀ ਲਾਲ- ਕਿਉਂ, ਉਨ੍ਹਾਂ ਦੀ ਕੀ ਗੱਲ ਹੈ? ਉਹ ਤਾਂ ਬਹੁਤ ਉਚੇ ਵਿਦਵਾਨ ਅਤੇ ਪਹਿਲੇ ਦਰਜੇ ਦੇ ਖੋਜੀ ਸਨ। ਉਨ੍ਹਾਂ ਦੇ ਮਹਾਨ ਕੋਸ਼ ਦੇ ਪੜਨ ਤੋਂ ਪਤਾ ਲਗਦਾ ਹੈ ਕਿ ਆਪ ਜੀ ਨੇ ਕਈ ਧਰਮਾਂ ਦੇ ਗ੍ਰੰਥ ਪੜ੍ਹਕੇ ਕਈ ਥਾਵਾਂ ਤੇ ਆਪ ਜਾ ਕੇ ਵਾਕਫ਼ੀਅਤ ਹਾਸਲ ਕਰਕੇ, ਕਈ ਧਰਮ ਅਸਥਾਨਾਂ ਅਥਵਾ ਤੀਰਥਾਂ ਤੇ ਜਾ ਕੇ ਅਪਣੀ ਅੱਖੀਂ ਉਥੋਂ ਦੇ ਹਾਲਾਤ ਵੇਖ ਕੇ, ਕਈ ਹਕੀਮਾਂ ਨੂੰ ਮਿਲਕੇ ਉਨ੍ਹਾਂ ਕੋਲੋਂ ਚੰਗੇ ਚੰਗੇ ਨੁਸਖੇ ਲੈ ਕੇ, ਕਈ ਦੇਸ਼ਾਂ ਦੀ ਹਿਸਟਰੀ ਪੜ੍ਹ ਕੇ , ਕਈ ਭਾਸ਼ਾਵਾਂ ਪੜ੍ਹ ਕੇ ਇਹ ਮਹਾਂ ਕੋਸ਼ ਤਿਆਰ ਕੀਤਾ ਸੀ। ਸ਼ਾਇਦ ਹੀ ਕੋਈ ਧਾਰਮਕ ਜਾਂ ਸਮਾਜਕ ਨੇਤਾ, ਭਗਤ, ਦਾਨੀ ਜਾਂ ਸ਼ਹੀਦ ਰਹਿ ਗਿਆ ਹੋਵੇ ਜਿਦੇ ਬਾਰੇ ਉਨ੍ਹਾਂ ਨ ਲਿਖਿਆ ਹੋਵੇ। ਮਾਮੀ ਜੀ ਮੇਰੇ

ਕੋਲ ਵੀ ਇਹ ਮਹਾਨ ਕੋਸ਼ ਹੈ। ਜਦ ਕਦੇ ਥੋੜਾ ਜਿਹਾ ਵੀ ਪੜ੍ਹਦਾ ਹਾਂ ਤਾਂ ਲਿਖਾਰੀ ਦੀ ਮਿਹਨਤ ਦੀ ਦਾਦ ਦੇਣੋਂ ਨਹੀਂ ਰਹਿ ਸਕਦਾ। ਇਸ ਵਿਚ ਸ੍ਰੀ ਰਾਮ ਚੰਦ੍ਰ ਜੀ, ਸ੍ਰੀ ਕ੍ਰਿਸ਼ਨ ਮਹਾਰਾਜ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਸਿੱਖ ਗੁਰੂਆਂ ਦੀਆਂ ਸੰਖੇਪ ਵਿਚ ਕਥਾਵਾਂ ਲਿਖੀਆਂ ਹੋਈਆਂ ਹਨ। ਮਹਾਤਮਾ ਬੁੱਧ, ਹਜ਼ਰਤ ਈਸਾ, ਮੁਹੰਮਦ ਸਾਹਿਬ ਅਤੇ ਹੋਰ ਅਨੇਕ ਭਗਤਾਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਹੋਈ ਹੈ। ਮਾਮੀ ਜੀ ਜੇ ਸੱਚ ਪੁੱਛੋ ਤਾਂ ਇਹ ਮਹਾਨ ਕੋਸ਼ ਬਹੁਤ ਲਾਭਦਾਇਕ ਹੈ।

ਮਾਮੀ- ਕਸਤੂਰੀ ਲਾਲ, ਤੂੰ ਕਦੇ ਇਸ ਕੋਸ਼ ਵਿਚੋਂ ਸ੍ਰੀ ਬਾਬਾ ਅਜਾਪਾਲ ਸਿੰਘ ਜੀ ਬਾਰੇ ਵੀ ਪੜ੍ਹਿਆ ਹੈ?

ਕਸਤੂਰੀ ਲਾਲ- ਮਾਮੀ ਜੀ, ਮੈਂ ਸਾਰਾ ਥੋੜਾ ਪੜ੍ਹਿਆ ਹੈ। ਮੈਂ ਤਾਂ ਕਦੇ ਕਦੇ ਥੋੜਾ ਜਿਹਾ ਪੜ੍ਹਦਾ ਹਾਂ। ਕਿਉਂ ਬਾਬੇ ਅਜਾਪਾਲ ਸਿੰਘ ਜੀ ਦੀ ਕੀ ਗੱਲ ਏ?

ਮਾਮੀ- ਜਦੋਂ ਕਦੇ ਸਮਾਂ ਮਿਲਿਆ ਤਾਂ ਪੜ੍ਹ ਕੇ ਵੇਖੀਂ। ਹੁਣ ਮੈਂ ਤੈਨੂੰ ਇਸੇ ਭਾਈ ਕਾਨ੍ਹ ਸਿੰਘ ਜੀ ਦੀ ਲਿਖਤ ਵਿਚੋਂ ਸ੍ਰੀ ਗੁਰੂ ਗੋਬਿੰਦ ਜੀ ਦੇ ਮੁੜ ਪਰਗਟ ਹੋਣ ਬਾਰੇ ਸੁਣਾਂਦੀ ਹਾਂ।

ਕਸਤੂਰੀ ਲਾਲ- ਹਾਂ ਜ਼ਰੂਰ ਸੁਣਾਓ, ਇਨ੍ਹਾਂ ਭਾਈ ਸਾਹਿਬ ਜੀ ਦੀ ਲਿਖਤ ਭਰੋਸੇ ਯੋਗ ਅਤੇ ਤਸਲੀ ਬਖਸ਼ ਹੁੰਦੀ ਹੈ।

ਮਾਮੀ- ਲੈ ਸੁਣ, ਇਸੇ ਭਾਈ ਕਾਨ੍ਹ ਸਿੰਘ ਜੀ ਦੇ ਪੜਦਾਦੇ ਬਾਬਾ ਸਰੂਪ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਪਤ ਭੇਸ ਬਾਬਾ ਅਜਾਪਾਲ ਸਿੰਘ ਜੀ ਦੀ ਸੇਵਾ ਕਰਦੇ ਰਹੇ ਸਨ ਬਾਬਾ ਸਰੂਪ ਸਿੰਘ ਜੀ ਨੇ ਬਾਬਾ ਅਜਾਪਾਲ ਸਿੰਘ ਜੀ ਦੇ ਅੱਖੀਂ ਡਿਠੇ ਚਮਤਕਾਰ ਅਪਣੇ ਪੋਤੇ ਬਾਬਾ ਨਾਰਾਇਣ ਸਿੰਘ ਜੀ ਨੂੰ ਸੁਣਾਏ ਸਨ। ਬਾਬਾ ਨਾਰਾਇਣ ਸਿੰਘ ਜੀ ਕੋਲੋਂ ਸੁਣ ਕੇ ਉਸਦੇ ਸਪੁੱਤਰ ਬਾਬਾ ਬਿਸ਼ਨ ਸਿੰਘ ਜੀ ਨੇ ਇਕ ਪੁਸਤਕ ਲਿਖੀ ਸੀ। ਇਸ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ, ਬਾਬਾ ਸਰੂਪ ਸਿੰਘ ਜੀ, ਬਾਬਾ ਅਜਾਪਾਲ ਸਿੰਘ ਜੀ ਦੇ ਪਲੰਘ ਕੋਲ ਬੈਠ ਕੇ ਦੇਖਣ ਲਗੇ, ਵੱਖੀ ਪਰ ਬੜਾ ਭਾਰੀ ਘਾਉ ਵੇਖਿਆ, ਬੜੇ ਸ਼ਸਤਰ ਦਾ ਘਾਉ ਲਗਿਆ ਵਾ ਜ਼ਖਮ ਮਿਲਿਆ ਵਾ, ਘਾਉ ਨੂੰ ਦੇਖਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਜੀ, ਇਹ ਘਾਉ ਕਿਥੇ ਲਗਿਆ ਹੈ? ਸੁਣ ਕੇ ਬਾਬਾ ਜੀ ਫੁਰਮਾਇਆ, **"ਇਹ ਓਹੀ ਘਾਓ ਹੈ ਜੋ ਦੱਖਣ ਮੈਂ ਪਠਾਣ ਨੇ ਮਾਰਿਆ ਸੀ।"** ਇਹ ਸੁਣ ਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸਚਾ ਹੋ ਗਿਆ ਕਿ "ਕਲਗੀਧਰ ਦਸਵੇਂ ਪਾਤਸ਼ਾਹ ਪੰਥ ਦੇ ਵਾਲੀ ਹਨ" ਫਿਰ ਕਦੇ ਮਨ ਨਹੀਂ ਡੋਲਿਆ।

ਕਸਤੂਰੀ ਲਾਲ- ਇਸੇ ਬਾਬਾ ਬਿਸ਼ਨ ਸਿੰਘ ਜੀ ਦੇ ਵੱਡੇ ਭਰਾ ਭਾਈ ਸਾਹਿਬ ਕਾਨ੍ਹ ਸਿੰਘ ਜੀ ਸਨ। ਇਨ੍ਹਾਂ ਨੇ (ਭਾਈ ਸਾਹਿਬ ਕਾਨ੍ਹ ਸਿੰਘ ਜੀ ਨੇ) ਪੰਥ ਦੇ ਭਲੇ ਹਿਤ ਪੰਥ ਨੂੰ ਜਾਣਕਾਰੀ ਦਿੰਦਿਆਂ ਮਾਸਕ ਫੁਲਵਾੜੀ ਵਿਚ ਸਪਸ਼ਟ ਛਪਵਾਇਆ ਸੀ, ਕਿ **"ਬਾਬਾ ਅਜਾਪਾਲ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜੀ ਹੀ ਸਨ ਕਿਉਂਕਿ ਪ੍ਰਤੱਖ ਰੂਪ ਵਿਚ ਸਾਹਿਬ ਸ੍ਰੀ ਕਲਗੀਧਰ ਜੀ ਹਜ਼ੂਰ ਸਾਹਿਬ ਵਿਚ ਜੋਤੀ ਜੋਤ ਨਹੀਂ ਸਮਾਏ ਸਨ।"**

ਕਸਤੂਰੀ ਲਾਲ- ਮਾਮੀ ਜੀ, ਇਹ ਗੱਲ ਜ਼ਰੂਰ ਸੱਚੀ ਹੋਵੇਗੀ। ਸ੍ਰ: ਕਾਨ੍ਹ ਸਿੰਘ ਜੀ ਵਰਗਾ ਵਿਦਵਾਨ ਐਵੇਂ ਤੇ ਨਹੀਂ ਡੰਕੇ ਦੀ ਚੋਟ ਨਾਲ ਐਲਾਨ ਕਰਦਾ। ਮਾਮੀ ਜੀ, ਸ੍ਰ: ਕਾਨ੍ਹ ਸਿੰਘ ਜੀ ਦੇ ਬਿਆਨ ਮੰਨਦਿਆਂ ਹੋਇਆਂ ਇਹ ਨਿਸਚਾ ਹੋ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਹਜ਼ੂਰ ਸਾਹਿਬ ਵਿਚ ਜੋਤੀ ਜੋਤ ਨਹੀਂ ਸਨ ਸਮਾਏ। ਗੁਰੂ ਜੀ ਜ਼ਰੂਰ ਕਿਸੇ ਨਾ ਕਿਸੇ ਤਰੀਕੇ ਨਾਲ ਚਿਖਾ ਵਿਚੋਂ ਨਿਕਲ ਕੇ ਕਿਸੇ ਪਾਸੇ ਚਲੇ ਗਏ ਹੋਣਗੇ। ਹੁਣ ਤੇ ਮਾਮੀ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਬੇ ਬਾਲਕ ਸਿੰਘ ਜੀ ਨੂੰ ਗੱਦੀ ਦੇਣ ਵਾਲੀ ਕਥਾ ਵੀ ਠੀਕ ਜਾਪਦੀ ਹੈ। ਮਾਮੀ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ, ਤੁਸਾਂ ਤਾਂ ਮੈਨੂੰ ਇਹ ਕਥਾ ਸੁਣਾ ਕੇ ਸਿੱਖ ਪੰਥ ਦੀ ਬਹੁਤ ਜਾਣਕਾਰੀ ਦਿੱਤੀ ਹੈ।

ਮਾਮੀ- ਪੁੱਤਰ ਹੋਰ ਵੀ ਜੇ ਕੋਈ ਪੁੱਛਣਾ ਹਈ ਤਾਂ ਪੁੱਛ ਲੈ।

ਕਸਤੂਰੀ ਲਾਲ- ਮਾਮੀ ਜੀ, ਗਿਆਰਵੇਂ ਗੁਰੂ ਤਾਂ ਸ੍ਰੀ ਗੁਰੂ ਬਾਲਕ ਸਿੰਘ ਜੀ ਹੋਏ ਫਿਰ ਬਾਰ੍ਹਵੇਂ ਗੁਰੂ ਜੀ ਕਿਹੜੇ ਸਨ?

ਮਾਮੀ- ਕਸਤੂਰੀ ਲਾਲ਼, ਮੈਂ ਇਕ ਗੱਲ ਦਸਣੀ ਭੁਲ ਗਈ ਸਾਂ, ਉਹ ਇਹ ਹੈ ਕਿ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਦਿੱਤੀ ਸੀ ਉਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਕਿਹਾ ਸੀ ਕਿ ਇਹ ਗੁਰਗੱਦੀ ਮੇਰੀ ਅਮਾਨਤ ਹੈ ਮੈਂ ਇਹ ਅਮਾਨਤ ਬਾਰ੍ਹਵੇਂ ਜਾਮੇ ਵਿਚ

ਆਪੇ ਹੀ ਆ ਕੇ ਆਪ ਜੀ ਪਾਸੋਂ ਲੈ ਜਾਵਾਂਗਾ, ਉਦੋਂ ਮੇਰਾ ਨਾਮ ਰਾਮ ਸਿੰਘ ਹੋਵੇਗਾ। ਰਾਮ ਸਿੰਘ ਮੇਰਾ ਹੀ ਅਵਤਾਰ ਹੋਵੇਗਾ।

ਐ ਪੈ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ
ਮੇਰੋ ਅਵਤਾਰ ਅੰਸ ਰਾਮ ਸਿੰਘ ਹੈ ਭਰੇ॥

-ਗਿਆਨੀ ਗਿਆਨ ਸਿੰਘ ਜੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭਵਿਸ਼ ਵਾਕਾਂ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਾਦੁਰਭਾਵ ਲੁਧਿਆਣੇ ਜ਼ਿਲੇ ਦੇ ਇਕ ਪਿੰਡ ਰਾਈਆਂ (ਸ੍ਰੀ ਭੈਣੀ ਸਾਹਿਬ ਦੇ ਨਾਲ ਲਗਦਾ ਪਿੰਡ) ਵਿਖੇ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਚਪਨ ਵਿਚ ਅਨੇਕ ਕੌਤਕ ਕਰਦੇ ਹੋਇ ਜਦੋਂ ਜਵਾਨ ਹੋਏ ਤਾਂ ਖਾਲਸਾ ਫੌਜ ਵਿਚ ਭਰਤੀ ਹੋ ਗਏ। ਫੌਜ ਵਿਚ ਰਹਿੰਦਿਆਂ ਹੋਇਆਂ ਵੀ ਆਪ ਨਾਮ ਸਿਮਰਨ ਅਤੇ ਬਾਣੀ ਪੜ੍ਹਨ ਦਾ ਨਿਤਨੇਮ ਹਰ ਰੋਜ਼ ਪੂਰਾ ਕਰਦੇ। ਆਪ ਜੀ ਦੀ ਕਰਨੀ ਤੋਂ ਪ੍ਰਭਾਵਤ ਹੋ ਕੇ ਆਪ ਜੀ ਦੀ ਪਲਟਨ ਵਾਲੇ ਦੂਜੇ ਫੌਜੀ ਵੀ ਭਜਨ ਬਾਣੀ ਕਰਨ ਲਗ ਪਏ ਸਨ। ਹੌਲੀ ਹੌਲੀ ਇਸ ਪਲਟਨ ਦਾ ਨਾਮ ਹੀ ਭਗਤਾਂ ਵਾਲੀ ਫੌਜ ਪੈ ਗਿਆ ਸੀ। ਸੰਮਤ ੧੮੯੮ (ਸੰਨ ੧੮੪੧) ਵਿਚ ਇਸ ਭਗਤਾਂ ਵਾਲੀ ਫੌਜ ਨੂੰ ਕਿਸੇ ਸਰਕਾਰੀ ਕੰਮ ਵਾਸਤੇ ਪਿਸ਼ਾਵਰ ਜਾਣਾ ਪਿਆ ਸੀ। ਪਿਸ਼ਾਵਰ ਜਾਂਦਿਆਂ ਰਾਹ ਵਿਚ ਇਹ ਫੌਜ ਹਜ਼ਰੋ ਠਹਿਰੀ ਸੀ।

ਹਜ਼ਰੋ ਵਿਚ ਉਨ੍ਹਾਂ ਦਿਨਾਂ ਵਿਚ ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਬੜੀ ਪ੍ਰਸਿਧੀ ਸੀ। ਸ੍ਰੀ ਗੁਰੂ ਬਾਲਕ ਸਿੰਘ ਜੀ ਦੀ ਪ੍ਰਸਿਧੀ ਸੁਣ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਪਣੇ ਕਈ ਫੌਜੀ ਸਾਥੀਆਂ ਸਮੇਤ ਦਰਸ਼ਨ ਕਰਨ ਵਾਸਤੇ ਗਏ। ਜਦੋਂ ਸਤਸੰਗ ਵਾਲੀ ਜਗਹ ਤੇ ਪੁਜੇ ਤਾਂ ਉਥੇ ਸ੍ਰੀ ਗੁਰੂ ਬਾਲਕ ਸਿੰਘ ਜੀ ਕਥਾ ਕਰ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜਦੋਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੂੰ ਮੱਥਾ ਟੇਕਿਆ ਤਾਂ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਬਚਨ ਕੀਤਾ:- "ਆਓ ਠਾਕੁਰ ਜੀ ਮਹਾਰਾਜ, ਅਸੀਂ ਤਾਂ ਬੜੇ ਚਿਰਾਂ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਾਂ"। ਇੰਨਾ ਬਚਨ ਕਰਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਉਠ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜੱਫੀ ਪਾ ਕੇ ਮਿਲੇ ਅਤੇ ਅਪਣੇ ਕੋਲ ਹੀ ਗੱਦੀ ਤੇ ਬੈਠਾ ਲਿਆ। ਮਰਯਾਦਾ ਨੂੰ ਮੁਖ ਰਖਕੇ ਸ੍ਰੀ ਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਲ ਆਏ ਸਾਰਿਆਂ ਫੌਜੀਆਂ ਨੂੰ ਭਜਨ (ਗੁਰਮੰਤ੍ਰ) ਦਿੱਤਾ ਅਤੇ ਫਿਰ ਸਾਰੀ ਸੰਗਤ ਨੂੰ ਦੱਸਿਆ ਕਿ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅੰਸ਼ਕ ਅਵਤਾਰ ਹਨ ਅਤੇ ਓਹੀ ਠਾਕੁਰ ਜੀ ਹਨ ਜਿਨ੍ਹਾਂ ਬਾਰੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਮੈਨੂੰ ਹੁਕਮ ਕਰ ਗਏ ਸਨ ਕਿ ਅਸੀਂ ਆਪੇ ਹੀ ਇਥੇ ਆ ਕੇ ਅਪਣੀ ਅਮਾਨਤ ਲੈ ਜਾਵਾਂਗੇ ਅਤੇ ਜਿਨ੍ਹਾਂ ਬਾਰੇ ਲਿਖਿਆ ਹੈ,

ਦੁਆਦਸ ਪੁਰਖ ਹੈ ਆਦਿ ਸੇ,
ਸਭਹਨ ਕੋ ਸਿਰਮੌਰ।
ਸ਼ਕਤਿ ਅਨੰਤੀ ਆਇ ਹੈ,
ਆਦਿ ਇਹੈ, ਨਹੀਂ ਔਰ।

ਇੰਨਾ ਬਚਨ ਕਰਕੇ ਪੰਜ ਪੈਸੇ ਅਤੇ ਇਕ ਨਾਰੀਅਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਗੇ ਰਖ ਕੇ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਪਹਿਲਾਂ ਆਪ ਮੱਥਾ ਟੇਕਿਆ ਅਤੇ ਫਿਰ ਸਾਰੀ ਸੰਗਤ ਨੂੰ ਮੱਥਾ ਟੇਕਣ ਦਾ ਹੁਕਮ ਕੀਤਾ। ਇਸ ਤਰ੍ਹਾਂ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਵਾਲੀ ਅਮਾਨਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੌਂਪ ਦਿੱਤੀ। ਇਹ ਸਤਿਗੁਰੂ ਰਾਮ ਸਿੰਘ ਜੀ ਸਿੱਖਾਂ ਦੇ ਬਾਰ੍ਹਵੇਂ ਗੁਰੂ ਜੀ ਹਨ। ਇਨ੍ਹਾਂ ਨੂੰ "ਚੀਨੀ ਵਾਲੇ ਪਾਤਸ਼ਾਹ" ਵੀ ਕਹਿਆ ਜਾਂਦਾ ਹੈ।

ਕਸਤੂਰੀ ਲਾਲ- ਮਾਮੀ ਜੀ, ਚੀਨੀ ਵਾਲੇ ਪਾਤਸ਼ਾਹ ਦਾ ਭਾਵ ਕੀ ਹੈ?"

ਮਾਮੀ- ਪੁੱਤਰ, ਜਿਸ ਤਰ੍ਹਾਂ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੂੰ "ਬਾਜਾਂ ਵਾਲਾ" ਜਾਂ "ਕਲਗੀਆਂ ਵਾਲਾ" ਜਾਂ "ਕਲਗੀਧਰ" ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ ਅਤੇ ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੂੰ "ਬੰਸਰੀ ਵਾਲਾ" ਜਾਂ "ਮੁਰਲੀ ਮਨੋਹਰ" ਜਾਂ "ਗੋਪਾਲ ਕ੍ਰਿਸ਼ਨ" ਜਾਂ ਹੋਰ ਕਈਆਂ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ ਇਸੇ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ "ਚੀਨੀ ਵਾਲਾ ਪਾਤਸ਼ਾਹ" ਜਾਂ "ਚੀਨੀ ਵਾਲੇ ਪਾਤਸ਼ਾਹ" ਜਾਂ "ਭੈਣੀ ਵਾਲੇ ਪਾਤਸ਼ਾਹ" ਕਹਿ ਕੇ ਵੀ ਯਾਦ ਕੀਤਾ ਜਾਂਦਾ ਹੈ। ਵੈਸੇ ਜਿਸ ਘੋੜੀ ਤੇ ਸਤਿਗੁਰੂ ਰਾਮ ਸਿੰਘ ਜੀ ਆਮ ਸਵਾਰ ਹੋਇਆ ਕਰਦੇ ਸਨ ਉਸਦਾ ਨਾਉਂ "ਚੀਨੀ" ਸੀ ਅਤੇ ਉਸ ਦਾ ਰੰਗ ਸਫੈਦ ਸੀ।

ਕਸਤੂਰੀ ਲਾਲ- ਸਮਝ ਲਗ ਗਈ ਹੈ, ਮੇਰਾ ਖਿਆਲ ਹੈ ਕਿ ਜਿਹੜੀ ਫੋਟੋ ਤੁਹਾਡੀ ਬੈਠਕ ਵਿਚ ਇਕ ਸਫੈਦ ਘੋੜੀ ਤੇ ਬੈਠੇ ਉੱਚੇ, ਸੁਹਣੇ ਸੂਰਬੀਰ ਦੀ ਲਗੀ ਹੋਈ ਹੈ ਉਹ ਸ਼ਾਇਦ ਗੁਰੂ ਰਾਮ ਸਿੰਘ ਜੀ ਦੀ ਫੋਟੋ ਹੋਵੇਗੀ?

ਮਾਮੀ- ਆਹੋ, ਉਹ ਜਿਹੜੀ ਵਿਚਕਾਰ ਕਰ ਕੇ ਲਗੀ ਹੋਈ ਹੈ। ਪੁੱਤਰ ਕਸਤੂਰੀ ਲਾਲ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁਕੀ ਸਿੱਖੀ ਫਿਰ ਹਰੀ ਭਰੀ ਕਰਨ ਦੇ ਨਾਲ ਸਮਾਜ ਸੁਧਾਰ ਵੀ ਬਹੁਤ ਕੀਤਾ। ਆਪ ਜੀ ਨੇ ਬਾਲ ਵਿਵਾਹ, ਕੁੜੀਆਂ ਮਾਰਨੀਆਂ, ਕੁੜੀਆਂ ਵੇਚਣੀਆਂ ਅਤੇ ਵਟਾ ਦੇ ਰਿਸ਼ਤੇ ਕਰਨੇ ਬੰਦ ਕੀਤੇ, ਵਿਧਵਾ ਵਿਵਾਹ ਦੀ ਪ੍ਰਵਾਨਗੀ ਦੇ ਦਿੱਤੀ। ਇਸਤਰੀਆਂ ਨੂੰ ਵੀ ਅੰਮ੍ਰਿਤ ਛਕਣ ਅਤੇ ਕਛਹਿਰੇ ਧਾਰਨ ਕਰਨ ਦਾ ਹੁਕਮ ਦਿੱਤਾ। ਵਿਵਾਹ ਸਮੇਂ ਖਰਚੀਲੀਆਂ ਅਤੇ ਬੇਲੋੜੀ ਦੀਆਂ ਰਸਮਾਂ ਤੋਂ ਬਚਨ ਲਈ ਅਨੰਦ ਕਾਰਜ ਦੀ ਸਾਦਾ ਰਸਮ ਜਾਰੀ ਕੀਤੀ ਮਾਸ ਖਾਣਾ ਅਤੇ ਸ਼ਰਾਬ ਪੀਣੀ ਬੰਦ ਕੀਤੀ।

ਸਤਿਗੁਰੂ ਜੀ ਦਾ ਦਰਸ਼ਨ ਐਸਾ ਚਮਤਕਾਰੀ ਸੀ ਕਿ ਜਿਹੜਾ ਵੀ ਆਪ ਜੀ ਦਾ ਦਰਸ਼ਨ ਕਰਦਾ ਅਥਵਾ ਪਰਚਾਰ

ਸੁਣਦਾ ਉਹ ਹੀ ਆਪ ਜੀ ਦਾ ਸਿੱਖ ਸਜ ਜਾਂਦਾ। ਸਤਿਗੁਰੂ ਜੀ ਬਾਰੇ ਗਿਆਨੀ ਗਿਆਨ ਸਿੰਘ ਜੀ ਇਸ ਤਰ੍ਹਾਂ ਲਿਖਦੇ ਹਨ:

ਰਾਮ ਸਿੰਘ ਜਾਇ ਜਿਤ, ਸਿੱਖ ਹੈ ਹਜ਼ਾਰੋਂ ਤਿਤ
ਭੇਟ ਦੈ ਹੈਂ ਪੀਨ ਧਨ, ਦੀਨ ਬੋਲ ਬੈਨ ਹੈਂ।

ਇਸ ਦਾ ਭਾਵ ਇਹ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਿਥੇ ਵੀ ਜਾਂਦੇ ਸਨ ਹਜ਼ਾਰਾਂ ਹੀ ਨਵੇਂ ਸਿੱਖ ਸਜ ਜਾਂਦੇ ਸਨ।

ਸਤਿਗੁਰੂ ਜੀ ਨੇ ਜਿਥੇ ਨਾਮ ਬਾਣੀ ਦਾ ਪਰਚਾਰ ਕੀਤਾ ਅਤੇ ਸਮਾਜ ਦਾ ਸੁਧਾਰ ਕੀਤਾ ਉਥੇ ਨਾਲ ਹੀ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਜਾਤ ਪਾਉਣ ਵਾਸਤੇ ਵੀ ਅਮਲੀ ਪਰਚਾਰ ਕੀਤਾ। ਸਾਰੇ ਦੇਸ਼ ਵਾਸਤੇ ੨੨ ਸੂਬੇ ਥਾਪ ਕੇ ਇਕ ਸਾਵੀਂ ਹਕੂਮਤ ਚਲਾਈ (Parallel Government) ਦੇਸ਼ ਦੇ ਸਰਮਾਏ ਨੂੰ ਵਲਾਇਤ ਜਾਂਦਾ ਵੇਖਕੇ ਅੰਗਰੇਜ਼ਾਂ ਦੀ ਚਾਲਾਕੀ ਭਾਂਪ ਕੇ ਬਿਦੇਸ਼ੀ ਚੀਜ਼ਾਂ ਦਾ ਬਾਈਕਾਟ (Boycott) ਕੀਤਾ ਅਤੇ ਸੁਦੇਸ਼ੀ ਚੀਜਾਂ ਦੇ ਵਰਤਣ ਦਾ ਪਰਚਾਰ ਕੀਤਾ।

ਕਸਤੂਰੀ ਲਾਲ- ਮਾਮੀ ਜੀ, ਜੇ ਗਿਆਰਵੇਂ ਗੁਰੂ, ਗੁਰੂ ਬਾਲਕ ਸਿੰਘ ਜੀ ਅਤੇ ਬਾਰ੍ਹਵੇਂ ਗੁਰੂ, ਗੁਰੂ ਰਾਮ ਸਿੰਘ ਹਨ ਤਾਂ ਫਿਰ ਗੁਰਦੁਆਰਿਆਂ ਵਿਚ ਅਰਦਾਸ ਪਿਛੋਂ ਇਹ ਕਿਉਂ ਪੜ੍ਹਦੇ ਹਨ?

ਆਗਿਆ ਭਈ ਅਕਾਲ ਕੀ
ਤਬੀ ਚਲਾਇਓ ਪੰਥ।
ਸਭ ਸਿੱਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ।

ਮਾਮੀ- ਪੁੱਤਰ ਮੈਂ ਤੇ ਇਹ ਦਸਣਾ ਭੁਲ ਹੀ ਗਈ ਸਾਂ, ਚੰਗਾ ਕੀਤਾ ਈ ਕਿ ਤੂੰ ਆਪੇ ਹੀ ਪੁੱਛ ਲਿਆ ਹੈ, ਲੈ ਸੁਣ:- ਪੁੱਤਰ , ਤੂੰ ਤਾਂ ਜਾਣਦਾ ਹੀ ਹੈ ਕਿ ਅੰਗਰੇਜ਼ ਬੜੇ ਚਾਲਾਕ ਸਨ। ਉਨ੍ਹਾਂ ਨੇ ਭਾਰਤ ਅਥਵਾ ਪੰਜਾਬ ਤੇ ਚੋਖੇ ਚਿਰ ਤਕ ਰਾਜ ਕਰਦਿਆਂ ਰਹਿਣ ਦੀ ਨੀਯਤ ਨਾਲ ਪਾੜੋ ਤੇ ਰਾਜ ਕਰੋ (Divide & Rule) ਦੀ ਨੀਤੀ ਨੂੰ ਅਪਣਾਈ ਰਖਿਆ। ਉਨ੍ਹਾਂ ਦਾ ਭਾਵ ਸੀ ਕਿ ਹਿੰਦੂ- ਮੁਸਲਮਾਨ, ਹਿੰਦੂ-ਸਿੱਖ ਅਤੇ ਸਿੱਖ-ਸਿੱਖ ਆਪਸ ਵਿਚ ਲੜਦੇ ਰਹਿਣ ਅਤੇ ਅਸੀਂ ਰਾਜ ਕਰਦੇ ਰਹੀਏ।
ਦੂਜੇ ਪਾਸੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਾਖੰਡ ਰਹਿਤ ਪਰਚਾਰ ਸਦਕਾ ਲੱਖਾਂ ਹੀ ਆਦਮੀ ਉਨ੍ਹਾਂ ਦੇ ਸਿੱਖ ਬਣਦੇ ਜਾ ਰਹੇ ਸਨ। ਇਹ ਸਿੱਖ ਸਤਿਗੁਰੂ ਜੀ ਨੂੰ ਅਕਾਲ ਪੁਰਖ ਕਰਕੇ ਮੰਨਦੇ ਸਨ ਅਤੇ ਉਨ੍ਹਾਂ ਦੇ ਹਰ ਹੁਕਮ ਨੂੰ ਦਰਗਾਹੀ ਹੁਕਮ ਸਮਝਦੇ ਸਨ।

ਅੰਗਰੇਜ਼ ਇਹ ਬਰਦਾਸ਼ਤ ਨਹੀਂ ਸਨ ਕਰ ਸਕਦੇ ਕਿ ਉਨ੍ਹਾਂ ਦੇ ਰਾਜ ਵਿਚ ਸਿੱਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੱਚਾ ਪਾਤਸ਼ਾਹ ਜਾਂ ਸੱਚੇ ਪਾਤਸ਼ਾਹ ਜੀ ਕਰ ਕੇ ਆਖਣ ਅਤੇ ਜਦੋਂ ਅੰਗਰੇਜ਼ਾਂ ਨੂੰ ਇਹ ਪਤਾ ਲਗਾ ਕੇ ਲੱਖਾਂ ਹੀ ਸਿੱਖ ਸਤਿਗੁਰੂ ਜੀ ਦੇ ਹਰ ਹੁਕਮ ਦੇ ਮੰਨਣ ਲਈ ਤਿਆਰ ਬਰ ਤਿਆਰ ਰਹਿੰਦੇ ਹਨ ਤਾਂ ਉਹ ਬਹੁਤ ਘਬਰਾਏ। ਉਨ੍ਹਾਂ ਨੇ ਅਪਣੀ ਨੀਤੀ ਅਨੁਸਾਰ ਸਿੱਖਾਂ ਵਿਚ ਫੁੱਟ ਪਵਾਣੀ ਸ਼ੁਰੂ ਕਰ ਦਿੱਤੀ। ਵੱਡੇ ਵੱਡੇ ਸਿੱਖਾਂ ਨੂੰ ਜਾਗੀਰਾਂ ਅਤੇ ਹੋਰ ਲਾਲਚ ਦੇ ਕੇ ਅਪਣੇ ਨਾਲ ਮਿਲਾ ਲਿਆ। ਪੁਜਾਰੀ ਅਤੇ ਗੁਰਦੁਆਰਿਆਂ ਦੇ ਮਹੰਤ ਅਪਣੀ ਆਮਦਨ ਦੇ ਘਟ ਜਾਣ ਦੇ ਕਾਰਨ ਨਾਮਧਾਰੀਆਂ ਦੇ ਖਿਲਾਫ ਹੋ ਗਏ ਅਤੇ ਅੰਗਰੇਜ਼ਾਂ ਨਾਲ ਮਿਲ ਗਏ ਇਨ੍ਹਾਂ ਸਾਰਿਆਂ ਨੇ ਮਿਲ ਕੇ ਇਹ ਪਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸਤਿਗੁਰੂ ਰਾਮ ਸਿੰਘ ਜੀ ਸਿੱਖਾਂ ਦੇ ਗੁਰੂ ਨਹੀਂ ਹਨ। ਸਿੱਖਾਂ ਦੇ ਗੁਰੂ, ਸ੍ਰੀ ਗ੍ਰੰਥ ਸਾਹਿਬ ਜੀ ਹਨ। ਇਸੇ ਪਰਚਾਰ ਸਦਕਾ ਉਨ੍ਹਾਂ ਨੇ ਉਹ ਪੁਰਾਨੇ ਸਾਰੇ ਗ੍ਰੰਥ ਵਿਗਾੜ ਦਿੱਤੇ ਜਿਨ੍ਹਾਂ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਾਰ੍ਹਵੇਂ ਗੁਰੂ ਹੋਣ ਬਾਬਤ ਭਵਿਸ਼ ਵਾਕ ਲਿਖੇ ਹੋਇ ਸਨ। ਇਨ੍ਹਾਂ ਚਾਲਬਾਜ ਆਖੇਪਕਾਰਾਂ ਨੇ ਪੁਰਾਨੇ ਗ੍ਰੰਥਾਂ ਦੇ ਨਾਮ ਉਤੇ ਅਪਣੀ ਮਰਜ਼ੀ ਅਨੁਸਾਰ ਨਵੇਂ ਗ੍ਰੰਥ ਛਪਵਾ ਦਿੱਤੇ। ਇਨ੍ਹਾਂ ਨਵੇਂ ਗ੍ਰੰਥਾਂ ਵਿਚ ਸਾਖੀਆਂ ਵੀ ਅਪਣੇ ਕੋਲੋਂ ਬਣਾ ਕੇ ਲਿਖ ਦਿੱਤੀਆਂ।

ਹੋਰ ਜਿਹੜਾ ਦੋਹਰਾ 'ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ' ਵਾਲਾ ਤੂੰ ਕਹਿੰਦਾ ਹੈ ਇਹ ਵੀ ਕਿਸੇ ਕਵੀ ਨੇ ਲਿਖਿਆ ਹੈ ਸ੍ਰੀ ਦਸਮੇਸ਼ ਜੀ ਦਾ ਲਿਖਿਆ ਹੋਇਆ ਨਹੀਂ ਹੈ।

ਕਸਤੂਰੀ ਲਾਲ- ਮਾਮੀ ਜੀ, ਤੁਹਾਡੇ ਦੱਸਣ ਤੋਂ ਪਤਾ ਲਗ ਗਿਆ ਹੈ ਕਿ ਇਹ ਦੋਹਰਾ ਅਪਣੇ ਕੋਲੋਂ ਹੀ ਬਣਾ ਕੇ ਪੜ੍ਹਦੇ ਰਹਿੰਦੇ ਹਨ, ਵੈਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਿਖਿਆ ਹੋਇਆ ਨਹੀਂ ਹੈ । ਹੱਛਾ, ਮਾਮੀ ਜੀ, ਹੁਣ ਇਹ ਦੱਸੋ ਕਿ ਗੁਰੂ ਰਾਮ ਸਿੰਘ ਜੀ ਤੋਂ ਅਗੋਂ ਕਿਹੜਾ ਗੁਰੂ ਹੋਇਆ ਹੈ?

ਮਾਮੀ- ਪੁੱਤਰ, ਮੈਂ ਤੈਨੂੰ ਪਹਿਲਾਂ ਦਸਿਆ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਲੱਖਾਂ ਹੀ ਸਿੱਖ ਸਜ ਗਏ ਸਨ। ਇਹ ਸਾਰੇ ਸਿੱਖ ਸਤਿਗੁਰੂ ਜੀ ਦੇ ਹੁਕਮ ਤੇ ਅਪਣੀਆਂ ਜਾਨਾਂ ਵੀ ਦੇਣ ਤਕ ਤਿਆਰ ਸਨ। ਇਹ ਵੇਖ ਕੇ ਅੰਗਰੇਜ਼ੀ ਸਰਕਾਰ ਨੂੰ ਤੌਖਲਾ ਪੈ ਗਿਆ ਕਿ ਗੁਰੂ ਰਾਮ ਸਿੰਘ ਜੀ ਕੋਈ ਬਗਾਵਤ ਹੀ ਨ ਕਰ ਦੇਣ, ਸਰਕਾਰ ਬੜੀ ਘਬਰਾਈ ਅਤੇ ਸਤਿਗੁਰੂ ਜੀ ਨੂੰ ਗਿਰਫ਼ਤਾਰ ਕਰਨ ਦਾ ਕੋਈ ਬਹਾਨਾ ਲੱਭਣ ਲਗੀ। ਫਿਰ ਜਦੋਂ ਕੁਝ ਕੁ ਸਿੱਖਾਂ ਨੇ ਗਊ ਕਸ਼ੀ ਨ ਸਹਾਰਦਿਆਂ ਹੋਇਆਂ, ਅੰਮ੍ਰਿਤਸਰ, ਰਾਏ ਕੋਟ ਅਤੇ ਮਲੇਰਕੋਟਲੇ ਦੇ ਅੰਗਰੇਜ਼ਾਂ ਦੇ ਪਿਠੂ ਕਸਾਈਆਂ ਨੂੰ ਕਤਲ ਕਰ ਕੇ ਆਪ ਸ਼ਹੀਦੀਆਂ ਪਾਈਆਂ ਤਾਂ ਅੰਗਰੇਜ਼ਾਂ ਨੂੰ ਬਹਾਨਾ ਮਿਲ ਗਿਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਭੇਜ ਦਿੱਤਾ।

ਪੁੱਤਰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਅਵੱਸ਼ ਹੀ ਪ੍ਰਦੇਸ ਜਾਣਾ ਸੀ, ਅਤੇ ਜਾਣਾ ਵੀ ਅੰਗਰੇਜ਼ਾਂ ਰਾਹੀਂ ਸੀ ਕਿਉਂ

ਜੋ ਉਨ੍ਹਾਂ ਦੇ ਅੰਗਰੇਜ਼ੀ ਸਰਕਾਰ ਦੇ ਰਾਹੀਂ ਪ੍ਰਦੇਸ ਜਾਣ ਤੋਂ ਬਿਨਾ ਨਾ ਧਰਮ ਚਲ ਸਕਦਾ ਸੀ ਅਤੇ ਨ ਹੀ ਅੰਗਰੇਜ਼ੀ ਰਾਜ ਦੀ ਜੜ੍ਹਾਂ ਹੀ ਹਿਲ ਸਕਦੀਆਂ ਸਨ। ਨਾਲੇ ਉਨ੍ਹਾਂ ਬਾਰੇ ਭਵਿਸ਼ ਵਾਕ ਵੀ ਲਿਖੇ ਹੋਏ ਹਨ:

ਸਕਲ ਭਵਾ ਦੀਪ ਮੈ ਜਾਹੀ।
ਹੋਇ ਕ੍ਰਿਪਾਲ ਪ੍ਰਭ ਦਰਸ ਦਿਖਾਹੀ।

ਕਸਤੂਰੀ ਲਾਲ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਅਸਾਂ ਪ੍ਰਦੇਸ ਜਾਣ ਦੇ ਬਹਾਨੇ ਗੁਪਤ ਖੇਡ ਬਹੁਤ ਦੇਰ ਤਕ ਖੇਡਣੀ ਹੈ ਇਸ ਲਈ ਉਨ੍ਹਾਂ ਜਾਣ ਸਮੇਂ ਪੰਥ ਦੀ ਜ਼ਿਮੇਵਾਰੀ ਅਪਣੇ ਛੋਟੇ ਵੀਰ ਭਾਈ ਬੁਧ ਸਿੰਘ ਜੀ ਨੂੰ ਸੌਂਪ ਦਿੱਤੀ ਸੀ, ਜਿਸ ਤਰ੍ਹਾਂ ਲਿਖਿਆ ਹੈ:

ਬੋਲੇ ਤੁਮ ਪੀਛੇ ਸਭ ਕਾਰਾ,
ਈਹਾਂ ਰਾਖੋ ਭਲੀ ਪ੍ਰਕਾਰਾ।
ਕਰੀਓ ਭਜਨ ਕਰਾਵੋ ਔਰਨ,
ਬਿਨਾ ਨਾਮ ਕਾਹੂ ਕੋਊ ਠੌਰਨ।
ਸਾਰ ਸੰਮਾਲ ਰਖੋ ਸਭ ਸੰਗਤ,
ਇਤ ਦਰ ਦੀ ਹੋਵੇ ਲਖ ਪੰਗਤ।

ਪੁੱਤਰ, ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁਧ ਸਿੰਘ ਜੀ ਦਾ ਨਾਮ (ਸਤਿਗੁਰੂ) ਹਰੀ ਸਿੰਘ ਰਖਿਆ ਸੀ ਅਤੇ ਰੰਗੂਨ ਵਿਚੋਂ ਜਿਹੜਾ ਸਭ ਤੋਂ ਪਹਿਲਾ ਹੁਕਮ ਨਾਮਾ ਸੰਤ ਦਰਬਾਰਾ ਸਿੰਘ ਜੀ ਹਥੀਂ ਘੱਲਿਆ ਸੀ ਉਸ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਲਿਖਿਆ ਸੀ:-

ਅਜ ਤੋਂ ਭਾਈ ਬੁਧ ਸਿੰਘ ਜੀ ਦਾ ਨਾਉਂ ਹਰੀ ਸਿੰਘ ਹੋਇਆ। ਇਹ ਸਿੱਖੀ ਨੂੰ ਹਰੀ ਰਖਣਗੇ। ਇਨ੍ਹਾਂ ਨੂੰ ਸਿਰ ਕਰਤਾ ਮੰਨਣਾ। ਮੇਰੇ ਧੱਕੇ ਨੂੰ ਇਹ ਬਖਸ਼ ਸਕਦੇ ਹਨ ਪਰ ਇਨ੍ਹਾਂ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ।

ਕਸਤੂਰੀ ਲਾਲ- ਮਾਮੀ ਜੀ, ਇਹਦਾ ਭਾਵ ਇਹ ਹੋਇਆ ਕਿ ਗੁਰੂ ਰਾਮ ਸਿੰਘ ਜੀ ਦੇ ਪਿਛੋਂ ਗੁਰੂ ਹਰੀ ਸਿੰਘ ਜੀ ਗੁਰੂ ਹੋਏ।

ਮਾਮੀ- ਪੁੱਤਰ, ਮੈਂ ਤੈਨੂੰ ਦੱਸਣਾ ਭੁਲ ਗਈ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਹਾਲੀ ਜੀਵਤ ਹਨ ਅਤੇ ਉਨ੍ਹਾਂ ਨੇ ਮੁੜ ਭਾਰਤ ਅਥਵਾ ਪੰਜਾਬ ਵਿਚ ਆਉਣਾ ਹੈ।

ਕਸਤੂਰੀ ਲਾਲ- ਮਾਮੀ ਜੀ, ਅਜ ਕਲ ਗੁਰੂ ਹਰੀ ਸਿੰਘ ਜੀ ਹੀ ਗੁਰੂ ਹਨ?

ਮਾਮੀ- ਪੁੱਤਰ, ਸ੍ਰੀ ਗੁਰੂ ਹਰੀ ਸਿੰਘ ਜੀ ਜੇਠ ਸੁਦੀ ਦਸਵੀਂ ਸੰਮਤ ੧੯੬੩ (੧੭ ਮਈ, ਸੰਨ ੧੯੦੬) ਨੂੰ ਸੱਚ ਖੰਡ ਪਧਾਰ ਗਏ ਸਨ। ਉਨ੍ਹਾਂ ਦੇ ਪਿਛੋਂ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਗੁਰ ਗੱਦੀ ਤੇ ਸੁਸ਼ੋਬਤ ਹੋਏ ਸਨ।

ਅਜਕਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਗੁਰ ਗੱਦੀ ਦੀ ਕਾਰ ਚਲਾ ਰਹੇ ਹਨ। ਲੱਖਾਂ ਆਦਮੀਆਂ ਨੂੰ ਭਜਨ ਬਾਣੀ ਵਲ ਲਾ ਰਹੇ ਹਨ।

ਕਸਤੂਰੀ ਲਾਲ- ਉਹ, ਯਾਦ ਆ ਗਿਆ, ਇਹ ਓਹੀ ਹਨ ਨਾ ਜਿਨ੍ਹਾਂ ਤੁਹਾਨੂੰ ਪਾਕਿਸਤਾਨ ਬਣਨ ਤੋਂ ਪਹਿਲਾਂ ਹੀ ਗੁਜਰਾਂ ਵਾਲਿਉਂ ਏਧਰ ਆਉਣ ਦਾ ਹੁਕਮ ਕੀਤਾ ਸੀ?

ਮਾਮੀ- ਪੁੱਤਰ, ਸਤਿਗੁਰੂ ਜੀ ਨੇ ਤਾਂ ਹੋਲੇ ਦੇ ਮੇਲੇ ਵਿਚ ਸਾਰੀ ਸੰਗਤ ਵਿਚ ਸੁਣਾਇਆ ਸੀ ਕਿ ਕੋਈ ਇਹ ਨ ਕਹਵੇ ਕਿ ਮੈਨੂੰ ਪਤਾ ਨਹੀਂ ਲਗਾ ਜੋ ਭਲਾ ਚਾਹੁੰਦਾ ਹੈ, ਅਵਲ ਤਾਂ ਬਿਆਸਾ ਤੋਂ ਪਾਰ ਹੋ ਜਾਵੇ ਨਹੀਂ ਤਾਂ ਰਾਵੀਓਂ ਜ਼ਰੂਰ ਪਾਰ ਹੋ ਜਾਵੇ, ਜਿਸ ਬਚਣਾ ਹੈ। ਜੋ ਥੋੜ੍ਹਾ ਵੀ ਉਦਮ ਕਰੇ ਉਹ ਬਾਲ-ਬੱਚਾ ਤੇ ਮਾਲ ਰਾਸ ਤਾਂ ਜ਼ਰੂਰ ਹੀ ਸਾਂਭ ਲਾਹੌਰ ਦੇ ਜ਼ਿਲੇ ਤੋਂ ਪਾਰ ਕਰ ਲਵੇ। ਪੁੱਤਰ ਜਿਨ੍ਹਾਂ ਬਚਨ ਮੰਨਿਆ ਉਹ ਪਰਵਾਰ ਸਹਿਤ ਰਾਜ਼ੀ ਖੁਸ਼ੀ ਆ ਗਏ ਅਤੇ ਨਕਦੀ, ਜ਼ੇਵਰ ਅਤੇ ਕਪੜੇ ਵੀ ਲੈ ਆਏ ਅਤੇ ਜਿਹੜੇ ਉਸ ਵਕਤ ਨ ਆਏ, ਉਨ੍ਹਾਂ ਦੀ ਹਾਲਤ ਜੋ ਹੋਈ ਸੀ ਉਹ ਤੈਨੂੰ ਪਤਾ ਹੀ ਹੈ।

ਕਸਤੂਰੀ ਲਾਲ- ਮਾਮੀ ਜੀ, ਕੁਝ ਨ ਪੁਛੋ, ਪਿਛੋਂ ਆਉਣ ਵਾਲਿਆਂ ਦਾ ਬਹੁਤ ਬੁਰਾ ਹਾਲ ਹੋਇਆ ਸੀ। ਮਾਲ ਸਬਾਬ ਤਾਂ ਲਿਆਉਣਾ ਕਿਤਲੇ ਰਿਹਾ ਕਈ ਤਾਂ ਅਪਣੇ ਬੱਚੇ ਵੀ ਨਹੀਂ ਸਨ ਲਿਆ ਸਕੇ। ਕਈਆਂ ਦੀਆਂ ਧੀਆਂ ਭੈਣਾਂ ਮੁਸਲਮਾਨ ਜਬਰਨ ਚੁੱਕ ਕੇ ਲੈ ਗਏ, ਕਈਆਂ ਨੂੰ ਜ਼ਿੰਦਾ ਹੀ ਸਾੜ ਦਿੱਤਾ ਸੀ।

ਮਾਮੀ- ਪੁੱਤਰ, ਸਤਿਗੁਰ ਤ੍ਰਿਕਾਲਦਰਸੀ ਹੁੰਦਾ ਹੈ, ਉਹ ਸਰਵਗਜ ਹੁੰਦਾ ਹੈ। ਉਹ ਭੂਤ, ਵਰਤਮਾਨ ਅਤੇ ਭਵਿਸ਼ਯ ਦੀ ਜਾਣਨ ਵਾਲਾ ਹੁੰਦਾ ਹੈ। ਸਤਿਗੁਰੂ ਜੀ ਨੇ ਤਾਂ ਦੱਸ ਦਿੱਤਾ ਸੀ, ਜਿਨ੍ਹਾਂ ਦੇ ਭਾਗ ਚੰਗੇ ਸਨ ਉਨ੍ਹਾਂ ਬਚਨ ਮੰਨ ਲਿਆ ਅਤੇ ਜਿਨ੍ਹਾਂ ਵੇਚਾਰਿਆਂ ਦੇ ਭਾਗਾਂ ਵਿਚ ਕਸਰ ਸੀ ਉਹ ਵੇਚਾਰੇ ਫਸ ਗਏ।

ਕਸਤੂਰੀ ਲਾਲ- ਮਾਮੀ ਜੀ, ਕਦੀ ਸਾਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾ ਦਿਉ ਹੋਰ ਮਾਮੀ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ।

ਮਾਮੀ- ਪੁੱਤਰ ਇਹਦੇ ਵਿਚ ਧੰਨਵਾਦ ਵਾਲੀ ਕਿਹੜੀ ਗੱਲ ਹੈ? ਬੱਚਿਆਂ ਨੂੰ ਸਾਖੀਆਂ ਸੁਣਾਉਣਾ ਵੱਡਿਆਂ ਦਾ ਫਰਜ਼ ਹੀ ਹੁੰਦਾ ਹੈ। ਅੱਛਾ ਪੁੱਤਰ ਹੁਣ ਮੈਂ ਤੈਥੋਂ ਇਕ ਗੱਲ ਪੁੱਛਦੀ ਹਾਂ।

ਕਸਤੂਰੀ ਲਾਲ- ਜ਼ਰੂਰ ਪੁੱਛੋ।

ਮਾਮੀ- ਪੁੱਤਰ ਤੇਰੀ ਇਸ ਬੈਠਕ ਦੀ ਸਜਾਵਟ ਵੇਖ ਕੇ ਦਿਲ ਬਹੁਤ ਖੁਸ਼ ਹੋਇਆ ਹੈ। ਸ੍ਰੀ ਕ੍ਰਿਸ਼ਨ ਮਹਾਰਾਜ ਜੀ ਦੀ ਫੋਟੋ ਅਤੇ ਸ੍ਰੀ ਰਾਮ ਚੰਦ੍ਰ ਜੀ ਦੀ ਫੋਟੋ ਦੀ ਸਜਾਵਟ

ਵੇਖਕੇ ਮੰਨ ਬਹੁਤ ਪ੍ਰਸੰਨ ਹੋਇਆ ਹੈ। ਰੰਗ ਬਰੰਗੇ ਟਮਟਮਾਂਦੇ ਹੋਇ ਬਲਬ ਕੈਸੇ ਸੁਹਣੇ ਲਗ ਰਹੇ ਹਨ। ਪੁੱਤਰ ਉਸ ਸਾਮ੍ਹਣੇ ਵਾਲੀ ਦੀਵਾਰ ਤੇ ਫੋਟੋ ਕੋਈ ਨਹੀਂ ਲਗੀ ਹੋਈ? ਖਾਲੀ ਦੀਵਾਰ ਚੰਗੀ ਨਹੀਂ ਲੱਗ ਰਹੀ। ਜੇ ਗੁੱਸਾ ਨ ਮਨਾਏਂ ਤਾਂ ਉਥੇ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੀ ਜਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਜਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੀ ਫੋਟੋ ਲਾ ਦੇ। ਕੈਸੀ ਸੁਹਣੀ ਲੱਗੇਗੀ!

ਇਕ ਪਾਸੇ ਤ੍ਰੇਤੇ ਜੁਗ ਦੇ ਅਵਤਾਰ ਸ੍ਰੀ ਰਾਮ ਚੰਦ੍ਰ ਜੀ, ਇਕ ਪਾਸੇ ਦੁਆਪੁਰ ਜੁਗ ਦੇ ਅਵਤਾਰ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਅਤੇ ਵਿਚਕਾਰ ਕਲਿਜੁਗ ਦੇ ਅਵਤਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੋਣਗੇ।

ਕਸਤੂਰੀ ਲਾਲ- ਮਾਮੀ ਜੀ, ਅਪਣੇ ਧਰਮ ਤੋਂ ਬਿਨਾਂ ਦੂਜੇ ਧਰਮ ਦੀ ਜਾਣਕਾਰੀ ਲੈਣੀ ਕੋਈ ਗੁਨਾਹ ਨਹੀਂ ਪਰ ਦੂਜੇ ਧਰਮ ਨੂੰ ਮੰਨਣ ਲੱਗ ਪੈਣਾ ਜ਼ਰੂਰ ਗੁਨਾਹ ਹੈ। ਤੁਹਾਨੂੰ ਪਤਾ ਹੈ ਕਿ ਅਸੀਂ ਹਿੰਦੂ ਹਾਂ। ਅਸੀਂ ਭਗਵਾਨ ਸ੍ਰੀ ਰਾਮ ਚੰਦ੍ਰ ਜੀ ਅਤੇ ਭਗਵਾਨ ਸ੍ਰੀ ਕ੍ਰਿਸ਼ਨ ਮਹਾਰਾਜ ਜੀ ਨੂੰ ਮੰਨਦੇ ਹਾਂ ਅਸੀਂ ਸਿੱਖ ਤੇ ਹੈ ਨਹੀਂ ਅਤੇ ਨ ਹੀ ਸਿੱਖਾਂ ਦੇ ਗੁਰੂ ਦੀ ਫੋਟੋ ਘਰ ਵਿਚ ਲਾਉਣੀ ਪਸੰਦ ਕਰਦੇ ਹਾਂ। ਮਾਮੀ ਜੀ, ਗੁੱਸਾ ਨ ਮਨਾਉਣਾ, ਮੇਰੇ ਦਿਲ ਵਿਚ ਜਿਹੜੀ ਗੱਲ ਆਈ ਹੈ ਉਹ ਸਾਫ ਸਾਫ ਕਹਿ ਦਿੱਤੀ ਹੈ।

ਮਾਮੀ- ਪੁੱਤਰ, ਤੂੰ ਤਾਂ ਇਕ ਨਵੀਂ ਹੀ ਗੱਲ ਕਰ ਦਿੱਤੀ ਹੈ। ਤੈਨੂੰ ਇਹ ਸਿਖਿਆ ਕਿਸ ਦਿੱਤੀ ਹੈ ਕਿ ਹਿੰਦੂ ਅਤੇ ਸਿੱਖ ਵੱਖਰੇ ਵੱਖਰੇ ਹਨ?

ਕਸਤੂਰੀ ਲਾਲ- ਮਾਮੀ ਜੀ, ਮੈਂ ਇਕ ਕਿਤਾਬ ਪੜ੍ਹੀ ਸੀ ਜਿਹੜੀ ਕਿ ਸਿੱਖਾਂ ਦੇ ਇਕ ਲੀਡਰ ਵਲੋਂ ਲਿਖੀ ਗਈ ਸੀ। ਉਸ ਕਿਤਾਬ ਦਾ ਨਾਮ ਹੈ "ਹਮ ਹਿੰਦੂ ਨਹੀਂ"। ਇਸ ਕਿਤਾਬ ਵਿਚ ਉਸਨੇ ਇਹ ਹੀ ਦੱਸਣ ਦਾ ਜਤਨ ਕੀਤਾ ਹੈ ਕਿ ਹਿੰਦੂ ਹੋਰ ਹਨ ਅਤੇ ਸਿੱਖ ਹੋਰ ਹਨ। ਮਾਮੀ ਜੀ, ਜੇ ਸਿੱਖ ਅਪਣੇ ਆਪ ਨੂੰ ਹਿੰਦੂ ਨਹੀਂ ਮੰਨਦੇ ਤਾਂ ਅਸੀਂ ਅਪਣਾ ਧਰਮ ਕਿਉਂ ਛਡੀਏ ਅਸੀਂ ਹਿੰਦੂ ਹਾਂ, ਸਾਡੀ ਭਾਸ਼ਾ ਹਿੰਦੀ ਹੈ, ਸਾਡਾ ਦੇਸ਼ ਹਿੰਦੁਸਤਾਨ ਹੈ।

ਮਾਮੀ- ਪੁੱਤਰ, ਮੈਂ ਤੈਨੂੰ ਪਹਿਲਾਂ ਦੱਸਿਆ ਹੈ ਕਿ ਅੰਗਰੇਜ਼ਾਂ ਦੀ ਪਾਲਸੀ ਸੀ Divide & Rule. ਉਹ ਤਾਂ ਇਹ ਚਾਹੁੰਦੇ ਸਨ ਕਿ ਹਿੰਦੁਸਤਾਨੀ ਕਿਸੇ ਨ ਕਿਸੇ ਬਹਾਨੇ ਆਪਸ ਵਿਚ ਲੜਦੇ ਰਹਿਣ ਅਤੇ ਅਸੀਂ ਰਾਜ ਕਰਦੇ ਰਹੀਏ ਅੰਗਰੇਜ਼ਾਂ ਨੇ ਕਈਆਂ ਕੌਮ ਧਰੋਹੀ ਸਿੱਖਾਂ ਅਤੇ ਹਿੰਦੂਆਂ ਨੂੰ ਲਾਲਚ ਦੇ ਕੇ ਪੁਰਾਣੇ ਗ੍ਰੰਥ ਵਿਗਾੜੇ। ਇਨ੍ਹਾਂ ਕੌਮ ਧਰੋਹੀਆਂ ਨੇ ਪੁਰਾਣੇ ਗ੍ਰੰਥ ਵਿਗਾੜ ਕੇ ਮਨ ਘੜਤ ਪਰਸੰਗ ਦਰਜ ਕਰ ਕੇ ਪੁਰਾਣੇ ਗ੍ਰੰਥਾਂ ਦੇ ਨਾਮ ਤੇ ਨਵੇਂ ਗ੍ਰੰਥ ਛਪਵਾ ਕੇ ਪਰਚਾਰ ਕੀਤਾ। ਇਹ ਅੰਗਰੇਜ਼ਾਂ ਨੇ ਹੀ ਹਿੰਦੂਆ ਅਤੇ ਸਿੱਖਾਂ ਵਿਚ ਵਿਥ ਪਾਉਣ ਦੀਆਂ ਲਿਖਤਾਂ ਲਿਖਾ ਸਿੱਖਾਂ ਨੂੰ ਵਖਰੇਵਾਂ ਸਿੱਖਾਇਆ ਹੈ।

ਕਸਤੂਰੀ ਲਾਲ- ਮਾਮੀ ਜੀ, ਤੁਹਾਨੂੰ ਕਿਸ ਤਰ੍ਹਾਂ ਪਤਾ ਹੈ ਕਿ ਗ੍ਰੰਥ ਵਿਗਾੜੇ ਗਏ ਹਨ?

ਮਾਮੀ- ਪੁੱਤਰ, ਭਾਵੇਂ ਕੌਮ ਧਰੋਹੀਆਂ ਨੇ ਲਾਲਚ ਵੱਸ ਪੁਰਾਣੇ ਗ੍ਰੰਥਾਂ ਵਿਚ ਆਖੇਪਕਾਰੀ ਕਰ ਕੇ ਅਤੇ ਮਨ ਘੜਤ ਪਰਸੰਗ ਦਰਜ ਕਰਕੇ ਨਵੇਂ ਗ੍ਰੰਥ ਛਪਵਾਏ ਹਨ ਪਰ ਪੁਰਾਣੇ ਗ੍ਰੰਥ ਵੀ ਤਾਂ ਕਈਆਂ ਬਜ਼ੁਰਗਾਂ ਕੋਲ ਪਏ ਹੋਏ ਹਨ। ਜਦੋਂ ਪੁਰਾਣੇ ਗ੍ਰੰਥਾਂ ਨੂੰ ਅਤੇ ਨਵੇਂ ਗ੍ਰੰਥਾਂ ਨੂੰ ਵਿਚਾਰ ਕੇ ਪੜ੍ਹੀਏ ਤਾਂ ਆਖੇਪਕਾਰੀ ਸਾਫ ਉਘੜ ਕੇ ਸਾਮ੍ਹਣੇ ਆ ਜਾਂਦੀ ਹੈ ਪੁੱਤਰ, ਚੰਦ੍ਰਮਾਂ ਦੇ ਕਿਸੇ ਛਪੜੀ ਵਿਚ ਪੈਂਦੇ ਪਰਛਾਵੇਂ ਨੂੰ ਵੇਖਕੇ ਜੇ, ਛਪੜੀ ਨੂੰ ਮਿੱਟੀ ਨਾਲ ਭਰ ਕੇ ਇਹ ਆਖੀਏ ਕਿ ਹੁਣ ਚੰਦ੍ਰਮਾ ਨਹੀਂ ਰਿਹਾ ਤਾਂ ਇਹ ਸਾਡੀ ਭੁਲ ਹੈ ਕਿਉਂ ਜੇ ਚੰਦ੍ਰਮਾ ਤਾਂ ਉਸੇ ਤਰ੍ਹਾਂ ਆਕਾਸ਼ ਵਿਚ ਦਿਸ ਰਿਹਾ ਹੈ। ਜੇ ਗ੍ਰੰਥਾਂ ਨੂੰ ਵਿਗਾੜ ਦਿੱਤਾ ਗਿਆ ਹੈ ਤਾਂ ਮਹਾਂ ਪੁਰਖਾਂ ਦੇ ਉਚਾਰੇ ਹੋਇ ਬਚਨ ਤਾਂ ਉਲਟ ਨਹੀਂ ਚਲੇ, ਕਿਉਂ ਜੋ:

ਰਾਜ ਬਿਨਾਸੀ,
ਤਾਮ ਬਿਨਾਸੀ ਸਾਤਕੁ ਭੀ ਬੇਨਾਧਾ।।
ਦ੍ਰਿਸਟਮਾਨ ਹੈ ਸਗੱਲ ਬਿਨਾਸੀ
ਇਕ ਸਾਧ ਬਚਨ ਅਟਲਾਧਾ।।

ਲੈ ਹੋਰ ਸੁਣ, ਸ੍ਰ: ਕਾਨ੍ਹ ਸਿੰਘ ਜੀ ਨਾਭਾ ਦੇ ਪੁੱਤਰ ਸ੍ਰ: ਭਗਵੰਤ ਸਿੰਘ ਜੀ (ਹਰੀ ਜੀ) ਨੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਦੱਸਿਆ ਸੀ ਕਿ ਲਾਹੌਰ ਦੇ ਇੱਕ ਪ੍ਰੋਫੈਸਰ ਦੀ ਅੰਗਰੇਜ਼ਾਂ ਵਲੋਂ ਹਿੰਦੂਆਂ ਅਤੇ ਸਿੱਖਾਂ ਦੇ ਗ੍ਰੰਥ ਤੋੜਨ ਅਥਵਾ ਵਿਗਾੜਨ ਦੀ ਡਿਊਟੀ ਸੀ। ਉਸ ਨੇ ਸ੍ਰ: ਭਗਵੰਤ ਸਿੰਘ ਜੀ ਨੂੰ ਕਿਹਾ ਕਿ ਮੈਂ ਪੁਸਤਕਾਂ ਵਿਚ ਇੰਨੀ ਆਖੇਪਕਾਰੀ ਕੀਤੀ ਹੈ ਕਿ ਹੁਣ ਮੈਨੂੰ ਆਪ ਨੂੰ ਵੀ ਚੇਤਾ ਨਹੀਂ ਕਿ ਮੈਂ ਕੀ ਤੁਕਾਂ ਦੇ ਤੇ ਪੁਸਤਕਾਂ ਵਿਚ ਵਧਾਏ ਘਟਾਏ ਹਨ।

ਪੁੱਤਰ ਜੇ ਕਿਸੇ ਅੰਗਰੇਜ਼ਾਂ ਨੂੰ ਖੁਸ਼ ਕਰਨ ਵਾਸਤੇ ਹਿੰਦੂਆਂ ਅਤੇ ਸਿੱਖਾਂ ਵਿਚ ਵਖਰੇਵਾਂ ਪਾਉਣ ਦਾ ਕੋਝਾ ਜਤਨ ਕੀਤਾ ਹੈ ਤਾਂ ਉਹ ਆਪ ਹੀ ਪਛਤਾਏਗਾ ਕਿਉਂ ਜੋ:

ਸਚਾਈ ਛੁੱਪ ਨਹੀਂ ਸਕਤੀ
ਬਨਾਵਟ ਕੇ ਅਸੂਲੋਂ ਸੇ।
ਖੁਸ਼ਬੂ ਆ ਨਹੀਂ ਸਕਤੀ
ਕਭੀ ਕਾਗਜ਼ ਕੇ ਫੂਲੋਂ ਸੇ।

ਕਸਤੂਰੀ ਲਾਲ- ਮਾਮੀ ਜੀ, ਤੁਹਾਡੀ ਗੱਲ ਤਾਂ ਠੀਕ ਹੈ ਕਿ:

"ਕੂੜ ਨ ਪੁਜੈ ਸੱਚ ਨੂੰ ਸੌ ਘਾੜਤ ਘੜੀਐ"

ਪਰ ਆਪ ਇਹ ਤਾਂ ਦੱਸੋ ਕਿ ਸਚਾਈ ਕੀ ਹੈ?

ਮਾਮੀ- ਪੁੱਤਰ, ਸਿੱਖ ਕੋਈ ਵੱਖਰੇ ਨਹੀਂ ਹਨ ਹਿੰਦੂ ਹੀ ਹਨ। ਤੈਨੂੰ ਪਤਾ ਹੈ ਕਿ ਹਿੰਦੁਸਤਾਨ ਵਿਚ ਕਈ ਬੋਧੀ ਹਨ, ਕਈ ਜੈਨੀ ਹਨ, ਕਈ ਭਗਤ ਕਬੀਰ ਨੂੰ ਮੰਨਦੇ ਹਨ, ਕਈ ਸਵਾਮੀ ਰਾਮਾ ਨੰਦ ਨੂੰ ਮੰਨਦੇ ਹਨ, ਕਈ ਆਰਯਾ ਸਮਾਜੀ ਹਨ, ਕਈ ਦੇਵ ਸਮਾਜੀ ਹਨ, ਕਈ ਰਾਧਾ ਸਵਾਮੀ ਹਨ, ਕਈ ਸਾਈਂ ਬਾਬਾ ਜੀ ਨੂੰ ਮੰਨਦੇ ਹਨ ਅਤੇ ਇਸੇ ਤਰ੍ਹਾਂ ਅਪਣੇ ਅਪਣੇ ਥਾਂ ਕੋਈ ਕਿਸੇ ਗੁਰੂ ਨੂੰ ਮੰਨਦਾ ਹੈ ਅਤੇ ਕੋਈ ਕਿਸੇ ਗੁਰੂ ਨੂੰ, ਪਰ ਹੈਨ ਤਾਂ ਸਾਰੇ ਹਿੰਦੂ ਹੀ ਹਨ। ਇਸੇ ਤਰ੍ਹਾਂ ਜੇ ਕੋਈ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਾਂ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਮੰਨਦਾ ਹੈ ਤਾਂ ਇਸ ਵਿਚ ਹਰਜ ਕੀ ਏ? ਅਪਣੀ ਅਪਣੀ ਸ਼ਰਧਾ ਹੈ। ਭਾਵੇਂ ਕੋਈ ਕਿਸੇ ਗੁਰੂ ਨੂੰ ਮੰਨੇ ਪਰ ਹੈ ਤਾਂ ਹਿੰਦੂ ਹੀ ਹੈ।

ਕਸਤੂਰੀ ਲਾਲ- ਮਾਮੀ ਜੀ, ਤੁਹਾਡਾ ਤਾਂ ਖਿਆਲ ਠੀਕ ਹੈ ਪਰ ਕਈ ਸਿੱਖ ਅਪਣੇ ਆਪ ਨੂੰ ਵਖਰੇ ਮੰਨਦੇ ਹਨ।

ਮਾਮੀ- ਪੁੱਤਰ ਤੂੰ ਇੰਨਾਂ ਵਲ ਧਿਆਨ ਨ ਦੇ। ਤੂੰ ਸਚਾਈ ਵਲ ਧਿਆਨ ਦੇ। ਭਲਾ ਤੂੰ ਸੋਚ ਜੇ ਸਿੱਖ ਹਿੰਦੂ ਨਹੀਂ ਤਾਂ ਉਹ ਆਏ ਕਿਥੋਂ, ਉਨ੍ਹਾਂ ਦੀ ਪਹਿਲੀ ਨਸਲ ਕਿਹੜੀ ਸੀ। ਸਿੱਖਾਂ ਦੇ ਪਹਿਲੇ ਗੁਰੂ, ਸ੍ਰੀ ਗੁਰੂ ਨਾਨਕ ਦੇਵ ਹਨ ਅਤੇ ਉਨ੍ਹਾਂ ਦੇ ਪਿਤਾ ਜੀ ਬਾਬਾ ਕਲਯਾਨ ਰਾਏ ਜੀ ਬੇਦੀ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੋਢੀ ਸਨ। ਬੇਦੀ ਕੁਲ ਅਤੇ ਸੋਢੀ ਕੁਲ ਦੋਵੇਂ ਕੁਲਾਂ ਹਿੰਦੂ ਹਨ ਅਤੇ ਦੋਵੇਂ ਕੁਲਾਂ ਬਹੁਤ ਪੁਰਾਣੀਆਂ ਹਨ, ਇਨ੍ਹਾਂ ਦਾ ਸੰਬੰਧ ਤਾਂ ਤ੍ਰੇਤੇ ਜੁਗ ਦੇ ਅਵਤਾਰ ਭਗਵਾਨ ਸ੍ਰੀ ਰਾਮ ਚੰਦ੍ਰ ਜੀ ਦੇ ਰਾਜਕੁਮਾਰ ਲਵ ਅਤੇ ਕੁਸ਼ ਨਾਲ ਜਾ ਜੁੜਦਾ ਹੈ। ਪੁੱਤਰ ਕਸਤੂਰੀ ਲਾਲ ਇਹ ਕਥਾ ਤਾਂ ਬੜੀ ਲੰਮੀ ਹੈ ਪਰ ਤੈਨੂੰ ਇਸ਼ਾਰੇ ਮਾਤ੍ਰ ਦਸਦੀ ਹਾਂ।

ਕਸਤੂਰੀ ਲਾਲ- ਮਾਮੀ ਜੀ, ਇਹ ਕਥਾ ਮੈਨੂੰ ਜ਼ਰੂਰ ਸੁਣਾਓ।

ਮਾਮੀ- ਪੁੱਤਰ, ਲਵ ਦੀ ਕੁਲ ਵਾਲੇ ਲਵੀ ਕਹਾਉਂਦੇ ਹਨ ਅਤੇ ਕੁਸ਼ ਦੀ ਕੁਲ ਵਾਲੇ ਕੁਸ਼ੀ ਕਹਾਉਂਦੇ ਹਨ। ਬਹੁਤ ਕਾਲ ਤਕ ਇਨ੍ਹਾਂ ਅਪਣਾ ਅਪਣਾ ਰਾਜ ਸੁਖ ਪੂਰਵਕ ਕੀਤਾ ਫਿਰ ਇਕ ਐਸਾ ਸਮਾਂ ਆਇਆ ਕਿ ਲਵੀਆਂ ਦਾ ਅਤੇ ਕੁਸ਼ੀਆਂ ਦੇ ਆਪਸ ਵਿਚ ਘੋਰ ਯੁਧ ਸ਼ੁਰੂ ਹੋ ਗਿਆ:

ਇਹ ਬਿਧ ਮਚਾ ਘੋਰ ਸੰਗ੍ਰਾਮਾ।।
ਸਿਧਏ ਸੂਰਿ ਸੂਰਿ ਕੈ ਧਾਮਾ।।

ਅਤੇ ਇਸ ਯੁਧ ਵਿਚ ਲਵੀ ਜਿੱਤੇ ਅਤੇ ਕੁਸ਼ੀ ਹਾਰ ਖਾ ਕੇ ਭੱਜ ਗਏ।

ਲਵੀ ਸਰਬ ਜੀਤੇ, ਕੁਸ਼ੀ ਸਰਬ ਹਾਰੇ।।
ਬਚੇ ਜੇ ਬਲੀ ਪ੍ਰਾਨ ਲੈ ਕੇ ਸਿਧਾਰੇ।।

ਕੁਸ਼ੀ ਹਾਰ ਖਾ ਕੇ ਕਾਂਸ਼ੀ ਵਲ ਚਲੇ ਗਏ। ਉਥੇ ਹੀ ਰਹਿੰਦਿਆਂ ਚਾਰੇ ਵੇਦ ਪੜ੍ਹੇ।

ਚੁਤਰ ਬੇਦ ਪਠਿਯੰ, ਕੀਯੋ ਕਾਸ਼ਿ ਬਾਸੰ।।
ਘਨੇ ਬਰਖ ਕੀਨੇ ਤਹਾਂ ਹੀ ਨਿਵਾਸੰ।।

ਜਿਨ੍ਹਾਂ ਨੇ ਬੇਦ ਪੜ੍ਹੇ ਉਨ੍ਹਾਂ ਦਾ ਨਾਉਂ ਬੇਦੀ ਪੈ ਗਿਆ।

ਜਿਨੈ ਬੇਦ ਪਠਿਓ ਸੁ ਬੇਦੀ ਕਹਾਏ।।
ਤਿਨੈ ਧਰਮ ਕੇ ਕਰਮ ਨੀਕੇ ਚਲਾਏ।।

ਇਹ ਬੇਦੀਆਂ ਦੀ ਸੰਖੇਪ ਕਥਾ ਹੈ ਅਤੇ ਇਸੇ ਕੁਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ ਸੀ।

ਤਿਨ ਬੇਦੀਯਨ ਕੇ ਕੁਲ ਬਿਖੇ,
ਪ੍ਰਗਟੇ ਨਾਨਕ ਰਾਇ।

ਪੁੱਤਰ ਕਸਤੂਰੀ ਲਾਲ, ਹੁਣ ਤੂੰ ਆਪ ਹੀ ਸੋਚ ਲੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਹਿੰਦੂ ਸਨ ਕਿ ਨਹੀਂ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਆਪਣੇ ਬਾਰੇ ਆਪ ਲਿਖਦੇ ਹਨ ਕਿ:

ਛਤ੍ਰੀ ਕੋ ਪੂਤ ਹੌ ਬਾਮ ਕੋ ਨਹਿ
ਕੈ ਤਪੁ ਆਵਤ ਹੈ ਜੁ ਕਰੋ।।

ਭਾਵ ਮੈਂ ਖੱਤ੍ਰੀ ਦਾ ਪੁਤ੍ਰ ਹਾਂ ਜਿਸ ਨੂੰ ਜਨਮ ਤੋਂ ਹੀ ਦ੍ਰਿੜ੍ਹਤਾ ਅਤੇ ਸੂਰਮਤਾ ਦੀ ਘੁਟੀ ਪਿਲਾਈ ਜਾਂਦੀ ਹੈ ਮੈਂ ਕੋਈ ਬ੍ਰਾਹਮਣ ਨਹੀਂ ਜੋ ਸ਼ਾਂਤੀ ਦਾ ਪਰਚਾਰ ਕਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਸੋਢੀ ਕੁਲ ਵਿਚ ਹੋਇਆ ਸੀ, ਸੋਢੀ ਖੱਤ੍ਰੀ ਹੁੰਦੇ ਹਨ। ਕਸਤੂਰੀ ਲਾਲ ਤੂੰ ਆਪ ਹੀ ਦੱਸ ਖੱਤ੍ਰੀ ਹਿੰਦੂ ਹਨ ਜਾਂ ਨਹੀਂ?

ਕਸਤੂਰੀ ਲਾਲ- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਤਾਂ ਹਿੰਦੂ ਧਰਮ ਨੂੰ ਬਚਾਉਣ ਵਾਸਤੇ ਅਪਣਾ ਸਰੀਰ ਹੀ ਕੁਰਬਾਨ ਕਰ ਦਿੱਤਾ ਸੀ

ਤਿਲਕ ਜੰਞੂ ਰਾਖਾ ਪ੍ਰਭ ਤਾਕਾ।।
ਕੀਨੋ ਬਡੋ ਕਲੂ ਮਹਿ ਸਾਕਾ।।
ਸਾਧਨਿ ਹੇਤਿ ਇਤੀ ਜਿਨਿ ਕਰੀ।।
ਸੀਸੁ ਦੀਆ ਪਰ ਸੀ ਨ ਉਚਰੀ।।
ਧਰਮ ਹੇਤ ਸਾਕਾ ਜਿਨਿ ਕੀਆ।।
ਸੀਸੁ ਦੀਆ ਪਰੁ ਸਿਰਰੁ ਨ ਦੀਆ।।

ਕਸਤੂਰੀ ਲਾਲ- ਮਾਮੀ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਥੋੜੀ ਜਿਹੀ ਕਥਾ ਸੁਣਾ ਸਕਦੇ ਹੋ?

ਮਾਮੀ- ਪੁੱਤਰ ਸਾਖੀ ਤਾਂ ਬੜੀ ਲੰਮੀ ਹੈ ਪਰ ਸੰਖੇਪ ਵਿਚ ਮੈਂ ਤੈਨੂੰ ਦੱਸਦੀ ਹਾਂ। ਔਰੰਗਜ਼ੇਬ ਬਾਦਸ਼ਾਹ ਚਾਹੁੰਦਾ ਸੀ ਕਿ ਸਾਰੇ ਹਿੰਦੁਸਤਾਨ ਵਿਚ ਇਸਲਾਮ ਫੈਲਾਇਆ ਜਾਏ। ਉਸਨੇ ਜੋਰ-ਜਬਰ ਦਾ ਚੱਕਰ ਚਲਾ ਕੇ ਅਥਵਾ ਬੜੇ ਬੜੇ ਤਸੀਹੇ ਦੇ ਕੇ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦਿਨਾਂ ਵਿਚ ਕਸ਼ਮੀਰ ਹਿੰਦੂਆਂ ਦਾ ਗੜ੍ਹ ਸੀ। ਔਰੰਗਜ਼ੇਬ ਨੇ ਸੋਚਿਆ ਕਿ ਇਸਲਾਮ ਦੇ ਪਰਚਾਰ ਦਾ ਸੌਖਾ ਤਰੀਕਾ ਇਹ ਹੈ ਕਿ ਪਹਿਲਾਂ ਕਸ਼ਮੀਰੀ ਪੰਡਤਾਂ ਨੂੰ ਮੁਸਲਮਾਨ ਬਣਾਇਆ ਜਾਏ। ਕਸ਼ਮੀਰ ਦੇ ਗਵਰਨਰ ਸ਼ੇਰ ਅਫਗਾਨ ਨੇ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਣ ਦਾ ਕੰਮ ਸ਼ੁਰੂ ਕਰ ਦਿੱਤਾ। ਜਿਹੜਾ ਹਿੰਦੂ ਕੋਈ ਇਤਰਾਜ਼ ਕਰਦਾ ਉਹਨੂੰ ਉਸੇ ਵਕਤ ਕਤਲ ਕੀਤਾ ਜਾਂਦਾ। ਕੋਈ ਦਾਦ ਫਰਿਆਦ ਨਹੀਂ ਸੀ। ਕਹਿੰਦੇ ਹਨ ਕਿ ਹਰ ਰੋਜ਼ ਸਵਾ ਮਣ ਜੰਞੂ ਲਹਾਏ ਜਾਂਦੇ। ਇਨ੍ਹਾਂ ਜੁਲਮ ਦੇ ਦਿਨਾਂ ਵਿਚ ਕੁਝ ਪੰਡਤਾਂ ਨੇ ਅਮਰ ਨਾਥ ਦੀ ਗੁਫਾ ਤੇ ਸ਼ਿਵਾ ਦੀ ਅਰਾਧਨਾ ਕੀਤੀ ਕਿ ਸਾਡਾ ਧਰਮ ਬਚਾਇਆ ਜਾਏ। ਆਮ ਪ੍ਰਚਲਤ ਖਿਆਲ ਹੈ ਕਿ ਇਥੇ ਪੂਜਾ ਕਰਨ ਵਾਲਿਆਂ ਨੂੰ ਦੇਵ ਬਾਣੀ ਹੋਈ ਕਿ ਤੁਸੀਂ ਪੰਜਾਬ ਵਿਚ ਅਨੰਦਪੁਰ ਜਾ ਕੇ ਸ੍ਰੀ ਗੁਰੂ ਨਾਨਕ ਜੀ ਦੀ ਗੱਦੀ ਦੇ ਹਾਜ਼ਰ ਮਾਲਕ ਸ੍ਰੀ ਗੁਰੂ ਤੇਗ ਬਹਾਦਰ ਜੀ ਅਗੇ ਸਹਾਇਤਾ ਵਾਸਤੇ ਅਰਜ਼ ਕਰੋ ਐਸ ਵਕਤ ਪਹਿਰਾ ਉਨ੍ਹਾਂ ਦਾ ਹੈ, ਉਨ੍ਹਾਂ ਤੋਂ ਬਿਨਾਂ ਹੋਰ ਕੋਈ ਤੁਹਾਡੀ ਸਹਾਇਤਾ ਨਹੀਂ ਕਰ ਸਕਦਾ।

ਇਸ ਦੇਵ ਬਾਣੀ ਅਨੁਸਾਰ ਕੁਝ ਵਿਦਵਾਨ ਅਤੇ ਮੁਖੀ ਪੰਡਤ ਅਨੰਦਪੁਰ ਸਾਹਿਬ ਪਹੁੰਚ ਗਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਕੇ ਆਪਣੀ ਹਾਲਤ ਅਤੇ ਦੇਵ ਬਾਣੀ ਦੀ ਕਥਾ ਕਹਿ ਕੇ ਸਹਾਇਤਾ ਕਰਨ ਵਾਸਤੇ ਅਰਜ਼ ਕੀਤੀ। ਅਰਜ਼ ਸੁਣ ਕੇ ਸ੍ਰੀ ਗੁਰੂ ਜੀ ਨੇ ਹੌਸਲਾ ਦਿੱਤਾ ਅਤੇ ਫੁਰਮਾਇਆ ਕਿ ਤੁਸੀਂ ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਤੇਗ ਬਹਾਦਰ (ਸ੍ਰੀ ਗੁਰੂ ਤੇਗ ਬਹਾਦਰ ਜੀ) ਨੂੰ ਮੁਸਲਮਾਨ ਬਣਾ ਲਓ ਫਿਰ ਅਸੀਂ ਸਾਰੇ ਹੀ ਬਿਨਾ ਕਿਸੇ ਉਜ਼ਰ ਤੇ ਮੁਸਲਮਾਨ ਬਣ ਜਾਵਾਂਗੇ।

ਪੰਡਤਾਂ ਨੇ ਦਿੱਲੀ ਪਹੁੰਚ ਕੇ ਔਰੰਗਜ਼ੇਬ ਦੇ ਦਰਬਾਰ ਵਿਚ ਗੁਰੂ ਜੀ ਦੇ ਕਹਿਣ ਅਨੁਸਾਰ ਸਾਫ ਸਾਫ ਕਹਿ ਦਿੱਤਾ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀਨ ਕਬੂਲ ਕਰ ਲੈਣ ਤਾਂ ਅਸੀਂ ਸਾਰੇ ਹੀ ਬਿਨਾਂ ਕਿਸੇ ਉਜ਼ਰ ਤੇ ਮੁਸਲਮਾਨ ਬਣ ਜਾਵਾਂਗੇ। ਪੰਡਤ ਸਾਰੇ ਵਾਪਸ ਕਸ਼ਮੀਰ ਚਲੇ ਗਏ ਅਤੇ ਬਾਦਸ਼ਾਹ ਨੇ ਦੋ ਆਦਮੀਆਂ ਨੂੰ ਗੁਰੂ ਜੀ ਨੂੰ ਦਿੱਲੀ ਲਿਆਉਣ ਵਾਸਤੇ ਅਨੰਦਪੁਰ ਭੇਜ ਦਿੱਤਾ। ਇਨ੍ਹਾਂ ਆਦਮੀਆਂ ਨੇ ਜਦੋਂ ਗੁਰੂ ਜੀ ਨੂੰ ਔਰੰਗਜ਼ੇਬ ਦਾ ਹੁਕਮ ਸੁਣਾਇਆ ਤਾਂ ਗੁਰੂ ਜੀ ਨੇ ਆਪੇ ਹੀ ਦਿੱਲੀ ਪਹੁੰਚ ਜਾਣ ਦਾ ਬਚਨ ਦੇ ਕੇ ਆਦਮੀਆਂ ਨੂੰ ਵਾਪਸ ਭੇਜ ਦਿੱਤਾ। ਅੰਤ੍ਰਯਾਮੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਪਣੇ ਕੁਝ ਕੁ ਸਿੱਖਾਂ ਨੂੰ ਨਾਲ ਲੈ ਕੇ ਅਨੰਦਪੁਰ ਤੋਂ ਚਾਲੇ ਪਾ ਦਿੱਤੇ। ਰਾਹ ਵਿਚ ਕਈ ਥਾਵਾਂ ਤੇ ਸੰਗਤਾਂ ਨੂੰ ਦਰਸ਼ਨ ਦੇਂਦਿਆਂ ਅਤੇ ਗੁਰਮਤ ਦਾ ਪਰਚਾਰ ਕਰਦਿਆਂ ਆਗਰੇ ਪਹੁੰਚ ਗਏ। ਜਦੋਂ ੪-੫ ਮਹੀਨਿਆਂ ਤਕ ਦਿੱਲੀ ਨ ਪਹੁੰਚੇ ਤਾਂ ਔਰੰਗਜ਼ੇਬ ਨੂੰ ਸ਼ੱਕ ਪੈ ਗਿਆ ਅਤੇ ਉਸਨੇ ਗੁਰੂ ਜੀ ਦੀ ਗਿਰਫਤਾਰੀ ਦੇ ਇਨਾਮ ਦਾ ਐਲਾਨ ਕਰ ਦਿੱਤਾ। ਉਠਾਂ ਵਾਲੇ ਗਸ਼ਤੀ ਦਸਤੇ ਨੇ ਪਿੰਡ ਪਿੰਡ ਫਿਰ ਕੇ ਸਤਿਗੁਰੂ ਜੀ ਦੀ ਬੜੀ ਭਾਲ ਕੀਤੀ ਪਰ ਸਤਿਗੁਰੂ ਜੀ ਦਾ ਕੋਈ ਪਤਾ ਨ ਲਗਾ। ਸਰਕਾਰ ਦੇ ਸਾਰੇ ਜਤਨ ਨਿਹਫਲ ਗਏ।

ਸਤਿਗੁਰੂ ਜੀ ਨੇ ਅਪਣੇ ਬਚਨ ਅਨੁਸਾਰ ਦਿੱਲੀ ਤੇ ਅਵੱਸ਼ ਹੀ ਜਾਣਾ ਸੀ ਪਰ ਬਾਦਸ਼ਾਹ ਵਲੋਂ ਰਖਿਆ ਹੋਇਆ ਇਨਾਮ ਇਕ ਗਰੀਬ ਅਯਾਲੀ ਨੂੰ ਦਿਵਾਉਣ ਖਾਤਰ ਉਸ ਅਯਾਲੀ ਨੂੰ ਅਪਣਾ ਕੀਮਤੀ ਦੁਸ਼ਾਲਾ ਅਤੇ ਮੁੰਦਰੀ ਦੇ ਕੇ ਮਠਿਆਈ ਲਿਆਉਣ ਦੇ ਬਹਾਨੇ ਆਪ ਗਿਰਫਤਾਰ ਹੋ ਗਏ। ਸ਼ਾਹੀ ਫੌਜ ਦੇ ਪਹਿਰੇ ਹੇਠ ਗੁਰੂ ਜੀ ਨੂੰ ਦਿੱਲੀ ਲਿਆ ਕੇ ਭੂਤਾਂ ਵਾਲੀ ਹਵੇਲੀ ਵਿਚ ਕੈਦ ਕੀਤਾ ਗਿਆ।

ਸਤਿਗੁਰੂ ਜੀ ਕਹਿਣ ਮਾਤ੍ਰ ਭਾਵੇਂ ਇਕ ਜੇਲ੍ਹ ਵਿਚ ਕੈਦ ਹੀ ਸਨ ਪਰ ਉਹ ਤਾਂ ਬੜਾ ਸਖਤ ਪਹਿਰਾ ਹੁੰਦਿਆਂ ਵੀ ਕਦੇ ਕਿਸੇ ਸਿੱਖ ਦੇ ਘਰੋਂ ਅਤੇ ਕਦੇ ਕਿਸ ਦੇ ਘਰੋਂ ਲੰਗਰ ਛਕ ਕੇ ਫਿਰ ਜੇਲ੍ਹ ਵਿਚ ਆ ਜਾਂਦੇ। ਜਦੋਂ ਪੜਤਾਲ ਕੀਤੀ ਗਈ ਤਾਂ ਗੁਰੂ ਜੀ ਇਕ ਸਿੱਖ ਦੇ ਘਰ ਵਿਚ ਵੀ ਸਨ ਅਤੇ ਬੰਦੀ ਖਾਨੇ ਵਿਚ ਵੀ ਸਨ:

ਪੌਣ ਜਲ ਅਗਨੀ ਜਿਸ ਦਾ ਅਸਰ ਮੰਨੈ।
ਉਹਨੂੰ ਕੌਣ ਸੀ ਕਿਤੇ ਲੈ ਜਾਣ ਵਾਲਾ।

ਇਸੇ ਤਰ੍ਹਾਂ ਸਤਿਗੁਰੂ ਜੀ, ਸਖਤ ਪਹਿਰਾ ਹੁੰਦਿਆਂ ਵੀ ਅੰਮ੍ਰਿਤ ਵੇਲੇ ਦਰਿਆ ਜਮਨਾ ਤੇ ਇਸ਼ਨਾਨ ਕਰਨ ਵਾਸਤੇ ਚਲੇ ਜਾਂਦੇ ਅਤੇ ਫਿਰ ਬੰਦੀਖਾਨੇ ਵਿਚ ਆ ਵੜਦੇ। ਇਸ ਤਰ੍ਹਾਂ ਕਈ ਕੌਤਕ ਕਰਦੇ ਰਹਿੰਦੇ। ਕਸਤੂਰੀ ਲਾਲ- ਮੈਂ ਬਹੁਤਾ ਵਿਸਤਾਰ ਵਿਚ ਨ ਜਾਂਦੀ ਹੋਈ ਇਹ ਦੱਸਦੀ ਹਾਂ ਕਿ ਔਰੰਗਜ਼ੇਬ ਅਤੇ ਕਾਜ਼ੀਆਂ ਮੁਲਾਣਿਆਂ ਵਲੋਂ ਸਤਿਗੁਰੂ ਜੀ ਅਗੇ ਤਿੰਨ ਸ਼ਰਤਾਂ ਪੇਸ਼ ਕੀਤੀਆਂ ਗਈਆਂ:

੧) ਦੀਨ ਕਬੂਲ ਕਰੋ, ਮੁਸਲਮਾਨ ਬਣ ਜਾਓ। ਜਾਂ
੨) ਕੋਈ ਕਰਾਮਾਤ ਵਿਖਾਓ।
੩). ਜਾਂ ਸੀਸ ਕਟਵਾਉਣ ਲਈ ਤਿਆਰ ਹੋ ਜਾਓ।

ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਕਾਜ਼ੀਆਂ ਨੂੰ ਠੋਕ ਕੇ ਜਵਾਬ ਦਿੱਤਾ ਕਿ ਅਸਾਂ ਨ ਆਪਣਾ ਧਰਮ ਤਿਆਗਣਾ ਹੈ ਅਤੇ ਨ ਹੀ ਕਿਸੇ ਦਬਾ ਹੇਠ ਆ ਕੇ ਕੋਈ ਕਰਾਮਾਤ ਵਿਖੌਣੀ ਹੈ ਕਿਉਂ ਜੋ ਲਾਲਚ ਵਸ ਹੋ ਕੇ ਕਰਾਮਾਤਾਂ ਮਦਾਰੀ ਲੋਕ ਵਿਖਾਉਂਦੇ ਹਨ। ਰਬ ਦੇ ਪਿਆਰੇ ਰਬ ਦੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ।

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ।

ਬਾਕੀ ਮੈਂ ਤੁਹਾਡੀ ਤੀਸਰੀ ਸ਼ਰਤ ਪੂਰਨ ਕਰਨ ਲਈ ਇਥੇ ਤਿਆਰ ਹੋ ਕੇ ਆਇਆ ਹਾਂ। ਤਿਲਕ, ਜੰਞੂ ਅਥਵਾ ਹਿੰਦੂ ਧਰਮ ਵਾਸਤੇ ਮੈਂ ਅਪਣਾ ਸਰੀਰ ਹੀ ਨਹੀਂ ਸਗੋਂ ਸਾਰਾ ਸਰਬੰਸ ਹੀ ਵਾਰਨ ਨੂੰ ਤਿਆਰ ਹਾਂ:

ਤੇਗ ਬਹਾਦਰ ਬੋਲਿਆ
ਧਰ ਪਈਐ ਧਰਮ ਨ ਛੋਡੀਐ।।

ਜਦੋਂ ਮੌਲਵੀਆਂ ਦੇ ਸਾਰੇ ਜਤਨ ਨਿਹਫਲ ਹੋ ਗਏ ਤਾਂ ਸ਼ਾਹੀ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਜੀ ਨੂੰ ਦਿੱਲੀ ਦੇ ਚਾਂਦਨੀ ਚੌਕ ਵਿਚ ੧੧ ਨਵੰਬਰ ਸੰਨ ੧੬੭੫ ਨੂੰ ਸ਼ਹੀਦ ਕੀਤਾ ਗਿਆ।

ਠੀਕਰਿ ਫੋਰਿ ਦਿਲੀਸਿ ਸਿਰਿ,
ਪ੍ਰਭ ਪੁਰ ਕੀਆ ਪਯਾਨ।
ਤੇਗ ਬਹਾਦਰ ਸੀ ਕ੍ਰਿਆ,
ਕਰੀ ਨ ਕਿਨਹੂੰ ਆਨ।
ਤੇਗ ਬਹਾਦਰ ਕੇ ਚਲਤ,
ਭਯੋ ਜਗਤ ਕੋ ਸੋਕ।
ਹੈ ਹੈ ਹੈ ਸਭ ਜਗ ਭਯੋ
ਜੈ ਜੈ ਜੈ ਸੁਰ ਲੋਕ।

ਕਸਤੂਰੀ ਲਾਲ- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸਾਖੀ ਸੁਣ ਕੇ ਸਾਫ਼ ਪਤਾ ਲਗਦਾ ਹੈ ਕਿ ਸ੍ਰੀ ਗੁਰੂ ਜੀ ਦੀ ਸ਼ਹਾਦਤ ੧੦੦ ਪ੍ਰਤੀਸ਼ਤ ਹਿੰਦੂ ਧਰਮ ਵਾਸਤੇ ਸੀ। ਮਾਮੀ ਜੀ, ਜੇ ਗੁਰੂ ਜੀ ਮੁਸਲਮਾਨ ਹੋ ਜਾਂਦੇ ਤਾਂ ਕਸ਼ਮੀਰੀ ਪੰਡਤਾਂ ਦੇ ਮੁਸਲਮਾਨ ਹੋਣ ਨਾਲ ਸਾਰੇ ਭਾਰਤ ਵਾਸੀਆਂ ਨੇ ਮੁਸਲਮਾਨ ਹੋ ਜਾਣਾ ਸੀ। ਸਤਿਗੁਰੂ ਜੀ ਨੂੰ ਜਿਨੀ ਵਾਰੀ ਵੀ ਧੰਨ ਆਖ ਲਈਏ, ਥੋੜਾ ਹੈ। ਸਚ ਮੁਚ ਉਨ੍ਹਾਂ ਮਿਟ ਚਲੇ ਹਿੰਦੂ ਧਰਮ ਨੂੰ ਬਚਾ ਲਿਆ ਸੀ।

ਮਾਮੀ- ਕਸਤੂਰੀ ਲਾਲ, ਸਤਿਗੁਰੂ ਜੀ ਨੂੰ "ਹਿੰਦ ਦੀ ਚਾਦਰ" ਦੇ ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ।

ਕਸਤੂਰੀ ਲਾਲ- ਬਹੁਤ ਸੁਹਣਾ ਅਤੇ ਫਬਦਾ ਨਾਮ ਹੈ।

ਮਾਮੀ- ਪੁੱਤਰ, ਹੁਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਵੀ ਸੁਣ। ਜਦੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਪਣੀ ਰਜ਼ਾ ਅਨੁਸਾਰ ਭਾਣਾ ਵਰਤਾਇਆ ਸੀ ਤਾਂ ਆਪ ਜੀ ਦਾ ਸੀਸ ਭਾਈ ਜੈਤੇ ਜੀ ਦੀ ਝੋਲੀ ਵਿਚ ਆ ਡਿੱਗਾ ਸੀ ਵੈਸੇ ਸਤਿਗੁਰੂ ਜੀ ਨੇ ਪਹਿਲੋਂ ਹੀ ਭਾਈ ਜੈਤੇ ਜੀ ਨੂੰ ਕਹਿਆ ਸੀ ਕਿ ਮੇਰਾ ਸੀਸ ਤੇਰੀ ਝੋਲੀ ਵਿਚ ਆ ਡਿੱਗੇਗਾ, ਤੈਨੂੰ ਕੋਈ ਵੇਖ ਨਹੀਂ ਸਕੇਗਾ ਤੂੰ ਬੇਫਿਕਰ ਹੋ ਕੇ ਮੇਰਾ ਸੀਸ ਅਨੰਦਪੁਰ ਪਹੁੰਚਾ ਦੇਈਂ। ਹੁਕਮ ਅਨੁਸਾਰ ਭਾਈ ਜੈਤਾ ਜੀ ਗੁਰੂ ਸਾਹਿਬ ਜੀ ਦਾ ਸੀਸ ਸਤਿਕਾਰ ਸਹਿਤ ਅਨੰਦਪੁਰ ਲੈ ਗਏ। ਇਥੇ ਸਾਹਿਬਜ਼ਾਦੇ ਗੋਬਿੰਦ ਰਾਇ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਦੀ ਹਜ਼ੂਰੀ ਵਿਚ ਸਸਕਾਰ ਕੀਤਾ ਗਿਆ।

ਦਿੱਲੀ ਵਿਚ ਜਦੋਂ ਭਾਣਾ ਵਰਤਿਆ ਸੀ ਉਦੋਂ ਬੜੀ ਸਖਤ ਹਨੇਰੀ ਦਾ ਤੂਫਾਨ ਆਇਆ ਸੀ। ਸਾਰੇ ਲੋਕ ਅੱਖਾਂ ਮਲਦੇ ਏਧਰ ਓਧਰ ਖਿੰਡ ਪੁੰਡ ਗਏ ਸਨ। ਪੁਲਸ ਦੇ ਸਿਪਾਹੀ ਵੀ ਅਪਣੀ ਅਪਣੀ ਥਾਂ ਤੇ ਨ ਰਹੇ। ਸਤਿਗੁਰੂ ਜੀ ਦਾ ਧੜ ਉਥੇ ਹੀ ਪਿਆ ਹੋਇਆ ਸੀ, ਕੋਈ ਸੇਵਕ, ਸਿੱਖ ਸਰਕਾਰ ਤੋਂ ਡਰਦਾ ਸਤਿਗੁਰੂ ਜੀ ਦੇ ਧੜ ਕੋਲ ਨ ਗਿਆ।

ਕਸਤੂਰੀ ਲਾਲ- ਮਾਮੀ ਜੀ, ਸਤਿਗੁਰੂ ਜੀ ਦੇ ਹਜ਼ਾਰਾਂ ਸਿੱਖ ਹੋਂਦਿਆਂ ਹੋਇਆਂ ਕਿਸੇ ਸਿੱਖ ਨੇ ਵੀ ਸਤਿਗੁਰੂ ਜੀ ਦੇ ਧੜ ਨੂੰ ਸੰਭਾਲਣ ਦੀ ਹਿੰਮਤ ਨ ਕੀਤੀ। ਅਫਸੋਸ ਸਦ ਅਫਸੋਸ! ਐਸੀ ਪਾਕ ਆਤਮਾ ਦੇ ਧੜ ਦਾ ਸਸਕਾਰ ਨ ਕਰ ਸਕਣ ਤੋਂ ਪਤਾ ਚਲਦਾ ਹੈ ਕਿ ਹਿੰਦੂ ਬਹੁਤ ਕਮਜ਼ੋਰ ਹੋ ਚੁੱਕੇ ਸਨ।

ਮਾਮੀ- ਪੁੱਤਰ, ਉਦੋਂ ਹਾਲਾਤ ਹੀ ਐਸੇ ਸਨ ਕਿ ਹਿੰਦੂ ਤਾਂ ਉਚੀ ਸਾਹ ਵੀ ਨਹੀਂ ਸਨ ਲੈ ਸਕਦੇ, ਨਾਲੇ ਬਾਦਸ਼ਾਹ ਵਲੋਂ ਹੁਕਮ ਸੀ ਕਿ ਜਿਹੜਾ ਕੋਈ ਸਤਿਗੁਰੂ ਜੀ ਦੀ ਥੋੜੀ ਜਿੰਨੀ ਵੀ ਹਿਮਾਇਤ ਕਰੇਗਾ, ਉਸਨੂੰ ਉਸੇ ਤਰ੍ਹਾਂ ਕਤਲ ਕੀਤਾ ਜਾਏਗਾ। ਬਾਦਸ਼ਾਹ ਦੀ ਨੀਯਤ ਸੀ ਕਿ ਸਤਿਗੁਰੂ ਜੀ ਦੇ ਸਰੀਰ ਦਾ ਚਾਰ ਟੁਕਰੇ ਕਰ ਕੇ ਸ਼ਹਿਰ ਦੇ ਚਾਰੇ ਦਰਵਾਜਿਆਂ ਉੱਤੇ ਇਕ ਇਕ ਕਰਕੇ ਲਟਕਾਇਆ ਜਾਏ, ਪਰ:

ਨਰ ਚਾਹਤ ਕਛੁ ਅਉਰ
ਅਉਰੈ ਕੀ ਅਉਰੈ ਭਈ।।

ਸਤਿਗੁਰੂ ਜੀ ਦਾ ਸੀਸ ਤਾਂ ਭਾਈ ਜੈਤਾ ਜੀ ਦੀ ਝੋਲੀ ਵਿਚ ਜਾ ਡਿੱਗਾ ਸੀ, ਕਿਸੇ ਨੂੰ ਪਤਾ ਵੀ ਨ ਲਗਾ। ਭਾਈ ਜੀ ਨੇ ਸਤਿਕਾਰ ਸਹਿਤ ਸੀਸ ਸੰਭਾਲ ਲਿਆ ਅਤੇ ਸ੍ਰੀ ਅਨੰਦਪੁਰ ਸਾਹਿਬ ਲੈ ਗਏ। ਉਸ ਹਨੇਰੀ ਵਿਚ ਸਤਿਗੁਰੂ ਜੀ ਦੇ ਧੜ ਨੂੰ ਲਖੀ ਸ਼ਾਹ ਵਣਜਾਰੇ ਨੇ ਬੜੀ ਫੁਰਤੀ ਨਾਲ ਅਪਣੇ ਗੱਡੇ ਤੇ ਰਖ ਕੇ ਉਪਰ ਹੋਰ ਸਾਮਾਨ ਰਖ ਲਿਆ। ਕਿਸੇ ਨੂੰ ਕੋਈ ਪਤਾ ਨ ਲਗਾ। ਲਖੀ ਸ਼ਾਹ ਗੱਡਾ ਲੈ ਕੇ ਆਪਣੀਆਂ ਛਪਰੀਆਂ ਵਲ ਆ ਗਿਆ। ਇਥੇ ਇਕ ਛਪਰੀ ਵਿਚ ਸਤਿਗੁਰੂ ਜੀ ਦਾ ਧੜ ਰਖ ਕੇ ਸਾਰੀਆਂ ਛਪਰੀਆਂ ਨੂੰ ਆਪ ਅੱਗ ਲਾ ਕੇ ਗੁਪਤ ਰੀਤੀ ਨਾਲ ਸਤਿਗੁਰੂ ਜੀ ਦੇ ਧੜ ਦਾ ਸਸਕਾਰ ਕਰ ਦਿੱਤਾ ਅਤੇ ਬਾਹਰ ਰੌਲਾ ਪਾ ਦਿੱਤਾ ਕਿ ਛਪਰੀਆਂ ਨੂੰ ਹਨੇਰੀ ਵਿਚ ਚਿਣਗ ਪੈ ਕੇ ਅੱਗ ਲਗ ਗਈ ਹੈ। ਪੁੱਤਰ ਕਸਤੂਰੀ ਲਾਲ ਹੁਣ ਜ਼ਰਾ ਧਿਆਨ ਨਾਲ ਸੁਣ।

ਸਸਕਾਰ ਕਰਨ ਤੋਂ ਪਿਛੋਂ ਜਦੋਂ ਇਹ ਵਣਜਾਰਾ ਅਪਣੇ ਸਾਥੀਆਂ ਸਮੇਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ ਸ੍ਰੀ ਅਨੰਦਪੁਰ ਗਿਆ ਤਾਂ ਗੁਰੂ ਜੀ ਦੇ ਪੁਛਣ ਤੇ ਇਸ ਵਣਜਾਰੇ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਵਾਲੀ ਥਾਂ ਤੇ ਗੁਰੂ ਜੀ ਦੇ ਸਿੱਖ ਸੇਵਕ ਗਏ ਹੋਏ ਤਾਂ ਬਹੁਤ ਸਨ ਪਰ ਮੁਗੱਲ ਰਾਜ ਤੋਂ ਡਰਦਿਆਂ ਅਪਣੇ ਆਪ ਨੂੰ

ਗੁਰੂ ਕੇ ਸਿੱਖ ਹੋਣ ਦਾ ਪਰਗਟਾਵਾ ਕਿਸੇ ਨੇ ਵੀ ਨ ਕੀਤਾ ਅਤੇ ਨ ਹੀ ਕੋਈ ਸਿੱਖ ਗੁਰੂ ਜੀ ਦੇ ਧੜ ਨੇੜੇ ਗਿਆ। ਫਿਰ ਜਿਸ ਤਰ੍ਹਾਂ ਸਤਿਗੁਰੂ ਜੀ ਦਾ ਧੜ ਗੱਡੇ ਵਿਚ ਰਖਿਆ, ਧੜ ਅਪਣੀ ਛਪਰੀ ਵਿਚ ਰਖਕੇ, ਨੇੜੇ ਦੀਆਂ ਸਾਰੀਆਂ ਛਪਰੀਆਂ ਨੂੰ ਗੁਪਤ ਰੀਤੀ ਨਾਲ ਅਗ ਲਾ ਕੇ ਧੜ ਦਾ ਸਸਕਾਰ ਕੀਤਾ, ਉਹ ਸਾਰਾ ਹਾਲ ਦੱਸਿਆ। ਸਤਿਗੁਰੂ ਗੋਬਿੰਦ ਸਿੰਘ ਜੀ ਨੇ ਉਸ ਵਣਜਾਰੇ ਅਤੇ ਉਸਦੇ ਸਾਥੀਆਂ ਨੂੰ ਬੜੀਆਂ ਖੁਸ਼ੀਆਂ ਬਖਸ਼ੀਆਂ ਅਤੇ ਨਾਲ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਵਾਲੀ ਥਾਂ ਤੇ ਗਏ ਹੋਏ ਸਿੱਖਾਂ ਦੀ ਕਾਇਰਤਾ ਨੂੰ ਅਨੁਭਵ ਕਰਦਿਆਂ ਹੋਇਆਂ ਬੜੇ ਰੋਹ ਨਾਲ ਆਖਿਆ ਕਿ ਹੁਣ ਮੈਂ ਅਪਣੇ ਸਿੱਖ ਐਸੇ ਬਣਾਵਾਂਗਾ ਜਿਹੜੇ ਲੱਖਾਂ ਆਦਮੀਆਂ ਵਿਚੋਂ ਵੀ ਪਛਾਣੇ ਜਾਇਆ ਕਰਨ ਗੇ।

ਬਾਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਚੇਲਿਆਂ ਨੂੰ ਮੁਗੱਲ ਰਾਜ ਦੇ ਜ਼ੁਲਮ ਵਿਰੁਧ ਮੁਗੱਲ ਰਾਜ ਨਾਲ ਟੱਕਰ ਲੈਣ ਵਾਸਤੇ, ਜੰਗੀ ਟ੍ਰੇਨਿੰਗ (Training) ਦੇਣੀ ਸ਼ੁਰੂ ਕਰ ਦਿੱਤੀ। ਅਪਣੇ ਚੇਲਿਆਂ ਦੀ ਪਛਾਣ ਵਾਸਤੇ ਉਨ੍ਹਾਂ ਨੂੰ ਪੰਜ ਕਰਾਰ ਕੇਸ, ਕਛ, ਕੜਾ, ਕੰਘਾ ਅਤੇ ਕਿਰਪਾਨ ਰਖਣ ਦੀ ਪੱਕੀ ਕੀਤੀ। ਇਹ ਇਕ ਕਿਸਮ ਦੀ ਉਨ੍ਹਾਂ ਦੀ ਵਰਦੀ ਸੀ। ਕਿਉਂਕਿ ਉਹ ਸਮਾਂ ਸੀ ਕਿ ਸਿੱਖਾਂ ਨੂੰ ਬਹਾਦਰ ਅਤੇ ਜੋਸ਼ੀਲੇ ਬਣਾਇਆ ਜਾਏ ਇਸ ਲਈ ਅਪਣੇ ਸਿੱਖਾਂ ਨੂੰ ਅਪਣੇ ਅਪਣੇ ਨਾਮ ਨਾਲ "ਸਿੰਘ" ਪਦ ਲਾਉਣਾ ਜ਼ਰੂਰੀ ਦੱਸਿਆ। ਬਾਦ ਵਿਚ ਇਨ੍ਹਾਂ ਸਿਰ ਲੱਥ ਸੂਰਮਿਆਂ ਨੇ ਜਿਸ ਤਰ੍ਹਾਂ ਹੌਲੀ ਹੌਲੀ ਸਾਰੇ ਭਾਰਤ ਵਿਚੋਂ ਜਾਲਮ ਮੁਗੱਲ ਰਾਜ ਦਾ ਖਾਤਮਾ ਕੀਤਾ ਉਹ ਤੂੰ ਜਾਣਦਾ ਹੀ ਹੈਂ।

ਪੁੱਤਰ, ਤੂੰ ਨਿਰਪੱਖ ਹੋ ਕੇ ਸੱਚ ਦੱਸ ਕਿ ਇਸ ਵਿਚ ਹਿੰਦੂਆਂ ਨਾਲੋਂ ਵਖਰੇਵੇਂ ਵਾਲੀ ਕਿਹੜੀ ਗੱਲ ਹੈ? ਪੁੱਤਰ ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦ ਹੋਏ ਤਾਂ ਹਿੰਦੂ ਧਰਮ ਲਈ ਅਤੇ ਜੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਪਣੇ ਚੇਲਿਆਂ ਸਹਿਤ ਤਲਵਾਰ ਚਲਾਈ ਤਾਂ ਸਿਰਫ ਹਿੰਦੂ ਧਰਮ ਦੀ ਰਾਖੀ ਲਈ। ਫਿਰ ਦਸ ਇਹ ਵਖਰੇ ਕਿਵੇਂ ਹੋਏ?

ਕਸਤੂਰੀ ਲਾਲ- ਮਾਮੀ ਜੀ, ਮੈਂ ਤਾਂ ਮੰਨਦਾ ਹਾਂ ਕਿ ਸਿੱਖ ਹਿੰਦੂ ਹੀ ਹਨ। ਸਿੱਖ ਪੰਥ ਹਿੰਦੂ ਧਰਮ ਦਾ ਇਕ ਫਿਰਕਾ ਜਾਂ ਪੰਥ ਹੈ। ਪਤਾ ਨਹੀਂ ਕਿ ਕਈ ਸਿੱਖ ਅਪਣੇ ਆਪ ਨੂੰ ਵਖਰੇ ਕਿਉਂ ਸਮਝੀ ਬੈਠੇ ਹਨ।

ਮਾਮੀ- ਪੁੱਤਰ ਬੜਾ ਚਿਰ ਹੋਇਆ ਹੈ ਕਿ ਸੰਤ ਨਿਧਾਨ ਸਿੰਘ ਜੀ "ਆਲਿਮ" ਨੇ ਇਕ ਕਵਿਤਾ ਲਿਖੀ ਸੀ ਜੋ ਇਸ ਤਰ੍ਹਾਂ ਹੈ:-

ਹਿੰਦੂ ਸਿੱਖ ਭਾਈ ਭਾਈ,
ਰੂਹ ਇਕ ਤਸਵੀਰਾਂ ਦੋ।
ਜੰਮਣ ਮਰਣ ਦੁਹਾਂ ਦੇ ਸਾਂਝੇ,
ਐ ਪਰ ਹੈਨ ਜ਼ਮੀਰਾਂ ਦੋ।
ਓਂਕਾਰ ਹੈ ਹੱਦ ਦੁਹਾਂ ਦੀ,
ਇਕ ਤੱਤ ਨਜ਼ੀਰਾਂ ਦੋ।
ਖਤ ਲਾਈਨ ਵਿਚ ਫਰਕ ਨ ਕੋਈ,
ਨੁਕਤਾ ਇਕ ਲਕੀਰਾਂ ਦੋ।
ਸਭਯਤਾ ਤੇ ਕਲਚਰ ਦੋਹਾਂ ਦੀ,
ਕਲਮ ਇਕ ਤਹਿਰੀਰਾਂ ਦੋ।
ਮਸਿਆ, ਪੂਰਨਮਾਸ਼ੀ ਸਾਂਝੀ,
ਮੰਨਣ ਦੀਆਂ ਤਦਬੀਰਾਂ ਦੋ।
ਸ੍ਰੋਤ ਇਕ ਬਿਜਲੀ ਦੀ "ਆਲਿਮ",
ਬਲਬ ਦੀਆਂ ਤਨਵੀਰਾਂ ਦੋ।

ਪੁੱਤਰ, ਜਿਹੜੇ ਸਿੱਖ ਅਪਣੇ ਆਪ ਨੂੰ ਵਖਰੇ ਮੰਨਦੇ ਹਨ ਉਨ੍ਹਾਂ ਕੋਲੋਂ ਸਿਰਫ ਇਹੁ ਪੁੱਛ ਕਿ: ਤੁਸੀਂ ਆਏ ਕਿਥੋਂ ? ਤੁਹਾਡੀ ਪਹਿਲੀ ਨਸਲ ਕਿਹੜੀ ਹੈ?

ਕਸਤੂਰੀ ਲਾਲ- ਕਿਸੇ ਨਾਲ ਲੜਨਾ ਥੋੜਾ ਹੈ, ਇਹ ਤੇ ਪ੍ਰੇਮ ਪਿਆਰ ਨਾਲ ਵੀਚਾਰ ਕਰਨ ਵਾਲੀ ਗੱਲ ਹੈ। ਅੱਛਾ ਮਾਮੀ ਜੀ, ਮੈਨੂੰ ਇਹ ਦੱਸੋ ਕਿ ਸਿੱਖ ਹਵਨ ਕਿਉਂ ਨਹੀਂ ਕਰਦੇ ਅਤੇ ਗਊ ਪੂਜਾ ਕਿਉਂ ਨਹੀਂ ਕਰਦੇ?

ਮਾਮੀ- ਤੈਨੂੰ ਕਿਸ ਆਖਿਆ ਹੈ ਕਿ ਸਿੱਖ ਹਵਨ ਨਹੀ ਕਰਦੇ? ਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਵਨ ਕਰਨ ਦੇ ਅਨੇਕ ਲਾਭ ਦੱਸੇ ਹਨ ਅਤੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ:

ਹਮ ਜਬ ਹਵਨ ਜਗ ਕਰਵੈ ਹੈ
ਖੁਸ਼ ਹੋ ਘਨ ਜਲ ਬਹੁ ਬਰਸੈ ਹੈ
ਦੂਰ ਭਿਖ ਨਸੇ, ਅੰਨ ਬਹੁ ਥੈ ਹੈ
ਸੁਕ੍ਰਿਤ ਸਭ ਕਰਨੇ ਲਗ ਜੈ ਹੈ

ਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੁੱਦ ਆਪ ਹਵਨ ਕੀਤਾ ਸੀ। ਉਨ੍ਹਾਂ ਨੇ ਸੰਮਤ ੧੭੫੪ ਵਿਚ ਨੈਣਾਂ ਦੇਵੀ ਦੇ ਅਸਥਾਨ ਤੇ ਹਵਨ ਅਰੰਭਿਆ। ਪੰਡਤ ਕੇਸ਼ੋ ਦਾਸ ਦੇ ਕਹਿਣ ਮੁਤਾਬਕ ਮੰਤਰ ਦਾ ਜਾਪ ਕਰਦੇ ਰਹਿੰਦੇ ਅਤੇ ਅਗਨੀ ਵਿਚ ਅਹੁਤੀ ਪਾਂਦੇ ਰਹਿੰਦੇ। ਹਰ ਰੋਜ਼ ਬੀਰ ਆਸਣ ਸਜਾ ਕੇ ਪੰਜ ਪੰਜ ਪਹਿਰ ਹਵਨ ਕਰਦੇ ਰਹਿੰਦੇ। ਇਸ ਸਮੇਂ ਅਲਪ ਆਹਾਰ ਕਰਦੇ ਅਤੇ ਭੁੰਜੇ ਬਿਰਾਜਦੇ। ਸਾਰੇ ਸਮੇਂ ਬ੍ਰਹਮਚਰਜ ਧਾਰੀ ਰਖਿਆ। ਯੱਗ ਸੰਪੂਰਣ ਹੋਣ ਤੋਂ ਪਹਿਲਾਂ ਬੜਾ ਭੂਚਾਲ ਆਇਆ ਫਿਰ ਬੜਾ ਪਰਕਾਸ਼ ਹੋਇਆ। ਲਗਪਗ ਇਕ ਸਾਲ ਪਿਛੋਂ ਸ਼ਕਤੀ ਮਾਤਾ ਪ੍ਰਗਟ ਹੋਈ। ਸ਼ਕਤੀ ਮਾਤਾ ਗੁਰੂ ਜੀ ਤੇ ਬੜੀ ਪ੍ਰਸੰਨ ਹੋਈ। ਸਤਿਗੁਰੂ ਜੀ ਨੇ ਸ਼ਕਤੀਮਾਤਾ ਜੀ ਦੀ ਪ੍ਰਸੰਸਾ ਵਿਚ ਅਨਗਨਿਤ ਛੰਦ ਉਚਾਰੇ। ਸ਼ਕਤੀ ਮਾਤਾ ਨੇ ਪ੍ਰਸੰਨ ਹੋ ਕੇ ਗੁਰੂ ਸਾਹਿਬ ਜੀ ਨੂੰ ਇਕ ਤਲਵਾਰ ਦਿੱਤੀ ਅਤੇ ਫਿਰ ਅਲੋਪ ਹੋ ਗਈ।

ਪੁੱਤਰ ਇਸ ਹਵਨ ਤੇ ਜਿਥੇ ਉਸ ਸਮੇਂ ਦੇ ਲੱਖਾਂ ਰੁਪਈਆਂ ਦਾ ਖਰਚ ਆਇਆ ਸੀ ਉਥੇ ਪੰਡਤ ਕੇਸ਼ੋ ਦਾਸ ਨੂੰ ਸਵਾ ਲੱਖ ਰੁਪਏ ਦੱਛਣਾ ਦਿੱਤੀ ਗਈ ਸੀ।

ਕਲਿਜੁਗ ਵਿਚ ਇਹ ਹਵਨ ਅਪਣੀ ਮਿਸਾਲ ਆਪ ਹੀ ਹੈ।

ਲੈ ਹੋਰ ਸੁਣ, ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਗੱਲ ਹੈ ਕਿ ਅੰਗਰੇਜ਼ੀ ਸਰਕਾਰ ਨੇ ਸੰਨ ੧੯੩੭ ਵਿਚ ਲਾਹੌਰ ਵਿਚ ਇਕ ਇੰਨਾ ਵੱਡਾ ਬੁੱਚੜਖਾਨਾ ਖੋਲ੍ਹਣ ਦਾ ਐਲਾਨ ਕੀਤਾ ਸੀ ਕਿ ਜਿਸ ਵਿਚ ੧੦੦੦ ਗਊਆਂ ਅਤੇ ਹੋਰ ਪਸ਼ੂ ਰੋਜ਼ ਮਾਰੇ ਜਾਣੇ ਸਨ।

ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ

ਨੇ ਸ੍ਰੀ ਭੈਣੀ ਸਾਹਿਬ ਵਿਚ ਇਕ ਬਹੁਤ ਵੱਡਾ ਹਵਨ ਯੱਗ ਆਰੰਭ ਕਰਾ ਦਿੱਤਾ। ਇਸ ਹਵਨ ਯੱਗ ਦੀ ਸਮਾਪਤੀ ਵਾਲੇ ਦਿਨ ਭਾਵ ੧੮ ਸਤੰਬਰ ਸੰਨ ੧੯੩੭ (੧ ਅਸੂ ਸੰਮਤ ੧੯੯੪) ਨੂੰ ਅੰਗਰੇਜ਼ੀ ਸਰਕਾਰ ਨੇ ਬੁੱਚੜਖਾਨਾ ਖੋਲ੍ਹਣ ਵਾਲਾ ਫੈਸਲਾ ਵਾਪਸ ਲੈਣ ਦੀ ਘੋਸ਼ਨਾ ਕਰ ਦਿੱਤੀ ਸੀ।

ਪੁੱਤਰ, ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਕਈ ਸਾਲਾਂ ਤੋਂ ਸਾਲ ਵਿਚ ਤਕਰੀਬਨ ਇਕ ਮਹੀਨਾ ਸ੍ਰੀ ਭੈਣੀ ਸਾਹਿਬ ਜਪ ਪ੍ਰਯੋਗ ਕਰਦੇ ਆ ਰਹੇ ਹਨ। ਜਿੰਨੇ ਦਿਨ ਜਪ-ਪ੍ਰਯੋਗ ਹੁੰਦਾ ਹੈ ਉਨੇ ਦਿਨ ਲਗਾਤਾਰ ਹਵਨ ਹੁੰਦਾ ਰਹਿੰਦਾ ਹੈ। ਕਸਤੂਰੀ ਲਾਲ- ਹੋਰ ਸੁਣ, ਨਾਮਧਾਰੀਆਂ ਵਿਚ ਤਾਂ ਹਰ ਵਿਵਾਹ ਤੋਂ ਪਹਿਲਾਂ ਹਵਨ ਕੀਤਾ ਜਾਂਦਾ ਹੈ। ਵਿਵਾਹ ਵਾਲੀ ਜੋੜੀ ਜਿਥੇ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਤੋਂ ਪਾਠੀਆਂ ਰਾਹੀਂ ਪੜ੍ਹੀਆਂ ਜਾ ਰਹੀਆਂ ਲਾਵਾਂ ਦਾ ਪਾਠ ਸੁਣਦੀ ਹੈ ਉਥੇ ਹਰ ਲਾਂਵ ਦੇ ਪਾਠ ਨਾਲ ਹੋ ਰਹੇ ਹਵਨ ਦੀ ਇਕ ਪਰਦਖਣਾ ਕਰਦੀ ਹੈ। ਚਾਰ ਲਾਵਾਂ ਦੇ ਪਾਠ ਨਾਲ ਚਾਰ ਪਰਦਖਣਾ ਕਰਦੀ ਹੈ। ਪੁੱਤਰ, ਹਵਨ ਤਾਂ ਸਾਡੇ ਵਿਚ ਆਮ ਹੁੰਦੇ ਰਹਿੰਦੇ ਹਨ।

ਕਸਤੂਰੀ ਲਾਲ- ਮਾਮੀ ਜੀ, ਸਿੱਖਾਂ ਦਾ ਗਊ ਪੂਜਾ ਬਾਰੇ ਕੀ ਵਿਚਾਰ ਹੈ?

ਮਾਮੀ- ਪੁੱਤਰ, ਸਿੱਖਾਂ ਵਿਚ ਗਊ ਨੂੰ ਮੱਥਾ ਤਾਂ ਨਹੀਂ ਟੇਕਦੇ ਪਰ ਗਊ ਦੇ ਗੁਣਾਂ ਕਰਕੇ ਗਊ ਦੀ ਸੇਵਾ ਅਤੇ ਰਖਿਆ ਕਰਨੀ ਅਪਣਾ ਧਰਮ ਸਮਝਦੇ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਾਂ ਇਸ ਤਰ੍ਹਾਂ ਲਿਖਦੇ ਹਨ:

ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਰੱਛ ਗਊਅਨ ਕਰੀਜੈ।
ਅਤੇ ਇਕ ਥਾਂ ਇਹ ਵੀ ਲਿਖਦੇ ਹਨ:
ਯਹੀ ਦੇਹਿ ਆਗਿਆ ਤੁਰਕਨ ਗਹਿ ਖਪਾਊਂ।
ਗਊ ਘਾਤ ਦਾ ਦੋਖ ਜਗ ਸਿਉ ਮਿਟਾਊਂ।

ਪੁੱਤਰ, ਤੂੰ ਇਥੋਂ ਹੀ ਸਮਝ ਲੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗਊ ਦੀ ਕਿੰਨੀ ਕਦਰ ਕਰਦੇ ਸਨ? ਇਤਿਹਾਸ ਵਿਚ ਲਿਖਿਆ ਹੈ ਕਿ ਇਕ ਵੇਰ ਪਹਾੜੀ ਰਾਜਿਆਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਸ੍ਰੀ ਅਨੰਦਪੁਰ ਤੋਂ ਕੱਢਣ ਦਾ ਬੜਾ ਜ਼ੋਰ ਲਾਇਆ ਸੀ ਪਰ ਇੰਨੀ ਚੋਖੀ ਫੌਜ ਦੇ ਹੁੰਦਿਆਂ ਵੀ ਉਹ ਕਾਮਯਾਬ ਨ ਹੋ ਸਕੇ। ਅਖੀਰ ਇਕ ਰਾਤ ਹਨੇਰੇ ਵਿਚ ਇਕ ਆਟੇ ਦੀ ਗਊ ਬਣਾ ਕੇ ਕਿਲੇ ਦੇ ਦਰਵਾਜੇ ਅਗੇ ਖੜੀ ਕਰ ਦਿੱਤੀ ਅਤੇ ਨਾਲ ਹੀ ਇਕ ਚਿੱਠੀ ਰਖ ਦਿੱਤੀ ਜਿਸ ਵਿਚ ਲਿਖਿਆ ਸੀ ਕਿ ਗੁਰੂ ਜੀਓ! ਤੁਹਾਨੂੰ ਇਸ ਗਊ ਦੀ ਸੌਹ ਹੈ ਕਿ ਤੁਸੀਂ ਇਕ ਵੇਰ ਅਨੰਦਪੁਰ ਛੱਡ ਜਾਵੋ ਕੁਝ ਸਮੇਂ ਉਪ੍ਰੰਤ ਫਿਰ ਭਾਵੇਂ ਆ ਜਾਇਆ ਜੇ। ਸਵੇਰੇ ਜਦੋਂ ਸਿੱਖਾਂ ਨੇ ਆਟੇ ਦੀ ਖੜੀ ਹੋਈ ਗਊ ਅਤੇ ਇਕ ਚਿੱਠੀ ਵੇਖੀ ਤਾਂ ਝਟ ਗੁਰੂ ਜੀ ਨੂੰ ਜਾ ਦੱਸਿਆ। ਜਦੋਂ ਗੁਰੂ ਜੀ ਨੇ ਚਿੱਠੀ ਪੜ੍ਹੀ ਤਾਂ ਉਸੇ ਵਕਤ ਅਨੰਦਪੁਰ ਖਾਲੀ ਕਰਨ ਦਾ ਹੁਕਮ ਦੇ ਦਿੱਤਾ। ਸਿੱਖਾਂ ਦੇ ਪੁੱਛਣ ਤੇ ਆਪ ਜੀ ਨੇ ਫੁਰਮਾਇਆ ਕਿ ਵੈਰੀ ਇਕ ਤਰ੍ਹਾਂ ਦੀ ਹਾਰ ਮੰਨ ਕੇ ਗਊ ਦਾ ਵਾਸਤਾ ਪਾ ਕੇ ਅਨੰਦਪੁਰ ਖਾਲੀ ਕਰਨ ਵਾਸਤੇ ਮਿੰਨਤਾਂ ਕਰਦੇ ਹਨ, ਅਸੀਂ ਖੱਤ੍ਰੀ ਹੋ ਕੇ ਜੇ ਗਊ ਦੀ ਸੌਹ ਨ ਮੰਨੀਏ ਤਾਂ ਹੋਰ ਕਉਣ ਮੰਨੇਗਾ? ਪੁੱਤਰ, ਭਾਵੇਂ ਗੁਰੂ ਜੀ ਜਾਣਦੇ ਸਨ ਕਿ ਇਹ ਇਕ ਛਲ ਹੈ ਪਰ ਫਿਰ ਵੀ ਗਊ ਦੀ ਸੌਹ ਤੇ ਉਸੇ ਵਕਤ ਅਨੰਦਪੁਰ ਖਾਲੀ ਕਰ ਦਿੱਤਾ ਸੀ। ਪੁੱਤਰ, ਗਊ ਦੀ ਸੇਵਾ ਕਰਨੀ ਜਾਂ ਰਖਿਆ ਕਰਨੀ ਕਿਸੇ ਦੇ ਸਿਰ ਅਹਿਸਾਨ ਥੋੜਾ ਹੈ ਸਗੋਂ ਗਊ ਦੇ ਗੁਣਾਂ ਕਰਕੇ ਸਾਰੇ ਸਮਾਜ ਦਾ ਫਰਜ਼ ਬਣਦਾ ਹੈ ਕਿ ਇਸ ਦੀ ਸੇਵਾ ਕੀਤੀ ਜਾਏ ਅਤੇ ਰਖਿਆ ਕੀਤੀ ਜਾਏ ਭਾਵ ਬੁੱਚੜਾਂ ਤੋਂ ਬਚਾਇਆ ਜਾਏ। ਵੇਖ ਇਕ ਕਵੀ ਸ੍ਰੀ ਜੁਗਿੰਦਰ ਸਿੰਘ ਨੇ ਗਊ ਦੀ ਸਮਾਜ ਵਾਸਤੇ ਸੇਵਾ ਕਰਨੀ ਕੈਸੇ ਸੁਹਣੇ ਢੰਗ ਨਾਲ ਲਿਖੀ ਹੈ:

ਖਾਏ ਘਾਹ ਤੇ ਦਏ ਅਥਾਹ ਅੰਮ੍ਰਿਤ,
ਹਦੋਂ ਵਧ ਕੁਰਬਾਨੀ ਹੈ ਗਾਂ ਕਰਦੀ।
ਕਰੇ ਸੇਵਾ ਇਹ ਰੋਗੀ ਤੇ ਬੁਢਿਆਂ ਦੀ,
ਸੇਵਾ ਬੱਚੇ ਦੀ ਜਿਸ ਤਰ੍ਹਾਂ ਮਾਂ ਕਰਦੀ।
ਅੰਮ੍ਰਿਤ ਦੁਧ ਦੇ, ਪਾਲਦੀ ਉਮਰ ਸਾਰੀ,
ਪਾਲਾ ਧੁਪ ਸਹਿ ਭੁਖ, ਨਹੀ ਨਾਹ ਕਰਦੀ।
ਪੁਤ ਇਹਦੇ ਖਰਾਸ ਖੂਹ ਵਗਣ ਗੱਡੇ,
ਭਲਾ ਦਸੋ, ਇਹ ਕਿਹੜਾ ਗੁਨਾਹ ਕਰਦੀ।
ਦਏ ਜਾਨ ਸੰਤਾਨ ਇਹ ਦੇਸ ਖਾਤਰ,
ਬੰਜਰ ਪੁਟਦਾ ਏਸ ਦਾ ਲਾਲ ਸੁਹਣਾ।
ਅੰਨ ਧਨ ਇਹ ਅਸਾਂ ਲਈ ਕਰੇ ਪੈਦਾ,
ਗਊ ਬਾਝ ਨਹੀਂ ਦੇਸ਼ ਖੁਸ਼ਹਾਲ ਹੋਣਾ।
ਗਊ ਦੇ ਗੁਣਾਂ ਕਰਕੇ ਹੀ ਕਹਿਆ ਜਾਂਦਾ ਹੈ:
ਗਊ ਚੌਦਵਾਂ ਰਤਨ ਹੈ, ਕਾਮ ਧੇਨ ਤਿਹ ਨਾਮ।
ਪੂਜਨ ਸਭ ਅਵਤਾਰ ਤਿਹ, ਕਰ ਕੇ ਮਾਤ ਸਮਾਨ।

ਜਿਥੇ ਦੁਆਪਰ ਜੁਗ ਦੇ ਅਵਤਾਰ, ਸ੍ਰੀ ਕ੍ਰਿਸ਼ਨ ਚੰਦਰ ਜੀ ਮਹਾਰਾਜ ਗਊਆਂ ਦੀ ਸੇਵਾ ਕਰਦੇ ਸਨ, ਉਥੇ ਕਲਜੁਗ ਦੇ ਅਵਤਾਰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਜਾਨਸ਼ੀਨ, ਸਾਰੇ ਸਤਿਗੁਰੂ ਜੀ, ਗਊ ਸੇਵਾ ਅਤੇ ਗਊ ਰਖਿਆ ਵਾਸਤੇ ਉਦਮ ਕਰਦੇ ਆ ਰਹੇ ਹਨ। ਇਸਲਾਮੀ ਰਾਜ ਸਮੇਂ ਜਦੋਂ ਮੁਸਲਮਾਨ ਗਊ ਬਧ ਕਰਦੇ ਸਨ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਡੰਕੇ ਦੀ ਚੋਟ ਨਾਲ ਇਹ ਸ਼ਬਦ ਉਚਾਰੇ ਸਨ:

ਗਊ ਘਾਤ ਕਾ ਦੋਖ ਜਗ ਸਿਉ ਮਿਟਾਊਂ।।

ਇਸਲਾਮੀ ਰਾਜ ਪਿਛੋਂ ਜਦੋਂ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਦਾ ਰਾਜ ਕਾਇਮ ਹੋਇਆ ਸੀ ਤਾਂ ਉਸ ਨੇ ਗਊ ਬਧ ਕਰਨ ਵਾਲੇ ਵਾਸਤੇ ਮੌਤ ਦੀ ਸਜ਼ਾ ਰਖੀ ਸੀ

The penality for killing kine was death

ਸੰਨ ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰਨ ਪਿਛੋਂ ਸਿੱਖਾਂ ਦੀ ਆਪਣੀ ਫੁੱਟ ਕਾਰਨ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਵਿਚ ਚਲਾ ਗਿਆ ਸੀ। ਅੰਗਰੇਜ਼ਾਂ ਨੇ (Divide & Rule) ਪਾੜੋ ਤੇ ਰਾਜ ਕਰੋ ਦੀ ਪਾਲਸੀ ਤੇ ਅਮਲ ਕਰਦਿਆਂ ਮੁਸਲਮਾਨਾਂ ਨੂੰ ਉਕਸਾ ਕੇ ਪੰਜਾਬ ਵਿਚ ਕਈ ਥਾਵਾਂ ਤੇ ਗਊ ਬਧ ਕਰਨ ਲਈ ਬੁੱਚੜਖਾਨੇ ਖੁਲ੍ਹਾ ਦਿੱਤੇ ਸਨ। ਹਿੰਦੂਆਂ ਨੇ ਭਾਵੇਂ ਅਰਜ਼ੀਆਂ ਦਿੱਤੀਆਂ ਸਨ ਪਰ ਅੰਗਰੇਜ਼ਾਂ ਦਾ ਮੁਸਲਮਾਨਾਂ ਦੇ ਪੱਖੀ ਹੋਣ ਕਾਰਨ, ਹਿੰਦੂਆਂ ਦਾ ਕੋਈ ਚਾਰਾ ਨਹੀਂ ਸੀ ਚਲਦਾ

ਦੇਖਿ ਦੇਖਿ ਹਿੰਦੂ ਸਭ ਹੋਹਿ ਦੁਖਜਾਰ ਭਾਰੇ
ਚਾਰਾ ਜੋਰ ਸਰਕਾਰ ਸੰਗ, ਕੋਊ ਨ ਬਨੇ ।
—ਗਿਆਨੀ ਗਿਆਨ ਸਿੰਘ ਜੀ

ਹੋਰ ਕੋਈ ਚਾਰਾ ਨ ਚਲਦਾ ਵੇਖਕੇ ਨਾਮਧਾਰੀ ਸਿੱਖਾਂ ਨੇ ਅੰਮ੍ਰਿਤਸਰ ਦੇ ਬੁੱਚੜਖਾਨੇ ਤੇ ਹਮਲਾ ਕਰਕੇ ਬੁੱਚੜਾਂ ਨੂੰ ਮਾਰ ਦਿੱਤਾ ਅਤੇ ਕਤਲ ਹੋਣ ਵਾਲੀਆਂ ਗਊਆਂ ਨੂੰ ਬੁੱਚੜ ਖਾਨੇ ਤੋਂ ਬਾਹਰ ਕੱਢ ਦਿੱਤਾ। ਪੋਲੀਸ (Police) ਨੇ ਅਪਣਾ ਪੂਰਾ ਜੋਰ ਲਾਇਆ ਪਰ ਅਸਲ ਦੋਸ਼ੀਆਂ ਦਾ ਪਤਾ ਨ ਲੱਗ ਸਕਿਆ। ਅੰਗਰੇਜ਼ੀ ਸਰਕਾਰ ਨੇ ਅਪਣੀ ਤੌਹੀਨ ਸਮਝਦਿਆਂ ਅਤੇ ਸਰਕਾਰੀ ਦਬਦਬੇ ਨੂੰ ਕਾਇਮ ਰਖਦਿਆਂ ੧੨ ਬੇਦੋਸ਼ਿਆਂ ਨੂੰ ਹੀ ਗਿਰਫ਼ਤਾਰ ਕਰ ਲਿਆ। ਇਨ੍ਹਾਂ ਬੇਦੋਸ਼ੀਆਂ ਨੂੰ, ਝੂਠਾ ਮੁਕਦਮਾ ਚਲਾ ਕੇ ਅਤੇ ਝੂਠੀਆਂ ਗਵਾਹੀਆਂ ਭੁਗਤਾ ਕੇ, ਫਾਂਸੀ ਦਾ ਹੁਕਮ ਸੁਣਾਇਆ ਗਿਆ।

ਫਾਂਸੀ ਦੀ ਤਾਰੀਕ ਆਉਣ ਤੋਂ ਪਹਿਲਾਂ ਹੀ ਅਸਲੀ ਨਾਮਧਾਰੀ ਦੋਸ਼ੀਆਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ, ਆਪ ਕਚਹਿਰੀ ਵਿਚ ਹਾਜ਼ਰ ਹੋ ਕੇ, ਅੰਗਰੇਜ਼ੀ ਸਰਕਾਰ ਦੇ ਇਨਸਾਫ ਦਾ ਪੋਲ ਖੋਲ੍ਹ ਕੇ ਉਨ੍ਹਾਂ ੧੨ ਬੇਦੋਸਿਆਂ ਨੂੰ ਛੁਡਾ ਦਿੱਤਾ ਅਤੇ ਆਪ ਫਾਂਸੀਆਂ ਤੇ ਲਟਕੇ।

ਕਸਤੂਰੀ ਲਾਲ- ਵਾਹ ਭਾਈ ਵਾਹ! ਆਫਰੀਨ ਹੈ ਇਨ੍ਹਾਂ ਸੂਰਮਿਆਂ ਨੂੰ। ਜਿਨ੍ਹਾਂ ਅੰਗਰੇਜ਼ੀ ਸਰਕਾਰ ਦੀ ਪਰਵਾਹ ਨ ਕਰਦਿਆਂ ਬੁੱਚੜਖਾਨੇ ਤੇ ਹਮਲਾ ਕਰਕੇ ਗਊਆਂ ਨੂੰ ਛੁਡਾਇਆ ਅਤੇ ਬੁੱਚੜਾਂ ਨੂੰ ਮਾਰਿਆ ਅਤੇ ਕਮਾਲ ਦੀ ਗੱਲ ਇਹ ਹੈ ਕਿ ਫੜੇ ਹੋਏ ਬੇਦੋਸਿਆਂ ਨੂੰ ਛੁਡਾ ਕੇ ਆਪ ਫਾਂਸੀਆਂ ਤੇ ਲਟਕੇ।

ਮਾਮੀ- ਪੁੱਤਰ ਇਸੇ ਤਰ੍ਹਾਂ ਰਾਏਕੋਟ ਦੇ ਬੁੱਚੜਖਾਨੇ ਤੇ ਵੀ ਕੁਝ ਕੁ ਨਾਮਧਾਰੀ ਸਿੱਖਾਂ ਨੇ ਹਮਲਾ ਕੀਤਾ ਅਤੇ ਗਊਆਂ ਨੂੰ ਛੁਡਾ ਕੇ ਆਪ ਫਾਂਸੀਆਂ ਤੇ ਲਟਕੇ।

ਕਸਤੂਰੀ ਲਾਲ- ਮਾਮੀ ਜੀ, ਫਿਰ ਤੇ ਇਹ ਨਾਮਧਾਰੀ ਸੱਚੇ ਗਊ ਭਗਤ ਨਿਕਲੇ।

ਮਾਮੀ- ਪੁੱਤਰ, ਤੂੰ ਆਪਣੇ ਆਪ ਨੂੰ ਬੜਾ ਗਊ ਭਗਤ ਸਮਝੀ ਬੈਠਾ ਹੈ। ਦਸ ਗਊ ਵਾਸਤੇ ਕੀ ਕੁਰਬਾਨੀ ਕੀਤੀ ਹਈ? ਨਿਰੀਆਂ ਗੱਲਾਂ ਹੀ ਕਰਦਾ ਹੈਂ। ਲੈ ਹੋਰ ਸੁਣ।

ਕਸਤੂਰੀ ਲਾਲ- ਸੁਣਾਓ, ਮਾਮੀ ਜੀ ਜ਼ਰੂਰ ਸੁਣਾਓ।

ਮਾਮੀ- ਪੁੱਤਰ, ਅੰਗਰੇਜ਼ੀ ਰਾਜ ਵਿਚ, ਮਲੇਰਕੋਟਲੇ, ਅੰਗਰੇਜ਼ਾਂ ਦੀ ਸ਼ਹਿ ਤੇ ਭੂਤਰੇ ਹੋਏ ਮੁਸਲਮਾਨ ਗਊਆਂ ਬੜੀਆਂ ਮਾਰਦੇ ਸਨ। ਅਪਣੇ ਆਪ ਨੂੰ ਵੱਡੇ ਗਊ ਭਗਤ ਕਹਿਲਾਉਣ ਵਾਲੇ ਹਿੰਦੂ ਤਾਂ ਚੁਪ ਕਰ ਰਹੇ ਪਰ ਇਕ ਸੌ ਤੋਂ ਉੱਤੇ ਨਾਮਧਾਰੀਆਂ ਦੇ ਇਕ ਜਥੇ ਨੇ, ਅੰਗਰੇਜ਼ੀ ਸਰਕਾਰ ਦੀ ਪਰਵਾਹ ਨ ਕਰਦਿਆਂ ਹੋਇਆਂ, ਮਲੇਰਕੋਟਲੇ ਉੱਤੇ ਹਮਲਾ ਕਰਕੇ ਬੁੱਚੜਾਂ ਨੂੰ ਮਾਰ ਦਿੱਤਾ ਅਤੇ ਬਾਕੀ ਦਿਆਂ ਮੁਸਲਮਾਨਾਂ ਨੂੰ ਭਜਾ ਦਿੱਤਾ। ਇਹ ਸੂਰਬੀਰ ਤੋਪਾਂ ਅਗੇ ਖਲਿਆਰ ਕੇ ਸ਼ਹੀਦ ਤਾਂ ਭਾਵੇਂ ਕੀਤੇ ਗਏ ਸਨ ਪਰ ਇਨ੍ਹਾਂ ਨੇ ਅੰਗਰੇਜ਼ੀ ਸਰਕਾਰ ਨੂੰ ਇਹ ਅਹਿਸਾਸ ਜ਼ਰੂਰ ਕਰਾ ਦਿੱਤਾ ਕਿ ਅਸੀਂ ਗਊਬਧ ਸਹਾਰ ਨਹੀਂ ਸਕਦੇ। ਪੁੱਤਰ, ਇਹ ਸੂਰਬੀਰ ਤਾਂ ਇਹ ਵੀ ਨਾਹਰਾ ਲਾਉਂਦੇ ਸਨ ਕਿ ਅਸੀਂ ਅੰਗਰੇਜ਼ੀ ਰਾਜ ਨਹੀਂ ਰਹਿਣ ਦੇਣਾ।

ਕਸਤੂਰੀ ਲਾਲ- ਵਾਹ ਭਾਈ ਵਾਹ! ਇਨ੍ਹਾਂ ਸੂਰਮਿਆਂ ਨੇ ਤਾਂ ਕਮਾਲ ਹੀ ਕਰ ਵਿਖਾਈ ਹੈ। ਇਕ ਪਾਸੇ ਗਊਬਧ ਦੇ ਖ਼ਿਲਾਫ਼ ਆਵਾਜ਼ ਉਠਾਈ ਹੈ ਅਤੇ ਦੂਜੇ ਪਾਸੇ ਆਜ਼ਾਦੀ ਦਾ ਨਾਹਰਾ ਵੀ ਲਾ ਦਿੱਤਾ। ਮਾਮੀ ਜੀ, ਇਤਿਹਾਸ ਦੇ ਇਨ੍ਹਾਂ ਛੁਪੇ ਹੋਇ ਹੀਰਿਆਂ ਦੀ ਸਾਖੀ ਸੁਣ ਕੇ ਮੈਨੂੰ ਯਕੀਨ ਹੋ ਗਿਆ ਕਿ ਸਿੱਖ ਤਾਂ ਪੂਰੇ ਪੂਰੇ ਗਊ ਭਗਤ ਹਨ। ਇਹ ਕਹਿਣੀ ਵਾਲੇ ਨਹੀਂ ਸਗੋਂ ਕਰਨੀ ਵਾਲੇ ਹਨ। ਅੱਛਾ ਮਾਮੀ ਜੀ, ਮੇਰੀ ਇਕ ਹੋਰ ਸ਼ੰਕਾ ਨਵਿਰਤ ਕਰੋ।

ਮਾਮੀ- ਕਿਹੜੀ ਸ਼ੰਕਾ?

ਕਸਤੂਰੀ ਲਾਲ- ਸਿੱਖ, ਸ੍ਰੀ ਭਗਵਾਨ ਰਾਮ ਚੰਦ੍ਰ ਜੀ ਮਹਾਰਾਜ ਅਤੇ ਸ੍ਰੀ ਭਗਵਾਨ ਕ੍ਰਿਸ਼ਨ ਜੀ ਮਹਾਰਾਜ ਨੂੰ ਕਿਉਂ ਨਹੀਂ ਮੰਨਦੇ?

ਮਾਮੀ- ਪੁੱਤਰ ਤੂੰ ਕੋਈ ਨ ਕੋਈ ਨਵੀਂ ਗੱਲ ਹੀ ਕਰ ਦੇਂਦਾ ਹੈਂ ਮੈਂ ਤੈਨੂੰ ਦੱਸਿਆ ਹੈ ਕਿ ਸਿੱਖ ਪੰਥ, ਹਿੰਦੂ ਧਰਮ ਦਾ ਇਕ ਫਿਰਕਾ ਹੈ। ਜਦ ਸਮੁੱਚਾ, ਹਿੰਦੂ ਧਰਮ, ਸ੍ਰੀ ਰਾਮ ਚੰਦ ਜੀ ਅਤੇ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਨੂੰ ਮੰਨਦਾ ਹੈ ਤਾਂ ਸਮਝ ਲਉ ਕਿ ਹਿੰਦੂ ਧਰਮ (Caste) ਦੇ ਸਾਰੇ ਫਿਰਕੇ (Sub Caste) ਇਨ੍ਹਾਂ ਨੂੰ ਮੰਨਦੇ ਹਨ ਪੁੱਤਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਇਨ੍ਹਾਂ ਅਵਤਾਰਾਂ ਦੀ ਕਥਾ ਬੜੀ ਵਿਸਥਾਰ ਵਿਚ, ਕਵਿਤਾ ਵਿਚ ਲਿਖੀ ਹੈ। ਸ੍ਰੀ ਰਾਮ ਚੰਦ੍ਰ ਜੀ ਦੀ ਸਾਰੀ ਕਥਾ ਲਿਖ ਕੇ ਅਖੀਰ ਤੇ ਲਿਖਿਆ ਹੈ:

ਦੋਹਰਾ

ਰਾਮ ਕਥਾ ਜੁਗ ਜੁਗ ਅਟਲ
ਸਭ ਕੋਊ ਭਾਖਤ ਨੇਤ॥
ਸੁਰਗ ਬਾਸੁ ਰਘੁਬਰ ਕਰਾ
ਸਗਰੀ ਪੁਰੀ ਸਮੇਤ॥

ਚੌਪਈ

ਜੋ ਇਹ ਕਥਾ ਸੁਨੈ ਅਰੁ ਗਾਵੈ।
ਦੂਖ ਪਾਪ ਤਿਹ ਨਿਕਟਿ ਨ ਆਵੈ॥
ਬਿਸਨ ਭਗਤਿ ਕੀ ਏ ਫਲ ਹੋਈ।

ਆਧਿ ਬਿਯਾਧਿ ਛ੍ਵੈ ਸਕੈ ਨ ਕੋਈ॥

ਇਸੇ ਤਰ੍ਹਾਂ ਭਗਵਾਨ ਸ੍ਰੀ ਕ੍ਰਿਸ਼ਨ ਚੰਦ੍ਰ ਮਹਾਰਾਜ ਜੀ ਦੀ ਕਥਾ ਦੇ ਅਖੀਰ ਤੇ ਇਹ ਲਿਖਿਆ ਹੈ:

ਜੋ ਉਪਮਾ ਬ੍ਰਿਜ ਨਾਥ ਕੀ ਗਾਇ ਹੈ,
ਅਉਰ ਕਬਿੱਤਨ ਬੀਚ ਕਰੈਗੋ॥
ਪਾਪਨ ਕੀ ਤੇਉ ਪਾਵਕ ਮੈ,
ਕਬਿ ਸਯਾਮ ਭਨੈ ਕਬਹੂ ਨ ਜਰੈ ਰੇ॥
ਚਿੰਤ ਸਭੈ ਮਿਟ ਹੈ ਜੁ ਰਹੀ ਛਿਨ ਮੈ,
ਤਿਨ ਕੇ ਅਘਬਿੰਦ ਟਰੈਗੋ॥
ਜੇ ਨਰ ਸਯਾਮ ਜੂ ਕੇ ਪਰਸੇ ਪਗ,
ਤੇ ਨਰ ਫੇਰ ਨ ਦੇਹ ਧਰੈਗੋ॥

ਪੁੱਤਰ, ਸ੍ਰੀ ਆਦਿ ਗ੍ਰੰਥ ਸਾਹਿਬ ਜੀ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਬਾਰੇ ਇਸ ਤਰ੍ਹਾਂ ਲਿਖਿਆ ਹੈ:

ਧਨਿ ਧੰਨਿ ਓ ਰਾਮ ਬੇਨੁ ਬਾਜੈ॥
ਮਧੁਰ ਮਧੁਰ ਧੁਨਿ ਅਨਹਤ ਗਾਜੈ॥੧॥ ਰਹਾਉ॥
ਧਨਿ ਧਨਿ ਮੇਘਾ ਰੋਮਾਲੀ॥
ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥੧॥
ਧਨਿ ਧਨਿ ਤੂ ਮਾਤਾ ਦੇਵਕੀ॥
ਜਿਹ ਗ੍ਰਿਹ ਰਮਈਆ ਕਵਲਾਪਤੀ॥੨॥
ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥
ਜਹ ਖੇਲੈ ਸ੍ਰੀ ਨਾਰਾਇਨਾ॥੩॥
ਬੇਨੁ ਬਜਾਵੈ ਗੋਧਨੁ ਚਰੈ॥
ਨਾਮੇ ਕਾ ਸੁਆਮੀ ਆਨਦ ਕਰੈ॥੪॥

ਕਸਤੂਰੀ ਲਾਲ– ਬਸ, ਬਸ ਮਾਮੀ ਜੀ, ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪ ਸ੍ਰੀ ਰਾਮ ਚੰਦ੍ਰ ਜੀ ਅਤੇ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਬਾਰੇ ਇਸ ਤਰ੍ਹਾਂ ਲਿਖਦੇ ਹਨ ਤਾਂ ਸਮਝੋ ਕਿ ਉਨ੍ਹਾਂ ਨੇ ਅਪਣੇ ਸਿੱਖਾਂ ਸੇਵਕਾਂ ਨੂੰ ਰਾਮਾਇਣ ਅਤੇ ਮਹਾਭਾਰਤ ਪੜ੍ਹਨ ਤੋਂ ਮਨ੍ਹਾ ਨਹੀਂ ਕੀਤਾ ਸਗੋਂ ਇਨ੍ਹਾਂ ਦਾ ਪੜ੍ਹਨਾ ਕਲਯਾਨਕਾਰੀ ਹੀ ਦੱਸਿਆ ਹੈ। ਹੋਰ ਜੋ ਕੋਈ ਸਿੱਖ ਇਨ੍ਹਾਂ ਨੂੰ ਨ ਮੰਨਣ ਦਾ ਪਰਚਾਰ ਕਰਦਾ ਹੈ ਤਾਂ ਮਨਮਤ ਹੀ ਕਰਦਾ ਹੈ।

ਮਾਮੀ– ਪੁੱਤਰ ਵੇਖ, ਰਾਮਾਇਣ ਵਿਚੋਂ ਕਿੰਨੀਆਂ ਸਿਖਿਆਵਾਂ ਮਿਲਦੀਆਂ ਹਨ ਜਿਵੇਂ ਕਿ ਸ੍ਰੀ ਰਾਮ ਚੰਦ੍ਰ ਜੀ ਦਾ ਮਾਤਾ ਪਿਤਾ ਜੀ ਦਾ ਆਗਿਆਕਾਰ ਹੋਣਾ। ਸ੍ਰੀ ਲਛਮਣ ਜੀ ਦਾ ਆਪਣੇ ਵਡੇ ਭਰਾ ਭਰਜਾਈ ਦੀ ਸੇਵਾ ਕਰਨ ਵਾਸਤੇ ਸ੍ਰੀ ਰਾਮ ਚੰਦ੍ਰ ਜੀ ਨਾਲ ਬਨਬਾਸ ਜਾਣਾ। ਮਾਤਾ ਸੀਤਾ ਜੀ ਦਾ ਅਤਿ ਸੰਕਟ ਸਮੇਂ ਵੀ ਪਤੀਬ੍ਰਤ ਧਰਮ ਕਾਇਮ ਰਖਣਾ, ਸ੍ਰੀ ਭਰਤ ਜੀ ਦਾ ਅਪਣੇ ਵੱਡੇ ਭਰਾ ਦੇ ਬਨਬਾਸ ਜਾਣ ਦੇ ਪਿਛੋਂ ਵੀ ਤਖ਼ਤ ਤੇ ਨ ਬਹਿਣਾ ਸਗੋਂ ਸ੍ਰੀ ਰਾਮ ਚੰਦ੍ਰ ਜੀ ਦੇ ਪਊਏ (ਖੜਾਵਾਂ) ਤਖ਼ਤ ਉੱਤੇ ਬੜੇ ਆਦਰ ਸਹਿਤ ਰਖਣੇ, ਭਰਤ ਜੀ ਦਾ ਅਪਣੇ ਵੱਡੇ ਭਰਾ ਦੀ ਬਰਾਬਰੀ ਨ ਕਰਦਿਆਂ ਹੋਇਆਂ ਧਰਤੀ ਤੋਂ ਵੀ ਨੀਵਾਂ ਗੜ੍ਹਾ ਖੋਦ ਕੇ ਬਿਰਾਜਨਾ। ਸ੍ਰੀ ਹਨੂਮਾਨ ਜੀ ਦੀ ਸੇਵਾ ਕਰਨੀ ਇਤਿਆਦਿ।

ਕਸਤੂਰੀ ਲਾਲ– ਮਾਮੀ ਜੀ, ਸੱਚ ਮੁੱਚ ਬਹੁਤ ਸਿਖਿਆਵਾਂ ਮਿਲਦੀਆਂ ਹਨ।

ਮਾਮੀ– ਪੁੱਤਰ, ਹੁਣ ਮੈਂ ਤੈਨੂੰ ਗਿਆਨ ਦੀ ਇਕ ਹੋਰ ਗੱਲ ਦਸਦੀ ਹਾਂ। ਸ੍ਰੀ ਕ੍ਰਿਸ਼ਨ ਚੰਦ੍ਰ ਜੀ ਮਹਾਰਾਜ ਜੀ ਨੇ ਲਿਖਿਆ ਹੈ :

ਯਦਾ ਯਦਾਹਿ ਧਰਮਸਜ ਗੱਲਾਨਿਰ ਭਵਤਿ ਭਾਰਤ।
ਅਭਯੁਤਥਾਨਮ ਧਰਮਸਜ ਤਦਾਤਮਾਨੰ ਸ੍ਰਿਜਾਮਜਹਮ।

ਭਾਵ ਇਹ ਹੈ ਜਦੋਂ ਜਦੋਂ ਵੀ ਧਰਮ ਦੀ ਹਾਨੀ ਹੁੰਦੀ ਹੈ ਅਤੇ ਅਧਰਮ ਦਾ ਵਾਧਾ ਹੁੰਦਾ ਹੈ ਉਦੋਂ ਉਦੋਂ ਹੀ ਮੈਂ ਕੋਈ ਨ ਕੋਈ ਸਰੀਰ ਧਾਰ ਕੇ ਪ੍ਰਗਟ ਹੁੰਦਾ ਹਾਂ ਇਸੇ ਖਿਆਲ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ:-

ਜਬ ਜਬ ਹੋਤ ਅਰਿਸਟ ਅਪਾਰਾ।
ਤਬ ਤਬ ਦੇਹ ਧਰਤ ਅਵਤਾਰਾ।

ਭਾਵ ਇਹ ਹੀ ਹੈ ਕਿ ਜਦੋਂ ਪਾਪ ਬਹੁਤ ਵਧ ਜਾਂਦੇ ਹਨ, ਉਦੋਂ ਅਕਾਲ ਪੁਰਖ ਕੋਈ ਨ ਕੋਈ ਸਰੀਰ ਧਾਰ ਕੇ ਪ੍ਰਗਟ ਹੁੰਦਾ ਹੈ।

ਦੀਨਨ ਕੀ ਰੱਛਾ ਨਿਮਿਤ ਕਰ ਹੈ ਆਪ ਉਪਾਇ॥
ਪਰਮ ਪੁਰਖ ਪਾਵਨ ਸਦਾ ਆਪ ਪ੍ਰਗਟ ਹੋ ਆਇ॥

ਅਕਾਲ ਪੁਰਖ ਜੀ ਅਪਣੀ ਮਰਯਾਦਾ ਕਾਇਮ ਰਖਦਿਆਂ ਸਤਿਜੁਗ ਵਿਚ ਬਾਵਨ ਅਵਤਾਰ ਧਾਰ ਕੇ ਅਪਣੇ ਦਾਸਾਂ ਦੀ ਰਖਿਆ ਕੀਤੀ, ਤ੍ਰੇਤੇ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਅਵਤਾਰ ਧਾਰ ਕੇ ਦੈਂਤਾਂ ਦਾ ਨਾਸ ਕੀਤਾ ਅਤੇ ਦੇਵਤਿਆਂ ਦੀ ਰਖਿਆ ਕੀਤੀ, ਦੁਆਪਰ ਵਿਚ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਦਾ ਅਵਤਾਰ ਧਾਰ ਕੇ ਕੰਸ ਨੂੰ ਸਾਥੀਆਂ ਸਮੇਤ ਸੰਘਾਰਿਆ ਅਤੇ "ਕਲਿ ਤਾਰਣ ਗੁਰ ਨਾਨਕ ਆਇਆ" ਅਨੁਸਾਰ ਕਲਿਜੁਗ ਵਿਚ ਜੀਵਾਂ ਦੇ ਸੁਧਾਰਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਪਰਗਟ ਹੋਏ:

ਸਤਿਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ॥
ਦੁਆਪੁਰਿ ਕ੍ਰਿਸਨ ਮੁਰਾਰਿ, ਕੰਸੁ ਕਿਰਤਾਰਥੁ ਕੀਓ॥
ਉਗ੍ਰ ਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ॥

ਭਾਵ ਇਹ ਹੈ ਕਿ ਧਰਮ ਦੀ ਜੈ ਕਰਨ ਖਾਤਰ ਅਕਾਲ ਪੁਰਖ ਆਪ ਹੀ ਸਮੇਂ ਸਮੇਂ ਸਿਰ ਸਰੀਰ ਧਾਰ ਕੇ ਇਸ ਸ੍ਰਿਸ਼ਟੀ ਤੇ ਆਉਂਦਾ ਰਹਿੰਦਾ ਹੈ। ਹਰ ਵਾਰ ਸਰੀਰ ਧਾਰਨ ਤੇ ਨਾਮ ਵੀ ਬਦਲੀ ਹੁੰਦਾ ਰਹਿੰਦਾ ਹੈ।

ਕਸਤੂਰੀ ਲਾਲ– ਮਾਮੀ ਜੀ, ਭਾਵ ਇਹ ਨਿਕਲਿਆ ਕਿ ਇਕੋ ਹੀ ਸ਼ਕਤੀ, ਸਰੀਰ ਅਤੇ ਨਾਮ ਬਦਲ ਕੇ ਆਉਂਦੀ ਰਹਿੰਦੀ ਹੈ।

ਮਾਮੀ– ਹਾਂ ਠੀਕ ਹੈ, ਇਕੋ ਹੀ ਸ਼ਕਤੀ ਦੇ ਨਾਮ ਬਦਲੀ ਹੁੰਦੇ ਰਹਿੰਦੇ ਹਨ ਕਦੇ ਸ੍ਰੀ ਰਾਮ ਚੰਦ੍ਰ ਜੀ, ਕਦੇ ਸ੍ਰੀ ਕ੍ਰਿਸ਼ਨ ਚੰਦ੍ਰ ਜੀ, ਕਦੇ

	ਸ੍ਰੀ ਸਤਿਗੁਰੂ ਨਾਨਕ ਦੇਵ ਜੀ ਕਦੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ, ਕਦੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਕਦੇ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ।
ਕਸਤੂਰੀ ਲਾਲ-	ਭਾਵ ਇਹ ਹੈ ਕਿ ਉਸ ਸ਼ਕਤੀ ਨੇ ਅਜਕਲ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵਾਲਾ ਸਰੀਰ ਧਾਰਿਆ ਹੋਇਆ ਹੈ। ਅੱਛਾ ਮਾਮੀ ਜੀ, ਕਦੀ ਮੈਂ ਪਾਪੀ ਨੂੰ ਵੀ ਉਨ੍ਹਾਂ ਦੇ ਦਰਸ਼ਨ ਨਸੀਬ ਹੋਣਗੇ?
ਮਾਮੀ-	ਕਿਉਂ ਨਹੀਂ, ਤੂੰ ਅਰਦਾਸ ਅਥਵਾ ਪ੍ਰਾਰਥਨਾ ਕਰਿਆ ਕਰ।
ਕਸਤੂਰੀ ਲਾਲ-	ਮਾਮੀ ਜੀ, ਮੈਨੂੰ ਅਰਦਾਸ ਕਰਨੀ ਤਾਂ ਆਉਂਦੀ ਨਹੀਂ।
ਮਾਮੀ-	ਪੁੱਤਰ, ਅਰਦਾਸ ਦਾ ਭਾਵ ਹੈ ਹਿਰਦੇ ਦੀ ਅਸਲੀ ਮੰਗ ।
ਕਸਤੂਰੀ ਲਾਲ-	ਫਿਰ ਵੀ ਕੁਝ ਨ ਕੁਝ ਤਾਂ ਦਸੋ।
ਮਾਮੀ-	ਤੇਰੀ ਸ਼ਰਧਾ ਕਿਸ ਤੇ ਹੈ?
ਕਸਤੂਰੀ ਲਾਲ-	ਸ੍ਰੀ ਕ੍ਰਿਸ਼ਨ ਭਗਵਾਨ ਜੀ ਤੇ।
ਮਾਮੀ-	ਕਦੀ ਉਨ੍ਹਾਂ ਦੇ ਦਰਸ਼ਨ ਵੀ ਹੋਏ ਹਨ ਕਿ ਨਹੀ?
ਕਸਤੂਰੀ ਲਾਲ-	ਅਹੁ ਵੇਖੋ, ਸਾਮ੍ਹਣੇ ਮੂਰਤੀ ਲਗੀ ਹੋਈ ਹੈ। ਹਰ ਰੋਜ਼, ਸਵੇਰੇ ਅਤੇ ਸ਼ਾਮ ਨੂੰ ਦੋਵੇਂ ਵੇਲੇ ਹੱਥ ਜੋੜ ਕੇ ਨਮਸਕਾਰ ਕਰਦਾ ਹਾਂ।
ਮਾਮੀ-	ਚੰਗੀ ਗੱਲ ਏ, ਪਰ ਮੇਰੇ ਪੁਛਣ ਦਾ ਭਾਵ ਹੈ ਕਿ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੇ ਕਦੇ ਪਰਤੱਖ ਦਰਸ਼ਨ ਵੀ ਹੋਏ ਹਨ ਕਿ ਨਹੀਂ।
ਕਸਤੂਰੀ ਲਾਲ-	ਮਾਮੀ ਜੀ ਜੇ ਸੱਚ ਪੁਛੋ ਤਾਂ ਕਦੇ ਵੀ ਨਹੀਂ ਹੋਏ। ਨਾਲੇ ਮੇਰੇ ਏਡੇ ਵੱਡੇ ਭਾਗ ਕਿਥੇ ਕਿ ਮੈਨੂੰ ਪਰਤੱਖ ਦਰਸ਼ਨ ਹੋਣ।
ਮਾਮੀ-	ਇਹ ਠੀਕ ਹੈ ਕਿ:

ਜਾ ਕਉ ਖੋਜਹਿ ਸਰਬ ਉਪਾਏ
ਵਡਭਾਗੀ ਦਰਸਨੁ ਕੋ ਵਿਰਲਾ ਪਾਏ॥

ਪਰ ਪੁੱਤਰ ਮੰਗ ਚੰਗੀ ਰਖਣੀ ਚਾਹੀਦੀ ਹੈ, ਪੂਰੀ ਕਰਨ ਵਾਲਾ ਆਪ ਪਰਮਾਤਮਾ ਹੈ। ਪਰਮਾਤਮਾ ਸਾਡੇ ਔਗੁਣ ਨਹੀਂ ਚਿਤਾਰਦਾ

ਅਵਗੁਣ ਕੀਤੇ ਹਰਿ ਨ ਚਿਤਾਰੇ॥

ਉਹ ਤਾਂ "ਗੋਬਿੰਦ ਭਾਉ ਭਗਤ ਦਾ ਭੁੱਖਾ" ਹੈ ਉਹ ਸਾਡੀ ਭਾਵਨਾ ਵੇਖਦਾ ਹੈ।

ਕਸਤੂਰੀ ਲਾਲ-	ਮਾਮੀ ਜੀ, ਹਾਂ ਤਾਂ ਪਾਮਰ ਹੀ, ਪਰ ਅਜ ਆਪ ਜੀ ਦੇ ਬਚਨ ਸੁਣ ਕੇ ਦਿਲ ਵਿਚ ਚਾਅ ਉਠਿਆ ਹੈ ਕਿ ਕਦੇ ਇਸ ਪਾਪੀ ਨੂੰ ਵੀ ਭਗਵਾਨ ਦੇ ਦਰਸ਼ਨ ਹੋਣ।
ਮਾਮੀ-	ਪੁੱਤਰ, ਅਸੀਂ ਜੀਵ ਤਾਂ ਸਾਰੇ ਹੀ ਭੁਲਣਹਾਰ ਹਾਂ

ਹਮਰੋ ਸਹਾਉ ਸਦਾ ਸਦ ਭੂਲਨ॥

ਤੂੰ ਇੰਵ ਕਰਿਆ ਕਰ ਕਿ ਦੋਵੇਂ ਹੱਥ ਜੋੜ ਕੇ ਇਕਾਗਰ ਹੋ ਕੇ ਆਖਿਆ ਕਰ—

ਹੇ ਸ੍ਰੀ ਕ੍ਰਿਸ਼ਨ ਭਗਵਾਨ ਜੀ! ਐਸ ਸਮੇਂ ਜਿਸ ਸਰੂਪ ਵਿਚ ਵੀ ਹੋ, ਕ੍ਰਿਪਾ ਕਰਕੇ ਉਸ ਦੇ ਦਰਸ਼ਨ ਬਖਸ਼ੋ।

ਕਸਤੂਰੀ ਲਾਲ-	ਮਾਮੀ ਜੀ, ਇਹ ਗੱਲ ਮੈਨੂੰ ਬੜੀ ਪਸੰਦ ਆਈ ਏ।
ਮਾਮੀ-	ਪੁੱਤਰ, ਇਹ ਗੱਲ ਵੀ ਯਾਦ ਰਖਣੀ ਚਾਹੀਦੀ ਹੈ ਕਿ ਭਗਵਾਨ ਢੰਡੋਰਾ ਫੇਰ ਕੇ ਨਹੀਂ ਆਉਂਦਾ ਉਹ ਅਛੋਪਲੇ ਹੀ ਆ ਜਾਂਦਾ ਹੈ। ਉਹ ਭੇਸ ਵਟਾ ਕੇ ਵੀ ਆ ਜਾਂਦਾ ਹੈ ਅਤੇ ਉਹ ਕੋਈ ਨ ਕੋਈ ਬਹਾਨਾ ਬਣਾ ਕੇ ਵੀ ਆ ਜਾਂਦਾ ਹੈ। ਉਸ ਦੀ ਮਾਇਆ ਬੜੀ ਪ੍ਰਬਲ ਹੈ। ਕਈ ਵਾਰੀ ਆ ਕੇ ਵੀ ਵਾਪਸ ਚਲਾ ਜਾਂਦਾ ਹੈ ਇਸ ਲਈ ਜਿਥੇ ਦਰਸ਼ਨ ਮੰਗਦੇ ਹਾਂ ਉਥੇ ਨਾਲ ਹੀ ਦਰਸ਼ਨ ਕਰਨ ਵਾਲੀਆਂ ਅੱਖਾਂ ਵੀ ਮੰਗਣੀਆਂ ਚਾਹੀਦੀਆਂ ਹਨ।
ਕਸਤੂਰੀ ਲਾਲ-	ਮਾਮੀ ਜੀ, ਤੁਹਾਡਾ ਬਹੁਤ ਬਹੁਤ ਧੰਨਵਾਦ। ਹੁਣ ਮੈਂ ਸਾਮ੍ਹਣੇ ਵਾਲੇ ਕਮਰੇ ਵਿਚ ਜਾਂਦਾ ਹਾਂ। ਉਥੇ ਮੇਰੇ ਦੋਸਤ ਮੇਰੀ ਉਡੀਕ ਕਰ ਰਹੇ ਹਨ। ਤੁਸੀਂ ਵੀ ਕੋਈ ਫਲ ਫਰੂਟ ਖਾਕੇ ਅਪਣਾ ਕੀਰਤਨ ਸ਼ੁਰੂ ਕਰੋ।

ਕਸਤੂਰੀ ਲਾਲ ਆਪਣੇ ਦੋਸਤਾਂ ਕੋਲ ਜਾਂਦਾ ਹੈ। ਉਥੇ ਪੰਜ ਛੇ ਦੋਸਤ ਬੈਠੇ ਹੋਇ ਸਨ। ਸਾਰਿਆਂ ਨੇ ਕਸਤੂਰੀ ਲਾਲ ਨੂੰ ਕਈ ਕਿਸਮ ਦੇ ਮਖ਼ੌਲ ਕੀਤੇ।

ਇਕ ਦੋਸਤ-	ਕਿਉਂ ਯਾਰ ਅਜ ਮਾਮੀ ਨਾਲ ਕੀ ਗਿਆਨ ਚਰਚਾ ਹੋਈ ਹੈ?
ਦੂਜਾ ਦੋਸਤ-	ਯਾਰ ਮੈਨੂੰ ਇਹ ਦਸ, ਤੂੰ ਵਿਆਹ ਕਰਾਉਣਾ ਹੈ ਜਾਂ ਸਾਧੂ ਬਣਨਾ ਹੈ?
ਤੀਜਾ ਦੋਸਤ-	ਤੈਨੂੰ ਅਜ ਕਲ ਹਦਾਇਤਨਾਮਾ ਖਾਵੰਦ ਪੜ੍ਹਨਾ ਚਾਹੀਦਾ ਹੈ।
ਚੌਥਾ ਦੋਸਤ-	ਮਾਲਾ ਫੇਰਨ ਵਾਸਤੇ ਹਾਲੀ ਬੜੀ ਉਮਰ ਹੈ। ਐਵੇਂ ਨ ਇਸੇ ਉਮਰੇ ਮਾਲਾ ਫੇਰਨ ਵਾਲੇ ਝੰਝਟ ਵਿਚ ਪਈਂ।
ਪੰਜਵਾਂ ਦੋਸਤ-	ਤੇਰੀ ਮਾਮੀ ਤਾਂ ਬੁੱਢੀ ਹੋ ਗਈ ਹੈ। ਉਹ ਆਪ ਤਾਂ ਗਿਰਸਤ ਦੇ ਧੰਧਿਆਂ ਤੋਂ ਵੇਹਲੀ ਹੋ ਗਈ ਹੈ, ਤੈਨੂੰ ਨੌਜਵਾਨ ਨੂੰ ਹੀ ਭਗਤੀ ਵਲ ਲਾਉਣਾ ਚਾਹੁੰਦੀ ਹੈ।

ਕਸਤੂਰੀ ਲਾਲ ਸਾਰਿਆਂ ਦੀਆਂ ਗੱਲਾਂ ਸੁਣ ਕੇ ਹੱਸ ਛੱਡਦਾ। ਕਈ ਹੋਰ ਦੋਸਤ ਅਤੇ ਰਿਸ਼ਤੇਦਾਰ ਵੀ ਆ ਗਏ, ਸਭ ਕੁਰਸੀਆਂ ਤੇ ਬਹਿੰਦੇ ਗਏ। ਇਕ ਪਾਸੇ ਇਕ ਮੇਜ਼ ਉੱਤੇ ਕਈ ਪਰਕਾਰ ਦੀਆਂ ਮਿਠਿਆਈਆਂ ਸਮੋਸੇ, ਪਕੌੜ ਆਦਿ ਵੱਖੋ ਵੱਖ ਥਾਲਾਂ ਵਿਚ ਪਏ ਹੋਇ ਸਨ। ਪੀਣ ਵਾਸਤੇ ਕੋਕਾ ਕੋਲਾ ਅਤੇ ਪੇਪਸੀ ਕੋਲਾ ਦੀਆਂ ਬੋਤਲਾਂ ਬਰਫ਼ ਦੇ ਇਕ ਟੱਬ ਵਿਚ ਪਈਆਂ ਹੋਈਆਂ ਸਨ। ਗਰਮ ਚਾਹ ਦੀ ਇਕ ਬਾਲਟੀ ਵੀ ਮੇਜ ਉੱਤੇ ਰਖੀ ਹੋਈ ਸੀ। ਪਲਾਸਟਿਕ ਦੇ ਗੱਲਾਸ ਅਤੇ ਪਲੇਟਾਂ ਵੀ ਮੇਜ਼ ਦੇ ਇਕ

ਪਾਸੇ ਪਈਆਂ ਹੋਈਆਂ ਸਨ। ਜਿੰਨਾ ਕੋਈ ਮਰਜ਼ੀ ਅਤੇ ਜਿਹੜੀ ਕੋਈ ਮਰਜ਼ੀ ਚੀਜ਼ ਖਾਏ ਪੀਏ।

ਇਕੋ ਮੇਜ਼ ਤੇ ਬੈਠੇ ਹੋਇ ਕਸਤੂਰੀ ਲਾਲ ਨੇ ਅਪਣੇ ਇਕ ਸਿੱਖ ਦੋਸਤ ਨੂੰ ਹੌਲੀ ਜਿਹਾ ਕਿਹਾ ਕਿ ਅਜ ਮੈਨੂੰ ਮਾਮੀ ਜੀ ਨੇ ਇਕ ਬੜੇ ਗਿਆਨ ਵਾਲੀ ਗੱਲ ਦੱਸੀ ਹੈ ਕਿ ਅਪਣੇ ਦਾਸਾਂ ਦੀ ਰਖਿਆ ਕਰਨ ਖਾਤਰ ਪਰਮਾਤਮਾ ਕਦੇ ਕੋਈ ਸਰੀਰ ਧਾਰ ਕੇ ਆਉਂਦਾ ਹੈ ਅਤੇ ਕਦੇ ਕੋਈ ਸਰੀਰ ਧਾਰ ਕੇ, ਤ੍ਰੇਤੇ ਜੁਗ ਵਿਚ ਸ੍ਰੀ ਰਾਮ ਚੰਦ੍ਰ ਜੀ ਦਾ ਸਰੀਰ ਧਾਰਿਆ ਸੀ, ਦੁਆਪਰ ਵਿਚ ਸ੍ਰੀ ਕ੍ਰਿਸ਼ਨ ਭਗਵਾਨ ਜੀ ਦਾ ਸਰੀਰ ਧਾਰਿਆ ਸੀ ਅਤੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਰੀਰ ਧਾਰਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਤੇ ਬਹਿਣ ਵਾਲੇ ਸਾਰੇ ਗੁਰੂਆਂ ਦੇ ਸਰੀਰ ਭਾਵੇਂ ਵੱਖਰੇ ਵੱਖਰੇ ਹਨ ਪਰ ਉਨ੍ਹਾਂ ਦੀ ਜੁਗਤਿ ਮਰਯਾਦਾ ਸਭ ਇਕੋ ਜਿਹੀ ਹੈ। ਇਹ ਸਾਰੇ ਸਰੀਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਪਣੇ ਹੀ ਹਨ ਸਿਰਫ ਨਾਮ ਹੀ ਵੱਖਰੇ ਵੱਖਰੇ ਹਨ।

ਇਹ ਸੁਣ ਕੇ ਉਸ ਸਿੱਖ ਦੋਸਤ ਨੇ ਕਿਹਾ ਕਿ ਇਹ ਬਿਲਕੁਲ ਠੀਕ ਹੈ। ਪਰਮਾਤਮਾ ਜਿਹੜਾ ਮਰਜ਼ੀ ਸਰੀਰ ਧਾਰ ਕੇ ਆਵੇ ਇਹ ਉਹਦੀ ਮਰਜ਼ੀ ਹੈ। ਅਸੀਂ ਐਵੇਂ ਹੀ ਪਰਮਾਤਮਾ ਉੱਤੇ ਅਪਣਾ ਅਪਣਾ ਕਬਜ਼ਾ ਜਮਾ ਬਹਿੰਦੇ ਹਾਂ ਅਤੇ ਪਰਮਾਤਮਾ ਦੇ ਬਦਲੇ ਹੋਇ ਸਰੀਰ ਅਥਵਾ ਬਦਲੇ ਹੋਇ ਨਾਮ ਨੂੰ ਸੁਣ ਕੇ ਹੀ ਇਕ ਦੂਜੇ ਦੇ ਗੱਲ ਪੈਂਦੇ ਹਨ। ਇਹ ਸਾਡੀ ਭੁਲ ਹੈ। ਇਹੀ ਭੁਲ ਵੱਡੇ ਵੱਡੇ ਜੰਗਾਂ ਜੁੱਧਾਂ ਦਾ ਕਾਰਣ ਹੈ।

ਜਦੋਂ ਕਸਤੂਰੀ ਲਾਲ ਨੇ ਵੇਖਿਆ ਕਿ ਸਿੱਖ ਹੁੰਦਿਆਂ ਵੀ ਇਸ ਨੇ ਕੋਈ ਗੁੱਸਾ ਨਹੀਂ ਮਨਾਇਆ ਜਾਂ ਕੋਈ ਇਤਰਾਜ਼ ਨਹੀਂ ਕੀਤਾ ਤਾਂ ਕਸਤੂਰੀ ਲਾਲ ਨੇ ਕਹਿਆ, ਦੋਸਤਾ, ਮੈਨੂੰ ਮਾਮੀ ਜੀ ਨੇ ਇਹ ਵੀ ਕਹਿਆ ਹੈ ਕਿ ਤੂੰ ਹੱਥ ਜੋੜ ਕੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਅਗੇ ਬੇਨਤੀ ਕਰਿਆ ਕਰ ਹੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਐਸ ਸਮੇਂ ਜਿਸ ਸਰੂਪ ਵਿਚ ਵੀ ਹੋ ਕ੍ਰਿਪਾ ਕਰਕੇ ਉਸਦੇ ਦਰਸ਼ਨ ਬਖਸ਼ੋ।

ਇਹ ਸੁਣ ਕੇ ਉਸ ਸਿੱਖ ਦੋਸਤ ਨੇ ਕਿਹਾ ਕਿ ਇਹ ਤਾਂ ਬੜੀ ਵਧੀਆ ਗੱਲ ਹੈ ਇਹ ਅਰਦਾਸ ਤਾਂ ਸਾਨੂੰ ਸਾਰਿਆਂ ਨੂੰ ਅਪਣੇ ਅਪਣੇ ਇਸ਼ਟ ਅਗੇ ਕਰਨੀ ਚਾਹੀਦੀ ਹੈ।

ਇਸ ਕਮਰੇ ਵਿਚ ਤਾਂ ਖਾਣਾ ਪੀਣਾ ਹੋ ਰਿਹਾ ਸੀ ਅਤੇ ਦੂਜੇ ਕਮਰੇ ਵਿਚ ਜਨਾਨੀਆਂ ਨੇ ਕੀਰਤਨ ਸ਼ੁਰੂ ਕਰ ਦਿੱਤਾ। ਪਹਿਲਾਂ ਤਾਂ ਹੱਸੀ ਠੱਠੇ ਵਾਲੇ ਹੀ ਗੀਤ ਪੜ੍ਹਦੀਆਂ ਸਨ ਪਰ ਪਤਾ ਨਹੀਂ ਇਕ ਬੀਬੀ ਦੇ ਮਨ ਵੀ ਕੀ ਆਇਆ ਕਿ ਉਹਨੇ ਬੜੀ ਉਚੀ ਸੁਰ ਵਿਚ ਇਹ ਪੜ੍ਹਨਾ ਸ਼ੁਰੂ ਕਰ ਦਿਤਾ

ਇਕ ਛਿਨ ਦਰਸ ਦਿਖਾਲ
ਇਕ ਛਿਨ ਦਰਸ ਦਿਖਾਲ
ਸਗਲ ਭਵਨ ਕੇ ਨਾਇਕਾ,
ਇਕੁ ਛਿਨੁ ਦਰਸੁ ਦਿਖਾਇ ਜੀ

ਸ਼ਬਦ ਪੜ੍ਹਨ ਵਾਲੀਆਂ ਬੜੀਆਂ ਬੀਬੀਆਂ ਨੇ ਉਸ ਬੀਬੀ ਦਾ ਸਾਥ ਦਿੱਤਾ। ਢੋਲਕੀ ਬੜੀ ਸੁਹਣੀ ਵਜ ਰਹੀ ਸੀ, ਛੈਣੇ ਅਤੇ ਇਕ ਚਿਮਟਾ ਵੀ ਵਜ ਰਿਹਾ ਸੀ। ਸ਼ਬਦ ਦਾ ਬੜਾ ਹੀ ਰੰਗ ਬਣਿਆ। ਉਸ ਬੀਬੀ ਬੜੇ ਢੁਕਵੇਂ ਪ੍ਰਮਾਨ ਦੇ ਕੇ ਪਰਮਾਤਮਾ ਅਗੇ ਤਰਲੇ ਕੀਤੇ ਕਿ ਹੇ—

ਸਗਲ ਭਵਨ ਕੇ ਨਾਇਕਾ "ਇਕ ਛਿਨ ਦਰਸ ਦਿਖਾਲ"

ਇਹ ਸ਼ਬਦ ਹਾਲੀ ਪੜ੍ਹਿਆ ਹੀ ਜਾ ਰਿਹਾ ਸੀ ਕਿ ਕਸਤੂਰੀ ਲਾਲ ਦੀ ਮਾਤਾ ਜੀ ਨੇ ਪਰਸਾਦ ਵਜੋਂ ਇਕ ਵੱਡਾ ਥਾਲ ਬਰਫੀ ਦਾ ਭਰਿਆ ਹੋਇਆ ਅਤੇ ਇਕ ਬੜੇ ਸੁਹਣੇ ਰੁਮਾਲ ਨਾਲ ਕੱਜਿਆ ਹੋਇਆ ਸ੍ਰੀ ਕ੍ਰਿਸ਼ਨ ਭਗਵਾਨ ਜੀ ਦੀ ਮੂਰਤੀ ਅਗੇ ਇਕ ਚੌਕੀ ਉੱਤੇ ਲਿਆ ਰਖਿਆ। ਜਦੋਂ ਇਹ ਸ਼ਬਦ ਖ਼ਤਮ ਹੋ ਗਿਆ ਤਾਂ ਸਾਰੀਆਂ ਬੀਬੀਆਂ ਨੇ ਮਿਲ ਕੇ ਬੜੇ ਪ੍ਰੇਮ ਨਾਲ ਇਹ ਸ਼ਬਦ ਪੜ੍ਹਨਾ ਸ਼ੁਰੂ ਕਰ ਦਿੱਤਾ।

ਆਵਹੁ ਭੋਗ ਲਗਾਵਹੁ ਮੇਰੇ ਸ਼ਾਮ ਜੀ।

ਹਾਲੀ ਇਹ ਸ਼ਬਦ ਪੜ੍ਹਿਆ ਹੀ ਜਾ ਰਿਹਾ ਸੀ ਕਿ ਬੰਗਲੇ ਦੇ ਬਾਹਰਲੇ ਦਰਵਾਜੇ ਤੇ ਖਲੋਤਾ ਹੋਇਆ ਪਹਿਰੇਦਾਰ, ਭੱਜਾ ਭੱਜਾ ਆਇਆ ਅਤੇ ਕੀਰਤਨ ਵਾਲੇ ਕਮਰੇ ਦੀ ਦਹਲੀਜ਼ ਤੇ ਖਲੋ ਕੇ ਉੱਚੀ ਉੱਚੀ ਆਖਣ ਲਗ ਪਿਆ, ਸੇਠਾਣੀ ਜੀ! ਸੇਠਾਣੀ ਜੀ। ਗੁਰੂ ਜੀ ਆ ਗਏ, ਗੁਰੂ ਜੀ ਆ ਗਏ।

ਪਹਿਰਦਾਰ ਦੀ ਉੱਚੀ ਆਵਾਜ਼ ਸੁਣ ਕੇ ਖਾਣ ਪੀਣ ਵਾਲੇ ਕਮਰੇ ਵਿਚੋਂ ਸਾਰੇ ਉਥੇ ਆ ਗਏ, ਕਸਤੂਰੀ ਲਾਲ ਨੇ ਪਹਿਰੇਦਾਰ ਨੂੰ ਪੁੱਛਿਆ—ਅਰੇ ਕੌਣ ਸੇ ਗੁਰੂ?

ਪਹਿਰਦਾਰ ਨੇ ਕਿਹਾ- ਜੀ, ਉਹ ਜੋ ਗੋਲ ਗੋਲ ਸਫੈਦ ਪਗੜੀ ਬਾਂਧਤੇ ਹੈਂ ਜਿਨ ਕੋ ਸਿੱਖ, ਗੁਰੂ ਜੀ ਮਾਨਤੇ ਹੈਂ।

ਕਸਤੂਰੀ ਲਾਲ ਨੇ ਬੜੀ ਹੈਰਾਨੀ ਜ਼ਾਹਰ ਕਰਦਿਆਂ ਕਿਹਾ-

ਹੈਂ ! ਸੱਚ ਮੁਚ ਆ ਗਏ ਹਨ! ਅਸਾਂ ਤਾਂ ਹੁਣੇ ਹੀ ਉਨ੍ਹਾਂ ਨੂੰ ਯਾਦ ਕੀਤਾ ਸੀ। ਵਾਹ ਭਈ ਵਾਹ! ਇਹ ਤਾਂ ਝਟ ਪਟ ਅਛੋਪਲੇ ਹੀ ਆ ਗਏ ਹਨ। ਇੰਨਾ ਕਹਿੰਦਿਆਂ ਸਾਰ ਕਸਤੂਰੀ ਲਾਲ ਅਤੇ ਕਈ ਦੋਸਤ ਅਤੇ ਕਈ ਬੀਬੀਆਂ ਨੰਗੀ ਪੈਰੀਂ ਭੱਜੀਆਂ ਭੱਜੀਆਂ ਵਡੇ ਗੇਟ ਵਲ ਗਈਆਂ ਅਗੇ ਇਕ ਕਾਰ ਖਲੋਤੀ ਹੋਈ ਸੀ। ਉਸ ਕਾਰ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੱਥ ਵਿਚ ਮਾਲਾ ਫੜੀ ਬੈਠੇ ਸਨ। ਨਾਲ ਛੇ ਸੇਵਕ ਸਨ। ਹਰਭਜਨ ਕੌਰ ਅਤੇ ਉਸ ਦੀ ਮਾਤਾ ਨੇ ਬੜੇ ਚਾਅ ਨਾਲ, ਕਾਰ ਵਿਚ ਬੈਠਿਆਂ ਦੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਵੈਰਾਗੀ ਹਾਲਤ ਵਿਚ ਕਿਹਾ ਤੁਸਾਂ ਬੜੀ ਕ੍ਰਿਪਾ ਕੀਤੀ ਹੈ ਜੋ

ਕਸਤੂਰੀ ਲਾਲ ਅਤੇ ਕਈ ਦੋਸਤ ਅਤੇ ਕਈ ਬੀਬੀਆਂ ਨੰਗੀ ਪੈਰੀਂ ਭੱਜੀਆਂ ਭੱਜੀਆਂ ਵਡੇ ਗੇਟ ਵਲ ਗਈਆਂ ਅਗੇ ਇਕ ਕਾਰ ਖਲੋਤੀ ਹੋਈ ਸੀ। ਉਸ ਕਾਰ ਵਿਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਹੱਥ ਵਿਚ ਮਾਲਾ ਫੜੀ ਬੈਠੇ ਸਨ। ਨਾਲ ਛੇ ਸੇਵਕ ਸਨ। ਹਰਭਜਨ ਕੌਰ ਅਤੇ ਉਸ ਦੀ ਮਾਤਾ ਨੇ ਬੜੇ ਚਾਅ ਨਾਲ, ਕਾਰ ਵਿਚ ਬੈਠਿਆਂ ਦੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕਿਆ ਅਤੇ ਵੈਰਾਗੀ ਹਾਲਤ ਵਿਚ ਕਿਹਾ ਤੁਸਾਂ ਬੜੀ ਕ੍ਰਿਪਾ ਕੀਤੀ ਹੈ ਜੋ ਸਾਨੂੰ ਗਰੀਬਾਂ ਨੂੰ ਦਰਸ਼ਨ ਦਿੱਤੇ ਹਨ।

ਸਾਨੂੰ ਗਰੀਬਾਂ ਨੂੰ ਦਰਸ਼ਨ ਦਿੱਤੇ ਹਨ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਅਸੀਂ ਜਾ ਤੇ ਕਿਸੇ ਹੋਰ ਥਾਂ ਤੇ ਰਹੇ ਸਾਂ ਪਰ ਖਿਆਲ ਆਇਆ ਕਿ ਰਾਹ ਵਿਚ ਬੀਬੀਆਂ ਦੇ ਦਰਸ਼ਨ ਕਰ ਜਾਈਏ। ਘਰ ਦਾ ਤਾਂ ਪਤਾ ਨਹੀਂ ਸੀ, ਪੁੱਛਦੇ ਪੁੱਛਦੇ ਇਥੇ ਆ ਗਏ ਹਾਂ। ਮਿਠ ਬੋਲੜੇ ਸੁਆਮੀ ਜੀ ਦੇ ਬਚਨ ਸੁਣਦਿਆਂ ਸਾਰ ਹੀ ਮਾਇਆ ਦੇਈ (ਕਸਤੂਰੀ ਲਾਲ ਦੀ ਮਾਮੀ) ਮਸਤਾਨੀ ਹੋ ਗਈ ਅਤੇ ਉੱਚੀ ਉੱਚੀ ਕਹਿਣ ਲਗੀ 'ਵੇ ਕਸਤੂਰੀ ਲਾਲ, ਵੇਖ ਦਰਸ਼ਨ ਦੇਣ ਲਈ ਭਗਵਾਨ ਬਹਾਨਾ ਬਣਾ ਕੇ ਆ ਗਏ ਹਨ। ਕਸਤੂਰੀ ਲਾਲ ਚਾਅ ਦੇ ਭਰੇ ਹੋਇ ਨੇ ਆਖਿਆ:

ਇਹ ਤਾਂ ਕ੍ਰਿਸ਼ਨ ਭਗਵਾਨ ਜੀ ਆਪ ਆ ਗਏ ਹਨ ਇਹ ਤਾਂ ਸੱਚ ਮੁੱਚ "ਕਲਿਜੁਗ ਦੇ ਭਗਵਾਨ" ਹਨ।

ਪਿਛੇ ਲਿਖੀ ਗਈ ਸਾਖੀ ਸੰਨ ੧੯੫੩ ਦੀ ਹੈ ਉਦੋਂ ਪਹਿਰਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸੀ ਪਰ ਹੁਣ ਪਹਿਰਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੈ।

ਹਾਜਰ ਭਗਵਾਨ

(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ)

ਨਿਰਗੁਨ ਅਤੇ ਸਰਗੁਨ ਦੋਨੋ ਏਕ ਜਾਣੋ,
ਵਿਚ ਭੇਦ ਨਾਹੀਂ ਇਕ ਤਾਰ ਦਾ ਏ।
ਜਦੋਂ ਧਾਰੀ ਹੁੰਦੀ ਆਪਨ ਸੁੰਨ ਸਮਾਧ,
ਤਦੋਂ ਕਰਮ ਨੂੰ ਕਉਨ ਬੀਚਾਰਦਾ ਏ।
ਚਿਤ੍ਰ ਗੁਪਤ ਕਿਸੁ ਪੂਛਤ ਲੇਖਾ,
ਜਦ ਹੋਵੇ ਨ ਰੂਪ ਕਰਤਾਰ ਦਾ ਏ।
ਨਿਰਗੁਣੀ ਦਾ ਹੋਵੇ ਨ ਕਦੇ ਦਰਸ਼ਨ,
ਗੁਣ ਵਾਲਾ ਹੀ ਰੂਪ ਨੂੰ ਧਾਰਦਾ ਏ।

ਬ੍ਰਹਮ ਨਿਰਗੁਣੋਂ ਜਦ ਸਰਗੁਣੀ ਹੋਵੇ,
ਤਦੋਂ ਰੂਪ ਸਤਿਗੁਰੂ ਦਾ ਧਾਰਦਾ ਏ।
ਉਦੋਂ ਦਰਸ਼ਨਾਂ ਦੀ ਮੰਗ ਕਰੇ ਪੂਰੀ,
ਨਾਲੇ ਸਭਸ ਦੇ ਕਾਜ ਸਵਾਰਦਾ ਏ।
ਗੁਰੂ ਆਪ ਗੋਪਾਲ ਤੇ ਹੈ ਗੋਬਿੰਦ
ਸਤਿਗੁਰੂ ਹੀ ਰੂਪ ਕਰਤਾਰ ਦਾ ਏ।
ਗੁਰੂ ਦਇਆਲ ਤੇ ਬਖਸ਼ਿੰਦ ਗੁਰੂ ਹੈ,
ਗੁਰੂ ਕੋਟ ਪਤਿਤ ਉਧਾਰਦਾ ਏ।

ਸਤਿਜੁਗ ਤ੍ਰੇਤਾ ਦੁਆਪਰ ਤਿੰਨੋ ਜੁਗ ਬੀਤੇ,
ਕਲੀ ਆਪਣਾ ਰਾਜ ਪਸਾਰਦਾ ਏ।
ਤਦੋਂ ਨਾਨਕ ਨੇ ਰਾਜ ਚਲਾਇਆ ਆ ਕੇ,
ਨੀਂਵ ਸੱਚ ਤੇ ਕੋਟ੍ਰ ਉਸਾਰਦਾ ਏ।
ਬਾਜਾਂ ਵਾਲੜਾ ਹੈ ਦਸਮੇਸ਼ ਸਤਿਗੁਰੂ,
ਜੋ ਔਰੰਗੇ ਦਾ ਰਾਜ ਉਖਾੜਦਾ ਏ।
ਗੁਪਤ ਗਿਆਰਵਾਂ ਖੇਲਦਾ ਰਹਿਆ ਹਜ਼ਰੋਂ,
ਜੋ ਕੁਇਕੁ ਪਾਰ ਉਤਾਰਦਾ ਏ।

ਦੁਆਦਸ ਪੁਰਖੁ ਹੈ ਆਦਿ ਸਤਿਗੁਰੂ ਮੇਰਾ,
ਸਿਰਮੌਰ ਜੁ ਸਭਸ ਸਰਕਾਰ ਦਾ ਏ।
ਜਾਮਾ ਜੋਤ ਕਾ ਹਰੀ ਹਰਿ ਸਤਿਗੁਰੂ ਹੈ
ਜਿਹੜਾ ਟੁੱਟੀਆਂ ਗੰਢ ਸਵਾਰਦਾ ਏ।
ਜੱਸ ਜੀਵਨ ਪਰਤਾਪ ਹੈ ਸਤਿਗੁਰੂ ਦਾ
ਸੁਚ ਸੋਧ ਰਿਹਾ ਪਰਚਾਰਦਾ ਏ।
ਨਾਮ ਬਾਣੀ ਦਾ ਦੇ ਕੇ ਖੂਬ ਫੱਟਾ
ਜਿਹੜਾ ਪਾਪੀਆਂ ਪਾਰ ਉਤਾਰਦਾ ਏ।
ਮਾਲਿਕ ਪਹਿਰੇ ਦਾ ਹੈ ਜਗਜੀਤ ਸਤਿਗੁਰੂ,
ਹੁਣ ਤਾਂ ਇਹੋ ਹੀ ਧਰਮ ਪਰਚਾਰਦਾ ਏ।
ਦਾਤਾ ਰਿੱਧੀਆਂ ਸਿੱਧੀਆਂ ਰਹਿਮਤਾਂ ਦਾ,
ਵਿਗੜੇ ਕਾਜ ਵੀ ਏਹੋ ਸਵਾਰਦਾ ਏ।
ਨਾਮ ਇਹਦਾ ਹੈ ਰਤਨ ਗੋਪਾਲ ਸੁਆਮੀ,
ਕਾਮ ਪੈਨਾਂ ਇਹ ਲੱਖਾਂ ਹੀ ਚਾਰਦਾ ਏ।
ਅਨਿਕ ਤੁਰੰਗ ਕੁਰੰਗ ਸੇ ਕੂਦਤ ਹੈਂ
ਇਹੋ ਪਉਨ ਕੇ ਗਉਨ ਨਿਵਾਰਦਾ ਏ।
ਪਿਤਾ ਜਿਹਾ ਪਰਵਾਨ ਇਹ ਸਤਿਗੁਰੂ ਹੈ,
ਰਾਹ ਧਰਮ ਦਾ ਇਹੋ ਪਰਚਾਰਦਾ ਏ।
ਜਤੁ ਸਤੁ ਸੰਜਮੁ ਲੈ ਕੇ ਨਾਲ ਆਇਆ,
ਮੁਚੁ ਗਰੂਰ ਤੇ ਗਰਬ ਨਿਵਾਰਦਾ ਏ।
ਅਟੱਲੁ ਅਥਾਹੁ ਅਤੋਲੁ ਬੇਅੰਤ ਹੈ ਇਹ,
ਇਹੁ ਦਇਆ ਦੀ ਖੜਗ ਨੂੰ ਧਾਰਦਾ ਏ।
ਝਖੜਿ ਵਾਉ ਨ ਡੋਲਦੀ ਵੇਖ ਲਿਆ,
ਵਾਂਙ ਪਰਬਤ ਦੇ ਚਿੱਤ ਖਲਿਹਾਰਦਾ ਏ।
ਭਲੇ ਭਲੇ ਕਰ ਮੰਨੀਅਨਿ ਤਕ ਲਏ ਨੇ,
ਇਹ ਤਾਂ ਬੁਰਿਆਂ ਦੇ ਕਾਜ ਸਵਾਰਦਾ ਏ।
ਸੁਤ ਅਪਰਾਧ ਕਰਤ ਹੈ ਜੇਤੇ, ਵਾਂਙ
ਜਨਨੀ ਚਿੱਤ ਨ ਧਾਰਦਾ ਏ।
ਜੋ ਸਰਣਿ ਆਵੈ ਤਿਸੁ ਕੰਠਿ ਲਾਵੈ,
ਸਦਾ ਆਪਣਾ ਬਿਰਦੁ ਸੰਭਾਰਦਾ ਏ।
ਕਿਆ ਗੁਣ ਤੇਰੇ ਮੈਂ ਸਾਰ ਸਮਾਲ ਸਕਾਂ,
ਫਾਨੀ ਜੀਵ ਵਿਸ਼ਾਲ ਸੰਸਾਰ ਦਾ ਏ।
ਰੂਪ ਅਤੇ ਅਨੂਪ ਜਗਜੀਤ ਸਤਿਗੁਰ,
ਕੇਵਲ ਗੁਰਮਤ ਹੀ ਜੋ ਧਾਰਦਾ ਏ।
ਜਿਸੁ ਬਖਸ਼ੇ ਦਰਸਨ ਦਇਆ ਕਰ,
ਮਲ ਜਨਮਾਂ ਦੀ ਇਹ ਟਾਰਦਾ ਏ।
ਰੋਗ ਸੋਗ ਅੰਦੇਸੇ ਸਭ ਮੇਟ ਦੇਵੇ,
ਇਹ ਤਾਂ ਨਦਰੀ ਨਦਰਿ ਨਿਹਾਰਦਾ ਏ।
ਬੱਜਰ ਪਾਪ ਵੀ ਇਹ ਬਖਸ਼ ਦੇਵੇ,
ਦਰਸ ਇਨ੍ਹਾਂ ਦਾ ਜਨਮ ਸਵਾਰਦਾ ਏ।

ਹਾਜਰ ਭਗਵਾਨ

ਭਾਈ ਗੁਰਦਾਸ ਜੀ ਲਿਖਦੇ ਹਨ:

ਕੁਰਬਾਣੀ ਤਿਨ੍ਹਾਂ ਗੁਰ ਸਿੱਖਾਂ ਭਾਇ ਭਗਤ ਗੁਰਪੁਰਬ ਕਰੰਦੇ।

ਸ੍ਰੀ ਸਤਿਗੁਰੂ ਜੀ ਦੇ ਗੁਰਪੁਰਬ ਮਨਾਉਣ ਨਾਲ ਜਿਥੇ ਸਤਿਗੁਰੂ ਜੀ ਦੇ ਕੌਤਕ (ਸਾਖੀਆਂ) ਸੁਣ ਕੇ ਸਤਿਗੁਰੂ ਜੀ ਲਈ ਸ਼ਰਧਾ ਵੱਧਦੀ ਹੈ ਉਥੇ ਉਨ੍ਹਾਂ ਦੇ ਹੁਕਮ ਸੁਣ ਕੇ ਉਨ੍ਹਾਂ ਉੱਤੇ ਚਲਣ ਦੀ ਪ੍ਰੇਰਨਾ ਵੀ ਮਿਲਦੀ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਜੀ

ਦਾ ਅਵਤਾਰ ਪੁਰਬ ਜਿਥੇ ਕਿਸੇ ਵੀ ਉਨ੍ਹਾਂ ਦਾ ਕੋਈ ਸਿੱਖ ਹੈ ਉਥੇ ਹੀ ਮਨਾਇਆ ਜਾਂਦਾ ਹੈ। ਵੱਡੇ ਵੱਡੇ ਗੁਰਦੁਆਰਿਆਂ ਵਿਚ ਤਾਂ ਕਈ ਕਈ ਦਿਨ ਪ੍ਰੋਗਰਾਮ ਕੀਤੇ ਜਾਂਦੇ ਹਨ, ਜਿਵੇਂ ਕਿ ਕਵੀ ਦਰਬਾਰ, ਸੰਗੀਤ ਸਮੇਲਨ, ਸ਼ਰਧਾਂਜਲੀ ਸਮਾਗਮ ਅਤੇ ਨਿਰੋਲ ਗੁਰਬਾਣੀ ਦਾ ਕੀਰਤਨ ਆਦਿ। ਇਸ ਦਿਨ ਕਈ ਥਾਵਾਂ ਤੇ ਦੀਪਮਾਲਾ ਅਤੇ ਬਿਜਲੀ ਦੇ ਰੰਗ ਬਰੰਗੇ ਬਲਬ ਵੀ ਜਗਾਏ ਜਾਂਦੇ ਹਨ , ਕਈ ਥਾਵਾਂ ਤੇ ਆਤਸ਼ਬਾਜ਼ੀ ਵੀ ਕੀਤੀ ਜਾਂਦੀ ਹੈ

ਲੈ ਸੁਣ, ਇਸੇ ਭਾਈ ਕਾਨ੍ਹ ਸਿੰਘ ਜੀ ਦੇ ਪੜਦਾਦੇ ਬਾਬਾ ਸਰੂਪ ਸਿੰਘ ਜੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਪਤ ਭੇਸ ਬਾਬਾ ਅਜਾਪਾਲ ਸਿੰਘ ਜੀ ਦੀ ਸੇਵਾ ਕਰਦੇ ਰਹੇ ਸਨ ਬਾਬਾ ਸਰੂਪ ਸਿੰਘ ਜੀ ਨੇ ਬਾਬਾ ਅਜਾਪਾਲ ਸਿੰਘ ਜੀ ਦੇ ਅੱਖੀਂ ਡਿਠੇ ਚਮਤਕਾਰ ਅਪਣੇ ਪੋਤੇ ਬਾਬਾ ਨਾਰਾਇਣ ਸਿੰਘ ਜੀ ਨੂੰ ਸੁਣਾਏ ਸਨ। ਬਾਬਾ ਨਾਰਾਇਣ ਸਿੰਘ ਜੀ ਕੋਲੋਂ ਸੁਣ ਕੇ ਉਸਦੇ ਸਪੁੱਤਰ ਬਾਬਾ ਬਿਸ਼ਨ ਸਿੰਘ ਜੀ ਨੇ ਇਕ ਪੁਸਤਕ ਲਿਖੀ ਸੀ। ਇਸ਼ ਪੁਸਤਕ ਵਿਚ ਲਿਖਿਆ ਹੋਇਆ ਹੈ ਕਿ, ਬਾਬਾ ਸਰੂਪ ਸਿੰਘ ਜੀ, ਬਾਬਾ ਅਜਾਪਾਲ ਸਿੰਘ ਜੀ ਦੇ ਪਲੰਘ ਕੋਲ ਬੈਠ ਕੇ ਦੇਖਣ ਲਗੇ, ਵੱਖੀ ਪਰ ਬੜਾ ਭਾਰੀ ਘਾਉ ਵੇਖਿਆ, ਬੜੇ ਸ਼ਸਤਰ ਦਾ ਘਾਉ ਲਗਿਆ ਵਾ ਜ਼ਖਮ ਮਿਲਿਆ ਵਾ. ਘਾਉ ਨੂੰ ਦੇਖਕੇ ਬਾਬਾ ਸਰੂਪ ਸਿੰਘ ਜੀ ਨੇ ਅਰਜ਼ ਕੀਤੀ, ਮਹਾਰਾਜ ਜੀ, ਇਹ ਘਾਉ ਕਿਥੇ ਲਗਿਆ ਹੈ? ਸੁਣ ਕੇ ਬਾਬਾ ਜੀ ਫੁਰਮਾਇਆ, "ਇਹ ਓਹੀ ਘਾਓ ਹੈ ਜੋ ਦੱਖਣ ਮੈਂ ਪਠਾਣ ਨੇ ਮਾਰਿਆ ਸੀ।" ਇਹ ਸੁਣ ਕੇ ਬਾਬਾ ਸਰੂਪ ਸਿੰਘ ਜੀ ਨੂੰ ਪੂਰਨ ਨਿਸਚਾ ਹੋ ਗਿਆ ਕਿ "ਕਲਗੀਧਰ ਦਸਵੇਂ ਪਾਤਸ਼ਾਹ ਪੰਥ ਦੇ ਵਾਲੀ ਹਨ" ਫਿਰ ਕਦੇ ਮਨ ਨਹੀਂ ਡੋਲਿਆ।

ਅਤੇ ਕਈ ਥਾਵਾਂ ਤੇ ਜਲੂਸ ਵੀ ਕੱਢੇ ਜਾਂਦੇ ਹਨ। ਤਕਰੀਬਨ ਹਰ ਗੁਰਦੁਆਰੇ ਵਿਚ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ ਭਾਵ ਇਹ ਹੈ ਇਹ ਗੁਰਪੁਰਬ ਬੜੇ ਚਾਅ ਅਤੇ ਪ੍ਰੇਮ ਨਾਲ ਮਨਾਇਆ ਜਾਂਦਾ ਹੈ।

ਸੰਮਤ ੨੦੫੦ (ਸੰਨ ੧੯੯੩) ਦੀ ਗੱਲ ਹੈ ਕਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਦਿੱਲੀ ਵਿਚ ਇਕ ਬੜਾ ਭਾਰੀ ਜਲੂਸ ਕੱਢਿਆ ਗਿਆ ਸੀ। ਇਸ ਵਿਚ ਹਰ ਖਿਆਲ ਦੇ ਸਿੱਖਾਂ ਦੇ ਨਾਲ ਸਹਿਜਧਾਰੀ ਵੀਰ ਵੀ ਸ਼ਾਮਲ ਹੋਏ ਸਨ। ਜਲੂਸ ਵਿਚ ਰਾਗੀਆਂ ਦੇ ਕਈ ਜਥੇ ਖੁਲ੍ਹੀਆਂ ਮੋਟਰਾਂ ਤੇ ਬੈਠੇ ਕੀਰਤਨ ਕਰਦੇ ਜਾ ਰਹੇ ਸਨ, ਕਈ ਜਥੇਦਾਰ ਆਪਣੇ ਸਾਥੀਆਂ ਸਮੇਤ ਪੈਦਲ ਹੀ ਸ਼ਬਦ ਪੜ੍ਹਦੇ ਜਾ ਰਹੇ ਸਨ, ਮਾਈਆਂ ਬੀਬੀਆਂ ਵਖਰੀਆਂ ਸ਼ਬਦ ਪੜ੍ਹਦੀਆਂ ਜਾ ਰਹੀਆਂ ਸਨ, ਸਕੂਲਾਂ ਦੇ ਬੱਚੇ ਬੱਚੀਆਂ ਵੀ ਲਾਈਨਾਂ ਵਿਚ ਸ਼ਬਦ ਪੜ੍ਹਦੀਆਂ ਜਾ ਰਹੀਆਂ ਸਨ। ਨਿਹੰਗ ਸਿੰਘ ਗਤਕਾ ਖੇਡਦੇ ਜਾ ਰਹੇ ਸਨ। ਸਾਰੇ ਜਲੂਸ ਦੀ ਸ਼ੋਭਾ ਅਨੂਪਮ ਸੀ।

ਇਸੇ ਜਲੂਸ ਵਿਚ ਅੱਖਾਂ ਵਿਚ ਅੱਥਰੂ ਭਰੇ, ਬਾਵਰੀ ਹਾਲਤ ਵਿਚ, ਹਉਕੇ ਲੈਂਦੀ ਹੋਈ ਬੀਬੀ ਕੁਸਮ ਵੀ ਜਾ ਰਹੀ ਸੀ। ਖੁਸ਼ੀ ਅਤੇ ਚਾਅ ਭਰੇ ਜਲੂਸ ਵਿਚ ਇਕ ਰੋਂਦੀ ਅਤੇ ਹਉਕੇ ਭਰਦੀ ਜਾ ਰਹੀ ਬੀਬੀ ਨੂੰ ਵੇਖ ਕੇ ਬੀਬੀ ਮਨਜੀਤ ਕੌਰ ਹੈਰਾਨ ਹੋਈ ਕਿ ਐਡੇ ਵੱਡੇ ਖੁਸ਼ੀ ਭਰੇ ਜਲੂਸ ਵਿਚ ਬੀਬੀ ਕੁਸਮ ਹਉਕੇ ਕਿਉਂ ਭਰਦੀ ਜਾ ਰਹੀ ਹੈ? ਖਿਆਲ ਕੀਤਾ ਸ਼ਾਇਦ ਕੋਈ ਸਰੀਰਕ ਤਕਲੀਫ਼ ਹੋਵੇਗੀ ਜਾਂ ਕੋਈ ਘਰੇਲੂ ਮਾਮਲੇ ਬਾਰੇ ਸੋਚਦੀ ਹੋਵੇਗੀ। ਪਹਿਲਾਂ ਤਾਂ ਚੁੱਪ ਰਹੀ ਪਰ ਜਦੋਂ ਵੇਖਿਆ ਕਿ ਬੀਬੀ ਕੁਸਮ ਦੀਆਂ ਅੱਖਾਂ ਵਿਚੋਂ ਅੱਥਰੂ ਜ਼ਮੀਨ ਤੇ ਡਿੱਗ ਰਹੇ ਹਨ ਤਾਂ ਉਸ ਕੋਲੋਂ ਰਿਹਾ ਨ ਗਿਆ ਉਸਨੇ ਬੀਬੀ ਕੁਸਮ ਨੂੰ ਪੁੱਛ ਹੀ ਲਿਆ- ਬੀਬੀ ਜੀ, ਕੀ ਗੱਲ ਏ? ਤੁਸੀਂ ਬੜੇ ਉਦਾਸ ਜਾਪਦੇ ਹੋ। ਅੱਖਾਂ ਵਿਚੋਂ ਅੱਥਰੂ ਵਹਿ ਰਹੇ ਨੇ, ਕੀ ਕੋਈ ਸਰੀਰਕ ਤਕਲੀਫ ਏ?

ਬੀਬੀ ਕੁਸਮ- ਬੀਬੀ ਜੀ,

ਮਨ ਕੀ ਬਿਰਥਾ ਮਨ ਹੀ ਜਾਣੈ
ਅਵਰੁ ਕਿ ਜਾਣੈ ਕੋ ਪੀਰ ਪਰਈਆ।।

ਬੀਬੀ ਜੀ, ਮੇਰੇ ਦੋਵੇਂ ਪੁੱਤਰ ਗੌਰਵ ਅਤੇ ਸੌਰਭ ਗੁਆਚ ਗਏ ਹਨ।

ਬੀਬੀ ਮਨਜੀਤ ਕੌਰ-ਹੈਂ! ਪੁੱਤਰ ਗਵਾਚ ਗਏ ਹਨ। ਸੇਵਾਦਾਰਾਂ ਨੂੰ ਆਖੋ ਹੁਣੇ ਪਤਾ ਕਰਦੇ ਹਨ।

ਬੀਬੀ ਕੁਸਮ- ਬੀਬੀ ਜੀ, ਇਸ ਜਲੂਸ ਵਿਚ ਤੇ ਨਹੀਂ ਗੁਆਚੇ, ਉਨ੍ਹਾਂ ਨੂੰ ਤਾਂ ਗੁਆਚਿਆਂ ਅੱਜ ਯਾਰਵਾਂ ਦਿਨ ਹੈ, ਸਵੇਰੇ ਸਕੂਲ ਗਏ ਨੇ ਪਰ ਵਾਪਸ ਆਏ ਹੀ ਨਹੀਂ। ਬੜੀ ਦੇਰ ਤਕ ਉਡੀਕਦੀ ਰਹੀ ਫਿਰ ਸਕੂਲੇ ਟੈਲੀਫੋਨ ਕੀਤਾ, ਮਾਸਟਰ ਜੀ ਨੇ ਦੱਸਿਆ ਕਿ ਤੁਹਾਡੇ ਦੋਵੇਂ ਬੱਚੇ ਅੱਜ ਸਵੇਰ ਦੇ ਹੀ ਸਕੂਲੇ ਨਹੀਂ ਆਏ, ਉਨ੍ਹਾਂ ਦੀ ਤਾਂ ਅੱਜ ਗੈਰ ਹਾਜ਼ਰੀ ਲੱਗੀ ਹੋਈ ਹੈ। ਇੰਨਾ ਕਹਿੰਦਿਆਂ ਸਾਰ ਬੀਬੀ ਕੁਸਮ ਰੋਣ ਲਗ ਪਈ।

ਬੀਬੀ ਮਨਜੀਤ ਕੌਰ-ਭੈਣ ਜੀ, ਹੌਸਲਾ ਕਰੋ। ਤੁਸਾਂ ਪੁਲਸ ਨੂੰ ਦਸਿਆ ਹੈ ਕਿ ਨਹੀ?

ਬੀਬੀ ਕੁਸਮ- ਕਈ ਥਾਣਿਆਂ ਵਿਚ ਰਿਪੋਰਟ ਲਿਖਵਾਈ ਹੈ, ਦੱਸਣ ਵਾਲੇ ਨੂੰ ਇਨਾਮ ਦੇਣਾ ਕਰਕੇ ਕਈ ਅਖਬਾਰਾਂ ਵਿਚ ਵੀ ਛਪਵਾਇਆ ਹੈ। ਅਸੀਂ ਆਪ ਵੀ ਯਾਰਾਂ ਦਿਨਾਂ ਤੋਂ ਢੂੰਡ ਰਹੇ ਹਾਂ ਪਰ ਹੱਲੀ ਤਕ ਕੋਈ ਪਤਾ ਨਹੀਂ ਲੱਗਾ। ਸਾਨੂੰ ਨ ਨੀਂਦ ਆਉਂਦੀ ਹੈ ਅਤੇ ਨ ਭੁੱਖ ਹੀ ਲੱਗਦੀ ਹੈ ਬੱਚਿਆਂ ਦੇ ਪਿਤਾ ਤਾਂ ਸੁੱਕ ਕੇ ਤੀਲਾ ਹੋ ਗਏ ਹਨ, ਬੜਾ ਫਿਕਰ ਲਗਾ ਹੋਇਆ ਹੈ, ਬੜੀ ਮੁਸ਼ਕਲ ਬਣੀ ਹੋਈ ਹੈ। ਇੱਥੇ ਜਲੂਸ ਵਿਚ ਤਾਂ ਮੈਂ ਉਨ੍ਹਾਂ ਵਾਸਤੇ ਆਈ ਹਾਂ ਸ਼ਾਇਦ ਕਿਤੇ ਮਿਲ ਪੈਣ।

ਬੀਬੀ ਮਨਜੀਤ ਕੌਰ-ਬੀਬੀ ਜੀ, ਅੱਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਹੈ ਤੁਸੀਂ ਉਨ੍ਹਾਂ ਅੱਗੇ ਅਰਦਾਸ ਕਰੋ, ਸ਼ਾਇਦ ਕਿਰਪਾ ਹੋ ਜਾਏ।

ਬੀਬੀ ਕੁਸਮ- ਮੈਂ ਤਾਂ ਕਈ ਵਾਰੀ ਪਾਲਕੀ ਨੂੰ ਮੱਥਾ ਟੇਕ ਬੈਠੀ ਹਾਂ ਮੰਦਰ ਵਿਚ ਜਾ ਕੇ ਭਗਵਾਨ ਸ੍ਰੀ ਕ੍ਰਿਸ਼ਨ ਚੰਦ੍ਰ ਜੀ ਅਤੇ ਭਗਵਾਨ ਸ੍ਰੀ ਰਾਮ ਚੰਦ੍ਰ ਜੀ ਅੱਗੇ ਵੀ ਕਈ ਵਾਰ ਪ੍ਰਾਰਥਨਾ ਕਰ ਬੈਠੀ ਹਾਂ ਪਰ ਹੱਲੀ ਤਕ ਕੋਈ ਪਤਾ ਨਹੀਂ ਲੱਗਾ।

ਬੀਬੀ ਮਨਜੀਤ ਕੌਰ-ਅੱਜ ਕੱਲ ਤਾਂ ਚੋਰੀ ਚੋਰੀ ਬੱਚੇ ਚੁੱਕ ਕੇ ਲੈ ਜਾਣਾ ਇਕ ਬਿਉਪਾਰ ਹੀ ਚੱਲ ਪਿਆ ਹੈ। ਇਹ ਧੰਦਾ ਸਿਰਫ ਪੈਸੇ ਬਟੋਰਨ ਵਾਸਤੇ ਹੀ ਕੀਤਾ ਜਾਂਦਾ ਹੈ ਕਈ ਚੋਰ ਰਲ ਜਾਂਦੇ ਹਨ, ਭੋਲੇ ਭਾਲੇ ਬੱਚਿਆਂ ਨੂੰ ਕੋਈ ਲਾਲਚ ਦੇ ਕੇ ਕਿਸੇ ਇਕਾਂਤ ਜਗਹ ਤੇ ਲੈ ਜਾਂਦੇ ਹਨ।

ਬੀਬੀ ਕੁਸਮ- ਹੁਣ ਕੀ ਕੀਤਾ ਜਾਏ? ਕੁਝ ਸੁਝਦਾ ਨਹੀਂ।

ਬੀਬੀ ਮਨਜੀਤ ਕੌਰ-ਇਹ ਤਾਂ ਪਰਮਾਤਮਾ ਹੀ ਤਰਸ ਕਰੇ ਕਿ ਤੁਹਾਡੇ ਬੱਚੇ ਤੁਹਾਨੂੰ ਮਿਲ ਪੈਣ।

ਅੱਛਾ, ਮੈਨੂੰ ਯਾਦ ਆ ਗਿਆ, ੩੦ ਨਵੰਬਰ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਦਿੱਲੀ ਆਉਣਾ ਹੈ ਉਨ੍ਹਾਂ ਅਗੇ ਅਰਜ਼ ਕਰਾਂਗੇ ਮੈਨੂੰ ਵਿਸ਼ਵਾਸ਼ ਹੈ ਕਿ ਤੁਹਾਡੇ ਬੱਚੇ ਮਿਲ ਜਾਣਗੇ।

ਬੀਬੀ ਕੁਸਮ- ਪਰਮਾਤਮਾ ਕਰੇ ਤੁਹਾਡੇ ਬਚਨ ਸਤਿ ਹੋਣ, ਤੁਹਾਡਾ ਭਲਾ ਹੋਵੇ ਜਿਨ੍ਹਾਂ ਗਰੀਬਾਂ ਵਾਸਤੇ ਇਹ ਸਲਾਹ ਦਿੱਤੀ ਹੈ। ਬੀਬੀ ਜੀ, ਖਿਮਾ ਕਰਨੀ ਮੈਨੂੰ ਇਹ ਤਾਂ ਦੱਸੋ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਉਣ ਹਨ? ਕੀ ਕੋਈ ਵੱਡੇ ਸੰਤ ਹਨ ਜਾਂ ਕੋਈ ਜੋਤਸ਼ੀ ਹਨ?

ਬੀਬੀ ਮਨਜੀਤ ਕੌਰ-ਭੈਣ ਜੀ, ਇਹ ਸਿੱਖਾਂ ਦੇ ਵਰਤਮਾਨ ਗੁਰੂ ਹਨ, ਸਭ ਸ਼ਕਤੀਆਂ ਦੇ ਮਾਲਕ ਹਨ, ਰਿੱਧੀਆਂ ਸਿੱਧੀਆਂ ਇਨ੍ਹਾਂ ਦੇ ਚਰਨਾਂ ਵਿਚ ਰੁਲਦੀਆਂ ਫਿਰਦੀਆਂ ਹਨ, ਵੱਡੇ ਵੱਡੇ ਵਜ਼ੀਰ, ਵੱਡੇ ਵੱਡੇ ਧਾਰਮਕ ਨੇਤਾ, ਸਮਾਜਕ ਲੀਡਰ ਅਤੇ ਸਿਆਸੀ ਲੀਡਰ ਇਨ੍ਹਾਂ ਦੇ ਚਰਨਾਂ ਦੀ ਖਾਕ (ਚਰਨ ਧੂੜ) ਨੂੰ ਲੋਚਦੇ ਰਹਿੰਦੇ ਹਨ।

ਬੀਬੀ ਕੁਸਮ- ਬੀਬੀ ਜੀ, ਤੁਸਾਂ ਕਹਿਆ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਿੱਖਾਂ ਦੇ ਵਰਤਮਾਨ ਗੁਰੂ ਹਨ। ਸਿੱਖਾਂ ਦੇ ਵਰਤਮਾਨ ਗੁਰੂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ ਜਿਨ੍ਹਾਂ ਬਾਰੇ ਕਹਿਆ ਜਾਂਦਾ ਹੈ:

"ਜੁਗੋ ਜੁਗ ਅਟੱਲ" ਇਹ ਤਾਂ ਆਉ ਵੇਖੋ,ਪਾਲਕੀ ਵਿਚ ਸੁਭਾਇਮਾਨ ਹਨ।

ਬੀਬੀ ਮਨਜੀਤ ਕੌਰ-ਭੈਣ ਜੀ, ਇਹ ਮੌਕਾ ਨਹੀਂ ਕਿ ਮੈਂ ਤੁਹਾਨੂੰ ਸਚਾਈ ਬਾਰੇ ਵਿਸਤਾਰ ਨਾਲ ਦੱਸ ਸਕਾਂ। ਮੈਂ ਸਿਰਫ ਇੰਨਾ ਹੀ ਦੱਸਦੀ ਹਾਂ ਕਿ ਗੁਰੂ ਹਮੇਸ਼ਾ ਦੇਹਧਾਰੀ ਹੁੰਦਾ ਹੈ। ਕੋਈ ਵੇਦ, ਸ਼ਾਸਤ੍ਰ ਜਾਂ ਗ੍ਰੰਥ ਗੁਰੂ ਨਹੀਂ ਹੁੰਦਾ ਅਤੇ ਨ ਹੀ ਕੋਈ ਪੱਥਰ, ਚਾਂਦੀ ਜਾਂ ਸੋਨੇ ਦੀ ਮੂਰਤੀ ਹੀ ਗੁਰੂ ਹੁੰਦਾ ਹੈ। ਗੁਰੂ ਦੇਹਧਾਰੀ ਹੁੰਦਾ ਹੈ ਜਿਹੜਾ ਲੋੜਵੰਦਾਂ ਦੀਆਂ ਅਰਜ਼ਾਂ ਸੁਣ ਸਕਦਾ ਹੋਵੇ ਅਤੇ ਜਿਹੜਾ ਦੁਖੀਆਂ ਦੇ ਦੁਖ ਦੂਰ ਕਰ ਸਕਦਾ ਹੋਵੇ।

ਬੀਬੀ ਕੁਸਮ- (ਹਉਕਾ ਭਰਕੇ) ਬੀਬੀ ਜੀ, ਮੇਰੇ ਵਾਸਤੇ ਤਾਂ ਗੁਰੂ ਭਗਵਾਨ ਅਤੇ ਪਰਮਾਤਮਾ ਵੀ ਓਹੀ ਹੈ ਜਿਹੜਾ ਮੇਰੇ ਲਾਲ ਮੈਨੂੰ ਮਿਲਾ ਦੇਵੇ ਇੰਨਾ ਕਹਿੰਦਿਆਂ ਸਾਰ ਫਿਰ ਰੋਣ ਲੱਗ ਪੈਂਦੀ ਹੈ।

ਬੀਬੀ ਮਨਜੀਤ ਕੌਰ-ਭੈਣ ਹੌਸਲਾ ਕਰ, ਭਜਨ ਕਰ, ਤੂੰ ਮੰਦਰਾਂ ਵਿਚ ਵੀ ਪ੍ਰਾਰਥਨਾ ਕਰ ਆਈ ਹੈਂ ਅਤੇ ਇਥੇ ਪਾਲਕੀ ਨੂੰ ਵੀ ਕਈ ਵੇਰ ਮੱਥਾ ਟੇਕ ਬੈਠੀ ਹੈਂ। ਹੁਣ ਜ਼ਰਾ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅੱਗੇ ਵੀ ਅਰਜ਼ ਕਰ ਲੈਣ ਦੇ।

ਬੀਬੀ ਕੁਸਮ- ਬੀਬੀ ਜੀ, ਜਿਉਂ ਜਾਣਦੇ ਹੋ ਮੈਨੂੰ ਮੇਰੇ ਲਾਲ ਜ਼ਰੂਰ ਮਿਲਾ ਦਿਉ। ਮੈਂ ਸਾਰੀ ਉਮਰ ਤੁਹਾਡੇ ਅਤੇ ਤੁਹਾਡੇ ਗੁਰੂ ਦੀ ਅਹਿਸਾਨਮੰਦ ਰਹਾਂਗੀ।

ਬੀਬੀ ਮਨਜੀਤ ਕੌਰ-ਭੈਣ ਜੀ, ਸਾਡਾ ਫਰਜ਼ ਤਾਂ ਅਰਜ਼ ਕਰਨ ਦਾ ਹੈ ਅਗੋਂ ਖੈਰ ਪਾਉਣਾ ਸਤਿਗੁਰੂ ਜੀ ਦੀ ਰਜ਼ਾ ਹੈ।

ਸ੍ਰੀ ਸਤਿਗੁਰੂ ਜੀ ਅਪਣੇ ਮਿੱਥੇ ਹੋਇ ਪ੍ਰੋਗਰਾਮ ਅਨੁਸਾਰ ਦਿੱਲੀ ਪਹੁੰਚ ਗਏ ਸਨ। ਆਪ ਜੀ ਦਾ ਡੇਰਾ ਰਜੌਰੀ ਗਾਰਡਨ, ਦਿੱਲੀ ਸ੍ਰੀ ਹਰਵਿੰਦਰ ਸਿੰਘ ਹੰਸਪਾਲ ਜੀ ਦੇ ਗ੍ਰਿਹ ਵਿਖੇ ਸੀ। ਦਰਸ਼ਨ ਕਰਨ ਵਾਸਤੇ ਸੰਗਤ ਪਹਿਲੋਂ ਹੀ ਪਹੁੰਚੀ ਹੋਈ ਸੀ। ਬੀਬੀ ਮਨਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਦੇਵ ਜੀ ਵੀ ਉੱਥੇ ਆਏ ਹੋਏ ਸਨ। ਇਨ੍ਹਾਂ ਦੋਹਾਂ ਨੇ ਇਕਾਂਤ ਵਿਚ ਸ੍ਰੀ ਹੰਸਪਾਲ ਜੀ ਨੂੰ ਬੀਬੀ ਕੁਸਮ ਦੇ ਬੱਚਿਆਂ ਦੇ ਗੁਆਚਣ ਦੀ ਗੱਲ ਦੱਸੀ ਅਤੇ ਬੇਨਤੀ ਕੀਤੀ ਕਿ ਤੁਸੀਂ ਸ੍ਰੀ ਸਤਿਗੁਰੂ ਜੀ ਅਗੇ ਅਰਜ਼ ਕਰੋ ਕਿ ਸਤਿਗੁਰੂ ਜੀ ਕ੍ਰਿਪਾ ਕਰਨ ਅਤੇ ਕੁਸਮ ਦੇ ਗੁਆਚੇ ਹੋਇ ਬੱਚੇ ਉਸ ਨੂੰ ਮਿਲ ਪੈਣ। ਹੰਸਪਾਲ ਜੀ ਨੇ ਕਹਿਆ ਕਿ ਹੁਣ ਚਾਰ ਵਜੇ ਹਨ, ਪੰਜ ਵਜੇ ਸ੍ਰੀ ਸਤਿਗੁਰੂ ਜੀ ਨੇ ਏਅਰ ਪੋਰਟ ਤੇ ਜਾਣ ਵਾਸਤੇ ਇਥੋਂ ਚਲੇ ਜਾਣਾ ਹੈ। ਟਾਈਮ ਤਾਂ ਥੋੜਾ ਹੈ, ਜੇ ਉਦਮ ਕਰੋ ਤਾਂ ਉਨਾ ਨੂੰ ਛੇਤੀ ਛੇਤੀ ਇੱਥੇ ਲੈ ਆਵੋ ਤਾਂ ਜੋ ਸਾਰੇ ਰਲ ਕੇ ਸਤਿਗੁਰੂ ਜੀ ਅਗੇ ਅਰਜ਼ ਕਰੀਏ। ਇਹ ਸੁਣਦਿਆਂ ਸਾਰ ਬੀਬੀ ਮਨਜੀਤ ਕੌਰ ਜੀ ਅਤੇ ਉਨ੍ਹਾਂ ਦੇ ਪਤੀ ਜੀ ਬੜੀ ਕਾਹਲੀ ਨਾਲ ਕੁਸਮ ਦੇ ਘਰ ਗਏ। ਕੁਸਮ ਆਪ ਤਾਂ ਘਰ ਨਹੀਂ ਸੀ। ਉਸਦੇ ਪਤੀ ਜੀ ਸ੍ਰੀ ਰਾਮ ਗੁਪਾਲ ਅਤੇ ਕੁਸਮ ਦੀ ਸੱਸ ਘਰ ਸਨ। ਜਦੋਂ ਬੀਬੀ ਮਨਜੀਤ ਕੌਰ ਨੇ ਸ੍ਰੀ

ਰਾਮ ਗੁਪਾਲ ਨੂੰ ਬੱਚਿਆਂ ਵਾਸਤੇ, ਸਤਿਗੁਰੂ ਜੀ ਅੱਗੇ ਅਰਜ਼ ਕਰਨ ਵਾਸਤੇ, ਸਤਿਗੁਰੂ ਜੀ ਦੇ ਡੇਰੇ ਜਾਣ ਲਈ ਆਖਿਆ ਤਾਂ ਉਹ ਅਤੇ ਉਸ ਦੀ ਮਾਤਾ (ਗੁਆਚੇ ਹੋਇ ਬੱਚਿਆਂ ਦੀ ਦਾਦੀ) ਝੱਟ ਟੁਰ ਪਏ। ਸਾਰੇ ਇਕੋ ਸਕੂਟਰ ਤੇ ਬਹਿ ਕੇ ਰਜੌਰੀ ਗਾਰਡਨ ਨੂੰ ਚਲ ਪਏ।

ਸਕੂਟਰ ਦੇ ਰਜੌਰੀ ਗਾਰਡਨ ਪਹੁੰਚਣ ਸਮੇਂ, ਸਤਿਗੁਰੂ ਜੀ ਦੀ ਕਾਰ ਅਤੇ ਸਿੱਖਾਂ ਸੇਵਕਾਂ ਦੀਆਂ ਕਾਰਾਂ ਹਵਾਈ ਅੱਡੇ ਜਾਣ ਲਈ ਟੁਰ ਪਈਆਂ ਸਨ। ਬੀਬੀ ਮਨਜੀਤ ਕੌਰ ਦੇ ਕਹਿਣ ਤੇ ਸਕੂਟਰ ਵਾਲੇ ਨੇ ਬੜੀ ਤੇਜ ਰਫਤਾਰ ਕਰਕੇ ਸਕੂਟਰ ਕਾਰਾਂ ਪਿਛੇ ਲਾ ਲਿਆ। ਰਾਹ ਵਿਚ, ਬੱਸਾਂ ਕਾਰਾਂ ਨੂੰ ਪਿੱਛੇ ਛੱਡਦਾ ਹੋਇਆ ਇਹ ਸਕੂਟਰ ਰਾਹ ਵਿਚ ਇਕ ਚੌਕ ਤੇ ਲਾਲ ਬੱਤੀ ਹੋਣ ਕਾਰਨ ਸਤਿਗੁਰੂ ਜੀ ਦੀ ਰੁਕੀ ਹੋਈ ਕਾਰ ਕੋਲ ਜਾ ਰੁਕਿਆ। ਇਨ੍ਹਾਂ ਸਾਰਿਆਂ ਨੇ ਹੱਥ ਜੋੜ ਨਮਸਕਾਰ ਕੀਤੀ। ਸਤਿਗੁਰੂ ਜੀ ਦੀ ਕਾਰ ਦੇ ਬੰਦ ਸ਼ੀਸ਼ੇ ਦੇ ਖੁਲਦਿਆਂ ਸਾਰ ਬੱਚਿਆਂ ਦੀ ਦਾਦੀ ਨੇ ਸਿਰ ਝੁਕਾ ਕੇ ਝੋਲੀ ਫੈਲਾ ਕੇ ਬੜੀ ਦਰਦ ਭਰੀ ਆਵਾਜ਼ ਨਾਲ ਅਰਜ ਕੀਤੀ, ਹੇ ਭਗਵਾਨ ਮੈਨੂੰ ਮੇਰੇ ਗੁਆਚੇ ਹੋਇ ਪੋਤ੍ਰਿਆਂ ਦੇ ਮਿਲਣ ਦੀ ਖੈਰ ਪਾਓ।" ਸ੍ਰੀ ਸਤਿਗੁਰੂ ਜੀ ਨੇ ਬਚਨ ਤਾਂ ਕੋਈ ਨ ਕੀਤਾ ਪਰ ਮਿਹਰ ਭਰੀ ਨਿਗਾਹ ਨਾਲ ਮਾਈ ਵਲ ਤੱਕਿਆ ਜ਼ਰੂਰ।

> ***ਸੁਭਾਗ ਨਾਲ ਹੀ ਸਤਿਗੁਰੂ ਜਗਜੀਤ ਸਿੰਘ ਜੀ ੯ ਦਸੰਬਰ ੧੯੯੩ ਨੂੰ ਦਿੱਲੀ ਦਿਵਾਨ ਵਿਚ ਦਰਸ਼ਨ ਦੇ ਰਹੇ ਸਨ। ਬੱਚਿਆਂ ਦੇ ਮਾਤਾ ਪਿਤਾ ਤੇ ਹੋਰ ਕਈ ਰਿਸ਼ਤੇਦਾਰ ਇਕੱਠੇ ਹੋ ਕੇ ਬੱਚਿਆਂ ਨੂੰ ਮੱਥਾ ਟਿਕਾਉਣ ਵਾਸਤੇ ਦਿਵਾਨ ਵਿਚ ਪਹੁੰਚ ਗਏ। ਜਦੋਂ ਬੱਚਿਆਂ ਨੇ ਦਰਸ਼ਨ ਕੀਤਾ ਤਾਂ ਆਪ ਮੁਹਾਰੇ ਬੋਲਣ ਲਗ ਪਏ।***
>
> ***ਡੈਡੀ, ਡੈਡੀ, ਯਹੀ ਭਗਵਾਨ ਥੇ, ਯਹੀ ਬਾਬਾ ਜੀ ਥੇ ਜਿਨ੍ਹੋ ਨੇ ਹਮੇਂ ਜੰਗਲ ਮੈਂ ਦਰਸ਼ਨ ਦੀਏ ਥੇ ਔਰ ਪ੍ਰਸ਼ਾਦ ਭੀ ਦੀਆ ਥਾਂ"***

ਚੌਕ ਦੀ ਹਰੀ ਬੱਤੀ ਹੋ ਜਾਣ ਕਾਰਨ, ਸਤਿਗੁਰੂ ਜੀ ਦੀ ਕਾਰ ਦੇ ਡਰਾਈਵਰ ਨੇ ਬੜੀ ਕਾਹਲ ਨਾਲ ਆਖਿਆ, ਮਾਈ ਜੀ, ਤੁਹਾਡੀ ਅਰਜ ਮਨਜ਼ੂਰ ਹੋ ਗਈ ਹੈ, ਹੋਰ ਜਿਸ ਤਰ੍ਹਾਂ ਸਤਿਗੁਰੂ ਜੀ ਦਾ ਹੁਕਮ ਹੋਵੇਗਾ ਉਹ ਹੰਸਪਾਲ ਜੀ ਆਪ ਨੂੰ ਦੱਸ ਦੇਣਗੇ। ਇੰਨਾ ਬਚਨ ਕਰਦਿਆ ਸਾਰ ਹੀ ਡਰਾਈਵਰ ਨੇ ਕਾਰ ਚਲਾ ਦਿੱਤੀ।

ਅਗੱਲੇ ਹੀ ਦਿਨ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ, ਵਿਖੇ ਅਰਦਾਸ ਕੀਤੀ ਗਈ ਕਿ ਗੁਆਚੇ ਹੋਇ ਬੱਚੇ ਮਾਪਿਆਂ ਨੂੰ ਮਿਲ ਪੈਣ।

ਅਰਦਾਸ ਤੇ ਹੋ ਗਈ ਸੀ ਪਰ ਮਾਪਿਆਂ ਵਾਸਤੇ ਤਾਂ

ਬਿਨੁ ਮਿਲਬੇ ਨਾਹੀ ਸੰਤੋਖਾ।

ਅਥਵਾ

ਬਿਨੁ ਮਿਲਬੇ ਸਾਂਤਿ ਨ ਊਪਜੈ ਵਾਲੀ ਗੱਲ ਸੀ ਉਹਨਾਂ ਦੀ ਹਾਲਤ ਤਾਂ ਇਹ ਸੀ

ਆਹ ਸਰਦੋ, ਰੰਗ ਜਰਦੋ, ਚਸ਼ਮ ਤਰ
ਕਮ ਗੁਫਤਨੋ, ਕਮ ਖੁਰਦਨੋ, ਖੁਆਬੋ ਹਰਾਮ
ਇੰਤਜ਼ਾਰੀ, ਬੇਕਰਾਰੀ, ਦਸਤ ਸਰ

ਕਹਿੰਦੇ ਹਨ ਕਿ ਸੱਚੇ ਦਿਲੋਂ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ॥

ਫਿਰ ਉਹ ਅਰਦਾਸ ਜਿਹੜੀ ਕਿ ਸਤਿਗੁਰੂ ਜੀ ਨੇ ਆਪ ਹੁਕਮ ਕਰਕੇ ਕਰਵਾਈ ਸੀ ਬਿਰਥੀ ਕਿਵੇਂ ਜਾ ਸਕਦੀ ਸੀ। ਅਰਦਾਸ ਹੋਣ ਤੋਂ ਦੋ ਦਿਨ ਬਾਅਦ ਹੀ ਰਾਮ ਗੁਪਾਲ ਜੀ ਨੂੰ ਇਕ ਚਿੱਠੀ ਮਿਲੀ ਜਿਸ ਵਿਚ ਲਿਖਿਆ ਸੀ—

"ਬੱਚੇ ਸਾਡੇ ਕੋਲ ਹਨ, ਅਸਾਂ ਏਟਾਂ (ਯੂਪੀ) ਦੇ ਜੰਗੱਲ ਵਿਚ ਲੁਕਾਏ ਹਨ, ਤਿੰਨ ਲੱਖ ਰੁਪਈਏ ਲੈ ਕੇ ਮਿੱਥੇ ਥਾਂ ਤੇ ਪਹੁੰਚ ਜਾਓ ਤੇ ਅਪਣੇ ਬੱਚੇ ਲੈ ਜਾਓ।

ਜੇ ਪੁਲੀਸ ਨੂੰ ਦੱਸਿਆ ਤਾਂ ਤੁਹਾਡੇ ਬੱਚਿਆਂ ਦੀ ਖੈਰ ਨਹੀਂ।"

ਬੱਚਿਆਂ ਦੀ ਸੋ ਪੜ੍ਹਕੇ ਮਾਪਿਆਂ ਨੂੰ ਕੁਝ ਧੀਰਜ ਹੋਈ। ਹੁਣ ਸਵਾਲ ਤਿੰਨ ਲੱਖ ਰੁਪਈਆਂ ਦਾ ਸੀ। ਇੰਨੇ ਧਨੀ ਤਾਂ ਹੈ ਨਹੀਂ ਸਨ ਕਿ ਝੱਟ ਪੱਟ ਤਿੰਨ ਲੱਖ ਰੁਪੈ ਦੇ ਕੇ ਆਉਣ। ਹੁਣ ਨਵੀਆਂ ਸੋਚਾਂ ਸੋਚਣ ਲਗੇ। ਭਾਵੇਂ ਬੱਚਿਆਂ ਵਾਸਤੇ ਬੜਾ ਕੁਝ ਕਰਨਾ ਪੈਂਦਾ ਹੈ ਪਰ ਤਿੰਨ ਲੱਖ ਰੁਪੈ ਵੀ ਥੋੜੇ ਨਹੀਂ ਹਨ। ਦਿਨੇ ਰਾਤ ਸੋਚਦੇ ਰਹੇ ਪਰ ਕੋਈ ਢੁੱਕਵਾਂ ਸੁਝਾਓ ਨਾ ਸੁਝਿਆ। ਫਿਰ ਪਰਮਾਤਮਾ ਅਗੇ ਅਰਦਾਸ ਕਰਨ ਲਗੇ।

ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ

ਜਾਕਉ ਮੁਸਕਲੁ ਅਤਿ ਬਣੈ, ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ, ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ, ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥

ਮਾਪਿਆਂ ਨੂੰ ਤਾਂ ਹਰ ਵਕਤ ਚਿੰਤਾ ਹੀ ਲਗੀ ਰਹਿੰਦੀ ਸੀ। ਉਹ ਇਹ ਭੁਲ ਗਏ ਸਨ ਕਿ ਜਿਸ ਗੁਰੂ ਪਾਰਬ੍ਰਹਮ ਦੀ ਰਜ਼ਾ ਨਾਲ ਅਰਦਾਸ ਹੋਈ ਸੀ, ਸਾਰੇ ਕੰਮ ਉਹ ਆਪ ਹੀ ਕਰੇਗਾ। ਖੈਰ, ਕੁਝ ਦਿਨ ਲੰਘ ਗਏ, ਇਕ ਦਿਨ ਅਚਾਨਕ ਹੀ ਪੁਲਿਸ ਉਨਾਂ ਦੇ ਘਰ ਆ ਗਈ। ਪੁਲਿਸ ਨੂੰ ਵੇਖਕੇ ਪਹਿਲਾਂ ਤਾਂ ਸਾਰੇ ਡਰ ਗਏ ਪਰ ਜਦੋਂ ਪੁਲਿਸ ਨੇ ਕਹਿਆ ਕਿ ਬਾਬੂ ਜੀ ਤੁਹਾਡੇ ਬੱਚਿਆਂ ਦਾ ਪਤਾ ਲਗ ਗਿਆ ਹੈ ਤਾਂ ਸਾਰੇ ਖੁਸ਼ ਹੋ ਗਏ। ਪੁਲਿਸ ਨੇ ਦੱਸਿਆਂ ਕਿ ਤੁਹਾਲੇ ਬੱਚੇ ਯੂਪੀ (U.P.) ਦੇ ਇਕ ਪਿੰਡ ਵਿਚ ਹਨ। ਸਾਨੂੰ ਉਨ੍ਹਾਂ ਨੂੰ ਲਿਆਉਣ ਦਾ ਹੁਕਮ ਹੋਇਆ ਹੈ। ਤੁਸੀਂ ਸਾਡੇ ਨਾਲ ਚਲੋ। ਰਾਮ ਗੁਪਾਲ ਝੱਟ ਉਨਾਂ ਦੀ ਮੋਟਰ

ਵਿਚ ਬਹਿ ਗਿਆ। ਮਿਲੀ ਹੋਈ ਖਬਰ ਅਨੁਸਾਰ ਉਸ ਪਿੰਡ ਵਿਚੋਂ ਬੱਚੇ ਘਰ ਲਿਆਂਦੇ ਗਏ। ਘਰ ਪਹੁੰਚਦਿਆ ਸਾਰ ਜਿਹੜੀ ਖੁਸ਼ੀ ਸਾਰੇ ਪਰਵਾਰ ਨੂੰ ਹੋਈ, ਉਸ ਦਾ ਅਨੁਮਾਨ ਤੁਸੀਂ ਆਪ ਹੀ ਲਾ ਲਉ।

ਚਿਰੀ ਵਿਛੰਨੇ ਮੇਲਿਅਨੁ ਸਤਗੁਰ ਪੰਨੈ ਪਾਇ॥

ਬੱਚੇ ਤਾਂ ਘਰ ਆ ਗਏ ਸਨ ਅਤੇ ਮਾਪੇ ਵੀ ਬੜੇ ਖੁਸ਼ ਹੋ ਗਏ ਸਨ, ਪਰ ਹੁਣ ਵਿਚਾਰ ਇਹ ਹੈ ਕਿ ਬੱਚੇ ਗਏ ਕਿਸ ਤਰਾਂ ਅਤੇ ਆਏ ਕਿਸ ਤਰਾਂ ?

ਬੱਚੇ ਸਵੇਰੇ ਪੜ੍ਹਨ ਵਾਸਤੇ ਸਕੂਲ ਜਾਣ ਲਈ ਘਰੋਂ ਨਿਕਲੇ ਸਨ, ਰਾਹ ਵਿਚਿ ਇਕ ਜਾਣੂ ਆਦਮੀ ਉਨ੍ਹਾਂ ਨੂੰ ਗੱਲੀਂ ਲਾ ਕੇ ਤਿਲਕ ਨਗਰ ਬੱਸ ਸਟੈਂਡ ਤੇ ਲੈ ਗਿਆ ਸੀ। ਉਥੇ ਪਿਆਰ ਕਰਦਿਆ ਬੱਚਿਆਂ ਨੂੰ ਇਕ ਮੋਟਰ ਵਿਚ ਬਹਾ ਲਿਆ ਅਤੇ ਦਰਵਾਜਾ ਬੰਦ ਕਰਦੇ ਮੋਟਰ ਚਲਾ ਦਿੱਤੀ ਗਈ।

ਮੋਟਰ ਵਿਚ ਬੱਚਿਆਂ ਨੂੰ ਡਰ ਪਾਇਆ ਗਿਆ ਕਿ ਨ ਰੋਣਾ ਹੈ ਅਤੇ ਨਾ ਰੌਲਾ ਪਾਉਣਾ ਹੈ, ਜੇ ਜਰਾ ਵੀ ਕੁਸਕੇ ਤਾਂ ਤੁਹਾਨੂੰ ਮਾਰ ਦਿੱਤਾ ਜਾਏਗਾ। ਬੱਚੇ ਵਿਚਾਰੇ ਡਰ ਨਾਲ ਸਹਿਮੇ ਹੋਇ ਚੁੱਪ ਚਾਪ ਬੈਠੇ ਰਹੇ। ਪਤਾ ਨਹੀਂ ਮੋਟਰ ਕਿਥੋਂ ਦੀ ਹੁੰਦੀ ਹੋਈ ਬੱਚਿਆਂ ਨੂੰ ਕਿਥੇ ਲੈ ਗਈ। ਕਿਤੇ ਉਜਾੜ ਵਿਚ ਮੋਟਰ ਖਲਿਹਾਰ ਕੇ ਏਟੋ ਨੇ ਬੱਚਿਆਂ ਨੂੰ ਕਿਸੇ ਹੋਰ ਆਦਮੀ ਦੇ ਸਪੁਰਦ ਕਰ ਦਿੱਤਾ; ਅਤੇ ਆਪ ਚਲਾ ਗਿਆ। ਇਹ ਆਦਮੀ ਬੱਚਿਆਂ ਨੂੰ ਸਾਰੇ ਦਿਨ ਵਿਚ ਖਾਣ ਨੂੰ ਸਿਰਫ ਇਕ ਰੋਟੀ ਦੇਂਦਾ ਸੀ ਅਤੇ ਘਾਹ ਤੇ ਸੁਆਂਦਾ ਸੀ।

ਕਿਉਂਕਿ ਪਰਮਾਤਮਾ ਨੇ ਬੱਚਿਆਂ ਨੂੰ ਬਚਾਉਣਾ ਸੀ ਇਸ ਲਈ ਆਦਮੀ ਨੂੰ ਕਿਸੇ ਗਾਇਬੀ ਸ਼ਕਤੀ ਨੇ ਐਸਾ ਡਰ ਪਾਇਆ ਕਿ ਉਸਨੇ ਬੱਚਿਆਂ ਨੂੰ ਅਪਣੇ ਕੋਲ ਰਖਣਾ ਮੁਨਾਸਬ ਨ ਸਮਝਿਆ। ਡਰਦੇ ਮਾਰੇ ਉਸੇ ਘਰ ਦਾ ਇਕ ਆਦਮੀ ਬੱਚਿਆ ਨੂੰ ਜੰਗਲ ਵਿਚ ਲੈ ਗਿਆ ਅਤੇ ਕਿਤੇ ਸੰਘਣੀਆਂ ਝਾੜੀਆਂ ਦੇ ਉਹਲੇ ਬੱਚਿਆਂ ਨੂੰ ਬਹਾ ਕੇ ਇਹ ਕਹਿਕੇ ਚਲਾ ਆਇਆ ਕਿ ਮੈਂ ਹੁਣੇ ਆਉਂਦਾ ਹਾਂ। ਉਸ ਉਜਾੜ ਜੰਗਲ ਵਿਚ ਬੱਚੇ ਡਰ ਨਾਲ ਸਹਿਮੇ ਹੋਇ ਕਿੰਨਾ ਚਿਰ ਉਡੀਕਦੇ ਰਹੇ ਪਰ ਉਹ ਆਦਮੀ ਉੱਥੇ ਨ ਆਇਆ। ਉਥੇ ਕੋਲ ਹੀ ਪਿੱਪਲ ਦਾ ਇਕ ਦਰੱਖਤ ਸੀ। ਬੱਚਿਆਂ ਨੇ ਪਹਿਲਾਂ ਦਿੱਲੀ ਵਿੱਚ ਕਈਆਂ ਨੂੰ ਪਿੱਪਲ ਦੀ ਪੂਜਾ ਕਰਦਿਆ ਵੇਖਿਆਂ ਹੋਇਆ ਸੀ। ਉਨ੍ਹਾਂ ਨੂੰ ਪੂਜਾ ਕਰਨੀ ਤਾਂ ਆਉਂਦੀ ਨਹੀਂ ਸੀ ਉਹ ਉਂਝ ਹੀ ਪਿੱਪਲ ਵਲ ਮੂੰਹ ਕਰਕੇ, ਹੱਥ ਜੋੜ ਕੇ ਅਤੇ ਅੱਖਾਂ ਮੀਟ ਕੇ ਕਹਿਨ ਲਗੇ

"ਹੇ ਭਗਵਾਨ ਹਮੇਂ ਬਚਾ ਲੋ

ਹਮੇਂ ਹਮਾਰੇ ਮਾਤਾ ਪਿਤਾ ਸੇ ਮਿਲਾ ਦੋ"

"ਭੋਲੇ ਭਾਇ ਮਿਲੇ ਰਘੁਰਾਇਆ" ਦੀ ਤਰ੍ਹਾਂ ਜਦੋਂ ਬੱਚਿਆਂ ਨੇ ਅੱਖਾ ਖੋਲ੍ਹੀਆਂ ਤਾਂ ਸਾਹਮਣੇ ਪ੍ਰਤੱਖ ਭਗਵਾਨ ਜੀ ਖਲੋਤੇ ਹੋਇ ਵੇਖ। ਭਗਵਾਨ ਨੇ ਉਨ੍ਹਾਂ ਨੂੰ ਛੋਟੇ ਛੋਟੇ ਸੰਖ ਅਤੇ ਕੌਡੀਆਂ ਦਾ ਪ੍ਰਸਾਦ ਦਿੱਤਾ ਅਤੇ ਉਨ੍ਹਾਂ ਨੂੰ ਹੌਸਲਾ ਦੇਂਦਿਆਂ ਕਿਹਾ

"ਘਬਰਾਓ ਨਾ, ਤੁਹਾਡੇ ਪਿਤਾ ਜੀ ਆ ਕੇ ਤੁਹਾਨੂੰ ਲੈ ਜਾਣਗੇ" ਇੰਨਾ ਕਹਿਕੇ ਭਗਵਾਨ ਬੱਚਿਆਂ ਤੇ ਮਾਇਆ ਪਾ ਕੇ ਪਤਾ ਨਹੀਂ ਲਗਾ ਕਿ ਕਿਧਰ ਚਲੇ ਗਏ। ਬੱਚਿਆਂ ਨੇ ਬੜਾ ਏਧਰ ਓਧਰ ਵੇਖਿਆ ਪਰ ਭਗਵਾਨ ਦੇ ਫਿਰ ਦਰਸ਼ਨ ਨ ਹੋਏ। ਐਨ ਉਸੇ ਵਕਤ ਇਕ ਦੁੱਧ ਵੇਚਣ ਵਾਲਾ ਆਦਮੀ ਕੁਝ ਕਦਮ ਦੀ ਦੂਰੀ ਤੇ ਸਾਈਕਲ ਤੇ ਜਾਂਦਿਆਂ ਦਿੱਸਿਆ। ਬੱਚਿਆਂ ਨੇ ਉਸਨੂੰ ਅੰਕਲ-ਅੰਕਲ (uncle) ਕਹਿ ਕੇ ਆਵਾਜ਼ ਮਾਰੀ। ਦੁੱਧ ਵਾਲਾ ਉਥੇ ਹੀ ਰੁਕ ਗਿਆ ਅਤੇ ਬੱਚਿਆਂ ਨੇ ਕੋਲ ਜਾਕੇ ਸਿਸਕੀਆਂ ਭਰਦਿਆਂ ਕਹਿਆ "ਅੰਕਲ, ਸਾਨੂੰ ਕੋਈ ਦਿੱਲੀ ਸੇ ਉਠਾ ਲਾਇਆ ਹੈ। ਹਮਨੇ ਵਾਪਸ ਦਿੱਲੀ ਜਾਣਾ ਹੈ, ਹਮੇਂ ਸਟੇਸ਼ਨ ਪਰ ਛੋੜ ਆਉ"

ਭਗਵਾਨ ਦੀ ਪ੍ਰੇਰਨਾ ਨਾਲ ਆਇਆ ਹੋਇਆ ਇਹ ਦੁੱਧ ਵਾਲਾ, ਬੱਚਿਆਂ ਨੂੰ ਨੇੜੇ ਦੇ ਪਿੰਡ ਦੇ ਨੰਬਰਦਾਰ ਕੋਲ ਲੈ ਗਇਆ। ਇਸ ਨੰਬਰਦਾਰ ਨੇ ਬੱਚਿਆਂ ਨੂੰ ਬੜਾ ਹੌਸਲਾ ਦਿੱਤਾ ਅਤੇ ਉਸੇ ਵਕਤ ਸਥਾਨਕ ਪੁਲਿਸ ਨੂੰ ਖਬਰ ਕਰ ਦਿੱਤੀ। ਸਥਾਨਕ ਪੁਲਿਸ ਨੇ ਝੱਟ ਦਿੱਲੀ ਦੀ ਪੁਲਿਸ ਨੂੰ ਖਬਰ ਕਰ ਦਿੱਤੀ। ਦਿੱਲੀ ਦੀ ਪੁਲਿਸ ਬੱਚਿਆਂ ਦੇ ਪਿਤਾ, ਰਾਮ ਗੁਪਾਲ ਨੂੰ ਲੈ ਕੇ ਉਸ ਪਿੰਡ ਪਹੁੰਚ ਗਈ। ਪਿਤਾ ਨੂੰ ਵੇਖ ਕੇ ਜਿਹੜੀ ਖੁਸ਼ੀ ਬੱਚਿਆਂ ਨੂੰ ਹੋਈ ਅਤੇ ਬੱਚਿਆ ਨੂੰ ਵੇਖਕੇ ਜਿਹੜੀ ਖੁਸ਼ੀ ਰਾਮ ਗੁਪਾਲ ਨੂੰ ਹੋਈ ਉਸਦਾ ਅੰਦਾਜ਼ਾ ਇਹ ਕਲਮ ਨਹੀਂ ਲਾ ਸਕਦੀ। ਰਾਮ ਗੁਪਾਲ ਦੁੱਧ ਵਾਲੇ ਦਾ ਨੰਬਰਦਾਰ ਦਾ, ਪੋਲਿਸ ਦਾ ਅਤੇ ਹੋਰ ਸਾਰੇ ਸੰਬੰਧਤ ਸਰੀਰਾਂ ਦਾ ਧੰਨਵਾਦ ਕਰਕੇ ਦਿੱਲੀ ਪੁਲਿਸ ਦੀ ਨਿਗਰਾਨੀ ਹੇਠ ਬੱਚਿਆਂ ਨੂੰ ਦਿੱਲੀ ਅਪਣੇ ਘਰ ਲੈ ਗਿਆ ਬੱਚਿਆਂ ਦੇ ਘਰ ਪਹੁੰਚਣ ਤੇ ਘਰ ਦੀ ਸੋਗੀ ਹਾਲਤ ਇਕ ਦਮ ਖੁਸ਼ੀਆਂ ਵਿਚ ਬਦਲ ਗਈ। ਬੀਬੀ ਕੁਸਮ ਦੀ ਖੁਸ਼ੀ ਦਾ ਤਾਂ ਕੋਈ ਅੰਤ ਹੀ ਨਹੀਂ ਸੀ ਦਾਦੀ ਨੇ ਰਜ ਰਜ ਕੇ ਆਪਣੇ ਸ਼ਗੱਨ ਪੂਰੇ ਕੀਤੇ। ਆਂਢ ਗੁਆਂਢ ਸਭ ਨੇ ਆ ਕੇ ਵਧਾਈ ਦਿੱਤੀ।

ਬੱਚਿਆਂ ਨੇ ਅਪਣਾ ਸਾਰਾ ਹਾਲ ਦੱਸਿਆ-ਕਿਸ ਤਰਾਂ ਗੱਲੀਂ ਲਾਕੇ ਬੱਸ ਸਟੈਂਡ ਤੇ ਲੈ ਗਿਆ, ਕਿਸ ਤਰ੍ਹਾਂ ਉਨਾਂ ਨੂੰ ਮੋਟਰ ਵਿਚ ਬਠਾਇਆ ਗਿਆ ਕਿਸ ਤਰ੍ਹਾਂ ਡਰਾਇਆ ਗਿਆ, ਕਿਸ ਤਰ੍ਹਾ ਉਨ੍ਹਾਂ ਨੂੰ ਵੇਚਿਆ ਗਿਆ, ਕਿਸ ਤਰ੍ਹਾਂ ਜੰਗਲ ਵਿਚ ਛੱਡਿਆ ਗਿਆ, ਕਿਸ ਤਰ੍ਹਾਂ ਪਿੱਪਲ ਦੀ ਪੂਜਾ ਕੀਤੀ ਅਤੇ ਕਿਸ ਤਰ੍ਹਾਂ ਭਗਵਾਨ ਦੇ ਦਰਸ਼ਨ ਹੋਏ। ਜਦੋਂ ਭਗਵਾਨ ਦੇ ਦਰਸ਼ਨ ਹੋਣ ਬਾਰੇ ਦੱਸਿਆ ਅਤੇ ਨਿਸ਼ਾਨੀ ਵਜੋਂ ਭਗਵਾਨ ਕੋਲੋਂ ਮਿਲਿਆ ਹੋਇਆ ਸੰਖਾਂ ਅਤੇ ਕੌਡੀਆਂ ਦਾ ਪ੍ਰਸ਼ਾਦ ਵੀ ਵਿਖਾਇਆ ਤਾਂ ਸਭ ਹੈਰਾਨ ਰਹਿ ਗਏ। ਫਿਰ ਜਦੋਂ ਪੁਛਿਆਂ ਗਿਆ ਕਿ ਭਗਵਾਨ ਨੇ ਕਿਸ ਰੂਪ ਵਿਚ ਤੁਹਾਨੂੰ ਦਰਸ਼ਨ ਦਿੱਤੇ ਸਨ ਤਾਂ ਬੱਚਿਆਂ ਨੇ ਕਿਹਾ ਭਗਵਾਨ ਜੀ ਇਕ ਬਾਬੇ ਦੇ ਰੂਪ ਵਿਚ ਸਨ। ਉਨ ਕੇ ਸਭ ਬਸਤਰ ਸਫੇਦ ਥੇ ਅਤੇ ਸਿਰ ਪਰ ਗੋਲ ਗੋਲ ਪਗੜੀ ਥੀ। ਇਹ ਸੁਣਦਿਆਂ ਸਾਰ ਸਭ ਨੂੰ ਨਿਸਚਾ ਹੋ ਗਿਆ ਕਿ ਉਹ ਭਗਵਾਨ ਜ਼ਰੂਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੀ ਹੋਣਗੇ। ਭਾਵੇਂ ਸਭ ਪਰਵਾਰ ਦੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੇ ਸ਼ਰਧਾ ਬੱਝ ਗਈ ਸੀ ਪਰ ਬੱਚਿਆਂ ਵਾਸਤੇ ਤਾਂ ਇਹ ਸੀ

"ਬਿਨੁ ਦੇਖੇ ਕਹਣਾ ਬਿਰਥਾ ਜਾਇ"

ਸੁਭਾਗ ਨਾਲ ਹੀ ਸਤਿਗੁਰੂ ਜਗਜੀਤ ਸਿੰਘ ਜੀ ੯ ਦਸੰਬਰ ੧੯੯੩ ਨੂੰ ਦਿੱਲੀ ਦਿਵਾਨ ਵਿਚ ਦਰਸ਼ਨ ਦੇ ਰਹੇ ਸਨ। ਬੱਚਿਆਂ ਦੇ ਮਾਤਾ ਪਿਤਾ ਤੇ ਹੋਰ ਕਈ ਰਿਸ਼ਤੇਦਾਰ ਇਕੱਠੇ ਹੋ ਕੇ ਬੱਚਿਆਂ ਨੂੰ ਮੱਥਾ ਟਿਕਾਉਣ ਵਾਸਤੇ ਦਿਵਾਨ ਵਿਚ ਪਹੁੰਚ ਗਏ। ਜਦੋਂ ਬੱਚਿਆਂ ਨੇ ਦਰਸ਼ਨ ਕੀਤਾ ਤਾਂ ਆਪ ਮੁਹਾਰੇ ਬੋਲਣ ਲਗ ਪਏ।

ਡੈਡੀ, ਡੈਡੀ, ਯਹੀ ਭਗਵਾਨ ਥੇ, ਯਹੀ ਬਾਬਾ ਜੀ ਥੇ ਜਿਨ੍ਹੋਂ ਨੇ ਹਮੇਂ ਜੰਗਲ ਮੇਂ ਦਰਸ਼ਨ ਦੀਏ ਥੇ ਔਰ ਪ੍ਰਸ਼ਾਦ ਭੀ ਦੀਆ ਥਾ" ■

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਕੀਤੇ ਗਏ ਉਪਕਾਰਾਂ ਦੇ ਕੁਝ ਸੰਕੇਤ

ਆਤਮਾ ਸਿੰਘ 'ਸਨਖਤ੍ਰਵੀ

ਸ੍ਰੀ ਨਾਨਕ ਰਾਜ ਦੇ ਬਾਰ੍ਹਵੇਂ ਤਖਤ ਨਸ਼ੀਨ ਸਤਿਗੁਰੂ ਰਾਮ ਸਿੰਘ ਨੇ ਸੰਮਤ ੧੮੯੧ (ਹਜ਼ੂਰ ਸਾਹਿਬ)ਤੋਂ ਲੈ ਕੇ ਸੰਮਤ ੧੯੨੮ ਤਕ ਜੋ ਪ੍ਰਿਵਰਤਕ ਪ੍ਰੋਗ੍ਰਾਮ ਚਾਲੂ ਕੀਤੇ, ਉਨ੍ਹਾਂ ਦਾ ਪੂਰਾ ਬਿਓਰਾ ਤਾਂ ਸ਼ਾਇਦ ਕੋਈ ਵੀ ਇਤਿਹਾਸਕਾਰ ਕਲਮਬੰਦ ਨ ਕਰ ਸਕੇ, ਪਰ ਨਮੂਨੇ ਵਜੋਂ ਕੁਝ ਸੰਕੇਤ ਇਸ ਤਰ੍ਹਾਂ ਦੇ ਪ੍ਰਤੱਖ ਰੂਪ ਵਿਚ ਅਜ ਵੀ ਅਮਲ ਵਿਚ ਆਉਂਦੇ ਵੇਖੇ ਜਾ ਰਹੇ ਹਨ:

੧. ਘਰ ਘਰ ਗੁਰੂ ਕਾ ਲੰਗਰ ਚਾਲੂ ਕਰਨ ਦੀ ਪ੍ਰੰਪਰਾ ਦੂਸਰੀ ਵਾਰੀ ਹਜ਼ੂਰੋਂ ਜਾਣ ਤੋਂ ਬਾਅਦ ਸ਼ੁਰੂ ਕੀਤੀ।

੨. ਹਜ਼ੂਰੋਂ ਤੋਂ ਗੁਰਗੱਦੀ ਦੇ ਅਧਿਕਾਰ ਪ੍ਰਾਪਤ ਹੋ ਜਾਣ ਤੇ ਵੀ ਤਕਰੀਬਨ ਸੋਲਾਂ ਸਾਲ ਪਹਿਲਾਂ ਭੈਣੀ ਸਾਹਿਬ ਧਰਮ ਦੀ ਕਿਰਤਵਿਰਤ ਕਰਨ ਤੇ ਭਜਨ ਬੰਦਗੀ ਦੀ ਤਪੱਸਿਆ ਕੀਤੀ। ਫਿਰ ਮੁਕਤਸਰ ਸਾਹਿਬ ਆਦਿਕ ਗੁਰੂਧਾਮਾਂ ਦੀ ਮੁਰੰਮਤ (ਸੇਵਾ ਦੇ ਰੂਪ ਵਿਚ) ੪-੫ ਸਾਲ ਕਰਦੇ ਰਹੇ।

੩. ਸੰਮਤ ੧੯੧੪ ਦੀ ਵਿਸਾਖੀ ਨੂੰ ੫ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਿਰਜਨਾ ਕਰਕੇ ਸ੍ਰੀ ਦਸਮੇਸ਼ ਦੀ ਖ਼ਤਮ ਹੋ ਚੁਕੀ ਮਰਿਯਾਦਾ ਦਾ ਪੁਨਰਗਠਨ ਕੀਤਾ।

੪. ਸੰਮਤ ੧੯੧੮ ਨੂੰ ਹਰਿਦੁਆਰ ਅਧਕੁੰਭੀ ਦੇ ਸਮਾਗਮ ਉੱਤੇ ਸੰਗਤਾਂ ਸਮੇਤ ਜਾ ਕੇ ਅਨੇਕਾਂ ਅਲੌਕਿਕ ਚੋਜ ਕੀਤੇ ਅਤੇ ਵਾਪਸ ਸ੍ਰੀ ਭੈਣੀ ਸਾਹਿਬ ਆਕੇ ਸਦਾ ਬਰਤ ਲੰਗਰ ਚਾਲੂ ਕੀਤਾ (ਜੋ ਉਸ ਵਕਤ ਤੋਂ ਹੁਣ ਤਕ ਨਿਰੰਤਰ ਜਾਰੀ ਹੈ)।

੫. ਸੰਮਤ ੧੯੨੦ ਨੂੰ ਪਹਿਲੇ ਸਿਆਹੜ ਨਗਰ ਮਾਈਆਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਪੰਜਾਂ ਕਕਾਰਾਂ ਦੀ ਰਹਿਤ ਧਾਰਨ ਕਰਵਾਈ ਤੇ ਫਿਰ ਖੋਟੇ ਨਗਰ (ਜ਼ਿਲ੍ਹਾ ਫਿਰੋਜ਼ਪੁਰ) ਜਾ ਕੇ ਗੁਰਬਾਣੀ ਦਵਾਰਾ ਵਿਵਾਹ ਪਧਤੀ (ਅਨੰਦ ਮਰਯਾਦਾ) ਵਾਲੀ ਗੁਰੂ ਮਰਯਾਦਾ ਦੇ ਅਸੂਲ ਤਿਆਰ ਕਰਕੇ ੬ ਲੜਕੇ ਲੜਕੀਆਂ ਦੇ ਅੰਤਰਜਾਤੀ ਵਿਆਹ ਕਰਵਾ ਕੇ ਸਮੁੱਚੇ ਸਿੱਖ ਸਮਾਜ ਵਿਚ ਇਕ ਨਵਾਂ ਮੀਲ ਪੱਥਰ ਗੱਡਿਆ।

੬. ਸੰਮਤ ੧੯੨੩ ਵਿਚ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਦਾ ਦੌਰਾ ਕਰਕੇ ਲੱਖਾਂ ਪ੍ਰਾਣੀਆਂ ਨੂੰ ਸਿੱਖੀ ਮਾਰਗ ਉੱਤੇ ਤੋਰਿਆ। ਅਥਵਾ ਗੁਰੂਮੰਤ੍ਰ ਕੰਨਾਂ ਵਿਚ ਦੱਸਕੇ ਹੁੱਕੇ, ਤਮਾਕੂ, ਮਾਸ, ਸ਼ਰਾਬ, ਆਦਿ ਕੁਕਰਮਾਂ ਵਲੋਂ ਹਟਾਇਆ।

੭. ਇਸਦੇ ਨਾਲ ਹੀ ਨਾਮਧਾਰੀ ਬਣੇ ਕੁਝ ਸਿੰਘਾਂ ਨੇ ਪੰਜਾਬ ਵਿਚੋਂ ਧੌਕਲ ਵਰਗੇ ਵੱਡੇ ਵੱਡੇ ਪੀਰ ਖਾਨੇ, ਮੜ੍ਹੀਆਂ ਗੋਰਾਂ ਦਾ ਸਫਾਇਆ ਕੀਤਾ।

੮. ਇਸ ਧਾਰਮਿਕ ਪ੍ਰੋਗ੍ਰਾਮ ਦੇ ਨਾਲ-ਨਾਲ ਸਤਿਗੁਰੂ ਜੀ ਨੇ ਅੰਗ੍ਰੇਜ਼ੀ ਹਕੂਮਤ ਦੇ ਖਾਤਮੇ ਵਾਸਤੇ ਅੰਗ੍ਰੇਜ਼ੀ ਵਸਤਾਂ, ਅੰਗ੍ਰੇਜ਼ੀ ਸਕੂਲਾਂ, ਕਚਹਿਰੀਆਂ, ਨਹਿਰਾਂ, ਡਾਕਖਾਨਿਆਂ ਆਦਿ ਦਾ ਬਾਈਕਾਟ ਕਰਨ (ਨਾ-ਮਿਲਵਰਤਨ ਰਖਣ) ਦਾ ਪ੍ਰੋਗ੍ਰਾਮ ਚਾਲੂ ਕਰ ਦਿੱਤਾ, ਜਿਸ ਤੋਂ ਸਰਕਾਰ ਅੰਗ੍ਰੇਜ਼ੀ ਨੇ ਖਤਰਾ ਮਹਿਸੂਸ ਕਰਕੇ ਸ੍ਰੀ ਸਤਿਗੁਰੂ ਜੀ ਦੇ ਦੌਰਿਆਂ 'ਤੇ ਪਾਬੰਦੀ ਲਾ ਦਿੱਤੀ।

੯. ਇਤਆਦਿਕ ਪਾਬੰਦੀਆਂ ਵਿਚ ਸਤਿਗੁਰੂ ਜੀ ਨੇ ਆਪਣਾ ਧਾਰਮਿਕ ਸਮਾਜਿਕ, ਸੁਧਾਰਕ, ਸਦਾਚਾਰਕ ਤੇ ਰਾਜਨੀਤਕ ਪ੍ਰਚਾਰ ਜਾਰੀ ਰਖਣ ਵਾਸਤੇ ੨੨ ਸੂਬਿਆਂ ਦੀ ਸਥਾਪਨਾ ਕੀਤੀ। ਜਦੋਂ ਲੁਧਿਆਣੇ ਦੇ ਡੀਸੀ. ਨੇ ਭੈਣੀ ਸਾਹਿਬ ਆ ਕੇ ਦੱਸਿਆ ਕਿ ਸਰਕਾਰ ਨੇ ਆਪ ਜੀ ਦੇ ਸਮੇਤ ਸਾਰੇ ਸੂਬਿਆਂ ਦੇ ਪ੍ਰਚਾਰ ਤੇ ਵੀ ਪਾਬੰਦੀ ਲਾ ਦਿੱਤੀ ਹੈ ਤਾਂ ਸਤਿਗੁਰੂ ਜੀ ਨੇ ਬਚਨ ਕੀਤਾ, ਬਿਲਿਆ! ਮੈਂ ਘਰ ਘਰ ਰਾਮ ਸਿੰਘ ਪੈਦਾ ਕਰ ਦੇਵਾਂਗਾ, ਸਗੋਂ ਯਾਦ ਰੱਖ ਜਿਹੜੀ ਆਜ਼ਾਦੀ ਦੀ ਅੱਗ ਵਾਲੀ ਚੰਗਿਆੜੀ ਦੇਸ ਵਿਚ ਮੈਂ ਲਾ ਦਿੱਤੀ ਹੈ, ਇਸਨੂੰ ਕੋਈ ਵੀ ਬੁਝਾ ਨਹੀਂ ਸਕੇਗਾ। ਇਹ ਹਮੇਸ਼ਾ ਸੁਲਘਦੀ ਰਹੇਗੀ ਤੇ ਸਮਾਂ ਪਾ ਕੇ ਇਹੋ ਅੱਗ ਭਾਂਬੜ ਬਣਕੇ ਅੰਗ੍ਰੇਜ਼ੀ ਹਕੂਮਤ ਨੂੰ ਇਸ ਭਾਰਤ ਵਿਚੋਂ ਭਸਮ ਕਰਕੇ ਉਡਾ ਦੇਵੇਗੀ? ਸਮਾਂ ਪਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਇਹ ਵਾਕ ਸੌ ਪ੍ਰਤੀਸ਼ਤ ਪੂਰੇ ਹੋਏ ਅਤੇ ਹੋ ਰਹੇ ਹਨ।

੧੦. ਸਤਿਗੁਰੂ ਰਾਮ ਸਿੰਘ ਜੀ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਦੀਆਂ ਲਿਖਤੀ ਬੀੜਾਂ ਦੀ ਘਾਟ ਨੂੰ ਪੂਰਾ ਕਰਨ ਲਈ ਲਾਹੌਰ ਦੇ ਸ੍ਰ. ਬੂਟਾ ਸਿੰਘ ਦੀਵਾਨ ਨੂੰ ਪ੍ਰੇਰਤ ਕਰਕੇ ਉਸਦੇ ਪ੍ਰੈਸ ਦਵਾਰਾ ਪਹਿਲਾਂ ਪੱਥਰ ਦੇ ਛਾਪੇ ਵਾਲੀਆਂ ਬੀੜਾਂ ਤਿਆਰ ਕਰਵਾਈਆਂ ਤੇ ਫਿਰ ਟਾਈਪ ਦੇ ਗੁਰਮੁਖੀ ਅੱਖਰ ਬਣਵਾ ਕੇ ਸੈਂਕੜੇ ਬੀੜਾਂ ਪ੍ਰਕਾਸ਼ਤ ਕਰਵਾਈਆਂ। ਜਿਸਦੇ ਫਲਸਰੂਪ ਅੱਜ ਲੱਖਾਂ ਦੀ ਤਾਦਾਦ ਵਿਚ ਪ੍ਰਕਾਸ਼ਤ ਹੋਈਆਂ ਸਾਰੀ ਦੁਨੀਆਂ ਵਿਚ ਪ੍ਰਸਾਰਤ ਹੋਈਆਂ ਵੇਖੀਆਂ ਜਾ ਰਹੀਆਂ ਹਨ।

੧੧. ਨਗਰਾਂ ਵਿਚ ਦੌਰੇ ਕਰਕੇ ਜਿਥੇ ਕਈ ਪੁਰਾਣੀਆਂ ਧਰਮਸ਼ਾਲਾ ਨੂੰ ਮੁਰੰਮਤ ਕਰਵਾ ਕੇ ਕਈਆਂ ਲੋਕਾਂ ਵਲੋਂ ਕੁੱਪਾਂ ਦੇ ਗਾਹੀਰਿਆਂ ਵਿਚੋਂ ਦੱਬੀਆਂ ਬੀੜਾਂ ਕਢਵਾ ਕੇ ਪ੍ਰਕਾਸ਼ਤ ਕਰਵਾਈਆਂ ਤੇ ਅਨੇਕ ਲੋਕਾਂ ਨੂੰ ਗੁਰਬਾਣੀ ਦਾ ਪਾਠ ਕਰਨ ਦਾ ਨਿਤਨੇਮੀ ਬਣਾਇਆ। ਉਥੇ ਕਈ ਥਾਈਂ ਨਵੀਆਂ ਧਰਮਸ਼ਾਲਾ ਕਾਇਮ ਕਰਕੇ ਲੋਕਾਂ ਨੂੰ ਗੁਰਬਾਣੀ ਦੇ ਪਾਠ ਕਰਨ ਦੀ ਪ੍ਰੇਰਨਾ ਦਿੱਤੀ।

੧੨. ਹਰ ਪੰਜਾਬੀ ਨੂੰ ਅੰਗ੍ਰੇਜ਼ੀ ਢੰਗ ਵਿਦਿਆ ਦੇ ਥਾਂ ਗੁਰਮੁਖੀ ਅੱਖਰ ਪੜ੍ਹਨ ਦਾ ਉਪਦੇਸ਼ ਦਿੱਤਾ। ਭਾਵੇਂ ਉਸ ਵਕਤ ਆਮ ਲੋਕਾਂ ਨੇ ਇਸ ਉਪਦੇਸ਼ ਵੱਲ ਕੋਈ ਧਿਆਨ ਨਾ ਦਿੱਤਾ, ਪਰ ਅਜ ਪੰਜਾਬੀ (ਗੁਰਮੁਖੀ) ਵਿਦਿਆ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾ ਰਿਹਾ ਹੈ।

੧੩. ਜੰਮਦੀਆਂ ਲੜਕੀਆਂ ਨੂੰ ਮਾਰਨ, ਵੇਚਣ, ਵੱਟਾ ਕਰਨ ਆਦਿਕ ਕੁਰੀਤੀਆਂ ਹਟਾਉਣ ਵਾਸਤੇ ਨਾਮਧਾਰੀਆਂ ਅਤੇ ਆਮ ਲੋਕਾਂ ਨੂੰ ਪੂਰੀ ਤਰ੍ਹਾਂ ਜਾਗਰਤ ਕੀਤਾ।

੧੪. ਹੋਲੀਆਂ ਦੇ ਦਿਨਾਂ ਵਿਚ ਆਮ ਸਿੱਖ ਸਰਦਾਰਾਂ ਨੂੰ ਤੇ ਕੁਝ ਨਿਹੰਗਾਂ ਦੀਆਂ ਕੁਰਤੀਆਂ ਨੂੰ ਵੇਖ ਕੇ ਸਤਿਗੁਰੂ ਜੀ ਨੇ ਸੰਮਤ ੧੯੨੨ ਤੋਂ ਕਥਾ ਕੀਰਤਨ ਦੇ ਰੂਪ ਵਿਚ ਨਾਮਧਾਰੀ ਹੋਲਿਆਂ ਦੀ ਰਿਵਾਇਤ ਕਾਇਮ ਕੀਤੀ, ਜੋ ਸਮੁੱਚੇ ਸਿੱਖ ਸਮਾਜ ਤੇ ਖਾਸ ਕਰਕੇ ਨਾਮਧਾਰੀ ਪੰਥ ਵਿਚ ਨਿਰੰਤਰ ਚਲ ਰਹੀ ਹੈ।

੧੫. ਪੰਥਕ ਮਰਯਾਦਾ ਦੇ ਅਨੁਸਾਰ ਸ੍ਰੀ ਨਾਨਕ ਰਾਜ ਦੇ ਬਾਰ੍ਹਵੇਂ ਜਾਨਸ਼ੀਨ ਸਤਿਗੁਰੂ ਰਾਮ ਸਿੰਘ ਜੀ ਜਦ ਵੀ ਸਮੇਂ-ਸਮੇਂ ਨਾਮਧਾਰੀ ਸੰਗਤਾਂ ਸਮੇਤ ਗੁਰੂਧਾਮਾਂ (ਸ੍ਰੀ ਅੰਮ੍ਰਿਤਸਰ, ਮੁਕਤਸਰ, ਸ੍ਰੀ ਅਨੰਦਪੁਰ ਸਾਹਿਬ ਆਦਿਕ) ਦੇ ਦਰਸ਼ਨਾਂ ਨੂੰ ਜਾਂਦੇ ਰਹੇ ਲਾਲਚੀ ਤੇ ਈਰਖਾਲੂ ਪੁਜਾਰੀ(ਜੋ ਗੁਰੂਧਾਮਾਂ ਤੇ ਆਪਣਾ ਵਿਰਾਸਤੀ ਹੱਕ ਬਣਾਈ ਬੈਠੇ ਸਨ) ਵਾਰੀ ਵਾਰੀ ਬਹੁਤ ਤਕਰਾਰ ਕਰਦੇ ਤੇ ਸ਼ਰਤਾਂ ਪੇਸ਼ ਕਰਦੇ ਰਹੇ ਸਨ, ਜਿਵੇਂ ਕਿ ਗੁਰੂ ਤੇਗ ਬਹਾਦਰ ਨਾਲ ਕੀਤਾ ਤੇ ਨਾਮਧਾਰੀਆਂ ਦੇ ਖਿਲਾਫ ਤਖਤਾਂ ਤੋਂ ਹੁਕਮਨਾਮੇ ਜਾਰੀ ਕਰਵਾ ਰਖੇ ਸਨ, ਉਨ੍ਹਾਂ ਪੁਜਾਰੀਆਂ ਨੂੰ ਸਤਿਗੁਰੂ ਜੀ ਨੇ ਇਕ ਲਿਖਤੀ ਪੱਤਰ ਦੁਆਰਾ ਲਿਖਿਆ ਕਿ ਮੈਂ ਜੋ ਸ੍ਰੀ ਦਸਮੇਸ਼ ਦੇ ਹੁਕਮ ਅਨੁਸਾਰ ਗੁਰੂਮਤ ਤੇ ਦੇਸ਼ ਭਗਤੀ ਦੇ ਪ੍ਰਚਾਰ ਦਾ ਪ੍ਰੋਗ੍ਰਾਮ ਚਲਾਇਆ ਹੈ ਇਸਨੂੰ ਕੋਈ ਵੀ ਖਤਮ ਨਹੀਂ ਕਰ ਸਕਦਾ, ਤੁਸੀਂ ਜਿਤਨਾ ਮਰਜ਼ੀ ਹੈ ਜੋਰ ਲਾ ਲਵੋ, ਪਰ ਯਾਦ ਰੱਖੋ ਗੁਰੂਧਾਮਾਂ ਤੇ ਤੁਹਾਡਾ ਵਿਰਾਸਤੀ ਹੱਕ ਛੇਤੀ ਹੀ ਖਤਮ ਹੋ ਜਾਵੇਗਾ।

ਸੰਮਤ ੧੯੨੮ ਨੂੰ ਸੱਚੇ ਪਾਤਸ਼ਾਹ ਪ੍ਰਦੇਸ ਗਮਨ ਕੀਤਾ। ਸੰਮਤ ੧੯੨੯-੩੦ ਨੂੰ ਸਿੰਘ ਸਭਾ ਕਾਇਮ ਹੋਈ ਤੇ ਫਿਰ ਲਾਹੌਰ ਵਾਲੀ ਸਿੰਘ ਸਭਾ ਦੇ ਲੀਡਰਾਂ ਨੇ ਇਤਿਹਾਸਿਕ ਗੁਰੂਧਾਮਾਂ ਵਿਚ ਪੁਜਾਰੀਆਂ ਵਲੋਂ ਪ੍ਰਚਲਤ ਕਈ ਕੁਰੀਤੀਆਂ ਨੂੰ ਖਤਮ ਕੀਤਾ ਜਦ ਕਿ ਨਾਮਧਾਰੀ ਪੰਥ (ਬਾਵਜੂਦ ਸਰਕਾਰੀ ਪਾਬੰਦੀਆਂ ਤੇ ਪੁਜਾਰੀਆਂ ਦੀ ਵਿਰੋਧਤਾ ਦੇ) ਅਮਰ ਵੇਲ ਵਾਂਗੂੰ ਸਾਰੀ ਦੁਨੀਆਂ ਵਿੱਚ ਪ੍ਰਫੁਲਤ ਹੋ ਰਿਹਾ ਹੈ ਅਤੇ ਚੀਨੀ ਵਾਲੇ ਸਤਿਗੁਰੂ ਦੇ ਵਾਕ ਪ੍ਰਤੱਖ ਰੂਪ ਵਿਚ ਪੂਰੇ ਹੋ ਰਹੇ ਹਨ।

੧੬. ਏਸੇ ਤਰ੍ਹਾਂ ਭਾਰਤੀ ਤੇ ਪੰਜਾਬ ਦੀਆਂ ਰਿਆਸਤਾਂ ਦੇ ਮਹਾਰਾਜਿਆਂ ਬਾਬਤ ਸਤਿਗੁਰੂ ਰਾਮ ਸਿੰਘ ਜੀ ਭਵਿਖਤ ਬਚਨ ਕਰਿਆ ਕਰਦੇ ਸਨ। ਜਿਹੜੀ ਭੰਡੀ ਇਹਨਾਂ ਲੋਕਾਂ ਨਾਮਧਾਰੀਆਂ ਮਗਰ ਲਾਈ ਹੋਈ ਹੈ, ਇਹ ਸਭ ਲੋਕਾਂ ਦੇ ਮਗਰ ਲਗੇਗੀ, ਹੋਵੇਗਾ ਆਟਾ ਸਣੇ ਰਾਜਿਆ ਪਰਜਿਆ ਸਭ ਦਾ ਨਹੀਂ ਤਾਂ ਦਲੀਆ ਜ਼ਰੂਰ ਹੋਵੇਗਾ!

ਇਸ ਭਵਿਖਤ ਵਾਕ ਦੀ ਪੂਰਤੀ ਪ੍ਰਤੱਖ ਰੂਪ ਵਿਚ ਸਭ ਦੁਨੀਆਂ ਦੇ ਸਾਹਮਣੇ ਮੂਰਤੀਮਾਨ ਹੋ ਰਹੀ ਹੈ। ਅਜ ਭਾਰਤ ਵਿਚ ਰਾਜਿਆਂ ਦੀਆਂ ਰਿਆਸਤਾਂ ਵੱਡੇ ਵੱਡੇ ਮਹਾਰਾਜਿਆਂ ਦਾ ਨਾਮ ਨਿਸ਼ਾਨ ਨਹੀਂ ਰਿਹਾ।

ਇਤਆਦਿਕ ਹੀ ਅਮਲੀ ਰੂਪ ਵਾਲੇ ਅਸੂਲ (ਨਿਯਮ) ਮੁਤਵਾਜ਼ੀ ਸਰਕਾਰ ਕਾਇਮ ਕਰਕੇ ਪ੍ਰਚਲਤ ਕੀਤੇ ਅਥਵਾ ਭਵਿੱਖਤ ਵਾਕਾਂ ਦੁਆਰਾ ਸਭ ਲੋਕਾਂ ਨੂੰ ਧਾਰਮਿਕ, ਸਮਾਜਿਕ ਸੁਧਾਰਕ ਤੇ ਰਾਜਨੀਤਕ ਗੁਲਾਮੀ ਦੇ ਪ੍ਰਭਾਵਾਂ ਤੋਂ ਜਾਣੂ ਕਰਵਾਉਂਦੇ ਰਹੇ।

—ਪੁਤਸਕ 'ਸ੍ਰੀ ਨਾਨਕ ਰਾਜ'

ਆ ਦੇਸ਼ ਦੇ ਸਾਈਆਂ

ਆਸਾ ਸਿੰਘ ਮਸਤਾਨਾ

ਕਾਂਡ ਉਡਾਵਾਂ ਔਸੀਆਂ ਪਾਵਾਂ,
ਆ ਦੇਸ਼ ਦੇ ਸਾਈਆਂ
ਹੱਥੀਂ ਜੋ ਬਗੀਚਾ ਲਾਇਆ,
ਅੱਜ ਕਲੀਆਂ ਉਹ ਕਮਲਾਈਆਂ।
ਕਲਿਜੁਗ ਪਾ ਗਿਆ ਜ਼ੋਰ ਸਾਡੇ ਤੇ,
ਬਣ ਨਹੀਂ ਆਉਂਦੀ ਸਕਿਆਂ ਭਾਈਆਂ।
ਦੇਸ਼ ਅਸਾਡੇ ਫੁਟ ਜੋ ਪੈ ਗਈ,
ਥਾਂ-ਥਾਂ ਉੱਤੇ ਹੋਣ ਲੜਾਈਆਂ।
ਜਿਹਨਾਂ ਦੀ ਤੂੰ ਰਖਿਆ ਕੀਤੀ,
ਉਹ ਅਵਾਰਾ ਫਿਰਦੀਆਂ ਗਾਈਆਂ।
ਦਾਜ ਮੰਗਣੋ ਨਹੀਂ ਮੁੜਦੇ ਲੋਕੀਂ,
ਵਿਆਹ ਕੇ ਛੱਡਣ ਧੀਆਂ ਪਰਾਈਆਂ।
ਮਾਂ-ਪਿਉ ਦੀ ਸੇਵਾ ਨਹੀਂ ਕੋਈ ਕਰਦਾ,
ਰੁਲਦੇ ਫਿਰਦੇ ਬੁੱਢੇ ਮਾਈਆਂ।
ਸਿੱਖਾਂ ਦੇ ਪੁਤ ਦਾੜ੍ਹੀ ਮੁੰਨਣ,
ਮੂੰਹ ਡਾਵਣ ਅੱਗੇ ਨਾਈਆਂ।
ਤੇਰੇ ਬਾਝੋਂ ਕੋਈ ਨ ਦਰਦੀ,
ਕਿਹਨੂੰ ਦੁਖ ਸੁਣਾਵਾਂ ਸਾਈਆਂ।
ਤੈਨੂੰ ਹੁਣ ਅਸੀਂ ਕਿਥੋਂ ਲੱਭੀਏ,
ਫਿਰਦੇ ਹਾਂ ਵਾਂਗ ਸ਼ੁਦਾਈਆਂ।
ਦੇਹੁ ਦਰਸ਼ਨ ਗੁਰ ਚੀਨੀ ਵਾਲੇ,
ਕਿਉਂ ਦੇਰੀਆਂ ਏਨੀਆਂ ਲਾਈਆਂ।
ਆਸਾ ਸਿੰਘ ਦਾ ਬੋਲੀ ਸਤਿਗੁਰ,
ਜਿਹਨੇ ਗੱਲਾਂ ਆਖ ਸੁਣਾਈਆਂ।

ਬਸੰਤ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਸੂਬਾ ਸੁਰਿੰਦਰ ਕੌਰ ਖਰਲ

ਖੁਸ਼ੀਆਂ ਤੇ ਖੇੜਿਆਂ ਦਾ ਪ੍ਰਤੀਕ ਬਸੰਤ ਪੰਚਮੀ ਦਾ ਦਿਨ ਭਾਰਤ ਵਾਸੀਆਂ ਲਈ ਇੱਕ ਖਾਸ ਮਹੱਤਵ ਰਖਦਾ ਹੈ। ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਣਾ) ਤੋਂ ਕਿਲੋਮੀਟਰ ਦੂਰ ਪਿੰਡ ਰਾਈਆਂ ਵਿਖੇ ਬਸੰਤ ਪੰਚਮੀ ਦੇ ਦਿਨ ਸੰਨ ੧੮੧੬ ਈ. (ਸੰਮਤ ੧੮੭੨) ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਮੁੱਢ ਬੰਨਣ ਵਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਇਕ ਫਰਵਰੀ ੧੯੯੮ ਨੂੰ ਪਿੰਡ ਰਾਈਆਂ ਵਿਖੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ, ਬਸੰਤ ਦੇ ਉਤਸਵ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼-ਦਿਵਸ ਨੂੰ ਬੜੀ ਧੂਮਧਾਮ ਨਾਲ ਮਨਾਇਆ ਗਿਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬ੍ਰਿਟਿਸ਼ ਸਰਕਾਰ ਵਿਰੁੱਧ ਨਾਮਿਲਵਰਤਣ ਲਹਿਰ ਚਲਾ ਕੇ ਅੰਗ੍ਰੇਜ਼ੀ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਪੱਛਮੀ ਵਿਦਿਆ, ਅਦਾਲਤਾਂ, ਅੰਗ੍ਰੇਜ਼ੀ ਸਰਕਾਰ ਦੀਆਂ ਨੌਕਰੀਆਂ, ਅੰਗ੍ਰੇਜ਼ੀ ਵਸਤਾਂ ਦੇ ਬਾਈਕਾਟ ਦੇ ਨਾਲ ਨਾਲ ਰੇਲ, ਤਾਰ ਤੇ ਡਾਕ ਦਾ ਵੀ ਬਾਈਕਾਟ ਕੀਤਾ। ਅੰਗ੍ਰੇਜ਼ਾਂ ਨੇ ਆਪਣੇ ਰਿਕਾਰਡ ਵਿਚ ਇਸ ਨੂੰ 'ਕੂਕਾ ਪੋਸਟਲ ਸਰਵਿਸ' ਦਾ ਨਾਂ ਦਿੱਤਾ। ਇਸੇ ਨਾਮਿਲਵਰਤਣ ਲਹਿਰ ਨੂੰ ਕਰੀਬ ੫੦ ਸਾਲ ਬਾਅਦ ਕਾਂਗਰਸ ਨੇ ਅਪਨਾਇਆ ਅਤੇ ਦੇਸ਼ ਦੀ ਸੁਤੰਤਰਤਾ ਪ੍ਰਾਪਤੀ ਵਲ ਕਦਮ ਚੁੱਕੇ। ਸਾਰੀਆਂ ਦੇਸ਼ ਭਗਤ ਪਾਰਟੀਆਂ ਨੇ ਨਾਮਧਾਰੀ ਲਹਿਰ ਤੋਂ ਪ੍ਰੇਰਨਾ ਲਈ।

ਗ਼ਦਰ ਪਾਰਟੀ ਦੇ ਆਗੂ ਸ੍ਰ. ਸੋਹਨ ਸਿੰਘ ਭਕਨਾ, ਨਾਮਧਾਰੀ ਪਰਿਵਾਰ ਵਿਚੋਂ ਸਨ। ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਚਾਚਾ ਸ੍ਰ. ਅਜੀਤ ਸਿੰਘ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਨਾਮਿਲਵਰਤਣ ਲਹਿਰ ਤੋਂ ਪ੍ਰੇਰਨਾ ਲਈ। ਸ਼ਹੀਦ ਭਗਤ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਤੇ ਅਸੂਲਾਂ ਤੋਂ ਬਹੁਤ ਪ੍ਰਭਾਵਿਤ ਸਨ ਅਤੇ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਬਾਰੇ ਬਹੁਤ ਸਾਰੇ ਲੇਖ ਲਿਖ ਕੇ ਛਪਵਾਏ ਸਨ। ਸ਼ਹਿਨਸ਼ਾਹ ਕੁਟੀਆ, ਸੂਤਰ ਮੰਡੀ ਲਾਹੌਰ ਤੋਂ 'ਮਹਾਂਰਥੀ' ਅਖਬਾਰ ਦੇ ਸੰਪਾਦਕ੍ ਨੂੰ ਆਪਣੀ ੨੭ ਫਰਵਰੀ ੧੯੨੮ ਦੀ ਚਿੱਠੀ ਵਿਚ ਸ਼ਹੀਦ ਭਗਤ ਸਿੰਘ ਲਿਖਦੇ ਹਨ ਕਿ "ਤੁਸੀਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਮੇਰਾ ਲੇਖ ਤਾਂ ਛਾਪ ਦਿੱਤਾ ਹੈ ਪਰ ਫੋਟੋ ਨਹੀਂ ਛਾਪੀ ਤਸਵੀਰ ਬਿਨਾਂ ਲੇਖਾਂ ਦੀ ਸੁੰਦਰਤਾ ਘਟ ਜਾਂਦੀ ਹੈ, ਹੁਣ ਮੈਂ ਇਕ ਹੋਰ ਲੇਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਭੇਜਾਂਗਾ ਤੁਸੀਂ ਇਸ ਨੂੰ ਤਸਵੀਰਾਂ ਸਮੇਤ ਛਾਪਣਾ।"

ਪ੍ਰਸਿੱਧ ਸੁਤੰਤਰਤਾ-ਸੰਗ੍ਰਾਮੀ ਪੰਡਤ ਸੁੰਦਰ ਲਾਲ ਜੀ ਅਕਸਰ ਕਿਹਾ ਕਰਦੇ ਸਨ ਕਿ 'ਗੁਰੂ ਰਾਮ ਸਿੰਘ ਜੀ ਤਾਂ ਮੇਰੇ ਦਾਦਾ ਗੁਰੂ ਹਨ' ਇਹ ਪੁੱਛਣ ਤੇ ਕਿ ਕਿਵੇਂ ? ਉਹ ਆਖਦੇ ਸਨ, 'ਗਾਂਧੀ ਜੀ ਮੇਰੇ ਗੁਰੂ ਹਨ ਅਤੇ ਗਾਂਧੀ ਜੀ ਦੇ ਗੁਰੂ, ਗੁਰੂ ਰਾਮ ਸਿੰਘ ਜੀ ਸਨ ਤੇ ਇੰਜ ਉਹ ਹੋਏ ਨਾ ਮੇਰੇ ਦਾਦਾ ਗੁਰੂ।"

ਪੰ. ਜਵਾਹਰ ਲਾਲ ਨਹਿਰੂ ਮੁਤਾਬਿਕ, "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਭੂਮੀ ਨੂੰ ਸੁਤੰਤਰਤਾ ਦਿਵਾਉਣ ਦੇ ਲਈ ਅੱਜ ਤੋਂ ਪੌਣੀ ਸਦੀ ਪਹਿਲੋਂ ਜਿਹੜਾ ਮਹਾਨ ਗੌਰਵਸ਼ਾਲੀ ਉੱਦਮ ਕੀਤਾ, ਉਸ ਦੀ ਮਹੱਤਤਾ ਤੋਂ ਕੋਈ ਵੀ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਪਨਾ ਕੇ ਹੀ ਕਾਮਯਾਬੀ ਹਾਸਲ ਕੀਤੀ ਹੈ।"

ਡਾ. ਰਾਜਿੰਦਰ ਪ੍ਰਸ਼ਾਦ ਅਨੁਸਾਰ, "ਸਾਡੇ ਦੇਸ਼ ਵਿਚ ਮਹਾਤਮਾ ਗਾਂਧੀ ਨੇ ਜਿਹੜਾ ਅਸਹਿਯੋਗ ਅੰਦੋਲਨ ਚਲਾਇਆ, ਉਸ ਦਾ ਗੁਰੂ ਰਾਮ ਸਿੰਘ ਜੀ ਨੇ ਕਰੀਬ ਪੰਜਾਹ ਵਰ੍ਹੇ ਪਹਿਲੋਂ ਹੀ ਦੇਸ਼ ਵਿਚ ਪ੍ਰਚਾਰ ਕਰ ਦਿੱਤਾ ਸੀ।"

ਵਿਦੇਸ਼ੀ ਸਰਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਬਹੁਤ ਡਰਦੀ ਸੀ ਅਤੇ ਕਿਸੇ ਨਾ ਕਿਸੇ ਬਹਾਨੇ, ਨਾਮਧਾਰੀ ਪੰਥ ਨੂੰ, ਜਿਹੜਾ ਲੱਖਾਂ ਦੀ ਗਿਣਤੀ ਵਿਚ ਜਾ ਪੁੱਜਾ ਸੀ, ਕੁਚਲਣਾ ਚਾਹੁੰਦੀ ਸੀ। ਸਰਕਾਰ ਬੌਖਲਾ ਗਈ ਸੀ ਤੇ ਉਸ ਨੇ ਇਹ ਸਮਝ ਲਿਆ ਸੀ ਕਿ ਨਾਮਧਾਰੀ ਪੰਥ ਕੇਵਲ ਧਾਰਮਕ ਅਤੇ ਸਮਾਜ ਸੁਧਾਰਕ ਸੰਸਥਾ ਹੀ ਨਹੀਂ ਸਗੋਂ ਬ੍ਰਿਟਿਸ਼ ਸਰਕਾਰ ਵਿਰੋਧੀ ਡੂੰਘੇ ਮਨਸੂਬਿਆਂ ਦੀ ਧਾਰਨੀ ਪਾਰਟੀ ਹੈ।

ਨਾਮਧਾਰੀਆਂ ਬਾਰੇ ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਵਿਚ ਸੰਨ ੧੯੦੪ ਵਿਚ ਇਹ ਗੱਲ ਲਿਖੀ ਗਈ, "ਕੂਕਾ ਕਦੇ ਅੰਗ੍ਰੇਜ਼ ਦਾ ਵਫ਼ਾਦਾਰ ਨਹੀਂ ਹੋ ਸਕਦਾ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿਰਫ ਭਾਰਤ ਵਿਚ ਹੀ ਦੇਸ਼ ਭਗਤੀ ਦੀ ਲਹਿਰ ਨੂੰ ਨਹੀਂ ਫੈਲਾਇਆ ਬਲਕਿ ਪ੍ਰਦੇਸ਼ ਤੇ ਵਿਦੇਸ਼ਾਂ ਦੇ ਹਾਕਮਾਂ ਨਾਲ ਵੀ ਕੌਮਾਂਤਰੀ ਸੰਬੰਧ ਬਣਾਏ। ਸ੍ਰੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਕਸ਼ਮੀਰ ਦੀ ਰਿਆਸਤੀ ਫ਼ੌਜ ਵਿਚ ਟਰੇਨਿੰਗ ਲਈ ਭੇਜਿਆ ਤੇ ਉਥੇ ਹੀ 'ਕੂਕਾ ਰੈਜ਼ਿਮੈਂਟ' ਦੀ ਸਥਾਪਨਾ ਕੀਤੀ। ਇਸ ਤੋਂ ਬਾਅਦ ਨੇਪਾਲ ਨਰੇਸ਼ ਨਾਲ ਰਾਜਨੀਤਕ ਸੰਬੰਧ ਸਥਾਪਤ ਕੀਤੇ। ਬਾਬਾ ਕਾਹਨ ਸਿੰਘ ਨੂੰ ਤੁਹਫੇ ਦੇ ਕੇ ਨੇਪਾਲ ਨਰੇਸ਼ ਜੰਗ ਬਹਾਦਰ ਕੋਲ ਭੇਜਿਆ। ਮਹਾਰਾਣਾ ਨੂੰ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਕੂਕਾ ਲਹਿਰ ਦੇ ਰਾਜਨੀਤਕ ਪ੍ਰੋਗਰਾਮਾਂ ਦੀ ਜਾਣਕਾਰੀ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਅਫ਼ਗਾਨਿਸਤਾਨ ਨਾਲ

ਵੀ ਸੁਹਿਰਦਤਾ ਪੂਰਨ ਸੰਬੰਧ ਬਣਾਏ। ਫਾਰਸੀ ਅਤੇ ਪਸ਼ਤੋ ਦੇ ਵਿਦਵਾਨ ਬਾਬਾ ਬਿਸ਼ਨ ਸਿੰਘ ਨੇ ਕਾਬਲ-ਕੰਧਾਰ ਜਾ ਕੇ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਕੀਤਾ ਅਤੇ ਅਫ਼ਗਾਨਿਸਤਾਨ ਦੇ ਅਮੀਰ ਸ਼ੇਰ ਅਲੀ ਨੂੰ ਮਿਲ ਕੇ ਭਾਰਤ ਨੂੰ ਆਜ਼ਾਦ ਕਰਾਉਣ ਦੀ ਮਦਦ ਮੰਗੀ। ਅਮੀਰ ਦੇ ਪੁੱਤਰ ਯਾਕੂਬ ਖਾਂ ਅਤੇ ਅਬਦੁਲ ਖਾਂ ਹਿੰਦੁਸਤਾਨ ਆਏ। ਉਹ ਸ੍ਰੀ ਭੈਣੀ ਸਾਹਿਬ ਆ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਮਿਲੇ ਅਤੇ ਵਿਚਾਰ-ਵਟਾਂਦਰਾ ਕੀਤਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੂਸ ਨਾਲ ਵੀ ਸੰਬੰਧ ਬਣਾਏ। ਆਪ ਜੀ ਦੇ ਹੁਕਮ ਅਨੁਸਾਰ ਸੂਬਾ ਗੁਰਚਰਨ ਸਿੰਘ ਨੇ ਅਫ਼ਗਾਨਿਸਤਾਨ ਦੇ ਅਮੀਰ ਤੋਂ ਇਲਾਵਾ ਰੂਸ ਦੇ ਹਾਕਮਾਂ ਨੂੰ ਆਪਣੀ ਮਦਦ ਲਈ ਪ੍ਰੇਰਿਆ। ਸੂਬਾ ਗੁਰਚਰਨ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਰੰਗੂਨ ਜ਼ੇਲ ਵਿਚੋਂ ਆਈਆਂ ਚਿੱਠੀਆਂ ਵੀ ਰੂਸ ਲੈ ਕੇ ਜਾਂਦੇ ਰਹੇ ਅਤੇ ਰੂਸੀ ਅਫਸਰਾਂ ਨਾਲ ਉਨ੍ਹਾਂ ਚਿੱਠੀਆਂ ਦੇ ਆਧਾਰ 'ਤੇ ਵਿਉਂਤਬੰਦੀ ਕਰਦੇ ਰਹੇ। ਸ੍ਰੀ ਸਤਿਗੁਰੂ ਜੀ ਦੇ ਵਧਦੇ ਪ੍ਰਭਾਵ ਤੋਂ ਬਰਤਾਨਵੀ ਹਾਕਮਾਂ ਨੂੰ ਡਰ ਪੈ ਗਿਆ ਤੇ ਉਹ ਚੌਕੰਨੇ ਹੋ ਕੇ ਸਖਤੀ ਨਾਲ ਨਿਗਰਾਨੀ ਕਰਨ ਲੱਗੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਕੀਤੇ ਪ੍ਰਚਾਰ ਨਾਲ ਲੋਕਾਂ ਵਿਚ ਚੇਤਨਾ ਵਧਦੀ ਗਈ ਤੇ ਅੰਗ੍ਰੇਜ਼ ਰਾਜ ਵਿਰੋਧੀ ਮਾਹੌਲ ਬਣ ਗਿਆ।

ਸਮਾਜਕ ਖੇਤਰ ਵਿਚ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਮਾਸ, ਸ਼ਰਾਬ, ਚੋਰੀ, ਝੂਠ ਅਤੇ ਹੋਰ ਸਮਾਜਕ ਕੁਰੀਤੀਆਂ ਤੋਂ ਬਚਣ ਦਾ ਉਪਦੇਸ਼ ਦਿੱਤਾ ਅਤੇ ਪਰਾਏ ਹੱਕ ਤੋਂ ਪ੍ਰਹੇਜ ਕਰਨ ਅਤੇ ਸ਼ੁਧ ਵਿਹਾਰ ਕਰਨ ਲਈ ਪ੍ਰੇਰਿਆ। ਇਸਤਰੀ ਜਾਤੀ ਦੀ ਦਸ਼ਾ ਦੇ ਸੁਧਾਰ ਲਈ ਠੋਸ ਕਦਮ ਚੁੱਕੇ। ਲੋਕਾਂ ਨੂੰ ਜੰਮਦੀਆਂ ਕੁੜੀਆਂ ਮਾਰਨ, ਵੇਚਣ, ਵੱਟਾ ਕਰਨ ਤੋਂ ਅਤੇ ਬਾਲ ਵਿਆਹ ਕਰਨ ਤੋਂ ਰੋਕਿਆ। ਇਸਤ੍ਰੀਆਂ ਨੂੰ ਵੀ ਅੰਮ੍ਰਿਤ ਛਕਾਉਣ ਦੀ ਪ੍ਰਥਾ ਆਰੰਭੀ। ਬੀਬੀਆਂ ਤੇ ਸਿੰਘਾਂ ਸਭਨਾਂ ਨੂੰ, ਗੁਰਮੁੱਖੀ ਅੱਖਰ ਪੜ੍ਹਨ ਲਈ ਪ੍ਰੇਰਿਆ। ਸਤੀ-ਪ੍ਰਥਾ ਨੂੰ ਬੰਦ ਕਰਨ ਅਤੇ ਵਿਧਵਾ ਵਿਆਹ ਕਰਨ ਦੀ ਇਜ਼ਾਜ਼ਤ ਦੇਣ ਦੀ ਰੀਤ ਤੋਰੀ। ਇਸਤ੍ਰੀਆਂ ਨੂੰ ਘੁੰਡ ਕਢਣ ਅਤੇ ਉਸ ਸਮੇਂ ਦੇ ਹੋਰ ਫ਼ਜ਼ੂਲ ਰਿਵਾਜ ਕਰਨ ਤੋਂ ਵਰਜਿਆ। ਗੁਰਮਤ-ਮਰਿਯਾਦਾ ਅਨੁਸਾਰ ਅਨੰਦ-ਕਾਰਜ ਕਰਨ ਦੀ ਮਰਿਯਾਦਾ ਆਰੰਭੀ।

ਧਾਰਮਕ ਖੇਤਰ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਲੋਕਾਂ ਨੂੰ ਗੁਰਮਤ ਵਲ ਲਾਉਣ ਲਈ ਪੰਜਾਬ ਵਿਚ ਥਾਂ ਥਾਂ ਦੌਰੇ ਕੀਤੇ। ਬਾਣੀ ਪੜ੍ਹਨ ਅਤੇ ਨਾਮ-ਸਿਮਰਨ ਕਰਨ ਲਈ ਲੋਕਾਂ ਨੂੰ ਪ੍ਰੇਰ ਕੇ ਆਪ ਜੀ ਨੇ ਸ੍ਰੀ ਦਸ਼ਮੇਸ਼ ਜੀ ਦੀ ਅਲੋਪ ਹੋ ਰਹੀ ਸਿੱਖੀ-ਮਰਿਯਾਦਾ ਨੂੰ ਪੁਨਰ ਸੁਰਜੀਤ ਕੀਤਾ। ਆਪ ਜੀ ਦੇ ਦਰਸ਼ਨ, ਬਚਨਾਂ ਅਤੇ ਪ੍ਰਚਾਰ ਤੋਂ ਅਣਗਿਣਤ ਲੋਕ ਪ੍ਰਭਾਵਿਤ ਹੋਏ। ਆਪ ਜੀ ਦਾ ਐਸਾ ਤੇਜ ਪ੍ਰਤਾਪ ਸੀ, ਜਿਧਰ ਜਾਂਦੇ ਹਜਾਰਾਂ ਦੀ ਗਿਣਤੀ ਵਿਚ ਸਿੱਖ ਸਜ ਜਾਂਦੇ। ਪਿੰਡਾਂ ਦੇ ਪਿੰਡ ਸਿੱਖ ਸਜ ਗਏ। ਜਿਥੇ ਗੁਰਬਾਣੀ ਨੂੰ ਕੋਈ ਨਹੀਂ ਸੀ ਜਾਣਦਾ, ਉਥੇ ਦਿਨ-ਰਾਤ ਬਾਣੀ ਦੀ ਧੁਨ ਗੂੰਜਣ ਲਗੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਨ੍ਹਾਂ ਰਾਜਨੀਤਕ, ਸਮਾਜਕ ਅਤੇ ਧਾਰਮਕ ਖੇਤਰਾਂ ਵਿਚ ਕ੍ਰਾਂਤੀਕਾਰੀ ਪ੍ਰੋਗਰਾਮਾਂ ਨੂੰ ਵੇਖਦਿਆਂ ਅੰਗ੍ਰੇਜ਼ ਸਰਕਾਰ ਇਤਨੀ ਭੈਅ ਭੀਤ ਹੋ ਗਈ ਕਿ ਅੰਮ੍ਰਿਤਸਰ, ਲੁਧਿਆਣਾ, ਰਾਇਕੋਟ ਵਿਚ ਅਨੇਕਾਂ ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ੧੭-੧੮ ਜਨਵਰੀ ੧੮੭੨ ਨੂੰ ਮਲੇਰਕੋਟਲੇ ਵਿਖੇ, ਬਗੈਰ ਮੁਕਦਮਾ ਚਲਾਏ ੬੬ ਨਾਮਧਾਰੀ ਸਿੱਖਾਂ ਨੂੰ ਤੋਪਾਂ ਅਗੇ ਖੜਾ ਕਰਕੇ ਤੂੰਬਾ-ਤੂੰਬਾ ਕਰ ਕੇ ਉਡਾ ਦਿੱਤਾ ਗਿਆ। ਸਿੱਖਾਂ ਨੇ ਹੱਸ ਹੱਸ ਕੇ ਸ਼ਹੀਦੀਆਂ ਦਿੱਤੀਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਅਜਿਹੀ ਸ਼ਕਤੀ ਬਖਸ਼ੀ ਸੀ ਕਿ ਉਨ੍ਹਾਂ ਨੂੰ ਮੌਤ ਕੋਲੋਂ ਭੈਅ ਨਹੀਂ ਸੀ ਆਉਂਦਾ ਬਲਕਿ ਉਨ੍ਹਾਂ ਦੀ ਦਸ਼ਾ ਅਜਿਹੀ ਹੋ ਗਈ ਸੀ:

'ਜਿਸ ਮਰਨੇ 'ਤੇ ਜਗ ਡਰੇ, ਮੇਰੇ ਮਨ ਆਨੰਦ' ਬਿਨਾਂ ਗ੍ਰਿਫਤਾਰੀ ਵਾਰੰਟਾਂ ਤੋਂ, ੧੮ ਜਨਵਰੀ ੧੮੭੨ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਵਿਚੋਂ ਜਲਾਵਤਨ ਕਰ ਕੇ ਬਰਮਾ ਭੇਜ ਦਿੱਤਾ ਗਿਆ। ਬਰਮਾ ਵਿਚ ਆਪ ਜੀ ਨੂੰ ਪਹਿਲੋਂ ਰੰਗੂਨ ਅਤੇ ਫਿਰ ਮਰਗੋਈ ਦੇ ਟਾਪੂ ਵਿਚ ਨਜ਼ਰਬੰਦ ਰਖਿਆ ਗਿਆ।

ਅੰਗ੍ਰੇਜ਼ੀ ਰਿਕਾਰਡ ਅਨੁਸਾਰ ਮਰਗੋਈ ਜ਼ੇਲ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸਰੀਰ, ਸੰਨ ੧੮੮੫ ਵਿਚ ਸ਼ਾਂਤ ਹੋ ਗਿਆ ਪਰ ਇਹ ਬਿਲਕੁਲ ਝੂਠੀ ਗੱਲ ਹੈ ਕਿਉਂਕਿ ੨੩ ਅਗਸਤ ੧੮੮੬ ਦੇ ਇਕ ਸਰਕਾਰੀ ਪੱਤਰ ਵਿਚ ਲਿਖਿਆ ਹੈ ਕਿ ਇਥੇ ਸਿੱਘ ਉਨ੍ਹਾਂ ਨੂੰ ਮਿਲ ਕੇ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਕਿਸੇ ਹੋਰ ਗੁਪਤ ਟਿਕਾਣੇ ਥਾਂ ਪਹੁੰਚਾਇਆ ਜਾਵੇ। ਇਸ ਗੱਲ ਦੇ ਹੋਰ ਵੀ ਕਈ ਪ੍ਰਮਾਣ ਹਨ। ਅਜ ਵੀ ਨਾਮਧਾਰੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ ਅੱਖਾਂ ਵਿਛਾਈ ਬੈਠੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨ ਹੋਣ ਉਪ੍ਰੰਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੇਕਾਂ ਸਖਤੀਆਂ ਦੇ ਬਾਵਜੂਦ ਸੁਤੰਤਰਤਾ ਸੰਗ੍ਰਾਮ ਨੂੰ ਜਾਰੀ ਰਖਿਆ।

ਸ੍ਰੀ ਭੈਣੀ ਸਾਹਿਬ ਦੇ ਮੁਖ ਦਵਾਰ ਅਗੇ, ਪੁਲਿਸ ਚੌਕੀ ਕ੍ਰੀਬ ਪੰਜਾਹ ਸਾਲ, ਸੰਨ ੧੮੭੨ ਤੋਂ ੧੯੨੩ ਤੀਕ ਬੈਠੀ ਰਹੀ ਅਤੇ ਸਮੁੱਚੇ ਨਾਮਧਾਰੀ ਪੰਥ ਉੱਤੇ ਵਿਦੇਸ਼ੀ ਸਰਕਾਰ ਨੇ ਇਤਨੇ ਜ਼ੁਲਮ ਅਤੇ ਸਖਤੀਆਂ ਕੀਤੀਆਂ ਜਿੰਨ੍ਹਾਂ ਨੂੰ ਸੁਣਦਿਆਂ ਲੂੰ-ਕੰਡੇ ਖੜੇ ਹੋ ਜਾਂਦੇ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਸੂਲਾਂ ਤੇ ਚਲ ਰਹੀ ਕਾਂਗ੍ਰਸ ਪਾਰਟੀ ਦਾ ਸਾਥ ਦਿੱਤਾ ਅਤੇ ਸੁਤੰਤਰਤਾ ਪ੍ਰਾਪਤੀ ਤੋਂ ਬਾਅਦ ਵੀ ਦੇਸ਼-ਨਿਰਮਾਣ ਦੇ ਕਾਰਜਾਂ ਵਿਚ ਪੰਡਤ ਜਵਾਹਰ ਲਾਲ ਨਹਿਰੂ ਆਪ ਜੀ ਨਾਲ ਸਲਾਹ-ਮਸ਼ਵਰਾ ਕਰਦੇ ਰਹੇ।

ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਬਣਾਈ ਰਖਣ ਲਈ ਦ੍ਰਿੜ੍ਹ ਸੰਕਲਪ ਰਖਦੇ ਹਨ। ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਧਾਰਮਕ, ਸਮਾਜਕ ਅਤੇ ਰਾਜਨੀਤਕ ਖੇਤਰ ਵਿਚ ਚਲਾਏ ਪ੍ਰੋਗਰਾਮਾਂ ਅਤੇ ਅਸੂਲਾਂ ਦਾ ਦੇਸ਼ ਵਿਦੇਸ਼ਾਂ ਵਿਚ ਪ੍ਰਚਾਰ ਕਰਦੇ ਹਨ। ਨਾਮਧਾਰੀ ਸਿੱਖਾਂ ਨੇ ਦੇਸ਼ ਦੀ ਸੁਤੰਤਰਤਾ ਲਈ ਅਨੇਕਾਂ ਕੁਰਬਾਨੀਆਂ ਦਿੱਤੀਆਂ ਹਨ ਅਤੇ ਅਜ .ਵੀ ਦੇਸ਼-ਭਗਤੀ ਦੀ ਭਾਵਨਾ ਦੀ ਪ੍ਰਧਾਨਤਾ ਰਖਦੇ ਹਨ ਅਤੇ ਸਮੁੱਚੇ ਭਾਰਤ ਦੀ ਉਨਤੀ ਦੇ ਇੱਛਕ ਹਨ।

■

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ
ਨਾਮ ਸਿਮਰਨ ਨਿਤਨੇਮ ਪ੍ਰੰਪਰਾ

ਨਿਰੰਜਨ ਸਿੰਘ ਜਯੋਤੀ

ਤੂੰ ਨਹੀਂ ਲੇਕਿਨ ਤੇਰੀ ਉਲਫਤ ਅਭੀ ਤਕ ਦਿਲ ਮੇਂ ਹੈ
ਬੁਝ ਚੁਕੀ ਹੈ ਸ਼ਮਾਂ, ਫ਼ਿਰਤੀ, ਰੋਸ਼ਨੀ ਮਹਿਫਲ ਮੇਂ ਹੈ।

ਧਾਰਮਿਕ ਸੰਸਥਾਵਾਂ, ਧਾਰਮਿਕ ਅਦਾਰਿਆਂ ਵਿੱਚ ਨਿਤਨੇਮ ਦੀ ਥਾਂ ਹੈ। ਇਸਦੀ ਪ੍ਰੰਪਰਾ ਹੈ ਭਾਵੇਂ ਉਹ ਆਪਣੇ ਵਿਚਾਰਾਂ, ਧਾਰਮਿਕ ਅਸੂਲਾਂ ਜਾਂ ਆਪਣੀ ਬੋਲੀ ਦੇ ਅਨੁਸਾਰ ਇਸ ਦਾ ਨਾਂ ਕੁਝ ਹੋਰ ਦੇਂਦੇ ਹੋਣ ਪਰ ਹੈ ਜ਼ਰੂਰ। ਨਾਮਧਾਰੀਆਂ ਵਿੱਚ ਇਸ ਦੀ ਮਹਾਨਤਾ ਬਹੁਤ ਜ਼ਿਆਦਾ ਹੈ। ਵੈਸੇ ਨਿਤਨੇਮ, ਨਿਤ ਦਾ ਨੇਮ, ਨਿਤਕਰਮ, ਰੋਜ਼ ਦਾ ਕਰਮ ਭਾਵ ਰੋਜ਼ ਨਿਯਮ ਨਾਲ ਕੋਈ ਕੰਮ ਕਰਨਾ, ਨਿਤ ਦਾ ਕਰਮ ਜਾਂ ਨਿਤ ਦਾ ਨਿਯਮ ਜਾਂ ਨਿਤਨਿਯਮ ਹੋ ਗਿਆ। ਇਸ ਨੂੰ ਅੰਗ੍ਰੇਜ਼ੀ ਵਿਚ ਰੁਟੀਨ ਜਾਂ ਡੇਲੀ ਰੁਟੀਨ (Daily Routine) ਕਹਿੰਦੇ ਹਨ।

ਸਿਖ ਸਮਾਜ ਵਿੱਚ, ਸਵੇਰੇ ਸ਼ਾਮ, ਨਿਯਮ ਨਾਲ ਰੋਜ਼ ਬਾਣੀ ਦਾ ਪਾਠ ਕਰਨਾ ਨਿਤਨੇਮ ਕਿਹਾ ਜਾਂਦਾ ਹੈ। ਗੱਲ ਏਥੋਂ ਤਕ ਪਹੁੰਚਦੀ ਹੈ ਕਿ ਇਨ੍ਹਾਂ ਬਾਣੀਆਂ ਨੂੰ ਜਿਸ ਇਕ ਛੋਟੀ ਜਿਹੀ ਪੁਸਤਕ ਵਿੱਚ ਸੰਕਲਨ ਕਰ ਲਿਆ ਜਾਂਦਾ ਹੈ, ਜਿਸ ਤੋਂ ਪਾਠ ਕੀਤਾ ਜਾਂਦਾ ਹੈ, ਉਸ ਪੋਥੀ ਨੂੰ ਵੀ ਨਿਤਨੇਮ, ਨਿਤਨੇਮ ਦਾ ਗੁਟਕਾ ਜਾਂ ਕੇਵਲ ਗੁਟਕਾ ਦੀ ਸੰਗਿਆ ਦਿੱਤੀ ਗਈ ਹੋਈ ਹੈ। ਸਿੱਖ ਰੋਜ਼ ਨਿਤਨੇਮ ਨਾਲ ਬਾਣੀ ਦਾ ਪਾਠ ਕਰਦੇ ਹਨ। ਇਸ ਦੇ ਨਾਲ ਹੀ ਨਾਮ ਸਿਮਰਨ ਚੌਅਖਰੇ ਦੇ ਜਾਪ ਦੀ ਪ੍ਰਥਾ ਵੀ ਚਲਦੀ ਹੈ।

ਨਾਮਧਾਰੀਆਂ ਵਿੱਚ ਜਿੱਥੇ ਬਾਣੀ ਦਾ ਪਾਠ ਸਵੇਰੇ ਸ਼ਾਮ ਨਿਤਨੇਮ ਨਾਲ ਸਿੱਖ ਕਰਦੇ ਚਲੇ ਆ ਰਹੇ ਹਨ, ਜਿਸ ਨੂੰ ਬਾਣੀ ਦਾ ਨਿਤਨੇਮ ਕਿਹਾ ਜਾਂਦਾ ਹੈ,ਉਥੇ ਇਸ ਦੇ ਨਾਲ ਹੀ ਨਾਮ ਸਿਮਰਨ ਦਾ ਨਿਤਨੇਮ ਵੀ ਚਲਦਾ ਹੈ।

ਨਿਤਨੇਮ ਚਾਹੇ ਬਾਣੀ ਦਾ ਹੋਵੇ ਚਾਹੇ ਨਾਮ ਸਿਮਰਨ ਦਾ, ਚਾਹੇ ਦੋਵੇਂ ਕੀ ਇਸ ਨਿਤਨੇਮ ਦੀ ਲੋੜ ਹੈ? ਕੀ ਇਸ ਤੋਂ ਬਿਨਾਂ ਗੁਜ਼ਾਰਾ ਨਹੀਂ? ਤਾਂ ਉੱਤਰ ਮਿਲਦਾ ਹੈ ਕਿ ਇਸ ਦੀ ਲੋੜ ਹੈ, ਇਸ ਤੋਂ ਬਿਨਾਂ ਗੁਜ਼ਾਰਾ ਨਹੀਂ। ਜਿਹੜੇ ਨਿਤਨੇਮ ਨਹੀਂ ਕਰਦੇ ਉਹਨਾਂ ਨੂੰ ਭਾਵੇਂ ਲੋੜ ਨਾ ਹੋਵੇ ਪਰ ਜਿਹੜੇ ਕਰਦੇ ਹਨ ਉਹਨਾਂ ਨੂੰ ਇਸ ਦੀ ਜ਼ਰੂਰ ਲੋੜ ਹੈ। ਸਿਰਫ ਏਸ ਨੁਕਤੇ ਤੇ ਵਿਚਾਰ ਕਰਨ ਤੇ ਇਸ ਨੂੰ ਸਮਝਣ ਦੀ ਲੋੜ ਹੈ।

ਇਹ ਪੰਜ ਭੂਤਕ ਸਰੀਰ ਇਕ ਮਕਾਨ, ਇਕ ਕੋਠੇ ਵਾਂਗ ਹੈ। ਬਾਣੀ ਵਿਚ ਵੀ ਇਸ ਨੂੰ ਕੋਠਾ ਕਿਹਾ ਗਿਆ ਹੈ। ਮਕਾਨ ਵਿੱਚ ਦਰਵਾਜ਼ੇ ਹੁੰਦੇ ਹਨ। ਮਿੱਟੀ ਘੱਟਾ ਉਸ ਮਾਕਾਨ ਵਿੱਚ ਆ ਪੈਂਦਾ ਹੈ। ਉਸ ਨੂੰ ਰੋਜ਼ ਸਾਫ ਕਰਦੇ ਹਾਂ। ਜੇ ਕਰ ਉਸ ਦੇ ਦਰਵਾਜ਼ੇ ਬੰਦ ਕਰ ਦੇਈਏ , ਦਸ ਵੀਹ ਤੀਹ ਦਿਨ ਦਰਵਾਜ਼ੇ ਬੰਦ ਰਹਿਣ ਤੇ ਫੇਰ ਜਦੋਂ ਵੀ ਅਸੀਂ ਖੋਲਦੇ ਹਾਂ ਤਾਂ ਉਸ ਵਿਚ ਮਿੱਟੀ ਘੱਟੇ ਦੀ ਤਹਿ ਫਰਸ਼ ਤੇ ਵਸਤੂਆਂ ਤੇ ਚੜ੍ਹੀ ਹੋਈ ਦਿਖਾਈ ਦੇਂਦੀ ਹੈ। ਤਾਂ ਫੇਰ ਅਸੀਂ ਉਸ ਨੂੰ ਸਾਫ਼ ਕਰਦੇ ਤੇ ਚੀਜ਼ਾਂ ਝਾੜਦੇ ਪੂੰਜਦੇ ਹਾਂ। ਸੁਆਲ ਪੈਦਾ ਹੁੰਦਾ ਹੈ ਕਿ ਕੀ ਇਹ ਮਿੱਟੀ ਘੱਟਾ ਇੱਕ ਦਿਨ ਵਿੱਚ ਹੀ ਪੈ ਗਿਆ । ਨਹੀਂ, ਇਹ ਮਿੱਟੀ ਥੋੜਾ ਥੋੜਾ ਰੋਜ਼ ਹੀ ਪੈਂਦਾ ਰਿਹਾ। ਜਿਸ ਕਰਕੇ ਰੋਜ਼ ਹੀ ਸਾਫ ਕਰੀਏ ਤਾਂ ਸੌਖ ਰਹਿੰਦਾ ਹੈ। ਇਸ ਕਰਕੇ ਅਸੀਂ ਮਕਾਨ ਦੀ ਸਫ਼ਾਈ ਰੋਜ਼ ਹੀ ਕਰਦੇ ਹਾਂ। ਸੁ ਕਿਸੇ ਤਰ੍ਹਾਂ ਵੀ ਹੋਵੇ ਉਸ ਦੀ ਸਫ਼ਾਈ ਦੀ ਰੋਜ਼ ਨਿਤ ਕਰਮ ਅਨੁਸਾਰ ਜ਼ਰੂਰਤ ਹੈ। ਏਸੇ ਤਰ੍ਹਾਂ ਹੀ ਇਸ ਸਰੀਰ ਰੂਪੀ ਕੋਠੇ ਜਿਸਦੇ ਨੌ ਦਰਵਾਜ਼ੇ ਪਰਗਟ ਹਨ, ਵਿਚ ਵਿਕਾਰਾਂ ਰੂਪੀ ਗੰਦ ਮੰਦ, ਮਿੱਟੀ ਘੱਟਾ ਹਰ ਵੇਲੇ ਪੈਂਦਾ ਰਹਿੰਦਾ ਹੈ, ਇਹ ਵਿਕਾਰੀ ਮਨ ਵਿਹੜਿਆ,

ਗ੍ਰਿਹਿ ਤਜਿ ਬਨਖੰਡ ਜਾਈਐ ਚੁਨ ਖਾਈਐ ਕੰਦਾ,
ਅਜਹੁ ਬਿਕਾਰ ਨਾ ਛੋਡਈ ਪਾਪੀ ਮਨੁ ਮੰਦਾ।

ਇਸ ਕਰਕੇ ਇਸ ਨੂੰ ਵੀ ਹਰ ਰੋਜ਼ ਨਿਯਮ ਨਾਲ ਸਾਫ ਕਰਨ ਦੀ ਲੋੜ ਹੈ। ਜੇ ਇਸਨੂੰ ਸਾਫ਼ ਨਹੀਂ ਕਰਾਂਗੇ ਤਾਂ ਵਿਕਾਰਾਂ ਰੂਪੀ ਗੰਦ ਮੰਦ ਦੀਆਂ ਤੈਹਾਂ ਇਸ ਤੇ ਜੰਮ ਜਾਣਗੀਆਂ ਜੋ ਸਾਫ ਹੋਣੀਆਂ ਔਖੀਆਂ ਹੋ ਜਾਣਗੀਆਂ ਤੇ ਅੰਤ ਖਰਾਬ ਕਰਨਗੀਆਂ। ਇਸ ਲਈ ਇਸ ਨੂੰ ਨਿਯਮ ਨਾਲ ਸਾਫ ਕਰਨ ਦੀ ਲੋੜ ਹੈ।

ਇਹ ਸਾਫ ਕਿਵੇਂ ਹੋਵੇ? ਸਾਹਿਬਾਂ ਨੇ ਗੁਰਬਾਣੀ ਵਿੱਚ ਫਰਮਾਇਆ ਹੈ-

ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣ ਲਈਐ ਓਹੁ ਧੋਇ।
ਭਰੀਐ ਮਤਿ ਪਾਪਾਂ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ।

ਸੁ ਸਪਸ਼ਟ ਹੈ ਕਿ ਵਿਕਾਰਾਂ ਰੂਪੀ ਗੰਦ ਮੰਦ ਨਾਮ ਰੂਪੀ ਸਾਬਣ, ਬਾਣੀ ਤੇ ਉਸ ਪ੍ਰਭੂ ਦੀ ਸਿਫਤ ਸਲਾਹ ਨਾਲ ਹੀ ਸਾਫ ਹੋਏਗਾ। ਇਸ ਲਈ ਨਾਮ ਸਿਮਰਨ, ਬਾਣੀ ਦਾ ਪਾਠ ਤੇ ਪ੍ਰਭੂ ਦੀ ਸਿਫਤ ਸਲਾਹ ਦੇ ਰੋਜ਼ਾਨਾ ਨਿਤਨੇਮ ਦੀ ਬਹੁਤ ਹੀ ਜ਼ਿਆਦਾ ਤੇ ਜ਼ਬਰਦਸਤ ਲੋੜ ਹੈ।

ਗੁਰੂ ਨਾਨਕ ਦੇਵ ਜੀ ਨੇ ਸਾਰੀ ਦੁਨੀਆਂ ਉੱਤੇ ਨਾਮ ਦਾ ਛੱਟਾ ਦਿੱਤਾ– ਨਾਮ ਜਪੋ, ਕਿਰਤ ਕਰੋ, ਵੰਡ ਛਕੋ। ਸਾਰੇ ਗੁਰੂ ਸਾਹਿਬਾਨ ਏਸੇ ਦਾ ਹੀ ਸੁਦ੍ਰਿੜ੍ਹ ਤੇ ਭਰਪੂਰ ਪਰਚਾਰ ਕਰਦੇ ਰਹੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤਾਂ ਇਹ ਇੱਦਾਂ ਪ੍ਰਚੱਲਤ ਸੀ ਕਿ ਚਵ੍ਹੀ ਘੰਟੇ ਹੀ ਨਾਮ ਸਿਮਰਨ ਕਰੋ ਤੇ ਬਹੁਤ ਸਿੰਘ ਹਰ ਵੇਲੇ ਹੀ ਸਿਮਰਨ ਕਰਦੇ ਸਨ। ਉਹਨਾਂ ਦੇ ਬੁੱਲ੍ਹ ਹਰ ਵੇਲੇ ਸਿਮਰਨ ਵਿਚ ਫਰਕਦੇ ਮਾਲੂਮ ਹੁੰਦੇ ਸਨ। ਗੱਲ ਤਾਂ

> ਸਿਖ ਸਮਾਜ ਵਿਚ, ਸਵੇਰੇ ਸ਼ਾਮ, ਨਿਯਮ ਨਾਲ ਰੋਜ਼ ਬਾਣੀ ਦਾ ਪਾਠ ਕਰਨਾ ਨਿਤਨੇਮ ਕਿਹਾ ਜਾਂਦਾ ਹੈ। ਗੱਲ ਏਥੋਂ ਤਕ ਪਹੁੰਚਦੀ ਹੈ ਕਿ ਇਨ੍ਹਾਂ ਬਾਣੀਆਂ ਨੂੰ ਜਿਸ ਇਕ ਛੋਟੀ ਜਿਹੀ ਪੁਸਤਕ ਵਿਚ ਸੰਕਲਨ ਕਰ ਲਿਆ ਜਾਂਦਾ ਹੈ, ਜਿਸ ਤੋਂ ਪਾਠ ਕੀਤਾ ਜਾਂਦਾ ਹੈ, ਉਸ ਪੋਥੀ ਨੂੰ ਵੀ ਨਿਤਨੇਮ, ਨਿਤਨੇਮ ਦਾ ਗੁਟਕਾ ਜਾਂ ਕੇਵਲ ਗੁਟਕਾ ਦੀ ਸੰਗਿਆ ਦਿੱਤੀ ਗਈ ਹੋਈ ਹੈ। ਸਿਖ ਰੋਜ਼ ਨਿਤਨੇਮ ਨਾਲ ਬਾਣੀ ਦਾ ਪਾਠ ਕਰਦੇ ਹਨ। ਇਸ ਦੇ ਨਾਲ ਹੀ ਨਾਮ ਸਿਮਰਨ ਚੌਅਖਰੇ ਦੇ ਜਾਪ ਦੀ ਪ੍ਰਥਾ ਵੀ ਚਲਦੀ ਹੈ।

ਇਹ ਬਹੁਤ ਵਧੀਆ ਹੈ ਕਿ ਹਰ ਵੇਲੇ ਹੀ ਸਿਮਰਨ ਕਰੋ। ਪਰ ਅਜ ਕਲ ਸਾਡੇ ਵਿੱਚ ਇੱਕ ਘੰਟਾ ਨਾਮ ਸਿਮਰਨ ਉੱਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਸਤਿਗੁਰਾਂ ਦੀ ਹਜ਼ੂਰੀ ਵਿੱਚ ਕੋਈ ਵੀ ਦੀਵਾਨ ਹੋਵੇ, ਚਾਹੇ ਸਾਧਾਰਨ ਚਾਹੇ ਹੋਲੇ ਮਹੱਲੇ ਦਾ। ਉਹਦੇ ਵਿੱਚ ਸਮੂਹ ਸੰਗਤ ਦਾ ਇੱਕ ਘੰਟਾ ਨਾਮ ਸਿਮਰਨ ਜ਼ਰੂਰ ਹੁੰਦਾ ਹੈ। ਇਹ ਇੱਕ ਘੰਟਾ ਨਾਮ ਸਿਮਰਨ ਦਾ ਨਿਤਨੇਮ ਕਿਸ ਨੇ, ਕਿਸ ਵੇਲੇ, ਕਿਵੇਂ ਪ੍ਰਚੱਲਤ ਕੀਤਾ, ਮੇਰਾ ਇਸ ਲੇਖ ਦਾ ਵਿਸ਼ਾ ਹੈ।

ਸਮਾਂ ੧੯੩੯ ਦਾ ਸੀ। ਦੂਜੀ ਵਿਸ਼ਵ-ਜੰਗ ਸ਼ੁਰੂ ਹੋ ਗਈ। ਜਰਮਨੀ ਨੇ ਨਾਲ ਲਗਦੇ ਦੇਸਾਂ ਤੇ ਹਮਲਾ ਕਰ ਦਿੱਤਾ। ਇਕ ਪਾਸੇ ਇਤਿਹਾਦੀ ਦੇਸ਼, ਇੰਗਲੈਂਡ, ਫਰਾਂਸ, ਅਮਰੀਕਾ ਤੇ ਰੂਸ ਹੋ ਗਏ ਤੇ ਦੂਜੇ ਪਾਸੇ ਜਰਮਨੀ ਦੇ ਸਾਥੀ ਇਟਲੀ ਤੇ ਜਾਪਾਨ ਹੋ ਗਏ। ਜੰਗ ਸ਼ੁਰੂ ਹੁੰਦਿਆਂ ਹੀ ਭਾਰਤ ਤੇ ਖਾਸ ਕਰ ਪੰਜਾਬ ਚ ਇਹ ਗੱਲ ਬਹੁਤ ਫੈਲ ਗਈ ਕਿ ਰੂਸ ਭਾਰਤ ਤੇ ਚੜ੍ਹ ਕੇ ਆਵੇਗਾ ਤੇ ਦਸਮ ਪਾਤਸ਼ਾਹ ਦੇ ਸੌ ਸਾਖੀ ਵਿਚ ਲਿਖੇ ਬਚਨ, ਭਵਿਖਤ ਵਾਕ ਪੂਰੇ ਹੋਣਗੇ ਸੌ ਸਾਖੀ ਵਿੱਚ ਲਿਖਿਆ ਹੈ-

ਜਬ ਰੂਸ ਪੰਜਾਬੇ ਆਵੈ।
ਰੁਪਈਏ ਸੇਰ ਅੰਨ ਵਿਕਾਵੈ।
ਉਹ ਵੀ ਲੱਭਿਆ ਹੱਥ ਨਾ ਆਵੇ।
ਗੁਰੂ ਕਾ ਸਿੱਖ ਭੁੱਖਾ ਨਾ ਜਾਵੈ।

ਇਹ ਬੋਲ ਪੰਜਾਬੀਆਂ, ਸਿੱਖਾਂ ਤੇ ਹਿੰਦੂਆਂ ਦੀ ਜ਼ਬਾਨ ਤੇ ਆਮ ਸਨ। ਪਰ ਨਾਮਧਾਰੀਆਂ ਦੀ ਜ਼ਬਾਨ ਤੇ ਤਾਂ ਖਾਸ ਸਨ। ਉਹ ਇਹਨਾਂ ਤੁੱਕਾਂ ਨੂੰ ਬਹੁਤ ਪੜ੍ਹਦੇ ਤੇ ਰੂਸ ਦੇ ਆਉਣ ਨੂੰ ਹਮੇਸ਼ਾ ਯਾਦ ਕਰਿਆ ਕਰਦੇ ਹੁੰਦੇ ਸਨ। ਉਹ ਏਥੋਂ ਤੱਕ ਕਹਿੰਦੇ ਸਨ ਕਿ ਜਦੋਂ ਰੂਸ ਪੰਜਾਬ ਤੇ ਚੜ੍ਹ ਕੇ ਆਵੇਗਾ ਤਾਂ ਪੰਜਾਬ ਦਾ ਏਨਾ ਨੁਕਸਾਨ ਹੋਏਗਾ ਕਿ ਜਰਨੈਲੀ ਦੇ ਪੰਦਰਾਂ ਪੰਦਰਾਂ ਕੋਹ ਦੂਹੀਂ ਪਾਸੀ ਕੋਈ ਫਸਲ, ਕੋਈ ਪਿੰਡ, ਕੋਈ ਜੀਅ ਤੇ ਕੋਈ ਮਨੁੱਖ ਨਹੀਂ ਰਹੇਗਾ। ਏਥੋਂ ਤੱਕ ਕਿ ਰੁੱਖ ਵੀ ਕੋਈ ਨਹੀਂ ਰਹੇਗਾ। ਸਭ ਉਡ ਜਾਣਗੇ। ਸ੍ਰੀ ਭੈਣੀ ਸਾਹਿਬ ਰਾਮ ਸਰ ਦੇ ਕੰਢੇ ਤੇ ਜੋ ਪੁਰਾਣਾ ਪਿੱਪਲ ਹੈ ਉਹਦਾ ਰੁੰਡ ਮੁੰਡ ਮੁੱਢ ਜਿਹਾ ਹੀ ਦਿੱਸੇਗਾ। ਜਿਸ ਤੋਂ ਪਤਾ ਲੱਗੇ ਗਾ ਕਿ ਇਹ ਭੈਣੀ ਸਾਹਿਬ ਹੋਇਆ ਸੀ। ਇਸ ਦੇ ਨਾਲ ਇਹ ਗੱਲ ਵੀ ਪ੍ਰਚੱਲਿਤ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੀ ਰੂਸ ਦੇ ਨਾਲ ਹੀ ਆਉਣਗੇ। ਸੁ ਇਹ ਇਸ ਸਮੇਂ ਦੀ ਉਡੀਕ ਵਿੱਚ ਰਹਿੰਦੇ ਸਨ ਤੇ ਇਸ ਨੂੰ ਭਾਣੇ ਦਾ ਨਾਂ ਦੇਂਦੇ ਹੁੰਦੇ ਸਨ ਤੇ ਕਹਿੰਦੇ ਹੁੰਦੇ ਸਨ ਕਿ ਭਾਣਾ ਕਦੋਂ ਵਰਤੇਗਾ? ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਵੀ ਇਸ ਭਾਣੇ ਦਾ ਜ਼ਿਕਰ ਆਮ ਕਰਿਆ ਕਰਦੇ ਸਨ। ਇਸ ਦੇ ਨਾਲ ਹੀ ਜਥੇਦਾਰ ਤੇ ਹੋਰ ਨਾਮ ਸਿਮਰਨ ਕਰਨ ਵਾਲੇ ਸਾਧੂ ਵੀ ਇਸ ਭਾਣੇ ਨੂੰ ਬਹੁਤ ਯਾਦ ਕਰਦੇ ਹੁੰਦੇ ਸਨ। ਸੁ ਇਸ ਕਰਕੇ ਨਾਮਧਾਰੀਆਂ ਵਿੱਚ ਇਸ ਦੀ ਬਹੁਤ ਚਰਚਾ ਸੀ। ਵੈਸੇ ਤਾਂ ਸੌ ਸਾਖੀ ਦੇ ਇਸ ਕਥਨ ਦੀ ਚਰਚਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਹੁੰਦੀ ਆ ਰਹੀ ਸੀ। ਇਹਨਾਂ ਵਿਚਾਰਾਂ ਦੇ ਅਧੀਨ ਹੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਦੋਂ ਬਰਮਾ ਵਿਚ ਜਲਾਵਤਨ ਸਨ ਤਾਂ ਸੂਬਾ ਗੁਰਚਰਨ ਸਿੰਘ ਦੇ ਰਾਹੀਂ ਉਸ ਨੂੰ ਰੂਸ ਭੇਜ, ਰੂਸ ਦੇ ਬਾਦਸ਼ਾਹ 'ਜ਼ਾਰ' ਤੋਂ ਫੌਜੀ ਮਦਦ ਲੈਣਾ ਚਾਹੁੰਦੇ ਸਨ। ਉਹਨਾਂ ਦੀ ਇਹ ਕੋਸ਼ਸ਼ ਸੀ ਕਿ ਰੂਸੀ ਫੌਜਾਂ ਸਾਡੀ ਮਦਦ ਲਈ ਭਾਰਤ ਤੇ ਹਮਲਾ ਕਰਨ। ਉਹਨਾਂ ਦੀ ਮਦਦ ਨਾਲ ਸਗਲ ਭਾਰਤ ਤੋਂ, ਨਹੀਂ ਤਾਂ ਪੰਜਾਬ ਤੋਂ ਤਾਂ ਜ਼ਰੂਰ ਅੰਗ੍ਰੇਜ਼ੀ ਹਕੂਮਤ ਦਾ ਜੂਲਾ ਗਲੋਂ ਲਾਹ ਸਕੀਏ। ਪਰ ਇਹ ਗੱਲ ਰੂਪਮਾਨ ਨਾ ਹੋ ਸਕੀ। ਸੁ ਇਸ ਤਰ੍ਹਾਂ ਰੂਸ ਦੇ ਪੰਜਾਬ ਵਿਚ ਆਉਣ ਦੀ ਚਰਚਾ ਕਾਫੀ ਹੁੰਦੀ ਰਹੀ ਤੇ ੧੯੩੯ ਵਿੱਚ ਵਿਸ਼ਵ-ਜੰਗ ਲਗਣ ਤੇ ਕਾਫੀ ਜ਼ਿਆਦਾ ਸੀ। ਇਸ ਦੇ ਨਾਲ ਇਸ ਗੱਲ ਦੀ ਵੀ ਚਰਚਾ ਸੀ ਕਿ ਜੇ ਇਹ ਭਾਣਾ ਵਰਤ ਹੀ ਜਾਵੇ ਤਾਂ ਬਚਾ ਵਾਲੀ ਥਾਂ ਪਹਾੜ ਹੀ ਹਨ ਤੇ ਉਹ ਵੀ ਮੰਡੀ ਤੇ ਸੁਕੇਤ ਦਾ ਇਲਾਕਾ। ਇਹ ਦੋਵੇਂ ਉਸ ਵੇਲੇ ਅੰਗ੍ਰੇਜ਼ ਹਕੂਮਤ ਦੀਆਂ ਰਿਆਸਤਾਂ ਸਨ ਜੋ ਅਜ ਕਲ ਉਹ ਸਟੇਟਾਂ ਨਹੀਂ ਰਹੀਆਂ ਤੇ ਹਿਮਾਚਲ ਪ੍ਰਦੇਸ਼ ਵਿੱਚ ਹਨ। ਮੰਡੀ ਜ਼ਿਲਾ ਹੈ ਤੇ ਸੁਕੇਤ ਉਸਦੀ ਇੱਕ ਤਹਿਸੀਲ ਹੈ।

ਸੁ ਇਹਨਾਂ ਖਿਆਲਾਂ ਦੀ ਰੋਸ਼ਨੀ ਵਿੱਚ ਕਾਫੀ ਲੋਕਾਂ ਦਾ ਖਿਆਲ ਮੰਡੀ ਸੁਕੇਤ ਵੱਲ ਸੀ। ਇਸ ਤੋਂ ਪਹਿਲਾਂ ਕੁੱਝ ਗਿਣਵੇਂ ਘਰ ਹੀ ਓਥੇ ਗਏ ਹੋਏ ਸਨ। ਪਰ ਏਸ ਵੇਲੇ ਤਾਂ ਲੋਕਾਂ ਨੇ ਉਧਰ ਨੂੰ ਜਿਵੇਂ ਵਹੀਰਾਂ ਹੀ ਘੱਤ ਲਈਆਂ। ਜ਼ਿਲਾ ਸ਼ੇਖੂਪੁਰਾ ਤੇ ਗੁਜਰਾਂਵਾਲਾ ਦੇ ਬਹੁਤ ਸੱਜਨ ਓਥੇ ਚਲੇ ਗਏ। ਕਈ ਮੰਡੀ ਟਿਕੇ, ਕਈ ਸੁਕੇਤ ਟਿਕੇ। ਏਧਰ ਦੇ ਘਰ ਘਾਟ ਮਕਾਨ ਕਈਆਂ ਨੇ ਵੇਚ ਦਿੱਤੇ। ਓਥੇ ਆਬਾਦੀ ਬਹੁਤ ਘਟ ਸੀ। ਦਸਤਕਾਰਾਂ ਲਈ ਕੰਮ ਤਾਂ ਹੈ ਹੀ ਨਹੀਂ ਸੀ। ਵਿਉਪਾਰੀਆਂ ਨੇ ਦੁਕਾਨਾਂ ਪਾ ਲਈਆਂ ਪਰ ਵਿਕਰੀ ਓਨੀ ਹੀ ਸੀ ਜਿੰਨੀ ਆਬਾਦੀ ਸੀ। ਇਹ ਗੱਲ ਉਸ ਸਮੇਂ ਦੀ ਹੈ ਅਜ ਦੀ ਨਹੀਂ।

ਮੈਂ ਅਜੇ ਛੋਟਾ ਹੀ ਸਾਂ। ਮੇਰੇ ਪਿਤਾ ਜੀ ਵੀ ਨਵਾਂ ਰੀਝ ਨਾਲ ਬਣਾਇਆ ਮਕਾਨ ਵੇਚ ਕੇ ਸੁਕੇਤ ਚਲੇ ਗਏ। ਕੁੱਝ ਸੱਜਣ ਪੁੰਗ ਸੁੰਦਰ ਨਗਰ ਨੰ: ੧, ਕੁੱਝ ਸੱਜਣ ਭੋਜਪੁਰ ਸੁੰਦਰ ਨਗਰ ਨੰ: ੨ ਤੇ ਕੁੱਝ ਸੱਜਣ ਪੁਰਾਨਾ ਬਾਜ਼ਾਰ ਸੁੰਦਰ ਨਗਰ ਨੰ: ੩ ਵਿਚ ਰਹਿੰਦੇ ਸਨ। ਅਸੀਂ ਵੀ ਪੁਰਾਣੇ ਬਾਜ਼ਾਰ ਵਿੱਚ ਜਾ ਟਿਕੇ। ਸੰਗਤ ਦੀ ਗਿਣਤੀ ਕਾਫੀ ਹੋ ਗਈ। ਪਰ ਸਭ ਸੱਜਣ ਪ੍ਰੇਮ

ਪਿਆਰ ਵਿੱਚ ਰਹਿੰਦੇ ਸਨ। ਸਵੇਰੇ ਰੋਜ਼ ਹੀ ਕਿਤੇ ਨਾ ਕਿਤੇ ਆਸਾ ਦੀ ਵਾਰ ਦਾ ਕੀਰਤਨ ਜ਼ਰੂਰ ਹੁੰਦਾ ਸੀ। ਸਿੱਖ ਦੂਰੋਂ ਵੀ

ਇੱਕ ਵਾਰ ਉਹਨਾਂ ਦੀ ਹਜ਼ੂਰੀ ਵਿੱਚ ਭੋਜਪੁਰ ਵਿਖੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤਾਂ ਭੋਗ ਤੋਂ ਬਾਅਦ ਸਤਿਗੁਰਾਂ ਹੁਕਮ ਫੁਰਮਾਇਆ। ਸਾਧ ਸੰਗਤ ਜੀ ਰੋਜ਼ ਇੱਕ ਥਾਂ ਇਕੱਠੇ ਹੋ ਕੇ ਇੱਕ ਘੰਟਾ ਨਾਮ ਸਿਮਰਨ ਕਰਿਆ ਕਰੋ। ਟਾਈਮ ਜਿਹੜਾ ਤੁਹਾਨੂੰ ਠੀਕ ਲੱਗੇ ਉਹ ਨਿਯਤ ਕਰ ਲਵੋ। ਇਹ ਰੋਜ਼ਾਨਾ ਨਿਯਮ ਬਣਾ ਲਵੋ। ਪੁੰਗ ਵਾਲੇ ਪੁੰਗ, ਭੋਜਪੁਰ ਵਾਲੇ ਭੋਜਪੁਰ ਤੇ ਪੁਰਾਣੇ ਬਾਜ਼ਾਰ ਵਾਲੇ ਪੁਰਾਣੇ ਬਾਜ਼ਾਰ। ਪੁੰਗ ਦੇ ਮੈਨੂੰ ਯਾਦ ਨਹੀਂ ਪਰ ਭੋਜਪੁਰ ਸੰਤ ਹਰਬੰਸ ਸਿੰਘ ਜੀ ਪੁਲ ਵਾਲੇ ਤੇ ਪੁਰਾਣੇ ਬਾਜ਼ਾਰ ਮੇਰੇ ਪਿਤਾ ਸੰਤ ਸੰਤਾ ਸਿੰਘ ਜੀ ਗੁਜਰਾਂਵਾਲੇ- ਇਹਨਾਂ ਦੀ ਡਿਊਟੀ ਲਾਈ ਕਿ ਉਹ ਬੱਚੇ, ਮਰਦ, ਤੀਵੀਆਂ ਜਿਹੜੇ ਵੀ ਹਾਜ਼ਰ ਹੋਣ ਉਹਨਾਂ ਦੀ ਹਾਜ਼ਰੀ ਲਾਣ ਕੌਣ ਹਾਜ਼ਰ ਹੈ ਤੇ ਕੌਣ ਗੈਰ ਹਾਜ਼ਰ। ਫੇਰ ਉਹ ਹਾਜ਼ਰੀ ਮਹੀਨੇ ਦੇ ਮਹੀਨੇ ਮੈਨੂੰ ਸ੍ਰੀ ਭੈਣੀ ਸਾਹਿਬ ਭੇਜ ਦਿਆ ਕਰਨ।

ਪਹੁੰਚਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਵੀ ਕਦੀ ਕਦੀ ਓਧਰ ਚਰਨ ਪਾਂਦੇ ਹੀ ਰਹਿੰਦੇ ਸਨ। ਪਿਆਰ ਏਕਤਾ ਨਾਲ ਰਹਿਣ ਦਾ ਉਪਦੇਸ਼ ਦੇਂਦੇ ਹੀ ਰਹਿੰਦੇ ਸਨ। ਇੱਕ ਵਾਰ ਉਹਨਾਂ ਦੀ ਹਜ਼ੂਰੀ ਵਿੱਚ ਭੋਜਪੁਰ ਵਿਖੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਤਾਂ ਭੋਗ ਤੋਂ ਬਾਅਦ ਸਤਿਗੁਰਾਂ ਹੁਕਮ ਫੁਰਮਾਇਆ। ਸਾਧ ਸੰਗਤ ਜੀ ਰੋਜ਼ ਇੱਕ ਥਾਂ ਇਕੱਠੇ ਹੋ ਕੇ ਇੱਕ ਘੰਟਾ ਨਾਮ ਸਿਮਰਨ ਕਰਿਆ ਕਰੋ। ਟਾਈਮ ਜਿਹੜਾ ਤੁਹਾਨੂੰ ਠੀਕ ਲੱਗੇ ਉਹ ਨਿਯਤ ਕਰ ਲਵੋ। ਇਹ ਰੋਜ਼ਾਨਾ ਨਿਯਮ ਬਣਾ ਲਵੋ। ਪੁੰਗ ਵਾਲੇ ਪੁੰਗ, ਭੋਜਪੁਰ ਵਾਲੇ ਭੋਜਪੁਰ ਤੇ ਪੁਰਾਣੇ ਬਾਜ਼ਾਰ ਵਾਲੇ ਪੁਰਾਣੇ ਬਾਜ਼ਾਰ। ਪੁੰਗ ਦੇ ਮੈਨੂੰ ਯਾਦ ਨਹੀਂ ਪਰ ਭੋਜਪੁਰ ਸੰਤ ਹਰਬੰਸ ਸਿੰਘ ਜੀ ਪੁਲ ਵਾਲੇ ਤੇ ਪੁਰਾਣੇ ਬਾਜ਼ਾਰ ਮੇਰੇ ਪਿਤਾ ਸੰਤ ਸੰਤਾ ਸਿੰਘ ਜੀ ਗੁਜਰਾਂਵਾਲੇ- ਇਹਨਾਂ ਦੀ ਡਿਊਟੀ ਲਾਈ ਕਿ ਉਹ ਬੱਚੇ, ਮਰਦ, ਤੀਵੀਆਂ ਜਿਹੜੇ ਵੀ ਹਾਜ਼ਰ ਹੋਣ ਉਹਨਾਂ ਦੀ ਹਾਜ਼ਰੀ ਲਾਣ ਕੌਣ ਹਾਜ਼ਰ ਹੈ ਤੇ ਕੌਣ ਗੈਰ ਹਾਜ਼ਰ। ਫੇਰ ਉਹ ਹਾਜ਼ਰੀ ਮਹੀਨੇ ਦੇ ਮਹੀਨੇ ਮੈਨੂੰ ਸ੍ਰੀ ਭੈਣੀ ਸਾਹਿਬ ਭੇਜ ਦਿਆ ਕਰਨ ਤਾਂ ਕਿ ਮੈਨੂੰ ਪਤਾ ਲੱਗੇ ਕੌਣ ਨਿਤਨੇਮ ਵਿੱਚ ਹਾਜ਼ਰ ਹੋ ਰਿਹਾ ਹੈ ਤੇ ਕੌਣ ਨਹੀਂ ਹੋ ਰਿਹਾ। ਸੁ ਇਹ ਨਿਤਨੇਮ ਦਾ ਪ੍ਰੋਗ੍ਰਾਮ ਏਦਾਂ ਚਲ ਪਿਆ। ਮੈਨੂੰ ਯਾਦ ਹੈ ਕਿ ਪਿਤਾ ਜੀ ਨੇ ਪੁਰਾਣੇ ਬਾਜ਼ਾਰ ਦੀ ਹਾਜ਼ਰੀ ਦਾ ਰੀਕਾਰਡ ਰਖਣ ਦੀ ਡਿਊਟੀ ਮੈਨੂੰ ਲਾਈ ਸੀ।

ਇਸਦੇ ਨਾਲ ਹੀ ਸਤਿਗੁਰਾਂ ਨੇ ਹੁਕਮ ਫੁਰਮਾਇਆ ਕਿ ਜਿੰਨੀ ਜਿੰਨੀ ਰਸਦ ਕੋਈ ਇਕ ਵੇਲੇ ਲਈ ਘਰ ਵਰਤਦਾ ਹੈ, ਓਨੀ ਰਸਦ ਬੁਧਵਾਰ ਇੱਕ ਜਗ੍ਹਾ ਇਕੱਤਰ ਕਰ ਲਿਆ ਕਰੋ ਤੇ ਵੀਰਵਾਰ ਸਵੇਰੇ ਇਕੱਠੇ ਸਾਂਝਾ ਲੰਗਰ ਕਰਿਆ ਕਰੋ। ਸਵੇਰ ਆਸਾ ਦੀ ਵਾਰ ਦਾ ਕੀਰਤਨ ਕਰੋ ਤੇ ਫੇਰ ਲੰਗਰ ਦਾ ਆਨੰਦ ਮਾਣੋ। ਤੀਜਾ ਹੁਕਮ ਜੋ ਸਤਿਗੁਰਾਂ ਨੇ ਕੀਤਾ, ਉਹ ਸੀ ਕਿ ਹਰ ਵੀਰਵਾਰ ਨੂੰ ਮੋਨਵਰਤ ਰਖਿਆ ਕਰੋ। ਸਾਰਾ ਦਿਨ ਚੁਪ ਰਹੋ ਤੇ ਨਾਮ ਸਿਮਰਨ ਕਰੋ। ਸੁ ਇਹ ਤਿੰਨੇ ਰੀਤੀਆਂ ਓਥੇ ਚਾਲੂ ਹੋ ਗਈਆਂ ਤੇ ਚਲਦੀਆਂ ਰਹੀਆਂ।

'ਸਤਿਗੁਰ ਸਭਨਾ ਦਾ ਭਲਾ ਮਨਾਇੰਦਾ ਸਤਿਗੁਰੂ ਪਰਤਾਪ ਸਿੰਘ ਜੀ ਨੇ ਤਿੰਨੇ ਰੀਤੀਆਂ ਸਿੱਖਾਂ ਦੇ ਭਲੇ ਲਈ ਹੀ ਤੋਰੀਆਂ ਜੋ ਓਥੇ ਚਲਦੀਆਂ ਰਹੀਆਂ। ਅਜ ਪੰਜਾਹ ਤੋਂ ਉੱਤੇ ਸਾਲ ਹੋ ਗਏ ਹਨ ਕਿ ਕੋਈ ਕੋਈ ਸੱਜਣ ਮੋਨਵਰਤ ਵੀ ਰਖਦਾ ਹੈ ਪਰ ਇੱਕ ਘੰਟਾ ਨਿਤਨੇਮ ਤਾਂ ਤੁਰੀ ਚਲਿਆ ਆ ਰਿਹਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਦੇ ਵੇਲੇ ਤਾਂ ਹੁੰਦਾ ਸੀ ਕਿ ਸਿੱਖ ਭਾਵੇਂ ਇਕੱਲਿਆਂ ਹੀ ਘਰ ਨਿਤਨੇਮ ਕਰਨ ਪਰ ਕਰਨ ਜ਼ਰੂਰ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇਸ ਨਿਤਨੇਮ ਨੂੰ ਸੁਦ੍ਰਿੜਤਾ ਨਾਲ ਚਲਾਇਆ ਹੈ। ਆਪ ਨਿਤਨੇਮ ਜ਼ਰੂਰੀ ਸਮਝਦੇ ਹਨ। ਇਸ ਕਰਕੇ ਹਰ ਦੀਵਾਨ ਵਿੱਚ ਇੱਕ ਘੰਟਾ ਨਿਤਨੇਮ ਜ਼ਰੂਰ ਹੁੰਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਕੀਰਤਨ ਨਹੀਂ ਹੁੰਦਾ। ਸਗੋਂ ਕੀਰਤਨ ਵੀ ਹੁੰਦਾ ਹੈ,ਭਾਵੇਂ ਕਿੰਨਾ ਸਮਾਂ ਹੋਵੇ। ਪਰ ਇਸ ਦੇ ਨਾਲ ਨਾਮ ਸਿਮਰਨ ਦਾ ਇੱਕ ਘੰਟੇ ਦਾ ਨਿਤਨੇਮ ਤਾਂ ਜ਼ਰੂਰੀ ਅਮਲ ਬਣ ਗਿਆ ਹੈ। ਇਸ ਦਾ ਸ਼੍ਰੇਅ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ੧੯੩੯ ਵਿੱਚ ਸਰਬ ਸੰਗਤ ਦੇ ਭਲੇ ਲਈ ਇਸ ਨੂੰ ਤੋਰਿਆ ਜੋ ਅਜ ਤਕ ਚਲ ਰਿਹਾ ਹੈ ਤੇ ਪਰਪੱਕ ਆਸ ਬਝਦੀ ਹੈ ਕਿ ਭਵਿਖ ਵਿੱਚ ਵੀ ਇਹ ਨਿਯਮ ਏਦਾਂ ਹੀ ਚਲਦਾ ਰਹੇਗਾ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇਹ ਕਰਕੇ ਭਾਵੇਂ ਅਜ ਸਾਡੇ ਵਿੱਚ ਨਹੀਂ ਪਰ ਉਹਨਾਂ ਦੀਆਂ ਚਲਾਈਆਂ ਹੋਈਆਂ ਰੀਤੀਆਂ ਅੱਜ ਵੀ ਚਲ ਰਹੀਆਂ ਹਨ। ਉਹਨਾਂ ਤੋਂ ਮਾਨਵ ਸਮਾਜ ਨੂੰ ਰੋਸ਼ਨੀ ਮਿਲਦੀ ਹੈ ਤੇ ਮਿਲਦੀ ਰਹੇਗੀ। ਏਸੇ ਕਰਕੇ ਮੈਂ ਲੇਖ ਸ਼ੁਰੂ ਕਰਨ ਲਗਿਆਂ ਉਹਨਾਂ ਨੂੰ ਇਹ ਸ਼ੇਅਰ ਲਿਖ ਕੇ ਯਾਦ ਕੀਤਾ ਹੈ-

ਤੂੰ ਨਹੀਂ ਲੇਕਿਨ ਤੇਰੀ ਉਲਫਤ ਅਭੀ ਤਕ ਦਿਲ ਮੇਂ ਹੈ।
ਬੁੱਝ ਚੁਕੀ ਹੈ ਸ਼ਮਾਂ, ਫਿਰ ਭੀ, ਰੋਸ਼ਨੀ ਮਹਿਫਲ ਮੇਂ ਹੈ।

■

ਸਿਮਰਨ

ਚਰਨ ਸੀਚੇਵਾਲਵੀ

ਜੇਕਰ ਕਰਨਾ ਹੈ ਕਰੀਏ ਸ਼ੁਰੂ ਸਿਮਰਨ,
ਹੱਥ ਸੱਚ ਦੀ ਸਿਮਰਨੀ ਫੜ ਲਈਏ।
ਪਲ ਦੋ ਪਲ ਇਕਾਗਰ ਕਰ ਚਿੱਤ ਆਪਣਾ,
ਵਰਕਾ ਗਿਆਨ ਦਾ ਵੀ ਕੋਈ ਪੜ੍ਹ ਲਈਏ।
ਆਪਣਾ ਆਪ ਸੁਆਰੀਏ ਮੂੰਹ ਮੱਥਾ,
ਵਿਚ ਝਲਕ ਸਵੇਰ ਦੀ ਜੜ ਲਈਏ।
ਗਲ ਸੁਰਤੀ ਟਿਕਾਉਣ ਦੀ ਹੈ ਸਾਰੀ,
ਜਿਸ ਨੂੰ ਰਬ ਕਹਿੰਦੇ ਓਹ ਵੀ ਘੜ ਲਈਏ।

ਰਾਮ ਸਿੰਘ ਗੁਰ ਕੀਉ ਪ੍ਰਕਾਸ਼

ਸਵਿੰਦਰ ਸਿੰਘ ਨਾਮਧਾਰੀ, ਲੁਧਿਆਣਾ

ਜਦੋਂ ਵੀ ਦੁਨੀਆਂ ਉਪਰ ਅਤਿਆਚਾਰ, ਜ਼ੁਲਮ ਅਤੇ ਗਊ ਗਰੀਬਾਂ ਤੇ ਕਹਿਰ ਢਾਹਿਆ ਜਾਂਦਾ ਹੈ ਤੇ ਕੁਲ ਸ੍ਰਿਸ਼ਟੀ ਦੇ ਮਾਲਕ-ਅਕਾਲ ਪੁਰਖ ਨੂੰ ਆਪ ਦੇਹ ਧਾਰ ਕੇ ਜਗਤ ਜਲੰਦੇ ਨੂੰ ਤਾਰਨ ਲਈ ਅਤੇ ਦੁਨੀਆਂ ਵਿਚ ਠੰਢ ਵਰਤਾਉਣ ਲਈ ਆਉਣਾ ਪੈਂਦਾ ਹੈ। ਸੋ ਇਸੇ ਲਈ ਗੁਰੂ ਨਾਨਕ ਦੇਵ ਪਾਤਸ਼ਾਹ ਜੀ ਨੂੰ ਵੀ ਉਸ ਵੇਲੇ ਆਕਾਲ ਪੁਰਖ ਦੇ ਹੁਕਮ ਅਨੁਸਾਰ ਮਾਤ-ਲੋਕ ਵਿਚ ਆਉਣਾ ਪਿਆ ਸੀ ਜਿਸ ਵੇਲੇ- ਸੰਸਾਰ ਜ਼ੁਲਮ ਅਤੇ ਅਤਿਆਚਾਰ ਦੀ ਅੱਗ ਵਿਚ ਸੜ ਰਿਹਾ ਸੀ। ਰਾਜੇ ਕਸਾਈ ਬਣ ਚੁੱਕੇ ਸਨ। ਗਰੀਬਾਂ ਦਾ ਨਾਸ਼ ਹੋ ਰਿਹਾ ਸੀ, ਇਸਤ੍ਰੀ ਜਾਤ ਨੂੰ ਤਾਂ ਜੰਮਦਿਆਂ ਹੀ ਮਾਰਨਾ ਸ਼ੁਰੂ ਹੋ ਗਿਆ ਸੀ- ਇਸਤ੍ਰੀ ਜਾਤ ਦੀ ਇੱਜਤ-ਬੇ ਆਬਰੂ ਹੋ ਰਹੀ ਸੀ- ਸੋ ਇਸ ਦੀ ਰਾਖੀ ਕਰਨੀ ਉਸ ਵੇਲੇ ਮੁਸ਼ਕਲ ਹੋ ਚੁੱਕੀ ਸੀ। ਹਰ ਪਾਸੇ ਲੁੱਟ-ਖਸੁੱਟ, ਹਨ੍ਹੇਰ ਗਰਦੀ ਛਾਈ ਹੋਈ ਸੀ। ਤਾਂ ਉਸ ਵੇਲੇ ਆਕਾਲ ਪੁਰਖ ਤੋਂ ਗੁਰੂ ਨਾਨਕ ਦੇਵ ਜੀ ਨੇ ਹੁਕਮ ਲੈਕੇ ਮਾਤ-ਲੋਕ ਵਿਚ ਆਕੇ ਕਪਟ ਅਤੇ ਪਾਖੰਡ ਨੂੰ ਦੂਰ ਕਰ ਜ਼ੁਲਮ ਅਤੇ ਅਤਿਆਚਾਰ ਵਿਰੁਧ ਆਵਾਜ਼ ਬੁਲੰਦ ਕਰਕੇ ਸਤਿਨਾਮ ਦਾ ਚੱਕਰ ਚਲਾਕੇ "ਜਗਤ ਜਲੰਦਾ ਰਖਲੈ" ਵਾਕ ਨੂੰ ਪੂਰਾ ਕੀਤਾ। ਗੁਰੂ ਨਾਨਕ ਦੇਵ ਜੀ ਨੇ ਅਜਿਤੇ ਰੰਧਾਵੇ ਨੂੰ ਦਸਿਆ ਕਿ ਭਾਈ ਅਸੀਂ ਕਲਿਜੁਗ ਦੇ ਜਿੰਮੇਵਾਰ ਹਾਂ। ਸਮੇਂ ਸਮੇਂ ਅਨੁਸਾਰ ਕਿਸੇ ਨਾ ਕਿਸੇ ਰੂਪ ਵਿਚ ਅਵਤਾਰ ਧਾਰਕੇ ਆਉਂਦੇ ਰਹਾਂਗੇ। ਜਿਵੇਂ ਕਿ- "ਸਾਰਾ ਕਲਿਜੁਗ ਭੋਗਸੀ ਨਾਨਕ ਧਰ ਅਵਤਾਰ" ਅਤੇ "ਜੁਗਾਂ ਜੁਗੰਤਰ ਸਤਿਗੁਰੂ ਦੂਸਰ ਹੋਆ ਨ ਹੋਗ।। ਚੌਰਾਸੀ ਜਾਮੇ ਪਹਿਰ ਕੇ ਪਾਛੈ ਭਇਆ ਅਲੋਪ।। ਸੱਤਰ ਜਾਮੇ ਭਗਤ ਜਨ ਚੌਦਾਂ ਸਤਿਗੁਰ ਰਾਇ।। ਗੁਰਮੁਖਿ ਹੋਇ ਸੁ ਮਿਲ ਰਹੇ ਮਨਮੁਖਿ ਮਿਲੈ ਸਜਾਇ।। ਭਰ ਬੇੜਾ ਲੈ ਜਾਇਗਾ ਸਾਧ ਜਨਾ ਕੇ ਪੂਰਿ।। ਬੇਮੁਖ ਤੂਟੇ ਤੂਟ ਰਹੇ ਸਨਮੁਖ ਭਏ ਕਬੂਲ।। ਗੁਰਸਬਦ ਜਿਨ ਜਾਨਿਆ ਮਿਟ ਗਿਆ ਆਵਨ ਜਾਨ।। ਨਾਨਕ ਜਾਤਾ ਖਸਮ ਜਿਨ ਆਇਆ ਸੋ ਪਰਵਾਨ।।

ਇਹ ਉਪਰ ਦਿੱਤੇ ਸਲੋਕਾਂ ਦੀ ਥਾਂ ਅਜਕਲ ਜੋ ਨਵੀਆਂ ਜਨਮ ਸਾਖੀਆਂ ਛਪ ਰਹੀਆਂ ਹਨ। ਉਨ੍ਹਾਂ ਵਿਚ ਇਨ੍ਹਾਂ ਸਲੋਕਾਂ ਨੂੰ ਬਦਲਕੇ, ਅਜ ਕਲ ਦੇ ਇਤਿਹਾਸਕਾਰਾਂ ਨੇ ਇਤਿਹਾਸ ਨੂੰ ਬਦਲਕੇ ਰਖ ਦਿੱਤਾ ਹੈ। ਜਿਵੇਂ ਕਿ- ਚੌਹਤਰ ਜਾਮੇਂ ਭਗਤ ਜਨ ਦਸ ਹੈ ਸਤਿਗੁਰ ਰਾਇ।। ਗੁਰਮੁਖਿ ਹੋ ਇਸੁ ਮਿਲ ਰਹੇ ਮਨਮੁਖ ਮਿਲੈ ਸਜਾਇ।।

ਪੁਰਾਣੀਆਂ ਜਨਮ ਸਾਖੀਆਂ ਵਿਚ ਆਉਂਦਾ ਹੈ ਕਿ— ਗੁਰੂ ਨਾਨਕ ਪਾਤਸ਼ਾਹ ਨੇ ਭਾਈ ਅਜਿਤੇ ਰੰਧਾਵੇ ਨੂੰ ਦਸਿਆ ਸੀ ਕਿ ਮੇਰੇ ਨੌਵੇਂ ਜਾਮੇ ਵੇਲੇ ਹਿੰਦ ਤੇ ਬਹੁਤ ਭਾਰੀ ਸੰਕਟ ਆਵੇਗਾ। ਗੁਰੂ ਆਪਣਾ ਬਲੀਦਾਨ ਦੇਕੇ ਹਿੰਦੂ ਧਰਮ ਦੀ ਰਖਿਆ ਕਰੇਗਾ। ਫਿਰ ਦਸਵਾਂ ਜਾਮਾ ਗੁਰੂ ਬੜਾ ਕਰਤਾ ਰੂਪ ਧਾਰੇਗਾ, ਟੁੱਟਾ ਭੱਜਾ ਸਿਖ ਠਹਿਰ ਨਾ ਸਕੇਗਾ। ਫਿਰ ਗਿਆਰਵਾਂ ਜਾਮਾਂ ਗੁਪਤ ਵਿਚਰੇਗਾ। ਇਸ ਬਾਰੇ ਗੁਰਿੰਡ ਨਾਮਾ ਪਾਤਸਾਹੀ ੧੦ ਵਿਚ ਲਿਖਿਆ ਹੈ ਕਿ —

ਦੋਹਰਾ।।

ਆਦਿ ਜੁਗ ਮੇ ਸੁਕ ਕਹਿਓ ਸੋ ਅਬ ਕਹੋਂ ਸੁਨਾਇ।।
ਭੋਗਲ ਧਿਆਇ ਮੇ ਕਹਿ ਗਇਓ ਸੁਕ (ਪ੍ਰਿਛਤ ਪ੍ਰਤੀ) ਗਾਇ।।
ਸੋਈ ਕਥਾ ਅਬ ਕਹਿਤ ਹੂੰ ਪ੍ਰਿਥਮ ਗੁਰਿੰਡ ਪ੍ਰਸਾਦ।।
ਜਿਉਂ ਸੁਕ ਪ੍ਰਿਛਤ ਪ੍ਰਤਿ ਕਹੀ ਸੁਨੋ ਆਦ ਕੀ ਆਦ।।
ਦਸ ਚਾਰ ਸਮ ਭਾਨ ਹੈ ਏਕ ਜੋਤ ਸਭ ਗਾਤ।।
ਪ੍ਰਗਟੇ ਪੁਰਖ ਅਨਾਦ ਤੇ ਉਸੀ ਪੁਰਖ ਕੀ ਕ੍ਰਾਂਤ।।
ਪਾਂਚ ਸਹੰਸਰ ਵਰਖ ਮਧ ਦੁਆਦਸ ਬਪ ਧਰੈ ਸੰਤ।।
ਕਲਜੁਗ ਅਉਧ ਬਿਤਾਨ ਹਿਤ ਬਿਪਰ ਪ੍ਰਗਟੈ ਅਨੰਤ।।......
ਜਾਮੇ ਧਾਰੇ ਦਸ ਗੁਰੂ ਨਵ ਸਤ ਕਲਾ ਸੁਧਾਰ।।
ਗੁਪਤ ਗਿਆਰਵਾਂ ਖੇਲਸੀ ਕੋਇਕੁ ਪਾਵੈ ਪਾਰ।।
ਜਾਮਾ ਧਾਰੇ ਯਾਰਵਾਂ ਬਾਜਾਪੁਰ ਕੇ ਮਾਹਿ।।
ਸੰਗਤ ਮਿਲੈ ਕਰੋੜਿ ਦੁਇ ਦਰਸ ਦਿਖਾਵੈ ਤਾਹਿ।।.......

"ਜਾਮੇ ਧਾਰੇ ਦਸ ਗੁਰੂ ਨਵਸਤ ਕਲਾ ਸੁਧਾਰ" ਦਾ ਭਾਵ ਹੈ ਕਿ ਦਸੇ ਗੁਰੂ ਸੋਲਾਂ ਕਲਾਂ ਸੰਪੂਰਨ ਹੋਣਗੇ ਅਤੇ ਫਿਰ ਗਿਆਰਵਾਂ ਗੁਰੂ ਗੁਪਤ ਰਹੇਗਾ ਜਿਸ ਬਾਰੇ ਕੋਈ ਵਿਰਲਾ ਹੀ ਜਾਣੇਗਾ। ਕਿਉਂਕਿ ਸਤਿਗੁਰੂ ਬਾਲਕ ਸਿੰਘ ਜੀ ਜੋ ਕਿ ਗਿਆਰਵੀਂ ਪਾਤਸ਼ਾਹੀ ਦੇ ਰੂਪ ਵਿਚ ਸਨ, ਦੀ ਗੁਰਤਾ ਨੂੰ ਅਮਾਨਤ ਦੇ ਤੌਰ ਤੇ ਹੀ ਰਖਿਆ ਸੀ। ਗੁਰ ਪ੍ਰਤਾਪ ਸੂਰਜ ਦੇ ਰਚੇਤਾ ਭਾ: ਸੰਤੋਖ ਸਿੰਘ ਵੀਂ ੬ਪਵੀਂ ਸਾਖੀ ਦੇ ਹਵਾਲੇ ਵਿਚ ਗੁਰਿੰਡ ਨਾਮੇ ਦੀ ਹੀ ਪੁਸ਼ਟੀ ਕੀਤੀ ਹੈ—

"ਆਲਿਮ ਸਿੰਘ ਬੰਦ ਕਰ ਦੋਇ।।
ਕਹਿਓ ਕਿ ਦਰਸਨ ਭੀ ਤੁਮ ਹੋਇ।। ਚੌਪਈ।।
ਬੇਰ ਗਿਆਰ੍ਹਵੀਂ ਜਬ ਹਮ ਆਵਹਿ।।
ਤਬ ਤੇ ਕੋਇਕੁ ਹਮ ਲਖ ਪਾਵਹਿ।।
ਪੰਥ ਖਾਲਸਾ ਖੇਤੀ ਮੇਰੀ,
ਕਰੂੰ ਸੰਭਾਰਨ ਹਉਂ ਤਿਸ ਬੇਰੀ।।

ਸੋ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਭਵਿਖਤ ਵਾਕਾਂ ਅਨੁਸਾਰ ਪੰਜ ਪੈਸੇ ਅਤੇ ਨਲੀਏਰ ਰਖ ਕੇ ਗੁਰੂ ਬਾਲਕ ਸਿੰਘ ਜੀ ਨੂੰ ਗੁਰਗੱਦੀ ਅਰਪਣ ਕਰ ਦਿੱਤੀ। "ਐਪੇ ਗੁਰ ਦਸਮ

ਦਰਸ਼ ਦੈ ਜੋ ਕਹਿਓ ਤਾਹਿੰ।। ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।।'- ਪੰਥ ਪ੍ਰਕਾਸ਼ ਗਿਆਨੀ ਗਿਆਨ ਸਿੰਘ

ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਨੂੰ (ਨਰ ਨਾਟਕ ਰਚਨ ਤੋਂ ਬਾਦ ਨਦੇੜੋਂ, ਬਾਦ ਭਾਦਰੋ ਦੇ ਰੁਸਤਮ ਰਾਓ ਤੇ ਬਾਲਾ ਰਾਓ ਦੇ ਰਾਜਿਆਂ ਨੂੰ ਪੂਨੇ ਸਿਤਾਰੇ ਦੀ ਕੈਦ ਵਿਚੋਂ ਛੁਡਵਾ- ਬਾਦ ਵਿਚ ਕਈ ਹੋਰ ਕੌਤਕ ਕਰਦੇ ਹੋਏ ਨਾਭੇ ਦੀ ਥਿਤੀ ਜਿਥੇ ਬਾਬਾ ਅਜਾਪਾਲ ਸਿੰਘ ਦੇ ਰੂਪ ਵਿਚ ਵੀ ਵਿਚਰਦੇ ਰਹੇ) ਗੁਰਆਈ ਦੇ ਕੇ ਆਪ ਬਾਹਰਵੇਂ ਜਾਮੇ ਵਿਚ ਮੁੜ ਆਉਣ ਬਾਰੇ ਕਹਿ ਗਏ। ਜਿਸ ਬਾਰੇ ਗਿ: ਗਿਆਨ ਸਿੰਘ ਨੇ ਇਸ ਤਰ੍ਹਾਂ ਲਿਖਿਆ ਹੈ ਕਿ—

'ਬਾਲਕ ਮ੍ਰਿਗੇਸ ਤੇ ਵਿਸ਼ੇਸ਼ ਉਪਦੇਸ਼ ਸੁਨ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ।।
ਔਰ ਇਲਹਾਮ ਕਰਤਾਰ ਕਈ ਬਾਰ ਦਯੋ,
ਨਾਮ ਦੇ ਉਧਾਰ ਕਰ ਜੀਵਨ ਕਾ ਤੂੰ ਖਰੇ।।
ਐ ਪੈ ਗੁਰਦਸਮ ਦਰਸ ਦੈ ਜੋ ਕਹਿਓ ਤਾਹਿ,
ਮੇਰੋ ਅਵਤਾਰ ਅੰਸ ਰਾਮ ਸਿੰਘ ਹਵੈ ਭਰੇ।।
ਯਾਹਿ ਹਿਤ ਤਹਿੰ ਔਰ ਕਾਹਿੰ ਮਾਹਿੰ ਨਾਹਿੰ।।
ਨਿਜ ਸਕਤਿ ਰਖਾਈ ਗੁਰਵਾਕ ਦਿਢ ਥੇ ਧਰੇ।।
(ਪੰਥ ਪ੍ਰਕਾਸ਼, ਟੀਕਾ ਗਿ: ਕ੍ਰਿਪਾਲ ਸਿੰਘ)

ਫਿਰ ਹੋਰ ਵੀ ਲਿਖਦੇ ਹਨ—

ਸੋਈ ਨੌਤ ਫੁਰੀ ਆਇ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰੁਵਾਰ ਕੈ।।
ਜ਼ਿਲੇ ਲੁਦਿਹਾਨੇ, ਗਾਮ ਭੈਣੀ ਨਾਮ,
ਜਾਣੇ ਆਮ, ਅਵਤਰੇ ਸਿੰਘ ਰਾਮ ਕਲਮਲੈਂ ਟਾਰ ਕੈ।।
ਜਾਤ ਤਰਖਾਣ ਜੱਸੋ, ਨਾਮ ਕੇ ਅਵੱਸੋ ਘਰਿ,
ਸਦਾ ਮਾਤ ਸੈਂ ਪ੍ਰਕਾਸ਼ੇ ਨਾਮ ਪ੍ਰਚਾਰ ਕੈ।।
ਬਾਲਕ ਹੀ ਪਨ ਸੈਂ ਥੇ ਈਸ਼ਵਰ ਕੋ ਮਨ ਸੈ ਥੇ,
ਧਯਾਵਤੇ ਸਗਨ ਸੈ ਥੇ ਜਨੋ ਕੇ ਸੁਧਾਰ ਕੈ।।

ਗੁਰੂ ਗੋਬਿੰਦ ਸਿੰਘ ਜੀ- ਸ੍ਰੀ ਸਤਿਗੁਰੂ ਰਾਮ ਸਿੰਘ ਜੀਦੇ ਬਾਹਰਵੇਂ ਜਾਮੇ ਵਿਚ ਆਉਣ ਬਾਰੇ ਹੋਰ ਵੀ ਪ੍ਰਮਾਣ ਮਿਲਦੇ ਹਨ- ਜਿਵੇਂ ਕਿ ਇਕ ਵਾਰ ਭਾਈ ਨੰਦ ਸਿੰਘ ਜੀ ਨਾਲ ਗਲਬਾਤ ਹੋਈ ਤਾਂ ਭਾਈ ਜੀ ਦੇ ਇਹ ਪੁਛਣ ਦੇ ਕਿ ਹਜੂਰ ਆਪ ਜੀ ਅਗੋਂ ਕਿਸ ਰੂਪ ਵਿਚ ਹੋਵੋਗੇ:- ਤਾਂ ਹਜੂਰ ਨੇ ਫੁਰਮਾਇਆ

'ਨੰਦ ਸਿੰਘ ਪੁਛਦਾ ਹੈ ਗੁਰੂ ਦਸਮੇਸ ਤਾਈਂ
ਮਹਾਰਾਜ ਕਾਰ ਅਗੋਂ ਕੀਕੂੰ ਵਰਤਾਵੋਗੇ।।
ਕਿਵੇਂ ਕਿਵੇਂ ਬੀਤਣੀ ਹੈ ਦਸਣਾ ਜੀ ਮੇਹਰਬਾਨ,
ਖਾਲਸੇ ਦੀ ਬਾਂਹ ਹਥ ਕਿਸਦੇ ਫੜਾਵੋਗੇ।
ਮਹਾਰਾਜ ਆਖਦੇ ਨੇ ਸੁਣੀ ਭਾਈ ਨੰਦ ਸਿੰਘਾ,
ਕੰਨ ਵਿਚ ਗਲ ਦੇ ਕੇ ਜੋਹਤੀ ਮੈਂ ਸੁਨਾਵਾਂਗਾ।
ਪਰ ਰਖੀਂ ਚੇਤਾ ਅਤੇ ਲਿਖੀਂ ਵਿਚ ਸਾਖੀਆਂ ਦੇ,
ਏਸ ਜਾਮੇਂ ਬਾਦ ਫੇਰ ਚਾਰ ਵਾਰੀ ਆਵਾਂਗਾ।
ਰਵ੍ਹਾਂਗਾ ਅਲੋਪ ਭੇਦ ਪਾਵੇਗਾ ਪਿਆਰਾ ਕੋਈ,
ਯਾਰਵਾਂ ਮੈਂ ਜਾਮਾਂ ਵਿਚ ਹਜਰੋਂ ਦੇ ਪਾਵਾਂਗਾ।
ਫੇਰ ਵਾਰ ਬਾਰ੍ਹਵੀਂ ਮੈਂ ਆਇਕੇ ਜਹਾਨ ਉਤੇ,
ਸੁਚ ਸੋਧ ਵਾਲਾ ਕੂਕਾ ਪੰਥ ਪ੍ਰਗਟਾਵਾਂਗਾ।
ਅਸੀ ਸਿੰਘ ਹੋਣਗੇ ਸ਼ਹੀਦ ਜਦੋਂ ਧਰਮ ਉਤੇ,
ਛਡਕੇ ਸੁਦੇਸ਼ ਪ੍ਰਦੇਸ਼ ਮੈਂ ਸਿਧਾਵਾਂਗਾ।।

ਇਹ ਤਾਂ ਸਨ ਪੁਰਾਤਨ ਲਿਖਤਾਂ- ਪਰ ਹੁਣ ਮੈਂ ਨਵੀਆਂ ਲਿਖਤਾਂ ਜੋ ਕਿ ਦੋ ਪੁਸਤਕਾਂ ਹਨ- "ਭਾਈ ਪ੍ਰਤਾਪ ਸਿੰਘ ਜੀ ਮਹਿਤਾ" ਵਲੋਂ "ਸੌ ਸਾਖੀ ਸਟੀਕ" ਪਹਿਲਾ ਭਾਗ ਅਤੇ ਦੂਜਾ ਭਾਗ- ਸੰਨ ੧੯੯੬ ਵਿਚ ਸੋਧ ਕੇ ਲਿਖੀਆਂ ਹਨ ਅਤੇ ਇਹਨਾਂ ਪੁਸਤਕਾਂ ਦੀ ਪ੍ਰਕਾਸ਼ਨਾ - "ਭਾਈ ਚਤਰ ਸਿੰਘ ਜੀਵਨ ਸਿੰਘ-ਬਾਜਾਰ ਮਾਈ ਸੇਵਾਂ ਅੰਮ੍ਰਿਤਸਰ" ਵਾਲਿਆਂ ਨੇ ਕੀਤੀ ਹੈ। ਇਨ੍ਹਾਂ ਪੁਸਤਕਾਂ ਵਿਚੋਂ ਕੁਝ ਕੁ ਸੰਖੇਪ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਧਾਰਨ ਬਾਰੇ ਲਿਖ ਰਿਹਾ ਹਾਂ। ਇਨ੍ਹਾਂ ਪੁਸਤਕਾਂ ਵਿਚੋਂ ਪੰਨਾ ੯੬ ਵਿਚ ਲਿਖਿਆ ਹੈ ਕਿ— (ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਆਲਮ ਸਿੰਘ ਨੂੰ ਜਵਾਬ ਦਿਤਾ ਲਿਖਿਆ ਹੈ)-

"ਆਲਮ ਸਿੰਘ ਕਹਿਆ, ਦਰਸ਼ਨ ਭੀ ਹੋਵੇਗਾ।। ਬਚਨ ਹੋਇਆ, ਹਮ ਭੀ ਅੰਮ੍ਰਿਤਸਰ ਰਾਮ ਸਰ ਕੀ ਭਾਵਨ ਰਖਦੇ ਸਾਂ।। ਤਾਂ ਉਤਰੇਗੇ, ਗਿਆਰਵੀਂ ਵੇਰ ਆਪਣੀ ਖੇਤੀ ਖਾਲਸੇ ਨੂੰ ਸਮਾਲਣਾ।। ਕੋਈ ਨਾ ਜਾਣ ਸਕੇਗਾ, (ਗੁਪਤ ਜਾਮਾ ਹੋਵੇਗਾ) ਅਤੇ ਬਾਹਰਵਾਂ ਜਾਮਾਂ ਇਸ ਨੂੰ ਪ੍ਰਗਟ ਕਰੇਗਾ।।"

ਫਿਰ ੧੦੦ ਸਫਾ ਤੇ ਲਿਖਿਆ ਹੈ ਕਿ—

"ਮੂਲ- ਰਿਲ ਪੁਰ ਬੀਚ ਬਾਢੀ ਸੁਤ ਹੋਈ।।
ਬਲੂਆ ਰਾਜ ਕਰੇਗਾ ਸੋਈ।।

ਅਰਥ- ਅਰਾਈਂ ਪਿੰਡ ਵਾਲਿਆਂ ਦੀ ਜੋ ਕਿ ਸ੍ਰੀ ਭੈਣੀ ਸਾਹਿਬ (ਜ਼ਿਲਾ ਲੁਧਿਆਨੇ) ਦੇ ਨਜਦੀਕ ਹੀ ਹੈ, ਰਿਲ ਗੋਤ ਹੈ।। ਰਿਲ ਪੁਰੀ ਮੇਂ ਅਰਥਾਤ ਅਰਾਈਂ ਪਿੰਡ ਵਿਚ ਤ੍ਰਖਾਨ ਦਾ ਪੁਤ੍ਰ ਹੋਵੇਗਾ।।

ਮੂਲ- ਦੇਸ ਪੰਜਾਬ, ਸੂਦ ਜੋ ਹੋਇਆ।।
ਤਿਨ ਏਹ ਪੰਥ ਮਰਨ ਕਾ ਜੋਇਆ।।

ਅਰਥ— ਪੰਜਾਬ ਦੇਸ਼ ਮੇਂ ਸੂਦਰ ਕੌਮ ਸੇ ਸ਼ੁਮਾਰ ਹੋਗਾ, ਵੁਹ ਮੇਰੇ ਮੁਰਦਾ ਪੰਥ ਮੇਂ ਜਾਨ ਡਾਲੇਗਾ।। ਅਰਥਾਤ- ਨਯਾ ਪੰਥ ਸਜਾਇਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਕੰਮ ਕੀਤਾ ਅਤੇ ਦਸਵੇਂ ਪਾਤਸ਼ਾਹ ਦੇ ਹੁਕਮ ਤੇ ਫੁਲ ਚਾੜ੍ਹੇ।।

ਫਿਰ ਪੰਨਾ ੧੦੩-੧੦੪ ਤੇ ਲਿਖਦੇ ਹਨ ਕਿ— "ਬਾਢੀ ਸੁਤ ਦੇ ਬਾਰੇ ਵਿਚ ਕੁਝ ਕਥਾ ਰਹਿ ਗਈ ਸੀ, ਸੰਗਤ ਦੇ ਪੁਛਨ ਤੇ ਉਸਦਾ ਫੇਰ ਕੁਛ ਵਰਨਨ ਹੈ ਅਰਥਾਤ ਇਕ ਪੰਗਤੀ ਹੈ ਜੋ ਸਾਰੀ ਅਗੇ ਲਿਖ ਰਿਹਾ ਹਾਂ।। ਏਥੇ ਇਤਨਾ ਹੀ ਵਰਨਨ ਹੈ, "ਸਭੈ ਸੀਰਨੀ ਖਾਵੈ ਬਾਹਦ"।। ਬਾਹਦ ਦਾ ਅਰਥ ਪਿਛੋਂ ਹੈ।

ਸੰਗਤ ਨੇ ਹੱਥ ਜੋੜ ਕੇ ਪੁਛਿਆ ਕਿ ਜਦ ਬਾਢੀ ਸੁਤ ਬਦੇਸ ਜਾਵੇਗਾ, ਜੈਸਾ ਕਿ ਆਪ ਨੇ ਇਸ਼ਾਰੇ ਮਾਤ੍ਰ ਕਹਾ ਹੈ, ਤੋ ਉਸ ਦੇ ਪਿਛੋਂ ਕੈਸਾ ਵਰਤਾਰਾ ਵਰਤੇਗਾ।। ਪੰਥ ਦਾ ਕੰਮ ਕੌਣ ਸੰਭਾਲੇਗਾ ਅਤੇ ਲੰਗਰ ਦੀ ਸੇਵਾ ਕੈਸੇ ਹੋਵੇਗੀ।। ਇਸ ਪ੍ਰਸ਼ਨ ਦਾ ਉਤਰ ਇਉਂ ਹੈ-

ਮੂਲ- ਜਾਂ ਬੁਧ ਸਿੰਘ ਗੁਰੂ ਕਾ ਸਿਖ।।
ਬਿਪ੍ਰ ਸਾਰ ਸੁਤ ਹੋਵੈ ਰਿਖ।।
ਮਾਨੈ ਗੁਰ ਕਉ ਕਰੈ ਪ੍ਰਸ਼ਾਦਿ।।
ਸਭੈ ਸੀਰਨੀ ਖਾਵੈ ਬਾਹਦ।।

ਅਰਥ— ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਸ਼ੁਭ ਨਾਮ ਪਹਿਲੇ ਬਾਬਾ ਬੁਧ ਸਿੰਘ ਜੀ ਸੀ, ਜਦ ਕਿ ਮਹਾਰਾਜ ਜੀ ਸ੍ਰੀ ਭੈਣੀ ਸਾਹਿਬ ਥੇ।। ਜਦ ਆਪ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਕੀ ਲਿਖਤ

ਅਨੁਸਾਰ ਬਦੇਸ਼ ਗਏ ਤਾਂ ਉਨ੍ਹਾਂ ਨੇ ਇਕ ਹੁਕਮਨਾਮੇਂ ਵਿਚ ਲਿਖ ਭੇਜਿਆ ਕਿ ਆਜ ਸੇ ਇਨਕਾ ਨਾਮ ਬਜਾਏ ਬੁਧ ਸਿੰਘ ਕੇ ਹਰੀ ਸਿੰਘ ਹੂਆ।। ਸੰਗਤ ਇਨ ਕੋ ਇਸ ਨਾਮ ਸੇ ਪੁਕਾਰੈ।।

ਸਤਿਗੁਰੂ ਹਰੀ ਸਿੰਘ ਜੀ ਕੋ ਸਿਰਮੌਰ (ਸਿਰਤਾਜ ਜਾਨਣਾ) ਮੇਰੇ ਧਕੇ ਹੁਏ ਕੋ ਯਿਹ ਬਖਸ਼ ਸਕਤਾ ਹੈ ਪਰੰਤੂ ਇਸ ਕੇ ਧਕੇ ਹੁਏ ਕੋ ਮੈਂ ਭੀ ਨਹੀਂ ਬਖਸ਼ ਸਕਤਾ।। ਦਸਵੇਂ ਪਾਤਸ਼ਾਹ ਜੀ ਨੇ ਥੜ ਤੀਰਥ ਦੀ ਸਾਖੀਆਂ ਵਿਚ ਲਿਖਾ ਹੈ ਕਿ ਪਿਆਰੇ ਨੰਦ ਸਿੰਘ ਜੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ (ਬਾਵੀ ਸੁਤ) ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ, ਇਨਕੇ ਅਨੁਜ (ਛੋਟੇ ਭਾਈ) ਏਕ ਹੀ ਸਰੂਪ ਹੋਣਗੇ। "ਏਕ ਸਰੂਪ ਕੇ ਦੋਨੋ ਭਈਆ।। ਬਡੇ ਤੇਜ ਪ੍ਰਚੰਡ ਕਰਈਆ।।"

ਹੁਣ ਪੂਰੇ ਅਰਥ ਤੁਕ ਦੇ ਲੈ-

ਬੁਧ ਸਿੰਘ ਗੁਰੂ ਕਾ ਸਿਖ, ਸਾਰ ਸੁਤ ਬ੍ਰਹਮਨ ਕੀ ਕ੍ਰਿਯਾ ਵਾਲਾ ਹੋਗਾ।। ਉਸੇ ਤਰ੍ਹਾ ਸਤਿਗੁਰੂ ਪਰ ਪੂਰਨ ਭਰੋਸਾ ਹੋਗਾ ਅਰ ਸਤਿਗੁਰੂ ਜੀ ਕੇ ਬਦੇਸ਼ ਜਾਣੇ ਕੇ ਬਾਹਦ (ਪਿਛੋ) ਲੰਗਰ ਕੀ ਕਾਰ ਚਲਾਵੇਗਾ ਅਰ ਉਸ ਲੰਗਰ ਸੇ ਸਭ ਤ੍ਰਿਪਤ ਹੋਗੇ।।

ਫਿਰ ੧੦੫ ਸਫੇ ਤੇ ਅਖੀਰ ਤੇ ਸਤਿਗੁਰੂ ਰਾਮ ਸਿੰਘ ਜੀ ਦੀ ਉਮਰ ਵਲੋਂ ਲਿਖਿਆ ਹੈ ਕਿ—

ਮੂਲ- ਮਾਰ ਮਲੇਛ ਧਰਮ ਦ੍ਰਿੜ ਬੰਧਾ।। ਪੰਚ ਪਚਾਸ ਦੇਹ ਰਹਿ ਸੰਧਾ।।

ਅਰਥ— ਮਲੇਛੋਂ ਕੋ ਨਾਸ਼ ਕਰੇਂਗੇ ਅਰ ਧਰਮ ਕੀ ਇਸ ਥਿਤੀ ਕਰੇਂਗੇ।। ਅਰ ੫੦X੫=੨੫੦ ਸਾਲ ਤਕ ਉਨ ਕੀ ਦੇਹ ਇਹ ਰਹੇਗੀ ਅਰਥਾਤ ੨੫੦ ਸਾਲ ਦੀ ਉਮਰ ਵਾਲੇ ਹੋਣਗੇ।

ਇਨ੍ਹਾਂ ਸਾਖੀਆਂ ਵਿਚ ਹੋਰ ਵੀ ਭਵਿਖਤ ਸਮੇਂ ਬਾਰੇ ਬਹੁਤ ਹੀ ਜਾਣਕਾਰੀ ਦਿੱਤੀ ਗਈ ਹੈ—

ਇਨ੍ਹਾਂ ਸਾਖੀਆਂ ਵਿਚ ਕਈ ਰਾਜਦਾਰ ਬਚਨ ਹਨ, ਜਿਵੇਂ ਕਿ- ਇਸ ਗੱਲ ਦਾ ਵਰਨਣ ਹੈ ਕਿ ਖਾਲਸੇ ਦੇ ਤਿੰਨ ਪੋਸ਼ਾਕੇ ਹੋਣਗੇ:-

੧) ਨੀਲਾ ਬਾਣਾ (ਫੌਜ ਦਾ)
੨) ਕੇਸਰੀ ਬਾਣਾ (ਪੀਲਾ) ਜੋ ਰਾਜ ਸਾਜ ਦੇ ਮੁਖੀ ਅਤੇ ਵਿਧਾਨ ਬਨਾਉਣ ਵਾਲੀ ਮਜਲਸ ਹੋਵੇਗੀ।
੩) ਚਿੱਟਾ ਬਾਣਾ (ਹੰਸਾ ਅਵਤਾਰ) ਸਤਿਜੁਗੀ ਪੋਸ਼ਾਕ।

ਕਲਿਜੁਗ ਵਿਚ ਸਤਿਜੁਗ ਦੀ ਲੜੀ ਲਗਨੀ ਹੈ ਦਸਮ ਪਾਤਸ਼ਾਹ ਦਾ ਫੁਰਮਾਨ ਹੈ ਕਿ:-

"ਕਲਜੁਗ ਮੇਂ ਸਤਿਜੁਗ ਵਰਤਾਊਂ।।
ਤਬੀ ਬਾਰਵਾਂ ਬਪ ਕਹਾਊਂ"

ਇਹ ਸੰਤਾਂ ਦਾ ਬਾਣਾ ਹੋਵੇਗਾ ਅਤੇ ਇਨ੍ਹਾਂ ਤੇ ਹੇਠਲੀਆਂ ਤੁਕਾਂ ਘਟਣਗੀਆਂ।।

੧) ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।।
੨) ਕਬੀਰ ਸੁਰਗ ਨਰਕ ਤੇ ਮੈ ਰਹਿਓ
ਸਤਿਗੁਰ ਕੇ ਪ੍ਰਸਾਦਿ।।
ਚਰਨ ਕਮਲ ਦੀ ਕੀ ਮਉਜ ਮਹਿ
ਰਹਉ ਅੰਤਿ ਅਰੁ ਆਦਿ।।
੩) ਰਾਜ, ਸਾਜ ਦੀ ਲੋੜ ਨ ਕਾਈ, ਤੇਰੇ ਕੂਰੇ ਦੇ ਭਖਿਆਰੀ ਨੂੰ।।"

ਸੋ ਇਹ ਸਨ ਕੁਝ ਕੁ ਭਵਿਖਤ ਵਾਕ-

ਗੁਰੂ ਨਾਨਕ- ਗੁਰੂ ਗੋਬਿੰਦ ਸਿੰਘ ਜੀ ਦੇ— ਜੋ ਕਿ ਸਿਖ ਇਤਿਹਾਸ ਵਿਚ ਲਿਖੇ ਗਏ ਹਨ।

ਸੋ ਗੁਰੂ ਗੋਬਿੰਦ ਸਿੰਘ ਜੀ ਦੇ ਨਰ ਨਾਟਕ ਰਚਨ ਉਪਰੰਤ ਅਲੋਪ ਹੋਣ ਤੋਂ ਬਾਦ- ਸਿਖ ਕੌਮ-ਗੁਰ ਮਰਿਯਾਦਾ ਨੂੰ ਛਡ ਇਤਨੀ ਗਿਰ ਗਈ ਕਿ ਰਾਜ ਭਾਗ ਸਭ ਖੁਸ ਗਿਆ। ਧਰਮ ਅਸਥਾਨਾਂ ਨੂੰ ਛੱਡ ਕੇ ਘਰਾਂ ਅੰਦਰ ਰੰਡੀਆਂ ਦਾ ਨਾਚ-ਗਾਣਾ ਕਰਵਾਉਣ ਲਗ ਪਏ। ਤਾਂ ਧਰਤੀ ਨੇ ਅਕਾਲ ਪੁਰਖ ਅਗੇ ਅਰਦਾਸ ਕੀਤੀ ਕਿ-

"ਕੀਤੀ ਧਰਤ ਨੇ ਪੁਕਾਰ ਮੈਂ ਤਾਂ ਹੋਈ ਹਾਂ ਲਾਚਾਰ; ਪਾਪੀ ਹੋਏ ਬੇਸ਼ੁਮਾਰ ਭਾਰ ਝਲਿਆ ਨਹੀਂ ਜਾਂਵਦਾ।।—

ਤਾਂ ਅਕਾਲ ਪੁਰਖ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਅਵਤਾਰ ਲੈਣ ਲਈ ਬਸੰਤ ਪੰਚਮੀ ਦਿਨ ਵੀਰਵਾਰ ਮਾਘ ਸੁਦੀ ਪੰਚਮੀ ਸੰਮਤ ੧੮੭੨ ਬਿ: ਨੂੰ ਪਿੰਡ ਰਾਈਆਂ ਵਿਖੇ ਭੇਜਿਆ।

ਉਸ ਸਮੇਂ ਅੰਗਰੇਜ਼ੀ ਹਕੂਮਤ "ਪਾੜੋ ਤੇ ਰਾਜ ਕਰੋ" ਦੀ ਕੁਟਿਲ ਨੀਤੀ ਨੂੰ ਅਪਨਾ ਕੇ ਭਾਰਤ ਉਤੇ ਜੁਲਮ ਕਰ ਰਹੀ ਸੀ। ਸਿਖ ਘਰਾਣਿਆਂ ਵਿਚ ਤਾਂ "ਜੁਗ ਜੁਗ ਰਾਜ ਸਵਾਇਆ ਟੋਪੀ ਵਾਲੇ ਦਾ" ਦੇ ਸ਼ਬਦ ਗਾਏ ਜਾਂਦੇ ਸਨ। ਆਪ ਜੀ ਨੇ ਹੋਸ਼ ਸੰਭਾਲਨ ਤੋਂ ਬਾਦ ਫੌਜੀ ਨੌਕਰੀ ਛੱਡ ਦੇਸ਼ ਦੀ ਆਜ਼ਾਦੀ ਖਾਤਰ, ਸਮਾਜ ਦੀ ਭਲਾਈ ਖ਼ਾਤਰ ਸੋਚ ਕੇ ਸਿੱਖੀ ਦੀ ਨਵੇਂ ਸਿਰਿਉਂ ਸਿਰਜਨਾ ਕੀਤੀ ਅਤੇ ਨਾਮਧਾਰੀ ਪੰਥ ਦੀ ਸਾਜਨਾ ਕੀਤੀ। ਜਿਵੇਂ ਕਿ

"ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁੱਧਾ ਛੱਕ ਬੀਏ ਸਿਖ ਭਾਗ ਜਿਨੈ ਜਾਗਿਓ।।
ਅਤੇ "ਜਾਗ ਜਿਨਕੇ ਬਡੇਰੇ ਬਾਣੀ ਪੜ੍ਹਤੇ ਸਵੇਰੇ,
ਗੁਰੂ ਗ੍ਰੰਥ ਬਿਨ ਹੋਰੇ ਅੰਨ ਜਨ ਪਾਨ ਨਾ ਕਰੈਂ।।

ਆਦਿ ਯਾਨੀ ਕਿ ਮਲੇਛਾਂ ਵਿਚ ਸੰਤ ਅਤੇ ਦੈਤਾਂ ਰਾਖਸ਼ ਬੁਧੀ ਵਾਲਿਆਂ ਵਿਚੋਂ ਦੇਵਤੇ ਬਣਾਏ ਅਤੇ ਰੁੜ੍ਹਦੀ ਹਿੰਦ ਨੂੰ ਉਸ ਵੇਲੇ ਅਜ਼ਾਦੀ ਦਾ ਨਾਮ ਲੈਣਾ ਮੌਤ ਨੂੰ ਜੱਫ਼ਾ ਪਾਉਣ ਦੇ ਬਰਾਬਰ ਸੀ, ਅਜ਼ਾਦੀ ਦਾ ਉਹ ਬਿਗਲ ਵਜਾਇਆ ਕਿ ਅੰਗਰੇਜ਼ੀ ਹਕੂਮਤ ਦਾ ਤਖ਼ਤਾ ਹਿਲਾ ਦਿੱਤਾ। ਆਪ ਜੀ ਦੀ ਚਲਾਈ ਮਰਿਯਾਦਾ ਨਾਲ ਜਿਵੇਂ ਕਿ ਸਮਾਜ ਦਾ ਸੁਧਾਰ ਹੋਇਆ ਅਤੇ ਦੇਸ਼ ਅਜ਼ਾਦ ਹੋਇਆ। ਇਸੇ ਕਾਰਨ ਹੀ ਆਪ ਜੀ ਬਾਰੇ ਕਿਸੇ ਠੀਕ ਲਿਖਿਆ ਹੈ ਕਿ:-

"ਅਗਰ ਨਾ ਆਤੇ ਗੁਰੂ ਰਾਮ ਸਿੰਘ,
ਸਿੱਖ ਧਰਮ ਕਾ ਹੋਤਾ ਨਾਸ਼।।
ਹਿੰਦ ਦੀ ਰਖਿਆ ਕਾਰਨ,
ਰਾਮ ਸਿੰਘ ਗੁਰ ਕੀਓ ਪ੍ਰਕਾਸ਼।।"

ਸੋ ਅੰਤ ਵਿਚ ਇਹ ਲਿਖ ਕੇ ਲੇਖ ਨੂੰ ਸੰਪੂਰਨ ਕਰਦਾ ਹਾਂ ਕਿ ਸਿੱਖ ਇਤਿਹਾਸ ਵਿਚ ਇਸਤ੍ਰੀ ਜਾਤੀ ਨੂੰ ਬਰਾਬਰਤਾ ਦੁਆਈ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ - ਅੰਮ੍ਰਿਤ ਛਕਾਇਆ, ਵਿਧਵਾ ਵਿਆਹ ਦੁਬਾਰਾ ਕਰਵਾਏ, ਜੰਮਦੀਆਂ ਕੁੜੀਆਂ ਨੂੰ ਨਾ ਮਾਰਨ ਬਾਰੇ ਉਪਦੇਸ਼ ਦਿੱਤਾ- ਦਾਜ-ਦਹੇਜ ਰਹਿਤ ਵਿਆਹ ਕਰਨੇ- ਧੀ-ਭੈਣ ਦਾ ਪੈਸਾ ਨਹੀਂ ਲੈਣਾ- ਪਰਾਈ ਧੀ ਭੈਣ ਆਪਣੀ ਜਾਨਣੀ, ਵੱਟਾ ਨਹੀਂ ਕਰਨਾ ਆਦਿ ਇਹ ਬਾਰ੍ਹਵੇਂ ਜਾਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਹੀ ਕ੍ਰਿਪਾ ਹੈ ਕਿ ਆਪ ਨੇ ਇਸਤ੍ਰੀ ਜਾਤੀ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ■

ਫਰੰਗੀ ਦੀਆਂ ਜੇਲ੍ਹਾਂ ਵਿੱਚ ਦੇਸ ਭਗਤ "ਸੂਬਾ ਸਾਹਿਬ ਸਿੰਘ"

ਹਰਬੰਸ ਸਿੰਘ ਵਿਰਕ

ਸੂਬਾ ਸਾਹਿਬ ਸਿੰਘ ਤੋਂ ਪਹਿਲਾਂ ਗੋਰੀ ਸਰਕਾਰ ਸੂਬਾ ਕਾਹਨ ਸਿੰਘ, ਸੂਬਾ ਰੂੜ ਸਿੰਘ, ਬਾਬਾ ਬ੍ਰਹਮ ਸਿੰਘ, ਸੂਬਾ ਮਲੂਕ ਸਿੰਘ, ਬਾਬਾ ਹੁਕਮ ਸਿੰਘ ਤੇ ਮੰਗਲ ਸਿੰਘ ਆਦਿ ਨੂੰ ਗ੍ਰਿਫ਼ਤਾਰ ਕਰਕੇ ਅਲਾਹਬਾਦ ਦੇ ਕਿਲੇ ਵਿੱਚ ਬੰਦ ਕਰ ਚੁੱਕੀ ਸੀ। ਉਪਰੰਤ ਸੂਬਾ ਸਾਹਿਬ ਸਿੰਘ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਨਾਲ, ਗ੍ਰਿਫ਼ਤਾਰ ਕਰਕੇ ਇਸੇ ਕਿਲੇ ਵਿੱਚ ਲਿਆਂਦਾ ਗਿਆ। ਸਿਵਾਏ ਮੰਗਲ ਸਿੰਘ ਤੋਂ ਸਾਰਿਆਂ ਉੱਤੇ ਬੰਗਾਲ ਰੈਜ਼ੂਲੇਸ਼ਨ ਐਕਟ ੧੮੧੮ ਦੀ ਧਾਰਾ ੩ ਦੇ ਤਹਿਤ ਮੁਕਦਮੇ ਚਲਾਏ ਗਏ।

ਸੂਬਾ ਸਾਹਿਬ ਸਿੰਘ ਦਾ ਜਨਮ ੧੮੩੪ ਈ: ਵਿਚ ਸ: ਦਿਆਲ ਸਿੰਘ ਰਾਮਗੜੀਏ ਦੇ ਘਰ ਪਿੰਡ ਬੰਗਾਲੀਪੁਰ ਤਹਿਸੀਲ ਤਰਨ ਤਾਰਨ ਜ਼ਿਲਾ ਅੰਮ੍ਰਿਤਸਰ ਵਿੱਚ ਹੋਇਆ ਸੀ।

ਇਹ ਸਤਿਗੁਰੂ ਰਾਮ ਸਿੰਘ ਜੀ ਦੇ ਸਭ ਨਾਲੋਂ ਸੁਲਝੇ ਦਿਮਾਗ ਵਾਲੇ ਲਗਨ ਅਤੇ ਦ੍ਰਿੜ੍ਹਤਾ ਵਾਲੇ ਸਿੱਖ ਸਨ। ਇਹ ਸਤਿਗੁਰੂ ਰਾਮ ਸਿੰਘ ਜੀ ਦੇ ਸਦਾ ਨਾਲ ਰਹਿੰਦੇ ਸਨ। ਸੂਬਾ ਸਾਹਿਬ ਸਿੰਘ ਨੂੰ ਅੰਗਰੇਜ਼ ਸਰਕਾਰ ਇੱਕ ਭਿਅੰਕਰ ਖਤਰਨਾਕ ਬਾਗੀ ਸਮਝਦੀ ਸੀ। ਪੁਲੀਸ ਦੀਆਂ ਖੁਫੀਆ ਫਾਈਲਾਂ ਵਿੱਚ ਇਸ ਬਾਰੇ ਇਹ ਨੋਟ ਲਿਖੇ ਮਿਲੇ ਸਨ। "ਉਹੀ ਗੁਰੂ ਰਾਮ ਸਿੰਘ ਦਾ ਉੱਤਰਾ-ਅਧਿਕਾਰੀ ਹੋਵੇਗਾ ਉਹ ਰਾਮ ਸਿੰਘ ਦੇ ਖੁਫੀਆ ਵਿਭਾਗ ਦਾ ਸੂਬਾ ਹੈ ਤੇ ਹਮੇਸ਼ਾ ਹਮੇਸ਼ਾ ਉਸ ਦੇ ਨਾਲ ਰਹਿਣ ਵਾਲਾ ਵਫਾਦਾਰ ਸਾਥੀ ਹੈ। ਉਹ ਜ਼ਿਆਦਾ ਪੜ੍ਹਿਆ ਲਿਖਿਆ, ਵਿਉਂਤਬੰਦੀ ਕਰਨ ਵਾਲਾ ਅਤੇ ਉਚੇ ਵਿਚਾਰਾਂ ਵਾਲੇ ਵਿਅਕਤਿਤਵ ਦਾ ਮਾਲਕ ਹੈ।" ਭੈਣੀ ਸਾਹਿਬ ਵਿੱਚ ੧੮੭੨ ਈ: ਨੂੰ ਲੋਹੜੀ ਤੇ ਮਾਘੀ ਸਮੇਂ ਹੋਏ ਸਮਾਗਮਾਂ ਦੀ ਖੁਫੀਆ ਰਿਪੋਰਟ ਦਾ ਨੋਟ ਗਵਰਨਰ ਜਨਰਲ ਹਿੰਦ ਦੀ ਫਾਈਲ ਵਿੱਚ ਦਰਜ ਹੈ ਜੋ ਇਸ ਪ੍ਰਕਾਰ ਹੈ: "ਇਸ ਸਮੇਂ ਦੀ ਗਵਾਹੀ ਮੌਜੂਦ ਹੈ ਭਾਵੇਂ ਉਹ ਭਰੋਸੇਯੋਗ ਨਾ ਭੀ ਹੋਵੇ ਕਿ ਸੂਬਾ ਸਾਹਿਬ ਸਿੰਘ ਨੇ ਉਹ ਕੌਂਸਲ ਬਣਾਈ ਸੀ ਜਿਸ ਦਾ ਉਦੇਸ਼ ਹਕੂਮਤ ਸੰਭਾਲਣ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਦਾ ਬਾਦਸ਼ਾਹ ਹੋਣ ਦਾ ਐਲਾਨ ਕਰਨਾ ਸੀ।

ਸੂਬਾ ਸਾਹਿਬ ਸਿੰਘ ਤੋਂ ਪਹਿਲਾਂ ਗੋਰੀ ਸਰਕਾਰ ਸੂਬਾ ਕਾਹਨ ਸਿੰਘ, ਸੂਬਾ ਰੂੜ ਸਿੰਘ, ਬਾਬਾ ਬ੍ਰਹਮ ਸਿੰਘ, ਸੂਬਾ ਮਲੂਕ ਸਿੰਘ, ਬਾਬਾ ਹੁਕਮ ਸਿੰਘ ਤੇ ਮੰਗਲ ਸਿੰਘ ਆਦਿ ਨੂੰ ਗ੍ਰਿਫ਼ਤਾਰ ਕਰਕੇ ਅਲਾਹਬਾਦ ਦੇ ਕਿਲੇ ਵਿੱਚ ਬੰਦ ਕਰ ਚੁੱਕੀ ਸੀ। ਉਪਰੰਤ ਸੂਬਾ ਸਾਹਿਬ ਸਿੰਘ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਨਾਲ, ਗ੍ਰਿਫ਼ਤਾਰ ਕਰਕੇ ਇਸੇ ਕਿਲੇ ਵਿੱਚ ਲਿਆਂਦਾ ਗਿਆ। ਸਿਵਾਏ ਮੰਗਲ ਸਿੰਘ ਤੋਂ ਸਾਰਿਆਂ ਉੱਤੇ ਬੰਗਾਲ ਰੈਜ਼ੂਲੇਸ਼ਨ ਐਕਟ ੧੮੧੮ ਦੀ ਧਾਰਾ ੩ ਦੇ ਤਹਿਤ ਮੁਕਦਮੇ ਚਲਾਏ ਗਏ। ਸਭ ਨੂੰ ਦੇਸ ਤੋਂ ਦੂਰ ਅਦਨ ਚਨਾਰ, ਮੌਲਮੀਨ, ਅਸੀਰਗੜ੍ਹ ਜਹੀਆਂ ਥਾਵਾਂ ਤੇ ਨਜ਼ਰਬੰਦ ਰੱਖਣ ਦੀਆਂ ਸਜ਼ਾਵਾਂ ਸੁਣਵਾਈਆਂ ਗਈਆਂ। ਹੋਮ ਸਕੱਤਰ ਹਿੰਦ ਸਰਕਾਰ ਦੇ ੧੨ ਫਰਵਰੀ ੧੮੭੩ ਦੇ ਆਰਡਰ ਅਨੁਸਾਰ ਸੂਬਾ ਸਾਹਿਬ ਸਿੰਘ ਤੇ ਸੂਬਾ ਕਾਹਨ ਸਿੰਘ ਨੂੰ ਦੇਸ ਨਿਕਾਲਾ ਦੇ ਕੇ ੨੪ ਮਾਰਚ ੧੮੭੩ ਨੂੰ ਅਦਨ (ਅਰਬ) ਭੇਜ ਦਿੱਤਾ ਗਿਆ। ਪਹਿਲਾਂ ਉਥੇ ਅਲੱਗ, ਅਲੱਗ ਕੋਠੜੀਆਂ ਵਿੱਚ ਜੇਲ੍ਹ ਵਿੱਚ ਰੱਖਿਆ ਗਿਆ। ਫੇਰ ਹਿੰਦ ਸਰਕਾਰ ਦੇ ਹੁਕਮ ਅਨੁਸਾਰ ਜੇਲ੍ਹ ਤੋਂ ਬਾਹਰ ਪੁਲੀਸ ਦੀ ਨਿਗਰਾਨੀ ਵਿੱਚ ਰੱਖਿਆ ਗਿਆ। ਇਹਨਾਂ ਦੋਹਾਂ ਨੂੰ ਉਥੋ ਦਾ ਪਾਣੀ ਰਾਸ ਨਾ ਆਇਆ। ਬਿਮਾਰ ਰਹਿਣ ਕਾਰਣ ਹਿੰਦ ਸਰਕਾਰ ਨੇ ੨੩ ਮਾਰਚ ੧੮੭੫ ਦੇ ਹੁਕਮ ਅਨੁਸਾਰ ਇਹਨਾਂ ਨੂੰ ਵਾਪਸ ਦੇਸ ਲੈ ਆਂਦਾ। ਇਹ ਦੋਵੇਂ ਸੂਰਬੀਰ ਕੁਝ ਚਿਰ ਬੰਬਈ ਤੇ ਅਲਾਹਬਾਦ ਜੇਲ੍ਹਾਂ ਵਿੱਚ ਰੱਖੇ ਗਏ। ਇਹਨਾਂ ਨੂੰ ਮਈ ੧੮੭੫ ਨੂੰ ਹਜਾਰੀ ਬਾਗ ਵਿੱਚ ਲੈ ਆਂਦਾ ਗਿਆ। ਇਹਨਾਂ ਨੂੰ ਉਥੇ ਗੋਰਾ ਬੈਰਕ ਵਿੱਚ ਅਲੱਗ ਅਲੱਗ ਰੱਖਿਆ ਗਿਆ। ਸੂਬਾ ਸਾਹਿਬ ਸਿੰਘ ਨੂੰ ਹੋਰ ਬਿਮਾਰੀਆਂ ਦੇ ਨਾਲ ਨਾਲ ਜੇਲ੍ਹ ਦੀਆਂ ਮੁਸ਼ੱਕਤਾਂ ਤੇ ਭੈੜੀ ਖੁਰਾਕ ਕਾਰਣ ਸ਼ੂਗਰ ਦੀ ਬਿਮਾਰੀ ਵੀ ਜ਼ੋਰ ਫੜ ਗਈ। ਆਖਰਕਾਰ ਇਹ ਪੰਜਾਬੀ ਦੇਸ਼ ਭਗਤ ਸੂਰਬੀਰ ਜਿਸ ਤੋਂ ਗੋਰੀ ਸਰਕਾਰ ਥਰ-ਥਰ ਕੰਬਦੀ ਸੀ ੧੦ ਜੂਨ ੧੮੭੯ ਈ: ਨੂੰ ੪੫ ਸਾਲ ਦੀ ਉਮਰ ਵਿੱਚ ਦੇਸ਼ ਤੋਂ ਆਪਾ ਵਾਰ ਗਿਆ।

ਇਸ ਮਹਾਨ ਦੇਸ਼ ਭਗਤ ਸੂਰਬੀਰ ਯੋਧੇ ਦਾ ਨਾਂ ਇਤਿਹਾਸ ਵਿਚ ਸਦਾ ਸੁਨਿਹਰੀ ਅੱਖਰਾਂ ਵਿੱਚ ਚਮਕਦਾ ਰਹੇਗਾ।

■

ਤਿਰੰਗਾ ਅਤੇ ਨਾਮਧਾਰੀ ਪੰਥ

ਯਾਦਵਿੰਦਰ ਸਿੰਘ ਕੂਕਾ

ਉਹ ਕੌਣ ਹੈ!
ਉਹ ਤਾਂ ਬਹੁਤ ਹੀ ਤੜਫ ਰਿਹਾ ਹੈ
ਉਸ ਕੋਲੋਂ ਉਸ ਦਾ ਦੁੱਖ ਪੁੱਛੋ
"ਤੈਨੂੰ ਕੀ ਹੋ ਗਿਆ ਹੈ?"
ਉਸ ਨੇ ਕਿਹਾ, 'ਮੇਰੀ ਧਰਤੀ ਉੱਪਰ ਕਾਲ ਪੈ ਗਿਆ ਹੈ
ਇਹ ਭਾਰਤ ਦੀ ਧਰਤੀ ਹੈ
ਇਸ ਧਰਤੀ ਉੱਪਰ ਫਸਲ ਨਹੀ ਉੱਗੀ
ਬਹੁਤ ਮੀਂਹ ਪਿਆ
ਇੰਨਾ ਮੀਂਹ ਪੈਣ ਤੇ ਵੀ ਧਰਤੀ ਬੰਜਰ ਹੋ ਰਹੀ ਹੈ
ਇਥੋਂ ਦੇ ਲੋਕ ਮਰ ਜਾਵਣਗੇ
ਲੋਕ ਤੜਫ ਰਹੇ ਹਨ
ਤੜਫਣ ਵਾਲੇ ਸਿਰਫ ਹਿੰਦੋਸਤਾਨੀ ਹੀ ਹਨ
ਜੋ ਵਿਦੇਸ਼ੀ ਲੋਕ ਹਨ ਉਹ ਹੱਸ ਰਹੇ ਹਨ
ਇਥੇ ਕਾਲਾ ਹਨੇਰਾ ਹੋ ਗਿਆ ਹੈ
ਚਾਰੇ ਪਾਸੇ ਝੂਠ ਹੀ ਝੂਠ ਹੈ
ਇਥੇ ਗੱਡੀਆਂ ਦੇ ਅੱਗੇ ਬੈਲਾਂ ਦੀ ਥਾਂ ਆਦਮੀ ਜੋਏ ਹਨ
ਮੈਂ ਕੀ ਕਰਾਂ! ਹਾਏ ਮੈਂ ਕੀ ਕਰਾਂ!!
ਇਥੇ ਚਿੱਟੇ ਸੂਰਜ ਦੀ ਲੋੜ ਹੈ
ਮੈਨੂੰ ਬਚਾਓ! ਮੈਨੂੰ ਬਚਾਓ!!
ਉਹ ਕੌਣ ਹੈ!
ਚਿੱਟੇ ਬਸਤਰ ਹਨ
ਅਤੇ ਨਾਲ
ਕੁੱਝ ਚਿੱਟਿਆਂ ਬਸਤਰਾਂ ਵਾਲੇ ਆਦਮੀ ਹਨ
ਸ਼ਾਇਦ! ਮੈਂ ਬਚ ਜਾਵਾਂ
ਮੈਂ ਕੁੱਤੇ ਦੀ ਮੌਤ ਨਹੀਂ ਮਰਨਾ ਚਾਹੁੰਦਾ
ਸੱਚ ਉਹ! ਆ ਰਿਹਾ ਹੈ
ਉਸ ਦੇ ਅੱਗੇ ਅਰਜ ਕਰੋ
ਮਹਾਰਾਜ ਇਥੇ ਕਾਲ ਪੈ ਗਿਆ ਹੈ
ਸੱਚ ਦਾ ਕਾਲ ਪੈ ਗਿਆ ਹੈ
ਉਸ ਅੱਗੇ ਅਰਜ ਕਰੋ
ਤਰਲਾ ਕਰੋ
ਧਰਤੀ ਉਪਰ ਹਰਿਆਲੀ ਨਹੀਂ ਹੈ
ਚਾਰ ਚੁਫੇਰੇ ਕਾਲਾ ਧੰਦਾ ਹੈ
ਮੈਨੂੰ ਤਾਂ ਤੁਸੀਂ ਪਹਿਲੇ ਆਦਮੀ
ਚਿੱਟੇ ਬਸਤਰਾਂ ਵਾਲੇ ਨਜ਼ਰ ਆਏ ਹੋ
ਇਹ ਧਰਤੀ ਉੱਪਰ ਪਾਣੀ ਅਤੇ ਮੀਂਹ ਬਹੁਤ ਪਿਆ
ਪਰ ਧਰਤੀ ਬੇ-ਅਬਾਦ ਹੈ ਧਰਤੀ ਤਪ ਰਹੀ ਹੈ
ਇਥੇ ਬੇਰਹਿਮੀ ਹੈ
ਅਸੀਂ ਕੀ ਕਰੀਏ
ਅਸੀਂ ਤੜਫ ਰਹੇ ਹਾਂ
ਸਾਨੂੰ ਬਚਾਓ!
ਨਹੀਂ ਸੂਰਵੀਰੋ!
ਤੁਸੀਂ ਤੜਫਣਾ ਨਹੀਂ ਤੁਸੀਂ ਮਰਨਾ ਨਹੀਂ
ਤੁਸੀਂ ਰਹਿੰਦੀ ਦੁਨੀਆਂ ਤੱਕ ਜਿੰਦੇ ਰਹਿਣਾ ਹੈ
ਇਹ ਧਰਤੀ ਪਾਣੀ ਨਾਲ ਨਹੀਂ ਹਰੀ ਹੋਵੇਗੀ
ਇਸ ਧਰਤੀ ਨੂੰ ਖ਼ੂਨ ਨਾਲ ਰਮਾਉਣਾ ਪਵੇਗਾ
ਕਿਉਂਕਿ ਇਥੇ ਸੋਨੇ ਦੀ ਫ਼ਸਲ ਕਰਾਉਣ ਵਾਸਤੇ
ਖ਼ੂਨ ਦੀ ਲੋੜ ਹੈ
ਮੇਰੇ ਦੇਸ ਵਾਸੀਓ!
ਇਸ ਦੇਵਤੇ ਦੀ ਗੱਲ ਕੰਨ ਕਰਕੇ ਸੁਣੋ
ਇਹ ਸੱਚਾਈ ਦਾ ਦੇਵਤਾ ਹੈ
ਇਹ ਸਭ ਤੋਂ ਪਹਿਲਾ ਮਹਾਤਮਾ ਹੈ
ਜੋ ਸਾਨੂੰ ਹਲੂਣ ਰਿਹਾ ਹੈ
ਜਾਗੋ!
ਇਸ ਤੋਂ ਪਹਿਲਾਂ ਕਿਸੇ ਨੇ ਐਸਾ ਰਾਹ ਨਹੀਂ ਦੱਸਿਆ
ਇਸ ਦੀ ਹਰ ਇੱਕ ਗੱਲ ਦੀ ਕੀਮਤ ਅਮੁੱਲ ਹੈ
ਹੁਣ ਤਾਂ ਇਸ ਧਰਤੀ ਤੇ ਪਏ ਝੂਠ ਅਤੇ
ਗ਼ੁਲਾਮੀ ਦੇ ਕਾਲ ਨੂੰ
ਇਹ ਦੇਵਤਾ ਹੀ ਦੂਰ ਕਰ ਸਕਦਾ ਹੈ
ਹੇ ਮਹਾਰਾਜ!
ਅਸੀਂ ਖ਼ੂਨ ਦੀ ਰੌਣੀ ਕਰਨ ਲਈ ਤਿਆਰ ਹਾਂ
ਇਹ ਸੰਤ ਸਿਪਾਹੀ ਹੈ, ਇਹ ਦੇਵਤਾ ਹੈ, ਇਹ ਸਾਧ ਹੈ,
ਇਹ ਪੀਰ ਹੈ ਇਹ ਗੁਰੂ ਰਾਮ ਸਿੰਘ ਹੈ
ਇਹ ਰਾਮ ਹੈ
ਇਹ ਬਨਵਾਸ ਕੱਟ ਕੇ ਵਾਪਿਸ ਆ ਗਿਆ ਹੈ
ਹੌਸਲੇ ਵਿੱਚ ਹੋਵੋ।

ਭਾਰਤ ਦੀ ਧਰਤੀ ਇਹਨਾਂ ਦੀ ਸੀਤਾ ਮਾਤਾ ਹੈ
ਸੱਚ ਇਹਨਾਂ ਦਾ ਛੋਟਾ ਵੀਰ ਲਕਸ਼ਮਣ ਜਤੀ ਹੈ
ਆਓ ਇਹਨਾਂ ਦੇ ਆਉਣ ਦੀ ਦਿਵਾਲੀ ਮਨਾਈਏ
ਅਸੀਂ ਤੋਪਾਂ ਅੱਗੇ ਖੜ ਕੇ ਦਿਵਾਲੀ ਮਨਾਵਾਂਗੇ
ਅਤੇ ਅਜ਼ਾਦੀ ਦੇ ਦੀਪ ਜਲਾਵਾਂਗੇ
ਆਪਣਾ ਖ਼ੂਨ ਇਸ ਮਾਂ ਦੇ ਲੇਖੇ ਲਾਵਾਂਗੇ
ਖ਼ੂਨ ਦੀ ਰੌਣੀ ਕਰਣ ਤੇ ਇਥੇ ਸੋਨਾ ਉੱਗੇਗਾ
ਹੁਣ ਅਸੀਂ ਕਦੇ ਵੀ ਨਹੀਂ ਮਰਾਂਗੇ
ਸਾਨੂੰ ਬਹੁਤ ਖ਼ੁਸ਼ੀ ਹੈ
ਸ਼ਾਇਦ ਹੁਣ ਅਸੀਂ ਗੁਲੇਲ ਵਜੇ ਵਾਲੇ ਪੰਛੀ ਵਾਂਗੂ
ਨਹੀਂ ਤੜਫਾਂਗੇ
ਫਰੰਗੀ-ਰਾਖ਼ਸ਼ਾਂ ਦਾ ਨਾਸ ਕਰ ਦਿਆਂਗੇ
ਹੁਣ ਸਾਨੂੰ ਸੱਚ ਦਾ ਰਾਹ ਵਿਖਾਉਣ ਵਾਲਾ
ਗੁਰੂ ਮਿਲ ਗਿਆ ਹੈ
ਇਹਨਾਂ ਦੇ ਬੀਜ਼ ਬੋਏ ਹੋਏ ਹਮੇਸ਼ਾ ਹਰੇ ਰਹਿਣਗੇ
ਉਹ ਵੇਖੋ!
ਧਰਤੀ ਉੱਪਰ ਕਿੰਨਾ ਖ਼ੂਨੋ ਖ਼ੂਨ ਹੋ ਗਿਆ ਹੈ
ਫ਼ਰੰਗੀ-ਰਾਖ਼ਸ਼ ਘਬਰਾ ਰਹੇ ਹਨ
ਸੱਚ ਦਾ ਸੂਰਜ ਚੜ੍ਹ ਗਿਆ ਹੈ
ਇਹ ਖ਼ੂਨ ਕਿੰਨਾ ਉਪਜਾਊ ਹੈ
ਹੁਣ ਇਥੇ ਬਹੁਤ ਫ਼ਸਲ ਹੋ ਰਹੀ ਹੈ
ਹੁਣ ਅਸੀਂ ਰੱਜ ਰੱਜ ਖਾਵਾਂਗੇ
ਚਾਰ ਚੁਫੇਰੇ ਹਰਿਆਲੀ ਹੀ ਹਰਿਆਲੀ ਹੈ
ਅਸੀਂ ਸਾਰੇ ਇਕੱਠੇ ਹੋ ਕਹਾਂਗੇ
ਧੰਨ ਸਤਿਗੁਰੂ ਰਾਮ ਸਿੰਘ ਜੀ,
ਧੰਨ ਸਤਿਗੁਰੂ ਰਾਮ ਸਿੰਘ ਜੀ
ਸਤਿਗੁਰੂ ਰਾਮ ਸਿੰਘ ਜੀ ਨੇ
ਸਾਡੀ ਧਰਤੀ ਉੱਪਰ ਪਏ ਕਾਲ ਨੂੰ
ਖ਼ਤਮ ਕਰ ਦਿੱਤਾ
ਨਾਮਧਾਰੀ ਲਹਿਰ ਲਹਿਰਾਉਂਦੀ ਰਹੇਗੀ
ਇਹ ਤਿਰੰਗਾ ਝੂਲ ਰਿਹਾ ਹੈ
ਹਾਂ ਇਹ ਉਹ ਹੀ ਤਿਰੰਗਾ ਹੈ
ਇਹ ਖ਼ੂਨ ਦੀ ਰੌਣੀ ਕਰਕੇ ਪੈਦਾ ਕੀਤਾ ਹੈ
ਲਾਲ ਰੰਗ ਸ਼ਹੀਦਾਂ ਦਾ ਖ਼ੂਨ ਹੈ
ਚਿੱਟਾ ਰੰਗ ਸੱਚਾਈ ਦਾ ਹੈ
ਹਰਾ ਰੰਗ ਖੇਤਾਂ ਦੀ ਖੁਸ਼ਹਾਲੀ ਦਾ ਹੈ
ਇਹ ਝੰਡਾ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ
ਦਿੱਤਾ ਹੈ
ਇਹ ਹਮੇਸ਼ਾ ਝੂਲਦਾ ਰਹੇਗਾ
ਅਸੀਂ ਆਜ਼ਾਦ ਹਾਂ
ਸਤਿਗੁਰੂ ਰਾਮ ਸਿੰਘ ਜੀ ਜ਼ਿੰਦਾਬਾਦ

ਧੰਨਵਾਦ ਕਰੋ ਸਭ ਗੁਰੂ ਅਗਵਾਈ ਦਾ

ਸਵਰਨ ਸਿੰਘ ਗਾਜ਼ੀਆਬਾਦ

ਪੁਛਿਆ ਸੀ ਗੁਰਾਂ ਤਾਈਂ ਨਹਿਰੂ ਨੇ ਭੈਣੀ ਪੁੱਜ
ਦੇਸ਼ ਹੈ ਆਜ਼ਾਦ ਹੁਣ ਕਿਹੜਾ ਪੱਦ ਚਾਹੀਦਾ।
ਅਸਾਂ ਤੁਸਾਂ ਮਿਲ ਕਰ ਗੋਰਾ ਦੇਸ਼ੋਂ ਬਾਹਰ ਕੀਤਾ,
ਆਪਣੀ ਹਕੂਮਤ ਦਾ ਲਾਭ ਹੈ ਉਠਾਈ ਦਾ।
ਅਟੱਲ ਪਰਤਾਪੀ ਹੱਸ ਕਿਹਾ ਅਗੋਂ, ਪੰਡਤ ਜੀ,
ਬਹੁਤ-੨ ਧੰਨਵਾਦ ਅਜ਼ਾਦੀ ਦਿਵਾਈ ਦਾ।
ਅੱਧੀ ਸੱਦੀ ਗਾਂਧੀ ਜੀ ਤੋਂ ਪਹਿਲਾਂ ਕੀਤਾ ਬਾਈਕਾਟ,
ਧੰਨਵਾਦ ਕਰੋ ਸਭ ਗੁਰੂ ਅਗਵਾਈ ਦਾ।

ਆਪਣਾ ਹੈ ਦੇਸ਼ ਸਾਡਾ ਕੀਤਾ ਨਹੀਂ ਅਹਿਸਾਨ ਕੋਈ,
ਦਸੀਂ ਨੌਵੀ ਦੀ ਕਿਰਤ ਕਰ ਧਰਮ ਦਾ ਖਾਈਦਾ।
ਤੁਸੀਂ ਹੀ ਸੰਭਾਲੋ ਸੱਤਾ ਦੇਸ਼ ਦੀ ਉਸਾਰੀ ਕਰੋ,
ਸੱਰਵ ਉਦੇ ਹੋਵੇ ਮਿਲ ਵੰਡ ਖਾ ਹੰਡਾਈ ਦਾ।
ਸਰਵੇ ਭਵੰਤੂ ਸੁਖੀ ਭਾਰਤੀ ਸਿਧਾਂਤ ਹੋਵੇ,
ਜੀਵ ਘਾਤ ਬੰਦ ਹੋਵੇ ਵੰਸ ਵਧੇ ਗਾਂਈ ਦਾ।
ਔਸ਼ਧੀ ਸਮਾਨ ਦੁੱਧ ਘੀ ਮੱਲ ਮੂਤਰ ਹੈ,
ਤਾਹੀਂ ਸ੍ਰੀ ਕ੍ਰਿਸ਼ਨ ਜੀ ਗੋਪਾਲ ਸਦਵਾਈ ਦਾ।

ਭਾਰਤੀ ਪਰੰਪਰਾ ਨੇ ਤਿੰਨ ਮਾਤ ਰਿਣ ਮੰਨੇ,
ਪਹਿਲਾ ਮਾਤ ਜਨਨੀ ਦੂਜਾ ਭਾਰਤ ਭੂ ਮਾਈ ਦਾ।
ਤੀਜਾ ਗਊ ਵੰਸ਼ ਜਿਹੜਾ ਮਾਨਵ ਕਲਿਆਣ ਕਰੇ,
ਗਊ ਕਰੇ ਪੋਸ਼ਣ ਬੈਲ ਨਾਲ ਹੱਲ ਵਾਹੀਦਾ।
ਸਰਵਨ ਕੁਮਾਰ ਜਿਹੇ ਅੱਜ ਵੀ ਜਹਾਨ ਉੱਤੇ,
ਦੱਸ ਦਿੱਤਾ ਜਿਨ੍ਹਾਂ ਮਿੱਤਰ ਰਿਣ ਕਿਵੇਂ ਲਾਹੀਦਾ।
ਭਾਰਤ ਅਜ਼ਾਦ ਅਜ ਪੰਡਤ ਜੀ ਰਿਣ ਲੱਥਾ,
ਗਊ ਘਾਤ ਬੰਦ ਹੋਵੇ ਪਾਪ ਨਹੀਂ ਕਮਾਈਦਾ।

ਬੰਦ ਕਰੋ ਕਤਲਗਾਹ ਤੁਸੀਂ ਸਾਰੇ ਭਾਰਤ 'ਚੋਂ,
ਸੱਤਾ ਹੱਥ ਤੁਸਾਂ ਦੇ, ਇਸ਼ਾਰਾ ਇਕ ਚਾਹੀਦਾ।
ਲੁਧਿਆਣੇ, ਰਾਏਕੋਟ, ਅੰਮ੍ਰਿਤਸਰ ਆਦਿ,
ਕੀ ਲਾਭ ਮਿਲਿਆ ਸਿੱਖਾਂ, ਫਾਂਸੀ ਗਲ ਪਾਈ ਦਾ।
ਰੱਕੜ ਮਲੇਰ ਅੱਜ ਵੀ ਬਿਆਨ ਕਰੇ,
ਕਾਵਨ ਨੇ ਤੋਪਾਂ ਨਾਲ ਸਿੰਘਾਂ ਨੂੰ ਉਡਾਈਦਾ।
ਸੰਤਾਂ ਗੁਰੂਆਂ ਰਿਸ਼ੀਆਂ ਦਾ ਭਾਰਤ ਹੈ ਦੇਸ਼ ਸਾਡਾ,
ਕੁਝ ਤੇ ਖਿਆਲ ਹੋਵੇ ਉਪਰ ਵਾਲੇ ਸਾਈਂ ਦਾ।

ਯੁਗ–ਪੁਰਸ਼

ਸਤਿਗੁਰੂ ਰਾਮ ਸਿੰਘ ਜੀ

ਜੀਵਨ ਪ੍ਰਕਾਸ਼ ਜੀਵਨ

ਰੁਤ ਬਸੰਤੀ ਲਿਆ ਸੀ ਅਵਤਾਰ ਸਤਿਗੁਰੂ ਰਾਮ ਸਿੰਘ।
ਨਿਰੰਕਾਰ ਉਤਰੇ ਧੁਰੋਂ ਬਣ ਸਾਕਾਰ ਸਤਿਗੁਰੂ ਰਾਮ ਸਿੰਘ।
ਮਨੁਖਤਾ ਦੀ ਨੀਂਹ ਪੁਖਤਾ ਕਰਣ ਦੇ ਲਈ ਦੇਸ਼ ਵਿਚ,
ਸਦਾ ਕੌਰ ਕੁੱਖੋਂ ਲਿਆ ਸੀ ਅਵਤਾਰ ਸਤਿਗੁਰੂ ਰਾਮ ਸਿੰਘ।

ਧ੍ਰੂਵ ਸਿਤਾਰਾ ਬਣਕੇ ਜੱਸਾ ਸਿੰਘ ਜੀ ਦੀ ਅੱਖ ਦਾ,
ਭੁੱਲੇ ਰਾਹੀਆਂ ਦਾ ਬਣੇ ਆਧਾਰ ਸਤਿਗੁਰੂ ਰਾਮ ਸਿੰਘ
ਜਿਉਂਦੀਆਂ ਲਾਸ਼ਾਂ ਨੂੰ ਬਖਸ਼ੀ ਮੁੜਕੇ ਜਿਉਂਦੀ ਜ਼ਿੰਦਗੀ,
ਕਰਕੇ ਅੰਮ੍ਰਿਤ ਖੰਡੇ ਦਾ ਤਿਆਰ ਸਤਿਗੁਰੂ ਰਾਮ ਸਿੰਘ।

ਦਾਸਤਾਂ ਦੀ ਨੀਂਦ ਸੁੱਤਾ ਪਿਆ ਸੀ ਸਦੀਆਂ ਤੋਂ ਜੋ,
ਕੀਤਾ ਮੁੜ ਕੇ ਦੇਸ਼ ਨੂੰ ਬੇਦਾਰ ਸਤਿਗੁਰੂ ਰਾਮ ਸਿੰਘ।
ਭੁੱਲਿਆਂ ਤੇ ਭਟਕਿਆਂ ਨੂੰ ਰਾਹ ਸਚਖੰਡੀ ਵਿਖਾ,
ਬਖਸ਼ ਦਿੱਤੀ ਸੁਚ ਦੀ ਦਸਤਾਰ ਸਤਿਗੁਰੂ ਰਾਮ ਸਿੰਘ।

ਫੁਰਮਾਇਆ ਪ੍ਰਭ ਦਰਸ਼ਨ ਲਈ ਇਕਾਗਰਚਿਤ ਸਿਮਰਨ ਕਰੋ,
ਕਰਨਾ ਦੱਸਿਆ ਦਿਲ ਦੇ ਵਿਚ ਦੀਦਾਰ ਸਤਿਗੁਰੂ ਰਾਮ ਸਿੰਘ।
ਭੋਜਣ ਤੇ ਭਾਸ਼ਾ ਸੁਦੇਸ਼ੀ ਸੰਗ ਸੁਦੇਸ਼ੀ ਭੇਸ ਦਾ,
ਭੇਟ ਕੀਤਾ ਦੇਸ਼ ਨੂੰ ਉਪਹਾਰ ਸਤਿਗੁਰੂ ਰਾਮ ਸਿੰਘ।

ਖਾਂਦੇ ਸੀ ਗੋਤੇ ਜਿਹੜੇ ਸੰਸਾਰ ਦੇ ਸਾਗਰ ਵਿਚ,
ਬਖ਼ਸ਼ ਨੌਕਾ ਨਾਮ ਕੀਤਾ ਪਾਰ ਸਤਿਗੁਰੂ ਰਾਮ ਸਿੰਘ।
ਦਾਸਤਾਂ ਦੇ ਨਾਲ ਦਿੱਤਾ ਰਹਿਣ ਨਹੀਂ ਫਿਰ ਵਾਸਤਾ,
ਸਨ ਆਜ਼ਾਦੀ ਦੇ ਅਲੰਬਰਦਾਰ ਸਤਿਗੁਰੂ ਰਾਮ ਸਿੰਘ,

ਆ ਗਏ ਬਣ ਕੇ ਮਸੀਹਾ ਗਰੀਬਾਂ-ਗਊਆਂ ਦੇ ਲਈ,
ਬੁੱਚੜਾਂ ਦਾ ਕਰਨ ਲਈ ਸੰਘਾਰ ਸਤਿਗੁਰੂ ਰਾਮ ਸਿੰਘ।
ਹਾਰ ਉਹਨਾਂ ਦੀ ਕਦੇ ਜੀਵਨ ਦੇ ਵਿਚ ਹੋਈ ਨਹੀਂ,
ਬਣ ਗਏ ਜਿਨਾਂ ਦੇ ਗਲ ਦਾ ਹਾਰ ਸਤਿਗੁਰੂ ਰਾਮ ਸਿੰਘ।

ਸੂਹ ਨਹੀਂ ਸੀ ਜਿਨਾਂ ਨੂੰ ਆਰ ਦੀ ਤੇ ਪਾਰ ਦੀ,
ਪਾਰ ਉਹਨਾਂ ਲਈ ਬਣਾਇਆ ਆਰ ਸਤਿਗੁਰੂ ਰਾਮ ਸਿੰਘ।
ਚਮਕਦਾ ਸੀ ਚੰਨ ਜਿਨ੍ਹਾਂ ਦਾ ਅੱਠੇ ਪਹਿਰੀ ਹੀ ਲੁਕ ਗਿਆ,
ਗੋਰਿਆਂ ਨੂੰ ਮਾਰੀ ਐਸੀ ਮਾਰ ਸਤਿਗੁਰੂ ਰਾਮ ਸਿੰਘ।

ਕੂਕਿਆਂ ਦੀ ਕੂਕ ਦਿੱਤੇ ਦਾਸਤਾਂ ਦੇ ਮਹਿਲ ਫੂਕ,
ਮਘਦੇ ਰਖ ਦਿਲਾਂ ਦੇ ਵਿਚ ਅੰਗਿਆਰ ਸਤਿਗੁਰੂ ਰਾਮ ਸਿੰਘ।
ਦੱਸੀ ਨਿਭਾਣੀ ਰਘੂਕੁਲ ਦੀ ਰੀਤ ਸਿਰ ਰੱਖ ਕੇ ਤਲੀ,
ਸਨ ਸ਼ਾਂਤੀ ਤੇ ਸ਼ਕਤੀ ਦਾ ਭੰਡਾਰ ਸਤਿਗੁਰੂ ਰਾਮ ਸਿੰਘ।

ਦੇਸ਼-ਆਜ਼ਾਦੀ ਦੇ ਸੁਪਨੇ ਲੈਂਦੇ ਸੀ ਜੋ ਸੂਰਮੇ,
ਕਰਕੇ ਦਿਖਾਇਆ ਉਹਨਾਂ ਨੂੰ ਸਾਕਾਰ ਸਤਿਗੁਰੂ ਰਾਮ ਸਿੰਘ।
ਦਰ ਤੇ ਆਇਆ ਜੋ ਸਵਾਲੀ ਝੋਲੀਆਂ ਭਰ-੨ ਗਿਆ,
ਸਚਮੁਚ ਸਨ ਐਸੇ ਹੀ ਦਾਤਾਰ ਸਤਿਗੁਰੂ ਰਾਮ ਸਿੰਘ।

ਨਾਮਿਲਵਰਤਨ ਦੀ ਤੋਰੀ ਲਹਿਰ ਐਸੀ ਦੇਸ਼ ਵਿਚ,
ਪੁਟਣ ਲਈ ਜੜ੍ਹੋਂ ਗੋਰੇ ਦੀ ਸਰਕਾਰ ਸਤਿਗੁਰੂ ਰਾਮ ਸਿੰਘ।
ਸਚ ਦੇ ਗੰਭੀਰ ਸਾਗਰ ਸੁਚ ਦੇ ਕੈਲਾਸ਼ ਸਨ,
ਸ਼ਾਂਤੀ ਤੇ ਸ਼ਕਤੀ ਦੇ ਅੰਬਾਰ ਸਤਿਗੁਰੂ ਰਾਮ ਸਿੰਘ।

ਰੂਹ ਨਵੀਂ ਜਾਂਦੀ ਸੀ ਫੂਕੀ ਮੁਰਦਾ ਰੂਹਾਂ ਦੇ ਵਿਚ,
ਕਰਕੇ ਬਚਨਾਂ ਦਾ ਜਦੋਂ ਇਜ਼ਹਾਰ ਸਤਿਗੁਰੂ ਰਾਮ ਸਿੰਘ।
ਛੱਡ ਦਿਓ ਲੈਣਾ ਸਹਾਰਾ ਬਿਨਾਂ ਸਤਿਗੁਰੂ ਕਿਸੇ ਦਾ,
ਕਿਹਾ ਪ੍ਰਭ ਤੇ ਹੀ ਕਰੋ ਇਤਬਾਰ·ਸਤਿਗੁਰੂ ਰਾਮ ਸਿੰਘ।

ਦੱਸਿਆ ਗੁਰਮੁਖਾਂ ਨੂੰ ਬਾਹਰੋਂ ਕੁਝ ਵੀ ਲਭਦਾ ਨਹੀਂ,
ਦਿਲ ਦੇ ਦਰਪਣ ਚੋਂ ਕਰੋ ਦੀਦਾਰ ਸਤਿਗੁਰੂ ਰਾਮ ਸਿੰਘ।
ਕਾਰ ਦਸਾਂ ਨਵਾਂ ਦੀ ਕਰਨੀ ਦਸਦੇ ਨੇ ਗੁਰਮੁਖਾਂ ਨੂੰ,
ਰਹਿਣ ਦਿਤਾ ਕੋਈ ਨਹੀਂ ਬੇਕਾਰ ਸਤਿਗੁਰੂ ਰਾਮ ਸਿੰਘ।

ਪਿਲਾਏ ਭਰ-ਭਰ ਜਾਮ ਜਿਨਾਂ ਨੂੰ ਵੀ ਰੱਬੀ ਨਾਮ ਦੇ,
ਬਦਲ ਦਿੱਤਾ ਉਹਨਾਂ ਦਾ ਕਿਰਦਾਰ ਸਤਿਗੁਰੂ ਰਾਮ ਸਿੰਘ।
ਅਰਸ਼ ਤੇ ਨਹੀਂ ਐਨੇ ਤਾਰੇ, ਤਾਰੇ ਜਿਨੇ ਭਵਸਾਗਰੋਂ,
ਫੜ ਕੇ ਹੱਥੀਂ ਪਿਆਰ ਦੀ ਪਤਵਾਰ ਸਤਿਗੁਰੂ ਰਾਮ ਸਿੰਘ।

ਕਿਆਮਤ ਭੁਲ ਕੇ ਵੀ ਭੁੱਲੇ ਨਹੀਂ ਜੀਵਨ ਕਦੇ,
ਕੀਤੇ ਜੋ ਸੰਸਾਰ ਤੇ ਉਪਕਾਰ ਸਤਿਗੁਰੂ ਰਾਮ ਸਿੰਘ।

ਵਾਲੀ ਵਤਨ ਦੇ ਵਤਨ ਪੁਕਾਰ ਕਰਦੈ

ਸੇਵਾ ਸਿੰਘ ਨਾਮਧਾਰੀ ਸੇਵਾਦਾਰ

ਹੈ ਏਕੋ ਨਹੀਂ ਦੂਸਰਾ ਹੋਰ ਕੋਈ
ਆਪੇ ਆਪਣਾ ਪਿਆ ਵਿਸਥਾਰ ਕਰਦੈ।
ਆਪੇ ਦੇਵਤੇ ਦੈਂਤ ਵੀ ਰਚੇ ਆਪੇ,
ਆਪੇ ਰਖਿਆ ਆਪੇ ਸੰਘਾਰ ਕਰਦੈ।
ਵਸੇ ਦੇਸ ਪਰਦੇਸ ਦੇ ਵਿਚ ਆਪੇ,
ਆਪੇ ਆਪਣਾ ਆਪ ਇੰਤਜ਼ਾਰ ਕਰਦੈ।
ਰਚ ਰਚਨਾ ਵਿਚ ਆਖਦਾ ਆ ਛੇਤੀ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
ਆਪੇ ਰਾਮ ਹੋ ਬਣਾਂ ਵਿਚ ਫਿਰੇ ਭਾਉਂਦਾ
ਆਪੇ ਭਰਤ ਹੋ ਕੇ ਹਾਹਾਕਾਰ ਕਰਦੈ।
ਆਪੇ ਹੋ ਰਾਵਨ ਸੀਤਾ ਚੁਕ ਖੜਦਾ,
ਆਪੇ ਜਾ ਫਿਰ ਓਸ ਦੀ ਸਾਰ ਕਰਦੈ।
ਆਪੇ ਵਸ ਅਯੁਧਿਆ ਵਾਸੀਆਂ ਵਿਚ,
ਹੱਥ ਜੋੜ ਅਰਜ਼ਾਂ ਬਾਰ ਬਾਰ ਕਰਦੈ।
ਰਾਮ ਰਾਜ ਨੂੰ ਆਣ ਕੇ ਤੋਰ ਛੇਤੀ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
ਆਪੇ ਗੋਪੀਆਂ ਕੰਸ ਵੀ ਰਚ ਆਪੇ,
ਆਪੇ ਪਿਆਰ ਕਰਦੈ ਆਪੇ ਖਾਰ ਕਰਦੈ।
ਮਾਰ ਕੰਸ ਨੂੰ ਮਥਰਾ ਵਿਚ ਲਾ ਡੇਰੇ,
ਗੋਕਲ ਵਾਸੀਆਂ ਤਾਈ ਬੇਜ਼ਾਰ ਕਰਦੈ।
ਉਜੜ ਗਈ ਗੋਕਲ ਤੇਰੇ ਬਾਝ ਸ਼ਾਮਾ,
ਹਾ ਹਾ ਕਾਰ ਅੰਦਰ ਨਰ ਨਾਰ ਕਰਦੈ।
ਆਖੇ ਗੋਪੀਆਂ ਦੇ ਹਿਰਦੇ ਵਸ ਆ ਜਾ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
ਆਪੇ ਮੁਗਲਾਂ ਨੂੰ ਬਖ਼ਸ਼ ਕੇ ਪਾਤਸ਼ਾਹੀਆਂ,
ਧਰਮ ਰਖਣ ਲਈ ਦਾਨ ਪਰਵਾਰ ਕਰਦੈ।
ਵੇਖ ਜ਼ੁਲਮ ਪੁੱਜਾ ਜਦੋਂ ਸਿੱਖਰ ਉਤੇ,
ਅੰਗੀਠਾ ਆਪਣਾ ਆਪੇ ਤਿਆਰ ਕਰਦੈ।
ਗੋਬਿੰਦ ਸਿੰਘ ਤੋਂ ਬਦਲ ਕੇ ਨਾਮ ਆਪਣਾ,
ਅਜਾਪਾਲ ਰਖ ਪੰਥ ਦੀ ਸਾਰ ਕਰਦੈ।
ਕੂਕਣ ਸਿਖ ਨਦੇੜ ਦੇ ਵਿਚ ਆ ਜਾ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
ਆਪੇ ਵਸ ਫਰੰਗੀਆਂ ਵਿਚ ਕਰਤਾ,
ਧਰਮੋ ਡਿਗਿਆਂ ਸਿੰਘਾਂ ਦੀ ਹਾਰ ਕਰਦੈ।
ਹਰੇ ਹੋਇਆਂ ਨੂੰ ਧਰਮ ਦਾ ਲਾ ਟੀਕਾ,
ਪਰਖਣ ਵਾਸਤੇ ਤੋਪਾਂ ਦਾ ਵਾਰ ਕਰਦੈ।
ਆਪੇ ਕਢਣ ਲਈ ਦੇਸ਼ ਚੋਂ ਗੋਰਿਆਂ ਨੂੰ,
ਪਹਿਲਾਂ ਜਾਣ ਲਈ ਆਪਾ ਤਿਆਰ ਕਰਦੈ।
ਰੋ ਰੋ ਆਖਿਆ ਕੂਕਿਆਂ ਨਾ ਜਾਵੇ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
ਮਾਲਕ ਰਜ਼ਾ ਦਾ ਰੋਕਿਆਂ ਰੁਕਿਆ ਨਾ,
ਵਾਪਸ ਆਉਣ ਲਈ ਆਪੇ ਇਕਰਾਰ ਕਰਦੈ।
ਡਿੰਗਾ ਪੰਥ ਜਾ ਬਿਰਹਾ ਦਾ ਬਾਣ ਖਾ ਕੇ,
ਹੋ ਕੇ ਹਰੀ ਪਰਤਾਪ ਸੰਬਾਰ ਕਰਦੈ।
ਆਪੇ ਬਣ ਜਗਜੀਤ ਉਡੀਕ ਕਰਦੈ,
ਲੱਖਾਂ ਪਾਠਾਂ ਦੇ ਭੇਟ ਭੰਡਾਰ ਕਰਦੈ।
ਆ ਜਾ ਵਿਚ ਮਸਤਾਨਿਆਂ ਕੂਕ ਆਖੇ,
ਵਾਲੀ ਵਤਨ ਦੇ ਵਤਨ ਪੁਕਾਰ ਕਰਦੈ।
"ਸੇਵਾਦਾਰ" ਅਨਜਾਣ ਕੀਹ ਜਾਣਦਾ ਏ,
ਕੀਹ ਕੀਹ ਖੇਲ ਏਹ ਆਪ ਕਰਤਾਰ ਕਰਦੈ।

ਅਜ ਆਈ ਏ ਬਸੰਤ ਘਰ ਆਇਆ ਏ ਕੰਤ

ਮਹਿੰਦਰ ਕੌਰ

ਅਜ ਆਈ ਏ ਬਸੰਤ ਘਰ ਆਇਆਏ ਕੰਤ
ਖ਼ੁਸ਼ੀ ਹੋਈ ਏ ਬਿਅੰਤ
ਅਸੀਂ ਬਿਅੰਤ ਦੇ ਚਰਨਾਂ ਦਾ ਨਿਘ ਹੈ ਮਾਣਿਆ।
ਬਸੰਤ ਦੇ ਨਾਂ ਤੇ ਸਰੂਰ ਜਿਹਾ ਆ ਜਾਵੇ
ਨੂਰ ਜਿਹਾ ਚੜ ਜਾਵੇ।
ਰਾਮ ਆਇਆ ਰਾਮ ਆਇਆ
ਰਾਈਆਂ ਪਿੰਡ ਨੂੰ ਭਾਗ ਲਾਇਆ।
ਬਸੰਤ ਰਾਗ ਛੇੜ ਅਜ ਸਭ ਨੇ ਹੈ ਰੰਗ ਮਾਣਿਆ।
ਮੌਲੀ ਧਰਤੀ ਮੌਲਿਆ ਅਕਾਸ਼
ਰਾਗਾਂ ਨਾਲ ਮਨ ਨੇ ਅਨ ਰਸ ਹੈ ਮਾਣਿਆ।
ਹਰ ਸ਼ਹਿਰ ਮਨਾਈ ਜਾਂਦੀ ਬਸੰਤ
ਸ਼ਕਤ ਅਨੰਤ ਦਾ ਨਾ ਪਾਇਆ ਕਿਸੇ ਅੰਤ
ਦਰਸ਼ਨ ਦੇ ਬਿਅੰਤ ਸਭ ਨੂੰ ਹੈ ਠਾਰਿਆ।
ਉਹ ਕੰਤ ਕਦ ਦਿਖਾਏਗਾ ਦਰਸ
ਬਿਅੰਤ ਦੇ ਦਰਸ ਤੋਂ ਬੁਕ ਭਰ ਪੀ ਅੰਮ੍ਰਿਤ
ਬੰਬੀਹੇ ਵਾਲਾ ਅਨੰਦ ਅਜ ਮਾਣਿਆ।
ਜੇ ਭੋਰਾ ਜਿਹਾ ਮੇਰੇ ਵਲ ਤਕ ਲਵੇ
ਕਵਲ ਫੁਲ ਖਿੜ ਜਾਵੇ
ਤਾਰਾਂ ਦੀ ਝਣਕਾਰ ਛਿੜੇ
ਮਨ ਮਸਤ ਹੋ ਤੂਹੀਂ ਤੂਹੀਂ ਪੁਕਾਰ ਉਠੇ
ਮਨ ਅਜ ਤ੍ਰਿਪਤ ਹੋਇਆ
ਅਨੰਦ ਅਸਾਂ ਮਾਣਿਆ।
ਅਜ ਆਈ ਏ ਬਸੰਤ ਘਰ ਆਇਆ ਕੇ ਕੰਤ
ਖ਼ੁਸ਼ੀ ਹੋਈ ਏ ਬਿਅੰਤ
ਬਿਅੰਤ ਦੇ ਚਰਨਾਂ ਦਾ ਨਿਘ ਹੈ ਮਾਣਿਆ।

ਪੀੜ ਕਰਕ ਕਲੇਜੇ ਦੀ ਜਾਂਵਦੀ ਨਹੀਂ

ਅਮਰ ਸਿੰਘ 'ਅਮਰ' ਹਿਸਾਰ ਵਾਲਾ

ਰੁਤ ਰਾਣੀਏਂ ਤੈਨੂੰ ਮੈਂ ਕੀ ਆਖਾਂ, ਤੇਰਾ ਗਿਆ ਪ੍ਰਦੇਸ ਭਤਾਰ ਹੋਵੇ।
ਤੇਰੇ ਹੁਸਨ ਜਵਾਨੀ ਨੂੰ ਪਏ ਲੋੜ੍ਹਾ, ਲੱਦੀ ਹੋਈ ਇਹ ਨਾਲ ਸ਼ਿੰਗਾਰ ਹੋਵੇ।
ਫਿਰੇ ਸੁੰਘਦੀ ਫੁੱਲਾਂ ਨੂੰ ਤੋੜਦੀ ਇਹ, ਭਰੀ ਝੋਲੀ ਵੀ ਨਾਲ ਮਹਿਕਾਰ ਹੋਵੇ।
ਕਿਉਂ ਨਾ ਆਏਂ ਫਿਰ ਲੋਕਾਂ ਦੇ ਮੂੰਹ ਅਗੇ, ਸਵਾਰੇਂ ਜ਼ੁਲਫਾਂ, ਜੇ ਖਿਜ਼ਾਂ ਬਹਾਰ ਹੋਵੇ।
ਤਾਂ ਹੀ ਰੁਸਿਆ ਛੁਟੜੇ ਨਾਲ ਤੇਰੇ, ਤੈਨੂੰ ਅੰਦਰੋਂ ਖਿਚ ਸਤਾਂਵਦੀ ਨਹੀਂ।
ਦੁਖ ਦਰਦ ਵਿਛੋੜੇ ਦਾ ਦਸ ਉਹਨੂੰ, ਪੀੜ ਕਰਕ ਕਲੇਜੇ ਦੀ ਜਾਂਵਦੀ ਨਹੀਂ।

ਰਾਂਝਾ ਤੁਰ ਗਿਆ ਝੰਗ ਸਿਆਲ ਵਿਚੋਂ, ਲੁਟੇ ਗਏ ਅਰਮਾਨ ਅਜ ਹੀਰ ਦੇ ਨੇ।
ਤਾਰੇ ਟੁਟੇ ਆਕਾਸ਼ ਤੋਂ ਧਰਤ ਡਿਗੇ, ਵਿਛੋੜੇ ਪਏ ਜਾਂ ਹਰੀ ਤੋਂ ਵੀਰ ਦੇ ਨੇ।
ਰਾਹੇ ਜਿਸ ਤੂੰ ਵੱਲ ਰੰਗੂਨ ਤੁਰਿਆ, ਸੁੱਕੇ ਕਿਓਂ ਨਾ ਸਾਗਰ ਉਹ ਨੀਰ ਦੇ ਨੇ।
ਇਕ ਦੁਖ ਵਿਛੋੜਾ ਤੇ ਲੋਕ ਮਿਹਣੇ, ਮਿਹਣੇ ਨਿਤ ਦੇ ਜਿਗਰ ਨੂੰ ਚੀਰਦੇ ਨੇ।
ਵਾਲੀ ਵਤਨ ਦੇ ਵਤਨ ਪੁਕਾਰਦਾ ਏ, ਗੱਲ ਇਕੋ ਹੈ ਹੋਰ ਕੋਈ ਆਂਵਦੀ ਨਹੀਂ।
ਬਿਨਾ ਦੀਦ ਦੀ ਪੁੜੀ ਦੇ ਪ੍ਰੀਤਮਾ ਵੇ, ਪੀੜ ਕਰਕ ਕਲੇਜੇ ਦੀ ਜਾਂਵਦੀ ਨਹੀਂ।

ਤੇਰੀ ਦੱਸੇ ਜੇ, ਸੋ ਕੋਈ ਆਣ ਮੈਨੂੰ, ਕੁੱਟ ਚੂਰੀਆਂ ਉਹਨੂੰ ਖਵਾਵਾਂਗੀ ਮੈਂ।
ਬੰਨ ਘੁੰਘਰੂ ਘੁੰਡ ਨੂੰ ਚੁਕ ਕੇ ਤੇ, ਰੁੱਸਾ ਸ਼ਾਹ ਅਨਾਇਤ ਮਨਾਵਾਂਗੀ ਮੈਂ।
ਜੇ ਪਾਈ ਨਾ ਝਾਤ, ਬਣੂ ਕੀ ਸਾਡਾ? ਮੂੰਹ ਕਿਨੂੰ ਤੇ ਕਿਦਾਂ ਵਖਾਵਾਂਗੀ ਮੈਂ।
ਜਿਵੇਂ ਕਿਵੇਂ ਵੀ ਰਾਮ ਰਿਝਾ ਕੇ ਤੇ, ਪ੍ਰੀਤਮ ਆਪਣਾ ਮੋੜ ਲਿਆਵਾਂਗੀ ਮੈਂ।
ਪੇਚੇ ਪਾ ਕੇ ਪਿਆਰ ਦੇ ਪ੍ਰੀਤਮਾ ਵੇ, ਭੁਲੀ ਯਾਦ ਕਿਉਂ ਦੇਸ਼ ਦੀ ਆਂਵਦੀ ਨਹੀਂ।
ਕੀ ਆਖ ਕਲੇਜੇ ਨੂੰ ਠੱਲ ਪਾਵਾਂ, ਪੀੜ ਕਰਕ ਕਲੇਜੇ ਦੀ ਜਾਂਵਦੀ ਨਹੀਂ।

ਵਿਛੋੜਾ ਪੈ ਗਿਆ ਚੰਦਰਾ ਪੇਸ਼ ਸਾਡੇ, ਸਾਡੇ ਨਾਲ ਕੀ ਰੱਬਾ ਇਹ ਕਾਰ ਹੋਈ।
ਕਦੋਂ ਮਿਟੂ ਵਛੋੜੇ ਦੀ ਰੜਕ ਸਾਡੀ, ਪਈ ਚਿਰਾਂ ਦੀ ਅੱਖ ਵਿਚ ਤਾਰ ਹੋਈ।
ਮੰਝਧਾਰ ਵਿਚ ਡਾਂਵਾਂ ਡੋਲ ਬੇੜੀ, ਨਾ ਇਹ ਆਰ ਤੇ ਨ ਇਹ ਪਾਰ ਹੋਈ।
ਭਰੋਸਾ ਸਿਦਕ ਨਾ ਹਾਏ ਅਜ਼ਮਾ ਸਾਡਾ, ਜਿਤ ਤੇਰੀ ਤੇ ਸਾਡੀ ਹੁਣ ਹਾਰ ਹੋਈ।
ਕਿੰਨੇ ਚਿਰ ਦਾ ਹੋਰ ਬਨਬਾਸ ਬਾਕੀ, ਯਾਦ ਭਰਤ ਦੀ ਤੈਨੂੰ ਸਤਾਂਵਦੀ ਨਹੀਂ।
ਦਵਾਈ 'ਅਮਰ' ਦੀ ਤੇਰੇ ਦੀਦਾਰ ਬਾਝੋਂ, ਪੀੜ ਕਰਕ ਕਲੇਜੇ ਦੀ ਜਾਂਵਦੀ ਨਹੀਂ।

ਬਸੰਤ ਦੀ ਸ਼ੋ ਹੋ ਗਈ

ਡਾ. ਬਲਵੰਤ ਸਿੰਘ ਦਰਦੀ

ਆਈ ਰੁਤ ਬਸੰਤ ਬਹਾਰ ਬਣ ਕੇ,
ਲਗਰਾਂ ਸੁਕੀਆਂ ਵਿੱਚ ਮੁੜ ਕੇ ਰੋ ਹੋ ਗਈ।
ਗੰਦਾਂ ਫੁਟ ਕਰੂੰਬਲਾਂ ਜੀਭ ਕੱਢੀ,
ਪੱਤੀ ਪੱਤੀ ਸ਼ਬਾਬ ਸਮੋ ਹੋ ਗਈ।
ਮਹਿਕ ਉਠੀ ਫਿਰ ਪੌਣ ਦੀ ਗੋਦ ਵਿਚੋਂ
ਜ਼ਰੇ ਜ਼ਰੇ ਨੂੰ ਕਹਿਣ ਨੂੰ ਉਹ ਹੋ ਗਈ।
ਉਠੋ ਭੌਰਿਓ ਹੁਸਨ ਦਾ ਰੰਗ ਮਾਣੋ
ਕਲੀ ਕਲੀ ਦੀ ਪੱਤੀ ਖ਼ੁਸ਼ਬੋ ਹੋ ਗਈ।
ਭਾਗ ਹਿੰਦ ਦੇ ਸੁਤੇ ਅੱਜ ਜਾਗ ਪੈ ਨੇ,
ਲੱਖਾਂ ਚੰਨਾਂ ਤੋਂ ਵੱਧ ਅੱਜ ਲੌ ਹੋ ਗਈ।
ਜੱਸਾ ਸਿੰਘ ਤੇ ਸਦਾ ਨੂੰ ਅਮਰ ਕਰ ਗਈ,
ਤਾਂਹੀਓਂ ਅੱਜ ਬਸੰਤ ਦੀ ਸ਼ੋ ਹੋ ਗਈ।

ਧਰਮ ਉਡਿਆ ਜਿਦੋਂ ਸੀ ਖੰਭ ਲਾ ਕੇ,
ਜਾਮਾਂ ਬਾਹਰਵਾਂ ਧਾਰ ਕੇ ਫੇਰ ਆਇਆ।
ਉਹੀਓ ਜੁਗਤ ਤੇ ਉਹੀ ਹੀ ਜੋਤ ਲੈ ਕੇ,
ਕਰਕੇ ਰਿਉੜੀ ਦਾ ਜਿਸ ਤਰ੍ਹਾਂ ਫੇਰ ਆਇਆ।
ਭੰਗ ਪੋਸਤ ਅਫੀਮ ਸ਼ਰਾਬੀਆਂ ਲਈ,
ਸੋਮਾਂ ਅੰਮ੍ਰਿਤ ਦਾ ਧਾਰ ਕੇ ਫੇਰ ਆਇਆ।
ਚੂਲੀ ਨਾਮ ਦੀ ਦੇ ਕੇ ਭਟਕਿਆਂ ਨੂੰ,
ਬਣਕੇ ਸਿੱਖੀ ਸੁਮੇਰ ਉਹ ਫੇਰ ਆਇਆ।
ਜਿਨ੍ਹੇ ਸਿਮਰਿਆ ਉਹਦਾ ਹੀ ਰੂਪ ਹੋਇਆ,
ਉਹਦੇ ਰੂਪ ਨਾਲ ਜੱਗ ਵਿਚ ਲੋ ਹੋ ਗਈ।
ਜਸਾ ਸਿੰਘ ਤੇ ਸਦਾ ਨੂੰ ਅਮਰ ਕਰ ਗਈ
ਤਾਂਹੀਓਂ ਅੱਜ ਬਸੰਤ ਦੀ ਸ਼ੋ ਹੋ ਗਈ।

ਰਹਿਬਰ ਬਣ ਗਿਆ ਦੇਸ਼ ਦੀ ਵੇਖ ਹਾਲਤ
ਨਵੇਂ ਰੰਗ ਵਿੱਚ ਕਾਰ ਚਲਾ ਦਿੱਤੀ।
ਮੁਰਦਾ ਰੂਹਾਂ ਦੇ ਕੰਨ ਵਿੱਚ ਫੂਕ ਲਾ ਕੇ,
ਕਿਵੇਂ ਆਜ਼ਾਦੀ ਦੀ ਤਾਰ ਹਿਲਾ ਦਿੱਤੀ।
ਏਧਰ ਤਾਰ ਹਿੱਲੀ ਉਧਰ ਦਿਲ ਹਿੱਲਿਆ,
ਤੇ ਗੋਰੇ ਸ਼ਾਹੀ ਸਰਕਾਰ ਹਿਲਾ ਦਿੱਤੀ।
ਹਿੱਲਿਆਂ ਤਖ਼ੱਤ ਤੇ ਨਾਲ ਹੀ ਤਾਜ ਹਿਲਿਆ,
ਜਿਨ੍ਹੇ ਜੀਉਣ ਦੀ ਸਾਰ ਭੁਲਾ ਦਿੱਤੀ।
ਸ਼ਮਾਂ ਆਜ਼ਾਦੀ ਜਗਾਈ ਸੀ ਸਤਿਗੁਰਾਂ ਨੇ,
ਉਸੇ ਸ਼ਮਾਂ ਨਾਲ ਭਾਰਤ ਵਿੱਚ ਲੋ ਹੋ ਗਈ।
ਜੱਸਾ ਸਿੰਘ ਤੇ ਸਦਾ ਨੂੰ ਅਮਰ ਕਰ ਗਈ,
ਤਾਹੀਓਂ ਅੱਜ ਬਸੰਤ ਦੀ ਸ਼ੋ ਹੋ ਗਈ।

ਵੇਖ ਸ਼ਮਾਂ ਨੂੰ ਗੋਰੇ ਨੇ ਫੂਕ ਮਾਰੀ
ਉਹਦੀ ਫੂਕ ਨਾਲ ਹੋਰ ਬਲਵਾਨ ਹੋ ਗਈ।
ਸਾਰੇ ਦੇਸ਼ ਦੇ ਵਿੱਚ ਉਹ ਚਮਕ ਉਠੀ,
ਬਣਕੇ ਸ਼ਮਾਂ ਤੇ ਸ਼ਮਾਂ ਦਾਨ ਹੋ ਗਈ।
ਏਸੇ ਸ਼ਮਾਂ ਨੇ ਰਕੱੜ ਚਮਕਾ ਦਿੱਤੀ
ਸਤਾਂ ਤੋਪਾਂ ਦੀ ਜਿਥੇ ਸ਼ਮਸ਼ਾਨ ਹੋ ਗਈ।
ਵੇਖ ਅੰਬਰ ਦੇ ਹੰਝੂਆਂ ਝੜੀ ਲਾਈ
ਧਰਤੀ ਕੋਟਲੇ ਦੀ ਲਹੂ ਲੁਹਾਨ ਹੋ ਗਈ।
ਹੋਣੀ ਵੇਖ ਕੇ ਹੱਸੇ ਪ੍ਰਵਾਨਿਆਂ ਨੂੰ,
'ਦਰਦੀ' ਸੜੇ ਤੇ ਉਨ੍ਹਾਂ ਦੀ ਲੋ ਹੋ ਗਈ।
ਜੱਸਾ ਸਿੰਘ ਤੇ ਸਦਾ ਨੂੰ ਅਮਰ ਕਰ ਗਈ
ਤਾਹੀਓਂ ਅੱਜ ਬਸੰਤ ਦੀ ਸ਼ੋ ਹੋ ਗਈ।

ਚੀਨੀ ਵਾਲਿਆ ਮਾਹੀਆ

ਜਸਵੰਤ ਸਿੰਘ 'ਜੱਸ'

ਚੀਨੀ ਵਾਲਿਆ ਮਾਹੀਆ ਤੇਰੀ ਯਾਦ ਸਤਾਉਂਦੀ ਹੈ।
ਨਿੱਤ ਸੁਲਘੇ ਬ੍ਰਿਹਾ ਸੀਨੇ, ਸਾਨੂੰ ਚੈਨ ਨ ਆਉਂਦੀ ਹੈ।
ਗੋਲਡਨ ਜੁਬਲੀ ਸੁਤੰਤਰਤਾ, ਹੁਣ ਸੱਦ ਲਗਾਉਂਦੀ ਹੈ।
ਆ ਮਿਲ ਨਾਨਕ ਪਿਆਰੇ, ਤੇਰੀ ਹਿੰਦ ਬੁਲਾਉਂਦੀ ਹੈ।
ਚੀਨੀ ਵਾਲ਼ਿਆ........
ਕਲੀਆਂ ਨੇ ਘੁੰਘਟ ਖੋਲ੍ਹੇ ਦਿਲ ਦੁਖਦੇ ਬਣ ਕੇ ਸ਼ੋਲ੍ਹੇ।
ਬੋਲਣ ਲਾਗੀ ਹੋ ਬੜਬੋਲੇ, ਫਿਰ ਪੈ ਗਏ ਰਾਮਾ ਰੌਲੇ।
ਆ ਨਿਰਮੋਹੀ ਪ੍ਰੀਤਮ, ਵਤਨੀ ਜਿੰਦ ਘਬਰਾਉਂਦੀ ਹੈ।
ਰਖਸ਼ਕ ਕਿਉਂ ਹੋਏ ਭਖਸ਼ਕ, ਇੱਜ਼ਤ ਖੂਨ ਨਹਾਉਂਦੀ ਹੈ।
ਚੀਨੀ ਵਾਲਿਆ........
ਮੰਨਿਆ ਆਈ ਆਜ਼ਾਦੀ, ਮਿੱਤ ਪੈਸਾ ਲੋਕ ਸੁਆਦੀ।
ਵੋਟਾਂ ਦੀ ਪ੍ਰੀਤ ਮਿਆਦੀ, ਬਿਨ ਸੰਜਮ ਹੈ ਬਰਬਾਦੀ।
ਲੋਕਤੰਤਰ ਅੰਦਰ ਧੋਖੇ, ਵਿਕਾਸੀ ਮੂੰਹ ਛੁਪਾਉਂਦੀ ਹੈ।
ਵਿਚ ਪਾਰਟੀਆਂ ਵੰਡੇ ਨੇਤਾ, ਜੰਤਾ ਬੋਝ ਉਠਾਉਂਦੀ ਹੈ।
ਚੀਨੀ ਵਾਲਿਆ..........
ਤੂੰ ਸਾਨੂੰ ਭੂਣ ਜਗਾਇਆ, ਅਸਾਂ ਗੋਰਾ ਦੂਰ ਨਸਾਇਆ।
ਫਰਾਮੋਸ਼ਾਂ ਮੁੱਲ ਨਾ ਪਾਇਆ, ਵਦੀ ਨੇ ਜਾਲ ਵਿਛਾਇਆ।
ਵਿਚ ਟੁਕੜਿਆਂ ਬੰਦਾ ਵੰਡਿਆ, ਕੂਕਾ ਕੌਮ ਜਗਾਉਂਦੀ ਹੈ।
ਦੇ ਦਰਸ਼ਨ ਰਾਮਾ ਸਾਨੂੰ, 'ਜੱਸ' ਜੀਭਾ ਗਾਉਂਦੀ ਹੈ।
ਚੀਨੀ ਵਾਲਿਆ..........

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖੀ ਅਤੇ ਬੇਗਾਨਾ ਹੱਕ

ਗੁਰਦੀਪ ਸਿੰਘ ਨਾਮਧਾਰੀ

ਗੁਰਬਾਣੀ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਬੇਗਾਨੇ ਹੱਕ ਬਾਰੇ ਲਿਖਿਆ ਹੈ ਜਿਸਦਾ ਜਿਕਰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿਚ ਵੀ ਕੀਤਾ ਹੈ ਕਿ—

"ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ, ਹਕੁ ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਮੁਰਝਾ ਚੁੱਕੀ ਸਿੱਖੀ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰ ਸੰਮਤ ੧੯੧੪ ਬਿਕਰਮੀ (੧੨ ਅਪਰੈਲ ਸੰਨ ੧੮੫੭) ਵੈਸਾਖੀ ਵਾਲੇ ਦਿਨ ਪੰਜ ਸਿੰਘਾਂ ਨੂੰ ਛਕਾ ਸਿੱਖੀ ਨੂੰ ਮੁੜ ਸੁਰਜੀਤ ਕੀਤਾ ਤੇ ਇਹ ਸਿੱਖੀ ਸੰਤ ਖਾਲਸੇ ਦੇ ਨਾਮ ਨਾਲ ਪ੍ਰਸਿਧ ਹੋਈ। ਇਹ ਸਾਰਾ ਕੁਝ ਅਕਾਲ ਪੁਰਖ ਦੇ ਹੁਕਮ ਅਨੁਸਾਰ ਹੋਇਆ। ਭਜਨ ਬਾਣੀ ਦੇ ਪ੍ਰਤਾਪ ਨਾਲ ਸਿੱਖੀ ਦਾ ਏਨਾ ਪ੍ਰਚਾਰ ਹੋਇਆ ਕਿ ੧੦ ਸਾਲ ਵਿਚ ਸਾਢੇ ਸੱਤ ਲੱਖ ਕੂਕੇ (ਨਾਮਧਾਰੀ) ਸਜ ਗਏ। ਉਸ ਸਮੇਂ ਦੇ ਸਮਕਾਲੀ ਲੇਖਕ ਗਿਆਨੀ ਗਿਆਨ ਸਿੰਘ ਸ੍ਰੀ ਸਤਿਗੁਰੂ ਰਾਮ ਸਿੰਘ ਦੇ ਗੁਰਮਤ ਪ੍ਰਚਾਰ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਹਨਾਂ ਆਪਣੇ ਪ੍ਰਸਿਧ ਗ੍ਰੰਥ ਪੰਥ ਪ੍ਰਕਾਸ਼ ਵਿਚ ਇਸ ਪ੍ਰਕਾਰ ਲਿਖਿਆ:

ਪਾਏ ਏਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ
ਰਾਮ ਮ੍ਰਿਗੇਸ਼ ਉਪਦੇਸ਼ ਦੈਨ ਲਾਗਯੇ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ,
ਸੁਧਾ ਛਕ ਬਾਏ ਸਿੰਘ ਭਾਗ ਜਿਨੈ ਜਾਗਯੇ।
ਫੈਲਿਓ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਯੇ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠਗੀ ਤਜਿ ਥੀਏ ਸੰਤ ਸਤਿਜੁਗ ਆ ਗਯੇ।

ਇਸ ਤੋਂ ਪਤਾ ਲਗਦੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕਿਵੇਂ ਬੁਰਾਈਆਂ ਵਿਚ ਫਸੇ ਹੋਏ ਲੋਕਾਂ ਨੂੰ ਕੱਢ ਕੇ ਅਕਾਲ ਪੁਰਖ ਨੂੰ ਯਾਦ ਕਰਨ, ਉਸਦਾ ਭਜਨ ਬਾਣੀ ਕਰਨ ਵਾਲੇ ਪਾਸੇ ਲਾਇਆ ਕਿ ਇਕ ਤਰ੍ਹਾਂ ਕਲਿਜੁਗ ਵਿਚ ਸਤਿਜੁਗ ਲਗ ਗਿਆ।

ਆਪ ਜੀ ਕੋਲ ਜੋ ਵੀ ਭਜਨ ਲੈਣ ਲਈ ਆਉਂਦਾ ਪਹਿਲਾਂ ਉਸ ਨੂੰ ਅੰਦਰੋਂ ਸ਼ੁਧ ਹੋਣ ਲਈ ਕਿਹਾ ਜਾਂਦਾ ਕਿ ਚੋਰੀ, ਯਾਰੀ, ਠੱਗੀ ਨਹੀਂ ਕਰਨੀ ਬੇਗਾਨਾ ਹੱਕ ਨਹੀਂ ਰਖਣਾ। ਇਕ ਵੇਰ ਇਕ ਸਿੰਘ ਆਪ ਜੀ ਕੋਲ ਭਜਨ ਲੈਣ ਲਈ ਆਇਆ ਤਾਂ ਆਪ ਨੇ ਉਪਰੋਕਤ ਉਪਦੇਸ਼ ਦਿੱਤਾ। ਉਸ ਕਿਹਾ, ਜੀ ਮੇਰੇ ਘਰ ਤਾਂ ਛੇ ਸੋ ਰੁਪਏ ਦੀ ਚੋਰੀ ਦੀ ਘੋੜੀ ਬੱਝੀ ਹੋਈ ਹੈ, ਤਾਂ ਆਪ ਜੀ ਨੇ ਹੁਕਮ ਕੀਤਾ ਪਹਿਲਾਂ ਉਹ ਵਾਪਸ ਕਰ ਕੇ ਆ ਫਿਰ ਭਜਨ ਦੇਵਾਂਗੇ। ਉਹ ਸਿੰਘ ਪਹਿਲਾਂ ਘੋੜੀ ਵਾਪਸ ਕਰਕੇ ਆਇਆ ਤਾਂ ਫਿਰ ਉਸਨੂੰ ਭਜਨ ਮਿਲਿਆ। ਗੁਰਬਾਣੀ ਵਿਚ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਨੇ ਬੇਗਾਨੇ ਹੱਕ ਬਾਰੇ ਲਿਖਿਆ ਹੈ ਜਿਸਦਾ ਜਿਕਰ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿਚ ਵੀ ਕੀਤਾ ਹੈ ਕਿ—

"ਪਰਾਇਆ ਹਕੁ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ, ਹਕੁ *ਪਰਾਇਆ ਨਾਨਕਾ ਉਸ ਸੂਅਰ ਉਸ ਗਾਏ।"*

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਨੇ ਗੁਰਬਾਣੀ ਦੀਆਂ ਤੁਕਾਂ ਨੂੰ ਪੂਰਾ ਕਰਕੇ ਵਿਖਾਇਆ ਭਾਵੇਂ ਉਹ ਸਵਾਸ ਸਵਾਸ ਜਾਂ ਸਾਸਿ ਗਿਰਾਸਿ ਨਾਮ ਜਪਣ ਲਈ ਹਨ, ਭਾਵੇਂ ਸਮੁੰਦ ਸਾਗਰ ਹੋਵੈ ਬਹੁ ਖਾਰਾ ਗੁਰਸਿਖ ਲੰਘ ਗੁਰ ਪਹਿ ਜਾਈ ਜਾਂ ਬੇਗਾਨੇ ਹੱਕ ਬਾਰੇ ਲਿਖੀਆਂ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਉਪਦੇਸ਼ ਵਿਚ ਆਇਆ ਹੈ:

'ਉਹ ਸਤਿਗੁਰੂ ਨੂੰ ਚੰਗੇ ਲਗਦੇ ਹਨ-
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰ ਸਿਖ ਗੁਰੂ ਮਨਿ ਭਾਵੈ।।

ਗੁਰੂ ਦਾ ਹੁਕਮ ਸੁਣਨ ਦਾ ਮੌਕਾ ਮਿਲਣਾ ਬੜਾ ਔਖਾ ਹੈ। ਸਵਾਸ ਸਵਾਸ ਨਾਮ ਜਪਣਾ ਤਾਂ ਹੋਰ ਵੀ ਔਖਾ ਹੈ। ਪੁਰਾਣੇ ਸਿੱਖਾਂ ਨੇ ਸਵਾਸ ਸਵਾਸ ਨਾਮ ਜਪਣ ਨੂੰ ਪੂਰਾ ਕਰਕੇ ਵਿਖਾਇਆ। ਸੰਤ ਜਵਾਹਰ ਸਿੰਘ ਮਿਰਜੇ ਵਾਲੀਏ ਸਵਾਸ ਸਵਾਸ ਨਾਮ ਜਪਣ ਬਾਰੇ ਸੋਚਿਆ ਤਾਂ ਕਿਹਾ ਜਦੋਂ ਸੌਂਦੇ ਹਾਂ ਤਾਂ ਉਸ ਵੇਲੇ ਨਾਮ

ਨਹੀਂ ਜਪਿਆ ਜਾਂਦਾ, ਸੋ ਪਹਿਲਾਂ ਉਹਨਾਂ ਨੀਂਦ ਨੂੰ ਜਿੱਤਿਆ, ਫਿਰ ਸਵਾਸ ਸਵਾਸ ਨਾਮ ਜਪਿਆ। ਉਹਨਾਂ ਇਸ ਹੁਕਮ ਨੂੰ ਵੀ ਮੰਨਿਆ ਕਿ—

ਹਕੁ ਪਰਾਇਆ ਨਾਨਕਾ ਉਸ ਸੂਅਰੁ ਉਸੁ ਗਾਇ।।

ਇਸੇ ਵਾਸਤੇ ਉਹ ਆਪਣੀ ਲੜਕੀ ਵਲੋਂ ਸਕੇ ਚਾਰੇ ਦੀ ਪੈਲੀ ਵਿਚੋਂ ਲਿਆਂਦਾ ਸਾਗ ਰਿਤਿਆ ਹੋਇਆ ਬੇਗੁਨਾ ਪਾ ਕੇ ਉਹਨਾਂ ਦੇ ਘਰ ਦੇ ਕੇ ਆਏ ਕਿਉਂਕਿ ਉਹ ਬਿਗਾਨੀ ਅੰਸ ਸੀ।"

—*"ਸਤਿਜੁਗ" ਨੰਬਰ ੪੨,੧੯੯੭*

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਪੁਸਤਕ 'ਲਾਲ ਏਹਿ ਰਤਨ' ਵਿਚ ਬੇਗਾਨੇ ਹੱਕ ਬਾਰੇ ਸੰਤ ਜਿਊਣ ਸਿੰਘ ਸਰਿਹਾਲੀ ਬਾਰੇ ਕਿਹਾ ਗਿਆ ਹੈ:-

'ਸੰਤ ਜਿਊਣ ਸਿੰਘ ਜੀ ਸਰਿਹਾਲੀ ਦੇ ਰਹਿਣ ਵਾਲੇ ਔਰ ਸਤਿਗੁਰਾਂ ਤੋਂ ਭਜਨ ਪੁੱਛਕੇ, ਇਥੋਂ ਤਕ ਗੱਲ- ਸੰਤ ਮੰਗਲ ਸਿੰਘ ਹੋਰੀਂ ਇਕ ਦਿਨ ਘੋੜੀ ਫੜ ਕੇ ਤੁਰੇ ਜਾਂਦੇ ਨੇ, ਬਿਰਧ ਸਰੀਰ ਹੋਇਆ - ਕਹਿੰਦੇ ਨੇ, "ਉਇ ਮੰਗਲਾ"- ਬੱਚਿਆਂ ਵਾਂਗੂੰ ਬੁਲਾਉਂਦੇ ਸੀ- "ਦੇਖੀਂ ਓਏ ਮੇਰਾ ਨਿਯਮ ਨਾ ਤੋੜ ਦੇਈਂ।"

ਸੰਤ ਜੀ, "ਕਿਆ ਨਿਯਮ ਹੈ?"

ਕਹਿੰਦੇ ਨੇ, "ਮੈਂ ਸਤਿਗੁਰਾਂ ਕੋਲੋਂ ਜਿਦਣ ਦਾ ਭਜਨ ਪੁੱਛਿਆ ਹੈ, ਮੈਂ ਕਿਸੇ ਦੀ ਬੀਜੀ ਹੋਈ ਪੈਲੀ 'ਚ ਪੈਰ ਨਹੀਂ ਧਰਿਆ। ਮੇਰੀ ਘੋੜੀ ਨਾ ਪੈਲੀ ਦੇ ਵਿਚ ਦੀ ਲੰਘਾ ਦੇਈਂ, ਭਾਵੇਂ ਨਾ ਖਾਵੇ"- ਇਸਨੂੰ ਬੇਗਾਨਾ ਹੱਕ ਸਮਝਿਆ।"

ਇਕ ਥਾਂ ਹੋਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ:

"ਰਾਵੀ ਦੇ ਕੰਢੇ ਉੱਤੇ ਘਣੀਏ- ਕੇ ਨਗਰ ਹੈ। ਜਿਹੜੇ ਲੋਕ ਦਰਿਆ ਦੇ ਕੰਢੇ ਉਥੋਂ ਦੇ ਰਹਿਣ ਵਾਲੇ ਹੋਣ, ਉਹਨਾਂ ਨੂੰ ਪਤਾ ਲੱਗ ਸਕਦਾ ਹੈ ਕਿ ਉਹ ਲੋਕ ਜ਼ਮੀਨ ਦੀ ਵੰਡ ਇਸ ਤਰ੍ਹਾਂ ਪਾਉਂਦੇ ਸਨ ਕਿ ਦਰਿਆ ਦੇ ਕੰਢੇ ਤੋਂ ਪੈਲੀ ਕਿਸੇ ਦੀ ਮੰਜੇ ਜਿਨੀ ਚੌੜੀ, ਕਿਸੇ ਦੀ ਕਰੂ, ਕਿਸੇ ਦੀ ਦੋ ਕਰੂ ਤੇ ਲੰਮੀਆਂ ਮੀਲ-ਮੀਲ ਕਰ ਲੈਣੀਆਂ ਤੇ ਜੋ ਦਰਿਆ ਦੀ ਢਾ ਲਗੇ ਤੇ ਸਾਰਿਆਂ ਦੀ ਇਕੋ ਜਿੰਨੀ ਢਹਿੰਦੀ ਜਾਏ। ਭਾਈ ਗੁਰਦਿੱਤ ਸਿੰਘ ਇਕ ਸਿੰਘ- ਨਾਲ ਦੀ ਜ਼ਮੀਨ ਉਸਦੇ ਭਰਾ ਦੀ ਹੈ। ਉਸ ਭਰਾ ਦੀ ਜ਼ਮੀਨ ਵਿਚ ਖਰਬੂਜ਼ੇ ਦੀ ਵੇਲ ਉੱਗ ਪਈ। ਉਹ ਵੇਲ ਉੱਗ ਕੇ ਲੰਮੀ ਹੋ ਗਈ ਤੇ ਗੁਰਦਿਤ ਸਿੰਘ ਦੀ ਪੈਲੀ ਵਿਚ ਆ ਗਈ। ਉਹਨੂੰ ਖਰਬੂਜ਼ਾ ਲਗਦਾ ਹੈ,। ਉਹ ਤੋੜ ਕੇ ਖਰਬੂਜ਼ਾ ਉਸਦੇ ਘਰ ਲਿਜਾਂਦਾ ਹੈ ਕਹਿੰਦਾ ਹੈ, "ਬਈ ਤੇਰੀ ਪੈਲੀ 'ਚ ਵੇਲ ਉੱਗੀ ਹੈ, ਇਹ ਤੇਰਾ ਹੈ।"

ਸਤਿਗੁਰੂ ਜੀ ਬਚਨ ਕੀਤਾ, ਬਾਲਮੀਕੀ ਰਾਮਾਇਣ ਵਿਚ ਸੰਬਾਦ ਆਉਂਦਾ ਹੈ ਸਰੇਸ਼ਟ ਮਾਤਾ ਪਿਤਾ ਦੀ ਸੰਤਾਨ ਵੀ ਸਰੇਸ਼ਟ ਹੁੰਦੀ ਹੈ। ਤਾਂ ਹੀ ਇਹ ਦਲੀਪ ਸਿੰਘ ਐਸਾ ਹੈ, ਜੋ ਇਹਦੇ ਮਾਪੇ ਉੱਤਮ ਹਨ ਤਾਂ।

–*'ਲਾਲ ਏਹਿ ਰਤਨ' ਉਪਦੇਸ਼ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।*

ਏਸੇ ਤਰ੍ਹਾਂ ਸੰਤ ਤਰਨ ਸਿੰਘ ਵਹਿਮੀ ਜਿਹਨਾਂ ਇਕ ਵੱਡਾ ਗ੍ਰਹਿਸਥੀ ਜੀਵਨ ਬਿਤਾਉਂਦਿਆਂ ਹੋਇਆਂ ਨਾਮਧਾਰੀ ਸਾਹਿਤ ਦੀਆਂ ਕਈ ਛੋਟੀਆਂ ਵੱਡੀਆਂ ਪੁਸਤਕਾਂ ਲਿਖੀਆਂ ਅਤੇ ਜੱਸ ਜੀਵਨ ਦੇ ੬ ਹਿੱਸੇ ਲਿਖੇ ਜੋ ਇਕ ਬਹੁਤ ਵੱਡਾ ਕੰਮ ਸੀ। ਇਹਨਾਂ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜੀਵਨ ਨਾਲ ਸੰਬੰਧਤ ਘਟਨਾਵਾਂ ਦਾ ਵਰਨਣ, ਨਾਮਧਾਰੀ ਸਿੱਖ ਸੇਵਕਾਂ ਤੇ ਕੁਝ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਵਰਨਣ ਹੈ। ਪੰਜਵੇਂ ਹਿੱਸੇ ਵਿਚ ਹੀ ਉਹਨਾਂ ਬੇਗਾਨੇ ਹੱਕ ਨੂੰ ਧਿਆਨ ਵਿਚ ਰਖਦਿਆਂ ਲਿਖਿਆ:

"ਸਤਿਗੁਰੂ (ਸਤਿਗੁਰੂ ਪ੍ਰਤਾਪ ਸਿੰਘ ਜੀ) ਇਕ ਦਿਨ ਸੰਤ ਨਗਰੋਂ ਦਰਸ਼ਨ ਦੇ ਬਾਹਰ ਨੂੰ ਤੁਰੇ। ਸਾਥ ਸੂਬਾ ਵਰਿਆਮ ਸਿੰਘ ਜੀ ਘੋੜੇ ਤੇ ਮੈਂ ਭੀ ਘੋੜੀ ਤੇ ਸਾਂ। ਇਸ ਸਮੇਂ ਘੋੜਾ ਸੂਬਾ ਜੀ ਨੂੰ ਤੇ ਘੋੜੀ ਮੈਨੂੰ ਸਤਿਗੁਰੂ ਜੀ ਵਲੋਂ ਖਰੀਦੇ ਤੇ ਹੋਰ ਵਸਾਏ ਪਿੰਡਾਂ ਨੂੰ ਦੇਖਣ ਯੋਗ ਮਿਲੇ ਹੋਏ ਸੀ। ਅੱਗੋ ਸੰਤ ਨਗਰ ਦਾ ਗਭਰੂ ਕੂਕਾ ਦਲੀਪ ਸਿੰਘ ਜਥੇਦਾਰ ਮਿਲਿਆ ਤੇ ਸਤਿਗੁਰੂ ਜੀ ਦੇ ਦਰਸ਼ਨ ਕਰ ਦੂਰੋਂ ਹੀ ਗੁਰੂ ਕੇ ਘੋੜੇ ਦੀ ਚਰਨੀ ਨਮਸ਼ਕਾਰ ਕਰ, ਲਾਂਭੇ ਹੋ ਗਿਆ। ਸੂਬਾ ਜੀ ਨੇ ਸਤਿਗੁਰੂ ਜੀ ਨਾਲ ਬਚਨ ਕੀਤਾ ਸੱਚੇ ਪਾਤਸ਼ਾਹੋ ਆਪ ਦੇ ਸਿੱਖ ਸਤ ਧਰਮ ਹੱਕ ਦੀ ਕਿਰਤ ਵਾਲੇ ਬੜੇ ਵਧੀਆ ਅਜੇ ਵੀ ਹਨ। ਇਸ ਦਲੀਪ ਸਿੰਘ ਨੂੰ ਇਸਦੇ ਮਾਤਾ ਪਿਤਾ ਛੋਟੇ ਹੁੰਦੇ ਨੂੰ ਖਲੋ ਸ਼ਬਦ ਪੜ੍ਹਨਾ ਸਿਖਾਇਆ। ਸੰਤ ਅਤਰ ਸਿੰਘ ਜੀ ਦਾ ਜਥਾ ਮਦਾਰ ਇਹਨਾਂ ਦੇ ਖੂਹ ਮਦਨਿਆਂ ਵਾਲੇ ਤੇ ਕੁਛ ਦਿਨ ਸਿੱਖਾਂ ਅਰਜ ਕਰ ਰਖਿਆ ਤੇ ਇਸ ਦਲੀਪ ਸਿੰਘ ਨੂੰ ਸੰਤਾਂ ਦੇ ਨਾਲ ਹੀ ਕੁਝ ਦਿਨ ਤੋਰ ਦਿੱਤਾ। ਇਹ ਅੱਖਰ ਵੀ ਸਿੱਖ ਤੇ ਸ਼ਬਦ ਪੜ੍ਹਨਾ ਇੱਕ ਦੋ ਸਿੱਖ ਨਾਲ ਲੈ ਪਿੰਡ ਆਇਆ। ਸ਼ਬਦ ਪੜ੍ਹੇ ਤੇ ਸੰਗਤ ਜਥੇਦਾਰ ਇਸ ਨੂੰ ਕਵ੍ਹੇ, ਇਹ ਐਸਾ ਸ਼ੁਧ ਕਿਰਤੀ ਹੈ, ਕਿਸੇ ਤੋਂ ਖੇਤ ਲੈ ਇਸ ਬੀਜਿਆ ਤੇ ਕੋਲ ਦੇ ਖੇਤ ਵਾਲੇ ਦਾ ਹਲ ਬੀਜ ਕੇਰਨ ਵੇਲੇ ਇਸਦੇ ਖੇਤ ਵਿਚ ਆ ਇਕ ਉੜਾ ਉਗਿਆ ਸੀ। ਇਸ ਪੱਕਣ ਤੇ ਉਹ ਉੜ ਨਾ ਵੱਢੀ ਤੇ ਉਸ ਗਵਾਂਢੀ ਨੂੰ ਕਿਹਾ ਇਹ ਤੇਰੀ ਹੈ, ਮੇਰੇ ਦਾਣੇ ਤੇ ਇਹ ਨਹੀਂ ਰਲਦੇ। ਗਵਾਂਢੀ ਕਿਹਾ ਤੂੰ ਔਧੇ ਰੱਖ, ਤੇਰੀ ਵਰੀ ਪੈਲੀ ਵਿੱਚ ਮੇਰਾ ਹਲ ਚਲਾ ਗਿਆ ਸੀ। ਪਰ ਇਸ ਨੇ ਉਹ ਤੀਲੇ ਵੱਢ, ਕੱਠੇ ਕਰ ਉਸਨੂੰ ਦਿੱਤੇ। ਮੈਂ ਤਰਨ ਸਿੰਘ ਨੇ ਕੋਲ ਜਾ ਸਭ ਗੱਲ ਸੁਣੀ ਸੀ ਤੇ ਮੰਨਿਆ ਸੀ ਕਿ ਜਿਵੇਂ ਪੁਰਾਣੇ ਸਿੱਖ ਬੇਗਾਨੀ ਪੈਲੀ ਦੀ ਆਪਣੇ ਖੇਤ ਵੱਲ ਆਈ ਦਾ ਫਲ ਸਾਈਂ ਦੇ ਘਰ ਜਾ ਦਿੰਦੇ ਸੀ, ਇਸ ਦਲੀਪ ਸਿੰਘ ਨੇ ਉਵੇਂ

ਹੀ ਹੱਕ ਧਰਮ ਦੀ ਕਿਰਤ ਦਾ ਨਿਰਨਾ ਕਰ ਸਭ ਨੇਮ ਪਾਲਿਆ ਹੈ। ਸਤਿਗੁਰੂ ਜੀ ਪੁਛਿਆ ਇਸਦੇ ਮਾਤਾ ਪਿਤਾ ਵੀ ਨੇਕ ਹੋਣਗੇ? ਬਾਅਦ ਦੀ ਤਾਂ ਤੁਸਾਂ ਚੰਗੀ ਦੱਸੀ ਹੈ। ਇਸ ਤੇ ਸੰਤ ਅਤਰ ਸਿੰਘ ਜੀ ਦੇ ਜਥੇ ਨਾਲ ਜਾਣ ਦੀ, ਸੂਬਾ ਜੀ ਦਸਿਆ, ਇਸ ਦੀ ਮਾਤਾ ਭਾਨੋ ਦਾ ਘਿਓ ਉਧਰ ਭੀ ਖਰਾ ਖਾਰਖੂਆਂ ਮੰਨਿਆ ਹੋਇਆ ਸੀ ਤੇ ਏਧਰ ਭੀ ਉਵੇਂ ਦਾ ਹੀ ਖਰਾ ਹੈ। ਕਈ ਵਾਰ ਅਜ਼ਮਾ ਵੇਖਿਆ ਹੈ ਮੈਂ ਤੇ ਹੋਰਨਾਂ। ਪਿਤਾ ਤਾਰਾ ਸਿੰਘ ਪਰਜਾਪਤ ਵੀ ਮੁਜ਼ਾਰਾ ਹੁੰਦਾ ਨੇਕ ਕਮਾਈ ਵਾਹੀ 'ਤੇ ਚੰਗਾ ਗੁਜ਼ਾਰਾ ਨਾਮਧਾਰੀ

> ***"....ਧਰਮ ਦੀ ਕਿਰਤ ਦਾ ਇਕ ਰੁਪਈਆ ਵੀ ਉਹ ਲੱਖਾਂ ਵਰਗਾ ਬਣ ਜਾਂਦਾ ਹੈ, ਔਰ ਪਾਪ ਦੀ ਕਿਰਤ ਦੇ ਲੱਖਾਂ ਵੀ ਨਹੀਂ ਰਹਿੰਦੇ। ਤੁਸੀਂ ਕਿਸੇ ਵੱਲ ਵੇਖ ਲਉ––ਜੋ ਲੋਕ ਬੇਈਮਾਨੀ ਕਰਦੇ ਹਨ, ਬੜੀ ਗੱਲ ਹੈ, ਕੋਈ ਇੱਕ ਪੁਸ਼ਤ ਲੈ ਜਾਏ, ਦੂਸਰੀ ਪੁਸ਼ਤ ਜਾ ਕੇ ਖਤਮ ਹੋ ਜਾਂਦੀ ਹੈ। ਤਾਂ ਮੈਂ ਅਰਜ਼ ਕਰਦਾ ਹਾਂ, ਸਤਿਗੁਰੂ ਅੱਗੇ ਅਰਜ਼ ਕਰਿਆ ਕਰੋ, ਅਰਦਾਸ ਕਰੋ, ਕਦੇ ਖਿਆਲ ਨਾ ਲਿਆਇਆ ਕਰੋ ਦਿਲ ਵਿੱਚ ਕਿ ਅਸੀਂ ਪਾਪ ਨਾਲ ਪੈਸੇ ਕਮਾਈਏ। ਧਰਮ ਦੀ ਕਿਰਤ ਕਰੋ, ਫਿਰ ਘਾਟਾ ਕਦੇ ਨਹੀਂ ਆਉਂਦਾ।"***

ਪੁਣੇ ਵਿਚ ਰਹਿ ਕਰਦੇ। ਇਹ ਸੁਣ ਸਤਿਗੁਰੂ ਜੀ ਬਚਨ ਕੀਤਾ, ਬਾਲਮੀਕੀ ਰਾਮਾਇਣ ਵਿਚ ਸੰਬਾਦ ਆਉਂਦਾ ਹੈ ਸਰੇਸ਼ਟ ਮਾਤਾ ਪਿਤਾ ਦੀ ਸੰਤਾਨ ਵੀ ਸਰੇਸ਼ਟ ਹੁੰਦੀ ਹੈ। ਤਾਂ ਹੀ ਇਹ ਦਲੀਪ ਸਿੰਘ ਐਸਾ ਹੈ, ਜੋ ਇਹਦੇ ਮਾਪੇ ਉੱਤਮ ਹਨ ਤਾਂ।"

- ਜਸ ਜੀਵਨ ਭਾਗ-੫

ਮੇਰੇ (ਲੇਖਕ) ਅੱਖੀਂ ਵੇਖਣ ਦੀ ਗੱਲ ਹੈ ਸੰਤ ਹਰਦੀਪ ਸਿੰਘ ਕੱਕੜ, ਨੰਬਰਦਾਰ ਗੁਰਬਖਸ਼ ਸਿੰਘ ਦੇ ਭਰਾ ਸੰਤ ਨਗਰ ਇਹ ਆਪਣੇ ਪਸ਼ੂ ਜਦੋਂ ਬਾਹਰ ਖੇਤਾਂ ਵਿਚ ਲੈ ਕੇ ਜਾਂਦੇ ਤਾਂ ਪਹਿਲਾਂ ਉਹਨਾਂ ਨੂੰ ਛਿੱਕੇ ਚੜ੍ਹਾ ਲੈਂਦੇ ਤੇ ਜਦੋਂ ਖੇਤਾਂ ਵਿਚੋਂ ਘਰ ਆਉਣਾ ਤਾਂ ਫਿਰ ਛਿੱਕੇ ਚਾੜ ਲੈਣੇ। ਉਹ ਕਹਿੰਦੇ ਸਨ ਇਕ ਤਾਂ ਕਿਸੇ ਦੀ ਪੈਲੀ ਦਾ ਨੁਕਸਾਨ ਨਹੀਂ ਹੁੰਦਾ ਦੂਜਾ ਪਸ਼ੂ ਤੰਗ ਨਹੀਂ ਕਰਦੇ। ਅੱਜ ਸੰਤ ਹਰਦੀਪ ਸਿੰਘ ਭਾਵੇਂ ਨਹੀਂ ਹਨ ਪਰ ਉਹਨਾਂ ਦਾ ਪੁਤਰ ਗਿਆਨ ਸਿੰਘ ਵੀ ਉਸੇ ਤਰ੍ਹਾਂ ਛਿੱਕੇ ਚੜ੍ਹਾ ਕੇ ਹੀ ਪਸ਼ੂਆਂ ਨੂੰ ਬਾਹਰ ਲੈਕੇ ਜਾਂਦਾ ਤੇ ਲਿਆਉਂਦਾ ਹੈ।

ਇਹ ਕੁਝ ਬੇਗਾਨੀ ਅੰਸ ਬਾਰੇ ਉਦਾਹਰਣਾ ਸਨ। ਹੁਣ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਬਹੁਤ ਸਾਰੇ ਸਿੱਖ ਹਨ ਜੋ ਬੇਗਾਨੇ ਹੱਕ ਤੋਂ-ਬੇਗਾਨੀ ਅੰਸ ਤੋਂ ਕੋਹਾਂ ਦੂਰ ਰਹਿੰਦੇ ਹਨ।

ਬੇਗਾਨੀ ਅੰਸ਼ ਬਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮ ਨਾਮੇ ਵਿਚ ਇਸ ਤਰ੍ਹਾਂ ਲਿਖਿਆ ਹੈ:

"ਬੇਗਾਨੀ ਅੰਸ ਕਿਸੇ ਤਰ੍ਹਾਂ ਬੀ ਨਾ ਲੈਣੀ, ਨਾ ਖੋਹ ਕੇ, ਨਾ ਠਗੀ ਕਰਕੇ। ਜੇ ਡਿਗੀ ਪਈ ਬੀ ਲਭੇ ਤਾਂ ਜਿਸ ਦੀ ਹੋਵੇ ਉਸਨੂੰ ਦੇਣੀ।

- ਕਰਜਾ ਲੈ ਕੇ ਨਾ ਦੇਣਾ ਏਹ ਚੋਰੀ ਧਾੜੇ ਤੇ ਬੀ ਵਡਾ ਪਾਪ ਹੈ।

- ਬੇਗਾਨੀ ਅੰਸ ਦਾ ਤਿਆਗ ਕਰਨਾ ਏਹ ਬਡਾ ਧਰਮ ਹੈ। ਗੁਰੂ ਜੀ ਦਾ ਹੁਕਮ ਹੈ, ਹਕ ਬਿਗਾਨਾ ਓਸ ਸੂਅਰ ਓਸ ਗਾਇ। ਸੋ ਭਾਈ ਜਿਸ ਹਿੰਦੂ ਨੇ ਗਊ ਖਾਇ ਲਈ ਓਸਦਾ ਤਾਂ ਕੁਛ ਨਾ ਰਿਹਾ। ਚਾਹੇ ਸਿੱਖ ਹੋਵੇ ਬਾਮਣ, ਖਤਰੀ ਹੋਵੇ ਭਾਮੇ ਮੁਸਲਮਾਨ ਹੋਵੇ ਉਸਦਾ ਪਖ ਨਾ ਗੁਰੂ ਕਰੇਗਾ ਨਾ ਪੀਰ ਕਰੇਗਾ। ਪ੍ਰਤੀਤ ਜਾਣਨੀ ਭਾਮੇ ਪੂਜਾ ਕਰੇ ਭਾਮੇ ਨਿਮਾਜ ਪੜੇ, ਕੁਛ ਬੀ ਥਾਇ ਨਾ ਪਊਗਾ। ਨਾਇ ਨਾਇ ਬਾਣੀ ਬੀ ਭਾਮੇ ਪੜ੍ਹੇ ਸਭ ਨਿਫਲ।" *-ਵਰਿਆਮ ਬਸੰਤ ਵਿਸ਼ੇਸ਼ ਅੰਕ ੧੯੯੨*

ਬੇਗਾਨੀ ਅੰਸ ਨਾਲ, ਠੱਗੀ, ਚੋਰੀ, ਲੁਟ ਦੇ ਧਨ ਨਾਲ ਕਦੇ ਪੂਰੀ ਨਹੀਂ ਪੈਂਦੀ ਇਹ ਧਨ ਜਿਸ ਤਰ੍ਹਾਂ ਆਉਂਦਾ ਹੈ ਉਸ ਤਰ੍ਹਾਂ ਹੀ ਚਲਾ ਜਾਂਦਾ ਹੈ। ਧਰਮ ਦੀ ਕਿਰਤ- ਦਸਾਂ ਨਵ੍ਹਾਂ ਦੀ ਕਮਾਈ ਨਾਲ ਹੀ ਪੂਰੀ ਪੈਂਦੀ ਹੈ—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਆਉਂਦਾ ਹੈ:

"....ਧਰਮ ਦੀ ਕਿਰਤ ਦਾ ਇਕ ਰੁਪਈਆ ਵੀ ਉਹ ਲੱਖਾਂ ਵਰਗਾ ਬਣ ਜਾਂਦਾ ਹੈ, ਔਰ ਪਾਪ ਦੀ ਕਿਰਤ ਦੇ ਲੱਖਾਂ ਵੀ ਨਹੀਂ ਰਹਿੰਦੇ। ਤੁਸੀਂ ਕਿਸੇ ਵੱਲ ਵੇਖ ਲਉ—ਜੋ ਲੋਕ ਬੇਈਮਾਨੀ ਕਰਦੇ ਹਨ, ਬੜੀ ਗੱਲ ਹੈ, ਕੋਈ ਇੱਕ ਪੁਸ਼ਤ ਲੈ ਜਾਏ, ਦੂਸਰੀ ਪੁਸ਼ਤ ਜਾ ਕੇ ਖਤਮ ਹੋ ਜਾਂਦੀ ਹੈ। ਤਾਂ ਮੈਂ ਅਰਜ਼ ਕਰਦਾ ਹਾਂ, ਸਤਿਗੁਰੂ ਅੱਗੇ ਅਰਜ਼ ਕਰਿਆ ਕਰੋ, ਅਰਦਾਸ ਕਰੋ, ਕਦੇ ਖਿਆਲ ਨਾ ਲਿਆਇਆ ਕਰੋ ਦਿਲ ਵਿੱਚ ਕਿ ਅਸੀਂ ਪਾਪ ਨਾਲ ਪੈਸੇ ਕਮਾਈਏ। ਧਰਮ ਦੀ ਕਿਰਤ ਕਰੋ, ਫਿਰ ਘਾਟਾ ਕਦੇ ਨਹੀਂ ਆਉਂਦਾ।"

ਲੁਟ ਮਾਰ ਕਰਨੀ, ਬੇਗਾਨਾ ਹੱਕ ਰਖਣਾ, ਚੋਰੀ, ਯਾਰੀ, ਠਗੀ ਕਰਨੀ, ਇਹ ਭਾਗੋ ਵਰਗੇ ਲੋਕਾਂ ਰਾਖਸ਼ਸ਼ ਬੁਧੀ ਵਾਲਿਆਂ ਦਾ ਕੰਮ ਹੈ, ਜਿਸਦੀ ਕਿਸੇ ਨੇ ਸਿਫਤ ਨਹੀਂ ਕਦੇ ਕੀਤੀ- ਨਿੰਦਿਆ ਹੀ ਕੀਤੀ ਹੈ। ਬੇਗਾਨਾ ਹੱਕ ਖਾਣਾ ਕੋਈ ਵਡਿਆਈ ਵਾਲਾ ਕੰਮ ਨਹੀਂ। ਪ੍ਰਸਿਧ ਪੰਜਾਬੀ ਲੋਕ ਗਾਇਕ ਜਮਲੇ ਜੱਟ ਨੇ ਆਪਣੇ ਗੀਤ ਵਿਚ ਕਿਹਾ ਸੀ—

ਭਾਗੋ ਵਰਗਿਆਂ ਲੋਕਾਂ ਲੁਟ ਮਚਾਈ ਏ,
ਹੱਕ ਬੇਗਾਨਾ ਖਾਣਾ ਕੀ ਵਡਿਆਈ ਏ?

ਪਰ ਜੇ ਧਰਮ ਦੀ ਕਿਰਤ ਕਰੇ, ਸਤਿਗੁਰੂ ਅਕਾਲ ਪੁਰਖ ਦਾ ਨਾਮ ਜਪੇ, ਸਾਧਾਂ ਵਾਲੇ ਕੰਮ ਕਰੇ ਤਾਂ ਉਸਦੀ ਦੇਵਤਿਆਂ ਵਾਂਗੂੰ ਪੂਜਾ ਹੁੰਦੀ ਹੈ। ਉਸਦੇ ਜਿਉਂਦਿਆਂ ਵੀ ਤੇ ਮਰਣ ਬਾਅਦ ਵੀ ਲੋਕ ਉਸਦੀਆਂ ਸਿਫਤਾਂ ਕਰਦੇ ਹਨ। ਗੁਰਬਾਣੀ ਵਿਚ ਸਾਧਾਂ ਵਾਲੇ ਕੰਮ ਕਰਨ ਵਾਲਿਆਂ ਨੂੰ ਦੇਵਤਾ ਕਿਹਾ ਗਿਆ ਹੈ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਮਰਿਯਾਦਾ, ਉਹਨਾਂ ਦੀ ਸਿੱਖੀ ਦਾ ਪ੍ਰਚਾਰ ਕਰਦੇ ਹੋਏ ਸਾਧ ਸੰਗਤ ਨੂੰ ਉਪਦੇਸ਼ ਦੇਂਦੇ ਰਹਿੰਦੇ ਹਨ ਕਿ ਬੇਗਾਨਾ ਹੱਕ ਨਾ ਖਾਓ, ਈਰਖਾ, ਦਵੈਸ਼ ਛੱਡੋ, ਨਾਮ ਜਪੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਨਾਮ ਜਪਿਆ ਜਾਵੇ। ਪਾਠਾਂ ਦੇ ਭੋਗ ਪਾਏ ਜਾਣ। ਤਾਂਕਿ ਸਤਿਗੁਰੂ ਜੀ ਛੇਤੀ ਦਰਸ਼ਨ ਦੇਣ ਅਤੇ ਸਾਰੇ ਸੰਸਾਰ ਦੇ ਦੁਖ ਦਲਿਦਰ ਦੂਰ ਹੋਣ। ਸਭ ਨੂੰ ਸੁਖ ਹੋਵੇ।

■

ਸਾਹਿਬ ਗੁਣੀ ਗਹੇਰਾ
—ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਤਾਰਾ ਸਿੰਘ ਅਨਜਾਣ

ਹਿੰਦੁਸਤਾਨ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਪਿਆ ਸੀ। ਬਰਤਾਨਵੀ ਹਕੂਮਤ ਦੀ ਜੀ ਹਜ਼ੂਰੀ ਕਰਨ ਵਾਲਿਆਂ ਦਾ ਬੋਲਬਾਲਾ ਸੀ। ਆਪਣੀ ਰਾਜਨੀਤਿਕ ਲੋੜ ਪੂਰੀ ਕਰਨ ਲਈ ਅੰਗਰੇਜ਼ ਹਾਕਮ ਨੇ ੧੮੮੫ ਈ: ਵਿੱਚ ਕਾਂਗਰਸ ਦੀ ਸਥਾਪਨਾ ਵੀ ਕਰ ਦਿੱਤੀ ਸੀ। ਦੇਸ਼-ਭਗਤ ਜਮਾਤ, ਕੂਕਿਆਂ ਲਈ ਆਪਣੀ ਅਕੀਦਤ ਅਨੁਸਾਰ, ਇਕੱਠੇ ਹੋ ਕੇ, ਸ਼ਬਦ ਕੀਰਤਨ ਕਰਨ, ਬਾਣੀ ਪੜ੍ਹਨ ਅਤੇ ਨਾਮ ਜਪਣ ਉੱਤੇ ਵੀ ਪਾਬੰਦੀ ਸੀ। ਉਹ ਆਪਣੇ ਧਾਰਮਿਕ ਰਹਿਨੁਮਾ ਸਤਿਗੁਰੂ ਹਰੀ ਸਿੰਘ ਕੋਲੋਂ, ਆਪਣੀ ਇੱਛਾ ਅਨੁਸਾਰ ਜਾ ਕੇ, ਰਹਿਨੁਮਾਈ ਨਹੀਂ ਸਨ ਲੈ ਸਕਦੇ, ਨਾਂ ਹੀ ਸਤਿਗੁਰੂ ਜੀ ਨੂੰ ਦੌਰੇ ਦੀ ਖੁਲ੍ਹ ਸੀ। ਇਸ ਤਰ੍ਹਾਂ ਦੇ ਸਮੇਂ ਵਿੱਚ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ, ਉੱਨੀਵੀਂ ਸਦੀ ਦੇ ਅਖ਼ੀਰ ਵਿੱਚ ਅਵਤਾਰ ਧਾਰਿਆ।

੧੬ ਸਾਲ ਦੀ ਕਿਸ਼ੋਰ ਅਵਸਥਾ ਵਿੱਚ ਆਪ ਗੁਰਗੱਦੀ ਉੱਤੇ ਬਿਰਾਜਮਾਨ ਹੋਏ।

ਆਪ ਮਹਾਨ ਅਧਿਆਤਮਵਾਦੀ ਸਨ। ਆਪ ਆਪਣੇ ਅਮੀਰ ਵਿਰਸੇ ਨੂੰ ਪਛਾਣਦੇ ਸਨ ਆਪ ਸਮਝਦੇ ਸਨ ਕਿ ਰੂਹਾਨੀ ਸ਼ਕਤੀ ਲਈ ਇਕਾਗਰਚਿੱਤ ਹੋ ਕੇ ਅਕਾਲ ਪੁਰਖ ਨਾਲ ਲਿਵ ਲਾਉਣੀ ਜ਼ਰੂਰੀ ਸੀ। ਆਪ ਨੇ ਅਲਪ-ਆਹਾਰ ਕਰਕੇ, ਘੰਟਿਆਂ ਬਧੀ ਚੌਂਕੜਾ ਲਾ ਕੇ, ਸੰਸਾਰਕ ਸੁਖਾਂ ਵਲੋਂ ਮੂੰਹ ਮੋੜ ਕੇ ਤਿੰਨ ਸਾਲ ਉਗਰ ਤਪ ਕੀਤਾ। ਬਾਅਦ ਵਿੱਚ ਵੀ ਆਪ ਨੇ ਰੋਜ਼ਾਨਾ ਜੀਵਨ ਵਿੱਚ ਕੀਤੇ ਜਾ ਰਹੇ ਨਿੱਤਨੇਮ ਤੋਂ ਇਲਾਵਾ ਹਰ ਸਾਲ ਸਵਾ ਮਹੀਨਾ ਤਪ ਕਰਨ ਦਾ ਵੱਖਰਾ ਵਕਤ ਰੱਖਿਆ ਹੋਇਆ ਸੀ। ਆਪਣੇ ਸਿੱਖਾਂ ਲਈ ਹੀ ਨਹੀਂ ਸਗੋਂ ਸਭ ਧਰਮਾਂ ਲਈ ਆਪ ਜੀ ਦਾ ਸਾਂਝਾ ਉਪਦੇਸ਼ ਸੀ ਕਿ,

"ਹਿੰਦੂ ਹੈ, ਸਿੱਖ ਹੈ, ਸਮਾਜੀ ਹੈ, ਸਨਾਤਨੀ ਹੈ, ਅਕਾਲੀ ਹੈ, ਕੋਈ ਹੈ ਜਿਹੜਾ ਗੁਰੂ ਕਾ ਨਾਮ ਜਪੇਗਾ ਉਹੀ ਬਚੇਗਾ। ਉਥੇ ਲਿਹਾਜ਼ ਕਿਸੇ ਜਾਤ ਦਾ ਨਹੀਂ, ਮਜ਼ਹਬ ਦਾ ਨਹੀਂ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਨੁਸਾਰ ਵੀ, "ਸਤਿਗੁਰੂ ਪਰਤਾਪ ਸਿੰਘ ਜੀ ਦੇ ਬਚਨ ਹਨ ਕਿ ਆਤਮਾ ਨਾਮ ਜਪ ਕੇ ਹੀ ਬਲਵਾਨ ਹੋ ਸਕਦੀ ਹੈ।"

ਆਤਮਕ ਬਲ ਵਾਲੇ ਸਤਿਗੁਰੂ ਬਾਰੇ, ਰਾਧਾ ਸੁਆਮੀ ਰਹਿਨੁਮਾ ਮਹਾਰਾਜ ਕਿਰਪਾਲ ਸਿੰਘ ਜੀ ਦੇ ਬਚਨ ਹਨ ਕਿ, "ਮਹਾਰਾਜ ਪਰਤਾਪ ਸਿੰਘ ਜੀ ਵਿੱਚ ਆਤਮ ਬਲ ਸੀ, ਉਹਨਾਂ ਵਿਚ ਸਿਮਰਨ ਦਾ ਮਹਾਨ ਬਲ ਸੀ। ਆਤਮਾ ਦੇ ਬਲ ਕਰਕੇ ਹੀ ਉਹਨਾਂ ਦਾ ਹਰੇਕ ਨਾਲ ਪ੍ਰੇਮ ਸੀ, ਇਹ ਗੱਲ ਹੀ ਉਹਨਾਂ ਤੋਂ ਸਿੱਖਣ ਦੀ ਜ਼ਰੂਰਤ ਹੈ।"

ਆਤਮਕ ਤੌਰ ਤੇ ਬਲਵਾਨ ਹੋ ਕੇ ਆਪ ਨੇ ਆਪਣੀ ਦੇਹ ਦੀ ਸੰਭਾਲ ਵੀ ਕੀਤੀ। ਚੰਗੀ ਖ਼ੁਰਾਕ ਅਤੇ ਨਰੋਆ ਆਹਾਰ ਕਰਨ ਕਰਕੇ, ਕਸਰਤ, ਘੋਲ, ਦੌੜਾਂ, ਤੈਰਾਕੀ, ਘੁੜ-ਸਵਾਰੀ ਆਦਿ ਰਾਹੀਂ ਆਪ ਨੇ ਚੁਸਤੀ ਫੁਰਤੀ ਪੈਦਾ ਕੀਤੀ। ਆਪ ਕਦੀ ਵੀ ਸਰੀਰਕ ਮੁਸ਼ੱਕਤ ਕਰਦੇ ਨਾ ਅੱਕਦੇ, ਨਾ ਥੱਕਦੇ, ਆਪ ਸਭ ਤੋਂ ਵੱਧ ਕੰਮ ਕਰਦੇ ਸਨ। ਅੱਥਰੇ ਤੋਂ ਅੱਥਰਾ ਘੋੜਾ ਵੀ ਆਪ ਲਈ ਕਾਬੂ ਕਰ ਲੈਣਾ ਖੱਬੇ ਹੱਥ ਦਾ ਕੰਮ ਸੀ।

ਆਪ ਮਰਯਾਦਾ ਪੁਰਸ਼ੋਤਮ ਸਨ। ਸਾਰੀ ਜ਼ਿੰਦਗੀ ਆਪ ਨੇ ਸੁੱਚ-ਸੋਧ, ਨਿੱਤਨੇਮ ਦਾ ਨਿਭਾਅ ਕੀਤਾ ਅਤੇ ਸਿੱਖਾਂ ਨੂੰ ਵੀ ਮਰਯਾਦਾ ਵਿੱਚ ਰਹਿਣ ਦਾ ਹੀ ਉਪਦੇਸ਼ ਦਿੱਤਾ।

ਆਪ ਗ਼ਰੀਬ-ਨਿਵਾਜ਼ ਸਨ। ਗ਼ਰੀਬਾਂ ਉੱਤੇ ਆਪ ਜੀ ਦੀ ਅਪਾਰ ਕਿਰਪਾ ਸੀ, ਉਹਨਾਂ ਦੀ ਹਰ ਸੰਭਵ ਮਦਦ ਕਰਦੇ ਰਹਿੰਦੇ ਸਨ। ਆਪ ਨੇ ਮਹਾਰਾਜਾ ਨਾਭਾ ਵੱਲੋਂ ਭੇਟ ਕੀਤੀ ਬੀੜ ਦਾ ਬਹੁਤਾ ਹਿੱਸਾ ੧੧੫-੧੨੦ ਨਾਮਧਾਰੀ ਪਰਵਾਰਾਂ ਵਿੱਚ ਵੰਡ ਦਿੱਤਾ। ਸ੍ਰੀ ਜੀਵਨ ਨਗਰ ਦੇ ਇਲਾਕੇ ਵਿੱਚ ਵੀ ਆਪ ਨੇ ੪੦੦ ਏਕੜ ਜ਼ਮੀਨ, ਬੇਜ਼ਮੀਨੇ ਅਤੇ ਆਰਥਕ ਪੱਖੋਂ ਕਮਜ਼ੋਰ ਪਰਵਾਰਾਂ ਨੂੰ ਵੰਡੀ। ਆਪ ਗ਼ਰੀਬ ਦੀ ਕੁਝ ਪੈਸੇ ਦੀ ਭੇਟਾ ਖ਼ੁਸ਼ੀ ਨਾਲ ਸਵੀਕਾਰ ਕਰਦੇ ਸਨ। ਆਪ ਗ਼ਰੀਬ ਦੀ ਸੇਵਾ ਨੂੰ ਗੁਰੂ ਦੀ ਸੇਵਾ ਦੇ ਬਰਾਬਰ ਦਰਜਾ ਦੇਂਦੇ ਸਨ। ਆਪ ਦੇ ਬਚਨ ਹਨ,

"ਗੁਰੂ ਦੀ ਸੇਵਾ ਹੈ ਕਿਸੇ ਗ਼ਰੀਬ ਦੀ ਅਨਾਥ ਦੀ ਸੇਵਾ। ਜਿਸ ਦਾ ਕੋਈ ਤੁਹਾਡੇ ਨਾਲ ਤੁਅਲਕ ਨਹੀਂ, ਜਿਸ ਨੂੰ ਕੋਈ ਨਹੀ ਪੁੱਛਦਾ, ਉਸ ਦੀ ਸੇਵਾ ਕਰੋ, ਨਾ ਮਜ਼੍ਹਬ ਦੇਖੋ ਨਾ ਧਰਮ ਦੇਖੋ, ਨਾ ਕੁਝ ਹੋਰ।"

ਆਪ ਬਖ਼ਸ਼ਿੰਦ ਪਿਤਾ ਸਨ। ਆਪ ਆਪਣੇ ਸਿੱਖਾਂ ਨਾਲ ਮਰਯਾਦਾ ਦੀ ਉਲੰਘਣਾ ਕਰਨ ਕਰਕੇ ਨਰਾਜ਼ ਹੋ ਜਾਂਦੇ। ਜਦੋਂ ਵੀ ਕੋਈ ਗੁਨਾਹ ਕਰਦਾ ਤਾਂ ਉਸ ਨੂੰ ਤਾੜਨਾ ਕਰਦੇ, ਪੰਥ ਵਿੱਚੋਂ ਛੇਕ ਦੇਂਦੇ ਪਰ ਪਸ਼ਚਾਤਾਪ ਕਰਨ ਅਤੇ ਖਿਮਾ ਮੰਗਣ ਵਾਲੇ ਨੂੰ ਆਪ ਬਖ਼ਸ਼ ਦੇਂਦੇ ਸਨ ਏਸੇ ਕਰਕੇ ਸਿੱਖ ਆਪ ਜੀ ਦੀ ਹਜ਼ੂਰੀ ਵਿੱਚ ਸਦਾ ਸੱਚ ਬੋਲਦੇ ਸਨ।

ਆਪ ਏਕਤਾ ਦੇ ਹਾਮੀ ਸਨ। ਆਪ ਨਫ਼ਰਤ ਨਾਲ ਨਹੀਂ ਸਗੋਂ ਪਿਆਰ ਨਾਲ ਕਿਸੇ ਦਾ ਦਿਲ ਜਿੱਤਣ ਦੇ ਹੱਕ ਵਿੱਚ ਸਨ। ਏਕਤਾ ਲਈ ਆਪ ਨੇ ਸਿੱਖ ਸੰਪਰਦਾਵਾਂ ਦੇ ਮੇਲ ਮਿਲਾਪ ਲਈ ਕਾਨਫ਼ਰੰਸਾਂ ਕੀਤੀਆਂ। ਹਿੰਦੂ-ਸਿੱਖਾਂ ਦੇ ਸਾਂਝੇ ਸਮਾਗਮ ਕੀਤੇ। ਮਨੁੱਖੀ ਇੱਕਮੁੱਠਤਾ ਲਈ ਆਪ ਨੇ ਵੱਖ ਵੱਖ ਵਿਚਾਰਧਾਰਾਵਾਂ ਰੱਖਣ ਵਾਲੇ ਆਗੂਆਂ ਨੂੰ ਇਕੋ ਸਟੇਜ ਉੱਤੇ ਬਿਠਾਇਆ, ਆਪਣੇ

ਹੀ ਘਰ ਵਿੱਚ ਆਪ ਨੇ ਬਾਰਾਂ ਦੀ ਥਾਂ ਦਸਾਂ ਪਾਤਸ਼ਾਹੀਆਂ ਦਾ ਅਰਦਾਸਾ ਹੋਣਾ ਪਰਵਾਨ ਕੀਤਾ। ਆਪ ਜੀ ਦੇ ਯਤਨਾਂ ਨਾਲ ਇਕੱਠੇ ਹੋਣ ਨਾਲ ਮਨਾਂ ਵਿੱਚੋਂ ਵੈਰ-ਭਾਵ ਘਟੇ ਅਤੇ ਸੁਖ ਬਣਿਆ ਰਿਹਾ।

ਆਪ ਇੱਕ ਬਿਰਹਾ ਕੁੱਠੀ ਆਤਮਾ ਸਨ। ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਨੇ, ਅਸਹਿ ਹੋਣ ਕਾਰਨ ਆਪ ਨੂੰ ਵੀ ਵੈਰਾਗੀ ਕੀਤਾ ਹੋਇਆ ਸੀ। ਆਪ ਜਦ ਪਹਿਲੀ ਵਾਰ ਸਿਆਮ ਦੇ ਦੌਰੇ ਤੇ ਗਏ ਤਾਂ ਰੰਗੂਨ ਸਤਿਗੁਰੂ ਰਾਮ ਸਿੰਘ ਜੀ ਦੀਆਂ ਯਾਦਗਾਰਾਂ ਦੀ ਹੀ ਭਾਲ ਕਰਦੇ ਰਹੇ। ਸ੍ਰੀ ਭੈਣੀ ਸਾਹਿਬ ਵਿੱਚ ਆਪ ਨੇ ਪਹਿਲਾਂ ਲੱਖੀ, ਅਤੇ ਫਿਰ ਬਿਜਲੀ ਘੋੜੀ ਨੂੰ ਸਤਿਗੁਰੂ ਜੀ ਦੀ ਸਵਾਰੀ ਲਈ, ਉਹਨਾਂ ਦੀ ਉਡੀਕ ਵਿੱਚ ਸ਼ਿੰਗਾਰ ਕੇ ਰੱਖਦੇ ਸਨ। ਕਿਸੇ ਨੂੰ ਵੀ ਉਸ ਦੀ ਸਵਾਰੀ ਕਰਨ ਦੀ ਇਜਾਜ਼ਤ ਨਹੀਂ ਸੀ। ਆਪ ਨੇ ਚੀਨੀ ਵਾਲੇ ਪਾਤਸ਼ਾਹ ਦੇ ਦਰਸ਼ਨਾਂ ਨਮਿੱਤ, ਸਾਧ ਸੰਗਤ ਕੋਲੋਂ , ਨਾਮ ਸਿਮਰਨ ਕਰਵਾਇਆ। ਹਵਨ ਕਰਵਾਏ ਅਤੇ ਲੱਖਾਂ ਪਾਠਾਂ ਨੂੰ ਕਰਵਾ ਕੇ ਉਹਨਾਂ ਦੇ ਭੋਗ ਪੁਆਏ। ਉਹਨਾਂ ਨੂੰ ਯਾਦ ਕਰਦਿਆਂ ਹੀ, 'ਤੁਮ ਘਰ ਆਵੋ ਮੇਰੇ ਮੀਤ', ਆਸਾ ਦੀ ਵਾਰ ਬਾਅਦ ਸਦਾ ਪੜ੍ਹਨ ਦਾ ਹੁਕਮ ਵੀ ਆਪ ਜੀ ਦਾ ਹੀ ਦਿੱਤਾ ਹੋਇਆ ਹੈ।

ਆਪ ਜੀ ਦੀ ਯਾਦ ਸ਼ਕਤੀ ਬੜੀ ਤੀਖਣ ਸੀ। ਆਪ ਨੂੰ ਪੜ੍ਹੀ ਸੁਣੀ ਗੱਲ ਸਦਾ ਚੇਤੇ ਰਹਿੰਦੀ ਸੀ। ਬਚਪਨ ਵਿੱਚ ਹੀ ਆਪ ਨੇ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਦਸਮ ਗ੍ਰੰਥ ਸਾਹਿਬ ਦਾ ਪਾਠ ਸਰਲ ਕਰ ਲਿਆ। ਆਪ ਨੂੰ ਪਸ਼ੂਆਂ ਅਤੇ ਮਨੁੱਖਾਂ ਦੀਆਂ ਦੁਆਈਆਂ ਦੇ ਨੁਸਖ਼ੇ ਜ਼ਬਾਨੀ ਯਾਦ ਸਨ। ਆਪ ਕਿਸੇ ਵੀ ਹੋਈ ਵਾਪਰੀ ਘਟਨਾ ਨੂੰ ਬਹੁਤ ਸਾਲਾਂ ਬਾਅਦ ਵੀ ਹੂ-ਬ-ਹੂ ਸੁਣਾ ਸਕਦੇ ਸਨ।

ਆਪ ਸਭ ਧਰਮਾਂ ਦਾ ਆਦਰ ਕਰਦੇ ਸਨ। ਆਪ ਕਿਸੇ ਦਾ ਵੀ ਦਿਲ ਨਹੀਂ ਸਨ ਦੁਖਾਉਂਦੇ। ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿੱਚ, "ਇਹ ਤਾਂ ਧਰਮ ਦਾ ਆਦਰਸ਼ ਰੂਪ ਸਨ। ਇਹ ਦੂਜੇ ਧਰਮਾਂ ਨੂੰ ਬੁਰਾ ਨਹੀਂ ਸਨ ਸਮਝਦੇ, ਸਭ ਧਰਮਾਂ ਨੂੰ ਬਰਾਬਰ ਸਮਝਦੇ ਸਨ।" ਆਪ ਨੇ ਨਾਮਧਾਰੀ ਜਥੇਦਾਰਾਂ ਨੂੰ ਵੀ ਹਦਾਇਤ ਕੀਤੀ ਹੋਈ ਸੀ ਕਿ ਆਪਣੀ ਵਿਚਾਰਧਾਰਾ ਦਾ ਪ੍ਰਚਾਰ ਮੰਡਨ ਰੂਪ ਵਿਚ ਕਰਨਾ ਹੈ ਖੰਡਨ ਰੂਪ ਵਿੱਚ ਨਹੀਂ।

ਆਪ ਮਹਾਨ ਸਮਾਜ ਸੁਧਾਰਕ ਵੀ ਸਨ। ਆਪ ਨੇ ਆਪਣੇ ਸਿੱਖਾਂ ਨੂੰ ਰੂੜ੍ਹੀਵਾਦੀ ਸੋਚਾਂ, ਵਹਿਮਾਂ ਤੋਂ ਦੂਰ ਰੱਖਿਆ ਅਤੇ ਫ਼ਜ਼ੂਲ ਦੀਆਂ ਸਮਾਜਕ ਰਹੁ-ਰੀਤਾਂ ਤੋਂ ਛੁਟਕਾਰਾ ਦੁਆਇਆ। ਆਪ ਨੂੰ ਜਦੋਂ ਗੁਰੂ ਹਰੀ ਸਿੰਘ ਦੀ ਸਸਕਾਰ ਵਾਲੀ ਥਾਂ ਉੱਤੇ ਬਣੇ ਥੜ੍ਹੇ ਤੇ ਹੁੰਦੀ ਪੂਜਾ ਦਾ ਪਤਾ ਲੱਗਾ ਤਾਂ ਆਪ ਨੇ ਕਹੀ ਮੰਗਵਾ ਕੇ ਉਸ ਨੂੰ ਡੇਗਣ ਪੱਧਰ ਕਰਵਾ ਦਿੱਤਾ। ਆਪ ਨੇ ਵਿਆਹ ਸੁਧਾਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ, ਮੰਗਣੇ, ਅਰਦਾਸੇ, ਜੰਞਾਂ, ਮਿਲਣੀਆਂ, ਮਠਿਆਈ ਦੀਆਂ ਰੋਟੀਆਂ, ਬਿਲਕੁਲ ਬੰਦ ਕਰਵਾ ਦਿੱਤੀਆਂ। ਆਪ ਨੇ ਘਰਾਂ ਵਿੱਚ ਵਿਆਹ ਬੰਦ ਕਰਵਾ ਕੇ ਗੁਰੂ ਘਰ ਜਾਂ ਆਪ ਜੀ ਦੀ ਆਗਿਆ ਅਨੁਸਾਰ ਮੇਲਿਆਂ ਵਿੱਚ ਵਿਆਹ ਕਰਨ ਦਾ ਹੁਕਮ ਕੀਤਾ। ਆਪ ਨੇ ਵਿਆਹ ਤੋਂ ਬਾਅਦ ਕੁੜੀ ਨੂੰ ੧੫ ਦਿਨ ਸਹੁਰੇ ਰਹਿਣ ਦਾ ਵੀ ਆਦੇਸ਼ ਦਿੱਤਾ। ਇਸ ਨਾਲ ਗ਼ਰੀਬ-ਅਮੀਰ ਦਾ ਇੱਕੋ ਵੇਦੀ ਤੇ ਅਨੰਦ ਕਾਰਜ ਹੋਣ ਲੱਗਾ। ਸਭ ਫ਼ਜ਼ੂਲ ਖਰਚ ਅਤੇ ਵਾਧੂ ਰਸਮਾਂ ਬੰਦ ਹੋ ਗਈਆਂ।

ਆਪ ਨੇ ਵਿਧਵਾ ਵਿਆਹਾਂ ਦਾ ਵੀ ਹੁਕਮ ਕੀਤਾ। ਸ੍ਰੀ ਭੈਣੀ ਸਾਹਿਬ ਡੇਰੇ ਰਹਿੰਦੀਆਂ ਕਈ ਵਿਧਵਾਵਾਂ ਦੇ ਅਨੰਦ ਕਰਵਾ ਦਿੱਤੇ। ਇਹਨਾਂ ਵਿਆਹ ਸੁਧਾਰਾਂ ਨਾਲ ਆਰਥਕ ਪੱਖੋਂ ਕਮਜ਼ੋਰ ਵਿਅਕਤੀ ਨੂੰ ਕੁਝ ਰਾਹਤ ਮਿਲੀ। ਨਿਰੰਜਨ ਸਿੰਘ ਜਯੋਤੀ ਦੇ ਸ਼ਬਦਾਂ ਵਿਚ, "ਸਮੁੱਚੇ ਤੌਰ ਤੇ ਸੰਗਤ ਵੱਲ ਨਜ਼ਰ ਮਾਰ ਕੇ ਵੇਖਿਆ ਜਾਏ ਤਾਂ ਪਤਾ ਚਲਦਾ ਹੈ ਕਿ ਗ਼ਰੀਬ ਲੋਕਾਂ ਨੂੰ ਇਹਨਾਂ ਸੁਧਾਰਾਂ ਨਾਲ ਬਹੁਤ ਫਾਇਦਾ ਪਹੁੰਚਿਆ।"

੧੯੦੯ ਈ: ਵਿੱਚ ਬਣੇ ਅਨੰਦ ਮਰਯਾਦਾ ਐਕਟ ਵਿੱਚ

ਆਪ ਵਿੱਦਿਆ ਦੇ ਕਦਰਦਾਨ ਸਨ। ਆਪ ਵਿਦਿਆਰਥੀਆਂ ਨੂੰ ਕੇਵਲ ਅੱਖਰ ਗਿਆਨ ਹੀ ਨਹੀਂ ਸਗੋਂ ਕਿਸੇ ਕਿੱਤੇ ਵਿੱਚ ਹੱਥ ਸਿੱਧੇ ਕਰਨ ਦੀ ਸਿਖਲਾਈ ਵੀ ਦਿਵਾਉਂਦੇ ਸਨ। ਆਪ ਨੇ ਸ੍ਰੀ ਭੈਣੀ ਸਾਹਿਬ ਵਿਦਿਆਲਾ ਖੋਲ੍ਹਿਆ। ਦੇਸ਼ ਦੀ ਸੁਤੰਤਰਤਾ ਤੋਂ ਪਿੱਛੋਂ ਆਪ ਨੇ ਸ੍ਰੀ ਜੀਵਨ ਨਗਰ ਵਿੱਚ ਵੀ ਵਿਦਿਆਲਾ ਖੋਲ੍ਹਿਆ। ਇਹਨਾਂ ਵਿਦਿਆਲਿਆਂ ਵਿੱਚ ਅਧਿਆਪਕ ਅੱਖਰ ਗਿਆਨ ਦੇ ਨਾਲ ਨਾਲ ਅਧਿਆਤਮਕ ਸਿੱਖਿਆ ਦੇਂਦੇ, ਸੁਚੱਜੀ ਰਹਿਣੀ-ਬਹਿਣੀ ਦੀ ਜਾਚ ਦੱਸਦੇ, ਕਿਰਤ ਕਰਨੀ ਸਿਖਾਉਂਦੇ ਅਤੇ ਸੇਵਾ ਕਰਨ ਦਾ ਸੁਭਾਅ ਬਣਾਉਂਦੇ ਸਨ।

ਆਪ ਦਾ ਮਹੱਤਵਪੂਰਨ ਯੋਗਦਾਨ ਸੀ। ਮਹਾਰਾਜਾ ਨਾਭਾ ਦੀ ਮੰਗ ਉੱਤੇ ਆਪ ਨੇ ਹੀ ਸਬੂਤ ਪੇਸ਼ ਕੀਤਾ ਕਿ ਇਹ ਮਰਯਾਦਾ ਪਿਛਲੇ ੪੫-੫੦ ਸਾਲਾਂ ਤੋਂ ਚੱਲੀ ਆ ਰਹੀ ਸੀ।

